*ਸਾਹਿਤ, ਕਲਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ*

*SHABAD is an International Quarterly of Literature, Art and Culture*

# ਸ਼ਬਦ

**ਸਾਲ : ਸਤਾਰ੍ਹਾਂ** **ਪੁ : ਲੜੀ : ਛਿਆਹਠ** **ਅਪ੍ਰੈਲ-ਜੂਨ, 2014**

*ਸੰਪਾਦਕ*

**ਜਿੰਦਰ**

984, Rajput Nagar, Model House,
Near Surinder Welding Works, Jalandhar-144003
Mobile : 98148 03254
Email : saifsm20@yahoo.com
jinder340@gmail.com

*ਸੰਪਾਦਕੀ ਮੰਡਲ*

**ਹਰਜੀਤ ਅਟਵਾਲ**

Email: harjeetatwal@yahoo.co.uk
harjeetatwal@gmail.com
Mobile : 00447782-265726

**ਹਰਮਹਿੰਦਰ ਚਹਿਲ**

Email : chahals57@yahoo.com
Ph. 001-703-362-3239

**ਪ੍ਰੇਮ ਮਾਨ**

Ph. 001-860-983-5002
Email:premmann@yahoo.com

*Managing Editor*

***Shiv, Vinod Kumar***

ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ
984, Rajput Nagar, Model House,
Near Surinder Welding Works, Jalandhar-144003

**ਵਿਸ਼ੇਸ਼ ਨੋਟ :** ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ (Shiv) ਲਿਖਿਆ ਹੋਣਾ ਚਾਹੀਦਾ ਹੈ।
***ਚੰਦਾ :*** 200 ਰੁ: ਸਾਲਾਨਾ, 15 ਪੌਂਡ ਸਾਲਾਨਾ, 40 ਡਾਲਰ ਸਾਲਾਨਾ,
***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜ਼ੁੰਮੇਵਾਰ ਹੋਵੇਗਾ।

## ਮੇਰਾ ਪੰਨਾ

ਸਾਹਿਤਕ ਪਤਰਕਾਰੀ ਵੀ ਅਖ਼ਬਾਰੀ ਪਤਰਕਾਰੀ ਜਿੰਨਾ ਹੀ ਮਹੱਤਵ ਰੱਖਦੀ ਰਹੀ ਹੈ ਸਗੋਂ ਉਸ ਤੋਂ ਵੀ ਵੱਧ। ਸਾਹਿਤ ਨੂੰ ਜਾਚਣਾ-ਘੋਖਣਾ ਰੋਜ਼ਾਨਾ ਜੀਵਨ ਦੀਆਂ ਗੱਲਾਂ ਨਾਲੋਂ ਜ਼ਿਆਦਾ ਮੁਸ਼ਕਲ ਹੁੰਦਾ ਹੈ। ਜਦੋਂ ਤੋਂ ਸਾਹਿਤ ਰਚਣ ਦਾ ਕੰਮ ਸ਼ੁਰੂ ਹੋਇਆ ਹੈ ਉਦੋਂ ਤੋਂ ਹੀ ਰਚਨਾਵਾਂ ਨੂੰ ਸੰਪਾਦਤ ਕਰਨ ਦਾ ਕੰਮ ਵੀ ਚੱਲ ਰਿਹਾ ਹੈ। ਲਿਖਤਾਂ ਨੂੰ ਇਕੱਠਾ ਕਰਨਾ, ਉਸ ਦਾ ਮਿਆਰ ਦੇਖਣਾ, ਉਸ ਨੂੰ ਸੰਪਾਦਤ ਕਰਨਾ ਤੇ ਛਾਪਣਾ। ਦੇਖਣ ਵਿਚ ਆਉਂਦਾ ਹੈ ਕਿ ਦੁਨੀਆ ਦੀਆਂ ਵੱਡੀਆਂ ਭਾਸ਼ਾਵਾਂ ਵਿਚ ਆਮ ਤੌਰ 'ਤੇ ਲੇਖਕ ਹੀ ਵਧੀਆ ਸੰਪਾਦਕ ਸਿੱਧ ਹੋਏ ਹਨ। ਆਪਣੇ ਗੁਆਂਢ ਵਿਚ ਹੀ ਨਜ਼ਰ ਮਾਰੀਏ ਤਾਂ ਹਿੰਦੀ ਵਿਚ ਮੁਨਸ਼ੀ ਪ੍ਰੇਮ ਚੰਦ, ਕਮਲੇਸ਼ਵਰ, ਰਜਿੰਦਰ ਯਾਦਵ ਤੇ ਧਰਮਵੀਰ ਭਾਰਤੀ ਵਰਗੇ ਵਧੀਆਂ ਸੰਪਾਦਕਾਂ ਵਿਚ ਗਿਣੇ ਗਏ ਹਨ। ਨਾਲ ਦੀ ਨਾਲ ਉਹ ਵਧੀਆ ਲੇਖਕ ਵੀ ਸਨ। ਉਹਨਾਂ ਦੁਆਰਾ ਸੰਪਾਦਤ ਕੀਤੇ ਮੈਗਜ਼ੀਨਾਂ 'ਤੇ ਉਹਨਾਂ ਦੀ ਸ਼ਖ਼ਸੀਅਤ ਦੀ ਡੂੰਘੀ ਛਾਪ ਰਹੀ ਹੈ। ਸਾਹਿਤ ਦੀ ਸਮਝ ਨੇ ਤੇ ਸਾਹਿਤ ਪ੍ਰਤੀ ਲਗਨ ਨੇ ਉਹਨਾਂ ਨੂੰ ਲੇਖਕ ਹੋਣ ਦੇ ਨਾਲ ਨਾਲ ਵੱਡੇ ਸੰਪਾਦਕ ਵੀ ਬਣਾਇਆ ਹੈ।

ਸਾਹਿਤਕ ਪਤਰਕਾਰੀ ਜਾਂ ਸਾਹਿਤਕ ਮੈਗਜ਼ੀਨਾਂ ਦਾ ਇਤਿਹਾਸ 19ਵੀਂ ਸਦੀ ਦੇ ਸ਼ੁਰੂ ਤੋਂ ਮਿਲਦਾ ਹੈ। ਇੰਗਲੈਂਡ ਵਿਚ ਕੁਝ ਬੁੱਧੀਜੀਵੀਆਂ ਨੇ ਰਲ ਕੇ *Edingurgh* ਦਾ ਮੈਗਜ਼ੀਨ 1802 ਵਿਚ ਸ਼ੁਰੂ ਕੀਤਾ ਸੀ। ਇੰਗਲੈਂਡ ਵਿਚ ਹੀ *Westminister Review* (1824), *The Spectator* (1828, *Athenaeum (1828)* ਵਿਚ ਸ਼ੁਰੂ ਹੋਏ। ਅਮਰੀਕਾ ਵਿਚ ਵੀ ਸਾਹਿਤਕ ਪਤਰਕਾਰੀ ਲਗਭਗ ਉਸੇ ਕੁ ਵੇਲੇ ਹੀ ਸ਼ੁਰੂ ਹੋਈ। ਅਮਰੀਕਾ ਦੇ ਪਹਿਲੇ ਮੈਗਜ਼ੀਨਾਂ ਵਿਚੋਂ *The Philadelphia Literary Magazine* (1803-08), *The Monthly Anthology* (1803-11) ਆਉਂਦੇ ਹਨ। ਵੀਹਵੀਂ ਸਦੀ ਦੇ ਆਉਂਦਿਆਂ-ਆਉਂਦਿਆਂ ਸਾਹਿਤਕ ਮੈਗਜ਼ੀਨਾਂ ਦੀ ਭਰਮਾਰ ਹੋ ਗਈ। ਇਹਨਾਂ ਮੈਗਜ਼ੀਨਾਂ ਨੇ ਅੰਗਰੇਜ਼ੀ ਸਾਹਿਤ ਨੂੰ ਪ੍ਰਫੁੱਲਤ ਕਰਨ ਵਿਚ ਬਹੁਤ ਮੱਦਦ ਕੀਤੀ। ਕਿਸੇ ਬੋਲੀ ਵਿਚ ਉੱਚ ਪਾਏ ਦਾ ਸਾਹਿਤਕ ਮੈਗਜ਼ੀਨ ਨਿਕਲਣਾ ਉਸ ਬੋਲੀ ਦੇ ਸਾਹਿਤ ਲਈ ਸ਼ੁਭ-ਸ਼ਗਨ ਮੰਨਿਆਂ ਜਾਂਦਾ ਹੈ।

ਹਿੰਦੁਸਤਾਨ ਵਿਚ ਵੀ ਉੱਨੀਵੀਂ ਸਦੀ ਦੇ ਅਖੀਰ ਤੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਕਈ ਸਾਰੇ ਸਾਹਿਤਕ ਮੈਗਜ਼ੀਨ ਛਪਣ ਲੱਗ ਪਏ ਸਨ। ਪਰ ਪੰਜਾਬੀ ਹਿੰਦੁਸਤਾਨ ਦੀਆਂ ਬਾਕੀ ਬੋਲੀਆਂ ਤੋਂ ਹਮੇਸ਼ਾ ਹੀ ਪੱਛੜੀ ਰਹੀ ਹੈ। ਸ਼ਾਇਦ ਇਸ ਦਾ ਇਕ ਕਾਰਣ ਇਹ ਵੀ ਸੀ ਕਿ ਇਸ ਕੋਲ ਆਪਣੀ ਕੋਈ ਸਹੀ ਲਿਪੀ ਨਹੀਂ ਸੀ। ਸ਼ਾਹਮੁਖੀ, ਗੁਰਮੁਖੀ ਤੇ ਦੇਵਨਾਗਰੀ ਤਿੰਨ ਲਿਪੀਆਂ ਪ੍ਰਚਲੱਤ ਸਨ ਪਰ ਕਾਰਗਰ ਕੋਈ ਵੀ ਨਹੀਂ ਸੀ ਹੋ ਰਹੀ। ਇਸੇ ਕਾਰਨ ਇਸ ਜ਼ੁਬਾਨ ਵਿਚ ਮੈਗਜ਼ੀਨਾਂ ਦੀ ਘਾਟ ਸੀ। ਪਾਕਿਸਤਾਨ ਬਣਨ ਤੋਂ ਬਾਅਦ ਸ਼ਾਹਮੁਖੀ ਦੇ ਖਾਤਮੇ ਕਾਰਨ ਗੁਰਮੁਖੀ ਨੂੰ ਵੱਡਾ ਹੁੰਘਾਰਾ ਮਿਲਣ ਨਾਲ ਹੀ ਪੰਜਾਬੀ ਸਾਹਿਤ ਨੇ ਬੱਲ ਫੜਿਆ ਤੇ ਮੈਗਜ਼ੀਨਾਂ ਦੀ ਵੀ ਭਰਮਾਰ ਹੋਈ।

ਪੰਜਾਬੀ ਵਿਚ ਪਹਿਲਾ ਮਿਆਰੀ ਸਾਹਿਤਕ ਮੈਗਜ਼ੀਨ 'ਪ੍ਰੀਤਲੜੀ' ਹੈ। ਇਸ ਦੇ ਸੰਪਾਦਕ ਗੁਰਬਖ਼ਸ਼ ਸਿੰਘ ਸਨ। ਉਹਨਾਂ ਕੋਲ ਜ਼ਿੰਦਗੀ ਪ੍ਰਤੀ ਇਕ ਵਿਸ਼ੇਸ਼ ਨਜ਼ਰੀਆ ਸੀ। ਗੁਰਬਖ਼ਸ਼ ਸਿੰਘ ਨੇ 'ਪ੍ਰੀਤਲੜੀ' ਰਾਹੀਂ ਸਾਹਿਤ ਨੂੰ ਹੀ ਨਹੀਂ ਸੰਵਾਰਿਆ ਸਗੋਂ ਸਮਾਜ ਨੂੰ ਇਕ ਨਵੀਂ ਸੇਧ ਦੇਣ ਦਾ ਕੰਮ ਵੀ ਕੀਤਾ ਹੈ। ਇਹ ਮੈਗਜ਼ੀਨ ਐਨਾ ਹਰਮਨ-ਪਿਆਰਾ ਹੋਇਆ ਕਿ ਹਰ ਕੋਈ ਲੱਭ ਕੇ ਪੜ੍ਹਦਾ। ਉਹ ਵੀ ਇਕ ਵੇਲਾ ਸੀ ਜਦ 'ਪ੍ਰੀਤਲੜੀ' ਨੂੰ ਛਪਣ

ਤੋਂ ਬਾਅਦ ਪ੍ਰੀਤ ਨਗਰ ਲਿਆਉਣ ਲਈ ਗੱਡਿਆਂ ਦੀ ਵਰਤੋਂ ਹੁੰਦੀ ਸੀ ਤੇ ਫਿਰ ਗੱਡਾ ਭਰ ਕੇ ਡਾਕਖਾਨੇ ਨੂੰ ਜਾਂਦਾ ਤਾਂ ਜੋ ਪਾਠਕਾਂ ਨੂੰ ਸਮੇਂ ਸਿਰ ਭੇਜਿਆ ਜਾ ਸਕੇ। ਗੁਰਬਖ਼ਸ਼ ਸਿੰਘ ਤੋਂ ਬਾਅਦ ਨਵਤੇਜ ਸਿੰਘ ਵੀ ਇਕ ਵਧੀਆ ਲੇਖਕ ਸੀ ਤੇ ਉਸ ਕੋਲ ਖੱਬੇ-ਪੱਖੀ ਸੋਚ ਵੀ ਸੀ। ਨਵਤੇਜ ਸਿੰਘ ਤੋਂ ਬਾਅਦ ਸੁਮੀਤ ਸਿੰਘ ਨਵੀਂ ਸੋਚ ਦਾ ਧਾਰਨੀ ਸੀ, ਉਸ ਦੀ ਸੰਪਾਦਕੀ ਵਿਚ ਵੀ 'ਪ੍ਰੀਤਲੜੀ' ਵਾਹਵਾ ਹਰਮਨ ਪਿਆਰੀ ਰਹੀ ਪਰ ਸੁਮੀਤ ਤੋਂ ਬਾਅਦ 'ਪ੍ਰੀਤਲੜੀ' ਵਿਚ ਪਹਿਲਾਂ ਵਾਲੀ ਗੱਲ ਨਾ ਰਹੀ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਵੱਡਾ ਕਰਨ ਤਾਂ ਮੈਗਜ਼ੀਨ ਦੀ ਕਿਸੇ ਵੱਡੀ ਸ਼ਖ਼ਸੀਅਤ ਨਾਲ ਜੁੜੇ ਹੋਣਾ ਵੀ ਹੈ।

ਮੋਹਣ ਸਿੰਘ ਪੰਜਾਬੀ ਦਾ ਬਹੁਤ ਵੱਡਾ ਕਵੀ ਹੈ। ਉਸ ਨੇ 'ਪੰਜ ਦਰਿਆ' ਨਾਂ ਦਾ ਮੈਗਜ਼ੀਨ ਕੱਢਿਆ। ਇਹ ਮੈਗਜ਼ੀਨ ਵੀ ਪੰਜਾਬੀ ਲੇਖਕਾਂ ਵਿਚ ਬਹੁਤ ਮਕਬੂਲ ਹੋਇਆ। ਇਸ ਮੈਗਜ਼ੀਨ ਵਿਚ ਮੋਹਨ ਸਿੰਘ ਦੀ ਸ਼ਖ਼ਸੀਅਤ ਨਜ਼ਰ ਆਉਂਦੀ ਸੀ। ਉਹਨਾਂ ਦਿਨਾਂ ਵਿਚ ਹੀ ਕਰਤਾਰ ਸਿਘ ਬਲੱਗਣ ਨੇ 'ਕਵਿਤਾ' ਨਾਂ ਦਾ ਇਕ ਮੈਗਜ਼ੀਨ ਕੱਢਿਆ। ਕਿਉਂਕਿ ਕਰਤਾਰ ਸਿੰਘ ਬਲੱਗਣ ਆਪ ਉਸ ਵੇਲੇ ਦੇ ਮਕਬੂਲ ਕਵੀ ਸਨ ਇਸ ਲਈ ਉਹਨਾਂ ਇਹ ਮੈਗਜ਼ੀਨ ਕਵਿਤਾ ਨੂੰ ਹੀ ਸਮਰਪੱਤ ਰੱਖਿਆ। ਜਿੰਨਾ ਚਿਰ ਉਹਨਾਂ ਇਹ ਪਰਚਾ ਕੱਢਿਆ ਇਸ ਦਾ ਮਿਆਰ ਬਰਕਰਾਰ ਰੱਖਿਆ। ਇਸ ਤੋਂ ਬਾਅਦ ਜਿਹੜਾ ਮੈਗਜ਼ੀਨ ਬਹੁਤ ਮਕਬੂਲ ਹੋਇਆ ਉਸ ਸੀ 'ਆਰਸੀ'। 'ਆਰਸੀ' ਦੇ ਸੰਪਾਦਕ ਕੋਈ ਲੇਖਕ ਤਾਂ ਨਹੀਂ ਸਨ ਸਗੋਂ ਇਹਨੂੰ ਭਾਪਾ ਪ੍ਰੀਤਮ ਸਿੰਘ ਕੱਢਦੇ ਸਨ। ਭਾਪਾ ਜੀ ਕੋਲ ਸਾਹਿਤ ਨੂੰ ਪਰਖਣ ਵਾਲੀ ਅੱਖ ਸੀ। ਉਹਨਾਂ ਨੇ ਲਗਭਗ ਚਾਲੀ ਸਾਲ ਤਕ ਇਸ ਪਰਚੇ ਨੂੰ ਬਹੁਤ ਹੀ ਕਾਮਯਾਬੀ ਨਾਲ ਚਲਾਇਆ। ਉਹਨਾਂ ਨੇ ਪੰਜਾਬੀ ਦਾ ਹਰ ਵੱਡਾ-ਛੋਟਾ-ਨਵਾਂ ਲੇਖਕ 'ਆਰਸੀ' ਵਿਚ ਛਾਪਿਆ। 'ਆਰਸੀ' ਤੋਂ ਬਾਅਦ ਪੰਜਾਬੀ ਸਾਹਿਤ ਵਿਚ ਤਹਿਲਕਾ ਮਚਾ ਦੇਣ ਵਾਲੇ ਇਕ ਹੋਰ ਮੈਗਜ਼ੀਨ ਦੀ ਆਵੰਦ ਹੋਈ। ਇਹ ਸੀ 'ਨਾਗਮਣੀ'। 'ਨਾਗਮਣੀ' ਨੂੰ ਅੰਮ੍ਰਿਤਾ ਪ੍ਰੀਤਮ ਸੰਪਾਦਤ ਕਰਦੀ ਸੀ। ਅੰਮ੍ਰਿਤਾ ਆਪਣੇ ਆਪ ਵਿਚ ਇਕ ਸੰਸਥਾ ਸੀ। ਉਸ ਨੇ ਮੈਗਜ਼ੀਨ ਨੂੰ ਲੀਹ ਤੋਂ ਹਟਵਾਂ ਕੱਢਿਆ। 'ਨਾਗਮਣੀ' ਨੇ ਆਪਣੇ ਲੇਖਕ ਪੈਦਾ ਕੀਤੇ। ਇਹਨਾਂ ਲੇਖਕਾਂ ਨੇ ਇਕ ਵੱਖਰੇ ਤਰ੍ਹਾਂ ਦਾ ਆਮ ਸਾਹਿਤ ਤੋਂ ਭਿੰਨ ਕਿਸਮ ਦਾ ਸਾਹਿਤ ਲਿਖਿਆ। 'ਨਾਗਮਣੀ' ਨੇ ਪੰਜਾਬੀ ਸਾਹਿਤ ਵਿਚ ਇਕ ਵੱਖਰੀ ਕਿਸਮ ਦਾ ਮੁਕਾਮ ਹਾਸਿਲ ਕੀਤਾ। 'ਨਾਗਮਣੀ' ਨੇ ਸਾਹਿਤ ਵਿਚ ਨਵਾਂਪਨ ਲਿਆਂਦਾ। ਇਹੋ ਸੰਪਾਦਕ ਦੀ ਖਾਸੀਅਤ ਹੁੰਦੀ ਹੈ ਕਿ ਰਚਨਾ ਵਿਚਲਾ ਨਿਵੇਕਲਾ-ਪਨ ਪਰਖੇ ਤੇ ਸ਼ਕਤੀਸ਼ਾਲੀ ਰਚਨਾ ਨੂੰ ਅੱਗੇ ਲਿਆਵੇ।

'ਨਾਗਮਣੀ' ਦੇ ਲਗਭਗ ਸਮਕਾਲ ਵਿਚ ਹੀ 'ਸਿਰਜਣਾ' ਨਿਕਲਣਾ ਸ਼ੁਰੂ ਹੋਇਆ। ਖੱਬੀ ਸੋਚ ਨਾਲ ਜੁੜੇ ਸਾਹਿਤ ਦਾ ਇਹ ਪਹਿਲਾ ਮਿਆਰੀ ਮੈਗਜ਼ੀਨ ਸੀ। ਰਘਬੀਰ ਸਿੰਘ ਸਿਰਜਣਾ ਇਸ ਦੇ ਸੰਪਾਦਕ ਆਪ ਮਾਰਕਸਵਾਦੀ ਸਨ ਤੇ ਜਾਣੇ-ਪੱਛਾਣੇ ਆਲੋਚਕ ਸਨ। ਇਕ ਲੰਮੇ ਸਮੇਂ ਤਕ ਇਹ ਇਕ ਖਾਸ ਸੋਚ ਵਾਲੇ ਲੇਖਕਾਂ ਤੇ ਅਗਾਂਹਵਧੂ ਲੇਖਕਾਂ ਦੇ ਹਰਮਨਪਿਆਰੇ ਸੰਪਾਦਕ ਰਹੇ। ਇਕ ਸਮਾਂ ਅਜਿਹਾ ਵੀ ਆਇਆ ਕਿ 'ਸਿਰਜਣਾ' ਹੋਰ ਮੈਗਜ਼ੀਨਾਂ ਲਈ ਇਕ ਮਾਡਲ ਮੈਗਜ਼ੀਨ ਵੀ ਬਣ ਗਿਆ। ਹਰ ਕੋਈ 'ਸਿਰਜਣਾ' ਵਰਗਾ ਮੈਗਜ਼ੀਨ ਹੀ ਕੱਢਣਾ ਚਾਹੁੰਦਾ ਪਰ ਇਸ ਮੈਗਜ਼ੀਨ ਦੇ ਉੱਚੇ ਮਿਆਰ ਦੇ ਕਾਰਨ ਇਸ ਦੇ ਸੰਪਾਦਕ ਦੀ ਵਿਦਵਤਾ ਵਿਚ ਪਏ ਸਨ। ਉਹਨਾਂ ਦਿਨਾਂ ਵਿਚ ਹੀ ਪ੍ਰੇਮ ਪ੍ਰਕਾਸ਼ ਨੇ 'ਲਕੀਰ' ਪਰਚਾ ਵੀ ਕੱਢਿਆ। ਪ੍ਰੇਮ ਪ੍ਰਕਾਸ਼ ਨੇ ਇਹ ਮੈਗਜ਼ੀਨ ਦੋ ਵਾਰ ਕੱਢਿਆ। ਪਹਿਲਾਂ ਥੋੜ੍ਹਾ ਸਮਾਂ ਚਲਾ ਕੇ ਬੰਦ ਕਰ ਦਿੱਤਾ ਸੀ। ਕਾਫੀ ਸਾਲ ਦੇ ਵਕਫੇ ਬਾਅਦ ਇਹ ਮੈਗਜ਼ੀਨ ਫਿਰ ਕੱਢਿਆ ਗਿਆ ਸੀ। ਜਦੋਂ ਇਹ ਮੈਗਜ਼ੀਨ ਪਹਿਲਾਂ ਛਪਣਾ ਸ਼ੁਰੂ ਹੋਇਆ ਤਾਂ ਇਸ ਦੇ ਸੰਪਾਦਕ ਦਾ ਨਾਂ



ਖਾਸ ਨਹੀਂ ਸੀ ਪਰ ਦੁਬਾਰਾ ਸ਼ੁਰੂ ਕਰਨ ਤਕ ਉਹ ਸਥਾਪਤ ਸੰਪਾਦਕ ਬਣ ਚੁੱਕਿਆ ਸੀ। ਇਸ ਮੈਗਜ਼ੀਨ ਨੇ ਵੀ ਕੁਝ ਦੇਰ ਲਈ ਆਪਣੀ ਇਕ ਵਖਰੀ ਛਾਪ ਛੱਡੀ। ਜਿਵੇਂ ਅਸੀਂ ਕਹਿੰਦੇ ਹਾਂ ਕਿ 'ਪ੍ਰੀਤਲੜੀ' ਨੇ ਬਹੁਤ ਸਾਰੇ ਪਾਠਕ ਪੈਦਾ ਕੀਤੇ, 'ਨਾਗਮਣੀ' ਨੇ ਲੇਖਕਾਂ ਦਾ ਇਕ ਗਰੁੱਪ ਖੜਾ ਕੀਤਾ, ਐਦਾਂ ਹੀ 'ਲਕੀਰ' ਨੇ ਵੀ ਨਵੇਂ ਲੇਖਕਾਂ ਨੂੰ ਬਹੁਤ ਉਤਸ਼ਾਹ ਦਿੱਤਾ। ਇਸ ਨੇ ਵਰਜਿਤ ਰਿਸ਼ਤਿਆਂ 'ਤੇ ਕਹਾਣੀਆਂ ਲਿਖਣ ਨੂੰ ਪ੍ਰੋਤਸਾਹਨ ਦਿੱਤਾ। ਇਹਨਾਂ ਵਿਚੋਂ ਕੁਝ ਕਹਾਣੀਕਾਰਾਂ ਨੇ ਆਪਣਾ ਨਾਂ ਬਣਾਇਆ ਵੀ। ਕੁਝ ਕਹਾਣੀਕਾਰ ਸਥਾਪਤ ਵੀ ਹੋਏ ਪਰ ਬਹੁਤਿਆਂ ਦਾ ਭਵਿੱਖ 'ਲਕੀਰ' ਨੇ ਖਤਮ ਵੀ ਕੀਤਾ। ਉਨ੍ਹਾਂ 'ਤੇ ਪ੍ਰੇਮ ਪ੍ਰਕਾਸ਼ ਦੀ ਨਕਲ ਦਾ ਲੇਬਲ ਲੱਗਾ। ਪ੍ਰੇਮ ਪ੍ਰਕਾਸ਼ ਨੇ ਉਨ੍ਹਾਂ ਦੀ ਪੂਰੇ ਜ਼ੋਰ ਨਾਲ ਪਿੱਠ ਵੀ ਥਾਪੜੀ ਪਰ 'ਲਕੀਰ' ਦੀ ਵੱਡੀ ਦੇਣ ਇਹ ਸੀ ਕਿ ਇਸ ਮੈਗਜ਼ੀਨ ਨੇ ਸੰਵਾਦ ਤੋਰੇ। ਗੋਸ਼ਟੀਆਂ ਕਰਵਾਈਆਂ। ਨਵੇਂ ਲੇਖਕ ਪੈਦਾ ਕੀਤੇ। ਇਸੇ ਸਮੇਂ ਦੇ ਵਿਚ-ਵਿਚਕਾਰ ਅੰਮ੍ਰਿਤਸਰ ਤੋਂ ਨਿਕਲਦੇ 'ਲੋਅ' ਨਾਮੀ ਮੈਗਜ਼ੀਨ ਨੇ ਵੀ ਆਪਣਾ ਭਰਪੂਰ ਯੋਗਦਾਨ ਪਾਇਆ। ਇਸ ਨਾਲ ਜੁੜੇ ਕਵੀਆਂ-ਲੇਖਕਾਂ ਨੇ ਇਸ ਦੇ ਮਿਆਰ ਦਾ ਬਹੁਤ ਧਿਆਨ ਰੱਖਿਆ।

ਇਹਨਾਂ ਮੈਗਜ਼ੀਨਾਂ ਦੇ ਸਮੇਂ ਨੂੰ ਪੰਜਾਬੀ ਸਾਹਿਤ ਵਿਚ ਸੁਨਹਿਰੀ ਯੁੱਗ ਕਿਹਾ ਜਾਵੇ ਤਾਂ ਗਲਤ ਨਹੀਂ ਹੋਵੇਗਾ। ਸੰਪਾਦਕ ਆਪਣੇ ਕੰਮ ਲਈ ਪੂਰੀ ਤਰ੍ਹਾਂ ਸਮਰਪਿਤ ਸਨ। ਉਹਨਾਂ ਕੋਲ ਸਾਹਿਤ ਨੂੰ ਵਾਚਣ ਲਈ ਅੱਖ ਵੀ ਸੀ। ਇਹ ਸੁਨਹਿਰੀ ਦੌਰ 2000 ਤਕ ਚਲਿਆ ਤੇ ਫਿਰ ਇਸ ਦਾ ਗ੍ਰਾਫ ਹੇਠਾਂ ਨੂੰ ਆਉਣਾ ਸ਼ੁਰੂ ਹੋ ਗਿਆ। ਇਹਨਾਂ ਮੈਗਜ਼ੀਨਾਂ ਤੋਂ ਬਾਅਦ ਅਗਲੇ ਦੌਰ ਵਿਚ ਵੀ ਬਹੁਤ ਸਾਰੇ ਮੈਗਜ਼ੀਨ ਨਿਕਲੇ। ਜਿਵੇਂ ਕਿ ਰਾਮ ਸਰੂਪ ਅਣਖੀ ਨੇ 'ਕਹਾਣੀ ਪੰਜਾਬ' ਕੱਢਿਆ। ਹਰਭਜਨ ਸਿੰਘ ਹੁੰਦਲ ਨੇ 'ਚਿਰਾਗ', ਜੋਗਿੰਦਰ ਕੈਰੋਂ ਨੇ 'ਅਜੋਕੇ ਸ਼ਿਲਾਲੇਖ' ਜਾਂ ਹੋਰ ਵੀ ਬਹੁਤ ਸਾਰੇ ਮੈਗਜ਼ੀਨ ਨਿਕਲੇ ਹਨ। ਹਾਲੇ ਵੀ ਚੱਲ ਰਹੇ ਹਨ। ਬੇਸ਼ੱਕ ਕੁਝ ਬੰਦ ਵੀ ਹੋ ਗਏ ਹਨ ਪਰ ਇਹ ਸਾਰੇ ਮੈਗਜ਼ੀਨ ਰਲ ਕੇ ਵੀ ਉਹ ਸੁਨਿਹਰੀ ਦੌਰ ਵਾਪਸ ਨਹੀਂ ਲਿਆ ਸਕੇ। ਕੁਝ ਦੇਰ ਲਈ 'ਹੁਣ' ਤੋਂ ਆਸਾਂ ਬੱਝੀਆਂ ਸਨ। ਉਸ ਨੇ ਸਾਹਿਤਕ ਪਤਰਕਾਰੀ ਵਿਚ ਆਈ ਖੜੋਤ ਨੂੰ ਝੰਜੋੜਿਆ ਵੀ ਸੀ ਪਰ ਉਸ ਦੇ ਸੰਪਾਦਕ ਅਵਤਾਰ ਜੰਡਿਆਲਵੀ ਦੀ ਮੌਤ ਕਾਰਨ ਸਾਰੀਆਂ ਆਸਾਂ ਫਿਰ ਧੁੰਧਲੀਆਂ ਪੈ ਗਈਆਂ ਹਨ।

ਇਸ ਸੁਨਹਿਰੀ ਦੌਰ ਦੇ ਖਾਤਮੇ ਦੇ ਕਾਰਨ ਕੀ ਸਨ ? ਇਸ ਗੱਲ ਨੂੰ ਵਿਚਾਰਦਿਆਂ ਇਕ ਗੱਲ ਤਾਂ ਇਹ ਹੱਥ ਲੱਗਦੀ ਹੈ ਕਿ ਜਿੰਨੇ ਉਹ ਸੰਪਾਦਕ ਸਾਹਿਤ ਨੂੰ ਜਾਂ ਆਪਣੇ ਮੈਗਜ਼ੀਨਾਂ ਨੂੰ ਸਮਰਪਿੱਤ ਸਨ ਓਨੇ ਹੁਣ ਵਾਲੇ ਸੰਪਾਦਕ ਨਹੀਂ ਹਨ। ਹੁਣ ਦੇ ਲੇਖਕ ਸਥਾਪਤੀ ਦੀ ਕਾਹਲ ਵਿਚ ਹਨ ਤੇ ਉਹੀ ਕਾਹਲ ਸੰਪਾਦਕਾਂ ਵਿਚ ਵੀ ਦੇਖਣ ਨੂੰ ਮਿਲਦੀ ਹੈ। ਬਹੁਤ ਸਾਰੇ ਲੇਖਕ ਮੈਗਜ਼ੀਨ ਸਿਰਫ ਸਥਾਪਤ ਹੋਣ ਲਈ ਹੀ ਕੱਢਦੇ ਹਨ ਤੇ ਇਸ ਤਰ੍ਹਾਂ ਉਹ ਸੰਪਾਦਕ ਵਾਲੇ ਫਰਜ਼ਾਂ ਤੇ ਜ਼ਿੰਮੇਵਾਰੀਆਂ ਤੋਂ ਦੂਰ ਰਹਿੰਦੇ ਹੋਏ ਆਪਣੇ ਆਪ ਨੂੰ ਪਰੋਮੋਟ ਕਰਨ ਤਕ ਹੀ ਸੀਮਤ ਹੋ ਜਾਂਦੇ ਹਨ। ਕੁਝ ਸੰਪਾਦਕ ਤਾਂ ਪੁਰਾਣਾ ਸਾਹਿਤ ਹੀ ਪਰੋਸੀ ਜਾ ਰਹੇ ਹਨ ਕਿਉਂਕਿ ਨਵੇਂ ਲਿਖੇ ਨੂੰ ਪੜ੍ਹਨ ਨੂੰ ਤੇ ਘੋਖਣ ਵਿਚ ਵਕਤ ਤੇ ਮਿਹਨਤ ਲੱਗਦੇ ਹਨ। ਇਕ ਹੋਰ ਕਾਰਨ ਹੱਥ ਲਗਦਾ ਹੈ, ਉਹ ਹੈ ਮੀਡੀਏ ਦੀ ਤਰੱਕੀ ਜਾਂ ਮੀਡੀਏ ਦੀ ਨਵੀਂ ਰੂਪ ਰੇਖਾ।

ਹੁਣੇ ਜਿਹੇ 'ਕੁੰਭ' ਪ੍ਰੇਮ ਗੋਰਖੀ ਤੇ ਇੰਦਰਜੀਤ ਪੁਰੇਵਾਲ ਨੇ ਕੱਢਿਆ ਹੈ। ਨਵੇਂ ਮੈਗਜ਼ੀਨ ਨਿਕਲਣਾ ਸ਼ੁਭ ਸ਼ਗਨ ਹੁੰਦਾ ਹੈ। ਜਿੰਨੇ ਜ਼ਿਆਦਾ ਮੈਗਜ਼ੀਨ ਨਿਕਲਣਗੇ ਉੱਨਾ ਹੀ ਨਵੇਂ ਲੇਖਕਾਂ ਨੂੰ ਛਪਣ 'ਚ ਅਸਾਨੀ ਰਹੇਗੀ। ਹੋਰ ਲੇਖਕ ਪੈਦਾ ਹੋਣਗੇ। ਪਰ ਨਾਲ ਦੀ ਨਾਲ ਸੰਪਾਦਕ ਨੂੰ ਆਪਣੀਆਂ ਜ਼ੁੰਮੇਵਾਰੀਆਂ ਪ੍ਰਤੀ ਵੀ ਸੁਚੇਤ ਰਹਿਣਾ ਚਾਹੀਦਾ ਹੈ।

**-ਜਿੰਦਰ**

## ਏ ਕੁੜੀਏ/ਕ੍ਰਿਸ਼ਨਾ ਸੋਬਤੀ

**ਅਨੁਵਾਦ – ਗੁਰਿੰਦਰ ਕਲਸੀ**

– ਏ ਕੁੜੀਏ, ਹਨੇਰਾ ਕਿਉਂ ਕੀਤੈ ! ਬਿਜਲੀ ਦੀ ਬੱਚਤ ! ਕੀ ਸਚਮੁੱਚ ਅਜਿਹੀ ਨੌਬਤ ਆ ਗਈ !

– ਅੰਮੀ, ਘਰ ਦੀਆਂ ਸਾਰੀਆਂ ਬੱਤੀਆਂ ਜਗ ਰਹੀਆਂ ਨੇ। ਟੇਬਲ ਲੈਂਪ ਔਫ ।

– ਤਾਂ ਕੀ ਮੈਂ ਹੀ ਰੋਸ਼ਨੀ ਨੂੰ ਹਨੇਰਾ ਕਹਿਣ ਲੱਗੀ ਹਾਂ ! ਨਹੀਂ-ਨਹੀਂ, ਹਾਲੇ ਮੇਰੇ ਹੋਸ਼ੋ-ਹਵਾਸ ਕਾਇਮ ਨੇ। ਹਾਂ, ਤੈਨੂੰ ਹਨੇਰੇ ਵਿੱਚ ਚਾਂਦੀ ਦੇ ਸੱਪ ਦਿਸਦੇ ਹੋਣ ਤਾਂ ਹੋਰ ਗੱਲ ਐ !

ਚੁੱਪ ਕਿਉਂ ਹੋ ਗਈ ! ਜੀਭ ਹਿਲਾਉਣ ਤੋਂ ਵੀ ਕਤਰਾਉਣ ਲੱਗੀ। ਹੋਰ ਤਾਂ ਹੋਰ, ਇਸ ਸੂਸਨ ਦੀਆਂ ਵੀ ਅੱਖਾਂ ਗੂੰਗੀਆਂ ਹੋ ਗਈਆਂ !

ਖਟਕਾ ਕਿਸ ਗੱਲ ਦਾ ਹੈ ਤੁਹਾਨੂੰ !

– ਅੰਮੀ, ਆਪਣੇ ਆਪ ਨੂੰ ਢਿੱਲਾ ਛੱਡੋ। ਬਿਮਾਰੀ ਦੀਆਂ ਤਕਲੀਫ਼ ਕੀ ਘੱਟ ਐ !

– ਇਹ ਤਾਂ ਠੀਕ ਕਹਿ ਰਹੀ ਐਂ। ਪਰ ਇੰਨਾ ਸਮਝ ਲੈ, ਮੈਂ ਬਿਮਾਰੀ ਨੂੰ ਆਪਣੇ ਅੰਦਰ ਧੱਸਣ ਨਹੀਂ ਦਿੱਤਾ। ਹੁਣ ਤੱਕ ਤਾਂ (ਬਿਮਾਰੀ) ਸਭ ਕੁਝ ਚੱਟ ਜਾਂਦੀ। ਇਹ ਦੱਸ, ਤੂੰ ਕਿਉਂ ਨੀਲੀ ਚਿੜੀ ਬਣੀ ਬੈਠੀ ਐਂ !

– ਅੰਮੀ !

– ਮੇਰੀ ਦੇਹਲੀ ਦੀ ਕੁੰਡੀ ਤਾਂ ਖੁੱਲ੍ਹ ਚੁੱਕੀ ! ਦਰਵਾਜ਼ੇ 'ਤੇ ਖਟਖਟ ਹੋਈ ਨਹੀਂ ਕਿ ਮੈਂ ਬਾਹਰ ! ਪਰ, ਸੁਣ ਕੁੜੀਏ, ਮੈਂ ਮਜ਼ਬੂਤੀ ਨਾਲ ਅੜੀ ਹੋਈ ਆਂ। ਰੋਗ-ਬਿਮਾਰੀਆਂ ਮਨੁੱਖ ਦੇ ਵੱਡੇ ਦੁਸ਼ਮਣ ਨੇ....ਆਪਣੇ ਤਨ-ਮਨ ਤੱਕ ਦੀ ਨਜ਼ਦੀਕੀ ਉਧੇੜ ਸੁੱਟਦੇ ਨੇ। ਦੇਹ ਦੀ ਆਪਣੀ ਗੰਧ ਤੱਕ ਬਾਕੀ ਨਹੀਂ। ਦਵਾਈਆਂ ਖ਼ੂਨ ਵਿਚ ਘੁੱਲ ਜਾਂਦੀਆਂ ਨੇ ਤਾਂ ਸਰੀਰ ਠੰਡਲ ਹੋ ਜਾਂਦਾ ਐ। ਸਿਰ 'ਤੇ ਪਤਾ ਨਹੀਂ ਕੀ ਚੜ੍ਹਿਆ ਹੋਇਐ। ਕੁੜੀਏ, ਇਸ ਕਮਰੇ ਵਿੱਚ ਬਿਮਾਰੀ ਦਾ ਹੀ ਛਿੜਕਾਅ ਹੋ ਗਿਆ। ਪੁਰਾਣਾ ਰੱਖ-ਰਖਾਉ ਹੀ ਨਹੀਂ ਦਿੱਸਦਾ।

–ਧੂਫ਼ ਜਲਾ ਦਿਆਂ !

– ਨਾ, ਤੇਰੀ ਸੋਝੀ ਕਿੱਥੇ ਚਲੇ ਗਈ ! ਇਹ ਮਰੀਜ਼ ਦਾ ਕਮਰਾ ਏ। ਪੂਜਾ ਘਰ ਥੋੜ੍ਹੀ ਆ। ਹਾਂ, ਗੁਲਦਸਤੇ ਵਿਚ ਗੁਲਾਬ ਲਗਾ ਸਕਦੀ ਐਂ, ਸੁਗੰਧ ਆਉਂਦੀ ਰਹੂਗੀ।

ਭਲਾ ਕਿੱਥੇ ਦੇਖੇ ਸੀ ਬੜੇ ਬੜੇ ਸੁਰਖ ਗੁਲਾਬ ! ਯਾਦ ਹੀ ਨਹੀਂ ਆਉਂਦਾ। ਕਿਤੇ ਦਿਮਾਗ 'ਤੇ ਵੀ ਤਾਂ ਪੇਪੜੀਆਂ ਨਹੀਂ ਜਮ ਗਈਆਂ।

– ਅੰਮੂ, ਇਹ ਫ਼ਿਕਰ ਕਰਨ ਵਾਲੀ ਗੱਲ ਨਹੀਂ। ਫੁੱਲ ਤਾਂ ਅੱਖਾਂ ਸਾਹਮਣੇ ਆਉਂਦੇ ਹੀ ਰਹਿੰਦੇ ਨੇ। ਹਰ ਥਾਂ ਯਾਦ ਹੀ ਰਹੇ, ਇਹ ਜ਼ਰੂਰੀ ਨਹੀਂ।

– ਦਵਾਈਆਂ ਨੇ ਅੰਦਰ ਖਲਬਲੀ ਮਚਾ ਰੱਖੀ ਆ। ਮੈਂ ਤੰਗ ਹੋ ਗਈ ਆਂ। ਪਰ ਇਹ ਦੱਸ ਕੁੜੀਏ, ਤੇਰੇ ਵਿੱਚ ਇਹ ਬਦਲਾਉ ਕਿਹੋ ਜਿਹਾ। ਤੇਰਾ ਹੁੰਘਾਰਾ ਪਹਿਲਾ ਜਿਹਾ ਨਹੀਂ ਰਿਹਾ। ਅਵਾਜ਼ ਦੀ ਚਿਕਨਾਈ ਗਾਇਬ ਹੁੰਦੀ ਜਾ ਰਹੀ ਏ।

– ਅੰਮੂ, ਕੁਛ ਠੰਡਾ ਆਏ ਪੀਣ ਨੂੰ।

– ਗੱਲ ਬਦਲਤੀ ਨਾ ! ਚਲੋ ਇਹ ਵੀ ਮਨਜ਼ੂਰ ਏ। ਕੁਛ ਦੇ। ਜੋ ਤੇਰੇ ਭੰਡਾਰੇ 'ਚੋਂ ਨਿਕਲੇ !



ਮੇਰੀ ਗੱਲ ਹੁਣ ਕੁੜੀਏ, ਰਿਸ਼ਤੇ ਹੁਣ ਅਦਲ-ਬਦਲ ਹੋ ਗਏ ਨੇ। ਬੇਟੀ ਹੋ ਕੇ ਤੂੰ ਮੇਰੀ ਮਾਂ ਬਣੀ ਹੈਂ ਤੇ ਮੈਂ...ਚਲ ਮੈਨੂੰ ਛੱਡ...ਉਹ ਜੋ ਮੇਰਾ ਮਰੀਜ਼ ਹੈ ਨਾ...

– ਕੌਣ ਅੰਮੀ।

– ਉਹੀ ਡਾਕਟਰ।

*ਅੰਮੀ ਹੱਸਦੀ ਹੈ।*

–ਮੈਨੂੰ ਆਪਣੀ ਬਿਮਾਰੀ ਸਮਝ ਵਿੱਚ ਆ ਰਹੀ ਹੈ ਪਰ ਉਸ ਨੂੰ ਨਹੀਂ। ਦੇਹ-ਆਤਮਾ ਦਾ ਨਿਸਤਾਰਾ ਤਾਂ ਕਿਸੇ ਨਾ ਕਿਸੇ ਬਹਾਨੇ ਹੋਣਾ ਈ ਐ।

ਊਂਘ।

ਫੋਨ ਵੱਜਦਾ ਹੈ।

ਅੰਮੂ ਚੌਂਕ ਕੇ

– ਕਿਸਦਾ ਫੋਨ ਸੀ !

– ਚਾਚੇ ਦੇ ਘਰੋਂ ਸੀ !

– ਦੱਸ ਤਾਂ ਸਹੀ ਕੁੜੀਏ, ਮੇਰਾ ਕਿ ਤੇਰਾ ਚਾਚਾ !

– ਛੋਟਾ ਚਾਚਾ ਸੀ।

–ਮੇਰਾ ਦਿਓਰ ਹੀ ਨਾ ! ਮੇਰੇ ਨਾਲ ਗੱਲ ਹੀ ਕਰਵਾਈ ਹੁੰਦੀ ! ਹੁਣ ਉਹ ਤੇਰਾ ਚਾਚਾ ਜ਼ਿਆਦਾ ਹੋ ਗਿਆ ਤੇ ਮੇਰਾ ਦਿਓਰ ਘੱਟ ! ਇਸ ਤਰ੍ਹਾਂ ਗੱਲ ਕਰਦੀ ਐਂ ਜਿਵੇਂ ਉਹ ਮੇਰੇ ਲਈ ਬਿਗਾਨਾ ਹੋਵੇ। ਹਾਲੇ ਤਾਂ ਮੈਂ ਜਿਊਂਦੀ ਜਾਗਦੀ ਆਂ।

– ਚਾਚਾ ਜੀ ਤੁਹਾਡਾ ਹਾਲ ਪੁੱਛ ਰਹੇ ਸੀ।

– ਮੇਰੀ ਬਿਮਾਰੀ ਦੀ ਗੱਲ ਸਾਰਿਆਂ ਨੂੰ ਵਧਾ ਚੜ੍ਹਾ ਕੇ ਤਾਂ ਨਹੀਂ ਦੱਸ ਰਹੀ। ਮੈਂ ਵਿਆਹ ਕੇ ਆਈ ਤਾਂ ਛੋਟਾ ਜਿਹਾ ਸੀ। ਚਾਰ ਪੰਜ ਸਾਲ ਦਾ ਹੋਣ। ਕਿਸੇ ਸ਼ਰਾਰਤੀ ਕੁੜੀ ਨੇ ਮੇਰੀ ਗੋਦੀ 'ਚ ਬਿਠਾ ਦਿੱਤਾ...

– ਤੁਸੀਂ ਸ਼ਰਮਾ ਗਏ ਸੀ।

– ਮੈਂ ਸੀ ਤਾਂ ਦੁਲਹਨ ਪਰ ਉਹ ਤਾਂ ਬੱਚਾ ਸੀ। ਛੋਟਾ-ਜਿਹਾ ਮੇਰਾ ਦਿਓਰ। ਬੱਸ ਮੈਂ ਸਹਿਲਾ ਕੇ ਚੁੰਮ ਲਿਆ। ਬੜੀ ਮਨ ਭਾਉਣੀ ਘੜੀ ਸੀ ਉਹ। ਦੇਖ ਦੇਖ ਕੁੜੀਆਂ, ਬੜੀਆਂ, ਬੁੜ੍ਹੀਆਂ ਸਭ ਹੱਸੀਆਂ। ਮੇਰੀ ਗੋਦੀ ਸ਼ਗਨਾਂ ਨਾਲ ਭਰ ਗਈ। ਨਾਰੀਆਲ, ਬਦਾਮ, ਛੁਆਰੇ....

ਉਂਜ ਬੁੱਢੇ-ਬਿਮਾਰਾਂ ਦਾ ਹਾਲ-ਚਾਲ ਪੁੱਛਣਾ ਹਫ਼ਤੇ ਵਿੱਚ ਇਕ ਵਾਰ ਵੀ ਕਾਫ਼ੀ ਹੁੰਦਾ ਏ। ਹਾਲੇ ਮੈਂ ਕੁਝ ਦੇਰ ਹਾਂ। ਮਿਹਨਤ ਨਾਲ ਕਮਾਇਆ ਹੋਇਆ ਜਿਸਮ ਏ। ਖੁਰਦਿਆਂ-ਖੁਰਦਿਆਂ ਵੀ ਵਕਤ ਲੱਗੇਗਾ। ਸੁਣ ਰਹੀ ਹੈਂ ਨਾ ?

– ਜੀ।

– ਕੁੜੀਏ, ਬੁੜ੍ਹਿਆਂ ਲਈ ਨਾ ਦਿਲ 'ਚ ਜਗ੍ਹਾ ਰਹਿੰਦੀ ਏ, ਨਾ ਘਰ ਵਿੱਚ। ਮੈਂ ਤਾਂ ਪੂਰਾ ਕਮਰਾ ਘੇਰ ਰੱਖਿਐ। ਬਾਅਦ 'ਚ ਫਰਸ਼ ਵਿਛਾ ਕੇ ਆਪਣੇ ਸੰਗੀਤ ਦਾ ਸਾਮਾਨ ਰੱਖ ਲਈਂ।

– ਅੰਮੂ, ਅਜਿਹੀਆਂ ਗੱਲਾਂ ਦੀ ਕੀ ਜ਼ਰੂਰਤ ਐ।

– ਕੁਛ ਨੀਂ ! ਐਵੇਂ ਈ ਫੜਫੜਾ ਰਹੀ ਆਂ।

ਤੂੰ ਮੇਰਾ ਪਿਛਲਾ ਵਕਤ ਕੱਢ ਦਿੱਤਾ, ਚੰਗਾ ਕਰਿਆ। ਮਾਂ ਬਣ ਕੇ ਮੈਂ ਤੈਨੂੰ ਦੁੱਧ ਪਿਲਾਉਣਾ ਸੀ ਤੇ ਤੂੰ ਬੇਟੀ ਬਣ ਕੇ ਪੀਣਾ ਸੀ।

ਕੁੜੀਏ, ਇਹ ਬੰਧਨ ਨਿਰੇ ਹੱਡ-ਮਾਸ ਦਾ ਨਹੀਂ, ਆਤਮਾ ਦਾ ਹੈ। ਇਕ ਦੂਸਰੇ ਵਿਚ

ਗੁੰਨਿਆਂ ਹੋਇਆ। ਪਰ ਨੀ, ਪਤਾ ਨਹੀਂ ਕਿਉਂ ਤੇਰਾ ਮਣਕਾ ਅਲੱਗ ਜਾ ਪਿਐ।

ਕਿੱਥੇ ਜਾ ਰਹੀ ਐਂ! ਉਠ ਕਿਉਂ ਰਹੀ ਐਂ! ਹਾਲੇ ਉਰੇ ਵੀ ਬੈਠੀ ਰਹਿ ਮੇਰੇ ਕੋਲ।

ਅੰਮ੍ਰਿ ਊਂਘਣ ਲੱਗਦੀ ਹੈ।

ਛੋਟੀ ਜਿਹੀ ਨੀਂਦ ਤੋਂ ਜਾਗ ਕੇ...

-ਸੌਂ ਗਈ ਸੀ ਮੈਂ। ਅੱਖਾਂ ਦੇ ਅੱਗੇ ਤੇਰੀ ਨਾਨੀ ਦਾ ਚਿਹਰਾ ਝਿਲਮਿਲਾਉਂਦਾ ਰਿਹਾ। ਪਤਾ ਨੀਂ ਕਿੰਨੇ ਸਾਲਾਂ ਬਾਅਦ ਮਾਂ ਸੁਪਨੇ ਵਿਚ ਦਿੱਸੀ। ਉਹੀ ਉਸਦਾ ਹਰਾ ਮੂੰਗੀਆਂ ਸੂਟ ਤੇ ਚੁੰਨੀ ਵਿੱਚੋਂ ਝਾਕਦਾ ਉਸਦਾ ਦੁੱਧ।

ਅੰਮ੍ਰਿ ਥੋੜ੍ਹਾ ਜਿਹਾ ਹੱਸਦੀ ਹੈ।

– ਦੇਖ ਰਹੀ ਆਂ ਸੁਪਨਾ ਪਰ ਮਨ ਵਿਚ ਇਹ ਕਿ ਥੋੜ੍ਹਾ ਜਿਹਾ ਦੁੱਧ ਹੋਰ ਕਿਉਂ ਨਾ ਚੁੰਘ ਲਿਆ।

ਹਾਲੇ ਛੋਟੀ ਹੀ ਸਾਂ ਮੈਂ ਕਿ ਅਗਲੀ ਭੈਣ ਆ ਪਹੁੰਚੀ। ਜਦ-ਜਦ ਮਾਂ ਨੂੰ ਦੁੱਧ ਚੁੰਘਾਉਂਦਿਆਂ ਦੇਖਦੀ ਤਾਂ ਮੈਂ ਮਗਨ ਜਿਹੀ ਹੋ ਜਾਂਦੀ। ਟਿਕਟਿਕੀ ਲਗਾ ਕੇ ਦੇਖਦੀ ਰਹਿੰਦੀ।

ਇਕ ਦਿਨ ਮਾਂ ਨੇ ਪੁੱਛ ਹੀ ਲਿਆ-ਕਿਉਂ ਇਸ ਤਰ੍ਹਾਂ ਕੀ ਦੇਖਦੀ ਰਹਿਨੀ ਏਂ! ਤੂੰ ਛੋਟੀ ਸੀ ਤਾਂ ਤੂੰ ਵੀ ਇਸੇ ਤਰ੍ਹਾਂ ਗੋਦੀ 'ਚ ਪੈ ਕੇ ਮੇਰਾ ਦੁੱਧ ਚੁੰਘਿਆਂ ਕਰਦੀ ਸੀ।

ਮੈਂ ਮਾਂ ਤੋਂ ਪੁੱਛਿਆ-ਇਕ ਵਾਰ ਹੋਰ ਪੀ ਲਵਾਂ! ਕੁੜੀਏ, ਮੇਰੀ ਗੱਲ ਸੁਣ ਕੇ ਮਾਂ ਗੁੱਸੇ ਨਾ ਹੋਈ। ਠੋਡੀ ਛੂਹ ਕੇ ਕਿਹਾ-ਮੁੰਨੀਏਂ, ਮਾਂ ਦਾ ਦੁੱਧ ਇਕ ਵਾਰ ਛੁਟ ਜਾਂਦਾ ਹੈ ਤਾਂ ਦੁਬਾਰਾ ਮੂੰਹ ਨਹੀਂ ਲੱਗਦਾ! ਹੁਣ ਇਹ ਤੇਰੀ ਛੋਟੀ ਭੈਣ ਦਾ ਹਿੱਸਾ ਏ। ਇਸ ਦੀ ਇੱਛਾ ਨਹੀਂ ਕਰੀਦੀ ਹੁੰਦੀ। ਇਹ ਕੁਦਰਤ ਦਾ ਨਿਯਮ ਏ। ਬੜੀ ਹੋ ਕੇ ਸਭ ਸਮਝ ਜਾਏਂਗੀ।

– ਕੁੜੀਏ, ਉਸ ਦਿਨ ਦੀ ਹੀ ਤਾਂ ਗੱਲ ਲੱਗਦੀ ਏ! ਜਦ ਮਾਂ ਬੈਠੀ ਛੋਟੀ ਭੈਣ ਨੂੰ ਦੁੱਧ ਚੁੰਘਾ ਰਹੀ ਸੀ।

ਗੋਦੀ ਵਿਚ ਬੱਚਾ ਹੋਵੇ ਤਾਂ ਸਮਝੋ ਤਿੰਨੋਂ ਲੋਕ ਇੱਕ ਮਿਸ਼ਰੀ ਦੇ ਕੁੱਜੇ ਵਿੱਚ। ਹਾਂ, ਮਾਂ ਨੂੰ ਖੁਰਾਕ ਖਾਣੀ ਪੈਂਦੀ ਏ। ਬੱਚਾ ਸਭ ਖਿੱਚ ਲੈਂਦਾ ਏ।

-ਕੁੜੀ ਨੂੰ ਘੂਰਦਿਆਂ।

– ਇਸ ਚਮਤਕਾਰ ਦਾ ਤੈਨੂੰ ਕੀ ਪਤਾ! ਇਸ ਦੀ ਜਾਣਕਾਰੀ ਕਿਤਾਬਾਂ ਵਿਚ ਨਹੀਂ ਮਿਲਦੀ। ਕੰਧਾਂ ਨੂੰ ਦੇਖਦੇ ਰਹਿਣ ਨਾਲ ਹੀ ਉਨ੍ਹਾਂ ਉਪਰ ਤਸਵੀਰਾਂ ਨਹੀਂ ਬਣਦੀਆਂ! ਅਜਿਹਾ ਹੋ ਸਕਦਾ ਤਾਂ ਕੀ ਪਤਾ ਤੂੰ ਕੀ ਕੀ-ਨਾ ਅੰਦਾਜ਼ੇ ਲਗਾ ਲੈਂਦੀ। ਨਾ ਕੁੜੀਏ, ਸਿੰਮਲ ਦੇ ਰੁੱਖ ਤੋਂ ਵੀ ਕਦੇ ਸੇਬ ਉਤਰਦੇ ਹੋਣਗੇ।

ਕੁੜੀ ਖਿਝ ਕੇ ਉਠ ਖੜ੍ਹਦੀ ਹੈ।

– ਮੈਂ ਤੈਨੂੰ ਚੁਭੋ ਥੋੜ੍ਹਾ ਰਹੀ ਆਂ। ਸਖੀਆਂ-ਸਹੇਲੀਆਂ ਵੀ ਤਾਂ ਅਜਿਹੀਆਂ ਗੱਲਾਂ ਕਰ ਲੈਂਦੀ ਆਂ ਨੇ।

– ਮੈਂ ਕਿਸੇ ਨਾਲ ਅਜਿਹੀਆਂ ਗੱਲਾਂ ਨਹੀਂ ਕਰਦੀ ਤੇ ਨਾ ਹੀ ਸੁਣਦੀ ਆਂ।

– ਕਿਵੇਂ ਸੁਣੇਂਗੀ! ਸਭ ਸਪਾਟ ਹੈ। ਬੀਹੜ। ਮੈਨੂੰ ਤਾਂ ਕੁਝ ਦਿਖਦਾ ਨਹੀਂ। ਤੈਨੂੰ ਦਿਖਦਾ ਹੈ।

ਕੁੜੀ ਤਮਤਮਾ ਕੇ ਕਮਰੇ 'ਚੋਂ ਬਾਹਰ ਚਲੇ ਜਾਂਦੀ ਹੈ।

ਅੰਮੀ ਆਪਣੇ ਖਿਆਲਾਂ ਵਿੱਚ-

– ਪਹਿਲਾਂ ਇਨਸਾਨ ਬਣਾਉਂਦਾ ਹੈ। ਜਮ੍ਹਾਂ ਕਰਦਾ ਹੈ। ਇਹ ਮੇਰਾ ਹੈ। ਇਹ ਵੀ ਮੇਰਾ ਹੈ।



ਫਿਰ ਹੌਲੀ ਹੌਲੀ ਮੁੱਠੀ ਖੁੱਲ੍ਹ ਜਾਂਦੀ ਹੈ। ਸਭ ਸਰਕਣ ਲੱਗ ਪੈਂਦਾ ਹੈ। ਦੇਹ ਤਾਂ ਇਕ ਕੱਪੜਾ ਹੈ। ਪਹਿਨਿਆਂ ਤਾਂ ਇਕ ਲੋਕ ਵਿਚ ਆ ਗਏ। ਉਤਾਰ ਦਿੱਤਾ ਤਾਂ ਪਰਲੋਕ। ਪਰ-ਲੋਕ। ਦੂਸਰਿਆਂ ਦਾ ਲੋਕ। ਆਪਣਾ ਨਹੀਂ।

ਕੀ ਪਤਾ ਕਿੰਨੇ ਗ੍ਰਹਿ ਸਥਿਤ ਨੇ ਇਸ ਬ੍ਰਹਿਮੰਡ ਵਿੱਚ। ਕੋਈ ਜਿਊਣ ਵਾਲਿਆਂ ਦਾ। ਕੋਈ ਮਰਨ ਵਾਲਿਆਂ ਦਾ। ਤੇ ਕੋਈ ਸਾਡੇ ਵਰਗੇ ਬਿਮਾਰਾਂ ਦਾ।

ਸੂਸਨ, ਮੇਰੀ ਗੱਲ ਸੁਣ। ਇਹ ਬੁਢਾਪਾ ਆਦਮੀ ਦੀ ਸਾਰੀ ਸ਼ੋਭਾ ਖਿੱਚ ਲੈਂਦਾ ਹੈ ਜਿਸ 'ਤੇ ਵੀ ਆਵੇ ਇਹ ਸਮਾਂ, ਬਹੁਤ ਬੁਰਾ।

ਫੁਸਫੁਸਾ ਕੇ ਆਪਣੇ ਆਪ ਨਾਲ ਹੀ....

– ਅਪ੍ਰੇਸ਼ਨ, ਡਾਕਟਰ, ਦਵਾ ਪੱਟੀ, ਇੰਜੈਕਸ਼ਨ, ਗੁਲੂਕੋਜ਼, ਆਕਸੀਜਨ....ਡਾਕਟਰ ਬਣ ਕੇ ਜਿਸਮ ਨੂੰ ਫੋਲ ਮਾਰਿਆ। ਸੈਂਕੜੇ ਹੀ ਸੂਈਆਂ ਚੁਭੋ ਦਿੱਤੀਆਂ। ਬਦਨ ਵਿਚ ਹੁਣ ਰਹਿ ਹੀ ਕੀ ਗਿਆ। ਸਿਰਫ਼ ਅਵਾਜ਼ ਬਾਕੀ ਹੈ।

ਛੱਤ ਨੂੰ ਦੇਖਦੇ ਰਹੋ ਜਾਂ ਅੱਖਾਂ ਮੀਚ ਕੇ ਆਪਣੇ ਅਤੀਤ ਨੂੰ। ਕਦੇ ਕਦੇ ਤਾਂ ਇੰਜ ਲੱਗਦਾ ਹੈ ਜਿਵੇਂ ਕਿਸੇ ਤਹਿਖਾਨੇ ਵਿਚ ਜਾ ਉਤਰੀ ਹੋਵਾਂ। ਪੁਰਾਣੇ ਤੋਂ ਪੁਰਾਣੇ ਪਰਛਾਵੇਂ ਅੱਖਾਂ ਅੰਦਰ ਘੁੰਮ ਜਾਂਦੇ ਹਨ। ਸੋਚੀਏ ਤਾਂ ਬੀਤੇ ਤੋਂ ਕੀ ਡਰਨਾ। ਅੱਗ ਤੋਂ ਪਹਿਲਾਂ ਦਾ ਧੂੰਆਂ ਹੈ। ਕੁਦਰਤ ਨੇ ਕਾਇਆ ਦੀ ਬਣਤ ਤਾਂ ਸੌ ਸਾਲ ਦੀ ਬਣਾ ਰੱਖੀ ਹੈ। ਡਿੱਗ ਕੇ ਲੱਤ ਨਾ ਟੁੱਟਦੀ ਤਾਂ ਮੈਂ ਚੰਗੀ ਭਲੀ ਸੀ।

ਸੂਸਨ ਦਵਾਈ ਪਿਲਾ ਕੇ ਬੱਤੀ ਮੱਧਮ ਕਰਦੀ ਹੈ।

– ਅੰਮੀ ਜੀ, ਥੋੜ੍ਹਾ ਜਿਹਾ ਸੌਂ ਲਵੋ।

– ਸੂਸਨ, ਤੂੰ ਮੇਰੀ ਬੜੀ ਸੇਵਾ ਕੀਤੀ ਹੈ। ਕਿਵੇਂ ਉਤਾਰਾਂਗੀ। ਕਦੇ ਕਦੇ ਤਾਂ ਆਪਣੇ ਆਪ ਨੂੰ ਗੁਨਾਹਗਾਰ ਸਮਝਣ ਲੱਗਦੀ ਹਾਂ।

ਕੁੜੀ ਨੂੰ ਅੰਦਰ ਝਾਕਦਿਆਂ ਦੇਖ..

– ਚਲੀ ਆ। ਆ ਜਾ। ਕੁਝ ਦੇਰ ਮੇਰੇ ਕੋਲ ਬੈਠ। ਸੁਣ ਮੈਂ ਝਾੜ-ਝੰਖਾੜਾ ਵਿਚੋਂ ਗੁਜ਼ਰ ਰਹੀ ਆਂ। ਪਹਾੜਾਂ ਉੱਤੇ ਦੇਖੀ ਐ ਨਾ ਝੜਬੇਰੀ, ਕੰਡਿਆਲੀ। ਮੇਰੇ ਸਿਰ 'ਤੇ ਉਹੀ ਉੱਗੀ ਪਈ ਹੈ।

– ਅੰਮੀ, ਨੀਂਦ ਦੀਆਂ ਗੋਲੀਆਂ ਦਾ ਅਸਰ ਹੈ।

– ਕੁੜੀਏ, ਲੱਗਦਾ ਏ ਸੁੱਕੇ ਪੱਤਿਆਂ ਦੀ ਰੁੱਖੀ ਵਰਖਾ ਹੋ ਰਹੀ ਏ। ਪਤੀਲੀ ਬਰਸਾਤ ਨਹੀਂ।

– ਕੁੜੀਏ, ਪਹਿਲਾਂ ਮਾਂ-ਬਾਪ ਉਂਗਲੀ ਫੜ ਕੇ ਬੱਚਿਆਂ ਨੂੰ ਕਦਮ ਪੁੱਟਣੇ ਸਿਖਾਉਂਦੇ ਨੇ। ਫਿਰ ਉਹੀ ਬੁੱਢੇ ਹੋ ਕੇ ਆਪਣੇ ਬੱਚਿਆਂ ਦੇ ਬੱਚੇ ਬਣ ਜਾਂਦੇ ਨੇ। ਤੇਰੇ ਬੋਝ ਨੂੰ ਸਮਝਦੀ ਆਂ। ਕੀ ਬਹੁਤ ਥੱਕ ਗਈ ਏਂ।

ਦੋ ਚਾਰ ਦਿਨ ਕਿਤੇ ਬਾਹਰ ਕਿਉਂ ਨਹੀਂ ਲਾ ਆਉਂਦੀ!

– ਥਕਾਣ ਨਹੀਂ ਅੰਮ੍ਰਿ, ਜਕੜਨ ਨਾਲ ਜਕੜੀ ਹੋਈ ਆਂ।

– ਕੁੜੀਏ, ਬਿਮਾਰੀ ਦਾ ਖ਼ੌਫ਼ ਹੈ। ਤੇਰੀ ਤਾਸੀਰ ਚੰਗੀ ਤਰ੍ਹਾਂ ਜਾਣਦੀ ਆਂ। ਖੁਸ਼ੀ ਤੇ ਉਦਾਸੀ ਤੈਨੂੰ ਦੋਵੇਂ ਰਾਸ ਨਹੀਂ ਆਉਂਦੇ। ਇਹ ਮੰਗ ਕਿ ਅਗਲਾ ਚੱਕਰ ਜਲਦੀ ਚੱਲੇ ਤੇ ਤੇਰੀ ਮਾਂ ਵੀ ਛੁਟਕਾਰਾ ਪਾਵੇ।

– ਅੰਮ੍ਰਿ, ਇਹ ਕੀ ਸੋਚ ਰਹੇ ਹੋ ਤੁਸੀਂ। ਮਨ ਦੀ ਸ਼ਕਤੀ ਲਗਾਓ ਤੇ ਠੀਕ ਹੋ ਜਾਓ। ਤੁਹਾਡੀ ਇੱਛਾ-ਸ਼ਕਤੀ ਨੂੰ ਤਾਂ ਡਾਕਟਰ ਵੀ ਸਰਾਹੁੰਦੇ ਨੇ।

– ਕਹਿੰਦੀ ਤਾਂ ਠੀਕ ਹੈਂ। ਬਚਪਨ ਵਿੱਚ ਮੈਂ ਆਪਣੀ ਹਵਾ ਤੋਂ ਉਪਰ ਉਠ ਜਾਂਦੀ ਸਾਂ।

ਬਦਨ ਵਿਚ ਬੜੀ ਮਜ਼ਬੂਤੀ ਸੀ। ਅੰਦਰ ਅਗਨੀ ਦਾ ਕੁੰਡ ਹੁੰਦਾ ਸੀ। ਸਰੀਰ ਉਸੇ ਤੋਂ ਸੇਕ ਖਿੱਚਦੈ। ਪਰ ਕੁੜੀਏ, ਮੇਰੇ ਦੋਵੇਂ ਡਾਕਟਰ ਤਾਂ ਉਸ ਨੂੰ ਠੰਡਾ ਕਰਨ 'ਤੇ ਤੁਲੇ ਹੋਏ ਨੇ।

ਥੋੜ੍ਹੀ ਦੇਰ ਊਂਘ ਕੇ...

– ਤੁਸੀਂ ਤਾਂ ਮੈਨੂੰ ਬੁੱਢਿਆਂ ਹੀ ਵੇਖਿਆ ਹੈ। ਉਸ ਕੁੜੀ ਨੂੰ ਨਹੀਂ ਜੋ ਤੇਰੀ ਮਾਂ ਬਣਨ ਵਾਲੀ ਸੀ। ਪਤਾ ਨਹੀਂ ਕਿੰਨੀ ਪੁਰਾਣੀ ਗੱਲ ਹੋ ਚੁੱਕੀ। ਕਿਸੇ ਦੂਸਰੇ ਯੁੱਗ ਦੀ ਗੱਲ ਲੱਗਦੀ ਹੈ। ਦੂਸਰਾ। ਦੂਸਰਾ ਹੀ ਤਾਂ!

ਨਾ ਅਕਾਸ਼ ਖਤਮ ਹੁੰਦਾ ਏ ਤੇ ਨਾ ਧਰਤੀ। ਸਿਰਫ਼ ਪੈਰਾਂ ਵਾਲਿਆਂ ਦੀ ਦੌੜ ਬਾਕੀ ਰਹਿ ਜਾਂਦੀ ਹੈ।

ਅਚਾਨਕ ਚੁਕੰਨੀ ਹੋ ਕੇ..

– ਕੁੜੀਏ, ਆਲਤੂ-ਫਾਲਤੂ ਤਾਂ ਨਹੀਂ ਬੋਲ ਰਹੀ? ਬੋਲਣ ਲੱਗਾਂ ਤਾਂ ਟੋਕ ਦਿਆਂ ਕਰ।

ਕੁੜੀ ਕੁਰਸੀ ਤੋਂ ਉਠ ਖੜ੍ਹਦੀ ਹੈ।

– ਹਾਲੇ ਨਾ ਜਾ। ਕੁਝ ਦੇਰ ਬੈਠੀ ਰਹਿ। ਉਸ ਕਮਰੇ 'ਚ ਤੇਰਾ ਕੀ ਪਿਐ? ਹੈ ਕੁਸ਼? ਜੇ ਹੈ ਤਾਂ ਮੈਨੂੰ ਦੱਸ ਦੇ। ਮੈਨੂੰ ਪਤਾ ਹੋਣਾ ਚਾਹੀਦੈ। ਮੈਂ ਜਾਣਨਾ ਚਾਹੁੰਦੀ ਆਂ।

– ਨਹੀਂ, ਕੁਝ ਵੀ ਨਹੀਂ!

ਅੰਮ੍ਰਿਤ ਆਪਣੇ ਆਪ...

– ਸਿਰ, ਮੱਥਾ-ਮੂੰਹ, ਅੱਖਾਂ, ਨੱਕ, ਕੰਨ, ਕਪੋਲ, ਹੱਥ, ਪੈਰ-ਕਮਰ, ਰਚਨ ਵਾਲੇ ਨੇ ਵੀ ਕੀ ਰਚ ਦਿੱਤਾ। ਅੰਦਰ ਲਗਾ ਦਿੱਤੀ ਪਲਾਂ ਛਿਣਾਂ ਵਾਲੀ ਘੜੀ। ਨਾ ਇਕ ਸਾਹ ਜ਼ਿਆਦਾ ਤੇ ਨਾ ਘੱਟ। ਜੋ ਇਸ ਦੁਨੀਆਂ ਵਿਚ ਘਰ ਬਣਾ ਕੇ ਬੈਠਦੇ ਨੇ ਉਨ੍ਹਾਂ ਨੂੰ ਆਖਿਰ ਤਾਂ ਸਭ ਕੁਝ ਛੱਡ ਕੇ ਜਾਣਾ ਹੀ ਪੈਂਦਾ ਹੈ।

– ਅੰਮ੍ਰਿਤ, ਕੋਈ ਹੋਰ ਗੱਲ ਕਰੀਏ।

ਵਿਰੱਕਤ ਹੋਣੀ ਪਈ ਹੈ। ਜੋ ਤੇਰੇ ਤੋਂ ਬਾਹਰ ਹੋ ਰਿਹਾ ਹੈ ਭਲਾ ਉਸ ਤੋਂ ਵੀ ਕੀ ਆਪਣਾ। ਝੁੰਜਲਾਉਣਾ। ਮਰੀਜ਼ ਪਿਆ ਹੈ, ਪਿਆ ਰਹਿਣ ਦੇ। ਬੁਲਾਇਆ ਤਾਂ ਹਾਂ ਕਹਿ ਦਿੱਤਾ, ਕੁਝ ਮੰਗਿਆ ਤਾਂ ਅੱਗੇ ਕਰ ਦਿੱਤਾ।

– ਅੰਮ੍ਰਿਤ, ਤੁਸੀਂ ਬੜਾ ਸਖਤ ਇਮਤਿਹਾਨ ਲੈਂਦੇ ਹੋ।

– ਨਹੀਂ ਕੁੜੀਏ। ਹੁਣ ਕਿਸੇ ਨੂੰ ਤੋਲਣ-ਪਰਖਣ ਦਾ ਮੇਰਾ ਧਰਮ ਨਹੀਂ। ਤੈਨੂੰ ਵਾਰ-ਵਾਰ ਬੁਲਾਉਂਦੀ ਹਾਂ ਤਾਂ ਇਸ ਲਈ ਕਿ ਤੈਥੋਂ ਆਪਣੇ ਲਈ ਤਾਕਤ ਖਿੱਚਦੀ ਹਾਂ। ਤੈਨੂੰ ਦੇਖ ਕੇ ਲੱਗਦਾ ਹੈ ਕਿ ਅਜੇ ਹਾਂ। ਹਾਂ ਅਜੇ!

– ਅੰਮੀ, ਮਨ ਨੂੰ ਕੀ ਕੁਝ ਘੇਰੀ ਰੱਖਦਾ ਹੈ?

– ਕੁੜੀਏ, ਇਹ ਦੱਸਣ ਵਾਲੀ ਗੱਲ ਨਹੀਂ। ਸੰਤਾਪ। ਅਜਿਹਾ ਕਿ ਹਰ ਕਿਸੇ ਨੂੰ ਇਕੱਲਿਆਂ ਹੀ ਝੱਲਣਾ ਪੈਂਦਾ ਹੈ।

– ਮੰਮ੍ਰਿਤ, ਕੀ ਬਹੁਤ ਤਕਲੀਫ਼ ਹੈ?

– ਨਹੀਂ, ਜ਼ਿਆਦਾ ਨਹੀਂ। ਹਾਂ, ਅਗਲੀਆਂ ਪਿਛਲੀਆਂ ਸਭ ਅੱਖਾਂ ਦੇ ਅੱਗੇ ਜੁੜੀਆਂ ਰਹਿੰਦੀਆਂ ਨੇ।

ਕੁੜੀਏ, ਮੇਰਾ ਧਿਆਨ ਬਦਲ ਦਿਆ ਕਰ। ਮੇਰੀ ਸੁੱਧ-ਬੁੱਧ ਮੈਨੂੰ ਕੁਝ ਠੀਕ ਜਿਹੀ ਨਹੀਂ ਲੱਗਦੀ। ਅਜੀਬ ਭੂਤਨੇ ਜਿਹੇ ਦਿਨ-ਰਾਤ ਕਮਰੇ ਵਿਚ ਛਾਏ ਰਹਿੰਦੇ ਨੇ।

– ਅੰਮ੍ਰਿਤ, ਕਿਉਂ ਨਾ ਪਹਾੜਾਂ ਦੀਆਂ ਗੱਲਾਂ ਕਰੀਏ? ਕੀ ਸ਼ਿਮਲੇ ਤੋਂ ਸ਼ੁਰੂ ਕਰੀਏ?



– ਮੇਰਾ ਪਹਿਲਾ ਪਹਾੜੀ ਸਫ਼ਰ ਕਾਲਕਾ ਤੋਂ ਸ਼ਿਮਲਾ ਹੀ ਸੀ। ਵਿਆਹ ਕੇ ਸਭ ਤੋਂ ਪਹਿਲਾਂ ਉੱਥੇ ਈ ਗਈ ਸੀ। ਦਿਲ ਵਿਚ ਖੂਬ ਉਮੰਗ ਚਾਉ। ਕਾਲਕਾ ਤੋਂ ਛੋਟੀ ਗੱਡੀ ਵਿਚ ਬੈਠੀ ਤਾਂ ਖਿੜਕੀ ਤੋਂ ਬਾਹਰ ਹੀ ਦੇਖਦੀ ਰਹੀ। ਪਹਾੜਾਂ ਦੇ ਸਿਲਸਿਲੇ ਤੇ ਉਚੇ ਉੱਚੇ ਸੰਘਣੇ ਬਿਰਖ। ਬਰੂਸ ਦੇ ਫੁੱਲ ਤਾਂ ਇਵੇਂ ਜਿਵੇਂ ਝੰਡੇ ਲਹਿਰਾ ਰਹੇ ਹੋਣ।

ਅੰਮ੍ਰਿਤ ਰਤਾ ਹਲੀਮੀ ਨਾਲ--

– ਕੁੜੀਏ, ਉਨ੍ਹਾਂ ਰਾਹਾਂ ਨੂੰ ਕੀ ਇਕ ਵਾਰ ਦੇਖ ਸਕਦੀ ਆਂ? ਕੀ ਮੈਨੂੰ ਉੱਥੇ ਲਿਜਾ ਸਕਦੀ ਏਂ ਕਿਆ?

– ਕਿਉਂ ਨਹੀਂ। ਤੁਸੀਂ ਜ਼ਰਾ ਠੀਕ ਮਹਿਸੂਸ ਕਰੋ ਤਾਂ ਜਾਣ ਦੀ ਗੱਲ ਸੋਚੀ ਜਾ ਸਕਦੀ ਹੈ।

– ਵਰਚਾ ਰਹੀ ਐਂ। ਪਰ ਚਲ, ਇਹ ਸੁਣਨਾ ਵੀ ਚੰਗਾ ਲੱਗਦਾ ਐ।

– ਅੰਮ੍ਰਿਤ, ਫਿਰ ਕਾਲਕਾ-ਸ਼ਿਮਲਾ ਸਫ਼ਰ ਵਿਚ ਕੀ ਕੁਝ ਹੋਇਆ?

– ਤੇਰੀ ਦਾਦੀ ਮਾਂ ਨੇ ਰਸਤੇ ਦੇ ਲਈ ਇਕ ਟੋਕਰੀ ਬਣਾਈ ਹੋਈ ਸੀ। ਨਿੰਬੂ, ਸੰਗਤਰੇ, ਅਚਾਰ, ਚੂਰਨ, ਅੰਮ-ਪਾਪੜ। ਜਿਉਂ ਹੀ ਗੱਡੀ ਸੁਰੰਗ ਵਿਚੋਂ ਬਾਹਰ ਨਿਕਲੇ, ਉਹ ਮੈਨੂੰ ਪੁੱਛੇ-ਬਹੂ, ਚੱਕਰ ਤਾਂ ਨਹੀਂ ਆ ਰਿਹਾ? ਦਿਲ ਤਾਂ ਨਹੀਂ ਘਬਰਾ ਰਿਹਾ? ਨਾਂਹ ਕਹਿ ਕੇ ਮੈਂ ਦੁਬਾਰਾ ਖਿੜਕੀ ਤੋਂ ਬਾਹਰ ਦੇਖਣ ਲੱਗੀ। ਤੇਰੇ ਪਿਤਾ ਜੀ ਨੂੰ ਮੇਰੀ ਇਹ 'ਨਾਂਹ' ਪਸੰਦ ਨਾ ਆਈ। ਰੋਹਬ ਨਾਲ ਬੋਲੇ-ਜਵਾਬ ਤਾਂ ਢੰਗ ਨਾਲ ਦੇ। ਹੋ ਹੀ ਨਹੀਂ ਸਕਦਾ ਕਿ ਤੈਨੂੰ ਚੱਕਰ ਨਾ ਆਉਂਦਾ ਹੋਵੇ। ਤੇਰੇ ਦਾਦਾ ਜੀ ਨਾਲ ਸਨ ਇਸ ਲਈ ਕੁਝ ਕਹਿਣ ਵਿੱਚ ਸੰਕੋਚ ਹੋਇਆ। ਫਿਰ ਸੋਚਿਆ ਕਿ ਠੀਕ ਗੱਲ ਕਹਿਣ ਵਿਚ ਹਰਜ਼ ਵੀ ਕੀ ਹੈ।

ਮੈਂ ਕਹਿ ਹੀ ਦਿੱਤਾ-ਮੇਰਾ ਫੈਸਲਾ ਹੈ ਕਿ ਮੈਨੂੰ ਚੱਕਰ ਨਹੀਂ ਆਉਣਾ ਚਾਹੀਦਾ ਤਾਂ ਆਏਗਾ ਕਿਵੇਂ।

ਤੇਰੇ ਪਿਤਾ ਜੀ ਦੇ ਤੇਵਰ ਚੜ੍ਹ ਗਏ-ਇਹ ਪਹਾੜੀ ਵੱਲਦਾਰ ਹੈ, ਐਥੇ ਆਪਣੇ ਫੈਸਲੇ ਕੰਮ ਨਹੀਂ ਆਉਂਦੇ। ਦਾਦਾ ਜੀ ਨੇ ਬੇਟੇ ਨੂੰ ਗੁੰਮ ਜਿਹਾ ਇਸ਼ਾਰਾ ਕੀਤਾ ਤੇ ਹੱਸਦਿਆਂ ਕਿਹਾ-ਅਸੀਂ ਆਪਣੀ ਬੇਟੀ ਤੋਂ ਬਹੁਤ ਖੁਸ਼ ਹਾਂ। ਘੋੜ-ਸਵਾਰੀ ਕਰਦੀ ਰਹੀ ਹੈ। ਘੋੜਿਆਂ ਨੂੰ ਕਾਬੂ ਕਰਨਾ ਜਾਣਦੀ ਹੈ। ਇਸੇ ਕਰਕੇ ਆਪਣੇ ਆਪ ਉਪਰ ਭਰੋਸਾ ਰੱਖਦੀ ਹੈ। ਤੇਰੇ ਦਾਦੀ-ਦਾਦੀ ਦੋਵੇਂ ਹੱਸਦੇ ਰਹੇ, ਪਰ ਤੇਰੇ ਪਿਤਾ ਖਾਮੋਸ਼ ਰਹੇ। ਪਤਾ ਨਹੀਂ ਕੀ ਸੀ, ਸਹਿਜ ਭਾਵ ਨਾਲ ਕਹੀ ਹੋਈ ਇਹ ਗੱਲ ਸਾਡੇ ਦੋਹਾਂ ਦਰਮਿਆਨ ਬਹੁਤ ਦੇਰ ਤੱਕ ਤਣੀ ਰਹੀ। ਵਿੱਚ ਵਿੱਚ ਤੇਰੇ ਪਿਤਾ ਜੀ ਬੜੀ ਗੰਭੀਰਤਾ ਨਾਲ ਕਹਿੰਦੇ-ਆਪਣੇ ਆਪ ਨੂੰ ਸੰਵਾਰਨ ਲਈ ਬਹੁਤ ਕੁਝ ਸਿੱਖਣਾ ਪੈਂਦਾ ਹੈ। ਸਿਰਫ਼ ਘੋੜੇ ਦੀ ਸਵਾਰੀ ਨਾਲ ਕੰਮ ਨਹੀਂ ਚੱਲਦਾ। ਕੁੜੀਏ, ਮਰਦ ਦਾ ਦਬਦਬਾ ਰਹਿਣਾ ਈ ਚਾਹੀਦਾ। ਉਸ ਦੀ ਜਗ੍ਹਾਂ ਨੀਚੇ ਨਹੀਂ, ਉੱਪਰ ਹੈ।

ਜੇਕਰ ਪੁਨਰ-ਗਮਨ ਦੀ ਗੱਲ ਵਿਚ ਕੁਝ ਤੱਤ ਹੈ ਤਾਂ ਅਗਲੇ ਜਨਮ ਵਿਚ ਪੁਰਸ਼ ਬਣ ਕੇ ਦੇਖਣਾ ਚਾਹੁੰਦੀ ਹਾਂ। ਪਤਾ ਤਾਂ ਲੱਗੇ ਇਹ ਚਾਲੂ ਸੈਨਿਕ ਕਿਵੇਂ ਇਸਤਰੀ ਤੇ ਪਰਿਵਾਰ 'ਤੇ ਛਾਇਆ ਰਹਿੰਦਾ ਹੈ। ਹੱਸਣ ਦੀ ਨਹੀਂ, ਇਹ ਡੂੰਘੀ ਗੱਲ ਹੈ। ਹਰ ਔਰਤ ਇਸ ਨੂੰ ਸਮਝਦੀ-ਬੁੱਝਦੀ ਹੈ।

ਛੋਟੀ ਜਿਹੀ ਨੀਂਦ ਤੋਂ ਬਾਅਦ-

– ਫੇਰ ਚਾਹ ਪੀ ਰਹੀ ਐਂ। ਦੁੱਧ ਵਿੱਚ ਕੁਝ ਲੈ ਲਿਆ ਕਰ। ਥਕਾਵਟ ਉਤਰ ਜਾਂਦੀ ਐ।

– ਅੰਮ੍ਰਿਤ, ਹੁਣ ਤੁਸੀਂ ਕੁਝ ਤਾਜ਼ਾ ਮਹਿਸੂਸ ਕਰ ਰਹੇ ਓਂ ਨਾ?

– ਹਾਂ। ਤੇਰੇ ਨਾਲ ਗੱਲਾਂ ਕਰਦੀ-ਕਰਦੀ ਸੌਂ ਗਈ। ਪਤਾ ਨਹੀਂ ਖਿਆਲ ਕਿੱਥੇ ਅਟਕਿਆ ਹੋਇਆ ਸੀ। ਸੁਪਨੇ ਵਿਚ ਦੇਖਦੀ ਆਂ, ਗਾਡ਼ੀ ਧੁੰਦ ਵਿੱਚ ਤੁਰੀ ਜਾ ਰਹੀ ਆਂ। ਕਦੇ ਲੱਗਦੈ ਜਾਖੂ

ਰਾਊਂਡ ਵਾਲੀ ਚੜ੍ਹਾਈ 'ਤੇ ਹਾਂ। ਕਦੇ ਟੁੱਟੀ ਕੰਡੀਵਾਲੀ ਉਤਰਾਈ ਉਤਰ ਰਹੀ ਹਾਂ।

ਤੁਰ ਇਕੱਲੀ ਰਹੀ ਸੀ, ਪਰ ਕੋਈ ਹੈਂਡਲ ਮੇਰੇ ਪਿੱਛੇ-ਪਿੱਛੇ ਭੱਜਦੀ ਆਉਂਦੀ ਰਹੀ। ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਤਾਂ ਅੱਡੀਦਾਰ ਜੁੱਤੀ ਦੀ ਅਵਾਜ਼ ਪਿੱਛਾ ਕਰ ਰਹੀ ਸੀ। ਸੁਪਨੇ ਦੀ ਗੱਲ ਦੇਖੋ, ਸਮਰਹਿੱਲ ਦੀ ਸੁਰੰਗ ਦੇ ਨੇੜੇ ਪੁੱਜ ਕੇ ਅਚਾਨਕ ਪਛਾਣ ਲੈਂਦੀ ਹਾਂ ਕਿ ਇਹ ਅਵਾਜ਼ ਤਾਂ ਮੇਰੀ ਆਪਣੀ ਜੁੱਤੀ ਦੀ ਹੈ। ਮੇਰੀ ਬੜੀ ਪੁਰਾਣੀ ਜੁੱਤੀ ਸੀ। ਵਿਆਹ ਤੋਂ ਬਾਅਦ ਤੇਰੇ ਪਿੱਤਾ ਜੀ ਨੇ ਚੀਨੀ ਸ਼ੂ-ਮੇਕਰ ਤੋਂ ਬਣਵਾਈ ਸੀ। ਕਰੀਮ ਰੰਗ ਦਾ ਹਲਕਾ ਚਮੜਾ, ਰੇਸ਼ਮ ਜਿਹਾ ਨਰਮ। ਛੋਟੀ ਜਿਹੀ ਅੱਡੀ। ਚੱਲਣ ਵਿੱਚ ਐਨੀ ਹਲਕੀ ਕਿ ਪਲਕ ਝਪਕਦਿਆਂ ਹੀ ਮਸੋਬਰਾ ਪਹੁੰਚ ਜਾਈਏ।

ਕੁੜੀਏ, ਮੈਂ ਤੁਰਦੀ ਵੀ ਬੜੀ ਤੇਜ਼ ਹਾਂ। ਨਾ ਨੀ ? ਕਦੇ ਤੁਰਦੀ ਸੀ। ਹੁਣ ਕਿੱਥੇ। ਜ਼ਰੂਰ ਅਹੰਕਾਰ ਕੀਤਾ ਹੋਣੈ। ਸਾਹਮਣੇ ਆ ਗਿਆ।

ਲੰਬੀ ਚੁੱਪ ਤੋਂ ਬਾਅਦ ਅੰਮ੍ਰਿ ਅੱਖਾਂ ਖੋਲ੍ਹਦੀ ਹੈ-

-ਬਰਫ਼ ਖੂਬ ਪਈ ਐ। ਗਿਰਜਾ ਮੈਦਾਨ ਬਰਫ਼ ਨਾਲ ਢਕਿਆ ਪਿਐ। ਗਿਰਜੇ ਦੀ ਘੜੀ ਭਲਾ ਕਿਉਂ ਬੰਦ ਹੋ ਗਈ! ਕਦੋਂ ਤੋਂ ਘੰਟੀਆਂ ਨਹੀਂ ਵੱਜੀਆਂ। ਜ਼ਰਾ ਦੇਖੀਂ ਤਾਂ ਕਿੰਨਾ ਸਮਾਂ ਹੋ ਗਿਆ।

ਕੁੜੀ ਗੁੱਟ ਘੜੀ ਦੇਖਦੀ ਐ।

-ਚਾਰ।

ਅੰਮੀ ਆਪਣੀ ਹੀ ਰੌਂ ਵਿੱਚ-

ਕਾਲਕਾ ਪੁੱਜਣ ਹੀ ਵਾਲੇ ਆਂ। ਬੜੋਗ ਤਾਂ ਕਦੋਂ ਦਾ ਨਿਕਲ ਚੁੱਕਿਆ। ਉਥੇ ਵਰਗੀ ਚਾਹ ਕਿਤੇ ਨਹੀਂ।

ਕੁੜੀ ਟੇਬਲ-ਲੈਂਪ ਦੇ ਪਾਰ ਟੁਕਰ-ਟੁਕਰ ਦੇਖਦੀ ਐ!

ਅੰਮ੍ਰਿ ਹੱਥ ਨਾਲ ਬਿਸਤਰ ਟਟੋਲਦਿਆਂ।

-ਮੇਰਾ ਫਰ ਵਾਲਾ ਕੋਟ ਕਿੱਥੇ ਐ ? ਪਹਿਨਿਆ ਹੋਇਆ ਸੀ ਨਾ ਮੈਂ! ਉੱਪਰ ਵਾਲੀ ਸੀਟ 'ਤੇ ਤਾਂ ਨਹੀਂ ਪਿਆ। ਲੱਭੋ! ਮੇਰੀ ਪਸੰਦ ਦਾ ਕੋਟ ਹੈ। ਇਸ ਦੀ ਫ਼ਰ ਤੇਰੇ ਪਿਤਾ ਜੀ ਕਿਸੇ ਭੋਟੀਏ ਤੋਂ ਲਿਆਏ ਸੀ। ਮਿਲਿਆ ?

-ਜੀ ਤੁਹਾਡੀ ਅਲਮਾਰੀ ਵਿੱਚ ਪਿਆ ਹੈ।

ਅੰਮ੍ਰਿ ਦੇਰ ਤੱਕ ਖਾਮੋਸ਼ ਹੋਈ ਰਹਿੰਦੀ ਹੈ।

ਫਿਰ ਭੜਕੇ ਤਿੱਖੀ ਆਵਾਜ਼ ਵਿੱਚ।

ਤੁਸੀਂ ਲੋਕਾਂ ਨੇ ਮੇਰੇ ਸਾਮਾਨ ਨੂੰ ਹੁਣ ਤੋਂ ਈ ਇੱਧਰ ਉੱਧਰ ਕਰਨਾ ਸ਼ੁਰੂ ਕਰ ਦਿੱਤਾ। ਬੁਰੀ ਗੱਲ ਹੈ ਇਹ!

ਸੂਸਨ, ਕੈਬਨਿਟ ਵਿਚੋਂ ਮੇਰੀ ਐਨਕ ਕੱਢ ਕੇ ਲਿਆ। ਮੇਰੇ ਦੰਦ ਵੀ ਬਰੱਸ਼ ਨਾਲ ਸਾਫ਼ ਕਰ ਦੇ। ਭਲਾ ਤੈਨੂੰ ਇਹਦਾ ਖਿਆਲ ਕਿਉਂ ਨਹੀਂ ਆਇਆ! ਮਰੀਜ਼ ਲਈ ਇਹ ਤੇਰੀ ਡਿਊਟੀ ਹੈ। ਦੇਖ ਰਹੀ ਐਂ ਨਾ ਕੁੜੀਏ, ਇਸ ਦੀ ਲਾਪਰਵਾਹੀ।

ਮੇਰੇ ਪਰਸ ਵਿਚ ਮੇਰੀਆਂ ਚਾਬੀਆਂ ਪਈਆਂ ਸਨ। ਮੈਨੂੰ ਦਿਖਾਉ ਲਿਆ ਕੇ-ਪਈਆਂ ਵੀ ਨੇ ਕਿ ਨਹੀਂ।

ਕੁੜੀ ਅਲਮਾਰੀ ਵਿਚੋਂ ਪਰਸ ਕੱਢ ਕੇ ਮਾਂ ਨੂੰ ਦਿੰਦੀ ਹੈ।

ਅੰਮੀ ਪਰਸ ਖੋਲ੍ਹ ਕੇ ਚਾਬੀਆਂ ਦਾ ਗੁੱਛਾ ਦੇਖਦੀ ਹੈ।

ਫਿਰ ਕੁਝ ਯਾਦ ਆ ਜਾਣ ਦੀ ਮੁਦਰਾ ਵਿੱਚ



ਇਸ ਵਿਚ ਮੇਰੀਆਂ ਗਿੰਨੀਆਂ ਵੀ ਨੇ।

- ਅੰਮ੍ਰਿ ਨਿਸ਼ਚਿੰਤ ਰਹੋ। ਲਾਕਰ ਵਿਚ ਪਈਆਂ।

ਅੰਮ੍ਰਿ ਡੂੰਘੀ ਸੋਚ ਵਿਚ ਅੱਖਾਂ ਨਾਲ ਕਮਰਾ ਫਰੋਲਦੀ ਹੈ।

-ਇਕ ਗੱਲ ਤਾਂ ਦੱਸ ਕੁੜੀਏ, ਬੜੇ ਦਿਨਾਂ ਤੋਂ ਤੇਰੇ ਪਿਤਾ ਜੀ ਨੂੰ ਨਹੀਂ ਦੇਖਿਆ, ਕਿੱਥੇ ਏ?

ਕੁੜੀ ਮੱਥੇ ਨੂੰ ਛੂਹ ਕੇ-

-ਅੰਮੀ, ਥੋੜ੍ਹਾ ਆਰਾਮ ਕਰ ਲਓ। ਫੇਰ ਸਵੇਰ ਦੀ ਚਾਹ ਬਣਾਵਾਂਗੇ।

ਅੰਮ੍ਰਿ ਹਤਾਸ਼ ਹੋ ਕੇ ਦਰਵਾਜ਼ੇ ਵੱਲ ਦੇਖਦੀ ਹੈ। ਫਿਰ ਕਮਜ਼ੋਰ ਅਵਾਜ਼ ਵਿੱਚ-

-ਮੈਨੂੰ ਕੁਝ ਖਾਣ ਨੂੰ ਦਿਓ। ਮੇਰਾ ਮੂੰਹ ਸੁੱਕ ਰਿਹਾ ਹੈ।

ਕੁੜੀ ਸੂਸਨ ਨੂੰ-

-ਮੇਵਿਆਂ ਵਾਲਾ ਡੱਬਾ ਦਈਂ ਜ਼ਰਾ।

ਬੀਜ ਕੱਢ ਕੇ ਕੁੜੀ ਅੰਮ੍ਰਿ ਦੇ ਮੂੰਹ ਵਿਚ ਮੁਨੱਕੇ ਪਾਉਂਦੀ ਹੈ।

ਅੰਮੀ ਦੇਰ ਤੱਕ ਚਬਾਉਣ ਤੋਂ ਬਾਅਦ

-ਜਾਂਦੀ ਬਹਾਰ ਦਾ ਮੇਵਾ ਏ ਕੁੜੀਏ, ਇਹ ਸੁਖ ਹੈ ਸੁਖ। ਬਦਾਮ ਦਾ ਰੁੱਖ ਕਦੇ ਦੇਖਿਆ ਹੈ ਤੂੰ ? ਨਹੀਂ ਦੇਖਿਆ। ਓ ਹੋ, ਕਿਵੇਂ ਦੇਖਦੀ ਤੂੰ! ਕੁੜੀਏ, ਉਸ ਇੱਕ ਹੀ ਸੁਖ ਵਿਚੋਂ ਕਈ ਸੁਖ ਉਪਜਦੇ ਨੇ। ਨਹੀਂ ਮਿਲਿਆ ਨਾ ਤੈਨੂੰ!

ਸਵੇਰ।

ਕੁੜੀ ਖਿੜਕੀਆਂ-ਦਰਵਾਜ਼ਿਆਂ ਦੇ ਪਰਦੇ ਖਿੱਚ ਕੇ ਉਜਾਲਾ ਕਰਦੀ ਹੈ।

ਅੰਮੀ ਦੇਰ ਤੱਕ ਘੂਰਦੀ ਹੈ। ਅਚਾਨਕ ਤਿੱਖੀ ਆਵਾਜ਼ ਵਿੱਚ-ਮੇਰਾ ਇਹ ਕੰਮ ਤੂੰ ਕਦ ਤੋਂ ਸੰਭਾਲ ਲਿਆ।

ਆਖਿਰ ਮੈਨੂੰ ਸਰਕਾ ਕੇ ਤੂੰ 'ਮੈਂ' ਬਣ ਹੀ ਗਈ ਹੈਂ! ਇਹ ਕੰਮ ਤਾਂ ਉਮਰ-ਭਰ ਮੇਰੇ ਜ਼ਿੰਮੇ ਰਿਹਾ। ਪਹਿਲਾਂ ਪਰਦੇ ਖਿੱਚ ਲਏ, ਫਿਰ ਖਿੱਚ ਦਿੱਤੇ।

-ਅੰਮ੍ਰਿ, ਤੁਸੀਂ ਕੁਝ ਸੌਂ ਸਕੇ ?

-ਹਾਂ। ਪਹਿਲੇ ਪਹਿਰ ਹੀ।

ਕੁੜੀਏ, ਸਵੇਰ ਬੜੀ ਵੱਡੀ ਜਾਇਦਾਦ ਹੈ। ਜਿਸ ਨੇ ਸੌਂ ਕੇ ਇਸ ਨੂੰ ਗੁਆ ਲਿਆ, ਉਸ ਨੇ ਬਹੁਤ ਕੁਝ ਗੁਆ ਦਿੱਤਾ। ਅੱਖਾਂ ਨਾਲ ਨਾ ਰਾਤ ਤੇ ਦਿਨ ਦਾ ਮਿਲਣ ਦੇਖਿਆ ਤੇ ਨਾ ਉਨ੍ਹਾਂ ਦਾ ਅਲੱਗ ਹੋਣਾ। ਪੰਛੀ ਜਦ ਊਸ਼ਾ ਦੀ ਲਾਲੀ ਵਿਚ ਚਹਿਚਹਾਉਂਦੇ ਨੇ ਤਾਂ ਪੂਰੀ ਸ੍ਰਿਸ਼ਟੀ ਗੂੰਜ ਉਠਦੀ ਹੈ।

ਸਵੇਰ ਦਾ ਉਠਣਾ ਬੜਾ ਫਾਇਦੇਮੰਦ ਹੁੰਦਾ ਹੈ। ਤੁਹਾਡਾ ਖਾਨਦਾਨ ਰਾਤ ਨੂੰ ਨਹਾਉਣ ਵਾਲਾ। ਪਰ ਕੁੜੀਏ, ਮੈਂ ਇਸ ਪਰਿਵਾਰ ਦੀ ਦੇਖੋ-ਦੇਖੀ ਆਪਣਾ ਨਿਯਮ ਨਹੀਂ ਬਦਲਿਆ। ਮੂੰਹ-ਹਨੇਰੇ ਇਸ਼ਨਾਨ।

ਪਹਾੜੀ ਬਰਫ਼ ਵਿਚ ਮੈਂ ਸਵੇਰੇ ਸਵੇਰੇ ਇੱਕਲੀ ਹੀ ਜਾਖੂ ਰਾਊਂਡ ਲਗਾ ਆਉਂਦੀ ਸੀ। ਤੇਰੇ ਪਿਤਾ ਜੀ ਉਠਦੇ ਸੀ ਦੇਰ ਨਾਲ। ਵਾਪਿਸ ਆ ਕੇ ਉਨ੍ਹਾਂ ਨੂੰ ਚਾਹ ਦਿਆ ਕਰਦੀ ਸੀ। ਕੁੜੀਏ, ਸਰਦੀਆਂ ਵਿਚ ਬਾਨਰ ਸੈਨਾ ਜਾਖੂ ਤੋਂ ਉਤਰ ਕੇ ਸੜਕਾਂ 'ਤੇ ਫੈਲ ਜਾਂਦੀ। ਇਧਰ ਉਧਰ ਟੱਪਦੀ-ਕੁੱਦਦੀ ਰਹਿੰਦੀ। ਇਕ ਸਵੇਰ ਮੈਨੂੰ ਘੇਰ ਲਿਆ। ਸੋਟੀ ਤਾਂ ਹੱਥ ਵਿਚ ਸੀ, ਪਰ ਮੈਂ ਰੁਕ ਕੇ ਪਿਆਰ ਨਾਲ ਬੋਲੀ-ਨਾ ਬੇਟਾ, ਮਾਂ ਨੂੰ ਜਾਣ ਦਿਉ। ਕਲ੍ਹ ਤੁਹਾਡੇ ਲਈ ਛੋਲੇ ਲਿਆਊਂਗੀ।

ਕੁੜੀਏ, ਬਾਨਰ ਸਭ ਸਮਝਦੇ ਨੇ। ਕਿਨਾਰੇ ਹੋ ਗਏ ਤੇ ਮੈਨੂੰ ਰਸਤਾ ਦੇ ਦਿੱਤਾ।

-ਅੰਮ੍ਰਿ, ਤੇ ਛੋਲੇ ?

-ਅਗਲੇ ਦਿਨ ਲੈ ਗਈ।

-ਇਹ ਦਿੱਸ ਰਹੀ ਹੈ ਮੈਨੂੰ ਗਿਰਜਾ ਮੈਦਾਨ ਵਾਲੀ ਸੜ੍ਹਕ ਤੇ ਸ਼ਿਮਲਾ ਵਾਲੇ ਘਰ ਦਾ ਵੱਡਾ ਕਮਰਾ। ਬਰਫਾਂ ਵਿੱਚ ਦਿਨ-ਰਾਤ ਅੰਗੀਠੀ ਜਲਦੀ ਰਹਿੰਦੀ। ਪਤਾ ਨਹੀਂ ਕਿਉਂ ਖਿਸਕ ਗਏ ਉਹ ਦਿਨ।

-ਸੂਸਨ, ਅੰਮ੍ਰਿ ਨੂੰ ਧੋ-ਪੂੰਝ ਦਿੱਤਾ ਹੈ ਕੀ ?

-ਕੀ ਗੱਲ ਕਰ ਰਹੀ ਐਂ। ਮੈਂ ਕੱਪੜਾ ਥੋੜ੍ਹੀ ਆਂ ਜਿਸ ਨੂੰ ਧੋ-ਧੁਆ ਕੇ ਸੁੱਕਣ ਲਈ ਪਾ ਦਵੇਂਗੀ। ਚੂਲੀ ਕਰ ਦਿੱਤੀ, ਹੱਥ-ਮੂੰਹ ਧੁਆ ਦਿੱਤਾ, ਬਿਸਤਰ ਬਦਲਵਾ ਦਿੱਤਾ। ਹੁਣ ਤਾਂ ਸਵੇਰ ਦੇ ਅਮਲ ਦਾ ਇੰਤਜ਼ਾਰ ਹੈ। ਚਾਹ।

ਕੁੜੀ ਚਾਹ ਦੀ ਟ੍ਰੇ ਮੇਜ਼ 'ਤੇ ਰੱਖਦੀ ਹੈ।

-ਆਹ ਲਓ, ਗਾਜਰ ਦਾ ਮੁਰੱਬਾ।

ਅੰਮ੍ਰਿ, ਖੁਸ਼ ਹੋ ਕੇ-

-ਮੁਰੱਬਾ ਹੀ ਬਹੁਤ ਸੀ। ਉਪਰ ਮਲਾਈ ਕਿਉਂ ਪਾਈ ? ਤੇਰੀ ਪੜ੍ਹਾਈ ਪੂਰੀ ਨਹੀਂ। ਕਰੇਂਗੀ ਤਾਂ ਵਰਖਾ ਭਰਵੀਂ, ਨਹੀਂ ਤਾਂ ਰੱਖੇਂਗੀ ਬਿਲਕੁਲ ਸੋਕੇ।

ਅਚਾਨਕ ਤੇਵਰ ਚੜ੍ਹਾ ਕੇ

-ਕਿਤੇ ਇਸੇ ਜਨਮ ਵਿਚ ਹੀ ਤਾਂ ਸਭ ਨਹੀਂ ਮੋੜ ਰਹੀ ਕਿ ਚਲੋ ਲੈਣ-ਦੇਣ ਦਾ ਸਿਲਸਿਲਾ ਹੀ ਖਤਮ ਹੋਵੇ। ਤੇਰੇ ਅੰਦਰ ਅਦਾਕਾਰੀ ਦੀ ਵੀ ਕਮੀ ਨਹੀਂ। ਅਖੀਰ ਤੱਕ ਖਿੱਚਦੀ ਜਾਏਂਗੀ। ਜਾਣਦੀ ਹੈਂ ਨਾ, ਖਾਣ-ਪੀਣ ਤੋਂ ਇਲਾਵਾ ਮਾਂ ਵਿਚ ਹੁਣ ਕੋਈ ਸੂਝ ਬਾਕੀ ਨਹੀਂ।

ਸੂਸਨ ਸਿਰਹਾਣਾ ਰੱਖ ਕੇ ਅੰਮੀ ਦਾ ਸਿਰ ਉੱਚਾ ਕਰ ਕੇ, ਚਾਹ ਦਾ ਕੱਪ ਦਿੰਦੀ ਹੈ।

ਅੰਮੀ ਹੱਥ ਵਿਚ ਫੜ ਕੇ ਉਮੰਗ ਨਾਲ,

-ਚਾਹ ਪੀਓ, ਲੰਮੀ ਉਮਰ ਜੀਓ-ਚਾਹ ਕੰਪਨੀ ਦਾ ਇਹ ਨਾਹਰਾ ਮੇਰੇ 'ਤੇ ਖਰਾ ਉਤਰਿਆ ਹੈ। ਇਸੇ ਦਾ ਪ੍ਰਤਾਪ ਸਮਝ ਕਿ ਹੁਣ ਤੱਕ ਹਾਂ।

ਘੁੱਟ ਭਰ ਕੇ-

-ਮੇਰੀ ਉਮਰ ਦੇ ਪਹਿਲੇ ਅਠਾਰਾਂ ਸਾਲ ਅਲੱਗ ਕੱਢ ਦਿਓ। ਉਦੋਂ ਤੱਕ ਤਾਂ ਪੀਂਦੀ ਰਹੀ ਦੁੱਧ। ਉਸ ਤੋਂ ਬਾਅਦ ਦਿਨ ਵਿਚ ਚਾਰ ਕੱਪਾਂ ਦੇ ਹਿਸਾਬ ਨਾਲ ਗੁਣਾ ਕਰਕੇ ਇਹ ਕੱਢੋ ਕਿ ਇਸ ਔਰਤ ਨੇ ਕੁੱਲ ਕਿੰਨੇ ਕੱਪ ਚਾਹ ਪੀਤੀ।

ਅੰਮ੍ਰਿ ਹੱਸਦੀ ਹੈ-

-ਪਤਾ ਨਹੀਂ, ਹਾਲੇ ਕਿੰਨੇ ਕੱਪ ਹੋਰ ਬਾਕੀ ਨੇ।

ਕੁੜੀ ਆਪਣਾ ਖਾਲੀ ਕੱਪ ਮੇਜ਼ 'ਤੇ ਰੱਖ ਦਿੰਦੀ ਹੈ।

-ਅੰਮ੍ਰਿ, ਤੁਹਾਡੀ ਪਸੰਦ ਦਾ ਰਿਕਾਰਡ ਲਾ ਦੇਵਾਂ ?

-ਪਹਿਲਾਂ ਦੂਜਾ ਕੱਪ ਬਣਾ। ਸਵੇਰ ਦੀ ਚਾਹ ਕਿਸੇ ਸੰਗੀਤ ਤੋਂ ਘੱਟ ਨਹੀਂ। ਪਾਣੀ ਹੋਵੇ ਠੀਕ ਉਬਲਿਆ ਹੋਇਆ, ਕੱਪ ਹੋਵੇ ਗਰਮਾਇਆ ਹੋਇਆ, ਕੇਤਲੀ ਵਿਚ ਪੱਤੀ ਹੋਵੇ ਜਾਨਦਾਰ, ਫਿਰ ਇਸ ਤੋਂ ਮਿੱਠੀ ਲੈਅ-ਸੁਰ ਹੋਰ ਕਿਹੜੀ !

ਸੂਸਨ ਹੱਸਦੀ ਹੈ-

-ਅੰਮੀ ਜੀ, ਤੁਹਾਨੂੰ ਤਾਂ ਚਾਹ ਕੰਪਨੀ ਤੋਂ ਇਨਾਮ ਮਿਲਣਾ ਚਾਹੀਦਾ ਸੀ।



-ਮੈਨੂੰ ਮਿਲ ਚੁੱਕਿਆ ਏ। ਨੁਮਾਇਸ਼ ਦੇ ਕੂਪਨ 'ਤੇ ਡੱਬੇ ਮਿਲੇ ਸਨ। ਲਿਪਟਨ ਗ੍ਰੀਨ ਦੇ। ਕੁੜੀਏ, ਮੇਰੀ ਰਸੋਈ 'ਚ ਕਈ ਫੇਰ-ਬਦਲ ਹੋਏ, ਪਰ ਚਾਹ ਓਹੀ ਲਿਪਟਨ ਗ੍ਰੀਨ। ਬੱਚਿਓ, ਇਹ ਬਰਕਤ ਜਿਊਣ ਵਾਲਿਆਂ ਦੀ ਹੈ। ਜਦ ਤੱਕ ਜੀਓ, ਪੀਂਦੇ ਰਹੋ। ਪੀਂਦੇ ਰਹੋ। ਬਾਅਦ ਵਿਚ ਇਹ ਕੱਪ ਤਾਂ ਲਵਾਰਿਸ ਪਿਆ ਰਹਿ ਜਾਏਗਾ।

ਕੇਤਲੀ ਵਿਚੋਂ ਚਾਹ ਪਾਉਂਦਿਆਂ ਕੁੜੀ ਦਾ ਹੱਥ ਰੁਕ ਜਾਂਦਾ ਹੈ।

-ਨਾ-ਨਾ-ਰੋਕੋ ਨਾ। ਕੱਪ ਨੂੰ ਊਣਾ ਰੱਖਣਾ ਠੀਕ ਨਹੀਂ। ਉਸ ਦੀ ਵੀ ਕੋਈ ਇੱਜ਼ਤ ਹੈ।

ਦੂਜਿਆਂ ਨੂੰ ਪਿਲਾਉਂਦਾ ਹੈ, ਪਰ ਖੁਦ ਨਹੀਂ ਪੀ ਸਕਦਾ। ਸੋਚੋ, ਜਿਸ ਘੜਨ ਵਾਲੇ ਨੇ ਇਸ ਨੂੰ ਪਹਿਲੀ ਵਾਰ ਘੜਿਆ ਹੋਏਗਾ, ਉਸ ਨੂੰ ਕੀ ਪਤਾ ਹੋਏਗਾ ਕਿ ਉਸ ਨੇ ਕੀ ਬਣਾ ਦਿੱਤਾ। ਕੁੜੀਏ, ਕੱਪ ਬਣਿਆ ਹੀ ਉਸ ਲਈ ਹੈ ਕਿ ਉਠਾਉ ਤੇ ਪੀ ਜਾਉ। ਜਦ ਤੱਕ ਪੀ ਸਕਦੇ ਹੋ, ਪੀਂਦੇ ਰਹੋ।

ਕੁੜੀ ਖਿੜਖਿੜਾਕੇ ਹੱਸਦੀ ਹੈ-

-ਅੰਮ੍ਰਿ, ਇਕ ਵਾਰ ਫਿਰ ਤੋਂ ਹੋ ਜਾਏ...

ਅੰਮ੍ਰਿ ਪਹਿਲਾਂ ਹੈਰਾਨੀ ਨਾਲ ਘੂਰਦੀ ਹੈ, ਫਿਰ ਗੁੱਸੇ ਵਿਚ

-ਫਿਰ ਤੋਂ ਕੀ ਹੋ ਜਾਏ ? ਮਜ਼ਾਕ ਉਡਾਉਂਦੀ ਐਂ ? ਮੈਨੂੰ ਬਿਮਾਰ ਸਮਝ ਕੇ ਛੇੜਦੀ ਹੈਂ ? ਬਹੁਤ ਬੁਰੀ ਗੱਲ ਐ।

-ਨਹੀਂ-ਨਹੀਂ ਅੰਮੀ, ਅਜਿਹਾ ਨਾ ਸੋਚੋ।

-ਹੂੰ...! ਮੈਂ ਹੀ ਬੇਕਾਰ ਸੋਚਣ ਲੱਗੀ ਹਾਂ। ਸਮੁੰਦਰ ਕਿਨਾਰੇ ਬੈਠੀ ਲਹਿਰਾਂ ਗਿਣ ਰਹੀ ਹਾਂ ਨਾ। ਜਾਣਦੀ ਹਾਂ, ਤੂੰ ਮੈਥੋਂ ਬੇਗਾਰ ਕਰਵਾ ਰਹੀ ਐਂ।

-ਅੰਮ੍ਰਿ, ਮੈਂ ਤਾਂ ਭੋਲੇ-ਭਾਅ ਹੀ ਕਿਹਾ ਸੀ। ਤੁਹਾਨੂੰ ਬੁਰਾ ਲੱਗਿਆ, ਮਾਫ਼ੀ ਮੰਗਦੀ ਆ।

-ਇਹ ਨਾ ਭੁੱਲ ਕਿ ਤੂੰ ਮਾਂ ਨਾਲ ਗੱਲ ਕਰ ਰਹੀ ਐਂ, ਫੋਨ 'ਤੇ ਟਾਫੀਆਂ ਨਹੀਂ ਵੰਡ ਰਹੀ। ਕਿਸੇ ਨੂੰ ਹੱਸ ਕੇ, ਕਿਸੇ ਨੂੰ ਮਜ਼ਾਕ ਨਾਲ, ਕਿਸੇ ਨੂੰ ਸ਼ੋਖੀ ਨਾਲ। ਬਰੀਕੀ ਨਾਲ ਸੋਚੇਂ ਤਾਂ ਤੂੰ ਆਪਣੇ ਆਪ ਵਿਚ ਹੈ ਕੀ ! ਤੇਰੇ ਵਰਗੀਆਂ ਤਾਂ ਨਾਨੀਆਂ-ਦਾਦੀਆਂ ਬਣ ਚੁੱਕੀਆਂ ਨੇ। ਆਪਣੇ ਦਿਲ ਵੱਲੋਂ ਹੁਣ ਵੀ ਨਵੀਂ ਨਵੇਲੀ ਬਣੀ ਫਿਰਦੀ ਐਂ।

ਕੁੜੀ ਦੀਵਾਰ ਉੱਤੇ ਅੱਖਾਂ ਗੱਡੀ ਰੱਖਦੀ ਹੈ।

-ਤੂੰ ਇਨ੍ਹੀਂ ਦਿਨੀਂ ਕਿਹੜੀ ਗੱਲ ਦੀ ਉਡੀਕ ਵਿਚ ਹੈਂ, ਇਹ ਮੈਂ ਚੰਗੀ ਤਰ੍ਹਾਂ ਜਾਣਦੀ ਆਂ। ਏਹੀ ਨਾ ਕਿ ਮਾਂ ਜਾਵੇ ਤੇ ਵਿਹਲ ਮਿਲੇ। ਐਨਾ ਦੱਸ ਦੇ ਕਿ ਖੁਦਮੁਖਤਿਆਰੀ ਚਲਾਏਂਗੀ ਕਿਸ ਉੱਪਰ। ਤੇਰੀ ਕਤਾਰ 'ਚ ਕੋਈ ਨਹੀਂ। ਨਾ ਕਿਸੇ ਦੀ ਮਾਂ, ਨਾ ਦਾਦੀ, ਨਾ ਨਾਨੀ। ਕੁੜੀਏ ਤੂੰ ਤਾਂ ਵਨਸਪਤੀ-ਕੁਸ਼-ਘਾਹ ਤਿਣਕਾ ਹੈਂ। ਜੋ ਕਹਿ ਰਹੀ ਆਂ ਉਹ ਸਮਝਦੀ ਤਾਂ ਹੈਂ।

ਕੁੜੀ ਚੀਖ ਕੇ-

-ਬੱਸ ਅੰਮੀ !

-ਕੁਝ ਗਲਤ ਨਹੀਂ ਕਿਹਾ। ਠੀਕ ਹੀ ਕਹਿ ਰਹੀ ਆਂ। ਇਹ ਗੱਲ ਕਿਸੇ ਹੋਰ ਪ੍ਰਕਾਰ ਨਹੀਂ ਕਹੀ ਜਾ ਸਕਦੀ।

ਕੁੜੀ ਕੁਰਸੀ ਤੋਂ ਉਠ ਖੜ੍ਹੀ ਹੁੰਦੀ ਹੈ।

-ਕਿੱਥੇ ਜਾ ਰਹੀ ਐਂ ?

-ਤਾਜ਼ੀ ਚਾਹ ਲੈ ਕੇ ਆਉਂਦੀ ਹਾਂ। ਕੀ ਇਲਾਇਚੀ ਪਵੇ ?

-ਮੇਰੇ ਲਈ ਇਲਾਇਚੀ ਪੈਂਦੀ ਹੈ ਦੁੱਧ ਵਿੱਚ। ਮੈਂ ਅੱਜ ਤੱਕ ਚਾਹ ਵਿਚ ਨਹੀਂ ਪੀਤੀ।

ਸੂਸਨ ਟ੍ਰੇ ਚੁੱਕਦੀ ਹੈ।

–ਨਹੀਂ–ਨਹੀਂ, ਐਥੀ ਰਹਿਣ ਦੇ। ਚਾਹ ਨਹੀਂ, ਮੇਰੀ ਬੇਟੀ ਦੁੱਧ ਬਣਾ ਕੇ ਲਿਆਏਗੀ। ਪਹਿਲਾਂ ਖੂਬ ਗਰਮ ਕਰੇਗੀ। ਫਿਰ ਥੱਲ–ਪਥੱਲ ਕੇ ਝੱਗ ਬਣਾਏਗੀ। ਉਸ ਵਿਚ ਕੁੱਟ ਕੇ ਬਦਾਮ ਪਾਏਗੀ। ਐਨੇ ਕਿ ਗਿਰੀ ਦੀ ਖੁਸ਼ਬੂ ਹੀ ਦਬ ਜਾਏ। ਸੂਸਨ, ਸੁਣ ਰਹੀ ਐਂ। ਇਸ ਦੇ ਹੱਥਾਂ 'ਤੇ ਅੱਖਾਂ ਦੀ ਨਿਗਰਾਨੀ ਨਹੀਂ। ਪਰਿਵਾਰ ਹੋਵੇ ਤਾਂ ਹੱਥ ਪਛਾਣ ਕਰ ਲੈਂਦੇ ਨੇ। ਆਪਣੇ ਆਪ ਹੀ ਸੰਜਮ ਬਣਾ ਲੈਂਦੇ ਨੇ। ਇਸਦੀ ਤਾਂ ਬਸ ਆਈ ਚਲਾਈ। ਮਰਿਆਦਾ ਦਾ ਰੰਗ ਤਾਂ ਕੁਝ ਹੋਰ ਈ ਹੁੰਦਾ ਹੈ। ਨਾ ਬਹੁਤਾ ਵਧਿਆ ਚੜ੍ਹਿਆ ਤੇ ਨਾ ਬਿਲਕੁਲ ਸੁੰਗੜਿਆ ਹੋਇਆ। ਘਰ–ਗ੍ਰਹਿਸਤੀ ਮਾਪ–ਤੋਲ ਸਿਖਾਉਂਦੀ ਹੈ। ਮੁੱਠੀ ਪੈਣੀ ਹੈ ਤਾਂ ਮੁੱਠੀ, ਚੁਟਕੀ ਪੈਣੀ ਹੈ ਤਾਂ ਚੁਟਕੀ। ਪਰ ਇਸਦੇ ਸਭ ਕੰਮ ਅੰਦਾਜ਼ੇ ਤੋਂ ਬਾਹਰ। ਝੁੰਜਲਾਈ ਰਹਿੰਦੀ ਹੈ...ਪਤਾ ਨਹੀਂ ਕਿਉਂ! ਦੋ ਚਾਰ ਜਣੇ ਕੰਮ ਕਰਨ ਵਾਲੇ ਨੇ, ਫਿਰ ਵੀ ਏਹੀ ਕਿ ਮੈਂ ਥੱਕ ਗਈ ਆਂ। ਥੱਕ ਗਈ ਆਂ। ਮੇਰੀ ਬਿਮਾਰੀ ਨੂੰ ਵੀ ਕੰਮ ਬਣਾ ਰੱਖਿਐ। ਮੈਂ ਤਾਂ ਇਸ ਨੂੰ ਉਮਰ ਭਰ ਰਾਤ ਨੂੰ ਸੌਂਦਿਆਂ ਨਹੀਂ ਦੇਖਿਆ। ਨਾ ਸੰਗ, ਨਾ ਸਾਥ। ਕਿਤਾਬਾਂ ਨਾਲ ਨਿਕਲਦਾ ਹੈ ਵਕਤ। ਉਪਰ ਤੋਂ ਅਦਾ ਦੇਖੋ–ਇਕੱਲੇ ਹੋਣ ਦਾ ਵੀ ਹੰਕਾਰ।

ਸੂਸਨ ਨੂੰ ਮੁਸਕਰਾਉਂਦੇ ਦੇਖ–

–ਤੂੰ ਕੀ ਸੁਣ ਰਹੀ ਐਂ? ਕਿਸੇ ਦੀ ਗੱਲ ਨੀਂ ਸੁਣਦੇ ਹੁੰਦੇ, ਮੈਂ ਆਪਣੇ–ਆਪ ਨੂੰ ਫੋਨ ਕਰ ਰਹੀ ਆਂ।

ਕੁੜੀ ਦੁੱਧ ਲੈ ਕੇ–

–ਅੰਮ੍ਰਿ, ਫੋਨ 'ਤੇ ਗੱਲ ਕਰੇਂਗੀ? ਕੀ ਨੰਬਰ ਮਿਲਾ ਦੇਵਾਂ?

–ਭਲਾ ਤੂੰ ਮੇਰਾ ਨੰਬਰ ਕਿਉਂ ਮਿਲਾਏਂਗੀ? ਸੱਤ ਪਰਦਿਆਂ ਵਿਚ ਰੱਖੀ ਮੇਰੇ ਦਿਲ ਦੀ ਗੱਲ ਪਕੜੇਂਗੀ। ਕੁੜੀਏ ਤੂੰ ਮੇਰੇ ਉੱਤੇ ਪਹਿਰੇਦਾਰੀ ਕਰ ਰਹੀ ਐਂ? ਇਹ ਚੰਗੀ ਗੱਲ ਨ੍ਹੀਂ।

–ਅੰਮ੍ਰਿ, ਜ਼ਰਾ ਘੁੱਟ ਭਰ ਕੇ ਦੇਖੋ ਕਿਵੇਂ ਬਣਿਆ ਹੈ। ਚੀਨੀ ਤਾਂ ਠੀਕ ਐ ਨਾ।

–ਹਾਂ। ਤੂੰ ਚੱਖ ਕੇ ਦੇਖ ਚੁੱਕੀ ਐਂ। ਮੁਨੱਕੇ, ਇਲਾਇਚੀ, ਦਾਲਚੀਨੀ, ਤੇ ਗਿਰੀਆਂ ਗਿਣਕੇ ਪੰਜ।

–ਅੰਮ੍ਰਿ, ਇਹ ਕਿਵੇਂ ਜਾਣ ਲਿਆ?

–ਆਵਾਜ਼ ਨਾਲ। ਤੂੰ ਭੰਨ ਰਹੀ ਸੀ ਨਾ, ਤਾਂ ਮੇਰੇ ਕੰਨ ਦੇਖ ਰਹੇ ਸਨ। ਵਾਨ ਪ੍ਰਸਥ ਉਤਰਿਆ ਹੋਇਆ ਹੈ। ਕੰਨ ਦੇਖਦੇ ਨੇ ਤੇ ਅੱਖਾਂ ਸੁਣਦੀਆਂ ਨੇ। ਪੱਕੀ ਉਮਰ ਖਾਲੀ ਆਹਟਾਂ ਹੀ ਸੁਣਦੀ ਰਹਿੰਦੀ ਹੈ।

–ਕੁੜੀਏ, ਇਕ ਗੱਲ ਤਾਂ ਦੱਸ। ਇਕ ਸਿਰਾ ਪਕੜਦੀ ਹਾਂ ਤਾਂ ਦੂਸਰਾ ਕਿਧਰੇ ਫਿਸਲ ਜਾਂਦਾ ਹੈ। ਕੋਈ ਪੁੱਛੇ, ਕੂਲੇ, ਦੀ ਹੱਡੀ ਟੁੱਟਣ ਦਾ ਯਾਦਾਸ਼ਤ ਨਾਲ ਵੀ ਕੀ ਸਬੰਧ।

–ਅੰਮ੍ਰਿ, ਅਜਿਹੀ ਕੋਈ ਗੱਲ ਨਹੀਂ। ਤੁਸੀਂ ਮੇਰੇ ਤੋਂ ਵੱਧ ਚੌਕਸ ਤੇ ਚੁਕੰਨੇ ਹੋ। ਡਾਕਟਰ ਨੂੰ ਪੁੱਛਿਓ ਆਪਣੇ ਮਰੀਜ਼ ਦੇ ਬਾਰੇ ਵਿੱਚ ਕੀ ਕਹਿੰਦੇ ਹੋ।

–ਡਾਕਟਰਾਂ ਨੂੰ ਤਾਂ ਮੈਂ ਚੰਗੀ ਤਰ੍ਹਾਂ ਜਾਣਦੀ ਆਂ, ਕਿਤੇ ਮੇਰੀ ਗੱਲ ਨਾ ਪੁੱਛ ਲਈਂ ਫੋਨ 'ਤੇ। ਮੁੜ ਕੇ ਜਵਾਬ ਦਵੇਗਾ ਕਿ ਤੇਰੀ ਮਾਂ ਦੇ ਦਿਮਾਗ਼ ਵਿਚ ਖਲ ਹੈ। ਇਸਦੇ ਨਾਲ ਹੀ ਇੱਕ ਹੋਰ ਦਵਾਈ ਸ਼ੁਰੂ ਕਰ ਦਏਗਾ।

ਦੋਨੋਂ ਹੱਸਦੀਆਂ ਨੇ।

–ਕੁੜੀਏ, ਮਰੀਜ਼ ਪੁਰਾਣਾ ਹੋਵੇ ਤਾਂ ਉਸ ਦੇ ਸਰੀਰ 'ਤੇ ਕੋਈ ਵੀ ਦੋਸ਼ ਲਗਾ ਦੇਵੇ। ਅਸਲ ਵਿਚ ਤਾਂ ਬੜੀ ਉਮਰ ਹੀ ਗੁਨਾਹਗਾਰੀ ਹੈ। ਹਾਂ, ਆਪਣੇ ਡਾਕਟਰ ਸਾਹਿਬ ਦੀ ਕਿਤਾਬ ਵਿਚ ਅਜੇ



ਬਿਮਾਰੀਆਂ ਖਤਮ ਨਹੀਂ ਹੋਈਆਂ। ਪਰਚੀਆਂ ਪਰ ਪਰਚੀਆਂ। ਨਾ ਦਮ ਦਵਾਈ ਵਿੱਚ, ਨਾ ਫੀਸਾਂ ਵਿੱਚ। ਇਹ ਸਰੀਰ ਹੀ ਪੁੱਗਿਆ ਹੋਇਆ ਏ।

ਆਖਿਰ ਤਾਂ.....

–ਅੰਮ੍ਰਿ, ਇਸ ਗੱਲ ਨੂੰ ਕੁਝ ਦੇਰ ਲਈ ਭੁੱਲ ਜਾਓ।

–ਕਹਿੰਦੀ ਤਾਂ ਠੀਕ ਹੈਂ, ਪਰ ਦੱਸ ਮੈਂ ਵੀ ਕੀ ਕਰਾਂ। ਦੁਸ਼ਮਣਾਂ ਨਾਲ ਘਿਰ ਗਈ ਹਾਂ। ਰੋਗ–ਬਿਮਾਰੀਆਂ ਤਾਂ ਵੈਰੀ ਹੀ ਹੋਏ ਨਾ। ਹਾਏ–ਹਾਏ ਤੋਂ ਬਿਨਾਂ ਹੁਣ ਹੋਰ ਹੈ ਵੀ ਕੀ। ਜ਼ਖਮੀ ਹੋਇਆ ਪਿਆ ਹੈ ਸਰੀਰ। ਕੁੜੀਏ, ਹੁਣ ਇਸ ਬਿਸਤਰ ਦੇ ਆਸ ਪਾਸ ਚੂੜੀਆਂ ਦੀ ਛਣਕਾਰ ਥੋੜ੍ਹੇ ਸੁਣਾਈ ਦਏਗੀ। ਨਾ ਹੀ ਨਵਜੰਮੇ ਬੱਚੇ ਦਾ ਰੋਣਾ। ਜਿੰਨਾ ਲਟਰਮ–ਪਟਰਮ ਡਾਕਟਰਾਂ ਨੇ ਇੱਥੇ ਜੁਟਾਇਆ ਹੈ ਉਨੇ ਵਿਚ ਤਾਂ ਨਿਆਣਾ ਜੰਮ ਜਾਂਦਾ। ਕੁੜੀਏ, ਨਿਆਣੇ ਖਿਆਲਾਂ ਨਾਲ ਨਹੀਂ ਬਣਦੇ। ਬਨਾਉਣ ਵਿਚ ਮਿਹਨਤ ਲੱਗਦੀ ਹੈ। ਖੂਨ–ਪਸੀਨਾ ਇਕ ਹੋ ਜਾਂਦਾ ਹੈ ਮਾਂ ਦਾ।

ਲੰਮੀ ਚੁੱਪ।

–ਬੱਚੇ ਨੂੰ ਜਨਮ ਦੇ ਕੇ ਹੀ ਇਨਸਾਨ ਮੌਤ ਨੂੰ ਲਲਕਾਰਦਾ ਹੈ। ਅੜੀਏ, ਝੋਟੇ ਦੀ ਸਵਾਰੀ ਕਰਨ ਵਾਲੀ ਤੂੰ ਨਸ਼ਟ ਕਰੇਂਗੀ ਤੇ ਅਸੀਂ ਸੂਰਜ ਦੇ ਪ੍ਰਤਾਪ ਪੈਦਾ ਕਰਾਂਗੇ। ਕੁੜੀਏ, ਇਸ ਬ੍ਰਹਿਮੰਡ ਦਾ ਮਹਾਂਨਾਇਕ ਸੂਰਜ ਹੈ। ਬਾਕੀ ਸਭ ਗ੍ਰਹਿ ਉਸ ਤੋਂ ਛੋਟੇ ਨੇ।

–ਅੰਮ੍ਰਿ, ਕਹਿੰਦੇ ਨੇ ਕੁੰਤੀ ਨੂੰ ਸੂਰਜ ਤੋਂ ਪੁੱਤਰ ਹੋਇਆ ਸੀ।

–ਨਹੀਂ। ਸੂਰਜ ਢੱਕ ਲੈਂਦਾ ਕੁੰਤੀ ਨੂੰ, ਤਾਂ ਜੀਵਾਂ ਦੀ ਨਸਲ ਹੀ ਖਤਮ ਹੋ ਜਾਂਦੀ। ਅਸਲ ਗੱਲ ਇਹ ਹੈ ਕਿ ਸ੍ਰਿਸ਼ਟੀ ਦਾ ਹਰ ਨਰ ਸੂਰਜ ਤੋਂ ਸ਼ਕਤੀ ਖਿੱਚਦਾ ਹੈ। ਉਸੇ ਦੀ ਕ੍ਰਿਪਾ ਨਾਲ ਆਪਣੇ ਤਪੋਬਲ ਨੂੰ ਜਗਾਉਂਦਾ ਗਰਮਾਉਂਦਾ ਹੈ।

–ਤੇ ਨਾਰੀ...?

–ਉਸ ਦੀ ਇਸ਼ਟ ਹੈ ਧਰਤੀ। ਉਹ ਪਰਾ–ਸ਼ਕਤੀ ਬਣ ਕੇ ਪੁਰਸ਼ ਦੇ ਅੱਗੇ ਪਿੱਛੇ ਵਿਆਪਤ ਹੋ ਜਾਂਦੀ ਹੈ। ਸਮੇਟ ਲੈਂਦੀ ਹੈ ਉਸ ਨੂੰ ਆਪਣੇ ਘੇਰੇ ਵਿੱਚ।

–ਸੂਸਨ, ਕਿਆ ਕਰ ਰਹੀ ਹੈਂ? ਬੱਤੀਆਂ ਨੂੰ ਨਾ ਜਗਾ ਬੁਝਾ। ਮੈਨੂੰ ਹਨੇਰਾ ਚੰਗਾ ਨਹੀਂ ਲੱਗਦਾ। ਮੈਂ ਹਾਲੇ ਸੌਣ ਨਹੀਂ ਲੱਗੀ।

ਅੰਮ੍ਰਿ ਅੱਖਾਂ ਬੰਦ ਕਰ ਲੈਂਦੀ ਹੈ।

ਅਚਾਨਕ ਅੱਖਾਂ ਖੋਲ੍ਹ ਕੇ, ਦੇਰ ਤੱਕ ਕੁੜੀ ਵੱਲ ਵੇਖਦੀ ਰਹਿੰਦੀ ਹੈ।

–ਕਿਉਂ ਅੰਮ੍ਰਿ?

–ਕੁੜੀਏ, ਮੈਨੂੰ ਲੱਗਦੈ ਤੈਨੂੰ ਸਿਉਂਕ ਲੱਗ ਚੁੱਕੀ ਹੈ। ਹੁਣ ਤੱਕ ਤਾਂ ਤੇਰਾ ਅੰਦਰ–ਬਾਹਰ ਸਭ ਚੱਟ ਗਈ ਹੋਣੀ।

ਇਹ ਤਾਂ ਦੱਸ, ਤੂੰ ਵੀ ਇੱਥੋਂ ਕਿਉਂ ਨਾ ਹਿੱਲੀ। ਆਪਣੀਆਂ ਹੀ ਜੜ੍ਹਾਂ ਨੂੰ ਖਿੱਚਦੀ ਰਹੀ। ਤੇਰਾ ਇਰਾਦਾ ਕੀ ਸੀ? ਚੁੱਪ ਨਾ ਰਹਿ। ਕੁਝ ਬੋਲ। ਮੈਨੂੰ ਜਵਾਬ ਦੇਹ।

–ਅੰਮ੍ਰਿ!

–ਇਹ ਹੀ ਕਹਿਣਾ ਚਾਹ ਰਹੀ ਹੈ ਨਾ ਕਿ ਤੇਰੇ ਜ਼ਿੰਮੇ ਮੈਂ ਹੀ ਪਈ ਸੀ। ਕੁੜੀਏ, ਜੇ ਤੈਨੂੰ ਪਤਾ ਹੀ ਸੀ ਤਾਂ ਕਿਉਂ ਨਹੀਂ ਗਲੇ 'ਚੋਂ ਸੱਪ ਉਤਾਰ ਕੇ ਪਰ੍ਹੇ ਸੁੱਟ ਦਿੱਤਾ! ਤੇਰੇ ਹੱਥ ਤਾਂ ਨਹੀਂ ਸੀ ਫੜੇ ਹੋਏ ਕਿਸੇ ਨੇ। ਸੁਣ ਕੁੜੀਏ, ਇਸ ਦੁਨੀਆਂ ਵਿਚ ਕੋਈ ਕਿਸੇ ਦਾ ਇਰਾਦਾ ਨਹੀਂ ਚੁਰਾ ਸਕਦਾ। ਇਸਦਾ ਕਸੂਰ ਕਦੇ ਵੀ ਮੇਰੇ ਸਿਰ ਨਾ ਮੜ੍ਹੀਂ। ਨਾ ਅੱਜ ਤੇ ਨਾ ਕੱਲ੍ਹ।

ਅੰਮ੍ਰਿ ਥਕਾਵਟ ਨਾਲ ਅੱਖਾਂ ਮੀਚ ਲੈਂਦੀ ਹੈ।

ਸੂਸਨ ਅੰਮੀ ਨੂੰ ਗੁਲੂਕੋਸ ਦਿੰਦੀ ਹੈ। ਅੰਮੀ ਚੁਸਤ ਹੋ ਜਾਂਦੀ ਹੈ। ਕੁੜੀ ਨੂੰ ਕੁਰਸੀ 'ਤੇ ਬੈਠੇ ਦੇਖ ਖੁਸ਼ ਹੁੰਦੀ ਹੈ।

-ਸੁਣ ਕੁੜੀਏ, ਛੋਟੀ ਸੀ ਨਾ ਮੈਂ, ਤਾਂ ਵਿਹੜੇ 'ਚ ਬੈਠੀ ਦਰਖਤਾਂ ਨੂੰ ਦੇਖਿਆ ਕਰਦੀ ਸੀ। ਮੇਰੇ ਦਾਦਾ ਜੀ ਨੇ ਕਈ ਵਾਰ ਮੈਨੂੰ ਧਿਆਨ ਲਗਾਈਂ ਦੇਖਿਆ ਹੋਵੇਗਾ। ਇਕ ਦਿਨ ਕੋਲ ਬਿਠਾ ਕੇ ਮੈਨੂੰ ਪੁੱਛਿਆ-ਇਸ ਤਰ੍ਹਾਂ ਟਿਕਟਿਕੀ ਲਗਾ ਕੇ ਕੀ ਦੇਖਿਆ ਕਰਦੀ ਐਂ ? ਇਹ ਦਰਖਤ ਤਾਂ ਫਲਦਾਰ ਵੀ ਨਹੀਂ! ਦਾਦਾ ਜੀ, ਮੈਂ ਤਾਂ ਦਰਖਤਾਂ ਦਾ ਛੱਤਰ ਦੇਖਦੀ ਆਂ। ਧੁੱਪ ਵਿਚ ਲਹਿਰਾਉਂਦੇ ਪੱਤੇ ਅੱਧੇ ਚਾਂਦੀ ਤੇ ਅੱਧੇ ਹਰੇ-ਹਰੇ ਦਿੱਸਦੇ ਨੇ। ਹਵਾ 'ਚ ਹਿੱਲਦੇ ਨੇ ਤਾਂ ਬਹੁਤ ਸੁੰਦਰ ਲੱਗਦੇ ਨੇ। ਕੁੜੀਏ, ਮੇਰੇ ਦਾਦਾ ਜੀ ਬੜੇ ਖੁਸ਼ ਹੋਏ। ਕਿੰਨੀ ਦੇਰ ਸਿਰ 'ਤੇ ਪਿਆਰ ਨਾਲ ਹੱਥ ਫੇਰਦੇ ਰਹੇ। ਫੇਰਦੇ ਰਹੇ। ਇੰਜ ਉਡ ਗਿਆ ਉਹ ਸਮਾਂ ਜਿਵੇਂ ਦਰਖਤ ਉਪਰੋਂ ਪੰਛੀ ਉੜ ਜਾਂਦਾ ਹੈ। ਚੱਲੋ ਛੱਡੋ ਹੁਣ ਇਨ੍ਹਾਂ ਗੱਲਾਂਬਾਤਾਂ ਵਿਚ ਕੀ ਰੱਖਿਆ ਹੈ।

-ਸੂਸਨ, ਮੇਰੇ ਸਿਲਾਈ ਵਾਲੇ ਬੋਹੀਏ ਵਿਚੋਂ ਸੂਈ-ਧਾਗਾਂ ਕੱਢ ਕੇ ਲੈ ਆ...ਨਾ, ਉਹ ਰਹਿਣ ਦੇ। ਮੈਨੂੰ ਉੱਨ ਦੀ ਲੱਛੀ ਦੇ ਦੇ। ਲੇਟਿਆਂ ਲੇਟਿਆਂ ਗੋਲਾ ਬਣਾਉਂਦੀ ਰਹਾਂਗੀ। ਜੇਕਰ ਕੁਝ ਨਾ ਕੀਤਾ ਤਾਂ ਉਂਗਲੀਆਂ ਖੜ ਜਾਣਗੀਆਂ।

ਲੰਬਾ ਸਾਹ ਲੈ ਕੇ-

-ਕੁੜੀਏ, ਮੇਰੇ ਹੱਥ ਸੌਂ ਰਹੇ ਨੇ। ਉਂਗਲੀਆਂ ਨਮ ਹੋ ਰਹੀਆਂ ਨੇ।

ਕੁੜੀ ਨੇੜੇ ਝੁਕ ਕੇ ਹੱਥ ਛੂੰਹਦੀ ਹੈ।

-ਇਹ ਕੀ ਅੰਮ੍ਰ ? ਬਦਨ ਤਾਂ ਤਪ ਰਿਹਾ ਹੈ।

-ਦਰਦ ਬੜਾ ਸਖਤ। ਕੁੜੀਏ, ਇਹ ਮੌਤ ਬੜੀ ਵੱਢਖਾਣੀ ਹੈ। ਅਗਲਾ ਪਿਛਲਾ ਸਭ ਵਸੂਲ ਲੈਂਦੀ ਹੈ। ਵਿੱਚ-ਵਿਚਾਲੇ ਕੁਝ ਨਹੀਂ ਛੱਡਦੀ।

ਕੰਡਿਆਂ ਉਪਰ ਵਿਛੀ ਹੈ ਮੇਰੀ ਪਿੱਠ। ਜ਼ਖ਼ਮ ਬੜੇ ਗਹਿਰੇ ਨੇ। ਹੁਣ ਹੋਰ ਪਤਾ ਨਹੀਂ ਕੀ ਉਭਰ ਆਇਆ ਹੈ।

ਸੂਸਨ, ਪਾਸਾ ਦੇ ਕੇ ਤਾਂ ਦੇਖ, ਕੀ ਨਵਾਂ ਪੰਗਾ ਖੜ੍ਹਾ ਹੋਇਐ। ਸੁਰਾਖ ਦੇ ਆਸ ਪਾਸ ਪੀਕ ਭਰ ਗਈ ਹੋਣੀ।

ਸੂਸਨ ਤੇ ਕੁੜੀ ਦੋਵੇਂ ਝੁਕ ਕੇ ਦੇਖਦੀਆਂ ਨੇ।

-ਐਨਾ ਵੱਡਾ ਉਭਾਰ। ਪੀਕ ਨਾਲ ਭਰਿਆ ਏ। ਡਾਕਟਰ ਸਾਹਿਬ ਨੂੰ ਦਿਖਾਉਣਾ ਜ਼ਰੂਰੀ ਏ। ਅੰਮ੍ਰ, ਪਹਿਲਾਂ ਕਿਉਂ ਨਹੀਂ ਦੱਸਿਆ ?

-ਚੁੱਪ ਰਹੋ, ਮੇਰਾ ਮੂੰਹ ਨਾ ਖੁੱਲ੍ਹਵਾਉ। ਇਹ ਸਭ ਦੇਖਣ ਦੀ ਡਿਊਟੀ ਸੂਸਨ ਦੀ ਤੇ ਤੇਰੀ ਸੀ। ਸੂਸਨ ਬਿਸਤਰ ਬਦਲਦੀ ਰਹੀ ਹੈ। ਸੱਚਾ-ਝੂਠਾ ਚਾਰਟ ਲਿਖਦੀ ਰਹੀ ਹੈ। ਬੁਖਾਰ ਮੈਨੂੰ ਕਲ੍ਹ ਵੀ ਸੀ।

-ਅੰਮੀ ਜੀ, ਗਲਤੀ ਮੇਰੀ ਹੈ। ਮੈਨੂੰ ਮੁਆਫ਼ ਕਰ ਦਿਓ।

-ਮੈਂ ਕੁਝ ਨੀਂ ਕਹਿਣਾ। ਡਾਕਟਰ ਸਾਹਿਬ ਆਪ ਹੀ ਤੇਰੇ ਕੰਨ ਖਿੱਚਣਗੇ। ਦੂਜਿਆਂ ਦੇ ਵਸ 'ਚ ਪਿਆ ਮਰੀਜ਼ ਮੌਤ ਤੋਂ ਪਹਿਲਾਂ ਹੀ ਮਰਿਆ ਹੋਇਆ ਹੁੰਦਾ ਹੈ।

ਕੁੜੀ ਨੂੰ ਫੋਨ ਚੁੱਕਦਿਆਂ ਦੇਖ-

-ਰਹਿਣ ਦੇ ਕੁੜੀਏ। ਹੁਣ ਡਾਕਟਰਾਂ ਦੇ ਕੋਲ ਮੇਰਾ ਕੋਈ ਇਲਾਜ ਬਾਕੀ ਨਹੀਂ। ਦਿਖਾਉਣ ਦੇ ਚੋਂਚਲੇ ਨੇ ਸਿਰਫ਼...ਭਰਮ ਵਿਚ ਪਾਉਣ ਲਈ।

ਰੁਕ-ਰੁਕ ਕੇ, ਆਪਣੇ ਆਪ ਨਾਲ ਹੀ-



-ਇਕ ਤਾਂ ਹੋਈ ਹੱਡੀ ਨੂੰ ਚੁਭਦੀ ਸਲਾਖ, ਦੂਸਰੀ ਮੇਰੀ ਪਿੱਠ। ਪੁਰਾਣਾ ਢਾਂਚਾ ਹੈ। ਕੀ ਪਤਾ ਕਿੱਥੋਂ ਕਿੱਥੋਂ ਉਧੜਿਆ ਏ। ਆਖ਼ਿਰ ਪਤਾ ਤਾਂ ਲੱਗੇ ਮੈਨੂੰ ਹੋਇਆ ਕਿਆ ਕਿਆ ਹੈ।

ਕੁੜੀ ਨੇੜੇ ਆ ਕੇ-

-ਅੰਮ੍ਰ, ਪਿੱਠ 'ਤੇ ਬਿਸਤਰ ਨਾਲ ਹੋਏ ਜ਼ਖਮ ਤੰਗ ਕਰ ਰਹੇ ਨੇ ਤੁਹਾਨੂੰ!

-ਉਮਰ ਭਰ ਤਾਂ ਸਰੀਰ ਨੇ ਬਿਸਤਰ ਨੂੰ ਸਹਾਰ ਲਿਆ ਤੇ ਹੁਣ ਇਸੇ ਵਿਚ ਪਏ ਪਏ ਬਣਤ ਬਣਨ ਲੱਗੀ। ਸਮਾਂ! ਕੁੜੀਏ, ਮੇਰੀ ਗੱਲ ਸੁਣ। ਖਜ਼ਾਨਾ ਮੁੱਕ ਜਾਏ ਤਾਂ ਸ਼ਕਤੀ ਦਾ ਭੰਡਾਰ ਵੀ ਬੇਕਾਰ। ਇਸ ਨੂੰ ਹੀ ਤਾਂ ਕਹਿੰਦੇ ਨੇ ਬੁਢਾਪਾ।

-ਸੂਸਨ, ਬਿਸਤਰ ਬਾਦ ਵਿਚ ਠੀਕ ਕਰੀਂ। ਪਹਿਲਾਂ ਮੇਰੇ ਹੱਥ-ਮੂੰਹ ਪੂੰਝ ਦੇ।

ਸੂਸਨ ਅੰਮ੍ਰ ਦੇ ਮੂੰਹ ਉੱਤੇ ਤੌਲੀਆਂ ਫੇਰਦਿਆਂ ਹੋਇਆਂ-

-ਅੰਮੀ ਜੀ, ਤੁਸੀਂ ਮੈਨੂੰ ਮੁਆਫ਼ ਕਰ ਦਿੱਤਾ ਨਾ!

-ਦੀਦੀ ਨੂੰ ਮਨਾ ਲੈ, ਨਹੀਂ ਤਾਂ ਤੈਨੂੰ ਭੇਜ ਕੇ ਹੀ ਦਮ ਲਵੇਗੀ। ਦਿਲ ਦੀ ਬੜੀ ਸਖਤ ਹੈ। ਮੇਰੀਆਂ ਦੂਜੀਆਂ ਕੁੜੀਆਂ ਆਪਣੇ ਪਿਤਾ 'ਤੇ ਗਈਆਂ ਨੇ। ਨਾ ਸਖਤੀ ਕਰ ਸਕਦੀਆਂ ਨੇ, ਨਾ ਸਹਿ ਸਕਦੀਆਂ ਨੇ। ਮੇਰੀ ਇਸ ਕੁੜੀ 'ਤੇ ਮਾਂ ਦੇ ਖਾਨਦਾਨ ਦਾ ਅਸਰ ਹੈ।

-ਸੂਸਨ, ਪਹਿਲਾਂ ਮੇਰੇ ਵਾਲ ਠੀਕ ਕਰ। ਕੈਬਨਿਟ ਉੱਪਰੋਂ ਐਨਕ ਦੇ। ਤੇਰੀ ਖਸਿਆਨੀ ਸੂਰਤ ਤਾਂ ਦਿਖੇ ਮੈਨੂੰ। ਉਂਜ ਸੋਚੀਏ ਤਾਂ ਜੋ ਨਵਾਂ ਪੰਗਾ ਪਿਆ ਹੈ ਉਸ ਵਿਚ ਤੇਰਾ ਕੀ ਕਸੂਰ! ਤੇਰੀ ਲਾਪਰਵਾਹੀ ਤਾਂ ਐਨੀ ਹੀ ਹੈ ਕਿ ਤੂੰ ਦੇਖਿਆ ਨਹੀਂ ਕਿ ਤੇਰੇ ਮਰੀਜ਼ ਨੂੰ ਹੋ ਕੀ ਰਿਹਾ ਹੈ।

ਕੁੜੀ ਡਾਕਟਰ ਨੂੰ ਫੋਨ ਕਰਨ ਤੋਂ ਬਾਅਦ-

-ਅੰਮ੍ਰ, ਤੁਹਾਨੂੰ ਐਨੀ ਤਕਲੀਫ ਸੀ, ਦੱਸਣਾ ਤਾਂ ਚਾਹੀਦਾ ਸੀ ਨਾ!

-ਕੁੜੀਏ, ਮਰੀਜ਼ ਦੀ ਵੀ ਥੋੜ੍ਹੀ ਜਿਹੀ ਇੱਜ਼ਤ ਤਾਂ ਰਹਿਣ ਦਿਓ। ਹਾਏ-ਹਾਏ ਕਰਦੀ, ਤਾਂ ਹੀ ਤੈਨੂੰ ਪਤਾ ਲੱਗਦਾ ?

ਲਓ ਡਾਕਟਰ ਸਾਹਿਬ ਆ ਗਏ। ਉਨ੍ਹਾਂ ਦੀ ਹੀ ਘੰਟੀ ਹੈ। ਹੱਥ ਦੇ ਦਬਾਓ ਤੋਂ ਪਤਾ ਲੱਗਦਾ ਹੈ। ਡਾਕਟਰ ਹੈਂ ਨਾ। ਘੰਟੀ ਵੱਜਦੀ ਹੀ ਚਲੇ ਜਾਂਦੀ ਹੈ।

ਸੁਣ ਕੁੜੀਏ, ਸਭ ਗਤੀਆਂ ਐਥੇ ਪਹੁੰਚ ਕੇ ਰੁਕਦੀਆਂ ਨੇ। ਤੇ ਫਿਰ ਦੁਬਾਰਾ ਚੱਲਣ ਲੱਗਦੀਆਂ ਨੇ। ਕੁਦਰਤ ਸਦਾ-ਸਦਾ।

-ਅੰਮੀ ਜੀ, ਕੀ ਖਬਰ ਹੈ ? ਕਿਵੇਂ ਹੋ ਤੁਸੀਂ ?

-ਬੇਟੇ, ਇਹ ਤਾਂ ਕਹਿਣੋ ਰਹੀ ਕਿ ਮੈਂ ਠੀਕ ਨਹੀਂ ਹਾਂ। ਇਕੋ ਵੇਲੇ ਡਾਕਟਰ ਦੀ ਤੇ ਦਵਾਈ ਦੀ ਹੇਠੀ ਹੋ ਜਾਵੇਗੀ।

ਡਾਕਟਰ ਸਾਹਿਬ ਟੈਂਪਰੇਚਰ ਲੈਂਦੇ ਨੇ। ਫਿਰ ਪਿੱਠ ਦਾ ਜ਼ਖਮ ਜਾਂਚਦੇ ਨੇ।

-ਇਹ ਤਾਂ ਮਜ਼ੇ ਨਾਲ ਫੈਲ ਰਿਹਾ ਹੈ ਬੇਟੇ! ਤੁਸੀਂ ਬਿਮਾਰੀ ਦਾ ਨਵਾਂ ਪੈਂਤੜਾ ਜਾਂਚੋ। ਸਲਾਖ ਨੇ ਕੁਝ ਨਵਾਂ ਗੁਲ ਖਿਲਾਇਆ ਲੱਗਦਾ ਹੈ।

-ਦਰਦ ਕਦ ਤੋਂ ਹੈ ?

-ਪਹਿਲਾਂ ਤਾਂ ਬਰਦਾਸ਼ਤ ਸੀ, ਦੋ ਦਿਨਾਂ ਤੋਂ ਤੇਜ਼ ਹੋਇਆ ਹੈ। ਹੁਣ ਕੋਈ ਚੀਰ-ਫਾੜ ਤਾਂ ਬਾਕੀ ਨਹੀਂ ਕਿ ਹੈ ਕੁਝ ?

-ਅੰਮੀ ਜੀ, ਪੀਕ ਜਮ੍ਹਾਂ ਹੋਈ ਹੈ। ਕੱਢ ਦਿੰਦੇ ਆਂ। ਤੁਹਾਨੂੰ ਅਰਾਮ ਮਿਲੇਗਾ।

-ਬੇਟਾ ਕੁਝ ਰਾਹਦਾਰੀ ਲਈ ਵੀ ਰਹਿਣ ਦਿਓ। ਇਹ ਨਾ ਹੋਵੇ ਕਿ ਕਿਤੇ ਆਪਣਾ ਚਲਾਣ ਕੱਟਣ ਵਿਚ ਹੀ ਨਾ ਆਵੇ।

-ਅੰਮੀ ਜੀ, ਹਿੱਲੋ ਨਾ। ਹਾਂ, ਇਹ ਰਾਹਦਾਰੀ ਵਾਲਾ ਕਿੱਸਾ ਕੀ ਹੈ ?

-ਸ਼ਿਮਲਾ ਬੈਰੀਅਰ 'ਤੇ ਸਭ ਗੱਡੀਆਂ ਰੋਕ ਲਈਆਂ ਜਾਂਦੀਆਂ ਨੇ। ਲੱਗਦਾ ਹੈ ਮੈਂ ਉਥੇ ਈ ਖੜ੍ਹੀ ਆਂ। ਦੇਖੋ, ਚੈਕਿੰਗ ਤੋਂ ਬਾਅਦ ਆਪਣੀ ਗੱਡੀ ਕਦ ਪਾਰ ਹੁੰਦੀ ਐ। ਹੁਣ ਤਾਂ ਐਨਾ ਈ ਬਾਕੀ ਐ।

-ਅੰਮੀ ਜੀ, ਥੋੜ੍ਹੀ ਜਿਹੀ ਤਕਲੀਫ ਹੋਏਗੀ....

-ਤੁਸੀਂ ਕਰਦੇ ਰਹੋ, ਮੈਂ ਸਹਿ ਲਵਾਂਗੀ। ਮੈਂ ਬਚਪਨ ਵਿੱਚ ਆਪਣੀ ਹਵਾ ਤੋਂ ਉੱਪਰ ਉੱਠ ਜਾਂਦੀ ਸੀ। ਹਵਾ ਬੜੀ ਸ਼ਕਤੀਵਾਨ ਹੈ। ਹਨੇਰੀ ਬਣ ਕੇ ਪੁਰਾਣੇ ਦਰਖਤਾਂ ਨੂੰ ਉਖਾੜਦੀ ਹੈ...ਕਿੰਨੀ ਦੇਰ ਹੋਰ ਲੱਗੇਗੀ ਡਾਕਟਰ ਸਾਹਿਬ ?

-ਜ਼ਿਆਦਾ ਨਹੀਂ।

-ਬੇਟੇ, ਮੇਰੇ ਵਰਗਿਆਂ ਨੂੰ ਜੇ ਜਿਊਂਦੀ-ਜਾਗਦੀ ਹਾਲਤ ਵਿੱਚ ਚੰਦ ਉੱਪਰ ਭੇਜ ਦਿੱਤਾ ਜਾਵੇ ਤੇ ਉੱਥੇ ਈ ਉਨ੍ਹਾਂ ਦੀ ਖਾਦ ਬਣਦੀ ਰਹੇ ਤਾਂ ਕਿਵੇਂ ? ਇਕ ਨਾ ਇਕ ਦਿਨ ਤਾਂ ਉੱਥੇ ਵੀ ਇਨਸਾਨ ਪੈਦਾ ਹੋ ਸਕਦਾ ਹੈ।

-ਅੰਮੀ ਜੀ, ਉਥੇ ਆਕਸੀਜਨ ਦੀ ਕਮੀ ਹੈ। ਦੁਨੀਆਂ ਭਰ ਦੇ ਮੁਲਕ ਚੰਦ ਨੂੰ ਘੋਖਣ 'ਤੇ ਲੱਗੇ ਨੇ। ਸੰਭਵ ਹੈ ਕਿ ਕੋਈ ਰਸਤਾ ਨਿਕਲ ਆਏ।

-ਡਾਕਟਰ ਸਾਹਿਬ, ਦੁੱਧ ਵਿਚ ਬਰਾਂਡੀ ਲੈ ਲਵਾਂ। ਦਰਦ ਨੇ ਬੜੀ ਤਾਕਤ ਖਿੱਚ ਲਈ ਹੈ ਮੇਰੀ।

-ਸੂਸਨ, ਚਾਕਲੇਟ ਪਾ ਕੇ ਦੁੱਧ ਲੈ ਆ ਅੰਮੀ ਜੀ ਲਈ।

-ਡਾਕਟਰ ਸਾਹਿਬ, ਮੇਰਾ ਵਜ਼ਨ ਸਾਲਾਂ ਸਾਲ ਪੰਜਾਹ 'ਤੇ ਈ ਅਟਕਿਆ ਰਿਹਾ। ਬੱਚੇ ਹੋਏ ਤਾਂ ਵੀ ਇਕ ਇੰਚ ਚਰਬੀ ਨਹੀਂ ਚੜ੍ਹਨ ਦਿੱਤੀ। ਇਕ ਹੀ ਰਫ਼ਤਾਰ ਸਭ ਨਿਯਮਾਂ ਨਾਲ। ਕਦੇ-ਚਿਕਨੀ-ਚੋਪੜੀ ਖੁਰਾਕ ਨਹੀਂ ਖਾਧੀ। ਹਾਂ, ਬੱਚਾ ਹੁੰਦਿਆਂ ਟਾਨਿਕ ਜ਼ਰੂਰ ਲਿਆ ਕਰਦੀ ਸੀ। ਵਿਨਕਾਰਨਿਸ। ਆਲਸ ਕਦੇ ਨਹੀਂ। ਹੁਣ ਕਸਰ ਨਿਕਲ ਰਹੀ ਹੈ। ਰਾਸ਼ਨ ਦਾ ਕੋਟਾ ਹੀ ਪੂਰਾ ਕਰ ਰਹੀ ਆਂ। ਡਾਕਟਰ ਸਾਹਿਬ, ਤੁਸੀਂ ਮੈਨੂੰ ਕੱਦ ਤੱਕ ਖਿੱਚਦੇ ਜਾਓਗੇ ?

-ਅੰਮੀ ਜੀ, ਆਰਾਮ ਕਰੋ। ਜਿਸ ਚੀਜ਼ ਨੂੰ ਮਨ ਕਰੇ, ਖਾਓ। ਚਿੰਤਾ-ਫ਼ਿਕਰ ਸਭ ਛੱਡ ਦਿਓ।

ਅੰਮ੍ਰਿ ਹੱਸ ਕੇ-

-ਤਾਂ ਤੁਸੀਂ ਫਾਟਕ ਖੋਲ੍ਹ ਹੀ ਦਿੱਤਾ।

ਗਲਾ ਬਹੁਤ ਸੁੱਕਦਾ ਹੈ। ਬੇਟਾ! ਠੰਡੀਆਂ ਚੀਜ਼ਾਂ ਤਾਂ ਖਾ ਸਕਦੀ ਆਂ ਨਾ ?

-ਕਿਉਂ ਨਹੀਂ। ਦੁੱਧ, ਦਹੀ, ਆਈਸ ਕਰੀਮ, ਜੋ ਚਾਹੋ। ਹਾਂ, ਅੱਜ ਗਰਮ 'ਤੇ ਰਹੋ ਤਾਂ ਚੰਗਾ ਹੈ।

ਡਾਕਟਰ ਨੁਸਖਾ ਸੂਸਨ ਨੂੰ ਥਮਾਉਂਦਾ ਹੈ-

-ਰਾਤ ਨੂੰ ਸੌਣ ਤੋਂ ਪਹਿਲਾਂ, ਫੇਰ ਚਾਰ ਚਾਰ ਘੰਟੇ ਬਾਅਦ। ਪ੍ਰੇਸ਼ਾਨੀ ਮਹਿਸੂਸ ਕਰਨ ਤਾਂ ਮੈਨੂੰ ਫੋਨ ਕਰ ਲੈਣਾ। ਚੰਗਾ ਅੰਮੀ ਜੀ, ਹੁਣ ਚੱਲਾਂ।

-ਜੀਉਂਦੇ ਰਹੋ, ਬੇਟਾ! ਖੂਬ ਕਮਾਉ। ਆਪਣੇ ਮਰੀਜ਼ਾਂ ਨੂੰ ਲੰਬਾ ਚਲਾਉ।

-ਅੰਮ੍ਰਿ, ਤੁਸੀਂ ਡਾਕਟਰ ਸਾਹਿਬ ਨੂੰ ਭਲਾ ਇਹ ਕੀ ਕਹਿ ਰਹੇ ਹੋ!

-ਕੁੜੀਏ, ਇਹਦਾ ਭ੍ਰਮ ਨਾ ਕਰ। ਡਾਕਟਰ ਤਾਂ ਮਰੀਜ਼ ਲਈ ਉਸਦਾ ਆਪਣਾ ਹੀ ਹੁੰਦਾ ਹੈ। ਮਨ ਵਿੱਚ ਆਵੇ ਤਾਂ ਕਹਿ ਲੈਣਾ ਚਾਹੀਦੈ। ਦਿਲ ਤੇ ਦਰਦ ਦੋਵੇਂ ਹਲਕੇ ਹੋ ਜਾਂਦੇ ਨੇ। ਕਿਉਂ ਡਾਕਟਰ ਸਾਹਿਬ।



ਡਾਕਟਰ ਸਾਹਿਬ ਹੱਸਦੇ ਨੇ-

-ਅੰਮੀ ਜੀ, ਕੋਈ ਪ੍ਰੇਸ਼ਾਨੀ ਹੋਵੇ ਤਾਂ ਮੈਨੂੰ ਆਪਣੇ ਆਪ ਫੋਨ ਕਰ ਲੈਣਾ।

-ਮੇਰੀ ਡਾਕਟਰ-ਬਹੂ ਤਾਂ ਨੀਂ ਬੁਰਾ ਮੰਨ ਜਾਏਗੀ ?

-

ਹਾਸਾ

ਕੁੜੀ ਡਾਕਟਰ ਨੂੰ ਦਰਵਾਜ਼ੇ ਤੱਕ ਛੱਡ ਕੇ ਮੁੜਦੀ ਹੈ।

-ਅੰਮ੍ਰਿ, ਮਰੀਜ਼ਾਂ ਨੂੰ ਲੰਬਾ ਚਲਾਉਣ ਵਾਲੀ ਗੱਲ 'ਤੇ ਡਾਕਟਰ ਸਾਹਿਬ ਚੁੱਪ ਜਿਹੇ ਹੋ ਗਏ ਸੀ।

-ਨਹੀਂ, ਡਾਕਟਰ ਨੂੰ ਪਤਾ ਹੈ ਮੈਂ ਚੋਹਲ ਕਰ ਰਹੀ ਸੀ।

-ਅੰਮੀ, ਹੁਣ ਤਾਂ ਕੁਝ ਹਲਕਾ ਲੱਗ ਰਿਹਾ ਹੈ ਨਾ ? ਮਨ 'ਚ ਕੋਈ ਚਿੰਤਾ-ਪਛਤਾਵਾ ਤਾਂ ਨਹੀਂ ?

-ਨਾ। ਜ਼ਿੰਦਗੀ ਵਿਚ ਕੁਝ ਨਮਕੀਨ ਤੇ ਕੁਝ ਮਿਸ਼ਰੀ ਮਿੱਠਾ। ਐਨਾ ਹੀ। ਪਛਤਾਵਾ ਕੇਹਾ। ਸਭ ਦੀ ਜਨਮ ਪੱਤਰੀ ਚਿਤਕਬਰੀ ਹੀ ਹੁੰਦੀ ਐ। ਹਰਖ-ਸੋਗ, ਲਾਭ-ਹਾਨੀ, ਊਚ-ਨੀਚ-ਸਭ ਵਾਰੀ ਵਾਰੀ ਆਪਣੀ ਝਲਕ ਦਿਖਾਉਂਦੇ ਨੇ। ਅਜਿਹਾ ਕਿਸੇ ਦੇ ਹੱਥ 'ਚ ਨਹੀਂ ਕਿ ਫੁਲਝੜੀਆਂ ਹੀ ਫੁਟਦੀਆਂ ਰਹਿਣ। ਸਭ ਗਰਮ-ਸਰਦ ਸਮੇਂ ਵਿਚ ਘੁਲ-ਮਿਲ ਜਾਂਦੇ ਨੇ। ਇਸ ਦੀ ਨਾਕਾਬੰਦੀ ਉੱਪਰ ਵਾਲੇ ਤੋਂ ਬਿਨਾਂ ਕੋਈ ਦੂਸਰਾ ਨਹੀਂ ਕਰ ਸਕਦਾ। ਪਰ ਇਕ ਗੱਲ ਸਮਝਣ ਵਾਲੀ ਹੈ। ਜੋ ਜਹਾਜ਼ ਬਨਾਉਣਗੇ, ਓਹੀ ਸਾਗਰ ਵਿਚ ਉਤਰਨਗੇ। ਮਿਹਨਤ ਕਰੋਗੇ ਤਾਂ ਫਲ ਪਾਓਗੇ। ਏਹੀ ਹੈ ਜਿਊਣ ਵਾਲਿਆਂ ਦੀ ਪ੍ਰਾਪਤੀ।

-ਸਫਰ ਮੇਰਾ ਕੁਝ ਜ਼ਿਆਦਾ ਹੀ ਖਿੱਚਿਆ ਗਿਆ ਹੈ।

-ਅੰਮ੍ਰਿ, ਮਨ ਕਰਦੈ ਹੋਵੇ ਤਾਂ ਪਾਠ ਰਖਵਾ ਲਈਏ।

-ਸੋਚ ਤਾਂ ਚੰਗਾ ਰਹੀ ਐਂ। ਬਾਣੀ ਅੰਮ੍ਰਿਤ ਐ। ਸੁਣਨ ਨਾਲ ਮਨ ਸ਼ਾਂਤ ਹੁੰਦਾ ਐ। ਪਰ ਪਾਠ-ਕੀਰਤਨ ਸਭ ਬਾਦ ਵਿਚ ਹੀ ਰਖਵਾਈਂ। ਲੰਮੇ ਚੌੜੇ ਝਮੇਲਿਆਂ ਵਿਚ ਨਾ ਪਈਂ। ਬੱਸ ਮਰਿਆਦਾ ਦਾ ਹੀ।

-ਰਸੋਈ ਵਿਚੋਂ ਕਾਹਦੀ ਵਾਸ਼ਨਾ ਆ ਰਹੀ ਹੈ ? ਕੜਾਹ ਦੀ ਤਿਆਰੀ ਹੈ ਕੀ ? ਕੁੜੀਏ, ਖਾਣ ਵਾਲਿਆਂ ਵਿੱਚ ਇਸ ਦੀ ਬਹੁਤ ਮਹਿਮਾ ਹੈ। ਇਸਦੇ ਐਨੇ ਗੁਣ ਨੇ ਕਿ ਗਿਣਾਏ ਨਹੀਂ ਜਾ ਸਕਦੇ।

-ਤੁਸੀਂ ਜੋ ਸੰਗਰਾਂਦ ਨੂੰ ਬਣਾਉਂਦੇ ਹੋ ਉਸਦਾ ਤਾਂ ਕੀ ਕਹਿਣਾ।

ਅੰਮ੍ਰਿ ਆਪਣੀ ਹੀ ਰੌ ਵਿੱਚ-

-ਕੁੜੀਏ, ਇਨ੍ਹੀਂ ਦਿਨੀਂ ਮੇਰੇ 'ਤੇ ਤੇਰੇ ਨਾਨਾ ਦਾ ਸਰੂਪ ਉਤਰਿਆ ਹੋਇਆ ਏ। ਉਹ ਜਦ ਜਾਣ ਦੀ ਤਿਆਰੀ ਵਿਚ ਸਨ ਤਾਂ ਅਵਾਜ਼ਾਂ ਦੇ ਦੇ ਕੇ ਕਹਿੰਦੇ-ਓਏ, ਕਾਹਦੀ ਵਾਸ਼ਨਾ ਮਹਿਕ ਰਹੀ ਹੈ। ਹਲਕੇ ਸੇਕ 'ਤੇ ਸੂਜੀ ਭੁੰਨੀ ਜਾ ਰਹੀ ਹੈ ਨਾ। ਤਿਆਰ ਹੈ ਤਾਂ ਲੈ ਆਓ। ਲੈ ਵੀ ਆਓ। ਦੇਰ ਨਾ ਕਰੋ। ਸੁਣਨ ਵਾਲੇ ਮੁਸਕੁਰਾਉਂਦੇ ਪਰ ਤੇਰੀ ਨਾਨੀ ਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ। ਸਵੇਰ ਦੇ ਨਾਮ ਵਾਲੀ ਤੇਰੀ ਨਾਨੀ ਨੇ ਬੜੀ ਸੇਵਾ ਕੀਤੀ ਤੇਰੇ ਨਾਨੇ ਦੀ। ਕੁੜੀਏ, ਇਹ ਵੀ ਅਵਸਥਾ ਹੈ। ਆਦਮੀ 'ਤੇ ਸੰਨਾਟਾ ਉਤਰਨ ਲੱਗਦਾ ਹੈ। ਅੰਦਰ ਝਾਕੋ ਤਾਂ ਗੁਦਾਮ ਬਣ ਚੁੱਕਿਆ ਹੁੰਦਾ ਹੈ। ਪੁਰਾਣੇ ਮਾਲ ਦੀਆਂ ਢੇਰੀਆਂ ਲੱਗੀਆਂ ਪਈਆਂ ਨੇ। ਜਿਸ ਦੀ ਯਾਦ ਆ ਗਈ, ਉਸ ਨੂੰ ਵੀ ਖੋਜਣ ਲੱਗੇ।

-ਕਿਉਂ ਉੱਠ ਰਹੀ ਐਂ ? ਥੋੜ੍ਹੀ ਦੇਰ ਬੈਠੀ ਰਹਿ। ਕੁੜੀਏ, ਕਿਸੇ-ਕਿਸੇ ਦਾ ਦਿਲ ਮੋਹ-ਜਾਲ ਵਿਚ ਅਟਕ ਜਾਂਦਾ ਹੈ। ਮੈਨੂੰ ਦੇਖ, ਤੇਰੇ ਨਾਲ ਹੀ ਲੱਗਿਆ ਪਿਆ ਹੈ। ਪਈ-ਪਈ ਏਹੀ ਕਿ ਬਾਹਰ ਗਈ ਹੈ। ਅੰਦਰ ਆਈ ਹੈ। ਕਿਆ ਸੋਚ ਰਹੀ ਹੈ। ਕਿਆ ਕਰ ਰਹੀ ਹੈ। ਜੋ ਵਕਤ ਆਏਗਾ, ਆਪਣੀ ਯੰਤਰਣਾ ਆਪਣੇ ਨਾਲ ਹੀ ਲਿਆਏਗਾ।

-ਅੰਮ੍ਰ, ਕੋਈ ਗੱਲ ਮਨ ਪਸੰਦ ਨਾ ਹੋਵੇ ਤਾਂ ਉਸ ਨੂੰ ਭੁੱਲ ਜਾਓ।

-ਹਾਂ, ਠੀਕ ਕਹਿ ਰਹੀ ਹੈ। ਹਵਾ ਨੂੰ ਹੱਥ ਨਾਲ ਟਟੋਲਣਾ ਨਾ ਸੌਖਾ ਤੇ ਨਾ ਸੰਭਵ। ਉਮਰ ਦੀ ਕਮਾਈ ਹੈ। ਜਿੰਨੇ ਦਿਨ ਹੋਰ ਮਿਲੇ, ਬਰਕਤ ਹੀ ਤਾਂ ਹੈ। ਕੁੜੀਏ, ਜ਼ਰਾ ਧਿਆਨ ਕਰ ਲਈਂ। ਕਿਤੇ ਇਕ ਦੀਵਾ ਪਿਆ ਹੋਵੇਗਾ। ਨੇੜੇ ਹੀ ਰੱਖਣਾ। ਕਿੱਥੋਂ ਲੱਭਦੀ ਫਿਰੇਂਗੀ।

-ਤੇਰਾ ਭਾਈ ਨੀਂ ਦਿੱਸ ਰਿਹਾ। ਕਲ੍ਹ ਤੋਂ ਰਾਹ ਦੇਖ ਰਹੀ ਆਂ। ਗੱਲ ਕੀ ਹੈ ?

-ਅੰਮ੍ਰ, ਉਹ ਤਾਂ ਸ਼ਹਿਰ ਤੋਂ ਬਾਹਰ ਨੇ। ਦੌਰੇ 'ਤੇ ਗਏ ਹੋਏ ਨੇ।

-ਕੁੜੀਏ, ਇਸ ਵਲ-ਛਲ ਦੀ ਜ਼ਰੂਰਤ ਕਿਆ ਆ ਪਈ। ਸਵੇਰੇ ਮੇਰੇ ਸਿਰਹਾਣੇ ਥੱਲੇ ਪਿਪਰਮਿੰਟ ਤੇ ਟਾਫੀਆਂ ਪਈਆਂ ਸਨ। ਓਹੀ ਸੋਚਦਾ ਹੈ ਅਜਿਹੀਆਂ ਗੱਲਾਂ। ਬਿਮਾਰ ਨਹੀਂ ਸੀ ਤਾਂ ਵੀ ਮੇਰੇ ਲਈ ਫਰਿੱਜ ਵਿੱਚ ਚਾਕਲੇਟ ਰੱਖ ਜਾਂਦਾ ਸੀ।

ਉਸ ਨੂੰ ਦੌਰੇ 'ਤੇ ਭੇਜਣ ਨਾਲ ਕਿਆ ਹੋਏਗਾ। ਕੁੜੀਏ, ਤੇਰਾ ਭਾਈ ਦਿਲ ਦਾ ਸਾਫ਼ ਸਰਲ ਹੈ। ਅਕਸਰ ਘੇਰ ਲਿਆ ਜਾਂਦਾ ਹੈ। ਘਿਰ ਗਿਆ ਹੋਏਗਾ।

ਘਰਵਾਲੀਆਂ ਹੱਥ ਵਿੱਚ ਛਾਲਣੀ ਲੈ ਕੇ ਬੈਠਦੀਆਂ ਨੇ। ਕੱਢਦੀਆਂ ਰਹਿੰਦੀਆਂ ਨੇ ਰੋੜ। ਇਹ ਕੱਢ। ਉਹ ਕੱਢ। ਪਤਾ ਨਹੀਂ ਮੇਰੇ ਪਿੱਛੋਂ ਕਿਆ-ਕਿਆ ਨਿਕਲੇਗਾ।

-ਮਮ੍ਰ, ਛੱਡੋ।

-ਚਲੋ, ਇਹ ਵੀ ਕੀ ਜ਼ਰੂਰੀ ਹੈ। ਪਰ ਮੈਨੂੰ ਬਹਾਨਿਆਂ ਨਾਲ ਨਾ ਬਹਿਲਾ। ਕੁੜੀਏ, ਉਥੇ ਤਾਂ ਖੁੱਲ੍ਹੀ ਹੋਈ ਗ੍ਰਹਿਸਥ-ਪੁਸਤਕ ਦਾ ਆਖਿਰੀ ਹਿੱਸਾ

ਹਾਸਾ।

-ਛੋਟੇ ਹੁੰਦਿਆਂ ਤੇਰਾ ਭਾਈ ਬੜਾ ਗੁਦਗੁਦਾ ਸੀ। ਵਾਲ ਘੁੰਗਰਾਲੇ। ਸ਼ਰਾਰਤ ਨਾਲ ਹੱਸਦਾ ਤਾਂ ਬੜਾ ਸੋਹਣਾ ਲੱਗਦਾ। ਸਕੂਲ ਤੋਂ ਆਉਂਦਿਆਂ ਹੀ ਕਿਤਾਬਾਂ ਖੋਲ੍ਹ ਕੇ ਬੈਠ ਜਾਂਦਾ। ਪੁੱਛਣ 'ਤੇ ਏਹੀ ਕਿ ਪਾਠ ਪੱਕਾ ਕਰ ਰਿਹਾ ਹਾਂ।

ਗੱਲ ਸਮਝ ਰਹੀ ਹੈ ਨਾ ! ਸਵਾਲ-ਜਵਾਬ ਪੱਕੇ ਕੀਤੇ ਜਾ ਰਹੇ ਨੇ।

-ਨਹੀਂ ਅੰਮ੍ਰ, ਅਜਿਹਾ ਨਾ ਸੋਚੋ। ਭਾਈ ਸਾਹਿਬ ਤੁਹਾਡੇ ਲਈ ਚੁੱਪਚਾਪ ਬਹੁਤ ਕੁਝ ਕਰਦੇ ਰਹਿੰਦੇ ਨੇ।

-ਕਿਉਂ ਨਾ ਕਰੇ ! ਮੇਰਾ ਬੇਟਾ ਹੈ ! ਮੁੰਡੇ ਮਾਂ ਨੂੰ ਪਿਆਰ ਨਹੀਂ ਜਤਾ ਸਕਦੇ। ਅੰਕੁਸ਼ ਲੱਗਿਆ ਰਹਿੰਦਾ ਹੈ। ਦਿਖਾਉਂਦੇ ਏਹੀ ਨੇ ਕਿ ਮਾਂ ਦਾ ਪੁਰਾਣਾ ਪ੍ਰਕਰਣ ਕਦੋਂ ਦਾ ਭੁੱਲ ਚੁੱਕੇ ਨੇ। ਇਸੇ ਨਾਲ ਘਰਵਾਲੀਆਂ ਖੁਸ਼ ਹੁੰਦੀਆਂ ਨੇ। ਮਾਂ ਪਿਛਲਾ ਅਧਿਆਇ ਬਣ ਕੇ ਰਹਿ ਜਾਂਦੀ ਹੈ।

ਵਾਰ ਵਾਰ ਓਹੀ ਪਰੋਈ ਹੋਈ ਕੜੀ-ਤੂੰ ਇਹ ਕਿਉਂ ਨੀਂ ਦੱਸਿਆ। ਆਖਿਰ ਤੈਨੂੰ ਕਿਉਂ ਨਾ ਯਾਦ ਆਇਆ। ਤੇਰੀ ਮਾਂ ਨੇ ਇਹ ਕਿਉਂ ਨਾ ਕਿਹਾ। ਉਸਨੇ ਇਹ ਕਿਉਂ ਨਾ ਕੀਤਾ। ਮੈਨੂੰ ਸਮੇਂ ਸਿਰ ਇਹ ਕਿਉਂ ਨਾ ਦਿੱਤਾ।

ਅੰਮ੍ਰ ਹੱਸਦੇ ਨੇ।

-ਇਸ ਖੇਡ ਵਿਚ ਨੋਕ-ਝੋਂਕ, ਰੋਸੇ-ਰੰਜਿਸ਼ਾਂ ਸਾਰੇ ਜ਼ਰੂਰੀ ਨੇ। ਸਿਰਫ਼ ਮੁਲਾਹਜ਼ੇ ਨਾਲ ਕੰਮ ਨਹੀਂ ਚੱਲਦਾ।



ਕੁੜੀਏ, ਪੁਰਾਣੀ ਪਰੰਪਰਾ ਨਿਭਾਉਣ ਲਈ ਤੇਰਾ ਭਾਈ ਪਹੁੰਚ ਤਾਂ ਜਾਏਗਾ ਨਾ।

-ਜੀ ਅੰਮੀ !

-ਚੱਲਨਾ ਹੈ, ਪੁਰਾਣੇ ਸ਼ਹਿਤੀਰ ਹਿੱਲਦੇ ਨੇ ਤਾਂ ਅਜਿਹੀ ਹਵਾ ਚੱਲ ਪੈਂਦੀ ਹੈ। ਓਹੀ ਕਾਰੋਬਾਰੀ ਸਿਲਸਿਲਾ ਤੇ ਵਿਰੋਧੀ ਸਲਾਹ-ਮਸ਼ਵਰਾ। ਜਿਸ ਦਿਸ਼ਾ ਵੱਲ ਮੂੰਹ ਕਰੋਗੇ, ਓਹੀ ਪਗਡੰਡੀਆਂ ਪੈਰਾਂ ਹੇਠ ਉਭਰਨਗੀਆਂ।

-ਕੁੜੀਏ, ਲੱਗਦਾ ਹੈ ਮੇਰੇ ਅੰਦਰ ਦੀ ਨਮੀ ਸੁੱਕ ਚੁੱਕੀ ਹੈ। ਮੇਰੀ ਮਛਲੀ ਤੜਪ ਰਹੀ ਹੈ। ਚਾਰੇ ਪਾਸੇ ਰੇਤ ਹੀ ਰੇਤ ਹੈ।

-ਅੰਮ੍ਰ, ਫਲ ਦਾ ਰਸ ਆਏ ਕਿ ਸ਼ਰਬਤ ?

ਅੰਮ੍ਰ ਹੱਸਦੇ ਨੇ।

-ਆਪਣੀ ਉਹੀ ਅਰਾਧਨਾ-ਗੀਤ-ਕੜਾਹ।

-ਗਿਰੀ ਪੀਹ ਕੇ ਪਾਏਂਗੀ ਨਾ !

-ਮੇਰੇ ਮੂੰਹ ਦੀ ਗੱਲ ਫੜ ਲਈ ਕੁੜੀਏ। ਮੈਂ ਏਹੀ ਕਹਿਣ ਲੱਗੀ ਸੀ। ਸਾਡਾ ਦੋਹਾਂ ਦਾ ਸੁਰ ਕਿਤੇ ਨਾ ਕਿਤੇ ਮਿਲਿਆ ਹੋਇਆ ਜ਼ਰੂਰ ਹੈ।

ਅੰਮ੍ਰ ਕੁਝ ਦੇਰ ਸੁਸਨ ਦੇ ਵੱਲ ਦੇਖਦੀ ਰਹਿੰਦੀ ਹੈ। ਫਿਰ ਉਂਘਣ ਲੱਗਦੀ ਹੈ।

ਅੱਖਾਂ ਖੋਲ੍ਹ ਕੇ ਆਪ-ਹੀ-ਆਪ-

-ਜਲ ਨਦੀਆਂ ਦੇ ਵੱਲ

ਨਦੀਆਂ ਸਾਗਰ ਦੇ ਵੱਲ

ਪ੍ਰਾਣ ਮੁਕਤੀ ਦੇ ਵੱਲ !

ਪਤਾ ਨਹੀਂ ਅਜੇ ਕਿੰਨਾ ਰਸਤਾ ਬਾਕੀ ਹੈ ਤੇ ਕਿੰਨੀ ਦੇਰ ਹੋਰ ਲੱਗਦੀ ਹੈ। ਇਹ ਤਾਂ ਪੜ੍ਹਾ ਹੀ ਰਿਹਾ। ਨੀਂਦ ਵਿੱਚ ਜਿਵੇਂ ਕੋਈ ਮੀਂਹ ਦੀ ਅਵਾਜ਼ ਸੁਣਦਾ ਹੈ ਨਾ, ਉਵੇਂ ਈ ਬੀਤਿਆ ਵਕਤ ਸੁਣ ਰਹੀ ਹਾਂ-

ਪੁਰਾਣੀ ਔਰਤ, ਤੇਰੇ ਸਾਰੇ ਕੰਮ ਪੂਰੇ ਹੋ ਚੁੱਕੇ ਨੇ। ਬੱਸ, ਇਹ ਚੋਲਾ ਛੱਡਣਾ ਬਾਕੀ ਹੈ।

ਕੁੜੀ ਹੱਥ ਵਿੱਚ ਪਲੇਟ ਲਈ ਕਮਰੇ ਅੰਦਰ ਆਉਂਦੀ ਹੈ।

-ਅੰਮ੍ਰ, ਜ਼ਰਾ ਠੰਡਾ ਹੋਣ ਦਿਓ। ਬਹੁਤ ਗਰਮ ਹੈ।

-ਦੇਖ ਕੁੜੀਏ, ਸਾਹਮਣੇ ਖਿੜਕੀ ਦੇ ਸ਼ੀਸ਼ੇ 'ਤੇ ਕੁਝ ਹਿੱਲ ਰਿਹਾ ਹੈ।

ਉਡਦੀ ਨਜ਼ਰ ਮਾਰ ਕੇ-

-ਅੰਮ੍ਰ, ਉਥੇ ਤਾਂ ਕੁਝ ਵੀ ਨਹੀਂ ਹੈ।

-ਤੂੰ ਨਹੀਂ ਦੇਖ ਸਕਦੀ। ਮੈਨੂੰ ਦਿਖ ਰਿਹਾ ਹੈ। ਖਿੜਕੀ 'ਤੇ ਕੋਈ ਪੁਰਾਣਾ ਦਿਨ ਝਿਲਮਿਲਾ ਰਿਹਾ ਹੈ।

ਉਸ ਦਿਨ ਮੋਹਲੇਧਾਰ ਮੀਂਹ ਪੈ ਰਿਹਾ ਸੀ। ਸ਼ਾਮ ਹੋਣ ਨੂੰ ਹਾਲੇ ਦੇਰ ਸੀ।

ਮੈਂ ਕੰਮ-ਕਾਰ ਨਿਪਟਾ ਕੇ ਖਿੜਕੀ ਵਿਚ ਖਲੋ ਕੇ ਪਹਾੜਾਂ ਨੂੰ ਨਿਹਾਰ ਰਹੀ ਸੀ। ਬੱਦਲਾਂ ਦੀ ਗਰਜ ਤੇ ਬਿਜਲੀ। ਟੀਨ ਦੀ ਛੱਤ ਤੋਂ ਪਰਨਾਲੇ ਵਹਿਣ ਲੱਗੇ।

ਅਜਿਹੇ ਵਿੱਚ ਬਰਸਾਤੀ ਪਹਿਨੀਂ ਕੋਈ ਘਰ ਦੀ ਚੜ੍ਹਾਈ 'ਤੇ ਚੜ੍ਹਦਾ ਦਿਖਾਈ ਦਿੱਤਾ।

ਧਿਆਨ ਨਾਲ ਦੇਖਿਆ ਤਾਂ ਤੇਰੇ ਪਿਤਾ ਜੀ ਸਨ। ਉਨ੍ਹਾਂ ਦੇ ਬਾਰੇ ਸੋਚ ਰਹੀ ਸੀ ਮੈਂ ਖੜ੍ਹੀ-ਖੜ੍ਹੀ।

ਜਲਦੀ ਨਾਲ ਜਾ ਕੇ ਦਰਵਾਜ਼ਾ ਖੋਲ੍ਹਿਆ।

ਬੋਲੇ-ਹਾਲੇ ਤਾਂ ਦਰਵਾਜ਼ਾ ਖੜਕਾਇਆ ਹੀ ਨਹੀਂ ਸੀ, ਕਿਵੇਂ ਖੋਲ੍ਹ ਦਿੱਤਾ ?

ਤੁਹਾਨੂੰ ਆਉਂਦਿਆਂ ਦੇਖ ਲਿਆ ਸੀ। ਲੱਗਿਆ ਕਿਸੇ ਬੱਚੇ ਦੀ ਉਂਗਲੀ ਫੜ ਕੇ ਆ ਰਹੇ ਹੋ ਤੁਸੀਂ। ਕੁੜੀਏ, ਤੇਰੇ ਪਿਤਾ ਪਹਿਲਾਂ ਗੰਭੀਰ ਹੋਏ, ਫਿਰ ਹੱਸ ਪਏ-

ਦਿਨ 'ਚ ਤੈਨੂੰ ਇਕੱਲਾਪਣ ਲੱਗਦਾ ਹੈ ਕਿਆ ?

ਇਕੱਲਾਪਣ ਤਾਂ ਨਹੀਂ ਲੱਗਦਾ ਪਰ ਜੋ ਮਨ ਵਿਚ ਸੀ ਓਹੀ ਦੇਖਿਆ ਹੋਣੈ।

ਤੁਸੀਂ ਕੱਪੜੇ ਬਦਲੋ, ਮੈਂ ਚਾਹ ਲੈ ਕੇ ਆਉਂਦੀ ਹਾਂ।

ਕੁੜੀਏ, ਤੂੰ ਕਿਉਂ ਬਿਹਬਲ ਹੋਈ ਖੜ੍ਹੀ ਐਂ ? ਤੈਥੋਂ ਕੁਝ ਛੁਪਾਇਆ ਤਾਂ ਨਹੀਂ। ਇਨ੍ਹਾਂ ਭੁੱਲ ਭੁਲੱਈਆਂ ਵਿਚੋਂ ਨਿਕਲ ਕੇ ਓਹੀ ਦਿਨ ਯਾਦ ਆ ਗਿਆ। ਮਨ ਹੀ ਤਾਂ ਹੈ।

-ਕੁੜੀਏ, ਪਾਣੀ ਵੀ ਸੁਲਘਦਾ ਹੈ। ਤੇ ਬਰਫ਼ ਵੀ ਘੁਲ ਜਾਂਦੀ ਹੈ। ਧੁੱਪ ਹਿਰਨੀ ਨਹੀਂ ਕਿ ਛਲਾਂਗਾਂ ਹੀ ਮਾਰਦੀ ਫਿਰੇ। ਧੁੱਪ ਸੂਰਜ ਦੇ ਵੱਸ ਵਿਚ ਹੈ ਤੇ ਧਰਤੀ ਵੀ ਉਸੇ 'ਤੇ ਰੀਝੀ ਰਹਿੰਦੀ ਐ। ਸੁਣ ਰਹੀ ਹੈ ਨਾ ?

ਬੇਟੀ ਦੇ ਕੰਨ ਵਿਚ ਜਦ ਮੁਰਕੀ ਪੈਂਦੀ ਹੈ ਤਾਂ ਬੜੀ ਸੁੰਦਰ ਲੱਗਦੀ ਹੈ। ਬੇਟੇ ਦੀ ਕਮਰੇ 'ਤੇ ਤੜਾਗੀ ਹੋਰ ਵੀ ਸੁੰਦਰ! ਬੱਚੇ ਦੇ ਹੋਠਾਂ 'ਤੇ ਪਹਿਲੀ ਪਵਿੱਤਰ ਹਾਸੀ ਵੀ ਬੜੀ ਮੋਹਕ। ਛੋਟੇ-ਛੋਟੇ ਪੈਰਾਂ ਵਾਲਾ ਪਹਿਲਾਂ ਕਦਮ ਆਪਣੀਆਂ ਅੱਖਾਂ ਨਾਲ ਦੇਖਣਾ, ਜਿਊਣ ਦਾ ਪੁਰਸਕਾਰ ਹੈ, ਕੁੜੀਏ!

ਤੇਰੇ ਪਿਤਾ ਸਾਖਿਆਤ, ਦਿੱਸ ਗਏ ਨੇ ਮੈਨੂੰ। ਗੋਦੀ ਵਿਚ ਬੱਚੇ ਨੂੰ ਲਿਟਾ ਕੇ ਕਦੇ ਸ਼ਹਿਦ ਚਟਾ ਰਹੇ ਨੇ। ਕਦੇ ਅੰਗੂਰ ਦਾ ਰਸ ਟਪਕਾ ਰਹੇ ਨੇ। ਕਦੇ ਅਨਾਰ ਦਾ ਇਕ ਦਾਣਾ ਉਸ ਦੇ ਹੋਠਾਂ 'ਤੇ ਇੰਜ ਛੁਹਾ ਰਹੇ ਨੇ ਜਿਵੇਂ ਦੁਨੀਆਂ ਵਿਚ ਇਸ ਲੀਲਾ ਤੋਂ ਅੱਗੇ ਕੁਝ ਹੋਰ ਹੋਵੇ ਈ ਨਾ। ਕੁੜੀਏ, ਇਹ ਮਾਇਆ-ਛਲਾਣਾ ਨਹੀਂ। ਨਾ-ਨਾ। ਜਿਊਣਾ ਤੇ ਜੀਵਨ ਛਲਣਾ ਨਹੀਂ। ਇਸ ਦੁਨੀਆਂ ਤੋਂ ਚਲੇ ਜਾਣਾ ਛਲਣਾ ਹੈ। ਹੈ ਕੋਈ ਹੱਡ-ਮਾਸ ਦਾ ਜੀਵ, ਜੋ ਮਰ ਜਾਣ ਤੋਂ ਬਾਅਦ-ਦਰਖ਼ਤ ਦੇ ਪੱਕੇ ਰਸੀਲੇ ਅੰਬ ਖਾ ਸਕੇ ? ਨਹੀਂ ਅੜੀਏ। ਕੋਈ ਪੰਜਭੂਤੀ ਬੱਚਾ ਨਹੀਂ ਜੋ ਅਜਿਹਾ ਕਰ ਸਕੇ। ਕੁੜੀਏ, ਇਹ ਦੁਨੀਆਂ ਬੜੀ ਸੁਹਾਣੀ ਹੈ।

ਕੁੜੀ ਮਾਂ ਦਾ ਹੱਥ ਛੂੰਹਦੀ ਹੈ।

-ਹਵਾਵਾਂ-ਧੁੱਪ-ਛਾਂ-ਵਰਖਾ-ਉਜਾਲਾ-ਹਨੇਰਾ-ਚੰਦ-ਸਿਤਾਰੇ-ਇਸ ਲੋਕ ਦੀ ਤਾਂ ਲੀਲਾ ਹੀ ਅਨੋਖੀ ਹੈ। ਅਦਭੁੱਤ।

ਸਵੇਰੇ ਉੱਠ ਕੇ

-ਰਾਤ ਚੈਨ ਨਾਲ ਸੌਂ ਗਈ ਸੀ। ਡਾਕਟਰ ਸਾਹਿਬ ਨੇ ਬੜੀ ਰਾਹਤ ਪਹੁੰਚਾਈ ਹੈ। ਛੋਟੇ-ਮੋਟੇ ਦਰਦ ਨੂੰ ਤਾਂ ਮੈਂ ਸਹਿਣ ਕਰ ਲੈਂਦੀ ਹਾਂ। ਪਿਛਲੇ ਦੋ ਦਿਨਾਂ ਵਿਚ ਇਸ ਨੇ ਮੈਨੂੰ ਮਸਲ ਕੇ ਰੱਖ ਦਿੱਤਾ। ਬੜੀ ਚਿੜਚਿੜੀ ਹੋ ਗਈ ਸੀ। ਪਤਾ ਨਹੀਂ ਤੁਹਾਨੂੰ ਕੀ ਕੀ ਕਹਿੰਦੀ ਰਹੀ ਹਾਂ।

ਕੁੜੀ ਕੱਪ ਵਿੱਚ ਚਾਹ ਪਾਉਂਦਿਆਂ-ਪਾਉਂਦਿਆਂ-

-ਅੰਮ੍ਰਿ, ਤੁਸੀਂ ਤਾਂ ਆਪਣੇ ਉਪਰ ਬਹੁਤ ਕਾਬੂ ਰੱਖਦੇ ਹੋ। ਮੈਂ ਤਾਂ ਇੰਨੀ ਤਕਲੀਫ ਸਹਿਣ ਨਹੀਂ ਕਰ ਸਕਦੀ।

-ਕੁੜੀਏ, ਬੱਚਾ ਬਨਾਉਣ ਵਿਚ ਹੀ ਦਰਦ ਦਾ ਸਾਜ਼-ਸ਼ਿੰਗਾਰ ਪਤਾ ਲੱਗਦਾ ਹੈ।

-ਅੰਮ੍ਰਿ, ਭਲਾ ਇਸ ਤਰ੍ਹਾਂ ਵੀ ਕੀ ਸੁਨਾਉਣਾ

-ਦਰਦ ਵੀ ਕਈ ਕਿਸਮ ਦੇ। ਹਲਕਾ, ਤੇਜ਼, ਹੋਰ ਤੇਜ਼। ਕੁੜੀਏ, ਇਸ ਲੋਕ ਦਾ ਸਾਰਾ ਖੇਡ ਹੀ ਇਸ ਵਿਚ ਸਮਾਇਆ ਰਹਿੰਦਾ ਹੈ।

ਕੁੜੀ ਨੂੰ ਮੁਸਕੁਰਾਉਂਦਿਆਂ ਦੇਖ-



-ਇਹ ਝੱਖੜ ਇਕ ਵਾਰ ਔਰਤ ਦੀ ਦੇਹ ਉੱਪਰੋਂ ਗੁਜ਼ਰ ਜਾਂਦਾ ਹੈ ਤਾਂ ਮਾਸ-ਪੇਸ਼ੀਆਂ, ਤੰਤੂ, ਸਭ ਮਜ਼ਬੂਤ ਹੋ ਜਾਂਦੇ ਨੇ। ਭਲਾ ਤੇਰੇ ਵਿਚ ਇਹ ਸਹਿਣ-ਸ਼ਕਤੀ ਕਿੱਥੋਂ ਆਉਂਦੀ!

-ਮੇਰੀ ਛੱਡੋ! ਤੁਹਾਨੂੰ ਜਦ ਪਹਿਲਾਂ ਬੱਚਾ ਠਹਿਰਿਆ ਤਾਂ....

ਅੰਮ੍ਰਿ ਉਤਸ਼ਾਹ ਨਾਲ-

-ਮੈਂ ਚੌਕਸ! ਕੰਮ ਕਾਜ ਸਭ ਫੁਰਤੀ ਨਾਲ ਕਰਦੀ ਸੀ। ਕੁੜੀਏ, ਬੱਚਾ ਬਨਾਉਣਾ ਇਕ ਪ੍ਰਕਾਰ ਦਾ ਯੱਗ ਹੀ ਹੈ ਨੀਂ! ਇਨ੍ਹੀਂ ਦਿਨੀਂ ਔਰਤ ਪੂਰੇ ਬ੍ਰਹਿਮੰਡ ਵਿੱਚੋਂ ਸ਼ਕਤੀ ਦੇ ਕਣ ਖਿੱਚ ਕੇ ਆਪਣੀ ਊਰਜਾ ਚਮਕਾ ਲੈਂਦੀ ਹੈ। ਆਪਣੇ ਆਪ ਵਿਚ ਕੁਝ ਵਿਸ਼ੇਸ਼ ਹੀ ਜਿਊਂਦੀ ਹੈ। ਆਪਣੇ ਅੰਦਰ ਦਾ ਆਕਾਸ਼ ਦੇਖਦੀ ਹੈ। ਜੀਵ ਪੈਦਾ ਕਰਨ ਵਿਚ ਉਸਦੀ ਗੂੰਜ ਕੁਦਰਤ ਨਾਲ ਮਿਲੀ ਰਹਿੰਦੀ ਹੈ।

-ਅੰਮ੍ਰਿ, ਜਦ ਬੱਚਾ ਆਉਣ ਨੂੰ ਹੋਇਆ ਤਾਂ....

-ਮੈਂ ਛੋਟੇ ਛੋਟੇ ਝਬਲੇ ਸਿਉਂ ਕੇ ਉਨ੍ਹਾਂ 'ਤੇ ਤਣੀਆਂ ਲਮਕਾ ਰਹੀ ਸੀ ਕਿ ਅੰਦਰ ਹਿੱਲਜੁਲ ਸ਼ੁਰੂ ਹੋ ਗਈ।

ਤੇਰੇ ਪਿਤਾ ਜੀ ਸੌਣ ਦੀ ਤਿਆਰੀ ਵਿਚ ਸਨ। ਮੈਂ ਕਿਹਾ-ਅੱਜ ਤਾਂ ਤੁਹਾਡੀ ਨੀਂਦ ਗਈ। ਜੈਕਬ ਨੂੰ ਬੁਲਾਉਣਾ ਪਵੇਗਾ, ਜਲਦੀ ਹੀ।

-ਫੇਰ ?

-ਫੇਰ ਕੀ! ਤਿਆਰੀ ਪੂਰੀ ਸੀ। ਐਧਰ ਡਾਕਟਰ ਪਹੁੰਚੀ, ਉਧਰ ਮੇਰੀ 'ਟੀਕਾ' ਬੇਟੀ ਆਣ ਵਿਰਾਜੀ।

-ਅੰਮ੍ਰਿ, ਕੁੜੀ ਨੂੰ ਦੇਖ ਮਨ ਉਦਾਸ ਤਾਂ ਹੋਇਆ ਹੋਵੇਗਾ!

-ਐਨੀ ਚਲਾਕ ਨਾ ਬਣ, ਕੁੜੀਏ! ਆਪਣੇ ਦਿਲ ਤੋਂ ਪੁੱਛ। ਕਦੇ ਤੁਹਾਡੇ ਭੈਣਾਂ-ਭਾਈਆਂ ਨਾਲ ਕੋਈ ਭੇਦਭਾਵ ਕੀਤਾ ਗਿਆ ?

-ਨਹੀਂ ਅੰਮ੍ਰਿ, ਕਦੇ ਨਹੀਂ। ਪਰ ਸਭ ਘਰਾਂ ਵਿਚ ਕੁੜੀਆਂ ਦੇ ਨਾਲ ਅਜਿਹਾ ਨਹੀਂ ਹੁੰਦਾ। ਕੁੜੀ ਦੇ ਪਹੁੰਚਦਿਆਂ ਹੀ ਨਿਰਾਸ਼ਾ ਆ ਜਾਂਦੀ ਹੈ।

-ਕੁੜੀਏ, ਤੁਹਾਡੇ ਮਾਤਾ-ਪਿਤਾ ਨੇ ਕਦੇ ਕੋਈ ਫਰਕ ਨਹੀਂ ਰੱਖਿਆ।

ਗੱਲ ਸੁਣ। ਆਪਣੀ ਸਮਰੂਪਾ ਪੈਦਾ ਕਰਨਾ ਮਾਂ ਲਈ ਬੜਾ ਮਹੱਤਵਪੂਰਨ ਹੈ। ਪੁੰਨ ਹੈ। ਬੇਟੀ ਦੇ ਪੈਦਾ ਹੁੰਦੇ ਹੀ ਮਾਂ ਸਦਾਜੀਵੀ ਹੋ ਜਾਂਦੀ ਹੈ। ਉਹ ਕਦੇ ਨਹੀਂ ਮਰਦੀ। ਹੋ ਜਾਂਦੀ ਹੈ ਉਹ ਇਕ ਨਿਰੰਤਰਤਾ। ਉਹ ਅੱਜ ਹੈ, ਕੱਲ੍ਹ ਵੀ ਰਹੇਗੀ। ਮਾਂ ਤੋਂ ਬੇਟੀ ਤੱਕ। ਬੇਟੀ ਤੋਂ ਉਸ ਦੀ ਬੇਟੀ, ਉਸਦੀ ਬੇਟੀ ਤੋਂ ਵੀ ਅਗਲੀ ਬੇਟੀ। ਅਗਲੀ ਤੋਂ ਵੀ ਅਗਲੀ। ਉਹੀ ਸ੍ਰਿਸ਼ਟੀ ਦੀ ਸ੍ਰੋਤ ਹੈ।

-ਅੰਮ੍ਰਿ, ਪਿਤਾ ਦੀ ਪ੍ਰਸੰਸਾ ਵਿਚ ਵੀ ਕੁਝ ਕਰੋ।

-ਪਿਤਾ ਦੀ ਪ੍ਰਸੰਸਾ ਭਲਾ ਕੀ ਘੱਟ!

ਇਨਸਾਨ ਦੇ ਬੱਚਿਆਂ ਵਿੱਚ ਦੌੜਦਾ ਹੈ ਲਹੂ ਪਿਤਾਵਾਂ ਦਾ ਹੀ। ਪਿਤਾ ਦੀ ਤਾਂ ਬੜੀ ਉਸਤਤ। ਦੇਵੀ ਤਮਸਾ ਦਾ ਭਗਤ। ਪਰਿਵਾਰ ਦੀ ਜੋਤ ਉਸੇ ਦੇ ਵਰਦਾਨ ਨਾਲ ਬਲਦੀ ਹੈ। ਕੁਦਰਤ ਦੇ ਨਿਯਮ ਦੇਖੋ। ਪਿਤਾ ਨੂੰ ਸੱਚੀ ਸਮਰੱਥਾ ਦਿੱਤੀ ਮਨੁੱਖ ਦਾ ਅੰਸ਼ ਪ੍ਰਦਾਨ ਕਰਨ ਦੀ ਤੇ ਕਾਇਆ ਘੜਨ ਵਿਚ ਉਸ ਨੂੰ ਬਾਹਰ ਹੀ ਰੱਖ ਦਿੱਤਾ। ਪਿਤਾ ਬਾਹਰ ਖੜ੍ਹਾ ਰਹਿੰਦਾ ਹੈ ਤੇ ਮਾਂ ਅੰਦਰ ਬੱਚਾ ਜਣਦੀ ਹੈ। ਇਸੇ ਨਾਲ ਮਾਂ ਜਨਣੀ ਕਹਾਉਂਦੀ ਹੈ। ਉਹੀ ਆਪਣੇ ਤਨ-ਮਨ ਵਿਚ ਬੱਚੇ ਦੀ ਕਾਇਆ ਉਗਾਉਂਦੀ ਹੈ।

ਕੁੜੀ ਹੱਸ ਕੇ-

-ਅੰਮ੍ਰ, ਤੁਸੀਂ ਤਾਂ ਕਿਤਾਬਾਂ ਵਿਚੋਂ ਬੋਲ ਰਹੇ ਹੋ।

-ਕੁੜੀਏ, ਤੇਰੀ ਮਾਂ ਨੇ ਪਤੰਜਲੀ ਨਹੀਂ ਪੜ੍ਹਿਆ ਤਾਂ ਕੀ ਹੋਇਆ। ਵਿਦਿਆ ਸੁਣੀ ਜਾਂਦੀ ਹੈ, ਦੇਖੀ ਜਾਂਦੀ ਹੈ ਤੇ ਜਿਊਂਈ ਵੀ ਜਾਂਦੀ ਹੈ।

-ਜੀ ਅੰਮ੍ਰ!

-ਹਰ ਨਰ ਆਪਣੇ ਆਪ ਨੂੰ ਪਰਮ ਪੁਰਸ਼ ਸਮਝਦਾ ਹੈ। ਜਾਣਦੀ ਹੈਂ ਕਿਉਂ?

ਇਸ ਲਈ ਕਿ ਜੀਵਨ ਦੀ ਕਸਤੂਰੀ ਉਸੇ ਨੂੰ ਲੱਗੀ ਹੈ। ਕੁੜੀਏ, ਜੀਵਨ ਹਿਰਨ ਹੈ ਹਿਰਨ। ਕਸਤੂਰੀ ਮਿਰਗ। ਇਸ ਛਿਣ-ਭੰਗਰ ਜਗਤ ਵਿਚ ਆਪਣੀ ਮਹਿਕ ਫੈਲਾਈ ਇਹ ਗਿਆ ਤੇ ਉਹ ਗਿਆ। ਥੋੜ੍ਹੇ ਜਿਹੇ ਪਲਾਂ ਵਾਸਤੇ ਔਰਤ ਇਸ ਭੱਜਦੇ ਹੋਏ ਹਿਰਨ ਨੂੰ ਪਕੜ ਲੈਂਦੀ ਹੈ ਤੇ ਆਪ ਹਿਰਨੀ ਬਣ ਜਾਂਦੀ ਹੈ। ਇਹੀ ਸ੍ਰਿਸ਼ਟੀ ਦਾ ਖੇਡ ਹੈ। ਇਥੋਂ ਹੀ ਚੱਲ ਪਈ ਪੀੜ੍ਹੀ ਸੰਤਾਨ ਦੀ ਅਟੁੱਟ ਕੜੀ।

ਕੁੜੀਏ, ਸੰਸਾਰ ਦੀ ਆਤਮਾ ਇਸੇ ਵਿੱਚ ਨਿਵਾਸ ਕਰਦੀ ਹੈ। ਸਰੀਰ ਦਾ ਵਿਨਾਸ਼ ਹੁੰਦਾ ਹੈ, ਆਤਮਾ ਦਾ ਨਹੀਂ। ਪਾਣੀ ਸੁੱਕ ਜਾਂਦਾ ਹੈ ਪਰ ਲਹੂ ਨਹੀਂ। ਵਹਿੰਦਾ ਰਹਿੰਦਾ ਹੈ ਬੱਚਿਆਂ ਦੇ ਬੱਚਿਆਂ ਅੰਦਰ, ਉਹਨਾਂ ਦੇ ਵੀ ਬੱਚਿਆਂ ਅੰਦਰ।

-ਅੰਮ੍ਰ, ਉਹ ਨਰ-ਮਿਰਗ....

-ਨਰ-ਮਿਰਗ ਅੰਦਰ ਪੁੱਤਰ ਦੀ ਗਹਿਰੀ ਲਾਲਸਾ! ਉਸਦੇ ਤਨ-ਮਨ ਵਿਚ ਭਰੀ ਹੈ। ਉਸਦੀ ਪ੍ਰਕ੍ਰਿਤੀ ਤੇ ਪ੍ਰਵ੍ਰਿਤੀ ਦੋਵਾਂ ਵਿਚ ਮੌਜੂਦ ਹੈ।

ਪੁੱਤਰ-ਪੋਤਰਾ-ਪੜਪੋਤਰਾ ਪਿਤਾ ਬਣ ਕੇ ਉਹ ਅੱਗੇ ਤੋਂ ਅੱਗੇ ਦੀ ਸੋਚਦਾ ਹੈ। ਪਰਿਵਾਰ ਨੂੰ ਘੇਰੇ ਵਿਚ ਬੰਨ੍ਹ ਲੈਂਦਾ ਹੈ। ਸੁਣ ਰਹੀ ਐਂ ਨਾ! ਕਿਸ ਧਿਆਨ ਵਿਚ ਹੈਂ। ਪਰਿਵਾਰ ਆਪਣੇ ਚਾਹੁਣ ਕਰਨ ਨਾਲ ਨਹੀਂ ਬਣਦਾ, ਉਹ ਮਨੁੱਖ ਦਾ ਪਹਿਲਾਂ ਕਮਾਇਆ ਹੁੰਦਾ ਹੈ। ਉਸਦੇ ਪੁੰਨਾਂ ਦਾ ਫਲ। ਕੁੜੀਏ, ਪਿਤਾ ਜਲ ਦਾ ਭੰਡਾਰ ਹੈ। ਪੀੜ੍ਹੀ ਦਰ ਪੀੜ੍ਹੀ ਪਰਿਵਾਰ ਸਿੰਜਦਾ ਚਲੇ ਜਾਂਦਾ ਹੈ।

ਪਿਤਾ 'ਤੇ ਪੁੱਤਰ ਤੋਂ ਕਿਤੇ ਜ਼ਿਆਦਾ ਉਸਦੇ ਪੋਤਰੇ ਦਾ ਅਧਿਕਾਰ ਬਣਦਾ ਹੈ। ਭਾਵੇਂ ਉਹ ਆਪਣੇ ਪਰਿਵਾਰ ਤੋਂ ਬੇਮੁਖ ਹੋ ਜਾਏ, ਪਰ ਆਪਣੇ ਫਰਜ਼ਾਂ ਤੋਂ ਨਹੀਂ ਹੁੰਦਾ।

ਅੰਮ੍ਰ ਹੱਸ ਕੇ-

-ਮੁਕਤੀ ਦੀ ਰਾਹ ਤਾਂ ਮੈਂ ਦੇਖ ਰਹੀ ਹਾਂ। ਕੁੜੀਏ, ਮੇਰੇ ਗਲੇ ਨੂੰ ਕੁਝ ਚਾਹੀਦੈ। ਠੰਡਾ ਦੇਣੈ ਤਾਂ ਨਿੰਬੂ ਪਾਣੀ, ਨਹੀਂ ਤਾਂ ਗਰਮ-ਗਰਮ ਚਾਹ!

ਕੁੜੀ ਚਾਹ ਦੀ ਟ੍ਰੇ ਮੇਜ਼ ਉਪਰ ਰੱਖਦੀ ਹੈ।

-ਚੰਗਾ ਕੀਤਾ। ਠੰਢੇ 'ਤੇ ਮਨ ਸੀ, ਪਰ ਤਲਬ ਚਾਹ ਦੀ ਸੀ। ਕੁੜੀਏ! ਤਜ਼ਰਬਾ, ਪੜ੍ਹਨ ਤੇ ਮਨਨ ਕਰਨ ਨਾਲ ਬੁੱਧੀ ਤੇਜ਼ ਜ਼ਰੂਰੀ ਹੁੰਦੀ ਹੈ ਪਰ ਜਿਉਂ ਕੇ ਹੀ ਉਸ ਵਿਚ ਅਰਥ ਪੈਦਾ ਹੁੰਦੇ ਹਨ। ਸੋਚ ਉੱਭਰਦੀ ਹੈ ਦਿਮਾਗ਼ 'ਚੋਂ ਤੇ ਦਿਮਾਗ਼ ਹੁੰਦਾ ਹੈ ਰੂਹ ਵਿਚ। ਆਤਮਾ ਵਿਚ।

-ਤੇ ਅੰਮੀ, ਦਿਲ?

-ਦਿਲ ਬੜਾ ਦਾਓ-ਪੇਚੀ ਹੈ। ਪਾਕ-ਸਾਫ਼ ਤਾਂ ਆਤਮਾ ਹੀ ਹੈ। ਚੇਤਨ ਤੇ ਚੇਤੰਨਯ। ਚੇਤੰਨਯ ਹੁੰਦਾ ਹੈ ਪਾਣੀ ਦੇ ਰੰਗ ਵਰਗਾ। ਨਿਰਮਲ। ਓਹੀ ਇਹ ਦੇਹ ਦਾ ਈਸ਼ਵਰ ਹੈ।

-ਮਮ੍ਰ!

ਅਚਾਨਕ ਰੋਸੇ ਨਾਲ-

-ਬਹੁਤ ਹੋ ਚੁੱਕਿਆ ਪ੍ਰਵਚਨ। ਹੁਣ ਕੁਝ ਦੇਰ ਅਰਾਮ ਕਰਨ ਦਿਓ।

ਕੁੜੀ ਉਠ ਕੇ ਦਰਵਾਜ਼ੇ ਵੱਲ ਵੱਧਦੀ ਹੈ।



ਅੰਮ੍ਰ ਆਵਾਜ਼ ਲਗਾ ਕੇ-

-ਆ ਜਾਊ! ਗੱਲ ਤਾਂ ਪੂਰੀ ਹੋਣ ਦਿਓ ਮੇਰੀ!

ਕੁੜੀ ਦੁਬਾਰਾ ਕੁਰਸੀ 'ਤੇ ਬੈਠ ਜਾਂਦੀ ਹੈ।

-ਜੀ ਅੰਮ੍ਰ! ਕਹੋ!

-ਨਰ ਜਿਸ ਪਾਣੀ ਵਿਚ ਇਸ਼ਨਾਨ ਕਰਦਾ ਹੈ, ਨਾਰੀ ਉਸੇ ਨੂੰ ਧਾਰਣ ਕਰ ਕੇ ਹਰਿਆਉਂਦੀ ਹੈ। ਉਹ ਰਾਤ ਦੇ ਟੁਕੜੇ ਕਰ ਸੁੱਟਦਾ ਹੈ ਤੇ ਇਹ ਉਹਨਾਂ ਨੂੰ ਪਰੋ ਕੇ ਗਲੇ ਵਿਚ ਪਾ ਲੈਂਦੀ ਹੈ। ਬੱਚਾ ਬਣਾਇਆ ਕਿ ਗਲੇ ਵਿਚ ਮਣਕਾ ਪਾ ਲਿਆ। ਮਾਂ ਨੂੰ ਇਸੇ ਦਾ ਵਰਦਾਨ ਹੈ। ਉਸੇ ਦੇ ਇਕਾਂਤ ਸਰੋਵਰ ਵਿਚੋਂ ਨਿਕਲ ਕੇ ਆਤਮਾ ਦੇਹ ਵਿੱਚ ਪ੍ਰਵੇਸ਼ ਕਰਦੀ ਹੈ ਤਾਂ ਬੱਚਾ ਪੈਦਾ ਹੁੰਦਾ ਹੈ।

-ਅੰਮ੍ਰ, ਇਹ ਗੱਲ ਤਾਂ ਬਹੁਤ ਸੁੰਦਰ ਢੰਗ ਨਾਲ ਕਹਿ ਰਹੇ ਹੋ ਤੁਸੀਂ।

-ਕੁੜੀਏ, ਇਸ ਤਰ੍ਹਾਂ ਮਾਂ ਹਰਾ ਦਿੰਦੀ ਹੈ ਮੌਤ ਨੂੰ! ਸਮਝਦੀ! ਜਿਸ ਦੇ ਹੱਥ ਵਿਚ ਫਲ ਦਾ ਪੁੰਨ ਨਹੀਂ, ਉਹੀ ਨਾਸ਼ਵਾਨ ਹੈ।

ਕੁੜੀ ਗੁੰਮਸੁੰਮ ਛੱਤ ਵੱਲ ਦੇਖਦੀ ਰਹਿੰਦੀ ਹੈ।

ਅੰਮ੍ਰ ਖਿਝ ਕੇ-

-ਕਿਧਰ ਦੇਖ ਰਹੀ ਹੈਂ? ਕਿਤੇ ਕੁਝ ਨਹੀਂ ਰੱਖਿਆ ਹੈ ਤਾਂ ਲੱਭੇਗੀਂ ਕਿੱਥੇ। ਜੋ ਕਿਤਾਬ ਤੇਰੇ ਹਿੱਸੇ ਵਿਚ ਆਈ ਹੈ, ਉਹੀ ਪੜ੍ਹ ਤੇ ਉਹੀ ਲਿਖ। ਤੂੰ ਉਮਰ-ਭਰ ਏਹੀ ਕਰਨਾ ਹੈ। ਤੂੰ ਐਨਾ ਹੀ ਕਰੇਂਗੀ।

ਲੰਬਾ ਮੌਨ।

-ਕੁੜੀਏ, ਲੰਬੇ-ਚੌੜੇ ਰੇਗਿਸਤਾਨ ਨਾਲੋਂ ਤਾਂ ਗਾਗਰ-ਭਰ ਪਾਣੀ ਚੰਗਾ। ਖਾਤੇ ਵਿਚ ਕੁਝ ਹੋਵੇ ਵੀ ਤਾਂ।

-ਅੰਮ੍ਰ, ਇਸ ਗੱਲ ਨੂੰ ਛੱਡ ਦਿਓ, ਪਿਤਾ 'ਤੇ ਆਓ।

-ਪਿਤਾ ਬਣ ਕੇ ਮਰਦ ਘਾਟੇ ਵਿਚ ਰਹਿੰਦਾ ਹੈ। ਇਕੱਲਾ ਰਹਿ ਜਾਂਦਾ ਹੈ। ਬੱਚੇ ਵਾਲੀ ਔਰਤ ਜਦ ਕਦ ਉਸਦੇ ਲਈ ਅੰਗੂਰ ਦਾ ਰੱਸ ਟਪਕਾਉਂਦੀ। ਉਹ ਤਾਂ ਆਪਣੇ ਬੱਚੇ ਦੀ ਮਾਂ ਬਣ ਜਾਂਦੀ ਹੈ। ਤੂੰ ਇਹ ਵੇਦਾਂ ਦੀ ਤੁਕ ਨਹੀਂ ਪੜ੍ਹੀ, ਫਿਰ ਵੀ ਐਨਾ ਤਾਂ ਜਾਣਦੀ ਹੈਂ ਕਿ ਆਤਮਾ ਤੇ ਦੇਹ ਮਿਲ ਕੇ ਹੀ ਦੁਨੀਆਂ ਦਾ ਸੁਪਨਾ ਬੁਣਦੇ ਨੇ। ਦੋਨਾਂ ਵਿਚੋਂ ਕਿਸੇ ਇਕ ਦੀ ਕੋਈ ਬਿਸਾਤ ਨਹੀਂ। ਸਮਝਦੀ।

ਕੁੜੀ ਝੁੰਜਲਾ ਕੇ-

-ਨਹੀਂ, ਮੈਂ ਕੁਝ ਨਹੀਂ ਸਮਝਦੀ!

-ਕੁੜੀਏ, ਇਹ ਖਾਲੀ ਮਮਤਾ-ਮੋਹ ਦੀ ਉਸਤਤ ਨਹੀਂ, ਕੁਝ ਹੋਰ ਵੀ ਹੈ।

ਇਕ ਗੱਲ ਸੱਚ ਸੱਚ ਕਹੀਂ। ਕੀ ਕਿਸੇ ਨੇ ਤੇਰੀ ਇੱਛਾ ਅਨੁਸਾਰ ਤੈਨੂੰ ਜਾਣਿਆ ਹੈ? ਚਾਹਿਆ ਹੈ?

ਕੁੜੀ ਮੌਨ ਰਹਿੰਦੀ ਹੈ।

-ਲਚਕ ਨਾ ਹੋਵੇ, ਝੁਕਣਾ ਨਾ ਆਉਂਦਾ ਹੋਵੇ, ਤਾਂ ਭਲਾ ਅੱਗੇ ਵੱਧ ਕੇ ਕੌਣ ਰਾਹ ਰੋਕ ਲਏਗਾ। ਅੱਜ ਵੀ ਉਥੇ ਈ ਜਿੱਥੇ ਕਲ੍ਹ ਸੀ। ਕੱਲ੍ਹ ਵੀ ਉਥੇ ਈ ਜਿੱਥੇ ਅੱਜ। ਕੁਝ ਤਰਕਸੰਗਤ ਲੱਗ ਰਹੀ ਹੈ ਮੇਰੀ ਗੱਲ ਕਿ ਨਹੀਂ?

-ਹਾਂ ਅੰਮ੍ਰ!

-ਕੁੜੀਏ, ਕਿਸੇ ਦਾ ਸੰਗ ਸਾਥ ਪਾ ਕੇ ਹਸਤੀ ਕੁਝ ਹੋਰ ਈ ਹੋ ਉੱਠਦੀ ਹੈ। ਅੰਦਰ ਬਾਹਰ

ਹਰਿਆਲੀ ਉੱਗਣ ਲੱਗਦੀ ਹੈ।

ਤੂੰ ਵੀ ਕੁਝ ਕਹਿ ਕਿ ਮੈਂ ਹੀ ਸਭ ਕੁਝ ਕਹਿੰਦੀ ਰਹਾਂਗੀ! ਪੌੜੀ 'ਤੇ ਚੜ੍ਹਨ ਲਈ ਪੈਰ ਹਰਕਤ ਨਾ ਕਰਨ ਤਾਂ ਕਿਹੜਾ ਪੁੰਨ ਆਪਣੇ ਆਪ ਆਣ ਮਿਲੇਗਾ! ਇਕ ਵਾਰ ਦਾ ਵਿਛੜਿਆ ਸੰਯੋਗ ਕਈ ਜਨਮਾਂ 'ਤੇ ਜਾ ਪੈਂਦਾ ਹੈ।

ਕੁੜੀ ਨੂੰ ਮੁਸਕਰਾਉਂਦੇ ਦੇਖ, ਅਚਾਨਕ ਨਰਮ ਹੋ ਕੇ

–ਕੁਸ਼ ਦਾ ਕੁਸ਼ ਕਹਿੰਦੀ ਜਾ ਰਹੀ ਆਂ। ਸੰਯੋਗ ਬਲਵਾਨ ਹੋਣ ਤਾਂ ਪੁੰਨ ਆਪਣੇ ਆਪ ਜੁੜਦੇ ਚਲੇ ਜਾਂਦੇ ਨੇ।

ਕੁੜੀ ਖਿੜਖਿੜਾ ਕੇ ਹੱਸਦੀ ਹੈ।

ਅੰਮੀ ਸਹਿਮੀ ਜਿਹੀ ਆਵਾਜ਼ ਵਿੱਚ–

–ਮੇਰੀਆਂ ਅੱਖਾਂ ਦੇ ਅੱਗੇ ਇਕ ਗੁਟਾਰ ਫੜਫੜਾਈ ਹੈ। ਪੱਖੇ ਨਾਲ ਟਕਰਾ ਜਾਏਗੀ। ਨਹੀਂ–ਨਹੀਂ, ਇਹ ਚਿੜੀ ਨਹੀਂ, ਖਰਗੋਸ਼ ਹੈ। ਇਸ ਨੂੰ ਫੜ ਕੇ ਮੈਨੂੰ ਦੇ ਦਿਉ। ਨਹੀਂ ਤਾਂ ਦੌੜ ਜਾਏਗਾ ਦੂਰ, ਹੋਰ ਦੂਰ।

ਸੂਸਨ ਨੇੜੇ ਝੁਕ ਕੇ–

–ਅੰਮੀ, ਜ਼ਰਾ ਤੁਹਾਡੇ ਗਿੱਲੇ ਕੱਪੜੇ ਬਦਲ ਦੇਈਏ।

–ਯਾਦ ਆ ਗਈ ਤੁਹਾਨੂੰ ? ਜਦ ਚਾਹਿਆ ਬਿਸਤਰਾ ਬਦਲ ਦਿੱਤਾ, ਦਵਾਈ ਫੜ ਲਈ, ਚਾਰਟ ਲਿਖ ਲਿਆ। ਐਨਾ ਹੀ ਨਾ। ਵੈਸੇ ਆਪਣੇ ਕੰਮ ਤੋਂ ਬੇਖਬਰ ਰਹਿੰਦੀ ਐਂ।

–ਨਹੀਂ, ਅੰਮੀ ਜੀ।

–ਸੂਸਨ, ਮਟਨ ਪੱਕ ਰਿਹਾ ਹੈ। ਅੱਜ ਮੇਰਾ ਮਨ ਸੀ ਇਸ 'ਤੇ। ਪਿੱਠ ਵਿਚ ਠੰਡਕ ਮਹਿਸੂਸ ਕਰ ਰਹੀ ਆਂ। ਰਿੱਝਣ ਦੀ ਚੰਗੀ ਖੁਸ਼ਬੂ ਆ ਰਹੀ ਐ। ਕੁੜੀਏ, ਚੰਗਾ ਕੀਤਾ ਜੋ ਯਖਨੀ ਨਹੀਂ ਬਣਵਾ ਦਿੱਤੀ। ਨਹੀਂ ਤਾਂ ਲੱਗਦਾ ਮੈਂ ਅੱਜ ਹੀ ਪਾਰ ਹਾਂ।

–ਅੰਮੂ, ਭਲਾ ਵਾਰ ਵਾਰ ਇਹ ਕੀ ?

–ਠੀਕ ਕਹਿ ਰਹੀ ਐਂ। ਮੈਨੂੰ ਪਰਵਾਸੀ ਰੋਗ ਲੱਗ ਗਿਆ ਹੈ। ਏਹੀ ਕਿ ਜਾਣਾ ਹੈ। ਜਾਣਾ ਹੀ ਪਵੇਗਾ, ਜਾਣਾ ਹੀ ਹੈ। ਕੁੜੀਏ, ਜਦ ਰਾਹਦਾਰੀ ਉੱਪਰ ਵਾਲੇ ਦੀ ਨਜ਼ਰ ਵਿੱਚ ਆ ਜਾਏ ਤਾਂ ਸਮਝੋ ਤਰੀਖ ਨਿਕਲੀ ਹੀ ਨਿਕਲੀ।

ਇਕ ਗੱਲ ਤਾਂ ਦੱਸ! ਅਗਲੇ ਮਹੀਨੇ ਤੱਕ ਤਾਂ ਸਹਿਤੂਤ ਪੱਕ ਜਾਣਗੇ ਨਾ। ਭਲਾ ਕਿੰਨੇ ਦਿਨ ਬਾਕੀ ਨੇ ਨਵੇਂ ਮਹੀਨੇ ਨੂੰ।

–ਸਿਰਫ਼ ਦੱਸ, ਅੰਮੂ।

ਅੰਮੂ ਇਕਾਗਰ ਹੋ ਕੇ, ਉਂਗਲੀਆਂ 'ਤੇ.....

–ਇਕ–ਦੋ–ਤਿੰਨ–ਚਾਰ–ਪੰਜ–ਛੇ...ਹਾਲੇ ਬਹੁਤ ਦੇਰ ਹੈ, ਕੁੜੀਏ, ਹਾਲੇ ਤਾਂ ਬਹੁਤ ਦਿਨ ਬਾਕੀ ਨੇ।

ਕੁੜੀ ਮਾਂ ਦਾ ਮੱਥਾ ਸਹਿਲਾਉਂਦੀ ਹੈ।

ਅੰਮੂ ਚੌਕੰਨੀ ਹੋ ਕੇ–

–ਅਕਾਸ਼ ਵਿਚ ਉਡਦੇ ਪੰਛੀ ਤਾਂ ਦੇਖੇ ਨੇ ਨਾ ਤੂੰ। ਟਹਿਣੀਆਂ ਤੋਂ ਫੁੱਟਦੀਆਂ ਹਰੀਆਂ ਹਰੀਆਂ ਕਰੂੰਬਲਾਂ ਵੀ ਦੇਖੀਆਂ ਹੋਣਗੀਆਂ। ਬਦਲਦੀ ਰੁੱਤ ਦੀਆਂ ਹਵਾਵਾਂ ਵੀ ਮਹਿਸੂਸ ਕੀਤੀਆਂ ਹੋਣਗੀਆਂ। ਤਰੇਲ ਪਈ ਘਾਹ 'ਤੇ ਨੰਗੇ ਪੈਰ ਤਾਂ ਚੱਲੀ ਹੈਂ ਨਾ। ਸਰਦੀਆਂ ਦੀ ਨਿੱਘੀ ਧੁੱਪ ਵੀ ਸੇਕੀ ਹੋਏਗੀ।



ਕੁੜੀਏ, ਦੁਨੀਆਂ ਵਿਚ ਕੀ ਕੀ ਨਿਆਮਤਾਂ ਭਰੀਆਂ ਪਈਆਂ ਹਨ। ਵਿਛੋੜੇ ਦੇ ਸੁੱਖ ਤੋਂ ਅਲੱਗ ਕਈ ਹੋਰ ਵੀ ਸੁਖ ਨੇ ਦੁਨੀਆਂ ਵਿੱਚ। ਜਾਣਦੀ ਹੈਂ ਨਾ।

–ਜੀ ਅੰਮੂ।

–ਆਪਣੇ ਲਈ ਦੁੱਖ ਨਾ ਮੰਨਣਾ। ਨਿਰਾਸ਼ਾ ਨੂੰ ਪਰ੍ਹੇ ਹੀ ਰੱਖਣਾ। ਤੇਰੇ ਲਈ ਨਿਸ਼ਚਿੰਤ ਹਾਂ। ਨਾ ਤੂੰ ਸਤਾਈ ਜਾ ਸਕਦੀ ਹੈਂ ਤੇ ਨਾ ਕਿਸੇ ਨੂੰ ਸਤਾਉਂਦੀ ਹੈਂ। ਹਾਂ, ਸੋਚ ਕੇ ਦੱਸ ਕਿ ਜ਼ਰੂਰਤ ਪੈਣ 'ਤੇ!

ਕੁੜੀ ਲੰਬੀ ਚੁੱਪ ਦੇ ਬਾਅਦ–

–ਮੈਂ ਕਿਸੇ ਨੂੰ ਨਹੀਂ ਪੁਕਾਰਦੀ। ਜੋ ਮੈਨੂੰ ਆਵਾਜ਼ ਦੇਵੇਗਾ, ਮੈਂ ਉਸ ਨੂੰ ਜਵਾਬ ਦੇਵਾਂਗੀ। ਅੰਮੂ, ਹੁਣ ਤਾਂ ਤਸੱਲੀ ਹੈ ?

–ਤੂੰ ਮੇਰੇ ਮਨ ਦੀ ਸੰਤਾਨ ਹੈਂ। ਜਾਣਦੀ ਹਾਂ, ਇਸ ਪਥਰੀਲੀ ਕਰੜੀ ਤਹਿ ਥੱਲੇ ਪਾਣੀ ਦੇ ਸ੍ਰੋਤ ਜ਼ਰੂਰ ਹੋਣਗੇ।

ਕੁੜੀ ਤਮਤਮਾ ਕੇ–

–ਅੰਮੂ, ਇਸ ਦਾ ਜ਼ਿਕਰ ਬਿਲਕੁਲ ਵੀ ਜ਼ਰੂਰੀ ਨਹੀਂ। ਜੋ ਹਾਂ, ਜਿਹੋ ਜਿਹੀ ਹਾਂ, ਉਹੋ ਜਿਹੀ ਰਹਾਂਗੀ।

–ਚੱਲ, ਤੇਰੀ ਹੀ ਮੰਨ ਲੈਂਦੀ ਹਾਂ। ਮੇਰੀ ਗੱਲ ਦਾ ਧਿਆਨ ਕਰੀਂ। ਹੁਣ ਆਪਣੇ ਵਿਚੋਂ ਕਿਸੇ ਪਰਾਏ ਨੂੰ ਉਗਾਉਣ ਦੀ ਜ਼ਰੂਰਤ ਨਹੀਂ। ਕਿਸੇ ਦੇ ਧੱਕਣ ਨਾਲ ਕੋਈ ਦੌੜਾਕ ਨਹੀਂ ਬਣ ਜਾਂਦਾ। ਖੁਦ ਆਪਣੀ ਦੌੜ ਦੌੜਣ ਤੇ ਦੌੜਾਕ ਕਹਾਉਂਦਾ ਹੈ।

–ਸਭ ਦੇ ਵੱਸ ਦੀ ਨਹੀਂ।

–ਤੇਰੇ ਵਰਗੀ ਨਿਜਕਾਰੀ–ਗੂੰਜ ਲਈ ਬੜਾ ਅਕਾਸ਼ ਤੇ ਬੜੀ ਧਰਤੀ ਚਾਹੀਦੀ ਐ।

–ਛੋਟੀਆਂ ਗੱਲਾਂ ਦਾ ਧਿਆਨ ਨਹੀਂ ਕਰਨਾ। ਜੋ ਦਿਲਾਂ 'ਤੇ ਕੁੰਡੀਆਂ ਚੜ੍ਹਾ ਲੈਂਦੇ ਨੇ, ਉਨ੍ਹਾਂ ਦਾ ਆਕਾਸ਼ ਉਨ੍ਹਾਂ ਤੱਕ ਸੀਮਤ ਰਹਿ ਜਾਂਦਾ ਹੈ। ਉਨ੍ਹਾਂ ਦੀ ਦੌੜ ਵੀ ਉਨ੍ਹਾਂ ਦੇ ਘਰ ਤੱਕ ਹੀ ਖਤਮ। ਬੱਸ ਉਸੇ ਦੇ ਆਸ ਪਾਸ ਥੱਪ–ਥੱਪ ਰੋਟੀਆਂ ਥੱਪਦੇ ਰਹੋ, ਮੱਕੜੀ ਦਾ ਜਾਲ ਬੁਣਦੇ ਜਾਓ। ਸੁਣ ਰਹੀ ਹੈਂ ਨਾ, ਉਸ 'ਚ ਵੀ ਜ਼ਿਆਦਾ ਕੁਝ ਨਹੀਂ ਰੱਖਿਆ।

–ਅੰਮੂ, ਹੁਣ ਇਨ੍ਹਾਂ ਗੱਲਾਂ ਨੂੰ ਛੱਡ ਦਿਓ ਨਾ।

–ਚਲੋ ਜਾਣ ਤੋਂ ਬਾਅਦ ਤੈਨੂੰ ਕਹਿਣ ਨਹੀਂ ਆਊਂਗੀ। ਤੂੰ ਕਿਸੇ ਦੇ ਅਧੀਨ ਨਹੀਂ। ਅਜ਼ਾਦ ਹੈਂ। ਕੁੜੀਏ, ਇਹੀ ਤਾਕਤ ਹੈ। ਸਮਰੱਥਾ। ਸ਼ਕਤੀ। ਸਮਝ ਰਹੀ ਹੈਂ ਨਾ ?

–ਜੀ।

–ਉਮਰ ਭਰ ਤੇਰੇ ਘਰਵਾਲਿਆਂ ਦੀ ਜੀ–ਜੀ ਸੁਣਦੀ ਆਈ ਹਾਂ। ਮੁਲਾਇਮ ਗੱਲਾਂ। ਇਸ ਅਸਲੀਅਤ ਦੀ ਰਗ–ਰਗ ਤੋਂ ਵਾਕਿਫ਼ ਹਾਂ।

ਅਠਾਰ੍ਹਾਂ ਸਾਲ ਦੀ ਸੀ ਜਦ ਵਿਆਹ ਹੋਇਆ ਸੀ। ਤੇਰੇ ਪਿਤਾ ਬੜੇ ਸੁੰਦਰ, ਸੁਡੌਲ। ਦਿਲ ਦੇ ਸਾਫ਼। ਬੜੀ ਚੰਗੀ ਨਿਭੀ। ਜ਼ਰਾ ਸੋਚ, ਮੈਂ ਕਿੱਥੇ ਤੋਂ ਕਦ ਚੱਲੀ ਸਾਂ।

ਇਕ ਗੱਲ ਦੱਸ ਕੁੜੀਏ! ਤੁਸੀਂ ਲੋਕ ਆਪਣੇ ਆਪ ਨੂੰ ਅਨੋਖਾ ਕਿਉਂ ਸਮਝਦੇ ਹੋ। ਘਰਾਣਿਆਂ ਦੀ ਤੀਸਰੀ ਪੀੜ੍ਹੀ ਆਪਣੇ ਆਪ ਹੀ ਹੇਠਾਂ ਸਰਕ ਜਾਂਦੀ ਹੈ। ਖਾਨਦਾਨ ਦੀ ਨੱਕ 'ਤੇ ਗੁਮਾਨ ਚਿਪਕਿਆਂ ਹੀ ਰਹੇ, ਇਹ ਠੀਕ ਨਹੀਂ।

–ਅੰਮੂ, ਸਾਰੇ ਪਰਿਵਾਰਾਂ ਦੀਆਂ ਆਪਣੀਆਂ–ਆਪਣੀਆਂ ਯਾਦਾਂ ਹੁੰਦੀਆਂ ਨੇ।

–ਹਾਂ! ਹਰ ਕੁੱਲ ਦੀ ਆਪਣੀ ਵੰਸ਼ਾਵਲੀ 'ਤੇ ਸੂਰਜ ਚੜ੍ਹਨਾ ਤੇ ਛਿਪਣਾ ਇਕ ਸਾਥ ਕਦੇ ਪ੍ਰਗਟ ਨਹੀਂ ਹੁੰਦੇ। ਨਹੀਂ ਹੋ ਸਕਦੇ।

ਦੇਖ, ਲੇਟੀ ਹੋਈ ਹਾਂ ਨਾ ਤੇਰੇ ਸਾਹਮਣੇ। ਕਿਤੇ ਤਾਂ ਲੈ ਆਉ ਉਸ ਤਾਜ਼ੀ ਕੁੜੀ ਨੂੰ, ਜਿਸਨੇ ਸ਼ਾਦੀ ਦਾ ਜੋੜਾ ਪਹਿਨ ਰੱਖਿਆ ਸੀ। ਲਿਆ ਸਕਦੀ ਹੈਂ ਕਿਤੇ ਤੋਂ ਉਸ ਨੂੰ ! ਨਹੀਂ ਲਿਆ ਸਕਦੀ ਨਾ ! ਨਹੀਂ.....

ਕੁਝ ਰੁਕ ਕੇ–

–ਕੁੜੀਏ, ਦੁਲਹਨ ਦੇ ਰੂਪ ਵਿਚ ਤੇਰੀ ਮਾਂ ਸੁੰਦਰ ਸੀ। ਦੇਖ ਕੇ ਲੋਕ ਚਾਓ ਕਰਦੇ ਸੀ।

ਸਮਾਂ ਕਿਵੇਂ ਕਾਲ ਬਣ ਜਾਂਦਾ ਹੈ ! ਇਕ ਦੌਰ ਵਿਚ ਪੌੜੀਆਂ ਚੜ੍ਹੀਆਂ ਜਾਂਦੀਆਂ ਹਨ। ਦੂਸਰੇ ਵਿਚ ਉਤਰੀਆਂ ਜਾਂਦੀਆਂ ਹਨ। ਅਜਿਹਾ ਕੋਈ ਨਹੀਂ ਜੋ ਇੱਕੋ ਜਿਹਾ ਦਮਕਦਾ ਰਹੇ।

–ਅੰਮ੍ਰਿ, ਵਿਆਹ ਤੋਂ ਬਾਅਦ ਇਹ ਨਵਾਂ ਪਰਿਵਾਰ ਤੁਹਾਨੂੰ ਕਿਵੇਂ ਲੱਗਿਆ ?

–ਆਪਣੇ ਘਰਵਾਲਿਆਂ 'ਤੇ ਮਾਣ ਨਾ ਕਰ। ਜਦ ਇਸ ਘਰ ਵਿਚ ਪਹੁੰਚੀ ਤਾਂ ਤੁਹਾਡੇ ਕੁੱਲ ਦਾ ਬਾਹੂ–ਬਲ ਢਿੱਲਾ ਪੈ ਚੁੱਕਿਆ ਸੀ। ਗਰੂਰ ਤੇ ਆਕੜ ਦੀ ਕਮੀ ਨਹੀਂ ਸੀ, ਪਰ ਨਿਮਰਤਾ ਤੇ ਹਲੀਮੀ ਵੀ ਬਹੁਤ। ਡਿਉਢੀਆਂ ਵਾਲੀ ਆਣ–ਬਾਣ ਫਿੱਕੀ ਪੈ ਚੁੱਕੀ ਸੀ, ਪਰ ਹਾਲੇ ਮੌਜੂਦ ਤਾਂ ਸੀ ਹੀ। ਕਿਤੇ ਵਰਸਦਾ ਸੀ ਤੇ ਕਿਤੇ ਖੁਸ਼ਕ।

–ਅੰਮ੍ਰਿ, ਪਿਤਾ ਜੀ ਦੀ ਗੱਲ ਕਰੀਏ !

–ਹਾਂ ! ਉਤਰਾਓ ਦਾ ਸਿਲਸਿਲਾ ਘਰਾਣਿਆਂ ਵਿੱਚ ਇਕ ਵਾਰ ਸ਼ੁਰੂ ਹੋ ਜਾਵੇ ਤਾਂ ਖੋਖਲਾ ਕਰ ਕੇ ਹੀ ਦਮ ਲੈਂਦਾ ਹੈ।

ਤੇਰੇ ਪਿਤਾ ਜੀ ਸੁਭਾਅ ਦੇ ਬੜੇ ਸ਼ਾਂਤ। ਗੰਭੀਰ। ਮੈਂ ਜ਼ਰਾ ਸਖਤ। ਪਰ ਮੇਰੇ ਅੰਦਰ ਸਿੱਖਣ ਦੀ ਉਮੰਗ ਸੀ.... ਸਿੱਖਿਆ। ਉਨ੍ਹਾਂ ਤੋਂ ਬਹੁਤ ਕੁਝ ਸਿੱਖਿਆ।

ਅੰਮ੍ਰਿ ਅਚਾਨਕ ਭੜਕ ਕੇ...

–ਮੈਥੋਂ ਗੱਲਾਂ ਦੀ ਜੁਗਾਲੀ ਕਰਵਾਈ ਜਾ ਰਹੀ ਹੈਂ। ਆਖਿਰ ਕਿਉਂ ?

ਮੇਰਾ ਦਿਲ ਲੱਗਾ ਰਹੀ ਹੈਂ ਕਿ ਆਪਣਾ ? ਬੁਢਾਪਾ ਆਦਮੀ ਦੀ ਸਾਰੀ ਸ਼ੋਭਾ ਖਿੱਚ ਲੈਂਦਾ ਹੈ। ਉਸ ਨੂੰ ਸ਼ੋਭਾਹੀਣ ਕਰ ਸੁੱਟਦਾ ਹੈ। ਇਹ ਉਹ ਘਟਾਟੋਪ ਹੈ, ਜੋ ਇਨਸਾਨ ਨੂੰ ਨਿਗਲ ਜਾਂਦਾ ਹੈ। ਸਾਰਿਆਂ 'ਤੇ ਬੋਝ ਬਣੀ ਪਈ ਆਂ। ਇੰਨੀ ਲੰਬੀ ਉਮਰ ਦੀ ਲੋੜ ਭਲਾ ਕੀ ਸੀ !

–ਮੇਰਾ ਦੋਹਤਾ ਸਤਾਈ ਸਾਲ ਦਾ ਤੁਰ ਗਿਆ। ਉਹੋ !! ਕਿਆ ਚੜ੍ਹਤ ਤੇ ਕਿਆ ਕੱਦ–ਬੁੱਤ ! ਬੜਾ ਜ਼ੁਲਮ ਹੋਇਆ ਸੀ। ਪਰ ਇਸ ਦੀ ਕੋਈ ਕੂਕ–ਫਰਿਆਦ ਨਹੀਂ ਸੀ। ਨਾ ਇੱਥੇ ਤੇ ਨਾ ਉੱਪਰ। ਉਹ ਮੌਤ ਨਹੀਂ ਸੀ, ਕਤਲ ਸੀ। ਕੁੜੀਏ, ਉਸਦੀ ਫੋਟੋ ਤਾਂ ਦਿਖਾ ਮੈਨੂੰ। ਅੱਖਾਂ ਦੇ ਅੱਗੇ ਖੜ੍ਹਾ ਹੈ। ਤੇਰੀ ਬੜੀ ਜ਼ਰੂਰਤ ਸੀ, ਬੇਟੇ। ਕਿਵੇਂ ਖੋ ਗਿਆ ! ਉਸ ਦਿਨ ਮੰਗਣੀ ਸੀ ਨਾ। ਮੰਗੇਤਰ ਸਜੀ–ਸਜਾਈ ਬੈਠੀ ਰਹਿ ਗਈ। ਅੰਗੂਠੀ ਨਾ ਪਹੁੰਚੀ ਉਸਦੀ ਉਂਗਲੀ ਤੱਕ। ਕੁੜੀਏ, ਇਹ ਖੇਡ ਖਿਡਾਉਣ ਵਾਲਾ ਕੋਈ ਹੋਰ ਹੀ ਹੈ। ਮੇਰੇ ਬੜੇ ਦੋਹਤੇ ਦੀ ਸੁਣ। ਪੁਰਾਣੇ ਅਕਾਸ਼ ਨੂੰ ਛੂਹਣ ਲਈ ਪਲਟ ਕੇ ਓਹੀ ਰਸਤਾ ਫੜਿਆ। ਉਸੇ ਔਰਤ ਨੂੰ ਲੈ ਆਇਆ। ਘਰ ਦੀ ਬਹੂ ਬਣਾ ਕੇ। ਕਿਆ ਕਿਆ ਯਤਨ ਨਾ ਹੋਏ, ਪਰ ਬੇਟੀ ਚਿੱਤਰਾ। ਤੇਰੇ ਹਿੱਸੇ ਵਿੱਚ ਉਮਰ ਹੀ ਨਹੀਂ ਸੀ। ਸਾਲ ਭਰ ਵਿਚ ਖੇਡ ਖਤਮ ਹੋ ਗਿਆ। ਜਿਸ ਨੂੰ ਜਨਮ ਦਿੱਤਾ ਉਸ ਨੂੰ ਅੱਖਾਂ ਭਰ ਕੇ ਦੇਖ ਨਹੀਂ ਸਕੀ।

–ਸੂਸਨ, ਮੇਰੀਆਂ ਅੱਖਾਂ ਵਿਚ ਕੁਝ ਪਾ। ਪਤਾ ਨਹੀਂ ਕਿਉਂ ਪਾਣੀ ਨਿਕਲ ਰਿਹਾ ਹੈ। ਅੱਖਾਂ ਬੜੀਆਂ ਪੁਰਾਣੀਆਂ ਹੋ ਚੁੱਕੀਆਂ ਨੇ ਮੇਰੀਆਂ।

–ਅੰਮੀ ਜੀ, ਹਾਰਲਿਕਸ–ਚਾਕਲੇਟ ਕਿ ਚਾਹ ?

–ਜੋ ਵੀ ਤੂੰ ਦੇਣਾ ਚਾਹੇ। ਦੀਦੀ ਉੱਡ ਗਈ ਕੀ ਇੱਥੇ ਤੋਂ।

–ਅੰਮੀ ਜੀ, ਉਹ ਜ਼ਰਾ ਲੇਟ ਗਏ ਨੇ।



–ਮੈਨੂੰ ਉਦਾਲੇ ਕੰਬਲ ਦੇ ਦੇ।

–ਕੰਬਲ ? ਗਰਮੀ ਤਾਂ ਬਹੁਤ ਤੇਜ਼ ਹੈ, ਅੰਮੀ ਜੀ !

–ਜੋ ਕਹਿੰਦੀ ਆਂ, ਓਹੀ ਕਰ। ਇਸ ਰਾਗ ਦੇ ਲੈਅ–ਤਾਲ ਦਾ ਤੈਨੂੰ ਕੁਝ ਨਹੀਂ ਪਤਾ। ਤੂੰ ਆਪਣਾ ਟਾਈਮ–ਟੇਬਲ ਹੀ ਭਰਦੀ ਰਹਿ।

ਦਵਾਈ ਦਿੱਤੀ। ਪੱਟੀ ਕੀਤੀ। ਸੂਈ ਲਗਾਈ। ਟੈਂਪਰੇਚਰ ਲਿਆ। ਡਾਕਟਰ ਨੂੰ ਫੋਨ ਕੀਤਾ। ਪਾਸਾ ਦਿਲਵਾਇਆ। ਹੱਸ ਕਿਉਂ ਰਹੀ ਹੈਂ ? ਤੇਰਾ ਲਿਖਿਆ ਹੋਇਆ ਰਿਕਾਰਡ ਰੱਦੀ ਵਿਚ ਜਾਵੇਗਾ। ਸਭ ਦਾ ਉਥੇ ਹੀ ਜਾਂਦਾ ਹੈ।

–ਅੰਮੀ ਜੀ, ਹਾਰਲਿਕਸ ਲੈ ਕੇ ਆਉਂਦੀ ਹਾਂ।

–ਨਹੀਂ ! ਨਹੀਂ ! ਤੂੰ ਮੇਰੇ ਸਿਰ ਦੀ ਖੋਜ–ਖ਼ਬਰ ਲੈ। ਸਾਂਅ–ਸਾਂਅ ਹੋ ਰਹੀ ਹੈ। ਤੇਲ ਲਗਾ ਦੇ, ਸੂਸਨ।

ਸੂਸਨ ਵਾਲਾਂ ਵਿਚ ਤੇਲ ਲਗਾਉਂਦੀ ਹੈ। ਅੰਮੀ ਅੱਖਾਂ ਮੁੰਦ ਲੈਂਦੇ ਨੇ।

ਨੀਂਦ ਤੋਂ ਬਾਅਦ–

–ਕੀ ਉੱਠੀ ਨਹੀਂ। ਦੀਦੀ ਹਾਲੇ ਵੀ ਸੁੱਤੀ ਪਈ ਹੈ।

–ਜੀ !

–ਮੈਨੂੰ ਨਹੁੰ ਪ੍ਰੇਸ਼ਾਨ ਕਰ ਰਿਹਾ ਹੈ। ਕੱਟ ਦੇ ਇਹ।

–ਅੰਮੀ ਜੀ, ਕੱਲ੍ਹ ਹੀ ਤਾਂ ਕੱਟੇ ਸਨ।

–ਕੱਟੇ ਹੋਣਗੇ, ਪਰ ਮੇਰੀ ਤਸੱਲੀ ਤਾਂ ਕਰ।

–ਸੂਸਨ ਕੀ ਤੇਰੇ ਭਾਈਆਂ ਦੇ ਸ਼ਾਦੀ–ਵਿਆਹ ਹੋ ਚੁੱਕੇ ?

–ਜੀ, ਅੰਮੀ ਜੀ, ਦੋਨਾਂ ਦੇ।

–ਮਾਤਾ ਪਿਤਾ ਨੂੰ ਤੂੰ ਪੈਸੇ ਭੇਜਦੀ ਹੈਂ ?

–ਜੀ ਹਾਂ !

–ਆਪਣੇ ਲਈ ਕੋਈ ਮੁੰਡਾ ਨਜ਼ਰ 'ਚ ਹੈ ? ਲੱਭਣੇ ਦਾ ਕੰਮ ਤੈਨੂੰ ਖੁਦ ਹੀ ਕਰਨਾ ਪਵੇਗਾ।

–ਨਹੀਂ ਅੰਮੀ ਜੀ, ਹਾਲੇ ਨਹੀਂ। ਮੈਂ ਨਰਸਿੰਗ ਵਿੱਚ ਦਾਖਲਾ ਲਵਾਂਗੀ।

–ਚੰਗਾ ਇਰਾਦਾ ਹੈ, ਸੂਸਨ। ਚਲਦੀ ਰਹਿ। ਵਿਚਾਲੇ ਨਾ ਛੱਡੀ। ਕੋਈ ਦੋਸਤ ਤਾਂ ਬਣਾ ਰੱਖਿਐ ਇੱਕ ਅੱਧਾ ?

ਸੂਸਨ ਮੁਸਕੁਰਾਉਂਦੀ ਹੈ।

–ਉਸ 'ਤੇ ਜ਼ਿਆਦਾ ਪੈਸੇ ਤਾਂ ਨਹੀਂ ਖਰਚ ਕਰਦੀ ?

ਸੂਸਨ ਹੱਸ ਕੇ–

–ਜੀ ਨਹੀਂ ਅੰਮੀ ਜੀ !

–ਮੇਰੀ ਗੱਲ ਸੁਣ। ਨਾ ਪੂਰਾ ਖਰਚ ਤੂੰ ਕਰਿਆ ਕਰ ਤੇ ਨਾ ਉਸਨੂੰ ਹੀ ਕਰਨਾ ਦਿਆ ਕਰ। ਅੱਧਾ ਅੱਧਾ, ਸਮਝੀ !

ਨਹੀਂ ਤਾਂ ਉਂਝ ਦੀ ਹਜ਼ਮ ਕਰ ਲਈ ਜਾਵੇਂਗੀ।

ਮਤਲਬ ਸਮਝ ਵਿਚ ਆਇਆ।

–ਜੀ, ਅੰਮੀ ਜੀ !

–ਸੂਸਨ, ਵਿਆਹ ਤੋਂ ਬਾਅਦ ਕਿਸੇ ਦੇ ਹੱਥ ਦਾ ਛੁਣਛੁਣਾ ਨਹੀਂ ਬਣਨਾ। ਆਪਣੀ ਤਾਕਤ ਬਣਾਉਣ ਦੀ ਕੋਸ਼ਿਸ਼ ਕਰੀਂ। ਦੇਖ ਦਰਵਾਜ਼ੇ ਦੀ ਘੰਟੀ ਵੱਜ ਰਹੀ ਹੈ.... ਕੌਣ ਹੈ ?

-ਅੰਮੀ ਜੀ, ਕੋਈ ਨਹੀਂ।

-ਫਿਰ ਤੋਂ ਦੇਖ, ਸ਼ੋਭਾਰਾਮ ਦੇ ਆਉਣ ਦਾ ਵਕਤ ਹੈ।

-ਅੰਮੀ ਜੀ, ਉਹ ਤਾਂ ਕਦੋਂ ਦਾ ਕਿਚਨ ਵਿੱਚ ਹੈ।

-ਪੁੱਛੋ...ਖੀਰ ਬਣੀ ਕਿ ਨਹੀਂ। ਸਵੇਰੇ ਗੱਲ ਹੋਈ ਸੀ ਨਾ!

-ਅੰਮੀ ਜੀ, ਪ੍ਰਣਾਮ!

-ਜਿਉਂਦਾ ਰਹੋ!

-ਖੀਰ ਤਿਆਰ ਹੈ। ਸਵਾਦ ਤਾਂ ਦੇਖੋ।

-ਥੋੜ੍ਹੀ ਜਿਹੀ ਲੈ ਆ। ਦੋ ਚੱਮਚਾ।

-ਲਓ। ਮੇਵਾ ਭੁੰਨ ਕੇ ਪਾਇਆ ਹੈ।

-ਤੈਨੂੰ ਪਤਾ ਹੈ ਨਾ, ਮੇਰੇ ਦੰਦ ਅਸਲੀ ਮਜ਼ਬੂਤ ਨੇ।

-ਮੰਮੀ ਜੀ, ਸ਼ਾਮ ਨੂੰ ਪੂੜੇ ਬਣਨ।

-ਨਹੀਂ-ਨਹੀਂ, ਖੀਰ ਘੱਟ ਭਾਰੀ ਨਹੀਂ। ਦੱਸੂਗੀਂ ਕਦੇ ਤੈਨੂੰ, ਕਿਸ ਨੇ ਨਾਲ ਕੀ ਮੇਲ ਮਿਲਾਉਣਾ ਚਾਹੀਦੈ। ਇਸ ਨੂੰ ਲੈ ਕੇ ਤਾਂ ਬੜੇ ਬੜੇ ਚਲਾਣ ਭੁਗਤ ਚੁੱਕੀ ਆਂ।

ਕੁੜੀ ਨੇੜੇ ਖੜ੍ਹੀ ਹੋ ਕੇ-

-ਅੰਮ੍ਰਿ, ਚਲਾਣ ਵਾਲੀ ਕੀ ਗੱਲ ਹੈ? ਦਿਲਚਸਪ ਹੋਵੇਗੀ। ਦੱਸੋ।

-ਸ਼ੋਭਾਰਾਮ, ਖੀਰ ਵਧੀਆ ਬਣੀ ਹੈ।

ਕੜਾਹ-ਪੂਰੀ-ਖੀਰ-ਪੂੜੇ-ਪਕੌੜੇ ਬਣਾਉਂਦਾ ਰਹਿ, ਖਿਲਾਉਂਦਾ ਰਹਿ। ਹਾਂ, ਇਕ ਗੱਲ ਯਾਦ ਰੱਖੀਂ। ਤੇਰੇ ਜ਼ਿੰਮੇ ਹਾਲੇ ਇਕ ਹੋਰ ਕੰਮ ਵੀ ਬਾਕੀ ਹੈ। ਬਹਾਨਾ ਨਾ ਬਣਾਈਂ। ਮਾਂ ਨੂੰ ਉੱਥੇ ਤੱਕ ਛੱਡ ਕੇ ਆਈਂ।

ਕੁੜੀ ਹੱਲਕੇ ਮੂਡ ਵਿੱਚ...

-ਅੰਮ੍ਰਿ, ਇਹ ਚਲਾਣ ਵਾਲੀ ਗੱਲ ਕੀ ਹੈ?

-ਖਾਸ ਨਹੀਂ। ਖਾਣ-ਪਕਾਉਣ ਦੀ ਨੋਕ-ਝੋਕ, ਹੋਰ ਕਿਆ। ਲੰਬੀ ਬਹਿਸ ਚੱਲ ਪੈਂਦੀ ਤਾਂ ਮੇਰੇ ਕੋਲ ਵੀ ਇਸਦਾ ਇਲਾਜ ਸੀ। ਚਾਹ ਦੀ ਟ੍ਰੇ ਸਾਹਮਣੇ ਰੱਖ ਦਿੰਦੀ-ਲਓ ਜੀ, ਚਾਹ, ਤੁਹਾਡੀ ਇੰਤਜ਼ਾਰ ਵਿੱਚ ਹੈ। ਨਿਪਟਾਰਾ ਕਰੋ। ਤੁਹਾਡੇ ਪਿਤਾ ਜੀ ਚੰਗੀ ਚਾਹ ਦੇ ਕਦਰਦਾਨ ਸਨ। ਇੱਧਰ-ਉਧਰ ਦੀਆਂ ਭੁੱਲ ਜਾਂਦੇ।

-ਅੰਮ੍ਰਿ, ਕਿਆ ਸਚਮੁੱਚ ਇੰਨੀਆਂ ਝੜਪਾਂ ਹੁੰਦੀਆਂ ਸਨ?

-ਹੁੰਦੀਆਂ ਰਹੀਆਂ ਹੋਣਗੀਆਂ। ਮੈਨੂੰ ਹੁਣ ਕੁਝ ਯਾਦ ਨਹੀਂ। ਭਲਾ ਤੂੰ ਕਿਉਂ ਮੈਨੂੰ ਉਕਸਾ ਰਹੀ ਹੈਂ? ਕਿਉਂ ਜ਼ਰੂਰੀ ਹੈ ਇਹ ਵੀ ਜਾਣਨਾਂ?

-ਅੰਮ੍ਰਿ, ਜਾਣਨ ਵਿੱਚ ਹਰਜ਼ ਵੀ ਕੀ ਹੈ!

-ਕੁੜੀਏ, ਸਭ ਦੀ ਯਾਤਰਾ ਇਸੇ ਤਰ੍ਹਾਂ ਘਾਤ-ਪ੍ਰਤੀਘਾਤ ਵਿਚ ਗੁਜ਼ਰਦੀ ਹੈ। ਘਰ ਦਾ ਇਕ ਖੇਡ ਬਰਾਬਰੀ ਦਾ ਨਹੀਂ, ਉੱਪਰ-ਥੱਲੇ ਦਾ ਹੈ। ਘਰ ਦਾ ਮਾਲਕ ਕਮਾਈ ਨਾਲ ਪਰਿਵਾਰ ਲਈ ਸਹੂਲਾਂ ਜੁਟਾਉਂਦਾ ਹੈ। ਨਾਲ ਹੀ ਆਪਣੀ ਤਾਕਤ ਕਮਾਉਂਦਾ-ਬਣਾਉਂਦਾ ਹੈ। ਇਸੇ ਪ੍ਰਭੁਤਾ ਦੇ ਅੱਗੇ ਗਿਰਵੀ ਪਈ ਰਹਿੰਦੀ ਹੈ ਬੱਚਿਆਂ ਦੀ ਮਾਂ।

-ਅੰਮ੍ਰਿ।

-ਹਾਂ, ਵਿਆਹ ਤੋਂ ਬਾਅਦ ਔਰਤ ਪੂਰੇ ਪਰਿਵਾਰ ਲਈ ਸ਼ਿਕਾਰੇ ਦੀ ਮਲਾਹ ਬਣ ਜਾਂਦੀ ਹੈ। ਝੀਲ ਵਿਚ ਤੱਰਦੀਆਂ ਕਿਸ਼ਤੀਆਂ ਤੇ ਸ਼ਿਕਾਰੇ ਤਾਂ ਦੇਖੇ ਨੇ ਨਾ ਤੂੰ। ਉਨ੍ਹਾਂ 'ਤੇ ਸਵਾਰ ਪਰਿਵਾਰ



ਮਜ਼ੇ-ਮਜ਼ੇ ਨਾਲ ਝੂੰਮਦੇ ਨੇ ਤੇ ਚੱਪੂ ਚਲਾਉਂਦੀ ਹੈ ਔਰਤ। ਉਮਰ ਭਰ ਚਲਾਉਂਦੀ ਰਹਿੰਦੀ ਹੈ।

ਉਸਦਾ ਵਕਤ ਉਦੋਂ ਸੁਧਰੇਗਾ ਜਦ ਉਹ ਆਪਣੀ ਜੀਵਕਾ ਆਪ ਕਮਾਉਣ ਲੱਗੇਗੀ।

ਸੋਚਣ ਦੀ ਗੱਲ ਹੈ-ਮਰਦ ਕੰਮ ਕਰਦਾ ਹੈ, ਤਾਂ ਉਸ ਨੂੰ ਇਵਜ਼ ਵਿਚ ਅਰਥ ਧਨ ਪ੍ਰਾਪਤ ਹੁੰਦਾ ਹੈ।

ਔਰਤ ਦਿਨ-ਰਾਤ ਜੋ ਪੱਟਦੀ ਹੈ ਉਹ ਬੇਗਾਰ ਦੇ ਖਾਤੇ ਵਿਚ ਹੀ ਨਾ। ਭੁੱਲੀ ਰਹਿੰਦੀ ਹੈ ਆਪਣੇ ਆਪ ਨੂੰ ਮੋਹ-ਮਮਤਾ ਵਿਚ। ਅਨਜਾਣ। ਬੇਧਿਆਨਾ। ਉਹ ਆਪਣੀ ਖੋਜ ਖ਼ਬਰ ਨਹੀਂ ਲਏਗੀ ਤਾਂ ਉਸ ਨੂੰ ਕੌਣ ਪੁੱਛਣ ਵਾਲਾ ਹੈ।

-ਅੰਮ੍ਰਿ, ਤੁਹਾਨੂੰ ਐਨੀ ਜਾਗ੍ਰਤੀ!

-ਚੁੱਪ, ਕੁੜੀਏ! ਮੇਰੇ ਬੋਲਾਂ 'ਤੇ ਝਪਟ ਪੈਂਦੀ ਏਂ। ਭਲਾ ਕਿਉਂ! ਤੇਰੀ ਅਦਾਕਾਰੀ ਨੂੰ ਖੂਬ ਜਾਣਦੀ ਹਾਂ। ਯਾਤਰਾ ਮੇਰੀ ਤੇ ਨਿਚੋੜ ਤੁਹਾਡਾ।

ਖਿੜਕੀ ਦੇ ਵੱਲ ਦੇਖ ਕੇ....

-ਇਹ ਭਾਰੀ ਪਰਦੇ ਬਦਲ ਦਿਉ। ਤਾਜ਼ੀ ਹਵਾ ਅੰਦਰ ਆਉਣ ਦਿਓ। ਕੁੜੀਏ, ਕੁਝ ਦੇਰ ਮੈਨੂੰ ਚੁੱਪ ਰਹਿਣ ਦਿਓ। ਮੇਰੇ ਅੰਦਰ ਮੇਰੀ ਆਪਣੀ ਗਠੜੀ ਖੁੱਲ੍ਹ ਰਹੀ ਹੈ।

ਅੰਮ੍ਰਿ ਅੱਖਾਂ ਮੀਚ ਲੈਂਦੀ ਹੈ।

ਦੇਰ ਬਾਦ ਕੁੜੀ ਨੂੰ ਸਾਹਮਣੇ ਬੈਠੀ ਦੇਖ-

-ਫਿਰ ਐਥੇ ਈ ਬੈਠੀ ਰਹੀ। ਇਹ ਤਾਂ ਦੱਸ, ਤੂੰ ਕਿਆ ਕਰ ਰਹੀ ਹੈਂ ਇਸ ਦੁਨੀਆਂ ਵਿਚ! ਇਕ ਕਤਰਾ ਹੀ ਦਿਖਾ ਦੇ, ਜੋ ਤੂੰ ਇਸ ਜਨਮ ਵਿਚ ਅਰਜਿਤ ਕੀਤਾ ਹੋਵੇ। ਤੇਰੀ ਆਪਣੀ ਪੂੰਜੀ ਕੀ ਹੈ? ਉੱਪਰ ਤੋਂ ਮੇਰਾ ਸਰਮਾਇਆ ਜਾਂਚ ਰਹੀ ਹੈਂ।

ਕੁੜੀ ਉੱਠ ਖੜੀ ਹੁੰਦੀ ਹੈ-

-ਮੈਂ ਉੱਧਰ ਜਾ ਰਹੀ ਆਂ।

-ਨਹੀਂ-ਨਹੀਂ, ਬੈਠੀ ਰਹਿ। ਮੇਰੇ ਪਾਸ ਬੈਠੀ ਰਹਿ। ਤੇਰੀ ਰੁਚੀ ਦੀ ਗੱਲ ਕਰਾਂਗੀ। ਵਕਤ ਥੋੜ੍ਹਾ ਹੈ।

ਇੰਨਾ ਤਾਂ ਦੱਸ ਮੈਨੂੰ, ਤੂੰ ਖੜੀ ਕਿੱਥੇ ਹੈਂ! ਕਿਸ ਮੋੜ ਪਰ ਹੈਂ। ਕਤਾਰ ਵਿੱਚ ਹੈ ਕੋਈ। ਭਾਈਆਂ ਭੈਣਾਂ ਦੇ ਦਰਵਾਜ਼ੇ ਦੇ ਬਾਹਰ ਹੈਂ ਤੂੰ!

-ਅੰਮ੍ਰਿ, ਫਿਰ ਓਹੀ-.......

-ਕੁੜੀਏ, ਵਿਚ ਨਾ ਟੋਕ। ਗੱਲ ਨੂੰ ਸਾਫ਼ ਹੋਣ ਦੇ। ਸੁਣ, ਬੇਟਾ-ਬੇਟੀਆਂ, ਦੋਹਤੇ-ਦੋਹਤੀਆਂ, ਪੁੱਤਰ-ਪੋਤਰੇ ਮੇਰਾ ਸਾਰਾ ਪਰਿਵਾਰ ਸਜਿਆ ਹੋਇਆ ਹੈ, ਫਿਰ ਵੀ ਇੱਕਲੀ ਹਾਂ। ਤੇ ਤੂੰ। ਤੂੰ ਉਸੇ ਪ੍ਰਾਚੀਨ-ਕਥਾ ਦੇ ਬਾਹਰ ਹੈਂ, ਜਿੱਥੇ ਪਤੀ ਹੁੰਦਾ ਹੈ, ਬੱਚੇ ਹੁੰਦੇ ਨੇ, ਪਰਿਵਾਰ ਹੁੰਦਾ ਹੈ।

-ਨਾ ਵੀ ਹੋਵੇ ਦੁਨੀਆਂਦਾਰੀ ਵਾਲੀ ਚੋਖਟ, ਤਾਂ ਵੀ ਤੂੰ ਆਪਣੇ ਆਪ ਵਿਚ ਆਪ ਹੀ ਹੈਂ।

ਕੁੜੀਏ, ਆਪਣੇ ਆਪ ਵਿਚ ਆਪ ਹੋਣਾ ਪਰਮ ਹੈ, ਸ਼੍ਰੇਸ਼ਠ ਹੈ! ਚਲਾਈ ਹੁੰਦੀ ਨਾ ਪਰਿਵਾਰ ਦੀ ਗੱਡੀ ਤੂੰ ਵੀ, ਤਾਂ ਹੁਣ ਤੱਕ ਸਮਝ ਗਈ ਹੁੰਦੀ ਕਿ ਗ੍ਰਹਿਸਥੀ ਵਿਚ ਸਾਰੀ ਸ਼ੋਭਾ ਨਾਵਾਂ ਦੀ ਹੈ। ਇਹ ਇਸ ਦੀ ਪਤਨੀ ਹੈ, ਬਹੂ ਹੈ, ਮਾਂ ਹੈ, ਨਾਨੀ ਹੈ, ਦਾਦੀ ਹੈ। ਫਿਰ ਓਹੀ ਖਾਣਾ, ਪਹਿਨਣਾ ਤੇ ਗਹਿਣਾ! ਕੁੜੀਏ, ਉਹ ਨਾਮ ਦੀ ਹੀ ਮਹਾਰਾਣੀ ਹੈ। ਸਭ ਕੁਝ ਪੋਚ-ਪਾਚ ਕੇ ਉਸ ਨੂੰ ਬਿਠਾ ਦਿੱਤਾ ਜਾਂਦਾ ਹੈ ਆਪਣੀ ਜਗ੍ਹਾ 'ਤੇ!

ਕੁੜੀ ਹੱਸ ਕੇ-

-ਅੰਮ੍ਰਿ, ਤੁਹਾਡਾ ਜਵਾਬ ਨਹੀਂ !

-ਸਮਝ ਨਾਲ ਪੜਤਾਲ ਕਰੋ ਤਾਂ ਹਰ ਸਵਾਲ ਦਾ ਜਵਾਬ ਹੈ।

-ਸੂਸਨ, ਅੰਮ੍ਰਿ ਨੂੰ ਜੂਸ ਲਿਆ ਦੇ ਤੇ ਮੈਨੂੰ ਵੀ।

-ਸਮੇਂ ਅਨੁਸਾਰ, ਕੁੜੀਏ। ਸੂੰਨੇਪਣ 'ਤੇ ਫਲਾਂ ਦਾ ਰਸ ਵਹਾ ਰਹੀ ਹੈਂ।

-ਸੂਸਨ, ਖੂਬ ਠੰਢਾ ਲਿਆਈਂ। ਮੇਰਾ ਹਲਕ ਸੁੱਕ ਰਿਹਾ ਹੈ।

-ਅੱਛਾ ਸੀ, ਸੂਸਨ ! ਪਿਆਸ ਸ਼ਾਂਤ ਹੋ ਗਈ ਹੈ। ਤੂੰ ਵੀ ਪੀ।

ਕੁੜੀਏ, ਪਰਿਵਾਰ ਵਾਲੀ ਔਰਤ ਨੂੰ ਆਪਣੇ ਵਿੱਚ ਕਿਆ ਕਿਆ ਹੁਨਰ ਜਗਾਉਣੇ ਪੈਂਦੇ ਨੇ ਤੇ ਕਿਆ-ਕਿਆ ਅੰਕੁਸ਼ ਲਗਾਉਣੇ ਪੈਂਦੇ ਨੇ, ਇਹ ਤੈਨੂੰ ਨਹੀਂ ਪਤਾ।

ਤੂੰ ਤਾਂ ਆਪਣੇ ਆਪ 'ਚ ਅਜ਼ਾਦ ਹੈਂ। ਤੇਰੇ 'ਤੇ ਕਿਸੇ ਦੀ ਰੋਕ-ਟੋਕ ਨਹੀਂ। ਜੋ ਚਾਹੇਂ, ਕਰ ਲਉ। ਇਕ ਗੱਲ ਯਾਦ ਰਹੇ ਕਿ ਆਪਣੇ-ਆਪ ਤੋਂ ਵੀ ਅਜ਼ਾਦੀ ਚਾਹੀਦੀ ਹੁੰਦੀ ਹੈ। ਦਿੰਦੀ ਹੈ ਕਦੇ ਆਪਣੇ ਆਪ ਨੂੰ ? ਤੇਰੀ ਮਨਮਾਨੀ ਦੀ ਗੱਲ ਨਹੀਂ ਕਰ ਰਹੀ, ਕੁਝ ਮਨ-ਚਾਹਿਆ ਵੀ ਕਰ ਸਕੀ ਹੈਂ ਕਿ ਨਹੀਂ ?

-ਅੰਮ੍ਰਿ, ਕੀ ਜਵਾਬ ਦੇਵਾਂ।

ਕਮਰੇ ਵਿਚ ਲੰਬੀ ਚੁੱਪ।

-ਇਸ ਪਰਿਵਾਰ ਨੂੰ ਮੈਂ ਘੜੀ ਅਨੁਸਾਰ ਚਲਾਇਆ, ਪਰ ਆਪਣਾ ਨਿੱਜ ਦਾ ਕੋਈ ਕੰਮ ਨਾ ਸੰਵਾਰਿਆ।

ਕੁੜੀਏ, ਇਸ ਸਮੇਂ ਇਸ ਗੱਲ ਦਾ ਬੜਾ ਦੁੱਖ ਹੈ ਮੈਨੂੰ।

ਕੁੜੀ ਹੈਰਾਨੀ ਨਾਲ-

-ਕਿਸ 'ਤੇ ਮਨ ਸੀ ਅੰਮ੍ਰਿ ? ਕੀ ਕਰਨਾ ਚਾਹੁੰਦੇ ਸੀ ?

-ਚਾਹੁੰਦੀ ਸੀ ਪਹਾੜੀਆਂ ਦੀਆਂ ਚੋਟੀਆਂ 'ਤੇ ਚੜ੍ਹਾਂ। ਸ਼ਿਖਰਾਂ 'ਤੇ ਪਹੁੰਚਾਂ। ਪਰ ਇਹ ਗੱਲ ਘਰ ਦੇ ਕੰਮਾਂ-ਕਾਰਾਂ ਵਿਚ ਕਿਤੇ ਨਹੀਂ ਜੁੜਦੀ ਸੀ। ਕਿਸ ਨੂੰ ਕਹਿੰਦੀ ? ਤੇਰੇ ਪਿਤਾ ਜੀ ਨੂੰ ? ਘਰ ਗ੍ਰਹਿਸਥੀ ਦੇ ਝਮੇਲੇ ਹੀ ਉਨ੍ਹਾਂ ਦੇ ਵਸ ਦੇ ਨਹੀਂ ਮਨ। ਉਪਰੋਂ ਆਦਤ ਅਜਿਹੀ ਕਿ ਨਾ ਕੁਝ ਦੇਰ ਨਾਲ ਹੋਵੇ ਤੇ ਨਾ ਛੇਤੀ।

ਮੈਂ ਆਪ ਹੀ ਘੜੀ ਬਣੀ ਰਹੀ।

ਕੁੜੀ ਖਿੜਕੀ ਤੋਂ ਪਾਰ ਦੇਖਦੀ ਹੈ।

ਸੂਸਨ ਕੱਪੜਿਆਂ ਦੀ ਤਹਿ ਲਗਾਉਣ ਲੱਗਦੀ ਹੈ।

ਅੰਮ੍ਰਿ ਖਿਝ ਕੇ-

-ਕਿਉਂ ਤਹਿਆਂ ਲਾ ਰਹੀ ਹੈਂ। ਧੁਲਾਈ ਦੇ ਢੇਰ ਲਗਾ ਰਹੀ ਹੈਂ। ਕੋਈ ਨਵਾਂ ਬੱਚਾ ਤਾਂ ਘਰ ਵਿਚ ਨਹੀਂ ਆਣ ਪਹੁੰਚਿਆ ! ਬੁੱਢੀ ਜਾ ਰਹੀ ਹੈ ਇੱਥੋਂ। ਉਸਦੇ ਪੁਰਾਣੇ ਕੱਪੜਿਆਂ ਦੀਆਂ ਢੇਰੀਆਂ.....

ਕੁੜੀ ਉਠ ਕੇ ਸਿਤਾਰ ਦਾ ਰਿਕਾਰਡ ਲਗਾ ਦਿੰਦੀ ਹੈ। ਅੰਮ੍ਰਿ ਕੁਝ ਦੇਰ ਹੈਰਾਨੀ ਨਾਲ ਸੁਣਦੀ ਰਹਿੰਦੀ ਹੈ, ਫੇਰ ਤਿੱਖੀ ਤਮਤਮਾਉਂਦੀ ਆਵਾਜ਼ ਵਿੱਚ-

ਬੰਦ ਕਰ ਦੇ ਇਹਨੂੰ। ਇਹ ਸ਼ੋਰ ਮੇਰੇ ਲਈ ਠੀਕ ਨਹੀਂ। ਗੱਲ ਨੂੰ ਸਮਝਿਆ ਕਰ। ਮੇਰੇ ਅੰਦਰ ਦੀਆਂ ਨਹਿਰਾਂ ਸੁੱਕ ਚੁੱਕੀਆਂ ਨੇ। ਇਹ ਸੁਰ ਮੇਰੇ ਬਦਨ ਨੂੰ ਝੰਜੋੜ ਦਿੰਦੇ ਨੇ।

ਮੇਰੀਆਂ ਅੱਖਾਂ ਦੇ ਸਾਹਮਣੇ ਕਾਲੇ ਧਾਗਿਆਂ ਦੀਆਂ ਲੱਛੀਆਂ ਕਿਉਂ ਖੁੱਲ੍ਹ ਰਹੀਆਂ ਨੇ। ਪੁੱਛੋ ਕਿਸੇ ਤੋਂ !



ਸੂਸਨ ਦੇ ਕੱਪੜਾ ਦਿੰਦਿਆਂ ਅੰਮੀ ਚੌਂਕ ਕੇ-

-ਤੁਸੀਂ ਲੋਕ ਮੈਨੂੰ ਤੰਗ ਕਿਉਂ ਕਰ ਰਹੇ ਹੋ ? ਖਿੱਚ ਦਿਓ। ਪਰਦੇ ਚੁੱਕ ਦਿਓ ! ਹਵਾ ਆਉਣ ਦਿਓ ! ਛੇਤੀ ਕਰੋ ! ਮੇਰਾ ਦਮ ਘੁਟ ਰਿਹਾ ਹੈ।

ਚੁੱਪ ਕਿਉਂ ਹੋ ? ਮੇਰੀ ਗੱਲ ਸੁਣੋ ਧਿਆਨ ਨਾਲ। ਮੈਂ ਤਿਤਲੀ ਨਹੀਂ ਮੰਗ ਰਹੀ, ਆਪਣਾ ਹੱਕ ਮੰਗ ਰਹੀ ਹਾਂ। ਮੈਨੂੰ ਦੇ ਦਿਉ। ਤਾਜ਼ੀ ਹਵਾ ਵਿਚ ਸਾਹ ਲੈਣ ਦਿਓ।

ਸੂਸਨ ਪਰਦੇ ਖਿੱਚਦੀ ਹੈ-

-ਅੰਮੀ ਜੀ, ਬਾਹਰ ਤੋਂ ਲਿਸ਼ਕੋਰ ਆਏਗੀ।

-ਗੁਫਾ ਹੈ ਇਹ, ਗੁਫ਼ਾ। ਤੂੰ ਮੈਨੂੰ ਬੰਦ ਕਿਉਂ ਕੀਤਾ ਹੋਇਐ ? ਖੋਲ੍ਹ ਦਿਓ ਕਪਾਟ ! ਕਿਸ ਨੇ ਕੁੰਡੀ ਅੜਾਈ ਹੈ। ਬੁਲਾਉ ਉਸ ਨੂੰ ਜੋ ਮੇਰੇ ਨਾਲ ਇਹ ਖੇਡ ਖੇਲ੍ਹ ਰਿਹਾ ਹੈ। ਮੇਰੀ ਬੇਟੀ ਨੂੰ ਆਵਾਜ਼ ਦਿਉ ! ਮੈਨੂੰ ਬਾਲਕੋਨੀ ਵਿਚ ਲੈ ਚੱਲੋ। ਮੈਂ ਇਕ ਵੀ ਪਲ ਇਸ ਕਮਰੇ ਵਿਚ ਨਹੀਂ ਰਹੂੰਗੀ।

-ਸੂਸਨ, ਅੰਮੀ ਨੂੰ ਇਲੈਕਟਰਾਲ ਦਿਓ। ਮੈਂ ਬਾਲਕੋਨੀ ਵਿਚ ਥਾਂ ਬਣਾਉਂਦੀ ਹਾਂ।

-ਟਾਲ ਨਾ, ਕੁੜੀਏ। ਮੈਨੂੰ ਕੁਰਸੀ 'ਤੇ ਬਿਠਾਉਣਾ ਹੋਵੇਗਾ। ਮੈਂ ਲੇਟਣਾ ਨਹੀਂ...ਮੈਂ ਲੇਟਾਂਗੀ ਨਹੀਂ। ਬੈਠੂੰਗੀ ਕੁੜੀਏ, ਇਹ ਫੈਸਲਾ ਅੱਜ ਮੇਰੇ ਹੱਕ ਵਿੱਚ ਕਰਨਾ।

-ਅੰਮ੍ਰਿ, ਹਿੱਲਣ ਨਾਲ ਜ਼ਖ਼ਮ ਛਿੱਲ ਜਾਣਗੇ।

-ਇਸ ਹਮਦਰਦੀ ਦੀ ਜ਼ਰੂਰਤ ਨਹੀਂ-ਨਾ ਮੈਨੂੰ ਤੇ ਨਾ ਜ਼ਖ਼ਮਾਂ ਨੂੰ। ਮੈਂ ਜੋ ਕਹਿੰਦੀ ਆਂ, ਓਹੀ ਕਰੋ।

ਸੂਸਨ ਅਰਾਮ ਕੁਰਸੀ ਬਾਲਕੋਨੀ ਵਿਚ ਰੱਖ ਕੇ ਉਸ ਉਪਰ ਗੱਦਾ ਤੇ ਚਾਦਰ ਵਿਛਾਉਂਦੀ ਹੈ।

ਕੁਸ਼ਨ ਰੱਖ ਕੇ ਟੇਕ ਬਣਾਉਂਦੀ ਹੈ।

ਦੋਵੇਂ ਗੋਦੀ ਵਿਚ ਉਠਾ ਕੇ ਅੰਮੀ ਨੂੰ ਬਾਹਰ ਲੈ ਆਉਂਦੀਆਂ ਹਨ।

ਕੁਰਸੀ 'ਤੇ ਬੈਠ ਕੇ ਅੰਮ੍ਰਿ ਉਤਸ਼ਾਹ ਨਾਲ-

-ਕਿਹੜਾ ਮੌਸਮ ਹੈ ਭਲਾ ਇਹ। ਦਰਖਤ ਸਥਿਰ ਖੜੇ ਹਨ। ਪੱਤਾ ਤੱਕ ਨਹੀਂ ਹਿੱਲ ਰਿਹਾ। ਮਹੀਨਾ ਕਿਹੜਾ ਹੈ ?

ਕੁੜੀ ਅਣਸੁਣੀ ਕਰ ਰੇਲਿੰਗ 'ਤੇ ਹੱਥ ਟਿਕਾਈ ਚੁੱਪ ਰਹਿੰਦੀ ਹੈ।

-ਮੈਂ ਕੁਝ ਕਿਹਾ ਹੈ। ਜਵਾਬ ਦਿਓ। ਐਨੀ ਅਵੱਗਿਆ ਠੀਕ ਨਹੀਂ।

-ਅੰਮੀ, ਮਈ ਦਾ ਤੀਸਰਾ ਹਫ਼ਤਾ ਹੈ। ਹਨੇਰੀ ਆਵੇਗੀ। ਉਪਰ ਦੇਖੋ। ਰੰਗਤ ਮਟਮੈਲੀ ਹੋਈ ਪਈ ਹੈ। ਅਸਮਾਨ ਕਿਵੇਂ ਬਿਗਾਨਾ ਜਿਹਾ ਲੱਗ ਰਿਹਾ ਹੈ। ਇਸ ਦੀ ਤਾਕਤ ਵੀ ਤਾਂ ਇਸ ਦੇ ਸਿਆਣੇ ਬੱਚਿਆਂ ਨੇ ਨਹੀਂ ਖਿੱਚ ਲਈ। ਬੀਤਿਆਂ ਹੋਇਆ ਜਿਹਾ।

-ਕੁੜੀਏ, ਲੱਗਦੈ ਆਕਾਸ਼ ਵੀ ਬੁੱਢਾ ਹੋ ਗਿਐ।

ਅੰਮ੍ਰਿ ਸਿਰ ਉਠਾ ਕੇ ਬਿਜਲੀ ਦੇ ਖੰਭੇ ਦੇਖਦੀ ਹੈ। ਫਿਰ ਹੇਠਾਂ ਦਰਖਤਾਂ 'ਤੇ ਨਜ਼ਰ ਗੱਡ ਕੇ-

-ਹੱਡ ਮਾਸ ਦੇ ਸੁਨਹਿਰੀ ਪੌਦੇ ਨਾਲੋਂ ਇਨ੍ਹਾਂ ਨਿੰਮ ਦੇ ਦਰਖਤਾਂ ਦੀ ਮਿਆਦ ਕਿਤੇ ਜ਼ਿਆਦਾ ਐ।

-ਅੰਮ੍ਰਿ, ਨਿੰਮ ਦੇ ਦਰਖਤ ਤਾਂ ਖੂਬ ਛਾਂਗੇ ਹੋਏ ਨੇ। ਤੁਹਾਡੇ ਕਮਰੇ ਵਾਲਾ ਤਾਂ ਬਹੁਤ ਉੱਚਾ ਹੋ ਗਿਆ ਹੈ।

-ਇਨ੍ਹੀਂ ਦਿਨੀਂ ਨਿੰਮ ਬਹੁਤ ਮਹਿਕਦਾ ਹੈ। ਬੂਰ ਪੈਂਦਾ ਹੈ ਤਾਂ ਖੂਬ ਗੰਧ ਦਿੰਦਾ ਹੈ। ਕੁੜੀਏ ਇਸ ਦੀ ਮਹਿਕ ਨਾਲ ਧਰਤੀ ਦੀਆਂ ਬੇਟੀਆਂ ਪਗਲਾਂ ਜਾਂਦੀਆਂ ਹਨ।

–ਫਿਰ, ਅੰਮ੍ਰ ?

–ਨੀ, ਫਿਰ ਕਿਆ। ਜਾਂਦੀਆਂ ਨੇ ਉਸਦੇ ਕੋਲ, ਜਿਨ੍ਹਾਂ ਤੋਂ ਉਨ੍ਹਾਂ ਨੇ ਕੁਝ ਪਾਉਣਾ ਹੁੰਦਾ ਹੈ। ਇਹ ਸੰਕਟ, ਸਮਾਰੋਹ ਵੀ ਤਨ ਦੇ ਨਾਲ ਲੱਗੇ ਹੋਏ ਨੇ ਨਾ! ਕੁੜੀਏ, ਮੇਰੀ ਮਛਲੀ ਫੇਰ ਤੜਫ ਉੱਠੀ ਹੈ। ਕਿਨਾਰਿਆਂ ਦੀ ਨਮੀ ਸੁੱਕ ਚੁੱਕੀ ਹੈ। ਪਿਆਸ ਬੜੀ ਸਖਤ। ਮੈਨੂੰ ਸੋਡੇ ਵਿਚ ਆਈਸ-ਕਰੀਮ ਪਾ ਕੇ ਦੇ। ਹਾਂ, ਇਕ ਕੁਰਸੀ ਹੋਰ ਰੱਖ ਜਾ। ਮੇਰਾ ਬੇਟਾ ਆਉਣ ਵਾਲਾ ਹੈ। ਦਫ਼ਤਰ ਤੋਂ ਸਿੱਧਾ ਇੱਥੇ ਈ ਆਉਂਦਾ ਹੈ।

ਕੁੜੀ ਚੁੱਪ ਰਹਿੰਦੀ ਹੈ।

ਅੰਮ੍ਰ ਆਪਣੇ ਆਪ ਨਾਲ-

–ਉਹ ਔਰਤ ਕੀ ਜੋ ਬੇਟੇ ਦੀ ਮਾਂ ਨੂੰ ਨਾ ਪਛਾੜ ਸਕੇ।

–ਅੰਮ੍ਰ, ਤੁਸੀਂ ਵੀ ਤਾਂ ਇਸੇ ਸਫਰ ਵਿਚੋਂ ਗੁਜ਼ਰੇ ਹੋ।

–ਮੈਂ ਵੀ ਏਹੀ ਕੀਤਾ ਹੋਏਗਾ। ਸਾਰੀਆਂ ਕਰਦੀਆਂ ਨੇ।

–ਜ਼ਖ਼ਮੀ ਹੁੰਦਾ ਹੈ ਕਿਆ ?

–ਏਹੀ ਸਮਝ ਲਵੋ। ਘਰਵਾਲੇ ਦੇ ਤਨ-ਮਨ ਉੱਪਰ ਮਲਕੀਅਤ ਦੀ ਮੋਹਰ ਲਗਾਉਂਦੀ ਹੈ ਔਰਤ। ਉਸ ਨੂੰ ਲਗਾਉਣੀ ਪੈਂਦੀ ਹੈ। ਨਹੀਂ ਤਾਂ ਉਸਦਾ ਆਪਣਾ ਸੁਖਚੈਨ ਭੰਗ।

ਅੰਮ੍ਰ ਹੱਸਦੇ ਨੇ।

–ਆਪਣਾ ਆਪਣਾ ਮਨ ਹੈ। ਕਿਤੇ ਸ਼ੱਕ ਜ਼ਿਆਦਾ, ਕਿਤੇ ਵਿਸ਼ਵਾਸ।

ਮਰਦ ਸਭ ਸਮਝਦੇ-ਬੁੱਝਦੇ ਨੇ। ਗ੍ਰਹਿਸਥ ਦਾ ਮੰਤਰ ਤਾਂ ਉਹੀ ਹੈ ਨਾ-ਲਉ ਤੇ ਦਿਓ। ਜੋ ਦਿੰਦਾ ਹੈ ਉਸ ਨੂੰ ਲੈਣਾ ਵੀ ਪੈਂਦਾ ਹੈ।

ਸੂਸਨ, ਅੰਮੀ ਨੂੰ ਚੱਮਚ ਨਾਲ ਆਈਸ ਕਰੀਸ ਖਿਲਾਉਂਦੀ ਹੈ।

–ਜਿਉਂਦੀ ਰਹਿ। ਤ੍ਰਿਪਤ ਹੋ ਗਈ ਹਾਂ।

ਅੰਮ੍ਰ ਵਾਪਸ ਕਮਰੇ ਵਿਚ ਆ ਕੇ-

–ਆਈਸ ਕਰੀਮ ਖਾ ਕੇ ਮੈਨੂੰ ਪਿਸਤੇਵਾਲੀ ਕੁਲਫ਼ੀ ਯਾਦ ਆ ਰਹੀ ਹੈ। ਚਾਂਦਪਾਲ ਘਾਟ ’ਤੇ ਖਾਧੀ ਸੀ।

–ਕਿਆ ਖਾਸ ਗੱਲ ਸੀ, ਅੰਮ੍ਰ ?

–ਸਮਾਂ ਤੇ ਸਥਾਨ। ਉਹ ਜਗ੍ਹਾ ਤਾਂ ਅਜਿਹੀ ਕਿ ਕਿਨਾਰੇ ’ਤੇ ਖੜਾ ਆਦਮੀ ਹੈਰਾਨ ਹੋ ਕੇ ਰਹਿ ਜਾਏ। ਜਹਾਜ਼ ਲੰਗਰ ਸੁੱਟੀ ਖੜ੍ਹੇ ਨੇ। ਭੌਂਪੂ ਵੱਜ ਰਹੇ ਨੇ। ਪਾਣੀ ’ਤੇ ਬੱਤੀਆਂ ਝਿਲਮਿਲਾ ਰਹੀਆਂ ਨੇ। ਲਹਿਰਾਂ ਇਕ ਦੂਜੀ ਨੂੰ ਪਛਾੜ ਰਹੀਆਂ ਨੇ। ਕਿਸ਼ਤੀਆਂ ਤੈਰ ਰਹੀਆਂ ਨੇ। ਕਿਨਾਰੇ ’ਤੇ ਮੇਲੇ ਲੱਗੇ ਹੋਏ ਨੇ। ਜਿਉਣ ਵਾਲਿਆਂ ਨੇ ਉਪਰ ਅਕਾਸ਼ ਦਾ ਚੰਦੋਆ ਤਣਿਆ ਹੋਇਆ ਹੈ। ਤਾਰੇ ਟਿਮਟਿਮਾ ਰਹੇ ਨੇ। ਚੰਦ ਵੀ ਸਜਿਆ ਹੋਇਆ ਹੈ। ਕੁੜੀਏ, ਇਸ ਲੋਕ ਵਿਚ ਧਰਤੀ ਤੇ ਪਾਣੀ ਦੀਆਂ ਉਹ ਰੌਣਕਾਂ ਅਦਭੁੱਤ ਤੇ ਅਨੋਖੀਆਂ। ਅਜਿਹੇ ’ਚ ਇੱਥੋਂ ਚਲੇ ਜਾਣ ਦਾ ਦਿਲ ਭਲਾ ਕਿਸ ਦਾ ਕਰਦਾ ਹੋਏਗਾ। ਪਰ ਪੜਾਓ ਆਣ ਪਹੁੰਚਦਾ ਹੈ ਆਪਣੇ ਵਕਤ ’ਤੇ।

ਜਦ ਕਲਕੱਤਾ ਗਈ ਸੀ ਨਾ ਮੈਂ, ਬੜੀ ਘੁੰਮੀ ਫਿਰੀ। ਕੁੜੀਏ, ਇਕ ਸ਼ਾਮ ਮੇਰੀ ਬੜੀ ਬੇਟੀ ਮੈਨੂੰ ਤੇ ਆਪਣੀ ਨੰਨ੍ਹੀ ਪੋਤੀ ਨੂੰ ਉੱਥੇ ਲੈ ਗਈ।

ਤਿੰਨ ਸ਼ਾਖਾਵਾਂ ਜੁੜ ਗਈਆਂ। ਤਿੰਨ ਪੀੜ੍ਹੀਆਂ ਹੀ ਕਹੋ। ਮੈਂ, ਮੇਰੀ ਬੇਟੀ ਤੇ ਮੇਰੇ ਦੋਹਤੇ ਦੀ ਬੇਟੀ। ਕੁੜੀਏ, ਪਰਿਵਾਰਾਂ ਦੇ ਬੱਚੇ ਬੜਿਆਂ-ਬੁੱਢਿਆਂ ਨੂੰ ਨਵਿਆਉਂਦੇ ਰਹਿੰਦੇ ਨੇ। ਅਜਿਹੇ ਵਿੱਚ ਵੱਡਿਆਂ ਨੂੰ ਆਪਣੀ ਉਮਰ ਪਹਿਲਾਂ ਯਾਦ ਆਉਂਦੀ ਹੈ, ਫੇਰ ਭੁੱਲ ਵੀ ਜਾਂਦੀ ਹੈ। ਮਗਨ ਹੋ



ਜਾਂਦੇ ਨੇ। ਉਸ ਸ਼ਾਮ ਤੇਰੀ ਭੈਣ ਕੁਝ ਅਜਿਹਾ ਕਰਦੀ ਰਹੀ ਹੈ ਕਿ ਹੁਣ ਉਹ ਵੱਡੀ ਹੈ ਤੇ ਮੈਂ ਉਸ ਦੀ ਮਾਂ ਉਸ ਤੋਂ ਛੋਟੀ ਹਾਂ। ਉਧਰ ਉਸ ਦੀ ਨਟਖਟ ਪੋਤੀ ਇਕਾਵਲੀ ਅਜਿਹੇ ਭਾਵ ਵਿਚ ਕਿ ਉਸਦੇ ਪਾਪਾ ਦੀ ਨਾਨੀ ਬੁੱਢੀ ਵੀ ਹੈ ਤੇ ਬੱਚੀ ਵੀ। ਵਾਰ ਵਾਰ ਨਿਹੋਰੇ ਮਾਰੇ-ਨਾਨੀ ਮਾਂ, ਇਕ ਹੋਰ ਆਈਸ ਕਰੀਮ ਲਵੋ। ਚੱਲੋ, ਮੇਰੇ ਨਾਲ ਵੰਡ ਲਵੋ। ਦੋਨੋਂ ਅੱਧੀ-ਅੱਧੀ....

ਸਥਾਨ ਤੇ ਸਮਾਂ ਜੁੜਦੇ ਨੇ ਤਾਂ ਪਰਿਵਾਰਾਂ ਦੇ ਪਰਾਗ ਮਿਲਦੇ ਨੇ।

ਠਹਿਰ ਕੁੜੀਏ, ਮਨ ਦੇ ਝਰੋਖੇ ਵਿੱਚੋਂ ਕੁਝ ਦੇਖ ਰਹੀ ਹਾਂ...

–ਕਿਆ ਹੈ, ਅੰਮ੍ਰ ?

ਅੰਮ੍ਰ ਪੋਪਲੇ ਮੂੰਹ ਨਾਲ ਹੱਸਦੇ ਹਨ.....

–ਘੋੜਾ। ਤੇਜ਼ ਤਰਾਰ! ਮਜ਼ਬੂਤ। ਤੂੰ ਸਵਾਰੀ ਨਹੀਂ ਕੀਤੀ ਨਾ। ਨਾ ਆਪਣਾ ਵਜਨ ਬਣਾਇਆ ਤੇ ਨਾ ਘੋੜਾ ਸਾਧਿਆ। ਕੁੜੀਏ, ਜੋ ਸਮੇਂ ਨੂੰ ਪਹਿਚਾਣਦਾ ਹੈ, ਰਿਚਾਵਾਂ ਵੀ ਉਸੇ ਨੂੰ ਚਾਹੁੰਦੀਆਂ ਨੇ।

ਜੋ ਹੱਥ ਕਮਾਉਂਦਾ ਹੈ, ਓਹੀ ਮਨਚਾਹਿਆ ਵੰਡਦਾ ਹੈ।

ਕੁੜੀ ਦੀਵਾਰਾਂ ਦੇ ਪਾਰ ਦੇਖਦੀ ਹੈ ਤੇ ਅੱਖਾਂ ਬੰਦ ਕਰ ਲੈਂਦੀ ਹੈ।

–ਅੱਕ ਗਈ ਹੈਂ ਤਾਂ ਕੁਝ ਦੇਰ ਘੁੰਮ ਕਿਉਂ ਨਹੀਂ ਆਉਂਦੀ।

ਕੁੜੀ ਉਠ ਕੇ ਬਾਹਰ ਜਾਂਦੀ ਹੈ ਤੇ ਕੱਪੜੇ ਬਦਲ ਕੇ ਪਰਤਦੀ ਹੈ।

–ਅੰਮ੍ਰ, ਕੌਫੀ ਪੀਣ ਜਾ ਰਹੀ ਹਾਂ। ਕੁਝ ਲਿਆਉਣਾ ਤਾਂ ਨਹੀਂ! ਪਾਈਨਐਪਲ, ਪੇਸਟਰੀ।

–ਖਾ ਲਵਾਂਗੀ, ਆਰਾਮ ਨਾਲ ਹੀ ਆਈਂ। ਇੱਥੇ ਦੀ ਚਿੰਤਾ ਨਾ ਕਰੀਂ। ਤੂੰ ਮੈਨੂੰ ਐਥੇ ਈ ਪਾਏਂਗੀ। ਹਾਲੇ ਹਾਂ।

ਹਾਂ, ਵਾਲ ਕਟਵਾਉਣ ਜਾਵੇ ਤਾਂ ਉਸ ਨੂੰ ਕਹਿੰਦੀ ਆਈਂ ਮੇਰੇ ਵਾਲ ਕਟਵਾਉਣ ਨੂੰ। ਬਹੁਤ ਤੰਗ ਹਾਂ। ਭਾਰੀ ਨੇ। ਮੈਨੂੰ ਚੈਨ ਮਿਲੇਗਾ। ਹੁਣ ਇਨ੍ਹਾਂ ਨੂੰ ਸੰਭਾਲਣਾ ਮੁਸ਼ਕਿਲ ਹੈ।

–ਸੂਸਨ, ਤੌਲੀਏ-ਸ਼ੈਂਪੂ, ਤੇਲ ਸਭ ਸਾਮਾਨ ਤਿਆਰ ਰੱਖੀਂ। ਉਨ੍ਹਾਂ ਕੋਲ ਟਾਈਮ ਘੱਟ ਹੁੰਦਾ ਹੈ। ਮੇਰੇ ਮੁੜਨ ਤੋਂ ਪਹਿਲਾਂ ਪਹੁੰਚ ਜਾਵੇ ਤਾਂ ਅੰਮ੍ਰ ਦੇ ਵਾਲ ਕਟਵਾ ਦੇਈਂ। ਅੰਮ੍ਰ, ਠੀਕ ਹੈ ਨਾ!

–ਹਾਂ!

–ਦੇਖਿਆ ਸੂਸਨ। ਇਹ ਹੈ ਮੇਰੀ ਕੁੜੀ!

ਇਸ ਦੇ ਜਾਂਦਿਆਂ ਹੀ ਕਮਰਾ ਬੇਰੌਣਕ ਹੋ ਗਿਆ ਹੈ।

–ਅੰਮੀ ਜੀ, ਦੀਦੀ ਤੁਹਾਨੂੰ ਬਹੁਤ ਮੰਨਦੀ ਹੈ।

–ਸਿਰਫ਼ ਮੰਨਦੀ ਹੀ ਨਹੀਂ, ਮਾਂ ਨੂੰ ਜਾਣਦੀ ਹੈ। ਦੋਨਾਂ ਵਿੱਚ ਫਰਕ ਹੈ। ਮੰਨਣਾ ਇਕ ਗੱਲ ਤੇ ਜਾਨਣਾ ਦੂਜੀ। ਦੂਸਰਿਆਂ ਲਈ ਆਪਣੇ-ਆਪ ਨੂੰ ਸਜਗ ਰੱਖਦੀ ਹੈ।

–ਸੂਸਨ, ਦੀਦੀ ਤੇਰੀ ਅਣਮੰਨੀ-ਜਿਹੀ ਹੋਈ ਰਹਿੰਦੀ ਹੈ। ਪਤਾ ਨਹੀਂ ਕੀ ਗੱਲ ਹੈ!

–ਕੋਈ ਗੱਲ ਨਹੀਂ, ਅੰਮੀ ਜੀ! ਦੀਦੀ ਥੱਕ ਜਾਂਦੇ ਹਨ।

–ਪਿੱਛੇ ਤੋਂ ਕਿਆ ਤੂੰ ਦੇਖ ਲਵੇਂਗੀ ? ਇਸ ਨੂੰ ਅਰਾਮ ਬਹੁਤ ਚਾਹੀਦੈ। ਕਦੇ ਕੰਮ ’ਤੇ ਲੱਗ ਜਾਵੇ ਤਾਂ ਫਿਰ ਸਭ ਕੁਝ ਭੁੱਲ-ਭੱਲ ਕੇ ਕੰਮ ਹੀ ਕੰਮ। ਮਿਹਨਤ ਤੋਂ ਨਹੀਂ ਡਰਦੀ। ਇੱਥੇ ਰਹਿੰਦੀ ਰਹੇਗੀ ਤਾਂ ਚੰਗਾ ਹੀ ਐ। ਸੂਸਨ, ਉਪਰੋਂ ਖੁਸ਼ਕ ਲੱਗਦੀ ਐ, ਪਰ ਕਿਸੇ ਦਾ ਹੱਕ ਨਹੀਂ ਰੱਖਦੀ। ਸੂਸਨ, ਮੇਰਾ ਇਕ ਕੰਮ ਕਰ। ਬਾਹਰ ਜਾ ਕੇ ਆਸਮਾਨ ਦੀ ਰੰਗਤ ਤਾਂ ਦੇਖ। ਮੀਂਹ ਪੈਣ ਦਾ ਕੋਈ ਆਸਾਰ ਹੈ ਕਿ ਨਹੀਂ। ਇਕ ਵਾਰ ਵਰਖਾ ਹੋ ਜਾਵੇ ਤਾਂ ਮੈਂ ਖੁੱਲ੍ਹੇ ਵਿਚ ਨਹਾ ਕੇ ਸਾਫ਼ ਸੁਥਰੀ ਹੋ ਜਾਵਾਂ। ਪਿੱਠ ਦੀ ਹਾਲਤ ਤਾਂ ਬੁਰੀ ਹੈ ਨਾ। ਦਵਾ-ਪੱਟੀ...ਹੋਰ ਨਾ ਜਾਣੇ ਕਿਆ ਕਿਆ।

-ਉੱਪਰੋਂ ਤਾਂ ਜ਼ਖ਼ਮ ਠੀਕ ਹੋ ਰਹੇ ਨੇ, ਅੰਮੀ ਜੀ!

-ਮੈਨੂੰ ਬਹਿਲਾ ਨਾ। ਤੂੰ ਸਫ਼ਾਈ ਕਰਦਿਆਂ ਦੇਖਦੀ ਹੈਂ ਤੇ ਮੈਂ ਦੇਖ ਨਹੀਂ ਸਕਦੀ। ਫਿਰ ਵੀ ਤੇਰੇ ਨਾਲੋਂ ਜ਼ਿਆਦਾ ਜਾਣਦੀ ਹਾਂ ਕਿਉਂਕਿ ਦਰਦ ਨੂੰ ਸਹਿੰਦੀ ਹਾਂ।

ਹੱਸ ਕੇ-

-ਸੂਸਨ, ਆਪਣੀ ਪਿੱਠ ਆਪਣੀ ਅੱਖਾਂ ਨਾਲ ਕੋਈ ਨਹੀਂ ਦੇਖ ਸਕਦਾ। ਮੈਨੂੰ ਇਸ ਦਾ ਹਾਲ ਪਤਾ ਹੈ, ਕਿਉਂਕਿ ਮੈਨੂੰ ਸਹਿਣਾ ਪੈਂਦਾ ਹੈ।

ਇਸ ਗੱਲ ਨੂੰ ਛੱਡ। ਇਹ ਦੱਸ, ਤੂੰ ਕਦੇ ਨਦੀ ਕਿਨਾਰੇ ਇਸ਼ਨਾਨ ਕੀਤਾ ਹੈ। ਉਸ ਦੇ ਵਰਗਾ ਠੰਡਾ-ਗਰਮ ਸ਼ਾਵਰ ਕੁਝ ਨਹੀਂ। ਮੈਂ ਨਹਾਈ ਹਾਂ ਬਾਉਲੀ ਵਿੱਚ, ਨਦੀ-ਸਰੋਵਰ ਤੇ ਸਮੁੰਦਰ ਵਿੱਚ। ਡੂੰਘਾ ਸੁਖ, ਆਨੰਦ। ਪੁਰੀ ਵਿਚ ਜੀ ਭਰ ਭਰ ਕੇ ਨਹਾਈ। ਮੇਰੀ ਵੱਡੀ ਬੇਟੀ ਹੀ ਲੈ ਗਈ ਧੀ ਮੈਨੂੰ ਉੱਥੇ।

-ਅੰਮੀ ਜੀ, ਤੁਹਾਨੂੰ ਬੜੇ ਦੀਦੀ ਬਹੁਤ ਯਾਦ ਆ ਰਹੇ ਨੇ।

-ਆਏਗੀ ਕਿਉਂ ਨਹੀਂ। ਉਹ ਮੇਰੀ ਟੀਕਾ ਬੇਟੀ ਹੈ! ਮੇਰੇ ਸਹੁਰੇ ਘਰ ਵਿਚ ਮੁੰਡੇ ਜ਼ਿਆਦਾ ਸਨ। ਉਹ ਪਹੁੰਚੀ ਤਾਂ ਖੂਬ ਖੁਸ਼ੀਆਂ ਮਨਾਈਆਂ ਗਈਆਂ।

-ਤੇ ਅੰਮੀ ਜੀ, ਸਭ ਤੋਂ ਛੋਟੀ ਦੀਦੀ?

-ਸਮਝਦਾਰ ਬਹੁਤ ਹੈ, ਪਰ ਇਕ ਵਾਰ ਮਨ ਮਾਰ ਲੈਂਦੀ ਹੈ ਤਾਂ ਫੇਰ ਪਸੀਜਦੀ ਨਹੀਂ।

ਆਪਣੀਆਂ ਖੂਬੀਆਂ-ਖਾਮੀਆਂ ਮਾਤਾ-ਪਿਤਾ ਹੀ ਬੱਚਿਆਂ ਨੂੰ ਦਿੰਦੇ ਨੇ। ਜਿਸ ਮਿੱਟੀ-ਗਾਰੇ ਨਾਲ ਘੜਦੇ ਨੇ, ਉਹੀ ਸੰਸਕਾਰ ਉਨ੍ਹਾਂ 'ਤੇ ਪੈਂਦੇ ਨੇ।

ਅੰਮੀ ਕੰਨ ਲਗਾ ਕੇ-

-ਆਵਾਜ਼ ਆਈ ਹੈ। ਦੇਖ, ਦਰਵਾਜ਼ੇ 'ਤੇ ਕੋਈ ਹੈ। ਮੇਰਾ ਬੇਟਾ ਹੋਣੈ।

-ਅੰਮੀ ਜੀ, ਕੋਈ ਵੀ ਨਹੀਂ।

-ਦੁਬਾਰਾ ਦੇਖ-ਪ੍ਰਭਾ ਹੋਣੀ ਐ-ਮੇਰੀ ਬੜੀ-ਦੋਹਤੀ! ਆਪਣੇ ਪਾਪਾ 'ਤੇ ਗਈ ਹੈ। ਕੰਮ ਨਾਲ ਕੰਮ ਮਿਲਾਉਂਦੀ ਜਾਂਦੀ ਹੈ।

ਸੁਣ ਸੂਸਨ, ਛੋਟੀ ਮੀਰਾ ਨੂੰ ਵੀ ਮਿਲੀ ਹੈਂ ਨਾ! ਬੜੀ ਸੁਘੜ-ਸਿਆਣੀ ਹੈ। ਆਉਂਦੀਆਂ ਰਹਿੰਦੀਆਂ ਨੇ ਨਾਨੀ ਨੂੰ ਮਿਲਣ! ਚੱਲ ਹੁਣ ਤੂੰ ਠੰਡੇ ਤੌਲੀਏ ਨਾਲ ਮੇਰਾ ਮੂੰਹ ਪੂੰਝ ਦੇ। ਗਰਦਨ ਵੀ। ਸੂਸਨ, ਇਹ ਗਰਦਨ ਹੁਣ ਇਨ੍ਹਾਂ ਵਾਲਾਂ ਦਾ ਬੋਝ ਨਹੀਂ ਸਹਿ ਸਕਦੀ।

ਕੁੜੀ ਬਾਹਰ ਤੋਂ ਆ ਕੇ-

-ਅੰਮੂ, ਵਾਲ ਚੰਗੇ ਕਟੇ ਨੇ। ਤੁਸੀਂ ਬਿਹਤਰ ਲੱਗ ਰਹੇ ਹੋ।

-ਕਿਆ ਤੇਰੇ ਬਾਹਰ ਜਾਂਦਿਆਂ ਹੀ ਮੇਰੇ ਚਿਹਰੇ 'ਤੇ ਲਾਲੀ ਫਿਰ ਗਈ ਹੈ!

-ਜੀ ਨਹੀਂ। ਛੋਟੇ ਵਾਲ ਤੁਹਾਡੇ ਬਹੁਤ ਚੰਗੇ ਲੱਗ ਰਹੇ ਨੇ।

-ਪਤਾ ਨਹੀਂ ਇਸਦਾ ਖਿਆਲ ਪਹਿਲਾਂ ਕਿਉਂ ਨਾ ਆਇਆ। ਕਟਵਾ ਦਿੰਦੀ ਤਾਂ ਅਰਾਮ ਹੀ ਮਿਲਦਾ। ਹੁਣ ਹਲਕਾ ਮਹਿਸੂਸ ਕਰ ਰਹੀ ਹਾਂ।

ਪਹਿਲਾਂ ਵਿਆਹ 'ਚ ਕੁੜੀ ਦਾ ਸਿਰ ਇਸ ਤਰ੍ਹਾਂ ਗੁੰਦਿਆਂ ਜਾਂਦਾ ਸੀ ਜਿਵੇਂ ਦੁਨੀਆਂ ਭਰ ਦੀਆਂ ਪਾਬੰਦੀਆਂ ਦੁਲਹਨ ਦੇ ਵਾਲਾਂ 'ਤੇ ਹੀ ਲਗਾ ਦੇਣੀਆਂ ਹੋਣ। ਮੈਂ ਸਹੁਰੇ-ਘਰ ਪੁੱਜੀ ਤਾਂ ਮੌਕਾ ਲੱਗਦਿਆਂ ਹੀ ਤੇਰੇ ਪਿਤਾ ਜੀ ਕਹਿੰਦੇ-ਇਸ ਤਰ੍ਹਾਂ ਦੇ ਵਾਲ ਗੁੰਦਣ ਨਾਲ ਤੁਹਾਨੂੰ ਪ੍ਰੇਸ਼ਾਨੀ ਨਹੀਂ ਹੁੰਦੀ। ਸਿਰ ਤਾਂ ਬੁਰੀ ਤਰ੍ਹਾਂ ਜਕੜਿਆ ਗਿਆ ਹੋਵੇਗਾ।

ਮੈਂ ਕਿਹਾ-ਮੈਨੂੰ ਤਾਂ ਗੁੱਤ ਦੀ ਇੱਕ ਹੀ ਮੀਢੀ ਭਾਉਂਦੀ ਹੈ। ਪਰ ਇਹ ਤਾਂ ਰੀਤੀ-



ਰਿਵਾਜ਼ਾਂ ਦੇ ਹੀ ਕਾਰਣ ਹੈ। ਤੇਰੇ ਪਿਤਾ ਸਮਝਾ ਕੇ ਬੋਲੇ-ਦੇਖੋ-ਇਸ ਘਰ ਵਿਚ ਅਜਿਹਾ ਕੁਝ ਨਹੀਂ, ਜੋ ਬਦਲਿਆ ਨਾ ਜਾ ਸਕੇ। ਜਿਸ ਨੂੰ ਕਰਨ ਵਿਚ ਅਰਾਮ ਮਿਲੇ, ਸਹੂਲਤ ਹੋਵੇ ਤੇ ਜੋ ਮਨ ਨੂੰ ਚੰਗਾ ਲੱਗੇ, ਉਹ ਨਿਸ਼ਚਿੰਤ ਹੋ ਕੇ ਕਰ ਸਕਦੀ ਹੈਂ।

-ਅੰਮੂ, ਸੁਣ ਕੇ ਕਿਵੇਂ ਲੱਗਿਆ ਤੁਹਾਨੂੰ!

-ਚੰਗਾ। ਦਿਲ ਵਿਚ ਖੁਸ਼ ਹੋਈ ਕਿ ਢੰਗ ਨਾਲ ਨਿਭ ਜਾਏਗੀ। ਤੇਰੇ ਪਿਤਾ ਸੁਭਾਅ ਦੇ ਨਰਮ ਤੇ ਸੰਜਮ ਵਾਲੇ ਸੀ। ਮੇਰੇ 'ਤੇ ਬੇਕਾਰ ਦੀ ਰੋਕ-ਟੋਕ ਨਹੀਂ ਸੀ। ਹਾਂ, ਪਰਿਵਾਰ ਦੀ ਜੋ ਆਪਣੀ ਮਾਣ-ਮਰਿਆਦਾ ਸੀ, ਉਸ ਨੂੰ ਕੱਟਣ-ਛਾਂਟਣ ਦੀ ਕੋਈ ਛੋਟ ਨਹੀਂ ਸੀ। ਇਸ ਮਾਮਲੇ ਨੂੰ ਲੈ ਕੇ ਬੜੀ ਸ਼ਖਤੀ ਸੀ।

-ਅੰਮੂ, ਇਹ ਤਾਂ ਹੱਠ ਧਰਮੀ ਹੋਈ ਨਾ!

-ਨਹੀਂ, ਅਨੁਸ਼ਾਸਨ। ਤੇਰੇ ਦਾਦਾ ਜੀ ਦਾ ਠਹਿਰਾਓ ਤੇ ਅਨੁਸ਼ਾਸਨ ਦੋਵੇਂ ਅਦਭੁੱਤ ਸਨ। ਪਿਤਾ-ਪੁੱਤਰ ਦਾ ਪੱਲੜਾ ਲਗਭਗ ਇਕੋ ਜਿਹਾ ਸੀ। ਨਾ ਭਾਰਾ ਤੇ ਨਾ ਹਲਕਾ। ਬਰਾਬਰੀ ਦੀ ਗੱਲ ਮੈਂ ਇਨ੍ਹਾਂ ਦੇ ਘਰ ਵਿਚ ਆ ਕੇ ਸਿੱਖੀ, ਸਮਝੀ। ਇਨ੍ਹਾਂ ਦੇ ਘਰ ਵਿਚ ਮੁੰਡੇ-ਕੁੜੀ ਵਿਚ ਕੋਈ ਭੇਦ-ਭਾਵ ਨਹੀਂ ਸੀ। ਮੇਰੀ ਗੱਲ ਧਿਆਨ ਨਾਲ ਸੁਣ, ਕੁੜੀਏ। ਤੂੰ ਫਰਕ ਕਰਨ ਵਾਲੇ ਘਰ ਦੀ ਬੇਟੀ ਨਹੀਂ ਹੈ।

-ਤੇ ਅੰਮੀ, ਤੁਹਾਡੇ ਆਪਣੇ ਪੇਕਿਆਂ ਵਿਚ-ਸਾਡੇ ਨਾਨਾ ਜੀ ਦੇ ਘਰ ਵਿੱਚ?

-ਇਸ ਕਿੱਸੇ ਨੂੰ ਰਹਿਣ ਦੇ। ਤੁਲਨਾ ਠੀਕ ਨਹੀਂ।

-ਦੱਸ ਦਿਉ।

-ਕੁੜੀਏ, ਤੇਰੇ ਨਾਨਾ ਜੀ ਦੇ ਘਰ ਲਾਡ-ਪਿਆਰ ਚਾਅ ਦੀ ਕਮੀ ਨਹੀਂ ਸੀ। ਖਾਣ-ਪੀਣ, ਖੇਲ੍ਹਣ-ਪਹਿਨਣ ਨੂੰ ਬਹੁਤ ਕੁਝ, ਪਰ ਕਿਤੇ ਇਕ ਗਹਿਰੀ ਲਕੀਰ ਖਿੱਚੀ ਪਈ ਸੀ ਮੁੰਡੇ ਤੇ ਕੁੜੀ ਦਰਮਿਆਨ।

ਤੇਰੇ ਨਾਨਾ ਜੀ ਦੀ ਆਖਿਰੀ ਬਿਮਾਰੀ ਵਿਚ ਅਸੀਂ ਸਾਰੀਆਂ ਭੈਣਾਂ ਵਾਰੀ ਵਾਰੀ ਉਨ੍ਹਾਂ ਕੋਲ ਪਹੁੰਚਦੀਆਂ ਰਹੀਆਂ, ਪਰ ਜਦ ਉਹ ਅਵਾਜ਼ ਮਾਰਦੇ ਤਾਂ ਬੇਟੇ ਨੂੰ ਹੀ। ਮੈਂ ਬੜੀ ਉਚਾਟ ਹੋਈ। ਦਿਲ ਵਿਚ ਗਿਲਾਨੀ ਜਿਹੀ ਹੋ ਗਈ ਕਿ ਅਜਿਹਾ ਵੀ ਕਿਆ ਪੁੱਤਰ-ਮੋਹ। ਕੁੜੀਏ, ਅਜਿਹੇ ਸਮੇਂ ਵਿਚ ਕੁਝ ਅਤਾ-ਪਤਾ ਨਹੀਂ ਰਹਿੰਦਾ। ਸਭ ਕੁਝ ਬੁੱਢਾ ਹੋ ਜਾਂਦੈ।

-ਕਿਆ ਕਹਿ ਰਹੀ ਸੀ ਭਲਾ ਮੈਂ? ਯਾਦ ਤਾਂ ਆਏ। ਹਾਂ, ਸਾਡੇ ਭਾਈ ਨੂੰ ਭੇਜਿਆ ਗਿਆ ਕਾਲਜ ਤੇ ਸਾਡੀ ਭੈਣਾਂ ਦੀ ਪੜ੍ਹਾਈ ਪੰਡਤ, ਗ੍ਰੰਥੀ ਤੇ ਮੌਲਵੀ ਦੇ ਕੋਲ। ਜ਼ਰਾ ਸੋਚ, ਮੈਂ ਆਪਣੇ ਭਾਈ ਵਾਂਗ ਪੜ੍ਹਦੀ ਤਾਂ ਕਿਆ ਬਣਦੀ। ਕਿਆ ਹੁੰਦੀ ਮੈਂ ਤੇ ਕਿਆ ਹੁੰਦੇ ਮੇਰੇ ਬੱਚੇ। ਸੱਚ ਤਾਂ ਇਹ ਹੈ ਕਿ ਕੁੜੀਆਂ ਨੂੰ ਤਿਆਰ ਹੀ ਜਾਨਮਾਰੀ ਲਈ ਕੀਤਾ ਜਾਂਦਾ ਹੈ-ਭਾਈ ਪੜ੍ਹ ਰਿਹਾ ਹੈ, ਜਾਓ ਦੁੱਧ ਦੇ ਆਓ। ਭਾਈ ਸੌਂ ਰਿਹਾ ਹੈ, ਜਾਓ ਕੰਬਲ ਦੇ ਆਓ। ਜਲਦੀ ਨਾਲ ਭਾਈ ਨੂੰ ਥਾਲੀ ਪਰੋਸ ਦੇਵੋ। ਉਸ ਨੂੰ ਭੁੱਖ ਲੱਗੀ ਹੈ। ਭਾਈ ਖਾ ਚੁੱਕਿਆ ਹੈ। ਲੈ, ਹੁਣ ਤੂੰ ਵੀ ਖਾ ਲੈ।

ਅੰਮੂ ਕੁਝ ਦੇਰ ਖਾਮੋਸ਼ ਹੋ ਜਾਂਦੇ ਨੇ।

ਸੂਸਨ ਨੇੜੇ ਝੁਕ ਕੇ-

-ਕੀ ਗੱਲ ਹੈ ਅੰਮੀ ਜੀ।

ਅੰਮੂ ਸਹਿਮੀ ਜਿਹੀ ਆਵਾਜ਼ ਵਿੱਚ।

-ਮੇਰੀਆਂ ਅੱਖਾਂ ਵਿਚ ਜਲਣ ਹੋ ਰਹੀ ਹੈ। ਧੂੰਆਂ ਉੱਠ ਰਿਹਾ ਹੈ। ਭਲਾ, ਕਿਆ ਹੋ ਰਿਹਾ ਹੈ!

ਕੁੜੀ ਤੇਜ਼ੀ ਨਾਲ ਰਸੋਈ ਵੱਲ ਜਾਂਦੀ ਹੈ, ਮੁੜ ਆਉਂਦੀ ਹੈ।

-ਅੱਖਾਂ 'ਤੇ ਤਾਂ ਜਿਵੇਂ ਕੋਈ ਧੁੰਦ ਦਾ ਲੇਪ ਕਰ ਰਿਹਾ ਹੈ। ਕੁਝ ਠੀਕ ਤਰ੍ਹਾਂ ਦਿੱਸ ਨਹੀਂ ਰਿਹਾ।

-ਅੰਮ੍ਰਿ, ਇਸ ਨਾਲ ਆਰਾਮ ਮਿਲੇਗਾ।

-ਕਿਆ ਰੱਖ ਰਹੀ ਹੈਂ ਮੇਰੀਆਂ ਅੱਖਾਂ 'ਤੇ।

-ਅੰਮ੍ਰਿ, ਮਲਾਈ ਦੇ ਫ਼ਹੇ ਨੇ!

-ਐਧਰ ਆ ਮੇਰੇ ਕੋਲ!

ਜਿਵੇਂ ਮੇਰੀਆਂ ਅੱਖਾਂ ਨੂੰ ਪਹੁੰਚਾ ਰਹੀ ਹੈਂ, ਅਜਿਹੀ ਠੰਡਕ ਤੈਨੂੰ ਕਦੇ ਮਿਲੀ? ਮਾਂ ਨੂੰ ਸੱਚ ਸੱਚ ਦੱਸੀਂ।

-ਨਹੀਂ, ਅੰਮ੍ਰਿ।

ਦੇਰ ਤੱਕ ਕਮਰੇ ਵਿਚ ਮੌਨ ਰਹਿੰਦਾ ਹੈ।

ਅੰਮ੍ਰਿ ਅਚਾਨਕ ਆਪਣੇ ਆਪ ਤੋਂ ਬੇਖ਼ਬਰ ਹੋ ਕੇ-

-ਪਤਾ ਨਹੀਂ ਪੂਰਨਮਾਸ਼ੀ ਕਦੋਂ ਹੈ। ਨਵਾਂ ਚੰਦ ਕਦੋਂ ਨਿਕਲਿਆ ਸੀ, ਦੱਸ ਤਾਂ ਸਹੀਂ। ਮੈਂ ਪੁੱਛ ਰਹੀ ਹਾਂ।

ਕੁੜੀ ਰੁੱਖੇਪਣ ਨਾਲ-

-ਮੈਨੂੰ ਤਰੀਕਾਂ ਦਾ ਕੁਝ ਪਤਾ ਨਹੀਂ।

-ਤਾਂ ਹੀ ਇਹ ਗਠੜੀ ਆਪਣੇ ਮੋਢਿਆਂ 'ਤੇ ਚੁੱਕ ਰੱਖੀ ਹੈ ਤੂੰ। ਸੁੱਟ ਦੇ ਇਸ ਨੂੰ। ਪਰ੍ਹੇ ਸੁੱਟ ਦੇ। ਕੁੜੀਏ, ਸਮੇਂ ਨੂੰ ਖ਼ਾਕ ਨਾ ਬਣਾ। ਸੰਭਲ ਜਾ। ਪਾਣੀ ਢਲਾਣ 'ਤੇ ਹੈ।

ਕੁੜੀ ਕਮਰੇ ਤੋਂ ਬਾਹਰ ਚਲੇ ਜਾਂਦੀ ਹੈ।

ਸੂਸਨ ਅੰਮੀ ਨੂੰ ਗੁਲੂਕੋਸ ਦਿੰਦੀ ਹੈ।

ਅੰਮੀ ਆਪ ਹੀ ਆਪ-

-ਇਹ ਕੁੜੀ ਮੇਰੇ ਅੰਦਰ ਆਈ ਤਾਂ ਪਤਾ ਨਹੀਂ ਕਿਉਂ ਮੈਂ ਦਿਲ ਮਨ ਤੋਂ ਇਕੱਲੀ ਹੋ ਗਈ ਸੀ। ਸਿਰ 'ਤੇ ਇਕਾਂਤ ਹੀ ਛਾ ਗਿਆ। ਦਿਲ ਵਿਚ ਏਹੀ ਆਵੇ ਇਹ ਪਗਡੰਡੀਆਂ 'ਤੇ ਇਕੱਲੀ ਘੁੰਮਦੀ ਰਹਾਂ। ਇੰਜ ਲੱਗੇ ਕਿ ਚੀੜ ਦਾ ਉੱਚਾ ਦਰਖਤ ਹੀ ਮੇਰੇ ਅੰਦਰ ਉਗ ਆਇਆ ਹੈ। ਉਹੀ ਉਗਿਆ। ਇਕ ਦਰਖਤ ਹੀ। ਹਵਾ ਵਿਚ ਝੂਲ ਰਿਹਾ ਹੈ। ਬੱਸ, ਝੂਲ ਹੀ ਰਿਹਾ ਹੈ। ਇਸਦੇ ਅੱਗੇ ਕੁਝ ਵੀ ਨਹੀਂ। ਇਸ ਕੁੜੀ ਨੂੰ ਸਰਦ ਨਾ ਸਮਝਣਾ, ਇਸਦੇ ਪਾਣੀ ਵਿਚ ਅੰਗਾਰੇ ਨੇ। ਆਪਣੇ ਆਪ ਨੂੰ ਕਾਬੂ ਕਰੀ ਰੱਖਦੀ ਹੈ, ਪਤਾ ਨਹੀਂ ਕਿਵੇਂ।

-ਸੂਸਨ, ਘੰਟੀ ਵੱਜੀ ਹੈ। ਕੋਈ ਆਇਆ ਹੈ। ਬੀਬਾ-ਬੌਬਾ ਹੋਣਗੇ। ਮੇਰੇ ਪੋਤਾ-ਪੋਤੀ।

-ਅੰਮੀ ਜੀ, ਉਹ ਤਾਂ ਆਪਣੇ ਨਾਨਕੇ ਗਏ ਹੋਏ ਨੇ।

-ਹਾਂ, ਆਪਣੀ ਨਾਨੀ ਦਾ ਦਿਲ ਲਗਾਉਣ ਹੀ ਤਾਂ। ਇਸ ਦੁਨੀਆਂ ਤੋਂ ਜਾਣ ਵਾਲੀ ਹਾਂ-ਸੋਚ ਕੇ ਮੇਰੀ ਕੁੜਮਣੀ ਉਦਾਸ ਹੋ ਰਹੀ ਹੋਵੇਗੀ। ਉਸੇ ਨੂੰ ਪੁਚਕਾਰਨ ਗਏ ਹੋਣਗੇ। ਸੂਸਨ, ਮਿਲੀ ਹੈ ਨਾ ਮੇਰੇ ਪੋਤੇ ਨੂੰ। ਹੂ-ਬ-ਹੂ ਆਪਣੇ ਦਾਦਾ ਜੀ 'ਤੇ ਹੈ। ਉਵੇਂ ਹੀ ਉੱਠਣਾ-ਬੈਠਣਾ, ਉਵੇਂ ਹੀ ਹੱਥ ਦੀ ਹਰਕਤ, ਖਾਣ ਦੇ ਮਾਮਲੇ ਵਿੱਚ ਵੀ.....

ਅੰਮੀ ਸੌਂ ਜਾਂਦੇ ਨੇ।

ਅੱਖਾਂ ਖੋਲ੍ਹਦੇ ਹੀ ਅੰਮੀ ਜਿਵੇਂ ਕਮਰੇ ਦੀ ਪਛਾਣ ਕਰਦੇ ਹੋਣ। ਕੁੜੀ ਨੂੰ ਪਲੰਘ ਦੇ ਕੋਲ ਖੜ੍ਹੀ ਦੇਖ ਕੇ ਤਿੱਖੀ ਅਵਾਜ਼ ਵਿੱਚ...



-ਕੌਣ ਹੈ ਨੀ ਤੂੰ ਭਲਾ। ਤਣੀ ਹੋਈ ਆਉਂਦੀ ਹੈਂ ਤੇ ਦਨਦਨਾਉਂਦੀ ਹੋਈ ਚਲੇ ਜਾਂਦੀ ਹੈਂ। ਦੇਖੀ ਹੋਈ ਹੈ ਇਹ ਸੂਰਤ। ਆਪਣੇ ਪਿਤਾ ਜੀ ਦੀ ਝਲਕ ਚਿਪਕਾ ਲਈ? ਕੁੜੀਏ, ਉਨ੍ਹਾਂ ਵਿਚ ਹੰਕਾਰ ਜ਼ਰਾ ਵੀ ਨਹੀਂ ਸੀ ਤੇ ਤੂੰ ਹਉਮੈ ਦੀ ਪੋਟਲੀ ਦਿਮਾਗ ਵਿਚ ਪਾਈ ਹੋਈ ਹੈ। ਇਸੇ ਲਈ ਤਾਂ ਕਿਸੇ ਨਾਲ ਕੁਝ ਵੰਡਿਆ ਨਹੀਂ।

ਕੁੜੀ ਦੱਬੇ ਪੈਰ ਕਮਰੇ 'ਚੋਂ ਬਾਹਰ ਚਲੇ ਜਾਂਦੀ ਹੈ।

-ਸੂਸਨ, ਦੇਖੀਂ ਜ਼ਰਾ, ਅਲਮਾਰੀ 'ਤੇ ਇੱਕ ਗੋਲਕ ਪਈ ਹੈ। ਮੇਰੀ ਦੋਹਤੀ ਦੀ ਹੈ। ਇੱਧਰ ਉਧਰ ਨਾ ਕਰ ਦੇਵੀਂ। ਕਿੱਲੀ ਉਤੇ ਸੀਲਮ ਦੀ ਲੱਛੀ ਪਾਈ ਹੋਈ ਹੈ। ਪੋਤੀ ਲਈ ਗੁਡੀਆ ਬਣਾ ਰਹੀ ਹਾਂ। ਵਾਲ ਲਗਾਉਂਗੀ ਤੇ ਪਹਿਨਾਉਂਗੀ। ਗੁੰਝਲਾਂ ਨਾ ਪਾ ਦੇਵੀਂ।

ਖਿੜਕੀ ਕਿਉਂ ਖੜਕ ਰਹੀ ਹੈ। ਰਹਿ-ਰਹਿ ਕੇ ਕਿਸਦੀ ਚੁੰਨੀ ਲਹਿਰਾ ਰਹੀ ਹੈ। ਉਏ, ਇਹ ਤਾਂ ਮੇਰੀ ਚੁੰਨੀ ਹੈ। ਪਕੜ ਲੈ ਕਸ ਕੇ, ਨਹੀਂ ਤਾਂ ਹਨੇਰੀ ਵਿਚ ਉਡ ਜਾਵੇਗੀ।

ਸੂਸਨ ਦੀਦੀ ਨੂੰ ਬੁਲਾ ਲਿਆਉਂਦੀ ਹੈ।

ਦੋਨੋਂ ਅੰਮ੍ਰਿ 'ਤੇ ਝੁਕ ਕੇ-

-ਸੌਂ ਗਏ ਨੇ। ਗਹਿਰੀ ਨੀਂਦ ਵਿੱਚ ਨੇ।

-ਸੂਸਨ, ਥੋੜ੍ਹਾ ਆਰਾਮ ਕਰ ਲੈ। ਮੈਂ ਐਥੇ ਈ ਬੈਠੀ ਆਂ।

ਅੰਮ੍ਰਿ ਜਾਗ ਕੇ, ਤੇਜ਼ ਆਵਾਜ਼ ਵਿੱਚ।

-ਸੂਸਨ, ਕਿੱਥੇ ਐ। ਮੇਰਾ ਬਿਸਤਰਾ ਬਦਲੋ। ਗਿੱਲਾ ਹੋਇਆ ਪਿਐ।

ਸੂਸਨ ਅੰਮੀ ਨੂੰ ਸਾਫ਼ ਕਰਕੇ ਬਿਸਤਰਾ ਬਦਲਦੀ ਹੈ।

ਲੰਬੀ ਗਹਿਰੀ ਨੀਂਦ ਦੇ ਬਾਦ ਅੰਮ੍ਰਿ ਹੜਬੜਾ ਕੇ ਉੱਠਦੇ ਨੇ।

-ਸੁਣ ਰਹੀ ਹੈਂ ਨਾ ਗੱਡੀ ਦੀ ਆਵਾਜ਼। ਸਟੇਸ਼ਨ ਦੂਰ ਹੈ, ਪਰ ਇੰਜਣ ਦੀ ਆਵਾਜ਼ ਗੜਗੜਾਉਂਦੀ ਹੋਈ ਇੱਥੇ ਤੱਕ ਪਹੁੰਚ ਜਾਂਦੀ ਹੈ। ਧਸ ਜਾਂਦੀ ਹੈ ਮੇਰੇ ਅੰਦਰ।

ਕੁੜੀ ਆਪਣੇ ਵਾਲਾਂ ਨੂੰ ਸਹਿਲਾਉਂਦੀ ਹੈ।

-ਜਦ ਤੇਰੇ ਪਿਤਾ ਜੀ ਤੁਰ ਜਾਣ ਦੀ ਤਿਆਰੀ ਵਿਚ ਸਨ ਤਾਂ ਸਵੇਰੇ ਚਾਰ ਵਜੇ ਵਾਲੀ ਗੱਡੀ ਦੀ ਆਵਾਜ਼ 'ਤੇ ਚੌਂਕ ਕੇ ਉਠ ਬੈਠਦੇ।

ਮੈਂ ਚੁੱਪ-ਚਾਪ ਦੇਖਦੀ ਰਹਿੰਦੀ। ਉਨ੍ਹਾਂ ਤੋਂ ਪੁੱਛਿਆ ਕਦੇ ਕੁਝ ਨਹੀਂ। ਕੀ ਪੁੱਛਦੀ- ਇਕ ਰਾਤ ਨੂੰ ਅਜਿਹੀ ਹੀ ਥਰਥਰਾਉਂਦੀ ਹੋਈ ਆਵਾਜ਼ 'ਤੇ ਉੱਠ ਬੈਠੇ ਤੇ ਸਿਰਹਾਣੇ 'ਤੇ ਕੂਹਣੀ ਟੇਕ ਮੇਰੇ ਵੱਲ ਝੁਕੇ-

ਸੁਣ ਰਹੀ ਹੈਂ ਨਾ! ਇਹ ਆਵਾਜ਼ ਮੈਨੂੰ ਬਹੁਤ ਉਦਾਸ ਕਰ ਜਾਂਦੀ ਹੈ।

ਮੈਂ ਚੁੱਪ। ਕੀ ਕਹਿੰਦੀ।

ਯਾਤਰਾ ਪੂਰੀ ਹੋਣ ਨੂੰ ਆਉਂਦੀ ਹੈ ਤਾਂ ਪਤਾ ਨਹੀਂ ਕਿਆ-ਕਿਆ ਦਿਲ ਨੂੰ ਖਟਖਟਾਉਂਦਾ ਹੈ। ਬੀਤੇ ਸੁੱਖਾਂ ਦੇ ਸਮੂਹ ਪਿਛਲੀ ਦਿਸ਼ਾ ਵੱਲ ਤੇ ਜੀਵ-ਆਤਮਾ ਵਿਰਾਟ ਦੇ ਵੱਲ। ਵਾਪਿਸ।

ਕੁੜੀ ਕੱਪੜਾ ਠੀਕ ਕਰਨ ਦੇ ਬਹਾਨੇ ਨਾਲ ਮਾਂ ਦਾ ਗੁੱਟ ਛੂੰਹਦੀ ਹੈ।

ਅੰਮ੍ਰਿ ਨਰਮਾਈ ਨਾਲ-

-ਹਾਲੇ ਇਹ ਨਬਜ਼ ਠੀਕ ਚੱਲ ਰਹੀ ਹੈ। ਜਾ ਕੇ ਆਰਾਮ ਕਰੋ।

ਕੁੜੀ ਸੰਕੋਚ ਵਿੱਚੋਂ ਨਿਕਲਣ ਲਈ-

-ਅੰਮ੍ਰਿ, ਮੈਂ ਤਾਂ ਆਪਣੇ ਲਈ ਕੌਫ਼ੀ ਬਣਾ ਕੇ ਲਿਆ ਰਹੀ ਹਾਂ। ਕਿਆ ਤੁਹਾਡੇ ਲਈ ਵੀ?

–ਨਾ ! ਕੁਝ ਖਿਲਾਉਣਾ ਹੀ ਚਾਹੁੰਦੀ ਹੈਂ ਤਾਂ ਕੋਈ ਤਾਜ਼ਾ ਫਲ ਦਿਓ।

–ਅੰਬ ਕਿ ਆਲੂ–ਬੁਖਾਰਾ।

–ਅੰਬ ਹੀ। ਜਿਹਾ ਨਾਮ ਤਿਹਾ ਗੁਣ।

ਕੁੜੀਏ ਤੇਰੀ ਵੱਡੀ ਭੈਣ ਅੰਬ ਚੰਗਾ ਕੱਟਦੀ ਹੈ। ਅੰਬ ਦੀਆਂ ਫਾਂਕਾਂ ਕਰਦੀ ਹੈ ਦੋ। ਕਾਂਟੇ ਨਾਲ ਗੋਦ ਕੇ ਉਸ ਉੱਤੇ ਮਲਾਈ ਪਾਉਂਦੀ ਹੈ। ਅੱਖ ਤੇ ਮਨ ਦੋਨੋਂ ਸਵਾਦ ਵਿਚ ਰਸ–ਬਸ ਜਾਂਦੇ ਨੇ।

–ਉਨ੍ਹਾਂ ਨੂੰ ਵੀ ਤਾਂ ਤੁਸੀਂ ਹੀ ਸਿਖਾਇਆ ਹੋਵੇਗਾ।

–ਨਹੀਂ, ਇਹ ਨਜ਼ਾਕਤਾਂ ਇਸੇ ਘਰ ਦੀਆਂ ਨੇ। ਸਾਡੀਆਂ ਨਹੀਂ।

ਕੁੜੀ ਹੱਸ ਕੇ–

–ਅੰਮੀ, ਸਾਡੇ ਤੇ ਤੁਹਾਡੇ ਘਰ ਦਾ ਜ਼ਿਕਰ ਅਚਾਨਕ ਕਿਵੇਂ ਹੋਣ ਲੱਗਿਆ।

–ਕਿਉਂ, ਇਸ ਵਿਚ ਹੈਰਾਨੀ ਦੀ ਕੀ ਗੱਲ ਹੈ ! ਔਰਤ ਜਦ ਨਵੇਂ ਘਰ ਵਿਚ ਜੜਾਂ ਜਮਾਉਂਦੀ ਹੈ ਤਾਂ ਆਪਣੇ ਪੇਕਿਆਂ ਨੂੰ ਦਿਲ ਦੇ ਪਿਛਵਾੜੇ ਵਿਚ ਸੁੱਟ ਦਿੰਦੀ ਹੈ। ਆਪਣੀ ਮਾਂ ਨੂੰ ਹੀ ਦੇਖ ਲੈ। ਜ਼ਿੰਦਗੀ ਗੁਜ਼ਰ ਜਾਣ ਬਾਦ ਅੱਜ ਉਨ੍ਹਾਂ ਨੂੰ ਯਾਦ ਕਰ ਰਹੀ ਹਾਂ।

–ਅੰਮੂ, ਹੁਣ ਤਾਂ ਮੁੱਠਭੇੜ ਦਾ ਕੋਈ ਅੰਦੇਸ਼ਾ ਨਹੀਂ, ਪਰ ਮੁਕਾਬਲੇ ਦੀ ਗੱਲ ਕਿਵੇਂ ਉੱਠੀ ਮਨ ਵਿਚ –

–ਭੋਲੀਆਂ ਗੱਲਾਂ। ਸੋਚਣ–ਕਹਿਣ ਦਾ ਮੌਕਾ ਹੀ ਕਿੱਥੇ ਸੀ। ਹੁਣ ਪਏ–ਪਏ ਦੋਨੋਂ ਅਲੱਗ–ਅਲੱਗ ਰੰਗ ਦਿਖ ਰਹੇ ਨੇ।

–ਅੰਮੂ, ਕਿਸ ਪਾਸੇ ਦਾ ਪੱਲੜਾ ਭਾਰੀ ਹੈ !

–ਸ਼ੇਖੀ ਨਾ ਮਾਰ, ਕੁੜੀਏ। ਮੇਰੇ ਪੇਕਿਆਂ ਦੀਆਂ ਖੂਬੀਆਂ ਵੀ ਘੱਟ ਨਹੀਂ ਸਨ।

–ਉਸੇ ਸ਼ਾਖ ਤੋਂ ਨਿਕਲੇ ਹੋਏ ਹੋ ਤੁਸੀਂ ਵੀ। ਸਾਰੇ ਘਰ ਨੂੰ ਕਾਬੂ ਕਰੀਂ ਰੱਖਿਆ।

–ਨਹੀਂ ਨੀ। ਤੁਹਾਡਾ ਖਾਨਦਾਨ ਕਿਸੇ ਨੂੰ ਸਿਆਣਦਾ ਨਹੀਂ। ਸਭ ਦੀਆਂ ਖੂਬੀਆਂ ਨਿਗਲ ਜਾਂਦਾ ਹੈ ਇਹ ਪਰਿਵਾਰ।

–ਇਹ ਨਾ ਕਹੋ। ਤੁਹਾਡੀ ਆਵਾਜ਼ ਨਾਲ ਪਰਿਵਾਰ ਚੱਲਦਾ ਰਿਹਾ ਹੈ।

–ਜੋ ਵੀ ਹੈ ਤੁਹਾਡੇ ਘਰਾਣੇ ਵਿਚ, ਰਸ–ਬੇਰਸ ਆਰ–ਪਾਰ ਫੈਲਿਆ ਹੈ। ਪਤਾ ਨਹੀਂ ਕਿੱਥੇ ਦੇਖਦੇ ਨੇ ਤੇ ਕਿਆ ਸੋਚਦੇ ਨੇ। ਆਪਣੇ ਆਪ ਨਾਲ ਹੀ ਉਲਝੇ ਰਹਿੰਦੇ ਨੇ।

–ਅੰਮੂ, ਕਿਆ ਅਸੀਂ ਸਾਰੇ ਤੁਹਾਨੂੰ ਅਜਿਹੇ ਹੀ ਲੱਗਦੇ ਹਾਂ।

–ਤਾਂ ਹੋਰ ਕਿਹੋ ਜਿਹੇ, ਜਿਹੋ ਜਿਹੇ ਹੋ ਉਹੋ ਜਿਹੇ ਹੀ ਤਾਂ ਲੱਗੋਗੇ। ਹਮੇਸ਼ਾ ਤੋਂ ਅਜਿਹੇ ਹੀ ਸੀ। ਕੁੜੀਏ, ਮੇਰੇ ਪੇਕੇ ਵੀ ਕੁਝ ਘੱਟ ਨਹੀਂ ਸਨ। ਪਰ ਉਨ੍ਹਾਂ ਨੇ ਤੇਰੇ ਵਾਂਗ ਆਪਣੇ ਆਪ ਨੂੰ ਸਿਰ ’ਤੇ ਨਹੀਂ ਉਠਾ ਰੱਖਿਆ ਸੀ। ਤੁਹਾਡੇ ਇੱਥੇ ਤਾਂ ਹਰ ਕਿਸੇ ਨੂੰ ਸ਼ਿਲਾਲੇਖ ਲੱਗਿਆ ਹੋਇਆ ਹੈ।

–ਅੰਮੂ, ਅਜਿਹੀਆਂ ਗੱਲਾਂ ਕਿਉਂ ਕਰ ਰਹੇ ਹੋ !

–ਕਰ ਲੈਣ ਦਿਓ ਮੈਨੂੰ। ਇਹ ਹਿਸਾਬ–ਕਿਤਾਬ ਦੱਸਣ ਦੁਬਾਰਾ ਥੋੜ੍ਹੀ ਹੀ ਆਊਂਗੀ।

ਗ੍ਰਹਿਸਥ ਵਿਚ ਪੈਰ ਰੱਖ ਕੇ ਇਸਤਰੀ ਦਾ ਜੋ ਮੰਥਨ–ਮਰਦਨ ਹੁੰਦਾ ਹੈ, ਉਹ ਭੁਚਾਲ ਦੇ ਝਟਕਿਆਂ ਤੋਂ ਘੱਟ ਨਹੀਂ ਹੁੰਦਾ। ਔਰਤ ਸਹਿਣ ਕਰ ਲੈਂਦੀ ਹੈ, ਕਿਉਂਕਿ ਉਸ ਨੂੰ ਸਹਿਣ ਕਰਨਾ ਪੈਂਦਾ ਹੈ।

–ਅੰਮੂ, ਜੇਕਰ ਤੁਹਾਨੂੰ ਦੁਬਾਰਾ ਇਸੇ ਪਰਿਵਾਰ ਵਿਚ ਆਉਣਾ ਹੋਵੇ ਤਾਂ ਕਿਵੇਂ ਲੱਗੇਗਾ।

ਅੰਮੂ ਪਹਿਲਾਂ ਗੁੱਸੇ ਵਿੱਚ ਲੜਕੀ ਨੂੰ ਘੂਰਦੇ ਨੇ, ਫਿਰ ਹੱਸਣ ਲੱਗਦੇ ਨੇ–

–ਏ, ਇਸ ਕੁੱਲ ਦੀ ਬੁੱਢੀਏ–ਕਿਸੇ ਨੇ ਦੁਨੀਆਂ ਵਿਚ ਭੇਜਣ ਤੋਂ ਪਹਿਲਾਂ ਮੈਨੂੰ ਪੁੱਛ ਹੀ



ਲਿਆ ਤਾਂ ਮੈਂ ਮੁੜ ਕੇ ਇੱਥੇ ਹੀ ਆਊਂਗੀ। ਇਸ ਘਰ ਵਿਚ ਤੁਹਾਡੇ ਪੂਰਵਜਾਂ ਦੀ ਕਮਾਈ ਜਾਇਦਾਦ ਹੈ। ਮੇਰਾ ਆਪਣਾ ਬਣਾਇਆ ਹੋਇਆ ਪਰਿਵਾਰ ਇੱਥੇ ਸੁਰੱਖਿਅਤ ਹੈ ਤਾਂ ਭਲਾ ਮੈਂ ਕਿਉਂ ਕਿਸੇ ਦੂਸਰੇ ਘਰ ਦਾ ਦਰਵਾਜ਼ਾ ਲੱਭਣ ਲੱਗੀ।

ਕੁੜੀ ਆਪਣੇ ਆਪ ਨੂੰ ਸੰਭਾਲ ਮਾਂ ਦਾ ਮੱਥਾ ਚੁੰਮਦੀ ਹੈ।

–ਕਈ ਵਰਸ਼–ਸਾਲਾਂ ਤੋਂ ਇਸ ਦੁਨੀਆਂ ਵਿਚ ਰਹੀ ਹਾਂ ਪਰ ਇਨ੍ਹੀਂ ਦਿਨੀਂ ਵਾਰ ਵਾਰ ਏਹੀ ਮਨ ਵਿਚ ਕਿ ਐਨਾ ਜਿਊਣਾ ਸੀ ਤਾਂ ਕੁਝ ਢੰਗ ਦਾ ਕੰਮ ਹੀ ਕੀਤਾ ਹੁੰਦਾ। ਐਨੀ ਵੱਡੀ ਦੁਨੀਆਂ ਹੈ, ਉਸ ਨੂੰ ਹੀ ਦੇਖ ਲੈਂਦੀ। ਪਰ ਗ੍ਰਹਿਸਥੀ ਦੇ ਤਾਣੇ–ਬਾਣੇ ਵਿਚ ਹੀ ਉਮਰ ਗੁਜ਼ਰ ਗਈ।

–ਅੰਮੂ, ਤੁਸੀਂ ਬਹੁਤ ਕੁਝ ਕੀਤਾ ਹੈ। ਸਾਰੇ ਪਰਿਵਾਰ ਨੂੰ ਬਣਾਇਆ।

–ਮੈਨੂੰ ਵਧਾ–ਚੜ੍ਹਾ ਕੇ ਨਾ ਦੱਸ, ਕੁੜੀਏ। ਮੈਂ ਤੁਹਾਡੀ ਸਾਰਿਆਂ ਦੀ ਮਾਂ ਜ਼ਰੂਰ ਹਾਂ, ਪਰ ਅਲੱਗ ਹਾਂ। ਮੈਂ ਹਾਂ। ਮੈਂ ਮੈਂ ਤੁਸੀਂ ਨਹੀਂ ਤੇ ਤੁਸੀਂ ਮੈਂ ਨਹੀਂ।

–ਮੇਰੀ ਗੱਲ ਤਾਂ ਸੁਣੋ....

ਅੰਮੂ ਭੜਕ ਕੇ–

–ਇਹ ਲਿਹਾਜ਼ਦਾਰੀ ਨਾਲ ਮੇਰਾ ਹੁਣ ਕੁਝ ਬਣਨ ਵਾਲਾ ਨਹੀਂ। ਸੁਣ ਕੁੜੀਏ, ਸੰਤਾਨ ਮਾਂ ਦੇ ਹਿੱਸੇ ਦਾ ਸਾਰਾ ਵਕਤ ਨਿਗਲ ਜਾਂਦੀ ਹੈ।

–ਅੰਮੂ, ਕਿਸੇ ਤੋਂ ਤਾਂ ਕੁਝ ਸੁੱਖ–ਸੰਤੋਖ ਪਾਇਆ ਹੋਵੇਗਾ।

–ਮੈਂ ਉਸਦੀ ਗੱਲ ਨਹੀਂ ਕਰ ਰਹੀ। ਮਾਂ ਪੈਦਾ ਕਰਦੀ ਹੈ। ਪਾਲ ਪੋਸ ਕੇ ਵੱਡਾ ਕਰਦੀ ਹੈ। ਫਿਰ ਉਸੇ ਦੀ ਕੁਰਬਾਨੀ ! ਮਾਂ ਨੂੰ ਟੁਕੜਿਆਂ ਵਿਚ ਵੰਡ ਕੇ ਪਰਿਵਾਰ ਉਸ ਨੂੰ ਇੱਥੇ–ਉੱਥੇ ਫੈਲਾ ਦਿੰਦਾ ਹੈ। ਕਾਰਣ ਤਾਂ ਏਹੀ ਨਾ, ਸਮੁੱਚੀ ਹੋ ਕੇ ਕਿਤੇ ਉੱਠ ਖੜੀ ਨਾ ਹੋਵੇ। ਮਾਂ ਨੂੰ ਦੁੱਧ ਦੇਣ ਵਾਲੀ ਗਾਂ ਜਾਂ ਪਾਲਣਹਾਰੀ ਬਣਾ ਕੇ ਰੱਖਦੇ ਨੇ। ਘੱਟਦੀ ਰਹੇ। ਸੁਖ ਦਿੰਦੀ ਰਹੇ। ਉਸਦਾ ਕੰਮ ਐਨਾ ਹੀ ਹੈ। ਉਹ ਆਪਣੇ ਤਾਈਂ ਕੁਝ ਵੀ ਸਮਝਦੀ ਰਹੇ, ਪਰ ਬੱਚਿਆਂ ਲਈ ਸਿਰਫ਼ ਘਰ ਦੀ ਵਿਵਸਥਾ ਕਰਨ ਵਾਲੀ।

ਸੂਸਨ ਮਾਂ ਦੇ ਸਿਰਹਾਣੇ ਵਾਲੀ ਹਲਕੀ ਬੱਤੀ ਜਲਾਉਂਦੀ ਹੈ ਤੇ ਅੰਮੂ ਅੱਖਾਂ ਬੰਦ ਕਰ ਲੈਂਦੀ ਹੈ।

ਅੱਧੀ ਰਾਤ ਅੰਮੀ ਜਾਗ ਕੇ–

–ਸੂਸਨ, ਦੱਸ ਤਾਂ ਸਹੀਂ ਘੜੀ ’ਤੇ ਕਿੰਨੇ ਵੱਜੇ ਨੇ। ਰਾਤ ਹੋ ਰਹੀ ਹੈ ਕਿ ਦਿਨ ਨਿਕਲਣ ਵਾਲਾ ਹੈ।

–ਰਾਤ ਦੇ ਦੋ ਵੱਜੇ ਨੇ, ਅੰਮੀ ਜੀ।

–ਇਹ ਰਾਤ ਮੈਨੂੰ ਸਰਕਦੀ ਨਹੀਂ ਲੱਗਦੀ। ਹਾਂ, ਮੇਰੇ ਗਲੇ ਦਾ ਕੁਝ ਕਰ। ਪਤਾ ਨਹੀਂ ਕਿਆ ਹੋ ਗਿਐ। ਕੰਮ–ਧੰਦਾ ਕੋਈ ਹੈ ਨਹੀਂ। ਬੱਸ ਪਏ–ਪਏ ਗੱਲਾਂ ਵਿਚ ਪਿਛਲੇ ਸਾਲਾਂ ਨੂੰ ਫਲਾਂਗਦੀ ਜਾਂਦੀ ਹਾਂ, ਜਿਵੇਂ ਕੋਈ ਗੱਡੀ ਭੱਜੀ ਜਾ ਰਹੀ ਹੈ।

ਸੂਸਨ ਅੰਮੀ ਨੂੰ ਪਾਣੀ ਪਿਲਾਉਂਦੀ ਹੈ।

–ਕਿਤੇ ਮਿਸ਼ਰੀ ਰੱਖੀ ਹੋਵੇਗੀ !

–ਲਿਆਈ ਅੰਮੀ ਜੀ !

–ਕਾਇਆ ਦੀ ਜੜ੍ਹਤ–ਘੜ੍ਹਤ ਸੌ ਸਾਲ ਲਈ ਬਣੀ ਹੋਈ ਹੈ। ਠੀਕ ਹੀ ਚੱਲ ਰਹੀ ਸੀ ਮੈਂ। ਹੱਡੀ ਨਾ ਟੁੱਟਦੀ ਤਾਂ ਮੈਂ ਚੰਗੀ ਭਲੀ ਸੀ।

–ਇਹ ਕਿਆ ਅੰਮੀ ਜੀ, ਤੁਸੀਂ ਫਿਰ ਡ੍ਰੈਸਿੰਗ ਖੋਲ੍ਹ ਦਿੱਤੀ ?

–ਹਾਂ ਖੋਲ੍ਹੀ ਹੈ। ਜੋ ਬੰਨ੍ਹੀ ਹੋਈ ਸੀ ਓਹੀ ਖੋਲ੍ਹੀ ਹੈ।

ਸੂਸਨ ਅੰਮੀ ਨੂੰ ਪਾਸਾ ਦੇ ਜ਼ਖ਼ਮ ਪੂੰਝਦੀ ਹੈ ਤੇ ਦੁਬਾਰਾ ਪੱਟੀ ਕਰਨ ਲੱਗਦੀ ਹੈ।

-ਸੂਸਨ, ਮੇਰੀ ਗੱਲ ਸੁਣ। ਹੁਣ ਇਸ ਨੂੰ ਖੁੱਲ੍ਹਾ ਛੱਡ ਦੇ!

-ਅੰਮੀ ਜੀ, ਛਿੱਲੇ ਜਾਣ ਦਾ ਡਰ ਹੈ। ਰਿਸਣ ਲੱਗੇਗਾ।

-ਕਿਆ ਗੱਲਾਂ ਕਰ ਰਹੀ ਹੈਂ। ਕਿਆ ਮੈਨੂੰ ਪਤਾ ਨਹੀਂ ਕਿ ਮੈਨੂੰ ਕਿੰਨਾ ਦਰਦ ਹੈ। ਮੈਂ ਕੋਈ ਕੱਵਚ ਨਹੀਂ ਪਹਿਨ ਰੱਖਿਆ।

ਮੈਂ ਤੀਰਾਂ ਦੀ ਸੇਜ਼ ਉੱਪਰ ਵਿਛੀ ਹਾਂ।

-ਸੂਸਨ, ਕਿਆ ਗੱਡੀ ਗਈ?

-ਕਿਹੜੀ ਗੱਡੀ ਅੰਮੀ ਜੀ?

-ਸੂਸਨ, ਤੂੰ ਆਪਣੀ ਡਿਊਟੀ ਨਹੀਂ ਕਰ ਰਹੀ। ਲਾਪਰਵਾਹ ਹੋ ਗਈ ਹੈਂ। ਮਹੀਨੇ ਹੋ ਗਏ ਤੈਨੂੰ ਇਸ ਘਰ ਵਿਚ, ਐਨਾ ਨਹੀਂ ਪਤਾ ਕਿ ਗੱਡੀ ਕਦੋਂ ਆਉਂਦੀ ਹੈ ਤੇ ਕਦੋਂ ਜਾਂਦੀ ਹੈ!

-ਅੰਮੀ ਜੀ, ਸਟੇਸ਼ਨ ਤਾਂ ਇੱਥੋਂ ਬਹੁਤ ਦੂਰ ਹੈ।

-ਮੈਂ ਸਟੇਸ਼ਨ ਦੀ ਗੱਲ ਨਹੀਂ ਕਰ ਰਹੀ। ਗੱਡੀ ਪਹਿਲਾਂ ਡਿੱਪੂ ਤੋਂ ਦੁੱਧ ਦੀਆਂ ਖਾਲੀ ਬੋਤਲਾਂ ਚੁੱਕਣ ਆਉਂਦੀ ਹੈ, ਫਿਰ ਦੁਬਾਰਾ ਭਰੀਆਂ ਬੋਤਲਾਂ ਰੱਖਣ ਆਉਂਦੀ ਹੈ।

ਸੂਸਨ ਥਰਮਸ ਉਠਾਉਂਦੀ ਹੈ।

-ਅੰਮੀ ਜੀ, ਦੁੱਧ ਕਿ ਕੌਂਪਲਾਨ!

-ਕੁਝ ਨਹੀਂ, ਮੈਨੂੰ ਕੁਝ ਨਹੀਂ ਚਾਹੀਦਾ। ਮੈਨੂੰ ਤਾਂ ਤੂੰ ਦੀਦੀ ਦੇ ਕਮਰੇ ਵਿਚ ਲੈ ਚੱਲ।

-ਮੈਂ ਦੀਦੀ ਤੋਂ ਪੁੱਛ ਕੇ ਆਉਂਦੀ ਹਾਂ।

-ਪੁੱਛ ਕੇ? ਉਹ ਕਮਰਾ ਵੀ ਮੇਰਾ ਹੀ ਘਰ ਹੈ। ਮੈਨੂੰ ਅਪਾਹਜ ਮਹਿਸੂਸ ਨਾ ਕਰਵਾ। ਪਹਿਲਾਂ ਮੈਨੂੰ ਛੋਟੇ ਕਮਰੇ ਵਿਚ ਮੱਥਾ ਟਿਕਾਉਣ ਲਈ ਲੈ ਚੱਲ। ਫਿਰ ਦੀਦੀ ਕੋਲ।

ਸੂਸਨ ਅੰਮੀ ਨੂੰ ਗੋਦ ਵਿਚ ਉਠਾ ਲੈਂਦੀ ਹੈ।

ਕੁੜੀ ਆਹਟ ਸੁਣ ਕੇ ਅੱਖਾਂ ਉੱਪਰ ਚੁੱਕਦੀ ਹੈ-

-ਸੂਸਨ, ਇਹ ਕਿਆ!

ਅੰਮ੍ਰਿ, ਤੁਸੀਂ ਇਸ ਵਕਤ ਇੱਥੇ।

-ਹਾਂ, ਤੂੰ ਹਾਲੇ ਸੁੱਤੀ ਨਹੀਂ।

ਕੁੜੀਏ, ਤੇਰੇ ਕਮਰੇ ਵਿਚ ਲੇਟ ਕੇ ਗੱਲ ਕਰਾਂ ਤਾਂ ਕੁਝ ਹਰਜ਼ ਹੈ ਕਿਆ!

-ਨਹੀਂ, ਅੰਮ੍ਰਿ।

ਕੁੜੀ ਦੀਵਾਨ 'ਤੇ ਕੁਸ਼ਨ ਰੱਖਦੀ ਹੈ।

-ਸੂਸਨ, ਅਰਾਮ ਨਾਲ, ਇੱਧਰ....ਠੀਕ ਹੈ ਅੰਮ੍ਰਿ!

-ਹਾਂ।

ਕੁਝ ਨਵਾਂ ਸ਼ੁਰੂ ਕੀਤਾ ਤੂੰ?

-ਨਹੀਂ ਅੰਮ੍ਰਿ, ਪੁਰਾਣਾ ਟੁਕੜਾ ਅਧੂਰਾ ਪਿਆ ਸੀ। ਸੋਚਿਆ, ਦੇਖ ਲਵਾਂ।

-ਹੁਣ ਜ਼ਿਆਦਾ ਸੋਚ ਵਿਚਾਰ ਛੱਡ ਦੇ। ਜੋ ਵੀ ਹੈ, ਨਿਪਟਾਉਣ ਦੀ ਕਰ, ਕੁੜੀਏ, ਵਕਤ ਭੱਜਿਆ ਜਾ ਰਿਹਾ ਹੈ। ਹਾਂ, ਇਸ ਕੰਮ ਨੂੰ ਘੱਟ ਨਹੀਂ ਸਮਝਣਾ। ਕੁੜੀਏ, ਇਹ ਵੀ ਉਤਪਤੀ ਹੈ। ਦੂਸਰੀ ਤੋਂ ਛੋਟੀ ਨਹੀਂ। ਪ੍ਰਾਣ ਦੀਆਂ ਸੈਂਕੜੇ ਧਾਰਾਵਾਂ ਨੇ। ਕਿੱਥੇ ਤੋਂ ਕਿੱਧਰੇ ਵਹਿ ਨਿਕਲਣ।

ਅੰਮੀ ਛਿਣ-ਭਰ ਬਾਅਦ-

-ਜਿਵੇਂ ਦਿਨ-ਰਾਤ ਵੰਡੇ ਜਾਂਦੇ ਨੇ ਨਾ, ਮੈਨੂੰ ਲੇਟਿਆਂ ਲੇਟਿਆਂ ਉਵੇਂ ਹੀ ਲੱਗਿਆ ਕਿ



ਅਸੀਂ ਮਾਂ-ਬੇਟੀ ਵੀ ਹੁਣ ਅਲੱਗ-ਅਲੱਗ ਹੋ ਗਏ ਹਾਂ। ਪਛਾਣ ਕਰਦੀ ਰਹੀ ਕਿ ਕਮਰਾ ਤਾਂ ਓਹੀ ਹੈ। ਹਾਲੇ ਆਪਣੇ ਹੀ ਕਮਰੇ ਵਿਚ ਹਾਂ। ਇਸੇ ਲੋਕ ਵਿਚ। ਸੋਚਿਆ, ਕਿਉਂ ਨਾ ਮਿਲ ਆਵਾਂ ਆਪਣੀ ਬੇਟੀ ਨੂੰ। ਚੱਲੀ ਆਈ। ਸੂਸਨ ਮੰਨਦੀ ਨਹੀਂ ਸੀ...

ਅੰਮ੍ਰਿ ਮੁਸਕਰਾਉਂਦੇ ਨੇ....

-ਜੇ ਮਨ ਵਿਚ ਸੋਚੀਏ ਤੇ ਕਰ ਪਾਈਏ, ਓਹੀ ਸਰਵੋਤਮ-ਪ੍ਰਸਾਦਿ ਹੈ। ਹਾਂ, ਮਾਂ ਨੂੰ ਜ਼ਿਆਦਾ ਯਾਦ ਨਹੀਂ ਕਰਨਾ। ਉੱਨੀ ਹੀ ਜਿੰਨੀ ਜ਼ਰੂਰੀ ਹੈ। ਕੁਝ ਦਿਨ ਬਾਹਰ ਲਗਾ ਆਈਂ। ਥੱਕੀ ਹੋਈ ਹੈਂ।

ਲੰਬੀ ਚੁੱਪ।

-ਕਿਆ ਸੂਸਨ ਨੂੰ ਰੱਖੀ ਰੱਖੇਂਗੀ?

-ਨਹੀਂ ਅੰਮੀ!

-ਤੇ ਰਸੋਈਆ?

-ਉਹ ਵੀ ਜਾਏਗਾ ਹੀ।

-ਦੋਨਾਂ ਵਿਚੋਂ ਕਿਸੇ ਇਕ ਨੂੰ ਰੱਖ ਸਕਦੀ ਹੈਂ!

-ਮੁਸ਼ਕਿਲ ਹੀ ਹੋਵੇਗਾ।

-ਫਰਿੱਜ਼ ਵਿਚ ਸਬਜ਼ੀ-ਦੁੱਧ-ਦਹੀ-ਪਨੀਰ ਪਿਆ ਹੋਵੇ ਤਾਂ ਜ਼ਿਆਦਾ ਦਿੱਕਤ ਨਹੀਂ। ਪਕਾਉਣ-ਪ੍ਰੋਸਣ ਨਾਲ ਵਕਤ ਤਾਜ਼ਾ ਹੁੰਦਾ ਰਹਿੰਦਾ ਹੈ।

-ਜੀ!

-ਤੂੰ ਵੀ ਤਾਂ ਕੁਝ ਸੋਚ ਰਹੀ ਹੋਵੇਂਗੀ ਅੱਗੇ ਦਾ। ਸਾਰੇ ਕੰਮਾਂ ਲਈ ਦੇਰ ਹੋ ਚੁੱਕੀ ਹੈ, ਕੁੜੀਏ! ਇਕੱਲਿਆਂ ਕਿਵੇਂ ਕਰੇਂਗੀ!

-ਜਿਵੇਂ ਵੀ ਹੋਵੇ, ਅੰਮ੍ਰਿ!

ਅੰਮ੍ਰਿ ਦੁਬਿਧਾ ਨਾਲ-

ਵੈਸੇ ਚਾਹੋਂ ਤਾਂ ਤੂੰ ਕਿਆ ਨਹੀਂ ਕਰ ਸਕਦੀ। ਐਨਾ ਲਘੂਤਮ-ਮਹੱਤਮ ਨਹੀਂ ਕਿ ਸਮੇਟ ਨਾ ਸਕੇਂ!

ਕੁੜੀ ਮਾਂ ਵੱਲ ਦੇਖਦੀ ਰਹਿੰਦੀ ਹੈ।

-ਆਪਣੇ ਵਹਾਓ ਦੇ ਵਿਰੁੱਧ ਨਾ ਚੱਲੀਂ।

-ਅੰਮ੍ਰਿ, ਕੋਈ ਜ਼ਰੂਰੀ ਗੱਲ ਧਿਆਨ ਵਿਚ ਆਉਂਦੀ ਹੋਵੇ ਤਾਂ ਕਹੋ!

-ਮੈਥੋਂ ਕਿਸੇ ਨੂੰ ਜ਼ਰੂਰੀ ਰਤਨ-ਸੋਨਾ-ਗਾਵਾਂ-ਘੋੜੇ ਤੇ ਖੇਤ ਨਹੀਂ ਮਿਲਣੇ। ਕੋਰੀ ਸਲਾਹ ਹੀ ਸਮਝ ਕੁੜੀਏ, ਕੁੱਲ ਦੀ ਸਰਦਾਰੀ ਬੇਟੀਆਂ ਨੂੰ ਨਹੀਂ ਜਾਂਦੀ। ਸਾਸਤਰਾਂ ਅਨੁਸਾਰ ਤੇਰਾ ਭਾਈ ਹੀ ਪਗੜੀ ਬੰਨੇਗਾ। ਬਾਕੀ ਪਰਿਵਾਰ ਦਾ ਝੰਡਾ ਬਹੂਜੀ ਦੇ ਹੱਥ ਵਿਚ।

-ਲਾਕਰ ਦੀ ਚਾਬੀ ਮੇਰੀ ਅਲਮਾਰੀ ਵਿਚ ਹੈ। ਉਪਰ ਦੇ ਖਾਨੇ ਵਿਚ ਗੋਲ-ਡੱਬਾ ਪਿਆ ਹੈ, ਉਸੇ ਵਿਚ ਮਿਲੇਗੀ।

ਕੁੜੀਏ, ਸੋਨਾ ਸੇਰਾਂ ਵਿਚ ਸੀ, ਹੁਣ ਤੋਲਿਆਂ ਵਿਚ ਪਾਏਂਗੀ। ਜਦ ਜ਼ਰੂਰਤ ਪਈ, ਵਰਤਿਆ ਗਿਆ। ਤੂੰ ਜਾਣਦੀ ਹੀ ਹੈਂ....

ਮੇਰੇ ਹੱਥ ਦਾ ਪੂਰਾ ਕਾਗਜ਼ ਬਣਿਆ ਹੋਇਆ ਹੈ। ਭਾਈ-ਭੈਣਾਂ ਨੂੰ ਦਿਖਾ ਦੇਣਾ। ਬਹੂ ਦਾ ਆਪਣਾ ਲਾਕਰ ਹੈ। ਉਸਦੀ ਅਮਾਨਤ ਉਸਦੇ ਕੋਲ। ਵਿਦਾਈ ਸਮੇਂ ਉਸ ਨੂੰ ਸੱਸ ਦਾ ਤੋਹਫ਼ਾ ਨਾ ਮਿਲ ਸਕਿਆ ਤਾਂ ਭਵਾਨੀ ਤੋਂ ਮੁਆਫ਼ੀ ਮੰਗ ਲਵਾਂਗੀ।

ਪਰਿਵਾਰਾਂ ਵਿਚ ਐਨਾ ਕੁਝ ਹੁੰਦਾ ਨਹੀਂ, ਜਿੰਨਾ ਦੂਰੋਂ ਨਜ਼ਰ ਆਉਂਦਾ ਹੈ। ਕਿਸ ਦਾ ਕੀ, ਕਿਸ ਨੂੰ ਕਿਉਂ ਤੇ ਕਿਸ ਨੂੰ ਕਿੰਨਾ-ਟੀਪ ਤਾਂ ਇਕ ਹੀ। ਰਿਸ਼ਤੇ-ਨਾਤਿਆਂ ਵਿਚ ਏਹੀ ਗੱਲਾਂ। ਕਿਸੇ ਦੇ ਨਾਲ ਕੋਈ ਬਹਿਸ ਨਾ ਕਰੀਂ। ਦੂਸਰੇ ਸਾਰੇ ਪਰਸਪਰ ਪੂਰਕ ਨੇ ਤੇ ਤੂੰ ਹਰ ਘੇਰੇ ਤੋਂ ਬਾਹਰ ਹੈਂ। ਕੁੜੀਏ, ਆਪਣੇ ਆਪ ਨੂੰ ਪਾਏਂਗੀ ਤਾਂ ਇੱਕਲਿਆਂ ਹੀ।

ਕੁੜੀ ਸਿਰਗਟ ਜਲਾ ਲੈਂਦੀ ਹੈ।

ਕੁੜੀ ਹੱਸ ਕੇ-

-ਅੰਮ੍ਰ, ਦਿਲ ਕਰਦੈ ਤਾਂ ਇਕ ਹੋ ਜਾਏਂ!

-ਸਿਰਹਾਣਾ ਲਾ ਕੇ ਸਿਰ ਉੱਚਾ ਕਰਨਾ ਪਏਗਾ ਤੈਨੂੰ।

-ਇਹ ਭਲਾ ਕਿਆ ਮੁਸ਼ਕਿਲ।

ਅੰਮ੍ਰ ਮਜ਼ਾ ਲੈ ਕੇ-

-ਕੁੜੀਏ, ਅੰਦਰ ਤੋਂ ਆਵਾਜ਼ ਆ ਹੀ ਜਾਏ ਤਾਂ ਉਵੇਂ ਕਰ ਲੈਣਾ ਚਾਹੀਦੈ। ਚੰਗਾ ਹੋਇਆ ਨਾ ਜੋ ਇਧਰ ਆ ਗਈਂ। ਆਉਣ ਦਾ ਨਾ ਸੋਚਦੀ, ਤਾਂ ਉੱਥੇ ਈ ਹਨੇਰਿਆਂ ਵਿਚ ਭਟਕਦੀ ਰਹਿੰਦੀ।

ਕੁੜੀ ਹਲਕੇਪਣ ਨਾਲ-

-ਅੰਮ੍ਰ, ਉਂਜ ਤੁਹਾਨੂੰ ਬਿਸਤਰੇ ਤੋਂ ਉਠਾਉਣਾ ਮੁਸ਼ਕਿਲ ਸੀ। ਸੂਸਨ ਗਲਤ ਨਹੀਂ ਸੀ।

-ਇਕ ਕਮਰੇ ਤੋਂ ਦੂਸਰੇ ਤੱਕ ਹੀ ਤਾਂ ਆਉਣਾ ਸੀ। ਚਾਹਾਂ ਵੀ ਤਾਂ ਕਿਆ ਉਪਰੋਂ ਮੁੜ ਕੇ ਆ ਸਕਦੀ ਆਂ ਤੈਨੂੰ ਮਿਲਣ। ਨਹੀਂ ਨਾ!

-ਜੀ ਅੰਮ੍ਰ!

-ਧੂੰਏਂ ਵਿਚ ਕਈ ਛਿਣ ਅਟਕੇ ਰਹਿੰਦੇ ਨੇ। ਕੁੜੀਏ, ਤੈਨੂੰ ਇਕ ਸਵਾਲ ਪੁੱਛ ਲਵਾਂ!

-ਹਾਂ, ਅੰਮੀ।

-ਭਲਾ ਇਹ ਫਲੈਟ ਕਿਸ ਦੇ ਨਾਮ ਹੈ!

-ਮੇਰੇ ਗੈਰ ਹਾਜ਼ਰ ਹੋਣ 'ਤੇ ਤੁਹਾਡੇ ਨਾਮ ਹੈ ਅੰਮ੍ਰ!

-ਤਾਂ, ਕੁੜੀਏ, ਇਹ ਮੈਂ ਤੈਨੂੰ ਦਿੱਤਾ।

ਦੋਵੇਂ ਇਕ ਸਾਥ ਹੱਸਦੀਆਂ ਨੇ।

ਅੰਮ੍ਰ ਬਦਲੀ ਹੋਈ ਜਿਹੀ ਅਜੀਬ ਆਵਾਜ਼ ਵਿੱਚ-

-ਸੱਚ ਪੁੱਛੇ ਤਾਂ ਹੱਸਣ ਦੀ ਨਹੀਂ, ਰੋਣ ਦੀ ਗੱਲ ਹੈ।

-ਅੰਮ੍ਰ, ਇਹ ਐਨੀ ਵੱਡੀ ਗੱਲ ਨਹੀਂ ਕਿ ਹੱਸਣੈ ਨੂੰ ਰੋਣ ਵਿਚ ਬਦਲ ਲਿਆ ਜਾਵੇ।

-ਐਨੀ ਛੋਟੀ ਵੀ ਨਹੀਂ ਕਿ ਇਸ 'ਤੇ ਸੋਚਿਆ ਹੀ ਨਾ ਜਾਏ। ਆਪਣੇ ਆਪ ਨੂੰ ਦੇਖਦੀ ਹਾਂ ਤੇਰੇ ਅੰਦਰ। ਘੱਟੋ ਘੱਟ ਝਲਕ ਓਹੀ ਹੈ। ਪਰ ਸੁਭਾਅ ਤੇਰੇ ਪਿਤਾ ਦੇ ਘਰ ਦਾ।

-ਅੰਮ੍ਰ, ਇਹ ਗੁਣ ਹੈ ਕਿ ਦੋਸ਼!

-ਕੁੜੀਏ, ਨਾ ਸਿਰਫ ਗੁਣ ਤੇ ਨਾ ਸਿਰਫ਼ ਦੋਸ਼।

-ਆਪਣੇ ਸ਼ੱਕ-ਸ਼ੁਬਹਵਾਲੀ ਮੋਹਰ ਨਾ ਦਿੱਤੀ। ਅੰਮ੍ਰ, ਇਹ ਤਾਂ ਕੁਝ ਵੀ ਪ੍ਰਮਾਣਤ ਨਹੀਂ ਕਰਦੀ।

-ਕੁੜੀਏ, ਤੂੰ ਆਪਣੀ ਇਕਹਿਰੀ ਯਾਤਰਾ ਵਿੱਚ ਕੀ ਪ੍ਰਮਾਣਿਤ ਕਰੇਂਗੀ? ਸੰਗ ਸੰਗ ਜਿਊਣ ਵਿਚ ਕੁਝ ਰਹਿ ਜਾਂਦਾ ਹੈ, ਕੁਝ ਵਹਿ ਜਾਂਦਾ ਹੈ। ਇਕੱਲੇ ਵਿਚ ਨਾ ਕੁਝ ਰਹਿੰਦਾ ਹੈ ਤੇ ਨਾ ਵਹਿੰਦਾ ਹੈ।



ਸੁਣ ਰਹੀ ਹੈ ਨਾ!

-ਜੀ ਮਮ੍ਰ!

-ਕੁੜੀਏ, ਪਰਿਵਾਰ ਦੇ ਵਿਚੋਂ ਵਿਚੀਂ ਛੋਟੀ-ਮੋਟੀ ਕਰਮ-ਭੂਮੀ ਵਿਛੀ ਰਹਿੰਦੀ ਹੈ। ਇੱਥੋਂ ਹੀ ਇਸਤਰੀ ਨੂੰ ਆਪਣੀ ਤੇ ਦੂਸਰਿਆਂ ਦੀ ਪ੍ਰਤੀਤੀ ਹੁੰਦੀ ਹੈ।

ਮਾਂ ਬਣ ਕੇ ਉਹ ਤਿੰਨੋਂ ਕਾਲ ਵਿਚ ਜੀ ਲੈਂਦੀ ਹੈ। ਤੈਨੂੰ ਗ੍ਰਹਿਸਥੀ ਨਹੀਂ ਮਿਲ ਸੋ ਤੂੰ ਆਪਣੇ ਆਪ ਵਿਚ ਜਿਉਂ ਰਹੀ ਹੈਂ।

-ਤੇ ਦੂਸਰੇ, ਅੰਮ੍ਰ?

-ਆਪਣੇ-ਆਪਣੇ ਘੁਰਨਿਆਂ ਨੂੰ ਸੰਵਾਰਨ ਵਿਚ ਲੱਗੇ ਨੇ। ਕੁੜੀਏ, ਜੋ ਤੂੰ ਇਸ ਘਰ ਨੂੰ ਦਿੱਤਾ ਕਰਿਆ, ਉਸ ਗਣਿਤ ਦਾ ਕੋਈ ਗੁਣਨਫਲ ਨਹੀਂ। ਮਾਂ ਅਸ਼ੀਰਵਾਦ ਹੀ ਹੈ।

ਸੂਸਨ ਦਰਵਾਜ਼ੇ ਵਿਚੋਂ ਝਾਕ ਕੇ-

-ਹੁਣ ਅੰਮੀ ਜੀ ਨੂੰ ਉਸ ਕਮਰੇ ਵਿਚ ਲੈ ਚੱਲੀਏ।

-ਸੂਸਨ, ਅੰਮ੍ਰ ਨੂੰ ਕੁਝ ਦੇਰ ਐਥੇ ਈ ਲੇਟੇ ਰਹਿਣ ਦੇ। ਹਾਂ, ਇਕ ਕੰਮ ਕਰ-

ਫਰਿੱਜ਼ ਵਿਚੋਂ ਠੰਡਾ ਪਾਣੀ, ਬਰਫ਼, ਨਿੰਬੂ ਤੇ ਗਿਲਾਸ ਇੱਥੇ ਰੱਖ ਜਾ। ਤੂੰ ਕੁਝ ਦੇਰ ਆਰਾਮ ਕਰ ਲੈ, ਜ਼ਰੂਰਤ ਪਏਗੀ ਤਾਂ ਤੈਨੂੰ ਜਗਾ ਲਵਾਂਗੀ।

ਸੂਸਨ ਮੇਜ਼ 'ਤੇ ਟਰੇਅ ਰੱਖਦੀ ਹੈ।

-ਕੁੜੀਏ, ਤੇਰਾ ਕਮਰਾ ਭਰਿਆ-ਭਰਿਆ ਲੱਗ ਰਿਹਾ ਹੈ।

-ਅੰਮ੍ਰ, ਤੁਹਾਡੇ ਇੱਥੇ ਹੋਣ ਨਾਲੇ!

ਕੁੜੀ ਨਿੰਬੂ ਨਿਚੋੜ ਕੇ ਬਰਫ਼ ਪਾਉਂਦੀ ਹੈ ਤੇ ਗਿਲਾਸ ਭਰਦੀ ਹੈ।

ਅੰਮੀ ਟਿਕਟਿਕੀ ਲਗਾ ਕੇ ਨਿਹਾਰਦੇ ਰਹਿੰਦੇ ਨੇ।

ਕੁੜੀ ਸਿਰਹਾਣੇ 'ਤੇ ਕੁਸ਼ਨ ਟਿਕਾ ਅੰਮੀ ਨੂੰ ਸਹਾਰਾ ਦਿੰਦੀ ਹੈ।

-ਅੰਮ੍ਰ, ਗਿਲਾਸ ਪਕੜ ਸਕੋਂਗੇ!

-ਹਾਂ, ਪਕੜ ਲਵਾਂਗੀ!

-ਲਉ ਅੰਮ੍ਰ, ਚੀਅਰਜ਼।

ਅੰਮ੍ਰ ਸਿਰ ਹਿਲਾਉਂਦੇ ਨੇ।

ਘੁੱਟ ਭਰ ਕੇ-

-ਕੁੜੀਏ, ਅਸੀਂ ਕਿਤੇ ਨਾ ਕਿਤੇ, ਕਦੇ-ਨਾ-ਕਦੇ ਮਿਲਾਂਗੀਆਂ ਜ਼ਰੂਰ। ਇਕ ਦੂਸਰੇ ਨੂੰ ਪਛਾਣ ਲਵਾਂਗੀਆਂ। ਐਨੀ ਵੱਡੀ ਦੁਨੀਆਂ ਹੈ। ਇਸ ਵਿਚ ਭੁੱਲ ਨਹੀਂ ਹੋ ਸਕਦੀ। ਮਾਂ ਕਿਤੇ ਵੀ ਹੋਵੇ, ਬੇਟੀ ਕਿਤੇ ਵੀ ਹੋਵੇ, ਮਾਂ ਕੋਈ ਵੀ ਹੋਵੇ, ਬੇਟੀ ਕੋਈ ਵੀ ਹੋਵੇ-ਮਾਂ ਬੇਟੀ ਤਾਂ ਮਾਂ ਬੇਟੀ ਹੀ ਰਹਿਣਗੀਆਂ। ਰਹਿੰਦੀਆਂ ਦੁਨੀਆਂ ਤੱਕ।

ਕੁੜੀ ਰੋਣਾ ਰੋਕ ਦੇਰ ਤੱਕ ਮਾਂ ਵੱਲ ਦੇਖਦੀ ਰਹਿੰਦੀ ਹੈ। ਫਿਰ ਲੰਬੇ ਛਿਣ ਤੱਕ ਗਿਲਾਸ ਵਿੱਚ ਦੇ ਤਰਲ ਨੂੰ ਤੇ ਗਹਿਰਾ ਘੁੱਟ ਭਰ ਕੇ ਗਿਲਾਸ ਤਾਜ਼ਾ ਕਰ ਲੈਂਦੀ ਹੈ।

ਅਗਲਾ ਦਿਨ।

ਅੰਮ੍ਰ ਚੁੱਪ ਚਾਪ ਖਾਮੋਸ਼ ਲੇਟੇ ਹਨ। ਅਬੋਲਾ ਉਤਰ ਆਇਆ ਹੈ। ਹੱਥ ਦੀਆਂ ਚੂੜੀਆਂ ਉਤਾਰ ਸਿਰਹਾਣੇ ਦੇ ਹੇਠਾਂ ਸਰਕਾ ਦਿੰਦੇ ਹਨ। ਉਦਾਲੇ ਲਈ ਹੋਈ ਚਾਦਰ ਖਿਚ ਕੇ ਫਰਸ਼ 'ਤੇ ਸੁੱਟਦੇ ਹਨ। ਸਿਰ ਦੇ ਹੇਠਾਂ ਵਾਲਾ ਸਿਰਹਾਣਾ ਕੱਢ ਕੇ ਕਿਨਾਰੇ ਰੱਖ ਦਿੰਦੇ ਹਨ। ਕੁਸ਼ਨ ਉਛਾਲ ਕੇ ਦਰਵਾਜ਼ੇ ਦੀ ਦੇਹਲੀ 'ਤੇ ਸੁੱਟ ਦਿੰਦੇ ਹਨ। ਆਪਣੇ ਹੇਠਾਂ ਵਿਛੀ ਚਾਦਰ ਨੂੰ ਖਿੱਚਣ ਦੀ ਕੋਸ਼ਿਸ਼ ਵਿਚ ਸਿਰ ਨੂੰ

ਖੱਬੇ-ਸੱਜੇ ਘੁੰਮਾਉਂਦੇ ਹਨ।

ਸੂਸਨ ਕਮਰੇ ਵਿਚ ਆਉਂਦਿਆਂ ਹੀ-

-ਅੰਮੀ ਜੀ, ਤੁਸੀਂ ਇਹ ਕੀ ਕਰ ਰਹੇ ਹੋ।

-ਦੇਖ ਤਾਂ ਰਹੀ ਹੈਂ ਕਿ ਕਿਆ ਕਰ ਰਹੀ ਹਾਂ!

-ਅੰਮੀ ਜੀ, ਇੰਜ ਤਾਂ ਨਹੀਂ ਕਰਦੇ...

-ਜ਼ਰੂਰਤ ਪੈ ਜਾਵੇ ਤਾਂ ਕਰਦੇ ਨੇ।

-ਮੈਂ ਬਿਸਤਰਾ ਬਦਲ ਦਿੰਦੀ ਹਾਂ, ਅੰਮੀ ਜੀ।

ਅੰਮੂ ਚੁੱਪਚਾਪ ਡ੍ਰੈਸਿੰਗ ਖੋਲ੍ਹਣ ਲੱਗਦੇ ਨੇ। ਰੂੰ, ਗਾਜ਼, ਪੱਟੀ, ਵਾਰੀ ਵਾਰੀ ਖਿੱਚ ਕੇ ਢੇਰ ਚਿਲਮਚੀ ਵਿੱਚ ਸੁੱਟਦੇ ਨੇ।

ਸੂਸਨ ਦੀਦੀ ਨੂੰ ਬੁਲਾ ਲਿਆਉਂਦੀ ਹੈ।

ਕੁੜੀ ਨੇੜੇ ਆ ਕੇ ਮੁਲਾਇਮ ਆਵਾਜ਼ ਵਿੱਚ-

-ਅੰਮੂ, ਭਲਾ ਇਹ ਕਿਆ ਹੋ ਰਿਹਾ ਹੈ!

-ਉਹੀ ਹੋ ਰਿਹਾ ਹੈ ਜੋ ਦੇਖ ਰਹੀ ਹੈਂ।

-ਅੰਮੂ, ਇਸ ਤਰ੍ਹਾਂ ਖਿੱਚਣ ਨਾਲ ਜ਼ਖ਼ਮ ਰਿਸਣ ਲੱਗਣਗੇ। ਕਿਆ ਗਰਮੀ ਲੱਗ ਰਹੀ ਹੈ?

-ਨਹੀਂ, ਮੈਨੂੰ ਸਰਦੀ ਲੱਗ ਰਹੀ ਹੈ।

ਕੁੜੀ ਕੂਲਰ ਆਫ਼ ਕਰਦੀ ਹੈ।

ਅੰਮੀ ਗੁੱਸੇ ਵਿੱਚ-

-ਗਰਮੀ-ਸਰਦੀ ਜੋ ਵੀ ਹੋਵੇ, ਹੁਣੇ ਸਾਰਾ ਸਾਮਾਨ ਕੱਢ ਕੇ ਬਾਹਰ ਕਰ ਦਿਓ।

ਅੰਮੂ ਆਪਣੇ ਗਲੇ ਵਿਚੋਂ ਚੇਨ ਉਤਰਾਣ ਦੀ ਕੋਸ਼ਿਸ਼ ਕਰਦੇ ਨੇ।

-ਉਤਾਰ ਦੇ। ਨਹੀਂ ਚਾਹੀਦਾ। ਹੁਣ ਕੁਝ ਨਹੀਂ ਚਾਹੀਦਾ।

ਕੁੜੀ ਪਿਆਰ ਨਾਲ-

-ਅੰਮੂ, ਇਸ ਤਰ੍ਹਾਂ ਨਹੀਂ।

ਅੰਮੂ ਹੈਰਾਨੀ ਭਰੀਆਂ ਨਜ਼ਰਾਂ ਨਾਲ ਦੇਖਦੇ ਰਹਿੰਦੇ ਨੇ।

-ਅੰਮੂ, ਕਿਸੇ ਚੀਜ਼ 'ਤੇ ਮਨ ਹੋਵੇ....ਇੱਛਾ ਹੋਵੇ...

ਅੰਮੂ ਉਂਗਲੀ ਨਾਲ-

-ਚੁੱਪ!

-ਅੰਮੂ, ਕਿਹੜੀ ਗੱਲ ਪ੍ਰੇਸ਼ਾਨ ਕਰ ਰਹੀ ਹੈ ਤੁਹਾਨੂੰ। ਮੈਨੂੰ ਦੱਸੋ ਤਾਂ। ਦੱਸ ਦਿਓ।

ਅੰਮੂ ਲੰਬੇ ਛਿਣ ਤੱਕ ਦਰਵਾਜ਼ੇ ਵੱਲ ਦੇਖਦੇ ਰਹਿੰਦੇ ਹਨ।

ਫਿਰ ਸੰਕੇਤ ਨਾਲ ਕੁੜੀ ਨੂੰ ਨੇੜੇ ਬੁਲਾਉਂਦੇ ਹਨ, ਜਿਵੇਂ ਕੰਨ ਵਿਚ ਕੁਝ ਫੁਸਫੁਸਾਉਂਦੇ ਹੋਣ।

-ਜਿਵੇਂ ਮੈਂ ਇਹ ਉੱਪਰ ਦੀ ਚਾਦਰ ਉਤਾਰੀ ਹੈ, ਉਵੇਂ ਹੀ ਮੇਰਾ ਜਿਸਮ ਉਤਾਰ ਦਿਓ। ਮੇਰੇ ਤੋਂ ਮੇਰਾ ਸਰੀਰ ਅਲੱਗ ਕਰ ਦਿਓ। ਹੁਣ ਹੋਰ ਨਹੀਂ ਸਹਿਆ ਜਾਂਦਾ।

ਕੁੜੀ ਮਾਂ 'ਤੇ ਝੁਕੀ ਰਹਿੰਦੀ ਹੈ।

ਸਤਰਕ........। ਹੈਰਾਨ!

-ਮੇਰੇ ਕੱਪੜੇ ਘਰ 'ਚ ਨਾ ਰੱਖਣਾ। ਸਭ ਕੱਢ ਦੇਣੇ। ਕਿਤੇ ਭੇਜ ਦੇਣੇ। ਦੂਰ। ਅੱਖਾਂ ਤੋਂ



ਓਝਲ ਕਰ ਦਈਂ ਇਨ੍ਹਾਂ ਨੂੰ।

ਕੁੜੀ ਇਕ ਚਮਕ ਵਿਚ ਮਾਂ ਦੇ ਅੰਤਰ-ਅਕਾਸ਼ ਦੇ ਵਿਚੋਂ ਜਿਵੇਂ ਕੁਝ ਪਕੜ ਪਾਈ ਹੋਵੇ। ਗਲੇ ਨੂੰ ਸੰਯਤ ਕਰ ਕਿਹਾ-

-ਅੰਮੂ, ਤੁਸੀਂ ਜਿਵੇਂ ਚਾਹੁੰਦੇ ਹੋ, ਉਵੇਂ ਹੀ ਹੋਏਗਾ। ਪਰ ਇਕ ਗੱਲ ਮੇਰੀ ਵੀ ਸੁਣ ਲਓ- ਮੈਂ ਤੁਹਾਡੇ ਪਹਿਨਣ ਦੇ ਕੱਪੜੇ ਕਿਸੇ ਨੂੰ ਨਹੀਂ ਦੇਵਾਂਗੀ। ਮੈਂ ਉਨ੍ਹਾਂ ਨੂੰ ਪਹਿਨਾਂਗੀ। ਅੰਮੂ, ਸੁਣ ਰਹੇ ਉ ਨਾ।

ਇਸ ਬਾਰੇ ਵਿੱਚ ਤੁਸੀਂ ਕੁਝ ਵੀ ਕਹੋਗੇ ਤਾਂ ਵੀ ਮੈਂ ਮੰਨਾਂਗੀ ਨਹੀਂ।

ਅੰਮੂ ਦੇ ਚਿਹਰੇ ਦਾ ਤਣਾਓ ਸਿਰਹਾਣੇ ਵਿਚ ਘੁਲ ਜਾਂਦਾ ਹੈ।

ਅਗਲੀ ਸਵੇਰ ਅੰਮੂ ਚੌਕਸ ਲੱਗਦੇ ਨੇ।

-ਸੂਸਨ, ਅੱਜ ਹੌਲੀ ਹੌਲੀ ਕਦਮ ਪੁੱਟ ਰਹੀ ਹੈਂ। ਰਾਤ ਨੂੰ ਸੁੱਤੀ ਨਹੀਂ।

-ਨਹੀਂ ਅੰਮੀ ਜੀ, ਮੈਂ ਸੌਂ ਗਈ ਸੀ।

-ਤਾਂ ਕਿਆ ਮੈਂ ਮਚਲ ਕੇ ਲੇਟੀ ਹੋਈ ਸੀ? ਸੂਸਨ, ਤੇਰਾ ਮਰੀਜ਼ ਸੌਂਏਗਾ ਤਾਂ ਤੂੰ ਸੌਂਵੇਂਗੀ। ਮਰੀਜ਼ ਜਾਗੇਗਾ ਤਾਂ ਤੂੰ ਜਾਗੇਂਗੀ।

ਸੂਸਨ ਹੱਸਦੀ ਹੈ।

-ਮੇਰਾ ਗੱਲ ਸੁਣ ਸੂਸਨ, ਕੋਲ ਆ।

ਦਸਖਤ ਹੋ ਗਏ ਨੇ। ਹੁਣ ਤਿਆਰ ਹੀ ਸਮਝੋ। ਦਸਤਾਵੇਜ਼ ਵੀ ਬਣ ਚੁੱਕਿਆ ਹੈ। ਸੂਸਨ ਜ਼ਰਾ ਬਾਹਰ ਝਾਕ ਕੇ ਦੇਖ। ਆਸਮਾਨ 'ਤੇ ਕੋਈ ਬੱਦਲ ਦਾ ਟੁਕੜਾ ਦਿੱਖ ਰਿਹਾ ਹੈ?

ਸੂਸਨ ਬਾਲਕੋਨੀ ਤੋਂ ਮੁੜ ਕੇ-

-ਅੰਮੀ ਜੀ, ਆਸਮਾਨ ਤਾਂ ਬਿਲੁਕਲ ਸਾਫ਼ ਹੈ। ਕੋਈ ਬੱਦਲ ਨਹੀਂ। ਤੇਜ਼ ਧੁੱਪ ਹੈ।

-ਤੂੰ ਮੇਰੇ ਨਹਾਉਣ ਦੀ ਤਿਆਰੀ ਕਰ। ਅੱਜ ਮੈਂ ਬਦਨ ਪੂੰਝਵਾਉਂਗੀ ਨਹੀਂ। ਗੁਸਲਖਾਨੇ ਵਿਚ ਨਹਾਊਂਗੀ। ਸਾਵਰ ਨਾਲ।

-ਅੰਮੀ ਜੀ, ਡਾਕਟਰ ਸਾਹਬ ਨੂੰ ਫੋਨ ਕਰ ਕੇ ਪੁੱਛ ਲਈਏ।

-ਨਹੀਂ। ਉਹ ਦਵਾ-ਦਾਰੂ ਦਾ ਕਰਤਾ-ਧਰਤਾ ਹੈ। ਉਸ ਦਾ ਕੰਮ ਤਾਂ ਹੋ ਚੁੱਕਿਆ। ਹੁਣ ਉਹ ਮੇਰੀ ਦੇਹ ਦਾ ਡਾਕਟਰ ਨਹੀਂ। ਸੂਸਨ, ਇਨ੍ਹਾਂ ਸਾਰੇ ਡਾਕਟਰਾਂ ਉਪਰ ਵੀ ਇਕ ਡਾਕਟਰ ਹੈ। ਐਨ ਵਕਤ 'ਤੇ ਫੀਸ ਦੀ ਥਾਂ ਆਦਮੀ ਦਾ ਆਦਮੀ ਵਸੂਲ ਕਰ ਲੈਂਦਾ ਹੈ।

-ਅੰਮੀ ਜੀ, ਮੈਂ ਜ਼ਰਾ ਦੀਦੀ ਨੂੰ ਜਗਾ ਦੇਵਾਂ।

-ਉਸ ਨੂੰ ਸੌਣ ਦੇ। ਉਸ ਦੇ ਸਿਰ 'ਤੇ ਬੜਾ ਕੰਮ ਆਉਣ ਵਾਲਾ ਹੈ। ਥੋੜ੍ਹਾ ਆਰਾਮ ਲੈ ਸਕੇ ਤਾਂ ਚੰਗਾ ਹੈ। ਹਾਂ, ਜ਼ਰਾ ਉਹ ਸਾਬਣ ਤਾਂ ਲਿਆ ਕੇ ਦਿਖਾ ਜਿਸ ਨਾਲ ਨੁਹਾ ਰਹੀ ਹਾਂ।

-ਅੰਮੀ ਜੀ, ਇਹ ਰਿਹਾ।

-ਨਾ। ਇਹ ਨਹੀਂ। ਮੇਰੀ ਕੈਬਨਿਟ ਵਿਚ ਡੱਬਾ ਰੱਖਿਆ ਹੈ। ਉਸੇ ਵਿਚੋਂ ਇਕ ਟਿੱਕੀ ਕੱਢ ਲੈ। ਸੂਸਨ, ਇਹ ਸਾਬਣ ਬੱਚਿਆਂ ਲਈ ਹੈ। ਚਮੜੀ ਨੂੰ ਖੁਸ਼ਕ ਨਹੀਂ ਕਰਦਾ।

ਕੁੜੀ ਨੇੜੇ ਖੜੀ ਹੋ ਕੇ ਡਰੀ ਹੋਈ ਦੇਖਦੀ ਹੈ।

-ਅੰਮੂ, ਨਹਾਉਣ ਤੋਂ ਪਹਿਲਾਂ ਨਾਸ਼ਤਾ ਕਰ ਲਵੋ!

-ਜਿਵੇਂ ਕਹੋਂ। ਨਾਸ਼ਤੇ ਵਿਚ ਕਿਆ ਮਿਲਣ ਵਾਲਾ ਹੈ। ਅੱਜ!

-ਤੁਸੀਂ ਜੋ ਵੀ ਕਹੋਂ। ਅੰਬ ਦਾ ਰਸ, ਟੋਸਟ, ਅੰਡਾ, ਪਰੌਂਠਾ, ਦਹੀ, ਮੱਖਣ...

ਅੰਮੂ ਹੱਸਦੇ ਨੇ-

–ਮੇਰਾ ਵਜ਼ਨ ਵਧਾ ਕੇ ਉਪਰ ਭੇਜ ਰਹੀ ਹੈਂ ਕਿਆ। ਉਥੇ ਕਿਹੜੀ ਮੇਰੇ ਜ਼ਿੰਮੇ ਮਿਹਨਤ ਲੱਗਣ ਵਾਲੀ ਹੈ। ਕੁੜੀਏ, ਏਹੀ ਲੋਕ ਹੈ ਜਿੱਥੇ ਮਨੁੱਖ ਹੱਥੀਂ ਕੰਮ ਕਰ ਕੇ ਕੁਝ ਸੰਵਾਰ ਸਕਦਾ ਹੈ। ਉਪਰ ਘਰ-ਘਰ ਚੁੱਲੇ ਨਹੀਂ ਬਲਦੇ। ਨਾ ਹੀ ਕਾਇਆ ਵਿਚ ਅੱਗ ਫੁੱਟਦੀ ਹੈ। ਕਿਸ ਨੇ ਦੇਖਿਆ ਅੱਖਾਂ ਨਾਲ ਬੈਕੁੰਠ ਧਾਮ। ਕਿਤੇ ਹੋਰ ਨਹੀਂ, ਜਿਊਣ ਵਾਲਿਆਂ ਦਾ ਤੀਰਥ-ਧਾਮ ਐਥੇ ਵੀ ਹੈ-ਐਥੇ।

ਅੰਮੀ ਰਾਤ ਦੀ ਨੀਂਦ ਵਿੱਚ...

ਅਚਾਨਕ ਅਚਕਚਾ ਕੇ–

–ਤੁਹਾਨੂੰ ਕਿਆ ਹੋ ਗਿਆ। ਦੋਵੇਂ ਬੇਧਿਆਨ ਸੁੱਤੀਆਂ ਪਈਆਂ। ਉਠ ਕੇ ਜ਼ਰਾ ਦੇਖੋ ਤਾਂ ਸਹੀਂ ਮੈਨੂੰ!

ਕੁੜੀ ਨੇੜੇ ਝੁਕਦੀ ਹੈ–

–ਕਿਆ ਗੱਲ ਹੈ, ਅੰਮੂ?

–ਕਾਵਾਂ ਨੇ ਸ਼ੋਰ ਮਚਾ ਰੱਖਿਆ ਹੈ। ਕਾਂ-ਕਾਂ-ਕਾਂ। ਇਨ੍ਹਾਂ ਦੀ ਫੜਫੜਾਹਟ ਮੈਂ ਨਹੀਂ ਸੁਣ ਸਕਦੀ। ਉਡਾ ਦਿਉ ਇਨ੍ਹਾਂ ਨੂੰ। ਦੂਰ ਭਜਾ ਦਿਓ। ਮੈਨੂੰ ਸੁਣਾਈ ਨਾ ਦੇਣ।

ਕੁੜੀ ਖਿੜਕੀ ਖੋਲ੍ਹ ਉਡਾਉਣ ਦੀ ਆਵਾਜ਼ ਕਰਦੀ ਹੈ। ਫਿਰ ਕਪਾਟ ਬੰਦ ਕਰ ਅੰਮੂ ਨੂੰ ਨਿਸ਼ਚਿੰਤ ਕਰਨ ਦੇ ਅੰਦਾਜ਼ ਵਿੱਚ–

–ਅੰਮੂ, ਹੁਣ ਸੌਂ ਜਾਵੋ। ਸਭ ਉੜ ਗਏ ਨੇ।

–ਸਭ ਕੌਣ?

–ਕਬੂਤਰ, ਅੰਮੀ!

–ਕਿਆ ਕਬੂਤਰ ਹੀ ਸਨ?

–ਹਾਂ।

–ਉਨ੍ਹਾਂ ਨੂੰ ਦਬੋਚਣ ਲਈ ਬਿੱਲੀ ਜ਼ਰੂਰ ਬੈਠੀ ਹੋਏਗੀ।

–ਨਹੀਂ ਅੰਮੀ, ਬਾਹਰ ਕੁਝ ਨਹੀਂ।

–ਤੈਨੂੰ ਨਹੀਂ ਪਤਾ, ਕੁੜੀਏ। ਸ਼ੇਰ ਬੈਠਾ ਹੈ। ਨਿਗਲ ਜਾਏਗਾ।

ਸੂਸਨ ਚੱਮਚ ਨਾਲ ਮੂੰਹ ਵਿੱਚ ਪਾਣੀ ਪਾਉਂਦੀ ਹੈ।

–ਦਰਖਤ ਹੇਠਾਂ ਦੀਵਾ ਕੌਣ ਰੱਖ ਗਿਆ ਹੈ। ਹਵਾ ਚੱਲ ਰਹੀ ਹੈ। ਬੁਝ ਜਾਏਗਾ। ਮੇਰੇ ਵਿਚ ਦਰਾੜਾਂ ਪੈ ਰਹੀਆਂ ਨੇ। ਅਲੱਗ-ਅਲੱਗ ਹੋ ਰਹੇ ਨੇ ਮੇਰੇ ਅੰਗ।

ਇਹ ਝਮਝਮਾਉਂਦੇ ਨੀਲੇ ਚਿਹਰੇ ਵਾਲਾ ਕੌਣ ਹੈ?

ਕਿਆ ਮੈਨੂੰ ਲੈਣ ਆਇਆ ਹੈ?

ਜਲਦੀ ਨਾਲ ਮੇਰੇ ਬੇਟੇ ਨੂੰ ਬੁਲਾਓ...

ਮੇਰੇ ਕੋਲ ਆਓ ਬੇਟਾ...ਮੈਨੂੰ ਵਿਦਾ ਕਰੋ!

–ਸੂਸਨ ਹਨੇਰਾ ਕਿਉਂ ਕੀਤਾ ਹੋਇਆ ਹੈ! ਮੇਰੇ ਪੈਰਾਂ ਦੇ ਹੇਠ ਤੋਂ ਪੌੜੀ ਨਾ ਚੁੱਕ।

ਮੈਂ ਆਪ ਪੌੜੀ ਚੜ੍ਹਾਂਗੀ।

–ਮੇਰੀ ਸਫੈਦ ਜੁੱਤੀ ਲੈ ਆ–

ਮੈਂ ਮਸ਼ੋਬਰੇ ਤੱਕ ਜਾਣਾ ਹੈ–

ਕੁੜੀਏ, ਪਿਤਾ ਜੀ ਨੂੰ ਕਹੋ ਮੇਰਾ ਇੰਤਜ਼ਾਰ ਕਰਨ। ਮੈਂ ਆ ਰਹੀ ਹਾਂ।

–ਅਸੀਂ ਕਾਲੀ ਬਾੜੀਵਾਲੇ ਰਸਤੇ ਤੋਂ ਕਿਉਂ ਜਾ ਰਹੇ ਹਾਂ!

ਉਥੇ ਤਾਂ ਬੱਕਰੇ ਤੇ ਝੋਟੇ ਕਟ ਰਹੇ ਹੋਣਗੇ।



ਹਟ-ਹਟ-ਹਟ–

ਤਾਂਬੇ ਰੰਗੀ ਨਰਭਕਸ਼ਣੀ ਮੇਰਾ ਪਿੱਛਾ ਕਰ ਰਹੀ ਹੈ!

ਕਿੱਥੇ ਹੈ ਨਿਕਲਾਂ?

ਮੈਨੂੰ ਸਿੰਗਾਂ ਤੇ ਚੁੱਕ ਲਵੇਗੀ।

ਹਨੇਰੇ ਦੇ ਥਾਨਾਂ ਦੇ ਥਾਨ ਕਿੱਥੋਂ ਖੁੱਲ੍ਹਦੇ ਚਲੇ ਆ ਰਹੇ ਨੇ।

ਮੈਨੂੰ ਕਿਉਂ ਪਲੇਟ ਰਹੇ ਹੋ।

ਮੇਰੀਆਂ ਅੱਖਾਂ ਨੂੰ ਨਾ ਛੂਹੋ।

ਕੁੜੀਏ, ਆਪਣੇ ਭਾਈ ਨੂੰ ਆਵਾਜ਼ ਦੇ।

ਉਸ ਨੂੰ ਜਲਦੀ ਬੁਲਾ ਲਓ।

ਕਿੱਲੇ ਤੋਂ ਮੇਰਾ ਘੋੜਾ ਖੋਲ੍ਹ ਦਏਗਾ।

ਉਸ ਨੂੰ ਸਮੁੰਦਰ ਪਾਰ ਦੌੜਾ ਲੈ ਜਾਊਂਗੀ ਮੈਂ।

ਕੁੜੀ ਮਾਂ ਦਾ ਹੱਥ ਛੂਹ ਕੇ–

–ਅੰਮੂ, ਡੁਬਕੀ ਲੈ ਕੇ ਨਹਾ ਲਓ! ਸਭ ਠੀਕ ਹੋ ਜਾਵੇਗਾ।

ਲੰਬੇ ਸਾਹ, ਥਰਥਰਾਹਟ ਤੇ ਕਮਰੇ ਵਿਚ ਸਭ ਸ਼ਾਂਤ।

*(ਧੰਨਵਾਦ ਸਹਿਤ: ਵਰਤਮਾਨ ਸਾਹਿਤ 'ਚੋਂ)*

---


**ਸੁਭਾਸ਼ ਨੀਰਵ ਦੀਆਂ ਚੋਣਵੀਆਂ ਕਹਾਣੀਆਂ**

ਸੰਪਾਦਕ: ਬਲਬੀਰ ਮਾਧੋਪੁਰੀ

ਪ੍ਰਕਾਸ਼ਕ: ਨਵਯੁੱਗ ਪ੍ਰਕਾਸ਼ਨ

ਦਿੱਲੀ

---

**ਮਿੱਟੀ ਨਾ ਫਰੋਲ ਜੋਗੀਆ**

ਮੇਜਰ ਮਾਂਗਟ

ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ

---

ਬਹੁਤ ਚਰਚਿਤ ਕਵੀ

ਸਵਰਨਜੀਤ ਸਵੀ

ਦਾ ਨਵਾਂ ਕਾਵਿ-ਸੰਗ੍ਰਹਿ

**...ਤੇ ਮੈਂ ਆਇਆ ਬੱਸ**

ਚੇਤਨਾ ਪ੍ਰਕਾਸ਼ਨ ਲੁਧਿਆਣਾ

**ਕਹਾਣੀਆਂ**

## ਅਰਥ ਬਦਲਦੇ ਰਿਸ਼ਤੇ/ਹਰਜਿੰਦਰ ਸਿੰਘ ਸੂਰੇਵਾਲੀਆ

ਰਾਜਬੀਰ ਸਿੰਘ ਦੇ ਨਾਲ ਅੱਜ ਅਜਿਹੀ 'ਗੱਲ' ਵਾਪਰ ਜਾਣੀ ਹੈ - ਇਸਦਾ ਤਾਂ ਉਸਨੂੰ ਚਿੱਤ-ਚੇਤਾ ਵੀ ਨਹੀਂ ਸੀ।

ਦਸੰਬਰ ਦਾ ਪਹਿਲਾ ਹਫਤਾ ਚਲ ਰਿਹਾ ਸੀ।ਕੁੱਝ ਦਿਨਾਂ ਤੱਕ ਪੋਹ ਚੜ੍ਹ ਜਾਣਾ ਸੀ ਤੇ ਪੋਹ 'ਚ ਲੋਕ ਸਾਹਾ ਨਹੀਂ ਕਰਦੇ। ਇਸ ਕਰਕੇ ਵਿਆਹਾਂ ਦਾ ਸੀਜਨ ਜ਼ੋਰਾਂ ਤੇ ਸੀ।ਵਿਆਹ ਹੁਣ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿੱਚ ਖੁੰਬਾਂ ਵਾਂਗ ਉੱਗੇ ਮੈਰਿਜ ਪੈਲਿਸਾਂ ਵਿੱਚ ਹੋਣ ਲੱਗ ਪਏ ਸਨ। ਪਿਛਲੇ ਦੋ ਮਹੀਨਿਆਂ ਤੋਂ ਰਾਜਬੀਰ ਨੂੰ ਹਰ ਐਤਵਾਰ ਅਤੇ ਛੁੱਟੀ ਵਾਲੇ ਦਿਨ ਕਿਸੇ ਨਾ ਕਿਸੇ ਵਿਆਹ ਜਾਂ ਅਜਿਹੇ ਹੀ ਕਿਸੇ ਸਮਾਗਮ 'ਤੇ ਜਾਣਾ ਪਿਆ ਸੀ। ਉਹ ਕੋਆਪਰੇਟਿਵ ਬੈਂਕ ਦਾ ਬ੍ਰਾਂਚ ਮੈਨੇਜਰ ਸੀ ਤੇ ਉਸਨੇ ਹੁਣ ਤੱਕ ਆਪਣੇ ਇਲਾਕੇ ਦੀਆਂ ਚਾਰ ਪੰਜ ਬੈਂਕਾਂ ਵਿੱਚ ਹੀ ਸਰਵਿਸ ਕੀਤੀ ਸੀ।ਸੁਭਾਅ ਦਾ ਚੰਗਾ, ਮਿੱਠ ਬੋਲੜਾ ਅਤੇ ਇਮਾਨਦਾਰ ਹੋਣ ਕਰਕੇ ਉਸਦਾ ਇਲਾਕੇ ਵਿੱਚ ਚੰਗਾ ਮਾਣ ਸਤਿਕਾਰ ਸੀ।

ਪਰ ਰਾਜਬੀਰ ਇਨ੍ਹਾਂ ਵਿਆਹਾਂ ਤੋਂ ਅੱਕਿਆ ਪਿਆ ਸੀ।ਹੁੰਦਾ ਕੀ ਹੈ ਇਨ੍ਹਾਂ ਅੱਜ ਕੱਲ੍ਹ ਦੇ ਵਿਆਹਾਂ 'ਚ ? ਮੈਰਿਜ ਪੈਲਿਸਾਂ ਦੀ ਕਾਂਵਾਂ ਰੌਲੀ, ਕੰਨਾਂ ਦੇ ਪਰਦੇ ਪਾੜਨ ਵਾਲੀ ਧਮਕ, ਢੈਂ-ਢੈਂ ਦੀ ਅਵਾਜ਼। ਅੱਧ ਨੰਗੀਆਂ ਕੁੜੀਆਂ ਦਾ ਡਾਂਸ, ਮੀਟ, ਮੱਛੀ ਤੇ ਵਿਸਕੀ। ਬੰਦਾ ਜਦੋਂ ਪੈਲਿਸ ਵਿੱਚੋਂ ਨਿਕਲਦਾ ਹੈ ਤਾਂ ਉਸਦੇ ਕੰਨ ਸਾਂ ਸਾਂ ਕਰਦੇ, ਸਿਰ ਭਾਰਾ ਤੇ ਕਦਮ ਡਗਮਗਾਉਂਦੇ ਹਨ।

ਅੱਜ ਵੀ ਉਸਨੇ ਇੱਕ ਵਿਆਹ 'ਤੇ ਜਾਣਾ ਸੀ।ਘਰਾਂ 'ਚੋਂ ਲੱਗਦੀ ਭੂਆ ਦੇ ਮੁੰਡੇ ਦਾ ਵਿਆਹ ਸੀ ਤੇ ਉਸਨੇ ਸਾਰਿਆਂ ਨੂੰ ਕਾਰਡਾਂ ਦੇ ਨਾਲ ਮਠਿਆਈ ਦੇ ਡੱਬੇ ਘੱਲੇ ਸਨ।ਭੂਆ ਦਾ ਮੁੰਡਾ ਆਪ ਸ਼ਹਿਰ ਆ ਕੇ ਉਸਨੂੰ ਘਰੇ ਕਾਰਡ ਅਤੇ ਡੱਬਾ ਦੇ ਕੇ ਗਿਆ ਸੀ ਤੇ ਸਾਰੇ ਪਰਿਵਾਰ ਨੂੰ ਆਉਣ ਲਈ ਆਖ ਕੇ ਗਿਆ ਸੀ। ਪਤਨੀ ਨੇ ਘਰੇ ਸੌ ਕੰਮ ਹੋਣ ਦਾ ਬਹਾਨਾ ਕਰਕੇ ਵਿਆਹ 'ਤੇ ਜਾਣ ਤੋਂ ਇਨਕਾਰ ਕਰ ਦਿੱਤਾ।ਬੱਚੇ ਜੋ ਹੁਣ ਵੱਡੇ ਹੋ ਗਏ ਸਨ, ਉਹਨਾਂ ਦੀ ਰੁਚੀ ਵੀ ਵਿਆਹ 'ਚ ਨਹੀਂ ਸੀ ਤੇ ਅਜਿਹੇ ਹਾਲਤਾਂ ਵਿੱਚ ਰਾਜਬੀਰ ਦੀ ਵਿਆਹ 'ਤੇ ਜਾਣ ਦੀ ਵੱਢੀ-ਰੂਹ ਨਹੀਂ ਸੀ ਕਰ ਰਹੀ। ਪਰ ਜਾਣਾ ਪੈਣਾ ਸੀ।

ਵਿਆਹ ਉਸਦੇ ਸ਼ਹਿਰ ਜਾਂ ਕਿਸੇ ਨੇੜਲੇ ਕਸਬੇ ਦੇ ਮੈਰਿਜ ਪੈਲਿਸ 'ਚ ਹੁੰਦਾ ਤਾਂ ਸੌਖਾ ਸੀ ਪਰ ਉਸਨੂੰ ਵੀਹ ਪੱਚੀ ਕਿਲੋਮੀਟਰ ਦੂਰ ਭੂਆ ਦੇ ਪਿੰਡ ਜਾਣਾ ਪੈਣਾ ਸੀ ਤੇ ਉੱਥੋਂ ਬਰਾਤ ਨਾਲ ਅੱਗੇ ਚਾਲੀ - ਪੰਜਾਹ ਕਿਲੋਮੀਟਰ ਦੂਰ ਦੂਜੇ ਸ਼ਹਿਰ ਦੇ ਮੈਰਿਜ ਪੈਲਿਸ ਵਿੱਚ।ਦਸੰਬਰ ਦਾ ਮਹੀਨਾ ਤੇ ਮੋਟਰ ਸਾਈਕਲ 'ਤੇ ਜਾਣਾ ਉਸਨੂੰ ਪਹਾੜ ਲੱਗ ਰਿਹਾ ਸੀ।ਉਸਦਾ ਦਿਲ ਕੀਤਾ ਕਿ ਕਾਰ ਲੈ ਜਾਵੇ। ਕੁੱਝ ਮਹੀਨੇ ਪਹਿਲਾਂ ਹੀ ਉਸਨੇ ਚਾਰ ਪੰਜ ਸਾਲ ਚੱਲੀ ਦੋ ਹਜ਼ਾਰ ਮਾਡਲ ਮਾਰੂਤੀ ਕਾਰ ਪਚਾਸੀ ਹਜ਼ਾਰ 'ਚ ਖਰੀਦ ਲਈ ਸੀ।

"ਕਾਰ ਨਾ ਲੈ ਜਾਵਾਂ ?" ਉਸਨੇ ਹਿਚ-ਕਿਚਾਹਟ ਨਾਲ ਪਤਨੀ ਤੋਂ ਪੁੱਛਿਆ।

"ਸਰਦਾ ਨਹੀਂ ਕਾਰ ਬਿਨ੍ਹਾਂ ? ਐਵੇਂ ਤਿੰਨ ਚਾਰ ਸੌ ਦਾ ਪੈਟਰੋਲ ਫੂਕ ਆਉਂਗੇ। ਉੱਥੇ ਅਗਲਿਆਂ ਨੇ ਚਾਰ ਬੰਦੇ ਹੋਰ ਬਿਠਾ ਕੇ ਕਾਰ ਬਰਾਤ 'ਚ ਤੋਰ ਲੈਣੀ ਐ।ਫੇਰ ਤੁਸੀਂ ਜਵਾਬ ਦਿੰਦੇ ਫਿਰੋਗੇ ਕਿ ਮੈਂ ਨਹੀਂ ਕਾਰ ਲੈ ਕੇ ਜਾਂਦਾ ? ਮੋਟਰਸਾਈਕਲ 'ਤੇ ਜਾਉ, ਅਗਾਂਹ ਅਗਲੇ ਆਪੇ ਲੈ ਕੇ ਜਾਣਗੇ। ਨਾਲੇ ਥੋੜ੍ਹੀ ਡੱਫਿਓ ! ਜੇ ਲੇਟ ਹੋ ਗਏ ਤਾਂ ਉੱਥੇ ਹੀ ਰਹਿ ਪਿਓ।" ਅਧਿਆਪਕ ਪਤਨੀ ਦੀ ਘੁਰਕੀ ਨੇ



ਕਾਰ ਲਿਜਾਣ ਦੇ ਫੈਸਲੇ ਨੂੰ ਰੱਦ ਕਰਵਾ ਦਿੱਤਾ।ਗੱਲ ਤਾਂ ਪਤਨੀ ਦੀ ਵੀ ਠੀਕ ਸੀ।ਮੁੰਡੇ ਕੁੜੀ ਨੂੰ ਸ਼ਗਨ ਸੌ ਸੌ ਤੇ ਪੈਟਰੋਲ ਦਾ ਖਰਚਾ ਪਾ ਕੇ ਇਹ ਇੱਕ ਦਿਨ ਦਾ ਵਿਆਹ ਪੰਜ ਛੇ ਸੌ 'ਚ ਪਊ।ਦੋ ਤਿੰਨ ਕੋਟੀਆਂ, ਸਵਾਟਰਾਂ ਪਾ ਕੇ ਰਾਜਬੀਰ ਨੇ ਹੀਰੋ ਹਾਂਡੇ ਨੂੰ ਕਿੱਕ ਮਾਰ ਦਿੱਤੀ।

ਕੱਲ੍ਹ ਵਾਂਗ ਦਿਨ ਵਧੀਆ ਲੱਗਿਆ ਸੀ।ਧੁੱਪ ਪੂਰੀ ਨਿਕਲ ਆਈ ਸੀ ਤੇ ਉਹ ਦੱਸ ਵਜਦੇ ਨੂੰ ਹੀ ਭੂਆ ਦੇ ਪਿੰਡ ਪਹੁੰਚ ਗਿਆ। ਜਾਨੀ ਤਿਆਰ ਹੋਏ ਫਿਰਦੇ ਸਨ। ਵਿਆਹ ਵਾਲੇ ਘਰ ਦੇ ਅੱਗੇ ਚੌੜੀ ਫਿਰਨੀ ਵਿੱਚ ਕਾਰਾਂ, ਜੀਪਾਂ ਤੇ ਟਾਟਾ ਸੂਮੋਆਂ ਦੀ ਲੰਮੀ ਲਾਈਨ ਲੱਗੀ ਹੋਈ ਸੀ।ਫੁੱਫੜ ਚੰਗੀ ਚੋਖੀ ਜ਼ਮੀਨ ਦਾ ਮਾਲਕ ਸੀ ਤੇ ਇੱਕਲੌਤੇ ਮੁੰਡੇ ਦਾ ਵਿਆਹ ਉਹ ਗੱਜ - ਵੱਜ ਕੇ ਕਰ ਰਹੇ ਸਨ।ਘਰ ਦੇ ਖੁੱਲ੍ਹੇ ਵਿਹੜੇ ਵਿੱਚ ਫੁੱਲਕਾਰੀ ਵਾਲੀ ਚਿੱਟੀ ਮਾਰੂਤੀ ਕਾਰ ਖੜੀ ਸੀ। ਜੋ ਕੱਲ੍ਹ ਹੀ ਕੁੜੀ ਵਾਲੇ ਸ਼ਗਨ ਪਾਉਣ ਆਏ ਛੱਡ ਗਏ ਸਨ।ਵਿਹੜੇ ਵਿੱਚ ਇੱਕ ਪਾਸੇ ਮੋਟਰ ਸਾਈਕਲ ਖੜਾ ਕੇ ਉਹ ਪਿੰਡੋਂ ਆਏ ਆਪਣੇ ਚਾਚਿਆਂ ਤਾਇਆਂ ਤੇ ਭਰਾਵਾਂ ਨੂੰ ਮਿਲਣ ਲੱਗਿਆ।ਨਾਨਕਾ ਮੇਲ ਵੱਡੀ ਗਿਣਤੀ ਵਿੱਚ ਆਇਆ ਹੋਇਆ ਸੀ।ਉਸਦਾ ਸਕਾ ਭਤੀਜਾ ਲਵਪ੍ਰੀਤ ਉਸਨੂੰ ਰਸਮੀ ਜਿਹੀ ਸਤਿ ਸ੍ਰੀ ਆਕਾਲ ਬੁਲਾ ਕੇ ਇੱਕ ਪਾਸੇ ਤੁਰ ਗਿਆ। ਭਤੀਜੇ ਦੇ ਇਸ ਨਿਰਮੋਹੇ ਵਤੀਰੇ ਤੋਂ ਉਸਨੂੰ ਝਟਕਾ ਜਿਹਾ ਲੱਗਿਆ।ਇੱਕ ਪ੍ਰੀਹਿਆ ਗੁਲਾਬ ਜਾਮਨਾਂ ਤੇ ਬਰਫ਼ੀ ਦੀ ਪਲੇਟ ਅਤੇ ਚਾਹ ਦਾ ਗਲਾਸ ਉਸ ਵਾਸਤੇ ਲੈ ਆਇਆ। ਚਾਹ ਦਾ ਗਿਲਾਸ ਫੜ ਕੇ ਉਸਨੇ ਪਲੇਟ ਵਿੱਚੋਂ ਬਰਫੀ ਦੀ ਇੱਕ ਟੁਕੜੀ ਚੁੱਕੀ ਤੇ ਪ੍ਰੀਹੇ ਨੂੰ ਪਲੇਟ ਲੈ ਜਾਣ ਦਾ ਇਸ਼ਾਰਾ ਕਰਕੇ ਹੌਲੀ ਹੌਲੀ ਚਾਹ ਪੀਣ ਲੱਗ ਪਿਆ।

"ਕਿਵੇਂ ਕੱਲਾ ਹੀ ਆ ਗਿਐਂ ? ਬਹੂ ਨੂੰ ਨਾਲ ਲਈ ਆਉਂਦਾ।" ਭੱਜੀ ਫਿਰਦੀ ਭੂਆ ਦੇ ਜਦੋਂ ਉਹ ਨਜ਼ਰੀ ਪਿਆ ਤਾਂ ਉਸਨੇ ਆ ਕੇ ਉਸਦਾ ਸਿਰ ਪਲੋਸਦਿਆਂ ਕਿਹਾ।

ਉਹ ਅਊਂ ਗਊਂ ਜੀ ਕਰਨ ਲੱਗਾ। ਭੂਆ ਨੂੰ ਕਿਸੇ ਨੇ ਆਵਾਜ਼ ਮਾਰ ਲਈ ਤੇ ਉਹ ਉਸਦਾ ਜਵਾਬ ਸੁਣੇ ਬਿਨ੍ਹਾਂ ਹੀ ਕਿਸੇ ਹੋਰ ਕੋਲ ਜਾ ਖੜੋਤੀ।

ਬਰਾਤ ਤੁਰਦੀ - ਤੁਰਦੀ ਨੂੰ ਗਿਆਰਾਂ ਵੱਜ ਗਏ। ਆਪਣੇ ਪਿੰਡ ਵਾਲਿਆਂ ਦੀ ਇੱਕ ਟੋਲੀ ਨਾਲ ਉਹ ਟਾਟਾ ਸੂਮੋ ਗੱਡੀ ਵਿੱਚ ਡਰਾਈਵਰ ਕੋਲ ਮੂਹਰੇ ਬੈਠ ਗਿਆ। ਬਰਾਤ ਜਦੋਂ ਮੈਰਿਜ਼ ਪੈਲਿਸ ਦੇ ਗੇਟ 'ਤੇ ਪਹੁੰਚੀ ਤਾਂ ਘੜੀ ਦੀਆਂ ਸੂਈਆਂ ਬਾਰਾਂ 'ਤੇ ਆ ਕੇ ਹੇਠ ਉੱਤੇ ਹੋ ਗਈਆਂ ਸਨ।

ਸ਼ਹਿਰ ਦਾ ਇਹ ਵੱਡਾ ਤੇ ਸ਼ਾਨਦਾਰ ਮੈਰਿਜ਼ ਪੈਲਿਸ ਸੀ।ਜਦੋਂ ਸਾਰੀ ਬਰਾਤ ਗੱਡੀਆਂ ਚੋਂ ਉੱਤਰ ਆਈ ਤਾਂ ਭਾਈ ਜੀ ਜੁੱਤੀ ਲਾਹ ਕੇ ਅਰਦਾਸ ਕਰਨ ਲੱਗੇ। ਬਰਾਤੀ ਸਣੇ ਜੁੱਤੀਆਂ ਖੜੇ ਰਹੇ।ਉਸਨੂੰ ਲੱਗਿਆ ਜਿਵੇਂ ਭਾਈ ਜੀ ਜਾਣ - ਬੁੱਝ ਕੇ ਅਰਦਾਸ ਲੰਮੀ ਕਰ ਰਿਹਾ ਹੈ।

ਫਿਰ ਮਿਲਣੀ ਦੀ ਰਸਮ ਹੋਣ ਲੱਗੀ।ਪਹਿਲਾਂ ਦਾਦਿਆਂ ਦੀ, ਫਿਰ ਪਿਉਆਂ ਦੀ, ਫਿਰ ਮਾਮਿਆਂ ਦੀ੩.। ਆਹ ਸੀ ਮੁੰਡੇ ਦਾ ਯਾਰ ਕੱਢੋ੩੩੩ ਇਹ ਗੱਲ ਯਾਦ ਆਈ ਤਾਂ ਆਪ ਮੁਹਾਰੇ ਹੀ ਰਾਜਬੀਰ ਦਾ ਹਾਸਾ ਨਿਕਲ ਗਿਆ। ਕੁੜੀ ਵਾਲਿਆਂ ਦੇ ਪਾਸਿਓਂ ਮਿਲਣੀ ਕਰਨ ਵਾਲਾ ਭਾਰੇ ਕੰਬਲ ਉੱਤੇ ਸੌ ਦਾ ਨੋਟ ਰੱਖੀ ਆਉਂਦਾ ਤੇ ਮੁੰਡੇ ਵਾਲਿਆਂ ਦੇ ਪਾਸਿਓਂ ਮਿਲਣੀ ਕਰਨ ਵਾਲੇ ਨੂੰ ਜੱਫੀ ਵਿੱਚ ਲੈ ਲੈਂਦਾ। ਉਤਸ਼ਾਹ 'ਚ ਕੁੜੀ ਦੇ ਮਾਮੇ ਨੇ ਮੁੰਡੇ ਦੇ ਮਾਮੇ ਨੂੰ ਜੱਫੀ ਪਾ ਕੇ ਕਾਫੀ ਉਤਾਂਹ ਚੁੱਕ ਦਿੱਤਾ ਸੀ ਤੇ ਉਹ ਦੋਵੇਂ ਡਿੱਗਦੇ - ਡਿੱਗਦੇ ਹੀ ਬਚੇ।ਮਿਲਣੀ ਦੀ ਰਸਮ ਸਮੇਂ ਤਿੰਨ ਚਾਰ ਫੋਟੋ ਗਰਾਫਰ ਕਲਿੱਕ - ਕਲਿੱਕ ਕਰ ਰਹੇ ਸਨ। ਦੋ ਮੂਵੀ ਕੈਮਰਿਆਂ ਵਾਲੇ ਕੈਮਰਿਆਂ ਨੂੰ ਸਟੇਨਗੰਨਾਂ ਵਾਂਗ ਬੀੜੀ ਫਿਰਦੇ ਸਨ। ਫੋਟੋਗਰਾਫਰ ਤੇ ਮੂਵੀ ਵਾਲੇ ਫੋਟੋ ਖਿੱਚਣ ਵੇਲੇ ਵਾਧੂ ਦਾ ਸਮਾਂ ਖਰਾਬ ਕਰ ਰਹੇ ਸਨ। ਕਦੇ ਕੋਈ ਤੇ ਕਦੇ ਕੋਈ ਕਹਿ ਦਿੰਦਾ, " ਐਂ ਖੜੋ, ਹੁਣ ਜੱਫੀ ਪਾਉ, ਹੁਣ ਮੁਸਕਰਾਉ।"

ਰਾਜਬੀਰ ਦੇ ਢਿੱਡ ਵਿੱਚ ਚੂਹੇ ਨੱਚ ਰਹੇ ਸਨ। ਪਤਨੀ ਨੇ ਬਹੁਤ ਜ਼ੋਰ ਲਾਇਆ ਸੀ ਕਿ ਦਹੀਂ ਨਾਲ ਪਰੌਂਠਾ ਖਾ ਜਾਵੋ ਪਰ ਉਸਨੇ ਮੰਨੀ ਨਹੀਂ ਸੀ। ਚਾਹ ਨਾਲ ਵੀ ਉਸਨੇ ਬਰਫ਼ੀ ਦਾ ਇੱਕ ਟੁਕੜਾ ਹੀ ਖਾਧਾ ਸੀ।ਹੁਣ ਉਹ ਪਛਤਾ ਰਿਹਾ ਸੀ।ਕੋਲਡ ਡਰਿੰਕ ਤੇ ਕਾਜੂ ਬਦਾਮਾਂ ਦੀਆਂ ਪਲੇਟਾਂ ਚੁੱਕੀ ਬਹਿਰੇ ਉਨ੍ਹਾਂ ਕੋਲ ਚੱਕਰ ਲਾ ਰਹੇ ਸਨ। ਉਸਦਾ ਜੀ ਕੀਤਾ ਕਿ ਕਾਜੂਆਂ ਦਾ ਰੁੱਗ ਭਰ ਲਵੇ ਪਰ ਉਸਨੇ ਪਲੇਟ ਵਿੱਚੋਂ ਦੋ ਕਾਜੂ ਹੀ ਚੁੱਕੇ ਜਿਵੇਂ ਕਾਜੂ ਖਾਣਾ ਵੀ ਮਿਲਣੀ ਵਾਂਗ ਇੱਕ ਰਸਮ ਹੋਵੇ। ਉਸ ਪਲ ਉਸਨੇ ਵੇਖਿਆ ਕਿ ਮੰਗਲ ਸਿੰਘ ਨੇ ਬਿਨ੍ਹਾਂ ਸੰਗ ਸੰਕੋਚ ਦੇ ਤਲੇ ਨਮਕੀਨ ਕਾਜੂਆਂ ਦੀ ਮੁੱਠੀ ਭਰ ਲਈ ਸੀ। ਰਾਜਬੀਰ ਨੇ ਆਸੇ ਪਾਸੇ ਵੇਖਿਆ। ਉਹਦੀਆਂ ਨਜ਼ਰਾਂ ਲਵਪ੍ਰੀਤ ਨੂੰ ਲੱਭ ਰਹੀਆਂ ਸਨ। ਪਰ ਰਾਜਬੀਰ ਨੂੰ ਉਹ ਨਾ ਦਿਸਿਆ।

ਮਿਲਣੀ ਤੋਂ ਖਹਿੜਾ ਛੁੱਟਿਆ ਤਾਂ ਪੈਲੇਸ ਦੇ ਹਾਲ ਦੇ ਵੱਡੇ ਗੇਟ ’ਤੇ ਕੁੜੀਆਂ ਦਾ ਨਾਕਾ ਲੱਗਿਆ ਹੋਇਆ ਸੀ। ਸਜੀਆਂ ਫਬੀਆਂ ਵੀਹ - ਤੀਹ ਮੁਟਿਆਰਾਂ ਨੇ ਬਾਰ ਰੋਕਿਆ ਹੋਇਆ ਸੀ। ਨੌਜਵਾਨ ਮੁੰਡਿਆਂ ਤੇ ਕੁੜੀਆਂ ਲਈ ਇਹੀ ਤਾਂ ਸਮਾਂ ਹੁੰਦਾ ਹੈ ਜਦੋਂ ਉਹਨਾਂ ਚੁਸਤੀ ਚਲਾਕੀ ਤੇ ਗੱਲ ਬਾਤ ਰਾਹੀਂ ਵਿਰੋਧੀ ਲਿੰਗ ‘ਤੇ ਪ੍ਰਭਾਵ ਪਾਉਣਾ ਹੁੰਦਾ ਹੈ। ਵਾਰਤਾਲਾਪ ਲੰਬੀ ਹੋ ਰਹੀ ਸੀ। ਉਹਨਾਂ ਵਿਚਕਾਰ ਬਾਰ ਰੋਕਾਈ ਦੀ ਰਸਮ ਦੇ ਰੇਟ ‘ਤੇ ਸਹਿਮਤੀ ਨਹੀਂ ਬਣ ਰਹੀ ਸੀ । ਸਾਲੀਆਂ ਗਿਆਰਾਂ ਹਜ਼ਾਰ ਮੰਗ ਰਹੀਆਂ ਸਨ ਤੇ ਪੇਂਡੂ ਵਿਆਂਦੜ ਇਕਵੰਜਾ ਸੌ ਤੇ ਅੜਿਆ ਹੋਇਆ ਸੀ।

ਆਮ ਬਰਾਤੀ ਕਾਹਲੇ ਪੈਣ ਲੱਗੇ । ਮਾਮਲਾ ਨਿਪਟ ਨਹੀਂ ਰਿਹਾ ਸੀ।

“ਉਦੋਂ ਤਾਂ ਕਾਰ ਲਈ ਮੂੰਹ ਟੱਡ ਲਿਆ ਸੀ, ਹੁਣ ਬਾਰ ਰੋਕਾਈ ਦੇ ਗਿਆਰਾਂ ਹਜ਼ਾਰ ਦਿੰਦੇ ਦੇ ਪਿੱਸੂ ਪੈਂਦੇ ਐ -ਵੱਡਾ ਸੂਮ।” ਕਿਸੇ ਕੁੜੀ ਦੀ ਤਿੱਖੀ ਅਵਾਜ ਆਈ।

ਉਸੇ ਸਮੇਂ ਕਾਹਲੇ ਪੈ ਰਹੇ ਬਰਾਤੀਆਂ ਦਾ ਤੇ ਮੁੰਡੀਰ ਦਾ ਜਬਰਦਸਤ ਧੱਕਾ ਵੱਜਿਆ। ਮੁੰਡਿਆਂ ਨੇ ਝੱਗ ਜਿਹੀ ਦੇ ਫੁਹਾਰੇ ਛੱਡੇ। ਕੁੜੀਆਂ ਹੱਥਾਂ ਨਾਲ ਮੂੰਹ ਢਕੀ ਪਾਸੇ ਹੋਣ ਲੱਗੀਆਂ ਤੇ ਬਿਨ੍ਹਾਂ ਰਿਬਨ ਕੱਟਿਆਂ ਹੀ ਬਰਾਤ ਹਾਲ ‘ਚ ਦਾਖਲ ਹੋ ਗਈ। ਫੋਟੋਗ੍ਰਾਫਰ ਤੇ ਮੂਵੀ ਵਾਲੇ ਇਸ ਰਸਮ ਦਾ ਸੀਨ ਲੈਣ ਤੋਂ ਵਾਂਝੇ ਰਹਿ ਗਏ।

ਹਾਲ ‘ਚ ਵੜਨ ਸਾਰ ਧੱਕਮ ਧੱਕੀ ਹੁੰਦੇ ਸਾਰੇ ਬਰਾਤੀ ਪਲੇਟਾਂ ਲੈ ਕੇ ਪਕੌੜਿਆਂ ਅਤੇ ਮਠਿਆਈਆਂ ‘ਤੇ ਟੁੱਟ ਪਏ।

“ਮੱਛੀ ਦੇ ਪਕੌੜੇ ਤਾਂ ਅਖੀਰ ਤੇ ਲੱਗੇ ਹੁੰਦੇ ਐ।” ਚੁਸਤ ਚਲਾਕ ਬੰਦੇ ਦੂਜਿਆਂ ਨੂੰ ਦੱਸ ਰਹੇ ਸਨ। ਪਰ ਕਈ ਕਾਹਲੇ ਤਾਂ ਗੋਭੀ ਅਤੇ ਪਨੀਰ ਦੇ ਪਕੌੜਿਆਂ ‘ਤੇ ਹੀ ਡਿੱਗ ਪਏ ਸਨ।

ਬਰਾਤੀਆਂ ਦੇ ਕੁੱਖਾਂ ਕੱਢ ਕੇ ਸੀਟਾਂ ‘ਤੇ ਬੈਠਣ ਤੋਂ ਪਹਿਲਾਂ ਹੀ ਸਟੇਜ ‘ਤੇ ਅੱਧ ਨੰਗੀਆਂ ਚਾਰ ਪੰਜ ਮੁਟਿਆਰਾਂ ਆਪਣੀਆਂ ਆਦਾਵਾਂ ਦੇ ਜੌਹਰ ਵਿਖਾਉਣ ਲੱਗ ਪਈਆਂ ਸਨ। ਡੀ. ਜੇ. ਦੀ ਧਮਕ ਅਤੇ ਆਵਾਜ਼ ਕੰਨਾਂ ਦੇ ਕੀੜੇ ਕੱਢ ਰਹੀ ਸੀ।ਹਾਲ ਵਿੱਚ ਵੇਟਰ ਵਿਸਕੀ ਦੇ ਪੈੱਗ ਅਤੇ ਤਿੰਨ ਚਾਰ ਕਿਸਮ ਦਾ ਚਿਕਨ ਪਲੇਟਾਂ ਵਿੱਚ ਪਾਈ ਗੇੜੇ ਦਿੰਦੇ ਫਿਰਦੇ ਸਨ।ਨਵੀਂ ਆਈ ਰਾਇਲ ਸਟੈੱਗ ਵਿਸਕੀ ਦਾ ਸਵਾਦ ਤਾਂ ਕਈ ਪੇਂਡੂਆਂ ਨੇ ਅੱਜ ਪਹਿਲੀ ਵਾਰ ਚੱਖਿਆ ਸੀ।

ਰਾਜਬੀਰ ਨੇ ਤਿੰਨ ਚਾਰ ਪੈੱਗ ਪੀ ਲਏ ਪਰ ਉਸਨੂੰ ਤਾਂ ਨਸ਼ਾ ਹੀ ਨਹੀਂ ਸੀ ਚੜ ਰਿਹਾ। ਉਹ ਆਪਣੇ ਭਤੀਜੇ ਦੇ ਵਤੀਰੇ ਤੋਂ ਹੈਰਾਨ ਸੀ। ਲਵਪ੍ਰੀਤ ਇੱਕ ਵਾਰ ਸਤਿ ਸ੍ਰੀ ਅਕਾਲ ਬੁਲਾ ਕੇ ਮੁੜ ਉਹਦੇ ਮੱਥੇ ਹੀ ਨਹੀਂ ਸੀ ਲੱਗਿਆ। ਚਾਚਾ ਜੀ ਚਾਚਾ ਜੀ ਕਰਦਾ ਰਹਿਣ ਵਾਲਾ ਲਵਪ੍ਰੀਤ ਅੱਜ ਬਿਗਾਨਾ ਬਣਿਆ ਫਿਰਦਾ ਸੀ।

“ਇਹ ਓਨਾਂ ਚਿਰ ਹੀ ਮਿੱਠੇ ਪਿਆਰੇ ਆ ਜਿੰਨਾ ਚਿਰ ਇਨ੍ਹਾਂ ਤੋਂ ਜ਼ਮੀਨ ‘ਚੋਂ ਹਿੱਸਾ



ਨਹੀਂ ਮੰਗਦੇ। ਜਿੱਦੇਂ ਮੰਗਿਆ ਉੱਦੇਂ ਹੀ ਦੁਸ਼ਮਣ ਬਣ ਜਾਣਗੇ।” ਪਤਨੀ ਅਕਸਰ ਹੀ ਇਹ ਗੱਲ ਕਹਿੰਦੀ ਰਹਿੰਦੀ ਸੀ।

ਰਾਜਬੀਰ ਦਾ ਪਿਤਾ ਦਸਾਂ ਕਿੱਲਿਆਂ ਦੀ ਢੇਰੀ ਦਾ ਮਾਲਕ ਮਿਹਨਤੀ ਕਿਸਾਨ ਸੀ।ਦੋ ਕਿੱਲੇ ਪੈਲੀ ਉਨ੍ਹਾਂ ਬੈਅ ਲੈ ਲਈ ਸੀ ਤੇ ਹੁਣ ਦੋਵਾਂ ਭਰਾਵਾਂ ਨੂੰ ਛੀ- ਛੀ ਕਿੱਲੇ ਪੈਲੀ ਵੰਡੀ ਆਉਂਦੀ ਸੀ।ਵੱਡਾ ਭਰਾ ਅੱਠਵੀਂ ‘ਚੋਂ ਹਟ ਕੇ ਪਿਤਾ ਨਾਲ ਖੇਤੀ ‘ਚ ਜੁਟ ਗਿਆ ਸੀ।ਰਾਜਬੀਰ ਵੀ ਬੀ. ਏ. ਕਰਕੇ ਤਿੰਨ ਚਾਰ ਸਾਲ ਖੇਤੀ ‘ਚ ਹੱਥ ਵਟਾਉਂਦਾ ਰਿਹਾ। ਉਨ੍ਹਾਂ ਦੇ ਹਲਕੇ ਦਾ ਐੱਮ. ਐੱਲ. ਏ. ਕੋਆਪ੍ਰੇਟਿਵ ਮਹਿਕਮੇ ਦਾ ਵਜ਼ੀਰ ਬਣ ਗਿਆ।ਕੋਆਪ੍ਰੇਟਿਵ ਬੈਂਕਾਂ ਵਿੱਚ ਜਦੋਂ ਕਲਰਕਾਂ ਦੀਆਂ ਅਸਾਮੀਆਂ ਭਰਨੀਆਂ ਸਨ ਤਾਂ ਰਾਜਬੀਰ ਦਾ ਵੀ ਦਾਅ ਲੱਗ ਗਿਆ ।ਉਸਨੂੰ ਸਕੂਲ ਟੀਚਰ ਬੀਵੀ ਮਿਲ ਗਈ ਜਿਹੜੀ ਨਾਲ ਦੇ ਪਿੰਡ ਹੀ ਪੜਾਉਂਦੀ ਸੀ। ਰਾਜਬੀਰ ਪਿੰਡ ਤੋਂ ਚੌਦਾਂ ਪੰਦਰਾਂ ਕਿਲੋਮੀਟਰ ਦੂਰ ਇੱਕ ਕਸਬੇ ਦੀ ਕੋਆਪ੍ਰੇਟਿਵ ਬੈਂਕ ਵਿੱਚ ਨਿਯੁਕਤ ਹੋ ਗਿਆ। ਚਾਰ ਪੰਜ ਸਾਲ ਉਹ ਸਾਈਕਲ ‘ਤੇ ਹੀ ਡਿਊਟੀ ਜਾਂਦਾ ਰਿਹਾ, ਫਿਰ ਉਸਨੇ ਸਕੂਟਰ ਲੈ ਲਿਆ। ਪਤਨੀ ਦੀ ਬਦਲੀ ਵੀ ਉਸਨੇ ਆਪਣੇ ਪਿੰਡ ਦੀ ਹੀ ਕਰਵਾ ਲਈ। ਸਾਂਝਾ ਪਰਿਵਾਰ ਤਰੱਕੀ ਦੀਆਂ ਮੰਜਿਲਾਂ ਛੂਹਣ ਲੱਗਾ। ਪਹਿਲਾਂ ਉਨ੍ਹਾਂ ਨੇ ਨਵਾਂ ਟਰੈਕਟਰ ਕਢਵਾਇਆ। ਪੱਕਾ ਘਰ ਪਾਇਆ, ਦੋ ਛੋਟੀਆਂ ਭੈਣਾਂ ਦੇ ਚੰਗੇ ਘਰੀਂ ਵਿਆਹ ਕੀਤੇ।ਦੋਹਾਂ ਜੀਆਂ ਦੀ ਤਨਖਾਹ ਸਾਂਝੇ ਘਰ ‘ਚ ਹੀ ਲਗਦੀ ਰਹੀ। ਭੈਣਾਂ ਦੇ ਵਿਆਹਾਂ ਤੋਂ ਬਾਅਦ ਉਹ ਆਪਣੀ ਤਨਖਾਹ ਆਪਣੇ ਕੋਲ ਰੱਖਣ ਲੱਗ ਪਏ ਤੇ ਸ਼ਹਿਰ ‘ਚ ਪਲਾਟ ਲੈ ਲਿਆ। ਪਿਛਲੇ ਛੇ ਸੱਤ ਸਾਲਾਂ ਤੋਂ ਰਾਜਬੀਰ ਸ਼ਹਿਰ ਕੋਠੀ ਪਾ ਕੇ ਰਹਿਣ ਲੱਗ ਪਿਆ ਸੀ ਤੇ ਘਰਵਾਲੀ ਦੀ ਬਦਲੀ ਵੀ ਉਸਨੇ ਸ਼ਹਿਰ ਦੀ ਹੀ ਕਰਵਾ ਲਈ ਸੀ।ਪਤਨੀ ਦੇ ਪੇਕੇ ਵੀ ਉੱਥੇ ਹੀ ਸਨ ਉਸਨੇ ਹੀ ਜ਼ੋਰ ਦੇ ਕੇ ਪਹਿਲਾਂ ਰਾਜਬੀਰ ਨੂੰ ਸ਼ਹਿਰ ‘ਚ ਪਲਾਟ ਖਰੀਦਣ ਲਈ ਮਨਾਇਆ ਤੇ ਫਿਰ ਕੋਠੀ ਪਾਉਣ ਲਈ ਮਜਬੂਰ ਕਰ ਦਿੱਤਾ। ਰਾਜਬੀਰ ਨੇ ਕਦੇ ਜ਼ਮੀਨ ‘ਚ ਹਿੱਸਾ ਨਹੀਂ ਸੀ ਮੰਗਿਆ।ਕਣਕ ਪਿਹਾ ਕੇ ਰਾਜਬੰਸ ਆਪ ਹੀ ਆਟੇ ਦੀ ਬੋਰੀ ਸ਼ਹਿਰ ਦੇ ਆਉਂਦਾ ਤੇ ਰੋਜ਼ਾਨਾ ਤਿੰਨ ਚਾਰ ਕਿੱਲੋ ਦੀ ਦੁੱਧ ਦੀ ਡੋਲੀ ਪਿੰਡੋਂ ਸ਼ਹਿਰ ਜਾਣ ਵਾਲੀ ਬੱਸ ‘ਤੇ ਉਹਨਾਂ ਨੂੰ ਘੱਲ ਦਿੰਦਾ।ਉਸਨੂੰ ਚੰਗੀ ਨਸਲ ਦੀਆਂ ਮੱਝਾਂ ਰੱਖਣ ਦਾ ਸ਼ੌਂਕ ਸੀ। ਭੈਣਾਂ ਦੇ ਬੱਚਿਆਂ ਦੇ ਸ਼ੂਸ਼ਕ ਤੇ ਹੋਰ ਦਿਨ ਦਿਹਾਰ ਤੇ ਦਿੱਤੇ ਜਾਣ ਵਾਲੇ ਲੀੜੇ ਕੱਪੜੇ ਵੀ ਰਾਜਬੰਸ ਹੀ ਦਿੰਦਾ। ਬਾਪੂ ਤੇ ਬੇਬੇ ਉਸ ਨਾਲ ਹੀ ਰਹਿੰਦੇ ਸਨ। ਪਤਨੀ ਜ਼ਮੀਨ ‘ਚੋਂ ਹਿੱਸਾ ਮੰਗਣ ਨੂੰ ਕਹਿੰਦੀ ਤਾਂ ਰਾਜਬੀਰ ਚੁੱਪ ਕਰ ਜਾਂਦਾ। ਮਾਂ ਪਿਉ ਦੇ ਬੈਠਿਆਂ ਉਹ ਜ਼ਮੀਨ ‘ਚੋਂ ਹਿੱਸਾ ਕਿਵੇਂ ਮੰਗ ਸਕਦਾ ਸੀ ? ਚਾਰ ਕੁ ਸਾਲ ਪਹਿਲਾਂ ਪਿਤਾ ਦੀ ਮੌਤ ਤੋਂ ਬਾਅਦ ਵੀ ਰਾਜਬੀਰ ਨੇ ਹਿੱਸਾ ਨਹੀਂ ਮੰਗਿਆ ਸੀ। ਪਤਨੀ ਬਹੁਤ ਕੁੜਦੀ ਰਹਿੰਦੀ ਕਿ ਹੁਣ ਤਾਂ ਅੱਧ ਵੰਡਾ ਲੈ, ਅੱਧ ਨਹੀਂ ਤਾਂ ਤੀਜਾ ਹਿੱਸਾ ਹੀ ਲੈ ਲੈ। ਪਰ ਰਾਜਬੀਰ ਨੇ ਫਿਰ ਵੀ ਭਰਾ ਤੋਂ ਹਿੱਸਾ ਨਹੀਂ ਮੰਗਿਆ।ਕੁੱਝ ਮਹੀਨੇ ਪਹਿਲਾਂ ਹੀ ਬੇਬੇ ਦੀ ਮੌਤ ਤੋਂ ਬਾਅਦ ਤਾਂ ਉਸਦੀ ਪਤਨੀ ਖਹਿੜੇ ਹੀ ਪਈ ਹੋਈ ਸੀ -

“ਲੈ ਇਹ ਤਾਂ ਵਿਹਾਰੀ ਗੱਲ ਐ। ਆਪਣਾ ਹਿੱਸਾ ਮੰਗਣਾ ਕੋਈ ਗੁਨਾਹ ਹੈ ? ਕਿੰਨਾਂ ਕੁ ਚਿਰ ਉਹਨਾਂ ਨੂੰ ਖੁਆਈ ਜਾਵਾਂਗੇ ? ਬੇਬੇ ਬਾਪੂ ਬੈਠੇ ਸਨ ਤਾਂ ਹੋਰ ਗੱਲ ਸੀ ੩੩੩ ”

ਤੇ ਫਿਰ ਇੱਕ ਦਿਨ ਉਸਨੇ ਭਰਾ ਨੂੰ ਕਹਿ ਹੀ ਦਿੱਤਾ-

“ਬਾਈ ਇਸ ਸਾਲ ਤੋਂ ਮੈਨੂੰ ਮੇਰੇ ਹਿੱਸੇ ਦੀ ਜ਼ਮੀਨ ਦਾ ਠੇਕਾ ਦੇ ਦਿਆ ਕਰ। ਪਹਿਲ ਤੇਰੀ ਐ ਭਾਵੇਂ ਲੋਕਾਂ ਤੋਂ ਕਿੱਲੇ ਦਾ ਹਜ਼ਾਰ ਘੱਟ ਦੇ ਦਿਆ ਕਰ।”

“ਰਾਜਬੀਰ, ਕੁੜੀ ਵਿਆਹੁਣ ਵਾਲੀ ਐ, ਲਵਪ੍ਰੀਤ ਬਾਹਰ ਜਾਣ ਨੂੰ ਫਿਰਦੈ। ਸਾਲ ਦੋ ਸਾਲ ਹੋਰ ਇਕੱਠੇ ਰਹਿੰਦੇ।”

"ਬਾਈ ਮੇਰਾ ਮੁੰਡਾ ਵੀ ਇੰਜਨੀਅਰਿੰਗ ਕਰਦੈ ਕੁੜੀ ਪਲੱਸ ਟੂ 'ਚ ਐ ਉਹਨੂੰ ਵੀ ਅਗਲੇ ਸਾਲ ਕਿਤੇ ਬਾਹਰ ਦਾਖਲ ਕਰਾਉਣਾ ਪਊ। ਮੇਰੇ ਕਿਹੜਾ ਖਰਚੇ ਘੱਟ ਐ ?" ਉਸਦਾ ਉੱਤਰ ਵੀ ਭਰਾ ਦੇ ਤਰਲੇ ਵਰਗਾ ਸੀ।

ਫਿਰ ਭਰਾ ਭਰਜਾਈ ਉਸ ਨਾਲ ਚੱਜ ਨਾਲ ਬੋਲੇ ਨਹੀਂ ਸਨ। ਉਹਨਾਂ ਦਰਮਿਆਨ ਇੱਕ ਚੁੱਪ ਪਸਰ ਗਈ ਸੀ।

ਚੁੱਪ!

ਪਰ ਇੱਥੇ ਤਾਂ ਖੂਬ ਧੂਮ ਧੜੱਕਾ ਹੋ ਰਿਹਾ ਸੀ ਰਾਜਬੀਰ ਆਪਣੇ ਹੀ ਖਿਆਲਾਂ ਵਿਚ ਗੁੰਮ ਸੀ। ਉਸਨੂੰ ਨਹੀਂ ਪਤਾ ਲੱਗਿਆ ਕਿ ਕੌਣ ਉਸ ਕੋਲ ਆ ਕੇ ਬੈਠਾ ਤੇ ਕੌਣ ਉਸ ਕੋਲੋਂ ਉੱਠ ਕੇ ਗਿਆ । ਸਟੇਜ ਤੇ ਨੱਚ ਰਹੀਆਂ ਮੁਟਿਆਰਾਂ ਨੂੰ ਵੇਖਣ ਵਿੱਚ ਉਸਦੀ ਕੋਈ ਦਿਲਚਸਪੀ ਨਹੀਂ ਸੀ। ਪੀਪਣੀਆਂ ਵਾਜਿਆਂ ਦੇ ਕੰਨ ਪਾੜਵੇਂ ਸ਼ੋਰ ਵਿੱਚ ਨਵਾਂ-ਵਿਆਹਿਆ ਜੋੜਾ ਮੰਚ ਵੱਲ ਵੱਧ ਰਿਹਾ ਸੀ।

ਰਾਜਿਆਂ ਮਹਾਰਾਜਿਆਂ ਦੇ ਤਖਤ ਸਿੰਘਾਸਨ ਵਰਗੇ ਸਜੇ ਸੋਫੇ 'ਤੇ ਜਦੋਂ ਲਾੜਾ ਲਾੜੀ ਆ ਕੇ ਬੈਠੇ ਤਾਂ ਢਾਈ ਵੱਜ ਚੁੱਕੇ ਸਨ। ਡੀਜ਼ਲ ਦੀ ਕਿੱਲਤ ਵੇਲੇ ਪੈਟਰੋਲ ਪੰਪ ਤੋਂ ਤੇਲ ਲੈਣ ਗਏ ਜੱਟਾਂ ਦੀ ਲੰਮੀ ਲਾਈਨ ਵਾਂਗ, ਸ਼ਗਨ ਦੇਣ ਵਾਲਿਆਂ ਦੀ ਲੰਮੀ ਲਾਈਨ ਲੱਗ ਗਈ ਸੀ। ਸਟੇਜ ਦੇ ਸਾਹਮਣੇ ਡਾਂਸ ਫਲੋਰ 'ਤੇ ਨੱਚਣ ਵਾਲਿਆਂ ਦੀ ਗਿਣਤੀ ਵਿੱਚ ਕਾਫੀ ਵਾਧਾ ਹੋ ਗਿਆ ਸੀ ਕਈ ਮਨਚਲੇ ਸਟੇਜ' ਤੇ ਚੜ੍ਹਕੇ ਡਾਂਸਰਾਂ ਨਾਲ ਨੱਚਣ ਦੀ ਕੋਸ਼ਿਸ਼ ਕਰ ਰਹੇ ਸਨ ਜਸ਼ਨ ਜ਼ੋਰਾਂ 'ਤੇ ਸਨ। ਇੱਕ ਨੌਜਵਾਨ ਸਿਰ 'ਤੇ ਵਿਸਕੀ ਦੀ ਭਰੀ ਬੋਤਲ ਰੱਖ ਕੇ ਸਟੇਜ 'ਤੇ ਨਾਚ ਕਰਨ ਲੱਗਿਆ। ਉਹਦੀਆ ਲੱਤਾਂ ਬਾਹਵਾਂ ਤੇ ਸਰੀਰ ਦਾ ਹਰ ਅੰਗ ਥਿਰਕ ਰਿਹਾ ਸੀ ਪਰ ਉਸਦੀ ਧੌਣ ਸਥਿਰ ਸੀ ਵਿਸਕੀ ਦੀ ਬੋਤਲ ਆਪਣੇ ਥਾਂ 'ਤੇ ਟਿਕੀ ਹੋਈ ਸੀ।

ਵਾਰਨੇ ਖਤਮ ਹੋਏ ਤਾਂ ਵਿਆਂਦੜ ਮੁੰਡੇ ਨੂੰ ਉਸਦੇ ਦੋਸਤਾਂ ਨੇ ਆਪਣੇ ਨਾਲ ਨੱਚਣ ਲਾ ਲਿਆ ਤੇ ਡੀ. ਜੇ. ਤੋਂ ਗਾਣਾ ਚੱਲ ਪਿਆ:-

ਨੀ ਮੁੰਡਾ ਆਪਣੇ ਵਿਆਹ ਦੇ ਵਿੱਚ ਨੱਚਦਾ ਫਿਰੇ,
ਨੀ ਮੁੰਡਾ ਆਪਣੇ ਵਿਆਹ ਦੇ ਵਿੱਚ333..

ਮੁੰਡੇ ਉੱਤੋਂ ਨੋਟ ਵਾਰਨ ਵਾਲਿਆਂ ਦਾ ਹੜ ਜਿਹਾ ਆ ਗਿਆ। ਦਸਾਂ ਦੀਆਂ ਨਵੀਆਂ ਗੁੱਟੀਆਂ ਚੋਂ ਆਕੜੇ ਆਕੜੇ ਨੋਟ ਉਸਤੋਂ ਵਾਰ ਕੇ ਸੁੱਟੇ ਜਾਣ ਲੱਗੇ।

ਸਿਆਲੂ ਦਿਨ ਛਿਪਣ ਲਈ ਕਾਹਲਾ ਸੀ।

ਸਿਆਣੇ ਤੇ ਹੰਡੇ ਵਰਤੇ ਬੰਦੇ ਤਾਂ ਵਾਰਨੇ ਕਰਕੇ ਹੀ ਰੋਟੀ ਵੱਲ ਹੋ ਗਏ ਸਨ ਟੱਲੀ ਹੋਏ ਬਰਾਤੀਆਂ ਦੀ ਸਟੇਜ ਤੇ ਨੱਚਣ ਵਾਲੀਆਂ ਨਾਲ ਨੱਚਣ ਦੀ ਲਾਲਸਾ ਵਧਦੀ ਜਾ ਰਹੀ ਸੀ। ਮਿਊਜੀਕਲ ਗਰੁੱਪ ਵਾਲਿਆਂ ਨੇ ਮੌਕਾ ਸੰਭਾਲਦੇ ਹੋਏ ਆਖਰੀ ਗਾਣੇ ਦੀ ਅਨਾਊਂਸਮੈਂਟ ਕਰ ਦਿੱਤੀ-

ਗਿੱਧੇ ਵਿੱਚ ਨੱਚ ਨਵੀਏ ਭਰਜਾਈਏ,
ਨੀ ਕਿਤੇ ਨੀ ਤੇਰੀ ਮਹਿੰਦੀ ਲੱਥਦੀ।

ਇਸਦੇ ਨਾਲ ਹੀ ਬਰਾਤ ਨਾਲ ਗਈਆਂ ਕੁੜੀਆਂ ਬੁੜੀਆਂ ਨਵੀਂ ਵਹੁਟੀ ਨੂੰ ਨਾਲ ਲੈ ਕੇ ਡਾਂਸ ਫਲੋਰ ਤੇ ਨੱਚਣ ਲੱਗ ਪਈਆਂ।

ਮੇਲੀ, ਗੇਲੀ ਤੇ ਬਰਾਤੀ ਹੁਣ ਖਾਣੇ ਵੱਲ ਮੁੜ ਪਏ ਸਨ। ਢਿੱਡ ਭਰੇ ਹੋਣ ਦੇ ਬਾਵਜੂਦ ਵੀ ਉਹ ਖਾਣਾ ਸਿਰਫ ਖਾਣੇ ਦੀਆਂ ਵੰਨਗੀਆਂ ਵੇਖਣ ਖਾਤਰ ਹੀ ਖਾ ਰਹੇ ਸਨ।



ਖਾਣਾ ਖਾਂਦੇ ਰਾਜਬੀਰ ਨੇ ਵੇਖਿਆਂ ਕਿ ਮੰਗਲ ਉਸਦੇ ਨੇੜੇ - ਨੇੜੇ ਫਿਰ ਰਿਹਾ ਹੈ। ਵਾਪਸੀ 'ਤੇ ਉਹ ਰਾਜਬੀਰ ਹੁਰਾਂ ਵਾਲੀ ਗੱਡੀ ਵਿੱਚ ਆ ਬੈਠਾ। ਲਵਪ੍ਰੀਤ ਨੇ ਤਾਂ ਉਸਨੂੰ ਸਵੇਰ ਤੋਂ ਵਿਖਾਲੀ ਹੀ ਨਹੀ ਦਿੱਤੀ ਸੀ।

ਬਰਾਤ ਮੁੜੀ ਤਾਂ ਦਿਨ ਛਿਪ ਚੱਲਿਆ ਸੀ। ਅਸਮਾਨ ਵਿੱਚ ਬੱਦਲ ਬਣ ਆਏ ਸਨ। ਹਵਾ ਚੱਲਣ ਨਾਲ ਠੰਢ ਇੱਕਦਮ ਵੱਧ ਗਈ ਸੀ। ਜਿਨ੍ਹਾਂ ਨੇ ਰਾਤ ਨਹੀਂ ਸੀ ਰਹਿਣਾ ਉਹ ਸਭ ਆਪਣੇ ਸਕੂਟਰ, ਮੋਟਰ ਸਾਈਕਲ ਤੇ ਗੱਡੀਆਂ ਲੈ ਕੇ ਨਿਕਲ ਗਏ ਸਨ ਉਹਨਾਂ ਦੀ ਗੱਡੀ ਪੈਂਚਰ ਹੋ ਗਈ ਸੀ, ਤੇ ਉਹ ਸਾਰਿਆਂ ਤੋਂ ਬਾਅਦ 'ਚ ਪਹੁੰਚੇ ਉਹ ਆਪਣੇ ਮੋਟਰ ਸਾਈਕਲ ਵੱਲ ਤੁਰ ਪਿਆ ਉਸੇ ਸਮੇਂ ਉਸਦਾ ਫੋਨ ਖੜਕਿਆ'-

"ਹਾਂ ਕਿੱਥੇ ਜੇ ਆ ਗਏ।" ਪਤਨੀ ਪੁੱਛ ਰਹੀ ਸੀ।

"ਬੱਸ ਮੋਟਰ ਸਾਈਕਲ ਸਟਾਰਟ ਕਰਨ ਲੱਗਾ ਹਾਂ ਟਾਈਮ ਸਿਰ ਹੀ ਘਰ ਆ ਜਾਊਂਗਾ ਫਿਕਰ ਨਾ ਕਰਿਉ।"

ਮੰਗਲ ਵੀ ਉਸਦੇ ਮਗਰ ਹੀ ਆ ਗਿਆ ਤੇ ਬੋਲਿਆ "ਰਾਜਬੀਰ ਮੈਨੂੰ ਵੀ ਲੈ ਚੱਲ ਪਿੰਡ ਵਿੱਚ ਦੀ ਨਿਕਲ ਜਾਵੀਂ।"

"ਆ ਜਾ ਮੰਗਲਾ ਇਹ ਕਿਹੜਾ ਥੱਕਦੈ। ਮੈਂ ਤੈਨੂੰ ਪਿੰਡ ਲਾਹ ਕੇ ਨਿਕਲ ਜਾਊਂ।" ਰਾਜਬੀਰ ਨੇ ਕਿਹਾ ਤੇ ਮੋਟਰ ਸਾਈਕਲ ਦੀ ਟੋਕਰੀ 'ਚੋਂ ਕੱਪੜਾ ਕੱਢ ਕੇ ਸੀਟ ਸਾਫ ਕਰਨ ਲੱਗਿਆ। ਆਥਣ ਹੋ ਚੱਲਿਆ ਸੀ। ਉਸਨੂੰ ਵੀ ਮੰਗਲ ਦਾ ਆਸਰਾ ਹੋ ਗਿਆ। ਪਿੰਡ ਵਿੱਚੋਂ ਦੀ ਜਾਣ ਨਾਲ ਚਾਰ ਕੁ ਕਿਲੋਮੀਟਰ ਦਾ ਸਫਰ ਹੀ ਵੱਧ ਪੈਂਦਾ ਸੀ।

ਉਸੇ ਵਕਤ ਵਿਆਂਦੜ ਮੁੰਡੇ ਦੇ ਸਕੇ ਮਾਮੇ ਮਨਧੀਰ ਸਿੰਘ ਨੇ ਰਾਜਬੀਰ ਦੀ ਆ ਕੇ ਬਾਂਹ ਫੜ ਲਈ "ਭਤੀਜ ਇਹ ਕੋਈ ਵੇਲਾ ਹੈ ਜਾਣ ਦਾ ? ਕੱਲ੍ਹ ਨੂੰ ਜਾਈਂ। ਆ ਬੈਠ ਪੈੱਗ ਸ਼ੈੱਗ ਲਾਉਂਦੇ ਹਾਂ।" ਇਹ ਕਹਿ ਮਨਧੀਰ ਉਸਨੂੰ ਬਾਹੋਂ ਫੜ ਕੇ ਖਿੱਚਣ ਲੱਗ ਪਿਆ ਵਿਹੜੇ ਵਿੱਚ ਇੱਕ ਪਾਸੇ ਦਾਰੂ ਪੀਣ ਵਾਲਿਆ ਦੀ ਮਹਿਫ਼ਲ ਜੰਮ ਗਈ ਸੀ।

"ਨਹੀਂ ਚਾਚਾ ਵੇਲੇ ਨੂੰ ਕੀ ਆ, ਪੈਂਤੀ ਚਾਲੀ ਮਿੰਟਾਂ ਦੀ ਵਾਟ ਐ ਮੈਂ ਸਵੇਰੇ ਆਪਣੀ ਡਿਊਟੀ ਤੇ ਵੀ ਜਾਣੈ।" ਰਾਜਬੀਰ ਨੇ ਪੈਰ ਅੜਾਉਂਦੇ ਹੋਏ ਕਿਹਾ।

"ਉਹ ਤਾਂ ਮੈਨੂੰ ਪਤਾ ਐ ਮੈਨੇਜਰ ਸਾਹਿਬ! ਮੈਨੂੰ ਪਤਾ ਐ ਚੱਲ ਆ ਜੋ ਇੱਕ - ਇੱਕ ਪੈੱਗ ਤਾ ਲਾ ਜੋ। ਪਹਿਲਾਂ ਵਾਲੀ ਤਾਂ ਕਦੋਂ ਦੀ ਲੱਥ ਗਈ ਐ।" ਮਨਧੀਰ ਸਿੰਘ ਨੇ ਕਿਹਾ ਤੇ ਰਾਜਬੀਰ ਦੀ ਬਾਂਹ ਫੜ ਕੇ ਪੀਣ ਵਾਲਿਆਂ ਦੀ ਟੋਲੀ ਕੋਲ ਲੈ ਆਇਆ। ਮੰਗਲ ਵੀ ਮਗਰ ਹੀ ਆ ਗਿਆ।

"ਮੈਂ ਲ਼ਾ ਲ਼ੀ ਤੂੰ ਲ਼ਾ ਲ਼ਾ, ਲੈ ਤੂੰ ਪਾ ਯਾਰ" ਦੀਆਂ ਆਵਾਜ਼ਾਂ ਆ ਰਹੀਆਂ ਸਨ ਰਾਜਬੀਰ ਤੇ ਮੰਗਲ ਵੀ "ਮੈਂ ਲ਼ਾ ਲ਼ੀ ਤੇ ਤੂੰ ਲ਼ਾ ਲ਼ਾ" ਦੀਆਂ ਆਵਾਜ਼ਾਂ 'ਚ ਸ਼ਾਮਲ ਹੋ ਗਏ। ਦਿਨ ਜਮਾ ਹੀ ਛਿਪ ਚੱਲਿਆ ਸੀ ਜਦੋਂ ਉਹ ਤੁਰਨ ਲੱਗੇ ਤਾਂ ਮਨਧੀਰ ਨੇ ਬੋਤਲ ਚੁੱਕ ਲਈ ਜਿਸ ਵਿੱਚ ਅਧੀਆ ਕੁ ਸ਼ਰਾਬ ਸੀ ਤੇ ਨਾਂਹ - ਨਾਂਹ ਕਰਦੇ ਰਾਜਬੀਰ ਦੇ ਮੋਟਰ ਸਾਈਕਲ ਦੀ ਟੋਕਰੀ 'ਚ ਰੱਖ ਦਿੱਤੀ।

ਰਾਜਬੀਰ ਨੇ ਮੋਟਰ ਸਾਈਕਲ ਪਿੰਡ ਨੂੰ ਜਾਣ ਵਾਲੀ ਸੜਕ 'ਤੇ ਪਾ ਲਿਆ । ਹਨੇਰਾ ਇੱਕ ਦਮ ਹੀ ਉੱਤਰ ਆਇਆ ਲੱਗਦਾ ਸੀ। ਬਿਜਲੀ ਵੀ ਲਿਸ਼ਕਣ ਲੱਗ ਪਈ ਸੀ। ਮੀਂਹ ਕਿਸੇ ਵੀ ਪਲ ਆ ਸਕਦਾ ਸੀ।

"ਵੇਖ ਲੈ ਇੱਕ ਪੈੱਗ ਨੇ ਹੀ ਤਰਾਰੇ ਬੰਨ ਤੇ। ਘਰ ਦੀ ਸ਼ਰਾਬ ਦੀ ਕਿੱਥੇ ਰੀਸ ਕਰਦੀਐਂ

ਇਹ ਵਿਸਕੀਆਂ ਵੁਸਕੀਆਂ।" ਪਿੱਛੇ ਬੈਠਾ ਮੰਗਲ ਲੋਰ ਜਿਹੀ ਵਿੱਚ ਬੋਲਿਆ।

ਮੰਗਲ ਉਸਤੋਂ ਚਾਰ ਪੰਜ ਵਰ੍ਹੇ ਵੱਡਾ ਸੀ ਤੇ ਉਸਦਾ ਚਾਚਾ ਲੱਗਦਾ ਸੀ।ਪਰ ਰਾਜਬੀਰ ਨੇ ਕਦੇ ਉਸਨੂੰ ਚਾਚਾ ਨਹੀਂ ਕਿਹਾ ਸੀ।ਹਮੇਸ਼ਾ ਉਸਦਾ ਨਾਂ ਲੈ ਕੇ ਹੀ ਬੁਲਾਉਂਦਾ ਸੀ।ਮੰਗਲ ਦਾ ਪਿਉ ਤੇ ਰਾਜਬੀਰ ਦਾ ਦਾਦਾ ਦੋਵੇਂ ਸਕੇ ਭਰਾ ਸਨ। ਉਹ ਪੰਜ ਭਾਈ ਸਨ ਤੇ ਮੰਗਲ ਦਾ ਪਿਉ ਸਭ ਤੋਂ ਛੋਟਾ ਸੀ।ਮੰਗਲ ਹੁਰੇ ਅੱਗੇ ਚਾਰ ਭਰਾ ਸਨ ਜਦੋਂ ਕਿ ਰਾਜਬੀਰ ਦਾ ਪਿਉ ਇਕੱਲਾ ਸੀ। ਵੰਡੀ ਦੀ ਵੰਡੀ ਦੀ ਜ਼ਮੀਨ ਘੱਟ ਕੇ ਮੰਗਲ ਨੂੰ ਢਾਈ ਕਿੱਲੇ ਪੈਲੀ ਆਉਂਦੀ ਸੀ। ਵੇਖਣ ਪਾਖਣ ਵਿੱਚ ਸੋਹਣੇ ਤੇ ਚੋਬਰ ਹੋਣ ਕਾਰਨ ਮੰਗਲ ਤੋਂ ਵੱਡੇ ਤਿੰਨੇ ਤਾਂ ਵਿਆਹੇ ਗਏ ਸਨ ਪਰ ਮੰਗਲ ਰਹਿ ਚੱਲਿਆ ਸੀ। ਤੀਹਾਂ ਤੋਂ ਟੱਪੇ ਮੰਗਲ ਨੂੰ ਵੀ ਅਖੀਰ ਰਿਸ਼ਤਾ ਹੋ ਗਿਆ। ਰਾਜਬੀਰ ਦਾ ਵਿਆਹ ਤੇ ਮੰਗਲ ਦਾ ਵਿਆਹ ਅੱਗੜ – ਪਿੱਛੜ ਹੀ ਹੋਏ ਸਨ। ਚਾਚੀ ਪੰਜਾਂ ਛੀਆਂ ਧੀਆਂ ਦੇ ਪਿਉ 'ਗਰੀਬ ਜੱਟ' ਦੀ ਵੱਡੀ ਕੁੜੀ ਸੀ। ਉਹ ਸੋਹਣੀ ਸੁਨੱਖੀ ਤਾਂ ਸੀ ਹੀ ਤੇ ਨਾਲ ਸਚਿਆਰੀ, ਮਿਹਨਤੀ ਤੇ ਚੰਗੇ ਸੁਭਾਅ ਦੀ ਵੀ ।ਉਸਦਾ ਘਰ ਹੂੰਝਿਆਂ ਸਵਾਰਿਆ ਹੁੰਦਾ ਤੇ ਹਰ ਚੀਜ਼ ਥਾਂ ਟਿਕਾਣੇ 'ਤੇ ਪਈ ਹੁੰਦੀ।ਵੱਡੀਆਂ ਬੁੜੀਆਂ ਉਸਦੀ ਸਿਫਤ ਕਰਦੀਆਂ ਕਹਿੰਦੀਆਂ ਕਿ ਮੰਗਲ ਦੀ ਵਹੁਟੀ ਦੇ ਚੌਂਤਰੇ 'ਤੇ ਰੋਟੀ ਭਾਵੇਂ ਭੁੰਜੇਂ ਰੱਖ ਕੇ ਹੀ ਖਾ ਲਵੋ। ਉਹ ਦੋ ਮੱਝਾਂ ਦਾ ਦੁੱਧ ਵੇਚ ਕੇ ਘਰ ਦਾ ਸੋਹਣਾ ਗੁਜਾਰਾ ਤੋਰੀ ਜਾਂਦੀ ਸੀ। ਉਸਨੇ ਮੰਗਲ ਦਾ ਘਰ ਬੰਨ੍ਹ ਦਿੱਤਾ ਸੀ। ਗੱਭਰੂਆਂ ਨੂੰ ਬਿੱਜੂ ਜੇ ਮੰਗਲ ਨਾਲ ਈਰਖਾ ਹੁੰਦੀ ਤੇ ਚਾਚੀ 'ਤੇ ਤਰਸ ਆਉਂਦਾ। ਚੁਬਾਰੇ ਦੀ ਇੱਟ ਮੋਰੀ ਨੂੰ ਲੱਗ ਗਈ ਸੀ।

ਪਿੰਡ ਗਿਆ ਰਾਜਬੀਰ ਅਕਸਰ ਹੀ ਆਂਢ – ਗੁਆਂਢ ਦੇ ਸਕੇ ਸਬੰਧੀਆਂ ਦੇ ਘਰ ਪੰਜ – ਪੰਜ ਚਾਰ – ਚਾਰ ਮਿੰਟ ਜ਼ਰੂਰ ਲਾ ਆਉਂਦਾ। ਹਰ ਘਰੇ ਉਸਦਾ ਪੂਰਾ ਮਾਣ ਸਤਿਕਾਰ ਹੁੰਦਾ। ਕਦੇ ਕਿਸੇ ਘਰੋਂ ਤੇ ਕਦੇ ਕਿਸੇ ਘਰੋਂ ਉਹ ਚਾਹ ਦੀ ਪਿਆਲੀ ਵੀ ਪੀ ਲੈਂਦਾ।

ਉਸਨੂੰ ਲੱਗਦਾ ਜਿਵੇਂ ਸ਼ਹਿਰ 'ਚ ਰਹਿਣ ਤੋਂ ਬਾਅਦ ਉਸਦਾ ਪਿੰਡ ਵਿੱਚ ਮਾਣ ਸਤਿਕਾਰ ਵੱਧ ਗਿਆ ਹੋਵੇ। ਉਂਞ ਵੀ ਉਹ ਹੁਣ ਕਲਰਕ ਤੋਂ ਮੈਨੇਜਰ ਬਣ ਗਿਆ ਸੀ।

ਮੰਗਲ ਨੇ ਵੀ ਭਰਾਵਾਂ ਤੋਂ ਅੱਡ ਹੋ ਕੇ ਬਾਹਰ ਫਿਰਨੀ ਤੇ ਪੰਦਰਾਂ ਕੁ ਮਰਲਿਆਂ ਵਿੱਚ ਪੱਕਾ ਮਕਾਨ ਬਣਾ ਲਿਆ ਸੀ। ਜਿਸ ਵਿੱਚ ਦੋ ਕਮਰੇ, ਰਸੋਈ, ਵੱਡੇ ਬਾਰ ਨਾਲ ਬੈਠਕ ਤੇ ਪਸ਼ੂਆਂ ਵਾਸਤੇ ਲੰਮਾ ਛਤੜਾ ਸੀ। ਰਾਜਬੀਰ ਮੰਗਲ ਕੇ ਜਾਂਦਾ ਤਾਂ ਚਾਚੀ ਖੁਸ਼ ਹੋ ਜਾਂਦੀ ਸੀ। ਸਾਫ਼ ਸੁਥਰੇ ਲਿਸ਼ਕਦੇ ਗਲਾਸ ਵਿੱਚ ਪਾਣੀ ਦਿੰਦੀ ਤੇ ਚਾਹ ਪੀ ਕੇ ਜਾਣ ਦੀ ਜਿੱਦ ਕਰਦੀ।ਜਦੋਂ ਉਹ ਪਿੰਡ ਰਹਿੰਦੇ ਸਨ ਤਾਂ ਉਹ ਉਸਦੀ ਪਤਨੀ ਕੋਲ ਅਕਸਰ ਹੀ ਆ ਜਾਂਦੀ ਸੀ ਤੇ ਪਤਨੀ ਨਾਲ ਕੋਈ ਕੰਮ ਕਰਵਾ ਦਿੰਦੀ ਸੀ।ਸਿਆਲਾਂ ਵਿੱਚ ਉਹ ਉਸਦੀ ਪਤਨੀ ਤੋਂ ਪੱਛਮ ਮੰਗਵਾਉਂਦੀ ਤੇ ਕੋਈ ਨਵੀਂ ਬੁਣਤੀ ਸਿੱਖ ਕੇ ਘਰ ਦੇ ਕਿਸੇ ਜੀਅ ਦਾ ਸਵਾਟਰ ਬੁਣਦੀ। ਉਸਦੀ ਪਤਨੀ ਆਖਦੀ ਚਾਚੀ ਵਿਚਾਰੀ ਚੰਗੀ ਐ ਜੇ ਮਾਪੇ ਗਰੀਬ ਨਾਂ ਹੁੰਦੇ ਖਵਰੇ ਚੰਗੇ ਘਰੇ ਵਿਆਹੀ ਜਾਂਦੀ।

ਸ਼ਹਿਰ ਰਹਿਣ ਤੋਂ ਬਾਅਦ ਜਦੋਂ ਉਹ ਪਹਿਲੀ ਵਾਰ ਮੰਗਲ ਕੇ ਘਰ ਗਿਆ ਸੀ ਤਾਂ ਚਾਚੀ ਉਸਦਾ ਮੋਢਾ ਪਲੂਸਣ ਲਈ ਅਹੁਲੀ।ਉਸਨੂੰ ਵੀ ਸੰਗਦੇ – ਸੰਗਦੇ ਮੋਢਾ ਨੀਵਾਂ ਕਰਨਾ ਪਿਆ।ਉਸ ਦਿਨ ਉਹ ਖੜਾ ਖੜਾ ਹੀ ਮੁੜ ਆਇਆ ਸੀ। ਚਾਚੀ ਉਹਦੇ ਮਗਰ ਹੀ ਤੁਰੀ ਆਈ ਸੀ। ਜਦੋਂ ਉਹ ਮੋਟਰ ਸਾਈਕਲ ਸਟਾਰਟ ਕਰਕੇ ਕਲੱਚ ਛੱਡਣ ਲੱਗਾ ਤਾਂ ਚਾਚੀ ਨੇ ਫਿਰ ਮੋਢੇ ਤੇ ਹੱਥ ਰੱਖ ਦਿੱਤਾ ਸੀ। ਬਰੋਬਰ ਉਮਰ ਦੀ ਔਰਤ ਤੋਂ ਮੋਢਾ ਪੁਲਸਾਓਂਦਿਆਂ ਉਸਨੂੰ ਸੰਗ ਜਿਹੀ ਆਈ। ਫੇਰ ਜਦੋਂ ਵੀ ਉਹ ਮੰਗਲ ਕੇ ਘਰ ਆਇਆ ਚਾਚੀ ਨੇ ਉਹਦਾ ਆਉਂਦੇ ਤੇ ਜਾਂਦੇ ਦੇ ਮੋਢੇ 'ਤੇ ਹੱਥ ਜ਼ਰੂਰ ਹੱਥ ਰੱਖਿਆ।ਹੁਣ ਰਾਜਬੀਰ ਨੂੰ ਚਾਚੀ ਦੇ ਮੋਢਾ ਪਲੂਸਣ ਵਿੱਚ ਕੁੱਝ ਵੀ ਅਜੀਬ ਨਾ ਲੱਗਦਾ।ਰਿਸ਼ਤੇ ਵਿੱਚ ਤਾਂ ਉਹ ਰਾਜਬੀਰ ਦੀ ਚਾਚੀ ਲੱਗਦੀ ਸੀ ਤੇ ਉਸਦਾ ਮੋਢਾ ਜਾਂ ਸਿਰ



ਪਲੂਸਣ ਦਾ ਹੱਕ ਸੀ। ਰਾਜਬੀਰ ਵੀ ਹੁਣ ਚਾਚੀ ਨੂੰ ਮੱਥਾ ਟੇਕਣ ਲੱਗ ਪਿਆ ਸੀ।ਇਹ ਤਾਂ ਸ਼ਿਸ਼ਟਾਚਾਰ ਹੀ ਸੀ। ਪਿੰਡ ਆਇਆ ਅਕਸਰ ਹੀ ਜਦੋਂ ਉਹ ਮੰਗਲ ਕੇ ਘਰ ਜਾਂਦਾਂ ਤਾਂ ਉਹ ਦੋਵੇਂ ਉਹਨੂੰ ਬਾਰ ਤੱਕ ਤੋਰਨ ਆਉਂਦੇ। ਮੰਗਲ ਨਾ ਹੁੰਦਾ ਤਾਂ ਇਕੱਲੀ ਚਾਚੀ ਆਉਂਦੀ ਤੇ ਜਦੋਂ ਮੋਟਰ ਸਾਈਕਲ 'ਤੇ ਬੈਠ ਕੇ ਚਲਣ ਲੱਗਦਾ ਤਾਂ ਉਹਦੇ ਮੋਢੇ ਤੇ ਹੱਥ ਜਰੂਰ ਰੱਖਦੀ ਤੇ ਛੇਤੀ ਗੇੜਾ ਮਾਰਨ ਲਈ ਕਹਿੰਦੀ।

"ਰਾਜਬੀਰ ਅੱਜ ਤਾਂ ਵਿਆਹ ਵੇਖਣ ਦਾ ਸੁਆਦ ਹੀ ਆ ਗਿਐ। ਨਜ਼ਾਰੇ ਆ ਗਏ", ਪਿੱਛੇ ਬੈਠੇ ਮੰਗਲ ਨੇ ਰਾਜਬੀਰ ਦੀ ਬਿਰਤੀ ਭੰਗ ਕਰ ਦਿੱਤੀ।

"ਕਿਹੜੀ ਗੱਲ ਦੇ ਨਜ਼ਾਰੇ ਆ ਗਏ ਮੰਗਲ ਸਿਆਂ।" ਉਸਨੇ ਪੁੱਛਿਆ।

ਵਿਆਹ ਤਾਂ ਉਸਨੇ ਵੀ ਬਹੁਤ ਵੇਖੇ ਸਨ ਇਸ ਤੋਂ ਵੀ ਵੱਧ ਸ਼ਾਨੋ – ਸ਼ੋਕਤ ਵਾਲੇ ਪਰ ਫਿਰ ਵੀ ਅੱਜ ਵਾਲਾ ਸਾਰਾ ਕੁੱਝ ਵਧੀਆ ਸੀ।

"ਲੈ ਨਜ਼ਾਰੇ ਕਾਹਦੇ ਹੁੰਦੇ ਐ ? ਹਰ ਪਾਸੇ ਨਜ਼ਾਰੇ ਸਨ। ਸਿਰੇ ਦੀ ਦਾਰੂ ! ਐਨੀ ਸਵਾਦ ਮੱਛੀ। ਏਨੀ ਤਰ੍ਹਾਂ ਦਾ ਤੇ ਸਵਾਦ ਮੀਟ ਮੈਂ ਪਹਿਲੀ ਵਾਰ ਹੀ ਖਾਧਾ ਹੈ। ਗਾਉਣ ਵਾਲੀਆਂ ਨੇ ਵੀ ਨਜ਼ਾਰੇ ਲਿਆਤੇ। ਇੱਕ ਦਾ ਪਿੰਡਾ ਤਾਂ ਜਵਾਂ ਹੀ ਚਿੱਟਾ ਸੀ। ਧੁੰਨੀ ਕਿੰਨੀ ਸੋਹਣੀ ਲੱਗਦੀ ਸੀ, ਜੀ ਕਰੇ ਉਂਗਲ ਪਾ ਲਈਏ।" ਮੰਗਲ ਲੋਰ ਵਿੱਚ ਬੋਲ ਰਿਹਾ ਸੀ।

'ਹੋਰ" ? ਰਾਜਬੀਰ ਨੇ ਸ਼ਰਾਰਤ ਨਾਲ ਪੁੱਛਿਆ।

"ਹੋਰ ਲੈਣ ਦੇਣ ਥੋੜ੍ਹਾ ਦਿੱਤੈ ? ਕਾਰ ਕੱਲ੍ਹ ਹੀ ਛੱਡ ਗਏ ਸੀ। ਕਹਿੰਦੇ ਐ ਪੰਜਾਹ ਕਿੱਲੇ ਪੈਲੀ ਐ ਜੱਟ ਕੋਲ।" ਮੰਗਲ ਨੂੰ ਹੋਰ ਗੱਲ ਨਾ ਔੜੀ ਤੇ ਉਹ ਦਾਜ ਦੀ ਗੱਲ ਕਰਨ ਲੱਗਾ।

"ਭੂਆ ਕੇ ਕਿਹੜਾ ਘੱਟ ਐ" ? ਰਾਜਬੀਰ ਨੇ ਕਿਹਾ।

"ਘੱਟ ਨਹੀਂ ਪਰ ਕੁੜੀ ਵਾਲਿਆਂ ਨਾਲ ਮੁਕਾਬਲਾ ਨਹੀਂ ਭੈਣ ਜੀਤੋ ਕਾ।ਹਨੇਰਾ ਹੀ ਬਾਲਹਾ ਉੱਤਰ ਆਇਆ ਦੀਂਹਦਾ ਈ ਕੁੱਝ ਨਹੀਂ ਆਸੇ ਪਾਸੇ। ਆਪਾਂ ਕਿੱਥੇ ਜੇ ਆਗੇ ?" ਮੰਗਲ ਨੇ ਗੱਲ ਦਾ ਵਿਸ਼ਾ ਬਦਲ ਦਿੱਤਾ।

"ਸੁਆ ਆਪਾਂ ਟੱਪ ਆਏ ਹਾਂ ਪਿੰਡ ਦੀ ਜੂਹ ਆਉਣ ਹੀ ਵਾਲੀ ਐ।" ਰਾਜਬੀਰ ਨੇ ਜਵਾਬ ਦੇ ਕੇ ਘੜੀ ਤੋਂ ਟਾਈਮ ਵੇਖਿਆ ਸੱਤ ਵੱਜਣ ਵਾਲੇ ਸਨ।

"ਤੂੰ ਮੇਰੇ ਕੋਲ ਪਿੰਡ ਈ ਰਹਿ ਪਈਂ। ਹਨੇਰਾ ਵੀ ਬਾਹਲਾ ਹੋ ਗਿਐ। ਮੀਂਹ ਦਾ ਵੀ ਕੋਈ ਵਸਾਹ ਨਹੀਂ ਕਦੋਂ ਆ ਜਾਵੇ ?" ਮੰਗਲ ਫਿਰ ਬੋਲਿਆ।

ਰਹਿਣ ਬਾਰੇ ਤਾਂ ਰਾਜਬੀਰ ਨੇ ਸੋਚਿਆ ਨਹੀਂ ਸੀ।ਮੰਗਲ ਦਾ ਧਿਆਨ ਸ਼ਾਇਦ ਮੋਟਰ ਸਾਈਕਲ ਦੀ ਟੋਕਰੀ 'ਚ ਪਈ ਅੱਧੀ ਬੋਤਲ ਵੱਲ ਸੀ, ਪੀਣ ਦੇ ਮਾਮਲੇ ਵਿੱਚ ਉਹ ਬਹੁਤਾ ਹੀ ਲਾਲਚੀ ਸੀ। ਬੋਤਲ ਵੇਖ ਕੇ ਹੀ ਲਾਲ੍ਹਾਂ ਸਿੱਟ ਲੈਂਦਾ ਸੀ।

"ਰਹਿਣ ਨੂੰ ਕੀ ਐ। ਦਸਾਂ ਪੰਦਰ੍ਹਾਂ ਮਿੰਟਾ 'ਚ ਮੈਂ ਅਗਾਂਹ ਅਪੜਜੂੰ।" ਰਾਜਬੀਰ ਨੇ ਮੰਗਲ ਦੀ ਚਲਾਕੀ ਨੂੰ ਕਾਟ ਕਰਦਿਆਂ ਕਿਹਾ। ਘਰੋਂ ਰਾਤ ਨੂੰ ਬਾਹਰ ਰਹਿਣਾ ਰਾਜਬੀਰ ਨੂੰ ਬਹੁਤ ਹੀ ਔਖਾ ਲੱਗਦਾ ਸੀ।ਕੋਠੀ ਵਿੱਚ ਹੀ ਉਸਦਾ ਵੱਡਾ ਸਾਰਾ ਕੰਬਾਈਂਡ ਟੋਆਇਲਟ ਬਾਥਰੂਮ ਸੀ। ਟੋਆਇਲਟ ਤੇ ਅੰਗਰੇਜੀ ਸੀਟ ਲੱਗੀ ਸੀ। ਉਹ ਸਵੇਰੇ ਟੁਆਇਲਟ ਜਾ ਕੇ ਤੇ ਫਿਰ ਨਹਾ ਕੇ ਹੀ ਬਾਹਰ ਨਿਕਲਦਾ ਸੀ। ਸਾਧਾਰਨ ਲੈਟਰੀਨ ਵਿੱਚ ਉਸਨੂੰ ਬਹੁਤ ਔਖਾ ਲੱਗਦਾ ਸੀ। ਜਦੋਂ ਪਿੰਡ ਰਹਿੰਦਾ ਸੀ ਤਾਂ ਹੋਰ ਗੱਲ ਸੀ ਉਦੋਂ ਤਾਂ ਉਹ ਖੇਤਾਂ ਵਿੱਚ ਹੀ ਜਾਂਦੇ ਤੇ ਖਾਲ 'ਚ ਖੜੇ ਪਾਣੀ 'ਚ ਹੱਥ ਧੋ ਲੈਂਦੇ ਸਨ।

ਮੰਗਲ ਚੁੱਪ ਹੋ ਗਿਆ ਤੇ ਫੇਰ ਅਚਾਨਕ ਹੀ ਚੀਕਿਆ –"ਰੋਕੀ ਰੋਕੀ ਮੂਤ ਤਾਂ ਕਰ

ਲਈਏ।"

ਰਾਜਬੀਰ ਨੇ ਮੋਟਰ ਸਾਈਕਲ ਰੋਕ ਲਿਆ ਤੇ ਧਿਆਨ ਨਾਲ ਆਸੇ - ਪਾਸੇ ਵੇਖਿਆ।

ਮੰਗਲ ਉੱਤਰ ਕੇ ਸੜਕ ਤੋਂ ਸੱਜੇ ਪਾਸੇ ਥੋੜ੍ਹਾ ਜਿਹਾ ਪਿੱਛੇ ਹਟਵੀਂ ਪਹੀ 'ਤੇ ਹੋ ਤੁਰਿਆ ਤੇ ਥੋੜ੍ਹੀ ਦੂਰ ਜਾ ਕੇ ਪਿਸ਼ਾਬ ਕਰਨ ਲੱਗਾ। ਰਾਜਬੀਰ ਨੇ ਮੋਟਰਸਾਈਕਲ ਨੂੰ ਸਟੈਂਡ ਲਾਇਆ ਤੇ ਇੱਕ ਪਾਸੇ ਹੋ ਕੇ ਪੈਂਟ ਦੀ ਜਿੱਪ ਖੋਲ੍ਹਣ ਲੱਗਿਆ।

ਅਸਮਾਨ ਵਿੱਚੋਂ ਫਿਰ ਬਿਜਲੀ ਲਿਸ਼ਕੀ, ਪਿਛਾਂਹ ਟਾਹਲੀ ਦੇ ਕੋਲੇ ਲੰਘਦੀ ਪਹੀ 'ਤੇ ਮੰਗਲ ਪਿਸ਼ਾਬ ਕਰਦਾ ਉਸਨੂੰ ਦਿਸਿਆ। ਬਿਜਲੀ ਦੀ ਲਿਸ਼ਕ ਵਾਂਗ ਹੀ ਇੱਕ ਯਾਦ ਉਹਦੇ ਦਿਮਾਗ ਵਿੱਚ ਆਈ ਤੇ ਉਸਦੀ ਹਾਲਤ ਇਸ ਤਰ੍ਹਾਂ ਹੋ ਗਈ ਜਿਵੇਂ ਉਸਤੇ ਬਿਜਲੀ ਡਿੱਗ ਪਈ ਹੋਵੇ।

ਗਲੀ ਵਿੱਚ ਉਹ ਆਪਣੇ ਚਾਰ ਪੰਜ ਸਾਥੀਆਂ ਨਾਲ ਖੇਡ ਰਿਹਾ ਸੀ।ਇਹੀ ਮੰਗਲ ਉਨ੍ਹਾਂ ਨੂੰ ਆ ਕੇ ਕਹਿੰਦਾ "ਆਓ ਸਾਡੇ ਖੇਤ ਚੱਲੀਏ, ਉਥੇ ਥੋਨੂੰ ਛੱਲੀਆਂ ਭੁੰਨ ਕੇ ਖਵਾਊਂ, ਨਾਲੇ ਥੋਨੂੰ ਉਹ ਕਾਲੀ ਚਿੜੀ ਵਿਖਾਊ ਜਿਹਦਾ ਪਿੱਛਾ ਲਾਲ ਹੁੰਦੈ।" ਉਹ ਸਾਰੇ ਜੁਆਕ ਜੋ ਅੱਠ ਤੋਂ ਗਿਆਰਾਂ ਸਾਲ ਦੀ ਉਮਰ ਦੇ ਵਿਚਕਾਰ ਸਨ ਇਹਦੇ ਮਗਰ ਆ ਗਏ। ਆਹੀ ਖੇਤ ਸੀ ਤੇ ਆਹੀ ਪਹੀ ਸੀ। ਉਦੋਂ ਇਹ ਸੜਕ ਨਹੀਂ ਬਣੀ ਸੀ। ਕੱਚਾ ਰਾਹ ਹੁੰਦਾ ਸੀ।ਰਾਹ ਨਾਲ ਲੱਗਦੇ ਕਿੱਲੇ ਵਿੱਚ ਮੱਕੀ ਬੀਜੀ ਸੀ ਜਿਹਨੂੰ ਦੋਧਾ ਛੱਲੀਆਂ ਲੱਗੀਆਂ ਹੋਈਆਂ ਸਨ। ਛੱਲੀਆਂ ਭੁੰਨੀਆਂ ਸਨ ਜਾਂ ਨਹੀਂ ਜਾਂ ਉਹ ਕਾਲੀ ਚਿੜੀ ਵੇਖੀ ਸੀ ਜਾਂ ਨਹੀਂ, ਇਹ ਸਭ ਰਾਜਬੀਰ ਨੂੰ ਯਾਦ ਨਾ ਆਇਆ। ਉਸਨੂੰ ਤਾਂ ਬਸ ਇਹੀ ਯਾਦ ਸੀ ਕਿ ਖੇਤ ਪਹੁੰਚ ਕੇ ਮੰਗਲ ਉਸਨੂੰ ਮੱਕੀ ਦੇ ਖੇਤ ਵਿੱਚ ਲੈ ਵੜਿਆ ਤੇ ਭੁੰਜੇ ਮੂਧਾ ਪੈਣ ਲਈ ਕਿਹਾ। ਜਿਵੇਂ ਮਾਤਾਹਿਤ ਆਪਣੇ ਬੌਸ ਦਾ ਹੁਕਮ ਮੰਨਦਾ ਹੈ, ਉਵੇਂ ਰਾਜਬੀਰ ਹੁਕਮ ਮੰਨ ਕੇ ਮੂਧਾ ਪੈ ਗਿਆ।ਮੰਗਲ ਉਸਦੇ ਉੱਤੇ ਚੜ੍ਹ ਕੇ ਪਜਾਮਾ ਖੋਲ ਕੇ ਹੇਠਾਂ ਨੂੰ ਸਰਕਾਉਣ ਲੱਗਿਆ। ਉਸ ਵਕਤ ਹੀ ਕੋਈ ਹੋਰ ਮੁੰਡਾ ਚੌੜ - ਚੌੜ ਮੰਗਲ ਉੱਤੇ ਲੰਮਾ ਪੈ ਗਿਆ ਤੇ ਉਸ ਮੁੰਡੇ ਤੇ ਕੋਈ ਹੋਰ। ਤਿੰਨ ਜਣਿਆਂ ਦਾ ਭਾਰ ਤੇ ਦਬਾਅ ਰਾਜਬੀਰ ਨੂੰ ਮਹਿਸੂਸ ਹੋਇਆ ਤਾਂ ਉਹ ਚੀਕਾਂ ਮਾਰਨ ਲੱਗਾ। ਉਸਨੂੰ ਰੋਂਦਾ ਵੇਖ ਕੇ ਸਾਰੇ ਮੁੰਡੇ ਡਰ ਗਏ। ਉਸੇ ਵਕਤ ਰਾਹ ਤੇ ਪੱਠਿਆਂ ਦਾ ਗੱਡਾ ਲਈ ਜਾਂਦੇ ਕਿਸੇ ਬੰਦੇ ਨੇ ਲਲਕਰਾ ਮਾਰਿਆ ਤਾਂ ਮੰਗਲ ਮੱਕੀ 'ਚ ਅਗਾਂਹ ਭੱਜ ਗਿਆ।ਰਾਜਬੀਰ ਨੇ ਨਾਲਾ ਬੰਨਿਆ ਤੇ ਰੋਂਦਾ - ਰੋਂਦਾ ਆਪਣੇ ਸਾਥੀਆਂ ਨਾਲ ਘਰ ਨੂੰ ਮੁੜ ਪਿਆ।ਮੰਗਲ ਨੇ ਉਸ ਨਾਲ ਬਦਫੈਲੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਹ ਘਟਨਾ ਯਾਦ ਆਉਣ 'ਤੇ ਰਾਜਬੀਰ ਨੂੰ ਅੱਗ ਲੱਗ ਗਈ। ਉਸਦਾ ਸਰੀਰ ਮੱਚਣ ਲੱਗ ਪਿਆ। ਉਸਦਾ ਜੀ ਕਰੇ ਇਸ ਸਾਲੇ ਦੋ ਕੋਡੀ ਦੇ ਬੰਦੇ ਨੂੰ ਹੁਣੇ ਮਾਰ ਸੁੱਟੇ।ਸਾਲੇ ਬੀਂਬੜ ਜੇ ਨੇ ਜੁਅਰਤ ਕਿਵੇਂ ਕੀਤੀ ਉਸ ਨਾਲ ਬਦਫੈਲੀ ਕਰਨ ਦੀ।ਇਹੀ ਕਿ ਉਹ ਉਮਰ ਵਿੱਚ ਉਸਤੋਂ ਛੋਟਾ ਸੀ, ਜੁਆਕ ਸੀ। ਰਾਜਬੀਰ ਗੁੱਸੇ 'ਚ ਕੰਬਣ ਲੱਗਿਆ। ਅੱਜ ਉਸ ਕੋਲ ਕੋਈ ਹਥਿਆਰ ਹੁੰਦਾ ਤਾਂ ਉਹ ਉੱਥੇ ਹੀ ਮੰਗਲ ਨੂੰ ਮਾਰ ਸੁੱਟਦਾ। ਉਸਨੇ ਆਸੇ ਪਾਸੇ ਵੇਖਿਆ, ਉਸਨੂੰ ਕੋਈ ਇੱਟ ਵੱਟਾ ਵੀ ਨਜ਼ਰ ਨਾ ਆਇਆ।ਮੰਗਲ ਪਿਸ਼ਾਬ ਕਰਕੇ ਹੋਰ ਅਗਾਂਹ ਨੂੰ ਤੁਰ ਪਿਆ ਸੀ।

"ਮੀਂਹ ਵਾਹਵਾ ਪੈ ਜੇ। ਚੰਗਾ ਐ ਕਣਕਾਂ ਵਾਸਤੇ।" ਆਉਂਦਾ ਹੀ ਉਹ ਦੂਰੋਂ ਬੋਲਿਆ। ਰਾਜਬੀਰ ਚੁੱਪ ਰਿਹਾ।

"ਰਾਜਬੀਰ ਯਾਦ ਐ ਤੇਰੇ ਏਥੇ ਰਾਹ 'ਤੇ ਇੱਕ ਕਿੱਕਰ ਹੁੰਦੀ ਸੀ। ਉਹਦੇ ਤੇ ਕੇਰਾਂ ਬਿਜਲੀ ਡਿੱਗ ਪਈ ਸੀ।" ਦੁਬਾਰਾ ਬਿਜਲੀ ਲਿਸ਼ਕੀ ਤਾਂ ਮੰਗਲ ਫੇਰ ਬੋਲਿਆ।

"ਹਾਂ ਯਾਦ ਆ ਗਿਆ ਸਭ ਕੁੱਝ।" ਰਾਜਬੀਰ ਨੇ ਕਹਿਣਾ ਚਾਹਿਆ ਪਰ ਚੁੱਪ ਰਿਹਾ।



ਉਸੇ ਵਕਤ ਰਾਜਬੀਰ ਨੇ ਮਨ ਹੀ ਮਨ ਕੁੱਝ ਸੋਚ ਲਿਆ।ਉਹ ਮੋਟਰ ਸਾਈਕਲ ਕੋਲ ਆਇਆ ਤਾਂ ਉਸਦਾ ਫੋਨ ਫਿਰ ਖੜਕ ਪਿਆ।

"ਹਾਂ ਪਹੁੰਚੇ ਨਹੀ ਅਜੇ ਤੱਕ?" ਪਤਨੀ ਪੁੱਛ ਰਹੀ ਸੀ।

"ਬਸ ਪਿੰਡ ਪਹੁੰਚਣ ਵਾਲੇ ਹਾਂ।ਚਾਚਾ ਮੰਗਲ ਨਾਲ ਹੈ ਮੇਰੇ ਇਹਨੂੰ ਘਰੇ ਲਾਹ ਕੇ ਆਉਂਦਾ ਹਾਂ।"

"ਏਥੇ ਤਾਂ ਮੀਂਹ ਪਈ ਜਾਦੈ। ਤੁਸੀਂ ਪਿੰਡ ਹੀ ਰਾਤ ਰਹਿ ਪਿਓ ਉੱਥੇ ਚਾਚੇ ਮੰਗਲ ਦੇ ਘਰੇ ਹੀ। ਉਨ੍ਹਾਂ ਦੇ ਜਾਣ ਦੀ ਕੋਈ ਲੋੜ ਨੀਂ। ਮੈਂ ਡੈਡੀ ਨੂੰ ਸੱਦ ਲਿਆ ਸੀ ਤੁਸੀਂ ਫਿਕਰ ਨਾ ਕਰਿਓ।"

ਘਰ ਵਾਲੀ ਦੇ ਫੋਨ ਨਾਲ ਤਸੱਲੀ ਮਿਲੀ। ਹੁਣ ਉਹ ਅਜਾਦ ਸੀ। ਉਸਨੇ ਠੀਕ ਹੀ ਸੋਚਿਆ ਸੀ।ਪਿੰਡ ਵਿੱਚ ਦਾਖਲ ਹੋਏ ਤਾਂ ਗਲੀਆਂ ਵਿੱਚ ਸੁੰਨ ਮਸਾਨ ਸੀ।ਸਰਦੀ ਕਰਕੇ ਲੋਕ ਅੰਦਰੀਂ ਵੜੇ ਬੈਠੇ ਸਨ। ਗਲੀਆਂ ਵਿੱਚ ਹੁਣ ਕੋਈ ਧੂੰਈਆਂ ਬਾਲ ਕੇ ਅੱਧੀ - ਅੱਧੀ ਰਾਤ ਤੱਕ ਨਹੀਂ ਬੈਠਦਾ। ਹਰ ਕੋਈ ਆਪਣੇ ਘਰੇ ਟੈਲੀਵਿਜਨ ਹੀ ਵੇਖਦਾ ਹੈ। ਨਾ ਗਲੀਆਂ ਵਿੱਚ ਕੁੱਤੇ ਭੌਂਕਦੇ ਸਨ। ਉਹ ਵੀ ਕੰਧਾਂ ਕੌਲਿਆਂ ਦੀ ਓਟ ਭਾਲਦੇ ਦੁਬਕੇ ਬੈਠੇ ਸਨ। ਉਨ੍ਹਾਂ ਨੂੰ ਇੱਕ ਵੀ ਬੰਦਾ ਨਹੀਂ ਸੀ ਟਕਰਿਆ।ਮੰਗਲ ਕੇ ਬਾਰ 'ਚ ਜਾ ਕੇ ਉਸਨੇ ਮੋਟਰ ਸਾਈਕਲ ਰੋਕ ਲਿਆ ਤੇ ਜਾਣ ਬੁੱਝ ਕੇ ਹਾਰਨ ਨਾ ਮਾਰਿਆ ਪਰ ਜਿਉਂ ਹੀ ਮੋਟਰ ਸਾਈਕਲ ਰੁਕਿਆ, ਚਾਚੀ ਨੇ ਬੂਹਾ ਖੋਲ੍ਹ ਦਿੱਤਾ ਜਿਵੇਂ ਉਹ ਬਾਰ 'ਚ ਉਨ੍ਹਾਂ ਨੂੰ ਹੀ ਉਡੀਕ ਰਹੀ ਹੋਵੇ। ਮੋਟਰ ਸਾਈਕਲ ਦੀ ਹੈੱਡ ਲਾਈਟ ਚਾਚੀ ਦੇ ਚਿਹਰੇ 'ਤੇ ਪਈ। ਰਾਜਬੀਰ ਨੂੰ ਚਾਚੀ ਅੱਜ ਹੋਰ ਵੀ ਸੋਹਣੀ ਤੇ ਜਵਾਨ ਲੱਗੀ।ਮੰਗਲ ਮੋਟਰ ਸਾਈਕਲ ਤੋਂ ਨਾ ਉੱਤਰਿਆ ਤੇ ਬੈਠਾ ਬੈਠਾ ਬੋਲਿਆ, "ਚੱਲ ਲੈ ਚੱਲ ਅੰਦਰ।"

"ਨਹੀਂ ਮੈਂ ਤਾਂ ਜਾਊਂਗਾ।" ਰਾਜਬੀਰ ਨੇ ਉਤਲੇ ਮਨੋ ਕਿਹਾ। ਰਹਿਣ ਦਾ ਫੈਸਲਾ ਤਾਂ ਉਹ ਕਰ ਚੁੱਕਾ ਸੀ।

"ਰਾਜਬੀਰ ਇਹ ਕੋਈ ਜਾਣ ਦਾ ਵੇਲੈ ? ਅਸੀ ਤੇਰੇ ਕੁੱਝ ਨਹੀ ਲੱਗਦੇ? ਚੁੱਪ ਕਰਕੇ ਅੰਦਰ ਆ ਜਾ।" ਚਾਚੀ ਨੇ ਬਹੁਤ ਹੀ ਅਪਣਤ ਨਾਲ ਕਿਹਾ ਤਾਂ ਰਾਜਬੀਰ ਮੋਟਰ ਸਾਈਕਲ ਵਿਹੜੇ 'ਚ ਲੈ ਗਿਆ ਤੇ ਆਸੇ - ਪਾਸੇ ਮੋਟਰ ਸਾਈਕਲ ਖੜਾਉਣ ਦੀ ਥਾਂ ਵੇਖਣ ਲੱਗਿਆ।

ਨਿੱਕੀਆਂ - ਨਿੱਕੀਆਂ ਕਣੀਆਂ ਡਿੱਗਣੀਆਂ ਸ਼ੁਰੂ ਹੋ ਗਈਆਂ ਸਨ।ਮੰਗਲ ਦੇ ਦੋਨੋ ਮੁੰਡੇ ਵੀ ਬੈਠਕ ਵਿਚੋਂ ਨਿੱਕਲ ਕੇ ਵਿਹੜੇ ਵਿੱਚ ਆ ਗਏ।

ਮੰਗਲ ਨੇ ਇੱਕ ਕਮਰੇ ਦਾ ਬੂਹਾ ਖੋਲ੍ਹ ਕੇ ਆਖਿਆ, "ਮੋਟਰ ਸਾਈਕਲ ਅੰਦਰ ਹੀ ਲਾ ਦੇ।"

"ਲਿਆ ਬਾਈ ਮੈਂ ਲਾ ਦਿੰਦਾ ਹਾਂ।" ਬਾਰ੍ਹਵੀਂ 'ਚ ਪੜ੍ਹਦੇ ਮੰਗਲ ਦੇ ਵੱਡੇ ਮੁੰਡੇ ਨੇ ਕਿਹਾ ਪਰ ਰਾਜਬੀਰ ਸੀਟ ਤੋਂ ਨਾ ਉਤਰਿਆ ਤੇ ਉਸਨੇ ਆਪ ਹੀ ਕਮਰੇ ਵਿੱਚ ਮੋਟਰ ਸਾਈਕਲ ਖੜਾ ਕੇ ਲੌਕ ਲਾ ਕੇ ਚਾਬੀ ਜੇਬ ਵਿੱਚ ਪਾ ਲਈ।ਇਹ ਕਮਰਾ ਨਿੱਕ - ਸੁੱਕ ਦਾ ਭਰਿਆ ਹੋਇਆ ਸੀ।

"ਹਾਂ ਬਈ ਤੂੰ ਕਿਹੜੀ ਜਮਾਤ 'ਚ ਐਂ?" ਰਾਜਬੀਰ ਨੇ ਕਮਰੇ 'ਚੋਂ ਨਿਕਲ ਕੇ ਛੋਟੇ ਮੁੰਡੇ ਨੂੰ ਪੁੱਛਿਆ।

"ਦਸਵੀਂ 'ਚ।" ਕਹਿ ਕੇ ਮੁੰਡਾ ਬੈਠਕ ਵੱਲ ਮੁੜ ਗਿਆ। ਵੱਡਾ ਵੀ ਮੋਟਰ ਸਾਈਕਲ ਵੱਲ ਹਸਰਤ ਭਰੀਆਂ ਨਜ਼ਰਾਂ ਨਾਲ ਵੇਖਦਾ, ਉਹਦੇ ਮਗਰ ਚਲਾ ਗਿਆ।

ਇੱਕਦਮ ਹੀ ਮੀਂਹ ਦਾ ਛਟਾਕਾ ਆ ਗਿਆ।ਰਾਜਬੀਰ ਮੰਗਲ ਦੇ ਮਗਰ ਹੀ ਨਾਲ ਦੇ ਕਮਰੇ ਵਿੱਚ ਵੜ ਗਿਆ। ਕਮਰੇ ਦੇ ਬਾਰ ਨੂੰ ਸਾਹਮਣੇ ਢਾਈ ਫੁੱਟ ਉੱਚਾ ਮੋਟੇ ਮੋਟੇ ਪਾਵਿਆ ਵਾਲਾ

ਵੱਡਾ ਸਾਰਾ ਚੌੜਾ ਮੰਜਾ ਡਾਹਿਆ ਹੋਇਆ ਸੀ।ਮੰਜਾ ਖੱਬੇ ਤੇ ਸਰ੍ਹਾਣੇ ਵਾਲੇ ਪਾਸਿਉਂ ਕੰਧ ਨਾਲ ਲੱਗਿਆ ਹੋਇਆ ਸੀ। ਵੱਡੇ ਮੰਜੇ ਦੇ ਸੱਜੇ ਪਾਸੇ ਛੋਟਾ ਮੰਜਾ ਵੀ ਵਿਛਿਆ ਹੋਇਆ ਸੀ। ਰਾਜਬੀਰ ਨੇ ਅੰਦਰ ਖੜਕੇ ਕਮਰੇ ਦਾ ਜਾਇਜਾ ਲਿਆ। ਬਾਰਾਂ ਬਾਈ ਤੇਰਾਂ ਫੁੱਟ ਦਾ ਹੋਵੇਗਾ ਇਹ ਕਮਰਾ। ਕਮਰੇ ਦੀ ਸੱਜੇ ਪਾਸੇ ਦੀ ਕੰਧ ਨਾਲ ਪੇਟੀ ਪਈ ਹੋਈ ਸੀ। ਪੇਟੀ ਤੇ ਮੋਟੀ ਚਤੱਈ ਪਾਈ ਹੋਈ ਸੀ।ਪੇਟੀ ਤੇ ਦੋ ਤਿੰਨ ਟਰੰਕ ਹੇਠ ਉੱਤੇ ਰੱਖੇ ਹੋਏ ਸਨ। ਹਰ ਟਰੰਕ 'ਤੇ ਛਾੜ ਸੀ। ਪੇਟੀ ਦੇ ਨਾਲ ਹੀ ਇੱਕ ਲੱਕੜ ਦਾ ਸੰਦੂਕ ਸੀ।ਸੰਦੂਕ 'ਤੇ ਵੀ ਮੋਟੇ ਦਸੂਤੀ ਕੱਪੜੇ ਦਾ ਛਾੜ ਪਾਇਆ ਹੋਇਆ ਸੀ। ਵਿਹੜੇ ਵਾਲੀ ਕੰਧ ਨਾਲ ਦੋ ਮੰਜੇ ਖੜੇ ਕੀਤੇ ਹੋਏ ਸਨ। ਕਮਰੇ ਦਾ ਫਰਸ਼ ਸੀਮਿੰਟ ਦਾ ਸੀ। ਕਮਰੇ ਦੇ ਬਾਰ ਦੇ ਨਾਲ ਹੀ ਵੱਡੀ ਤਿੰਨ ਪੱਲਿਆਂ ਦੀ ਵਿਹੜੇ ਵੱਲ ਖੁੱਲ੍ਹਦੀ ਬਾਰੀ ਸੀ। ਠੰਢ ਤੇ ਮੀਂਹ ਕਰਕੇ ਬਾਰੀ ਦੇ ਤਿੰਨੇ ਪੱਲੇ ਬੰਦ ਸਨ।

"ਬੈਠ ਜਾ ਹੁਣ।"ਮੰਗਲ ਨੇ ਛੋਟੇ ਮੰਜੇ 'ਤੇ ਬੈਠਦਿਆਂ ਰਾਜਬੀਰ ਨੂੰ ਕਿਹਾ।

ਰਾਜਬੀਰ ਵੱਡੇ ਮੰਜੇ 'ਤੇ ਲੱਤਾਂ ਲਮਕਾ ਕੇ ਬੈਠ ਗਿਆ ਤੇ ਆਪਣੇ ਬੂਟ ਜੁਰਾਬਾਂ ਲਾਹੁਣ ਲੱਗਿਆ। ਮੰਜੇ ਦੇ ਪਾਵਿਆਂ ਹੇਠ ਇੱਟਾਂ ਰੱਖੀਆਂ ਸਨ। ਰਾਜਬੀਰ ਦੇ ਲੰਮੇ ਕੱਦ ਦੇ ਬਾਵਜੂਦ ਉਸਦੇ ਪੈਰ ਭੁੰਜੇ ਨਾ ਲੱਗੇ। ਮੀਂਹ ਦਾ ਛਟਾਕਾ ਬੰਦ ਹੋ ਚੁੱਕਾ ਸੀ ਤੇ ਕੋਈ ਕੋਈ ਕਣੀ ਡਿੱਗਣ ਲੱਗ ਪਈ ਸੀ ।

"ਪਾਣੀ ਤੇ ਗਲਾਸ ਵੀ ਦੇ ਜੀ ਹੁਣ।" ਮੰਗਲ ਨੇ ਕਾਹਲਾ ਪੈਂਦਿਆਂ ਕਿਹਾ।

ਚਾਚੀ ਨੇ ਛੋਟੀ ਤਿਪਾਈ ਦੋਹਾਂ ਮੰਜਿਆਂ ਦੇ ਵਿਚਾਲੇ ਟਿਕਾਈ ਤੇ ਦੋ ਕੱਚ ਦੇ ਗਲਾਸ ਤੇ ਪਾਣੀ ਦੀ ਗੜਵੀ ਰੱਖ ਦਿੱਤੀ।

ਛੇਤੀ - ਛੇਤੀ ਮੰਗਲ ਦੋ ਗਲਾਸਾਂ 'ਚ ਦਾਰੂ ਪਾ ਕੇ ਪਾਣੀ ਪਾਉਣ ਲੱਗਿਆ।ਪਾਣੀ ਪਾਉਣ 'ਤੇ ਸ਼ਰਾਬ ਦਾ ਰੰਗ ਦੁਧੀਆ ਹੋ ਗਿਆ। ਦੁਧੀਆ ਰੰਗ ਵੇਖ ਕੇ ਮੰਗਲ ਖੁਸ਼ ਹੁੰਦਾ ਬੋਲਿਆ:

"ਇਹਨੂੰ ਕਹਿੰਦੇ ਆ ਅਸਲੀ ਸ਼ਰਾਬ।" ਤੇ ਉਹ ਉਸਨੇ ਇੱਕੋ ਡੀਕ ਨਾਲ ਗਲਾਸ ਖਾਲੀ ਕਰ ਦਿੱਤਾ।ਰਾਜਬੀਰ ਨੇ ਗਲਾਸ ਨਾ ਚੁੱਕਿਆ।

"ਰਾਜਬੀਰ ਉੱਠੀਂ ਤੈਨੂੰ ਬਿਸਤਰਾ ਹੋਰ ਵਿਛਾ ਦੇਵਾਂ।" ਚਾਚੀ ਨੇ ਕਿਹਾ।

"ਹੋਰ ਬਿਸਤਰੇ ਨੂੰ ਕੀ ਐ ? ਏਸੇ 'ਚ ਪੈ ਜਾਂਦਾ ਹਾਂ।" ਮੰਜੇ ਤੋਂ ਖੜ੍ਹੇ ਹੁੰਦੇ ਰਾਜਬੀਰ ਨੇ ਕਿਹਾ।

"ਲੈ ਤੂੰ ਜਰੂਰ ਇਸਦੇ ਬਿਸਤਰੇ 'ਚ ਪੈਣੈ, ਰਜਾਈ ਗਦੈਲੇ 'ਚੋਂ ਜਰਦੇ ਦਾ ਮੁਸ਼ਕ ਮਾਰਦੈ।" ਚਾਚੀ ਨੇ ਬਿਸਤਰਾ 'ਕੱਠਾ ਕੀਤਾ ਤੇ ਕੰਧ ਨਾਲ ਡਾਹੇ ਮੰਜੇ 'ਤੇ ਸੁੱਟ ਕੇ ਸੰਦੂਕ ਵਿੱਚੋਂ ਖੱਦਰ ਦਾ ਨਵਾਂ ਰਜਾਈ ਗਦੈਲਾ ਤੇ ਸਰਾਣਾ ਲਿਆ ਕੇ ਉਸਦਾ ਬਿਸਤਰਾ ਵਿਛਾਉਣ ਲੱਗੀ।

ਰਾਜਬੀਰ ਨੇ ਦਾਰੂ ਦਾ ਗਲਾਸ ਚੁੱਕਿਆ ਦੋ ਘੁੱਟਾਂ ਪੀ ਕੇ ਉਸ ਵਿੱਚ ਹੋਰ ਪਾਣੀ ਪਾ ਕੇ ਰੱਖ ਦਿੱਤਾ। ਫਿਰ ਮੰਜੇ 'ਤੇ ਬੈਠ ਕੇ ਆਪਣੀਆਂ ਕੋਟੀਆਂ, ਸਵਾਟਰਾਂ ਤੇ ਸ਼ਰਟ ਲਾਹੁਣ ਲੱਗਿਆ।ਲੱਤਾਂ ਤੇ ਰਜਾਈ ਲੈ ਕੇ ਉਸਨੇ ਪੈਂਟ ਵੀ ਲਾਹ ਕੇ ਚਾਚੀ ਨੂੰ ਫੜਾ ਦਿੱਤੀ। ਚਾਚੀ ਨੇ ਉਸਤੋਂ ਕੱਪੜੇ ਫੜੇ ਤੇ ਦੋ ਤਿੰਨ ਕਿੱਲੀਆਂ 'ਤੇ ਟੰਗ ਦਿੱਤੇ।

"ਰੋਟੀ ਬਣਾਵਾਂ ?" ਚਾਚੀ ਨੇ ਮੰਗਲ ਵੱਲ ਝਾਕ ਕੇ ਪੁੱਛਿਆ।ਮੰਗਲ ਰਾਜਬੀਰ ਵੱਲ ਝਾਕਿਆ।

"ਨਹੀਂ ਚਾਚੀ ਰੋਟੀ ਦੀ ਤਾਂ ਹੁਣ ਲੋੜ ਨਹੀਂ, ਪਹਿਲਾਂ ਹੀ ਬਹੁਤ ਖਾਧਾ ਪੀਤਾ ਐ।" ਰਾਜਬੀਰ ਨੇ ਕਿਹਾ ਤੇ ਆਪਣਾ ਪੈੱਗ ਚੁੱਕ ਕੇ ਮੂੰਹ ਨੂੰ ਲਾ ਲਿਆ।

"ਐਂ ਕਰ ਕੋਈ ਦਾਲ ਦੂਲ ਈ ਲੈ ਆ।" ਮੰਗਲ ਨੇ ਉਹਨੂੰ ਹੁਕਮ ਦਿੱਤਾ।



"ਦਾਲ ਨਹੀਂ ਅੱਜ ਤਾਂ ਸਾਗ ਧਰਿਆ।" ਚਾਚੀ ਨੇ ਕਿਹਾ ਤੇ ਰਸੋਈ ਵਿੱਚ ਚਲੀ ਗਈ।ਨਵੇਂ ਖੱਦਰ ਦੇ ਬਿਸਤਰੇ ਦੀ ਮਹਿਕ ਰਾਜਬੀਰ ਨੂੰ ਵਧੀਆ ਲੱਗੀ। ਪਿੱਛੇ ਕੰਧ ਤੇ ਸਰਾਣੇ ਦੀ ਢੋਅ ਲਾ ਕੇ ਬੈਠ ਗਿਆ ਤੇ ਦਾਰੂ ਦੇ ਹੌਲੀ ਹੌਲੀ ਘੁੱਟ ਭਰਨ ਲੱਗਾ।

"ਤੂੰ ਤਾਂ ਮੂੰਹ ਨੂੰ ਹੀ ਲਾ ਕੇ ਬੈਠ ਗਿਆਂ, ਖਾਲੀ ਕਰ ਹੋਰ ਪਾਈਏ।" ਕਹਿ ਕੇ ਮੰਗਲ ਨੇ ਆਪਣੇ ਗਲਾਸ 'ਚ ਪੈੱਗ ਪਾਇਆ।

ਪਰ ਰਾਜਬੀਰ ਨੇ ਗਲਾਸ ਖਾਲੀ ਨਾ ਕੀਤਾ। ਚਾਚੀ ਦੋ ਬਾਟੀਆਂ ਵਿੱਚ ਸਾਗ ਪਾ ਲਿਆਈ। ਇੱਕ ਉਸਨੇ ਰਾਜਬੀਰ ਦੇ ਹੱਥ ਫੜਾ ਦਿੱਤੀ ਤੇ ਦੂਜੀ ਤਿਪਾਈ 'ਤੇ ਰੱਖ ਦਿੱਤੀ।ਰਾਜਬੀਰ ਦੀ ਬਾਟੀ ਵਿੱਚ ਦੇਸੀ ਘਿਉ ਤੈਰਦਾ ਫਿਰਦਾ ਸੀ।

"ਚਾਚੀ ਸਾਗ ਤਾਂ ਬਹੁਤ ਸੁਆਦ ਐ।" ਰਾਜਬੀਰ ਨੇ ਚਮਚਾ ਲਾਇਆ ਤਾਂ ਤਾਰੀਫ ਕੀਤੇ ਬਿਨਾਂ ਨਾ ਰਹਿ ਸਕਿਆ।

ਚਾਚੀ ਖੁਸ਼ ਹੋ ਕੇ ਫਿਰ ਬਾਹਰ ਚਲੀ ਗਈ। ਮੰਗਲ ਨੇ ਦੂਜਾ ਪੈੱਗ ਵੀ ਖਤਮ ਕਰ ਦਿੱਤਾ ਸੀ।ਸਾਗ ਵਿੱਚ ਚਮਚਾ ਲਾਉਂਦੇ ਦੇ ਉਹਦੇ ਹੱਥ ਕੰਬ ਰਹੇ ਸਨ।ਉਸਨੂੰ ਸ਼ਰਾਬ ਚੜ੍ਹਦੀ ਜਾ ਰਹੀ ਸੀ।

ਚਾਚੀ ਇੱਕ ਬਾਲਟੀ ਵਿੱਚ ਗਰਮ ਪਾਣੀ ਅਤੇ ਬੱਠਲ ਲੈ ਆਈ ਤੇ ਤਿਪਾਈ ਕੋਲ ਰੱਖ ਦਿੱਤੀ।ਰਾਜਬੀਰ ਨੇ ਪੈਰ ਬੱਠਲ 'ਚ ਰੱਖ ਕੇ ਪਹਿਲਾਂ ਮੂੰਹ ਧੋਤਾ ਤੇ ਫਿਰ ਪੈਰ। ਚਾਚੀ ਨੇ ਉਸਨੂੰ ਇੱਕ ਸਾਫ ਸੁਥਰਾ ਤੋਲੀਆ ਟਰੰਕ 'ਚੋਂ ਕੱਢ ਕੇ ਦਿੱਤਾ। ਗਰਮ ਪਾਣੀ ਨਾਲ ਹੱਥ ਮੂੰਹ ਧੋ ਕੇ ਰਾਜਬੀਰ ਦਾ ਥਕੇਵਾਂ ਲਹਿ ਗਿਆ।

ਮੰਗਲ ਤੋਂ ਦੋ ਤਿੰਨ ਚਮਚਿਆਂ ਤੋਂ ਵੱਧ ਸਾਗ ਨਾ ਖਾਧਾ ਗਿਆ। ਹੱਥ ਪੈਰ ਧੋਣ ਦੀ ਉਸਦੀ ਹਿੰਮਤ ਨਹੀ ਸੀ ਤੇ ਨਾ ਹੀ ਚਾਚੀ ਨੇ ਉਸਨੂੰ ਕਿਹਾ।

ਚਾਚੀ ਪਾਣੀ ਦਾ ਬੱਠਲ ਤੇ ਖਾਲੀ ਬਾਲਟੀ ਬਾਹਰ ਰੱਖ ਕੇ ਆਪਣੇ ਮੰਜੇ 'ਤੇ ਆ ਬੈਠੀ। ਬਾਹਰ ਮੀਂਹ ਤੇਜ਼ ਹੋ ਗਿਆ ਸੀ। ਰਾਜਬੀਰ ਨੇ ਬੋਤਲ ਚੋਂ ਛੋਟਾ ਜਿਹਾ ਪੈੱਗ ਪਾਇਆ ਤੇ ਬਾਕੀ ਬਚਦੀ ਸ਼ਰਾਬ ਨਾਲ ਉਸਨੇ ਮੰਗਲ ਦਾ ਗਲਾਸ ਭਰ ਦਿੱਤਾ ਤੇ ਖਾਲੀ ਬੋਤਲ ਮੰਜੇ ਹੇਠ ਰੋੜ ਦਿੱਤੀ।

"ਤੂੰ ਟੇਢਾ ਹੋ ਗਿਐ। ਆਹ ਪੈੱਗ ਕੌਣ ਪੀਊ ? ਲੈ ਫੜ।" ਰਾਜਬੀਰ ਨੇ ਮੰਗਲ ਨੂੰ ਹਲੂਣ ਕੇ ਕਿਹਾ।ਮੰਗਲ ਨੇ ਖੱਬੀ ਕੂਹਣੀ 'ਤੇ ਭਾਰ ਦੇ ਕੇ ਸਿਰ ਚੁੱਕਿਆ ਤੇ ਸੱਜੇ ਹੱਥ ਨਾਲ ਗਲਾਸ ਫੜ੍ਹ ਕੇ ਇੱਕੋ ਸਾਹੇ ਪੀ ਗਿਆ।

ਚਾਚੀ ਵੀ ਦੇਖ ਰਹੀ ਸੀ।ਪਰ ਬੋਲੀ ਕੁੱਝ ਨਾ। ਪੈੱਗ ਪੀਣ ਸਾਰ ਮੰਗਲ ਦਾ ਸਿਰ ਸਿਰਹਾਣੇ ਆ ਟਿਕਿਆ। ਰਾਜਬੀਰ ਨੇ ਆਪਣਾ ਪੈੱਗ ਖਤਮ ਕਰਕੇ ਬਾਟੀ 'ਚ ਬਚਦਾ ਸਾਗ ਖਾ ਕੇ ਬਾਟੀ ਮੰਜੇ ਹੇਠ ਖਿਸਕਾ ਦਿੱਤੀ ਤੇ ਰਜਾਈ ਲੈ ਕੇ ਪੈ ਗਿਆ।

ਕਮਰੇ ਵਿੱਚ ਸੱਠ ਵਾਟ ਦਾ ਬਲਬ ਜਗ ਰਿਹਾ ਸੀ। ਰਾਜਬੀਰ ਦੇ ਸਰੀਰ 'ਚ ਚੰਗਿਆੜੇ ਨਿੱਕਲ ਰਹੇ ਸਨ। ਉਸਨੇ ਰਜਾਈ ਵਿੱਚੋਂ ਪੈਰ ਬਾਹਰ ਕੱਢ ਲਏ।ਮੰਗਲ ਦੇ ਘੁਰਾੜੇ ਵੱਜਣੇ ਸ਼ੁਰੂ ਹੋ ਗਏ।ਬਾਹਰ ਮੀਂਹ ਰੁਕ ਗਿਆ।

"ਚਾਚੀ ਆਹ ਬੱਲਬ ਤਾਂ ਬੁਝਾ ਦੇ।" ਰਾਜਬੀਰ ਨੇ ਕਿਹਾ।

ਚਾਚੀ ਨੇ ਉੱਠਕੇ ਬੱਲਬ ਬੁਝਾ ਦਿੱਤਾ ਤੇ ਕਮਰੇ ਚੋਂ ਨਿੱਕਲ ਗਈ।

ਸ਼ਾਂਤ ਤੇ ਟਿਕੀ ਰਾਤ 'ਚ ਰਾਜਬੀਰ ਨੂੰ ਸ਼ੁਰਰ - ਸ਼ੁਰਰ ਦੀ ਆਵਾਜ਼ ਸੁਣਾਈ ਦਿੱਤੀ। ਚਾਚੀ ਕਮਰੇ ਦੇ ਬਾਰ ਦੇ ਨਾਲ ਹੀ ਕੱਚੇ ਵਿਹੜੇ ਵਿੱਚ ਪਿਸ਼ਾਬ ਕਰਨ ਬੈਠ ਗਈ ਸੀ। ਰਾਜਬੀਰ ਉਤੇਜਿਤ ਹੋ ਗਿਆ ਉਹ ਦਾ ਬਾਹਰ ਜਾਣ ਨੂੰ ਜੀ ਕੀਤਾ। ਉਹ ਜੱਕੋ ਤੱਕੀ ਵਿੱਚ ਹੀ ਸੀ ਕਿ ਚਾਚੀ ਅੰਦਰ ਆ ਕੇ ਆਪਣੇ ਬਿਸਤਰੇ ਵਿੱਚ ਪੈ ਗਈ।

ਰਾਜਬੀਰ ਦਾ ਸਰੀਰ ਮੱਚ ਰਿਹਾ ਸੀ। ਉਸਦਾ ਅੰਗ – ਅੰਗ ਅੰਗੜਾਈਆਂ ਲੈ ਰਿਹਾ ਸੀ।ਦਿਨੇ ਪੀਤੀ ਵਿਸਕੀ ਤੇ ਖਾਧਾ ਚਿਕਨ ਮੱਛੀ ਆਪਣਾ ਰੰਗ ਦਿਖਾ ਰਿਹਾ ਸੀ ਉਸਦੇ ਅੰਗਾਂ 'ਚ ਅਕੜਾ ਆ ਗਿਆ ਸੀ ਉਸਨੇ ਸਰਾਣੇ ਕੋਲ ਪਈ ਤਿਪਾਈ ਤੋਂ ਪਾਣੀ ਦੀ ਗੜਵੀ ਚੁੱਕ ਕੇ ਠੰਢੇ ਪਾਣੀ ਦੀਆਂ ਦੋ ਘੁੱਟਾਂ ਭਰੀਆਂ ਤੇ ਲੱਤਾਂ ਤੋਂ ਰਜਾਈ ਪਾਸੇ ਲਾਹ ਦਿੱਤੀ।

ਜੈਸਾ ਖਾਈਏ ਅੰਨ ਵੈਸਾ ਹੋਵੇ ਮਨ।

ਕਮਰੇ ਵਿੱਚ ਜ਼ੀਰੋ ਵਾਟ ਦਾ ਬਲਬ ਹੀ ਜਗ ਰਿਹਾ ਸੀ। ਜ਼ੀਰੋ ਵਾਟ ਬਲਬ ਦਾ ਵੀ ਐਨਾ ਚਾਨਣ! ਰਾਜਬੀਰ ਨੂੰ ਇਹ ਚਾਨਣ ਵੀ ਵਿਹੁ ਵਰਗਾ ਲੱਗਣ ਲੱਗਾ। ਚਾਚੀ ਦਾ ਮੰਜਾ ਜਰਕਿਆ। ਸ਼ਾਇਦ ਉਸਨੇ ਪਾਸਾ ਲਿਆ ਸੀ।

ਮੰਗਲ ਦੇ ਘਰਾੜੇ ਬੇਰੋਕ ਜਾਰੀ ਸਨ।

"ਚਾਅਚੀ ਆਹ ਬਲਬ ਜਿਹਾ ਵੀ ਬੰਦ ਕਰਦੇ।" ਉਸਨੇ ਖੁਸ਼ਕ ਆਵਾਜ਼ ਵਿੱਚ ਕਿਹਾ। ਉਸਦਾ ਮੂੰਹ ਸੁੱਕ ਰਿਹਾ ਸੀ।

ਆਗਿਆਕਾਰ ਬੱਚੇ ਵਾਂਗ ਚਾਚੀ ਨੇ ਜ਼ੀਰੋ ਵਾਟ ਦਾ ਬਲਬ ਵੀ ਬੁੱਝਾ ਦਿੱਤਾ।

ਕਮਰੇ ਵਿੱਚ ਹਨੇਰਾ ਪੱਸਰ ਗਿਆ। ਰਾਜਬੀਰ ਨੇ ਫਿਰ ਗੜਵੀ ਚੋਂ ਦੋ ਤਿੰਨ ਘੁੱਟ ਠੰਢੇ ਪਾਣੀ ਦੇ ਪੀਤੇ। ਉਸਦੇ ਸਰੀਰ ਵਿੱਚੋਂ ਸੇਕ ਨਿਕਲ ਰਿਹਾ ਸੀ।

"ਚਾਅ–ਚੀ।" ਰਾਜਬੀਰ ਨੇ ਹੌਲੀ ਜਿਹੀ ਕਿਹਾ

"ਚਾਅ–ਚੀ।" ਰਾਜਬੀਰ ਨੇ ਫਿਰ ਕਿਹਾ।

"ਕੀ ਐ ਰਾਜਬੀਰ?" ਉਸਨੂੰ ਚਾਚੀ ਦੀ ਆਵਾਜ਼ ਵੀ ਕੰਬਦੀ ਜਾਪੀ।

"ਚਾਅ–ਚੀ।"

"ਹਾਂ"

" ਚਾਚੀ ਪਾਲਾ ਲੱਗਦੈ।"

"ਰਜਾਈ 'ਤੇ ਕੰਬਲ ਪਾ ਦੇਵਾਂ ?"

"ਨਹੀਂ ਨਾਲ ਹੀ ਪੈ ਜਾ।"

ਰਾਜਬੀਰ ਨੇ ਹਿੰਮਤ ਇਕੱਠੀ ਕਰਕੇ ਹੌਲੀ ਜਿਹੀ ਪੂਰਾ ਵਾਕ ਬੋਲ ਦਿੱਤਾ ਤੇ ਆਪਣੇ ਉੱਤੇ ਰਜਾਈ ਲੈ ਲਈ ਉਹ ਅੱਖਾਂ ਟੱਡ – ਟੱਡ ਚਾਚੀ ਦੇ ਮੰਜੇ ਵੱਲ ਵੇਖਣ ਲੱਗਾ। ਉਸਦਾ ਦਿਲ ਹੋਰ ਜ਼ੋਰ – ਜ਼ੋਰ ਦੀ ਧੜਕਣ ਲੱਗਿਆ।

ਕੁੱਝ ਪਲਾਂ ਬਾਅਦ ਚਾਚੀ ਆਪਣੇ ਮੰਜੇ ਤੋਂ ਉੱਠੀ।

ਰਾਜਬੀਰ ਦੀ ਧੜਕਣ ਹੋਰ ਤੇਜ਼ ਹੋ ਗਈ।

ਚਾਚੀ ਕਮਰੇ 'ਚੋਂ ਬਾਹਰ ਨਿਕਲ ਗਈ। ਉਸਨੇ ਵਿਹੜੇ ਵਿੱਚ ਖੜਕੇ ਬਿੜਕ ਲਈ ਤੇ ਫੇਰ ਬੈਠਕ ਦੇ ਬਾਰ ਨਾਲ ਕੰਨ ਲਾ ਕੇ ਬਿੜਕ ਲਈ। ਬੈਠਕ ਦੀ ਲਾਈਟ ਬੰਦ ਸੀ। ਮੁੰਡੇ ਪੜ੍ਹਕੇ ਸੌਂ ਗਏ ਸਨ। ਉਹ ਕਮਰੇ 'ਚ ਆਈ।

ਰਾਜਬੀਰ ਦੀਆਂ ਨਜ਼ਰਾਂ ਬਾਰ 'ਤੇ ਗੱਡੀਆਂ ਹੋਈਆਂ ਸਨ। ਚਾਚੀ ਨੇ ਬਿਨਾਂ ਖੜਕਾ ਕੀਤਿਆਂ ਹੌਲੀ – ਹੌਲੀ ਕਮਰੇ ਦਾ ਬਾਰ ਬੰਦ ਕਰ ਦਿੱਤਾ।ਕਮਰੇ ਵਿੱਚ ਘੁੱਪ ਹਨੇਰਾ ਹੋ ਗਿਆ।ਰਾਜਬੀਰ ਦਾ ਦਿਲ ਫੜਾਕ – ਫੜਾਕ ਵੱਜਣ ਲੱਗਾ ਚਾਚੀ ਰਜਾਈ ਚੁੱਕ ਕੇ ਰਾਜਬੀਰ ਦੇ ਨਾਲ ਪੈ ਗਈ।

***

"ਵਾਹਿਗੁਰੂ ਜੀ ਕਾ ਖਾਲਸਾ ਤੇ ਵਾਹਿਗੁਰੂ ਜੀ ਕੀ ਫਤਹਿ" ਦੀ ਉੱਚੀ ਅਵਾਜ਼ ਕੰਨਾਂ 'ਚ ਪੈਣ ਤੇ ਰਾਜਬੀਰ ਨੂੰ ਜਾਗ ਆ ਗਈ। ਗੁਰਦੁਆਰੇ ਦੇ ਸਪੀਕਰ ਤੋਂ ਪਾਠੀ ਕਹਿ ਰਿਹਾ ਸੀ –



"ਅਮ੍ਰਿਤ ਵੇਲਾ ਹੋ ਗਿਆ ਹੈ੩ ਇਸ ਵੇਲੇ ਪੰਜ ਵੱਜ ਕੇ ਤੇਰਾਂ ਮਿੰਟ ਹੋਏ ਹਨ ੩ ਅੱਜ ਦਿਨ ਸੋਮਵਾਰ ਅਤੇ ਦਸੰਬਰ ਮਹੀਨੇ ਦੀ 6 ਤਰੀਕ ਹੈ ਤੇ ਤੇਈ ਮੱਘਰ ਹੈ੩ ਉੱਠੋ ਭਾਈ ੩ ਉੱਠ ਕੇ ਇਸ਼ਨਾਨ ਕਰੋ੩ ਨਾਮ ਜਪੋ ੩.।"

"ਆਹ ਨਾਈ ਨੇ ਬੜੇ ਠਿੱਠ ਕੀਤੇ ਆ। ਸਵੇਰੇ ਸਵੇਰੇ ਹੀ ਟਾਹਰਾਂ ਮਾਰਨ ਲੱਗ ਜਾਂਦਾ।ਤੂੰ ਨਾਮ ਜਪਾਉਣ ਦਾ ਠੇਕਾ ਲਿਐ ? ਮੇਰਾ ਸਾਲਾ ਟਾਈਮ ਤਾਂ ਮਿੰਟਾਂ ਸਕਿੰਟਾਂ 'ਚ ਐ ਦੱਸਦੈ ਜਿਵੇਂ ਪਾਣੀ ਵੱਢਣਾ ਹੁੰਦੈ੩।" ਮੰਗਲ ਵੀ ਜਾਗ ਪਿਆ ਸੀ। ਉਹ ਪਿਆ ਹੀ ਬੁੜ ਬੁੜ ਕਰਨ ਲੱਗਿਆ।

"ਤੂੰ ਤਾਂ ਰੱਬ ਦਾ ਨਾਂ ਨਹੀਂ ਲੈਣਾ ਜੇ ਕੋਈ ਲੈਂਦਾ ਹੈ ਤਾਂ ਤੈਨੂੰ ਭੈੜਾ ਲੱਗਦੈ। ਪਾਪੀ ਤੜਕੇ – ਤੜਕੇ ਹੀ ਗਾਲ੍ਹਾਂ ਕੱਢਣ ਲੱਗ ਜਾਂਦੈ।" ਮੰਗਲ ਦੀ ਬੁੜ ਬੁੜ ਸੁਣ ਕੇ ਚਾਚੀ ਨੇ ਕਿਹਾ ਤੇ ਕਮਰੇ 'ਚੋਂ ਬਾਹਰ ਨਿਕਲ ਗਈ।

ਕਮਰੇ ਦਾ ਬਾਰ ਖੁੱਲ੍ਹਾ ਸੀ ਤੇ ਜ਼ੀਰੋ ਵਾਟ ਦਾ ਬਲਬ ਜਗ ਰਿਹਾ ਸੀ। ਉਹ ਸੰਦੇਹਾ – ਸੰਦੇਹਾ ਹੀ ਨਿਕਲ ਜਾਣਾ ਚਾਹੁੰਦਾ ਸੀ ਚੋਰਾਂ ਵਾਂਗ।ਉਸਨੇ ਕਿੱਲੀਆਂ ਤੋਂ ਲਾਹ ਕੇ ਪੈਂਟ ਸ਼ਰਟ ਤੇ ਕੋਟੀਆ ਸਵੈਟਰ ਪਾ ਲਏ।ਵਾਲਾਂ 'ਚ ਹੱਥ ਫੇਰ ਕੇ ਘੁੱਟ ਕੇ ਜੂੜਾ ਬੰਨ ਕੇ ਪੱਗ ਰੱਖ ਲਈ। ਜਦੋਂ ਉਹ ਬੂਟਾਂ ਦੇ ਤਸ਼ਮੇ ਬੰਨ ਰਿਹਾ ਸੀ ਤਾਂ ਮੰਗਲ ਨੇ ਰਜਾਈ 'ਚੋਂ ਸਿਰ ਬਾਹਰ ਕੱਢ ਕੇ ਕਿਹਾ।

"ਕਿਵੇਂ ਐਂ, ਚੱਲਿਐਂ ਹੁਣੇ ਈ?" ਉਸਨੇ ਪਏ – ਪਏ ਪੁੱਛਿਆ।

"ਹਾਂ, ਮੈ ਅਗਾਂਹ ਡਿਊਟੀ ਤੇ ਵੀ ਜਾਣੈ।" ਜਵਾਬ ਦੇ ਕੇ ਉਹ ਕਮਰੇ ਵਿੱਚੋਂ ਨਿਕਲ ਗਿਆ ਤੇ ਦੂਜੇ ਕਮਰੇ 'ਚ ਖੜਾ ਮੋਟਰ ਸਾਈਕਲ ਵਿਹੜੇ ਵਿੱਚ ਕੱਢ ਲਿਆਇਆ।

ਮੌਸਮ ਸਾਫ ਤੇ ਠੰਢਾ ਸੀ।

"ਚਾਹ ਬਣੀ ਪਈ ਐ।" ਰਸੋਈ 'ਚ ਆਉਂਦੀ ਚਾਚੀ ਨੇ ਕਿਹਾ।

ਮੰਗਲ ਬਾਹਰਲਾ ਬਾਰ ਖੋਲ੍ਹ ਆਇਆ ਸੀ।

"ਨਹੀਂ ਚਾਚੀ ਚਾਹ ਤਾਂ ਮੈਂ ਹੁਣ ਘਰੇ ਜਾ ਕੇ ਹੀ ਪੀਊਂ। ਬੁਰਸ਼ ਵਗੈਰਾ ਕਰਕੇ।" ਰਾਜਬੀਰ ਨੇ ਕਿਹਾ ਤੇ ਮੋਟਰ ਸਾਈਕਲ ਨੂੰ ਕਿੱਕ ਮਾਰ ਦਿੱਤੀ।

ਉਸਦੇ ਖੱਬੇ ਪਾਸੇ ਚਾਚੀ ਤੇ ਸੱਜੇ ਮੰਗਲ ਖੜਾ ਜਰਦਾ ਮਲ ਰਿਹਾ ਸੀ।

"ਚੰਗਾ ਫਿਰ," ਕਹਿ ਕੇ ਉਸਨੇ ਕਿੱਕ ਮਾਰ ਕੇ ਮੋਟਰ ਸਾਈਕਲ ਦਾ ਗੇਅਰ ਪਾ ਲਿਆ। ਚਾਚੀ ਨੇ ਪਿਆਰ ਨਾਲ ਉਸਦੇ ਖੱਬੇ ਮੋਢੇ 'ਤੇ ਸੱਜਾ ਹੱਥ ਰੱਖ ਦਿੱਤਾ। ਫਿਰ ਖੱਬਾ ਹੱਥ ਵੀ ਮੋਢੇ 'ਤੇ ਰੱਖ ਕੇ ਉਸਦਾ ਮੋਢਾ ਪਲੂਸਦੀ ਹੋਈ ਹੌਲੀ – ਹੌਲੀ ਹੇਠ ਨੂੰ ਹੱਥ ਸਰਕਾਉਂਦੀ ਹੋਈ ਬੋਲੀ –

"ਚੰਗਾ 'ਪੁੱਤ' ਛੇਤੀ ਛੇਤੀ ਗੇੜਾ ਮਾਰ ਜਾਇਆ ਕਰ। ਮੈਨੂੰ ਤਾਂ ਸੋਡਾ ਬਾਹਲਾ ਮੋਹ ਆਉਂਦੈ।"

–95010–50016

---

ਜਸਪਾਲ ਮਾਨਖੇੜਾ ਦੀ ਨਵੀਂ ਪੁਸਤਕ

**ਚੂਰ–ਭੂਰ (ਵਾਰਤਕ)**

ਪੀਪਲਜ਼ ਫ਼ੋਰਮ, ਬਰਗਾੜੀ

## ਰਵਿੰਦਰ ਰਾਵਣ/ਸਰੂਪ ਸਿਆਲਵੀ

ਮੈਂ ਰਵਿੰਦਰ ਰਾਓ, ਸ਼ਹਿਰ ਵਿਖੇ ਖੇਡੀ ਜਾਂਦੀ ਰਾਮ ਲੀਲਾ ਵਿਚ ਕਿੰਨੇ ਸਾਲਾਂ ਤੋਂ ਰਾਵਣ ਦੀ ਭੂਮਿਕਾ ਨਿਭਾਉਂਦਾ ਆ ਰਿਹਾ ਹਾਂ। ਮੈਂ ਸੋਚਦਾ ਹਾਂ ਕਿ ਕਿਉਂ ਨਾ ਮਨ ਵਿਚ ਆਏ ਵਿਰੋਧੀ ਵਿਚਾਰਾਂ ਬਾਰੇ, ਆਪਣੇ ਦੋਸਤ ਦੇਸ਼ ਵਿਦੇਸ਼ ਦਾ ਭ੍ਰਮ ਕਰਨ ਵਾਲੇ ਘੁੰਮਤਰੂ, ਘੁੰਮਣ ਸਿੰਘ ਨਾਲ ਗੱਲ ਕਰ ਲਵਾਂ? ਪਰ ਜਦ ਮੈਥੋਂ ਕੋਈ ਗੱਲ ਨਹੀਂ ਕੀਤੀ ਜਾਂਦੀ ਤਾਂ ਮੇਰੇ ਸੁਭਾਅ ਤੋਂ ਜਾਣੂ ਘੁੰਮਣ ਸਿੰਘ ਆਖਦਾ ਹੈ, "ਓ ਤੂੰ ਤਾਂ ਰਾਮਲੀਲਾ ਵਿਚ ਰਾਵਣ ਦਾ ਰੋਲ ਕਰਦਿਆਂ ਸਟੇਜ 'ਤੇ ਸ਼ੇਰ ਵਾਂਗ ਗਰਜਦਿਆਂ ਸੰਵਾਦ ਬੋਲਣ ਜੋਗਾ ਈ ਏਂ.... ਚਿੜੀ ਦੇ ਬੱਚੇ ਜਿੰਨਾ ਕੁ ਤਾਂ ਤੇਰਾ ਦਿਲ ਏ.... ਤੂੰ ਜ਼ਰਾ ਕੁ ਵੀ ਵਿਰੋਧ ਦੀ ਗੱਲ ਨਹੀਂ ਕਰ ਸਕਦਾ।"

ਮੇਰੇ ਮੁਹੱਲੇ ਦੇ ਘੁੰਮਣ ਸਿੰਘ ਦੀ ਗੱਲ ਸੱਚੀ ਹੈ। ਜਦ ਮੈਂ ਸਟੇਜ 'ਤੇ ਚੜ੍ਹਕੇ ਗਰਜਵੀਂ ਆਵਾਜ਼ ਵਿਚ ਸੰਵਾਦ ਬੋਲਦਾ ਹਾਂ ਤਾਂ ਸਾਊਂਡ ਵਾਲਾ ਸਪੀਕਰ ਦੀ ਗੂੰਜਵੀਂ ਆਵਾਜ਼ ਛੱਡ ਦਿੰਦਾ ਹੈ। "ਕਰਨੇ ਲਗੇ ਛੋਕਰੇ ਅਗਰ ਹਰੇਕ ਕਾਮ ਕੇ ...ਕਾਮ ...ਕਾਮ ਕੇ.....। ਦੁਨੀਆਂ ਮੇਂ ਕੌਨ ਪੁਛੇਗਾ ਰਾਵਣ ਕੇ ਨਾਮ ਕੇ....ਨਾਮ ਕੇ...ਨਾਮ ਕੇ....।" ਲੰਮਾ ਕੱਦ, ਭਰਵਾਂ ਚਿਹਰਾ, ਚੜ੍ਹੀਆਂ ਮੁੱਛਾਂ, ਸਿਰ 'ਤੇ ਲਿਸ਼ਕਾਂ ਮਾਰਦਾ ਵੱਡਾ ਸਾਰਾ ਮੁਕਟ, ਗਲ ਵਿਚ ਹੀਰੇ, ਮੋਤੀਆਂ ਦੀ ਮਾਲਾ, ਜਰੀ ਤੇ ਗੋਟੇ ਨਾਲ ਜੜੀ ਲਿਸ਼ਕਾਂ ਮਾਰਦੀ ਧੋਤੀ ਤੇ ਉੱਤਰਾਸੰਗ (ਮੋਢੇ 'ਤੇ ਸੁੱਟਿਆ ਵਸਤਰ) ਪੂਰੇ ਰੁਅਬ-ਦਾਬਾ ਨਾਮ ਮੈਂ ਆਪਣੇ ਆਪ ਨੂੰ ਰਾਵਣ ਦੇ ਰੋਲ ਵਿਚ, ਰਾਮਲੀਲਾ ਦਾ ਸਭ ਤੋਂ ਪ੍ਰਭਾਵਸ਼ਾਲੀ ਪਾਤਰ ਸਮਝਦਾ ਹਾਂ।

ਸ਼ਹਿਰ ਵਿਚ ਹਰ ਸਾਲ ਹੁੰਦੀ ਰਾਮਲੀਲਾ ਵਿਚ ਪਹਿਲਾਂ ਮੇਰਾ ਦਾਦਾ, ਫਿਰ ਪਿਓ ਤੇ ਹੁਣ ਮੈਂ ਰਾਵਣ ਦੀ ਭੂਮਿਕਾ ਨਿਭਾਉਂਦਾ ਆ ਰਿਹਾ ਹਾਂ। ਇਨ੍ਹਾਂ ਦਿਨਾਂ ਵਿੱਚ, ਸ਼ਹਿਰ ਵਿਚ ਮੇਰਾ ਇੱਜ਼ਤ-ਮਾਣ ਹੋਰ ਵਧ ਜਾਂਦਾ ਹੈ। ਸ਼ਹਿਰ ਦੇ ਬਾਜ਼ਾਰਾਂ, ਚੁਰਾਹਿਆਂ ਵਿਚ ਖੜ੍ਹੇ ਲੋਕ, ਮੇਰੇ ਰਾਮਲੀਲਾ ਵਿਚ ਕੀਤੇ ਜਾ ਰਹੇ ਰੋਲ ਦੀਆਂ ਗੱਲਾਂ ਕਰ ਰਹੇ ਹੁੰਦੇ ਹਨ। ਕਿ 'ਰਾਮਲੀਲਾ ਵਿਚ ਰਾਵਣ ਦਾ ਪਾਤਰ ਜਿੰਨਾ ਪ੍ਰਭਾਵਸ਼ਾਲੀ ਹੋਵੇਗਾ ਓਨਾ ਹੀ ਰਾਮਲੀਲਾ ਦੀ ਚਲਦੀ ਕਹਾਣੀ ਵਿਚ ਵੱਧ ਵਿਰੋਧਾਭਾਸ ਹੋਵੇਗਾ ਤੇ ਨਾਟਕ ਲੋਕਾਂ ਦਾ ਵੱਧ ਧਿਆਨ ਆਪਣੇ ਵੱਲ ਖਿੱਚੇਗਾ।' ਮੈਨੂੰ ਆਪਣੇ ਆਪ 'ਤੇ ਮਾਣ ਮਹਿਸੂਸ ਹੁੰਦਾ ਹੈ ਕਿ ਜਿਵੇਂ ਰਾਵਣ ਦਾ ਰੋਲ ਕਰਨ ਵਾਲਾ, ਮੈਂ ਰਵਿੰਦਰ ਰਾਓ ਹੀ ਰਾਮਲੀਲਾ ਦੀ ਸਟੇਜ 'ਤੇ, ਕਹਾਣੀ ਰੂਪੀ ਪਹੀਏ ਨੂੰ ਅੱਗੇ ਤੋਰਨ ਵਾਲਾ ਮੁੱਖ ਧੁਰਾ ਹੋਵਾਂ।

ਲੋਕਾਂ ਦਾ ਧਰਮ ਵਿਚ ਅਥਾਹ ਵਿਸ਼ਵਾਸ ਹੈ। ਰਾਮਲੀਲਾ ਦੀ ਸਟੇਜ 'ਤੇ ਵਿਦੇਹ ਦੇ ਰਾਜਾ ਜਨਕ ਦੇ ਰਾਜ ਦਰਬਾਰ ਵਿਚ ਰਾਮ ਤੇ ਸੀਤਾ ਦਾ ਸਵੰਬਰ ਰਚਾਇਆ ਜਾਂਦਾ ਹੈ। ਉਸ ਤੋਂ ਅਗਲੇ ਦਿਨ, ਰਾਮ ਤੇ ਸੀਤਾ ਦੇ ਵਿਆਹ ਦੀ ਖੁਸ਼ੀ ਮਨਾਉਂਦਿਆਂ ਰਾਮਲੀਲਾ ਵਿਚ ਉਨ੍ਹਾਂ ਦੇ ਪਾਤਰਾਂ ਰਮਿੰਦਰ ਰੰਮੀ ਤੇ ਸਤਿੰਦਰ ਕੌਰ 'ਸੱਤੀ' ਨੂੰ ਰੱਥ ਵਿਚ ਬਿਠਾ ਕੇ ਵਾਜੇ-ਗਾਜਿਆਂ ਨਾਲ ਸ਼ਹਿਰ ਦੇ ਮੁੱਖ ਬਾਜ਼ਾਰਾਂ ਵਿਚ ਨੂੰ ਘੁੰਮਾਇਆ ਜਾਂਦਾ ਹੈ। ਲੋਕੀ ਰਾਮ ਤੇ ਸੀਤਾ ਦੇ ਸਵੰਬਰ ਦੀ ਖੁਸ਼ੀ ਮਨਾਉਂਦੇ ਨੱਚਦੇ 'ਤੇ ਗੀਤ ਗਾਉਂਦੇ ਉਨ੍ਹਾਂ ਦੇ ਨਾਲ ਚਲਦੇ ਹਨ। ਸੰਗਤਾਂ ਲਈ, ਸ਼ਹਿਰ ਦੇ ਬਾਜ਼ਾਰਾਂ ਵਿਚ ਥਾਂ-ਥਾਂ ਮਿਠਾਈਆਂ, ਫਲ-ਫਰੂਟ, ਬਰੈੱਡ-ਪਕੌੜਿਆਂ ਆਦਿ ਦੇ ਲੰਗਰ ਲਾਏ ਜਾਂਦੇ ਹਨ। ਰੱਥ ਵਿਚ ਬੈਠੇ ਰਾਮਲੀਲਾ ਦੇ ਪਾਤਰਾਂ ਭਗਵਾਨ ਰਾਮ ਤੇ ਸੀਤਾ ਮਾਤਾ ਨੂੰ ਲੋਕ ਨਮਸਕਾਰ ਕਰਦੇ ਹਨ। ਕਿੰਨੇ ਹੀ ਮਰਦ, ਔਰਤਾਂ ਤੇ ਬੱਚੇ ਰਾਮ ਤੇ ਸੀਤਾ ਦੇ ਪੈਰੀਂ ਮੱਥਾ ਟੇਕਦੇ ਹਨ ਤੇ ਆਸ਼ੀਰਵਾਦ ਪ੍ਰਾਪਤ ਕਰਦੇ ਹਨ।

ਉਸ ਦਿਨ ਮੈਨੂੰ ਰਾਮਲੀਲਾ ਵਿਚ ਰਾਵਣ ਦੀ ਭੂਮਿਕਾ ਨਿਭਾਉਂਦੇ ਰਵਿੰਦਰ ਰਾਓ ਨੂੰ ਭੀੜ ਨਾਲ ਘੁੰਮਦੇ ਨੂੰ ਜਾਂ ਕਿਸੇ ਗਲੀ ਚੌਰਾਹੇ ਦੀ ਨੁੱਕਰ ਵਿਚ ਖੜੇ ਨੂੰ, ਲੋਕਾਂ ਵਲੋਂ ਬਿਲਕੁਲ ਹੀ ਨਜ਼ਰ



ਅੰਦਾਜ਼ ਕਰ ਦਿੱਤਾ ਜਾਂਦਾ ਹੈ। ਹੋਰ ਲੋਕਾਂ ਦੇ ਨਾਲ ਮੈਂ ਵੀ ਭਗਵਾਨ ਰਾਮ ਤੇ ਸੀਤਾ ਮਾਤਾ ਦੇ ਅੱਗੇ ਧੂਫ ਧੁਖਾ ਕੇ ਉਨ੍ਹਾਂ ਦੇ ਪੈਰਾਂ ਵਿਚ ਨਮਸਕਾਰ ਕਰਦਾ ਹਾਂ। ਜਦਕਿ ਮੈਂ ਇਹ ਵੀ ਜਾਣਦਾ ਹੁੰਦਾ ਹਾਂ ਕਿ ਸ਼ਾਮ ਨੂੰ ਰਾਮਲੀਲਾ ਦੀ ਸਟੇਜ 'ਤੇ ਮੈਂ ਰਵਿੰਦਰ ਰਾਓ ਨੇ ਰਾਵਣ ਦੇ ਰੋਲ ਵਿਚ...ਰਮਿੰਦਰ ਰੰਮੀ ਨੂੰ ਰਾਮ ਦੇ ਰੋਲ ਵਿਚ....ਫੇਰ ਵੰਗਾਰਨਾ, ਲਾਲਕਾਰਨਾ ਹੈ।

ਕੁਝ ਸਾਲ ਹੋਏ, ਰਾਮਲੀਲਾ ਦੀ ਸਟੇਜ 'ਤੇ ਰਮਿੰਦਰ ਰੰਮੀ ਤੇ ਸਤਿੰਦਰ ਕੌਰ ਸੱਤੀ ਨੇ, ਭਗਵਾਨ ਰਾਮ ਤੇ ਸੀਤਾ ਮਾਤਾ ਦਾ ਰੋਲ ਨਿਭਾਉਂਦਿਆਂ ਸੱਚਮੁੱਚ ਆਪਣਾ ਵਿਆਹ ਕਰਵਾ ਲਿਆ ਸੀ। ਸ਼ਹਿਰ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਸੀ। ਦੂਸਰੇ ਦਿਨ, ਜਦ ਉਹ ਰਾਮ ਤੇ ਸੀਤਾ ਦੇ ਰੋਲ ਵਿਚ ਰਥ ਵਿੱਚ ਬਹਿਕੇ ਸ਼ਹਿਰ ਵਿੱਚ ਘੁੰਮੇ ਤਾਂ ਸ਼ਹਿਰ ਦੇ ਲੋਕਾਂ ਨੇ ਉਹਨਾਂ ਦੇ ਵਿਆਹ ਦੀ ਖੁਸ਼ੀ ਵਿਚ ਗਿਫਟ, ਉਪਹਾਰਾਂ ਦੇ ਢੇਰ ਲਾ ਦਿੱਤੇ। ਰਮਿੰਦਰ ਰੰਮੀ ਤੇ ਸਤਿੰਦਰ ਕੌਰ ਸੱਤੀ ਦੁਆਰਾ, ਰਾਮਲੀਲਾ ਦੀ ਸਟੇਜ 'ਤੇ ਸੀਤਾ ਦੇ ਰੋਲ ਵਿਚ ਰਚਾਏ ਸਵੰਬਰ ਵਿਚ ਸੱਚਮੁੱਚ ਆਪਣਾ ਵਿਆਹ ਕਰਵਾਉਣ ਕਰਕੇ-ਸ਼ਹਿਰ ਦੇ ਕੁਝ ਲੋਕ ਉਹਨਾਂ ਨੂੰ ਰਾਮਲੀਲਾ ਦੇ ਦਿਨਾਂ ਤੋਂ ਬਾਦ ਵੀ ਭਗਵਾਨ ਰਾਮ ਤੇ ਸੀਤਾ ਮਾਤਾ ਦੇ ਰੂਪ ਵਿਚ ਨਮਸਕਾਰ ਕਰਦੇ ਰਹੇ ਸਨ ਤੇ ਉਹਨਾਂ ਦੇ ਚਰਨ ਸਪਰਸ਼ ਕਰਕੇ, ਆਸ਼ੀਰਵਾਦ ਲੈਣ ਵਾਲਿਆਂ ਦੀ ਗਿਣਤੀ ਦਿਨੋ-ਦਿਨ ਵਧਦੀ ਜਾ ਰਹੀ ਹੈ।

ਕੁਝ ਸਾਲਾਂ ਤੋਂ ਮੇਰੇ ਮਨ ਵਿਚ ਵਿਰੋਧੀ ਵਿਚਰਾ ਆਉਣ ਲੱਗ ਪਏ ਹਨ। ਇਸ ਤੋਂ ਪਹਿਲਾਂ ਮੇਰੇ ਮਨ ਵਿਚ ਅਜਿਹੇ ਵਿਚਾਰ ਬਿਲਕੁਲ ਨਹੀਂ ਸਨ ਆਉਂਦੇ। ਮੈਂ ਸੋਚਦਾ ਹਾਂ ਕਿ ਸ਼ਹਿਰ ਦੀ ਰਾਮਲੀਲਾ ਵਿਚ ਰਾਵਣ ਵਧ ਤੋਂ ਅਗਲੇ ਦਿਨ, ਦੁਪਹਿਰੇ ਦੇ ਮੇਲੇ 'ਤੇ ਜਦ ਰਾਮ ਚੰਦਰ, ਸੀਤਾ, ਲਛਮਣ, ਹਨੂੰਮਾਨ ਆਦਿ ਪਾਤਰਾਂ ਵੱਲੋਂ ਜਿੱਤ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ ਤਾਂ ਉਸ ਵੇਲੇ ਤਾਂ ਮੈਨੂੰ ਭਗਵਾਨ ਰਾਮ ਦੁਆਰਾ ਵਧ ਕੀਤੇ ਜਾਣ ਵਾਲੇ ਰਾਵਣ ਦੇ ਪਾਤਰ ਰਵਿੰਦਰ ਰਾਓ ਨੂੰ ਲੋਕਾਂ ਵਲੋਂ ਸਖ਼ਤ ਨਫ਼ਰਤ ਭਰੀਆਂ ਨਜ਼ਰਾਂ ਨਾਲ ਦੇਖਿਆ ਜਾਂਦਾ ਹੋਵੇਗਾ। ਮੈਨੂੰ ਜਾਪਦਾ ਹੈ ਕਿ ਜਿਵੇਂ ਲੋਕ ਇਸਤਰ੍ਹਾਂ ਸੋਚਦੇ ਹੋਣ ਕਿ ਰਾਮਲੀਲਾ ਵਿਚ ਰਾਵਣ ਦਾ ਰੋਲ ਕਰਨ ਵਾਲਾ ਪਾਤਰ ਜਿੰਨਾ ਉੱਚਾ-ਲੰਮਾ, ਤਕੜਾ ਤੇ ਪ੍ਰਭਾਵਸ਼ਾਲੀ ਹੋਵੇਗਾ...ਉਨਾ ਹੀ ਉਹਨੂੰ ਵਧ ਕੀਤੇ ਜਾਣ ਦਾ ਦ੍ਰਿਸ਼ ਦੇਖਣ ਦਾ ਵੱਧ ਆਨੰਦ ਆਵੇਗਾ। ਕਿਉਂਕਿ ਰਾਮਲੀਲਾ ਵਿਚ ਰਾਵਣ ਦਾ ਪਾਤਰ ਬੁਰਾਈ ਦਾ ਪ੍ਰਤੀਕ ਸਮਝਿਆ ਜਾਂਦਾ ਹੈ ਤੇ ਜਿੰਨੀ ਰਾਵਣ ਰੂਪੀ ਵੱਡੀ ਬੁਰਾਈ ਹੋਵੇਗੀ...ਉਹਨੂੰ ਭਗਵਾਨ ਰਾਮ ਦੇ ਪਾਤਰ ਦੁਆਰਾ ਮਾਰਨ ਦੀ...ਅੱਛਾਈ ਦੀ ਜਿੱਤ ਵੀ ਉੱਨੀ ਹੀ ਵੱਡੀ ਹੋਵੇਗੀ। ਇਸ ਲਈ ਹੁਣ ਰਾਵਣ ਦੀ ਭੂਮਿਕਾ ਨਿਭਾਉਂਦਿਆਂ.....ਕਈ ਵਾਰ ਮੈਨੂੰ ਅੱਚਵੀ ਜਹੀ ਮਹਿਸੂਸ ਹੋਣ ਲੱਗ ਪੈਂਦੀ ਹੈ।

ਮੈਂ ਦੋ ਤਿੰਨ ਵਾਰ, ਸ਼ਹਿਰ ਵਿਚ ਰਾਮ ਲੀਲਾ ਦਾ ਨਿਰਦੇਸ਼ਨ ਕਰਨ ਵਾਲੇ ਨਿਰਮਲ ਕੁਮਾਰ ਨੂੰ ਕਹਿ ਵੀ ਚੁੱਕਿਆ ਹਾਂ ਕਿ ਉਹ ਰਾਮਲੀਲਾ ਵਿਚ ਰਾਵਣ ਦਾ ਰੋਲ ਕਿਸੇ ਹੋਰ ਨੂੰ ਦੇ ਦੇਵੇ? ਪਰ ਉਹ ਮੇਰੇ 'ਤੇ ਟੁੱਟ ਕੇ ਪੈ ਜਾਂਦਾ ਹੈ। "ਓ ਤੇਰੇ ਨਾਲੋਂ ਵੱਧ ਕੇ ਰਾਮਲੀਲਾ ਵਿਚ ਰਾਵਣ ਦਾ ਰੋਲ ਹੋਰ ਕੌਣ ਕਰ ਸਕਦਾ ਹੈ? ਤੇਰੇ ਦੁਆਰਾ ਰਾਵਣ ਦਾ ਰੋਲ ਕੀਤੇ ਜਾਣ ਦੀ ਸ਼ਹਿਰ ਵਿਚ ਹੀ ਨਹੀਂ, ਇਲਾਕੇ ਵਿਚ ਧੁੰਮ ਮਚੀ ਹੋਈ ਹੈ। ਤੇਰੀਆਂ ਹਰ ਸਾਲ, ਰਾਮ ਲੀਲਾ ਵਿਚ ਰਾਵਣ ਦਾ ਰੋਲ ਕਰਦੇ ਦੀਆਂ ਫੋਟੋਆਂ ਇੰਟਰਵਿਊਆਂ ਅਖ਼ਬਾਰਾਂ ਵਿਚ ਛਪਦੀਆਂ ਹਨ। ਤੈਨੂੰ ਹੋਰ ਕੀ ਚਾਹੀਦਾ ਏ? ਨਾਲੇ ਤੁਸੀਂ ਪਿਓ ਦਾਦੇ ਤੋਂ ਲੈ ਕੇ ਰਾਵਣ ਦਾ ਅਭਿਨੈ ਕਰਦੇ ਆ ਰਹੇ ਹੋ। ਚੁੱਪ ਕਰਕੇ ਰਾਮਲੀਲਾ ਵਿਚ ਰਾਵਣ ਦਾ ਰੋਲ ਕਰੀ ਜਾ। ਅਗਲੇ ਸਾਲ ਤੋਂ ਤੇਰਾ ਮਿਹਨਤਾਨਾ ਵੀ ਹੋਰ ਵਧਾ ਦਿਆਂਗਾ।" ਨਿਰਮਲ ਨਿਰਦੇਸ਼ਕ ਸਮਝਦਾ ਹੈ ਕਿ ਮੈਂ ਮਿਹਨਤਾਨਾ ਵਧਾਉਣ ਲਈ ਰਾਮਲੀਲਾ ਵਿਚ ਰਾਵਣ ਦਾ ਰੋਲ ਕਰਨ ਤੋਂ ਇਨਕਾਰ ਕਰ ਰਿਹਾ ਹਾਂ। ਉਹਨੂੰ ਕੀ ਪਤਾ ਹੈ ਕਿ ਮੇਰੇ ਮਨ ਵਿਚ ਵਿਰੋਧੀ ਵਿਚਾਰਾਂ ਦੀ ਕੀ ਟੁੱਟ-ਭੱਜ ਚੱਲ ਰਹੀ ਹੈ?

ਮੇਰਾ ਗੁਆਂਢੀ ਘੁਮੱਕੜ ਸਿੰਘ ਦੱਸਦਾ ਰਹਿੰਦਾ ਹੈ, "ਮੈਂ ਦੇਸ਼ ਵਿਦੇਸ਼ ਵਿਚ ਘੁੰਮਦਾ ਹੀ ਨਹੀਂ, ਉਥੋਂ ਦੀਆਂ ਵੱਖ-ਵੱਖ ਸੰਸਕ੍ਰਿਤੀਆਂ, ਸਭਿਆਤਾਵਾਂ ਦਾ ਨਿੱਠ ਕੇ ਅਧਿਐਨ ਵੀ ਕਰਦਾ ਰਹਿੰਦਾ ਲਿਖਦਾ ਰਹਿੰਦਾ ਹਾਂ। ਤੇ ਫੇਰ ਉਹਨਾਂ ਆਲੇਖਾਂ ਨੂੰ ਇਕੱਤਰ ਕਰਕੇ ਪੁਸਤਕ ਵਿਚ ਛਪਵਾ ਦਿੰਦਾ ਹਾਂ।" ਉਹ ਮੈਨੂੰ ਦੱਸਦਾ ਹੈ ਕਿ ਹਰੇਕ ਵਿਅਕਤੀ ਨੂੰ ਆਪਣੇ ਆਲਸ ਵਿਚਾਰ ਰੱਖਣ ਦੀ ਪੂਰੀ ਖੁੱਲ੍ਹ ਹੈ। ਪਰ ਜਦ ਉਹ ਮੈਨੂੰ ਮਨ ਵਿਚ ਆਏ ਵਿਰੋਧੀ ਵਿਚਾਰਾਂ ਬਾਰੇ ਪੁੱਛਦਾ ਹੈ ਤਾਂ ਮੇਰੇ ਚਿਹਰੇ 'ਤੇ ਘਬਰਾਹਟ ਆ ਜਾਂਦੀ ਹੈ ਤੇ ਮੇਰੇ ਚਿਹਰੇ 'ਤੇ ਠੰਢੀਆਂ-ਤੱਤੀਆਂ ਤ੍ਰੇਲੀਆਂ ਆਉਣ ਲੱਗ ਪੈਂਦੀਆਂ ਹਨ। ਮੇਰੇ ਚਿਹਰੇ 'ਤੇ ਆਏ ਹਾਵ-ਭਾਵ ਦੇਖਕੇ, ਉਹ ਮੇਰਾ ਮਜ਼ਾਕ ਉਡਾਉਣ ਲੱਗ ਪੈਂਦਾ ਹੈ, "ਤੂੰ ਰਾਮਲੀਲਾ ਦੀ ਸਟੇਜ 'ਤੇ, ਸ਼ੇਰ ਵਾਂਗ ਗਰਜ ਕੇ ਲਿਖੇ ਲਿਖਾਏ ਸੰਵਾਦ ਬੋਲਣ ਜੋਗਾ ਈ ਏ.. ਪਰ ਮਨ ਵਿਚ ਆਏ ਵਿਰੋਧੀ ਵਿਚਾਰਾਂ ਨੂੰ ਪ੍ਰਗਟ ਕਰਨ ਦੀ ਤੇਰੇ ਵਿਚ ਜੁਰਅਤ ਹੀ ਨਹੀਂ....ਤੇਰਾ ਡਰਾਕਲ ਦਾ ਮਸਾਂ ਚਿੜੀ ਦੇ ਬੱਚੇ ਜਿੰਨਾ ਕੁ ਤਾਂ ਦਿਲ ਏ ?"

ਰਾਮਲੀਲਾ ਦੀ ਸਟੇਜ 'ਤੇ ਸ਼ੇਰ ਵਾਂਗ ਗਰਜਣ...ਤੇ ਚਿੜੀ ਦੇ ਬੱਚੇ ਜਿੰਨਾ ਦਿਲ ਹੋਣ ਦੀ....ਤੁਲਨਾ ਕਰਨ 'ਤੇ ....ਮੈਂ ਘੁੰਮਣ ਸਿੰਘ ਦੇ ਸਾਹਮਣੈ ਬੈਠਾ ਹੋਰ ਵੀ ਸ਼ਰਮਸ਼ਾਰ ਹੋਈ ਜਾ ਰਿਹਾ ਹਾਂ। ਤੇ ਹੌਲੀ ਹੌਲੀ ਉਹਦੇ ਕੋਲੋਂ ਉੱਠਕੇ, ਨੀਵੀਂ ਪਾ ਕੇ ਘਰ ਨੂੰ ਤੁਰ ਪੈਂਦਾ ਹਾਂ। ਜਿੰਨਾ ਡਰਾਕਲ ਮੈਨੂੰ ਘੁੰਮਣ ਸਿੰਘ ਸਮਝਦਾ ਹੈ, ਮੈਂ ਉਸ ਤੋਂ ਵੀ ਕਿਤੇ ਵੱਧ ਡਰਾਕਲ ਹਾਂ। ਮੈਂ ਸੋਚਦਾ ਰਹਿੰਦਾ ਹਾਂ ਕਿ ਮਨ ਵਿਚ ਆਏ ਵਿਰੋਧੀ ਵਿਚਾਰ ਆਉਣ ਕਰਕੇ....ਜਿਹੜੇ ਕਿ ਮੈਂ ਕਿਸੇ ਨੂੰ ਦੱਸਦਾ ਵੀ ਨਹੀਂ...ਕਿਤੇ ਮੈਂ ਦੋਸ਼ੀ ਸਾਬਤ ਤਾਂ ਨਹੀਂ ਹੋ ਜਾਵਾਂਗਾ ?

ਮੈਂ ਝੱਟ ਰਾਮਲੀਲਾ ਵਿਚ ਰਾਮ ਤੇ ਸੀਤਾ ਦੀ ਭੂਮਿਕਾ ਨਿਭਾਉਣ ਵਾਲੇ ਰਮਿੰਦਰ ਰੰਮੀ ਤੇ ਸਤਿੰਦਰ ਕੌਰ ਸੱਤੀ ਦੇ ਘਰ ਚਲਿਆ ਜਾਂਦਾ ਹਾਂ। ਹੋਰ ਲੋਕਾਂ ਵਾਂਗ ਉਹਨਾਂ ਨੂੰ ਭਗਵਾਨ ਰਾਮ ਤੇ ਸੀਤਾ ਮਾਤਾ ਸਮਝ ਉਹਨਾਂ ਦੇ ਪੈਰੀਂ ਹੱਥ ਲਾ ਕੇ ਨਮਸਕਾਰ ਕਰਦਾ ਹਾਂ। ਉਨ੍ਹਾਂ ਨੂੰ ਅਚੰਭਿਤ ਹੋਇਆ ਦੇਖ ਕੇ ਮੈਂ ਦੱਸਦਾ ਹਾਂ ਕਿ ਮੈਨੂੰ ਸ਼ੰਕਾ ਹੋ ਗਈ ਸੀ ਕਿ ਕਿਤੇ ਮੇਰੇ ਮਨ ਵਿਚ ਗਲਤ ਵਿਚਾਰ ਤਾਂ ਨਹੀਂ ਆ ਗਏ ?...ਇਸ ਲਈ ਮੈਂ ਭਗਵਾਨ ਰਾਮ ਤੇ ਸੀਤਾ ਮਾਤਾ ਦੀ ਸ਼ਰਨ ਵਿਚ ਆ ਕੇ ਪਸ਼ਚਾਤਾਪ ਕਰਕੇ....ਮਨ ਪਵਿੱਤਰ ਕੀਤਾ ਹੈ।

ਪਹਿਲਾਂ-ਪਹਿਲ, ਜਦ ਮੈਂ ਦੇਖਦਾ ਕਿ ਦੁਸਹਿਰਾ ਗਰਾਊਂਡ ਵਿਚ ਰਾਮ-ਚੰਦਰ, ਸੀਤਾ, ਲਛਮਣ, ਹਨੂਮਾਨ ਆਦਿ ਰਾਮਲੀਲਾ ਦੇ ਪਾਤਰ ਆਪਣੇ ਪਰੰਪਰਕ ਲਿਬਾਸ ਵਿਚ ਦੁਸਹਿਰੇ ਦੇ ਮੇਲੇ ਵਿਚ ਸ਼ਾਮਿਲ ਹੁੰਦੇ ਸਨ। ਮੇਰਾ ਵੀ ਬੜਾ ਦਿਲ ਕਰਦਾ ਕਿ ਰਾਮਲੀਲਾ ਵਿਚ ਰਾਵਣ ਦਾ ਰੋਲ ਕਰਨ ਵਾਲਾ , ਮੈਂ ਰਵਿੰਦਰ ਰਾਓ ਵੀ ਰਾਵਣ ਦੇ ਭੇਸ ਵਿਚ ਧਨੁਸ਼, ਬਾਣ ਤੇ ਤਲਵਾਰ ਧਾਰਨ ਕਰਕੇ, ਹੰਕਾਰ ਨਾਲ ਲੰਮੇ-ਲੰਮੇ ਕਦਮ ਪੁੱਟਦਾ ਦੁਸਹਿਰੇ ਦੇ ਮੇਲੇ ਵਿਚ ਜਾਵਾਂ ? ਪਰ ਫੇਰ ਮੈਂ ਸੋਚਦਾ ਕਿ ਲੋਕੀਂ ਕਹਿਣਗੇ, "ਲੈ ਬਈ ਬੁਰਾਈ ਦਾ ਪ੍ਰਤੀਕ ਰਾਵਣ ਵੀ ਆ ਗਿਆ, ਜਿਸਦੇ ਪੁਤਲੇ ਨੂੰ ਜਲਾਇਆ ਜਾਣਾ ਹੈ। ਭਾਵ ਮੈਂ ਰਾਵਣ ਦੇ ਭੇਸ ਵਿਚ, ਦੁਸਹਿਰੇ ਦੇ ਮੇਲੇ ਵਿਚ ਜਾ ਕੇ ਲੋਕਾਂ ਦੀ ਨਫ਼ਰਤ ਦਾ ਪਾਤਰ ਹੀ ਬਣਾਂਗਾ, ਤੇ ਕਈ ਸਾਲਾਂ ਤੋਂ ਨਫ਼ਰਤ ਦਾ ਸ਼ਿਕਾਰ ਹੋਣ ਦੇ ਡਰੋਂ ਮੈਂ ਦੁਸਹਿਰੇ ਦੇ ਮੇਲੇ ਵਿਚ ਜਾਣਾ ਹੀ ਛੱਡ ਦਿੱਤਾ ਹੈ। ਬੁਰਾਈ ਦਾ ਪ੍ਰਤੀਕ ਹੋਣ ਕਰਕੇ ਮੈਂ ਰਾਵਣ ਦੇ ਪੁਤਲੇ ਕੋਲੋਂ ਲੰਘਣ ਤੋਂ ਹੀ ਹਟ ਗਿਆ ਹਾਂ। ਦੁਸਹਿਰੇ ਤੋਂ ਦੂਸਰੇ ਦਿਨ ਅਖ਼ਬਾਰਾਂ ਦੇ ਪੰਨੇ ਇਕੋ ਜਿਹੀਆਂ ਖ਼ਬਰਾਂ ਨਾਲ ਭਰੇ ਪਏ ਹੁੰਦੇ ਹਨ। 'ਉ ਅ ਸ਼ਹਿਰ ਵਿਚ (ਰਾਵਣ ਰੂਪੀ) ਬੁਰਾਈ ਉਤੇ (ਰਾਮ ਲਛਮਣ) ਦੀ ਅਛਾਈ ਦੀ ਜਿੱਤ ਦਾ ਪੁਰਵ ਡਾਢੇ ਹੁਲਾਸ ਤੇ ਖੁਸ਼ੀਆਂ ਨਾਲ ਮਨਾਇਆ ਗਿਆ। ਸੱਠ ਫੁੱਟ ਉੱਚੇ ਰਾਵਣ ਦੇ ਪੁਤਲੇ ਦਾ ਦੇਹਨ ਕੀਤਾ ਗਿਆ' ਗਲੀਆਂ ਵਿਚ ਘੁੰਮਦਾ ਬੱਚਾ ਬੱਚਾ ਅਖ਼ਬਾਰਾਂ ਪੜ੍ਹਕੇ 'ਰਾਵਣ ਰੂਪੀ ਬੁਰਾਈ ਉੱਤੇ ਅਛਾਈ ਦੀ ਜਿੱਤ ਦੀ ਖੁਸ਼ੀ ਮਨਾ ਰਿਹਾ ਹੁੰਦਾ ਹੈ।



ਇਸ ਲਈ ਮੈਂ ਮਨ ਕਰੜਾ ਕਰਕੇ ...ਕਿ ਇਤਿਹਾਸ, ਮਿਥਿਹਾਸ ਦੇ ਬੁਰੇ ਪਾਤਰ ਦੀ ਬੁਰਾਈ ਕਰਨਾ ਕੋਈ ਬੁਰੀ ਗੱਲ ਨਹੀਂ, ਮੈਂ ਆਪਣੇ ਮੁਹੱਲੇ ਦੇ ਘੁਮੰਤਰੂ ਘੁੰਮਣ ਸਿੰਘ ਨੂੰ ਜਾ ਕੇ ਕਹਿਣ ਲੱਗਿਆ, "ਕਿਉਂਕਿ ਰਾਮਲੀਲਾ ਦਾ ਬੁਰਾਈ ਦਾ ਪ੍ਰਤੀਕ...ਰਾਵਣ ਰਾਖਸ਼, ਹੰਕਾਰੀ, ਦੁਰਾਚਾਰੀ, ਨਿਰਦਈ, ਆਪਹੁਦਰਾ ਤੇ ਬੜਬੋਲਾ ਪਾਤਰ ਹੈ, ਇਸ ਲਈ ਅਗਲੇ ਸਾਲ ਤੋਂ ਮੈਂ ਰਾਮਲੀਲਾ ਵਿਚ ਰਾਵਣ ਦਾ ਰੋਲ ਕਰਨ ਤੋਂ ਨਿਰਮਲ ਕੁਮਾਰ ਨਿਰਦੇਸ਼ਕ ਕੋਲ ਜਾ ਕੇ ਸਪੱਸ਼ਟ ਸ਼ਬਦਾਂ ਵਿਚ ਇਨਕਾਰ ਕਰ ਦੇਣਾ।"

ਪਰ ਦੇਸ, ਵਿਦੇਸ਼ ਦਾ ਚੱਪਾ-ਚੱਪਾ ਗਾਹ ਚੁੱਕਿਆ ਘੁਮੱਕੜ ਘੁੰਮਣ ਸਿੰਘ ਮੈਨੂੰ ਤਾਕੀਦ ਕਰਦਾ ਹੈ ਕਿ ਤੁਸੀਂ ਪਿਓ ਦਾਦੇ ਤੋਂ ਲੈ ਕੇ ਰਾਮਲੀਲਾ ਵਿਚ ਰਾਵਣ ਦਾ ਰੋਲ ਕਰਨਾ ਛੱਡਣ ਲਈ...ਮੈਂ ਕੋਈ ਜਲਦਬਾਜ਼ੀ ਵਿਚ ਫੈਸਲਾ ਨਾ ਲਵਾਂ। ਉਹ ਮੈਨੂੰ ਯਾਦ ਦੁਆਉਂਦਾ ਹੈ, "ਓ ਤੂੰ ਰਾਮਲੀਲਾ ਵਿਚ ਕੀਤੇ ਜਾਂਦੇ ਆਪਣੇ ਅਭਿਨੈ ਨੂੰ ਹੀ ਭੁੱਲ ਗਿਆ। ਰਾਵਣ ਵੀ ਤਾਂ ਇਕ ਵਿਅਕਤੀ ਸੀ। ਇਕ ਵਿਅਕਤੀ ਵਿਚ ਗੁਣ, ਔਗੁਣ ਹੋਣਾ ਸੁਭਾਵਕ ਹੈ। ਰਾਵਣ ਇਕ ਹੰਕਾਰੀ ਤੇ ਬੜਬੋਲਾ ਹੋਣ ਦੇ ਨਾਲ-ਨਾਲ ਵਿਦਵਾਨ ਤੇ ਪਰਾਕ੍ਰਮੀ ਵੀ ਸੀ। ਜਦ ਰਾਮ ਤੇ ਲਛਮਣ ਰਾਵਣ 'ਤੇ ਜਿੱਤ ਪ੍ਰਾਪਤ ਕਰਨ ਲਈ ਯੋਗ ਅਨੁਸ਼ਠਾਨ ਕਰਦੇ ਹਨ ਤਾਂ ਵਿਭੀਖਣ ਦੇ ਬੁਲਾਉਣ 'ਤੇ ਉਹਦਾ ਭਰਾ ਰਾਵਣ ਇਕ ਵਿਦਵਾਨ ਹੋਣ ਕਰਕੇ ਯੱਗ ਸੰਪੂਰਨ ਕਰਨ ਲਈ ਆਉਂਦਾ ਹੈ। ਤੇ ਆਪਣਾ ਫਰਜ਼ ਪੂਰਾ ਕਰਦਿਆਂ...ਯੱਗ ਵਿਚ ਵਿਜੈ ਸ੍ਰੀ ਦੀ ਆਹੂਤੀ ਪਾਉਂਦਾ ਹੈ ਤੇ ਰਾਮ ਲਛਮਨ ਨੂੰ ਉਹਦੇ ਪੈਰ ਛੂਹਣ 'ਤੇ ਆਪਣੇ ਉੱਤੇ ਜਿੱਤ ਦਾ ਆਸ਼ੀਰਵਾਦ ਦਿੰਦਾ ਹੈ। ਜਿਵੇਂ ਮਹਾਭਾਰਤ ਦੇ ਯੁੱਧ ਵਿਚ ਭੀਸ਼ਮ ਤੇ ਦਰੋਣ ਯੁੱਧ ਤਾਂ ਕੌਰਵਾਂ ਵਲੋਂ ਕਰਦੇ ਸਨ। ਪਰ ਜਦ ਪਾਂਡਵਾਂ ਵਲੋਂ ਯੁੱਧ ਕਰਦਿਆਂ ਅਰਜੁਨ ਨੇ ਸ੍ਰੀ ਭੀਸ਼ਮ ਪਿਤਾਮਾ ਤੇ ਗੁਰੂ ਦਰੋਣਾਚਾਰੀਆ ਦੇ ਚਰਨਾਂ ਵਿਚ ਤੀਰ ਮਾਰਕੇ ਨਮਸਕਾਰ ਕੀਤੀ ਤਾਂ ਦੋਹਾਂ ਨੇ ਆਪਣਾ ਫਰਜ਼ ਪੂਰਾ ਕਰਦਿਆਂ ਅਰਜਣ ਦੇ ਸਿਰ ਉੱਤੇ ਦੀ ਤੀਰ ਮਾਰਕੇ ਉਹਨੂੰ, ਆਪਣੇ ਉੱਤੇ ਜਿੱਤ ਦਾ ਆਸ਼ੀਰਵਾਦ ਦਿੱਤਾ। ਫਿਰ ਭੀਸ਼ਮ ਤੇ ਦਰੋਣ ਵਾਂਗ ਰਾਵਣ ਨਾਲੋਂ ਵੱਧ ਵਿਦਵਾਨ ਤੇ ਪਰਾਕ੍ਰਮੀ ਹੋਰ ਕੌਣ ਹੋ ਸਕਦਾ ਹੈ।

ਘੁਮੱਕੜ ਘੁੰਮਣ ਸਿੰਘ ਮੈਨੂੰ ਕਹਿਣ ਲੱਗਿਆ, "ਤੂੰ ਚੁੱਪ ਕਰਕੇ ਰਾਮਲੀਲਾ ਵਿਚ ਰਾਵਣ ਦੀ ਭੂਮਿਕਾ ਨਿਭਾਈ ਜਾ। ਸਾਰੇ ਦੇਸ਼ ਵਿਚ, ਹਰ ਥਾਂ, ਬੁਰਾਈ ਦਾ ਪ੍ਰਤੀਕ ਮੰਨਦਿਆਂ ਰਾਵਣ ਦੇ ਪੁਤਲੇ ਨਹੀਂ ਫੂਕੇ ਜਾਂਦੇ। ਦੇਸ਼ ਵਿਚ ਅਜਿਹੀਆਂ ਵੀ ਥਾਵਾਂ ਹਨ...ਜਿਥੇ ਰਾਵਣ ਦੇ ਪੁਤਲੇ ਦਹਿਨ ਨਹੀਂ ਕੀਤੇ ਜਾਂਦੇ। ਸਗੋਂ ਰਾਵਣ ਦੇ ਮੰਦਰ ਬਣਾਕੇ ਉਹਦੀ ਪੂਜਾ ਕੀਤੀ ਜਾਂਦੀ ਹੈ।"

ਮੈਂ ਘੁੰਮਣ ਸਿੰਘ ਦੀਆਂ ਗੱਲਾਂ ਨੂੰ ਮਖੌਲ ਮੰਨਦਾ ਰਿਹਾ, ਤੇ ਹਾਸੇ ਵਿਚ ਆਖਦਾ ਰਿਹਾ, "ਬੁਰਾਈ ਦੇ ਪ੍ਰਤੀਕ ਰਾਵਣ ਦੇ...ਵੱਡੇ ਵੱਡੇ ਸ਼ਹਿਰਾਂ ਵਿਚ, ਕਈ ਕਈ ਥਾਵਾਂ ਤੇ ਤਾਂ ਪੁਤਲੇ ਦਹਿਨ ਕੀਤੇ ਜਾਂਦੇ ਹਨ ਪਰ ਅਜਿਹਾ ਕੋਈ ਛੋਟੇ ਤਾਂ ਛੋਟੇ ਸ਼ਹਿਰ ਵੀ ਨਹੀਂ ਹੈ, ਜਿਥੇ ਰਾਵਣ, ਕੁੰਭਕਰਨ ਤੇ ਮੇਘ ਨਾਥ ਦੇ ਪੁਤਲੇ ਦਹਿਨ ਨਾ ਕੀਤੇ ਜਾਂਦੇ ਹੋਣ।" ਪਰ ਦੇਸ਼ ਵਿਦੇਸ਼ ਦਾ ਭ੍ਰਮਣ ਕਰਨ ਵਾਲਾ ਘੁੰਮਤਰੂ ਘੁੰਮਣ ਸਿੰਘ ਆਪਣੀ ਗੱਲ 'ਤੇ ਜ਼ੋਰ ਦੇ ਕੇ ਆਖਦਾ ਹੈ, "ਮੈਂ ਦੇਸ਼ ਦਾ ਚੱਪਾ-ਚੱਪਾ ਗਾਹਿਆ ਹੋਇਆ ਹੈ...ਦੱਖਣੀ ਭਾਰਤ ਵਿਚ ਬਹੁਤ ਸਾਰੇ ਸ਼ਹਿਰਾਂ ਵਿਚ ਰਾਵਣ ਦੇ ਪੁਤਲੇ ਜਲਾਏ ਨਹੀਂ ਜਾਂਦੇ, ਸਗੋਂ ਉਹਦੇ ਮੰਦਾਂ ਵਿਚ....."

"ਕੋਈ ਉਦਾਹਰਨ..... ?" ਮੈਂ ਉਹਦੀ ਗੱਲ ਕੱਟਦਿਆਂ..." ਉਹਦਾ ਝੂਠ ਫੜਨ ਲਈ ਪੁੱਛਿਆ

"ਆਂਧਰਾ ਪ੍ਰਦੇਸ਼ ਦੇ ਕਾਕਾਨਾਡਾ ਇਲਾਕੇ ਵਿਚ ਦ੍ਰਾਵਿੜਮਾਨ ਨਸਲ ਦੇ ਆਸੁਰ ਰਾਜੇ ਰਾਵਣ ਦਾ ਪ੍ਰਾਚੀਨ ਮੰਦਰ ਹੈ ਜਿੱਥੇ ਮਛੁਆਰੇ ਆਪਣੇ ਈਸਟ ਰਾਵਣ ਦੀ ਪੂਜਾ ਕਰਦੇ ਹਨ।" ਘੁੰਮਣ ਸਿੰਘ ਮੈਨੂੰ ਨਿਰਉੱਤਰ ਕਰਕੇ ਦੱਸੀ ਜਾ ਰਿਹਾ ਹੈ, "ਦੱਖਣੀ ਭਾਰਤ ਵਿਚ ਹੀ ਨਹੀਂ....ਉੱਤਰੀ

ਭਾਰਤ ਵਿਚ ਵੀ ਰਾਵਣ ਦੀ ਪੂਜਾ ਕੀਤੀ ਜਾਂਦੀ ਹੈ। ਸਹਾਰਨਪੁਰ ਦੀ ਜਗਦੀਸ਼ ਕਲੋਨੀ ਵਿਚ ਢਾਈ ਸੌ ਵਰਗ ਵਿਚ ਰਾਵਣ ਦਾ ਵਿਸ਼ਾਲ ਮੰਦਰ ਬਣਿਆ ਹੋਇਆ ਹੈ। ਕਹਿੰਦੇ ਹਨ ਕਿ ਰਾਵਣ ਨੂੰ ਅਨੀਤੀ, ਅਨਾਚਾਰੀ ਤੇ ਅਤਿਆਚਾਰੀ ਮੰਨਕੇ ਮੰਦਰ ਬਣਾਉਣ ਦਾ ਵਿਰੋਧ ਕੀਤਾ ਗਿਆ ਸੀ। ਜਦਕਿ ਮੰਦਰ ਬਣਾਉਣ ਵਾਲੇ ਬ੍ਰਾਹਮਣਾਂ ਦਾ ਤਰਕ ਸੀ/ਹੈ ਕਿ ਦਸ਼ਾਨਨ ਪ੍ਰਚੰਡ ਪਰਾਕ੍ਰਮੀ ਤਾਂ ਸੀ ਹੀ ਉਹ ਪ੍ਰਕਾਂਡ ਤੇ ਧਰਮ ਸ਼ਾਸਤਰਾਂ ਦਾ ਪਰਮ ਗਿਆਤਾ ਵੀ ਸੀ। ਰਾਮ ਤੇ ਸੀਤਾ ਦੀ ਜੈਨ ਕਥਾ ਵਿਚ ਰਾਵਣ ਨੂੰ ਰਾਖ਼ਸੀ ਰੂਪ ਦੀ ਬਜਾਇ ਇਕ ਸੂਝਵਾਨ ਵਿਦਵਾਨ ਇਨਸਾਨ ਆਖਿਆ ਹੈ। ਅਜਿਹੇ ਵਿਲੱਖਣ ਵਿਅਕਤੀ ਦੀ ਪੂਜਾ ਵਿਚ ਭਲਾ ਕੀ ਬੁਰਾਈ ਹੈ। ਇਸ ਮੰਦਰ ਵਿਚ ਧੂਮਧਾਮ ਨਾਲ ਰਾਵਣ ਦੀ ਪੂਜਾ ਅਰਚਨਾ ਕੀਤੀ ਜਾਂਦੀ ਹੈ। ਇਸਦੇ ਨਾਲ ਹੀ ਮੇਰਠ ਵਿਚ ਵੀ ਕਰੋੜਾਂ ਰੁਪਏ ਦੀ ਲਾਗਤ ਨਾਲ ਲੰਕਾਪਤੀ ਦਾ ਵਿਸ਼ਾਲ ਮੰਦਰ ਬਣਾਇਆ ਗਿਆ ਹੈ ਜਿਸ ਵਿਚ ਰਾਵਣ ਦੀ ਪੂਜਾ ਅਰਚਨਾ ਕਰਨ ਵਾਲਿਆਂ ਦੀ ਭੀੜ ਲੱਗੀ ਰਹਿੰਦੀ ਹੈ।"

ਘੁੰਮਣ ਬੋਲੀ ਜਾ ਰਿਹਾ ਹੈ, ਮੈਂ ਸੁਣੀ ਜਾ ਰਿਹਾ ਹਾਂ। "ਜੋਧਪੁਰ ਵਿਚ ਵੀ ਰਾਵਣ ਦੇ ਪੁਤਲੇ ਦਾ ਦਹਿਨ ਨਹੀਂ ਕੀਤਾ ਜਾਂਦਾ।" "ਉਹ ਕਿਉਂਕਿ ?" ਮੈਂ ਅਚੰਭਿਤ ਹੁੰਦਿਆਂ ਪੁੱਛਿਆ।

"ਓ ਬਈ ਰਾਵਣ ਦੇ ਵੰਸ਼ਜ ਕਹਾਉਣ ਵਾਲੇ ਸਮੁਦਾਇ ਦੇ ਲੋਕ ਇਸ ਸ਼ਹਿਰ ਵਿਚ ਪੀੜੀਆਂ ਤੋਂ ਰਹਿੰਦੇ ਆ ਰਹੇ ਹਨ। ਜੋਧਪੁਰ ਵਿਚ ਉਨ੍ਹਾਂ ਨੇ ਰਾਵਣ ਦਾ ਸ਼ਾਨਦਾਰ ਮੰਦਰ ਬਣਾਇਆ ਹੋਇਆ ਹੈ, ਜਿਥੇ ਸੁਬਹ, ਸ਼ਾਮ ਧੂਮ-ਧਾਮ ਨਾਲ ਰਾਵਣ ਦੀ ਪੂਜਾ ਕੀਤੀ ਜਾਂਦੀ ਹੈ। ਦੁਸਹਿਰੇ ਵਾਲੇ ਦਿਨ ਮੰਦਰ ਵਿਚ ਪੂਜਾ-ਪਾਠ ਕਰਦੇ ਹਨ ਤੇ ਰਾਵਣ ਦੇ ਪੌਰਾਣਿਕ ਮਹੱਤਵ ਬਾਰੇ ਦੱਸਦੇ ਹਨ।"

ਘੁੰਮਣ ਸਿੰਘ ਮੇਰੇ ਵੱਲ ਦੇਖ ਰਿਹਾ ਹੈ, ਜਿਵੇਂ ਮੈਂ ਉਹਦੀਆਂ ਗੱਲਾਂ ਨਾਲ ਸਹਿਮਤ ਨਹੀਂ ਹੋ ਰਿਹਾ। ਉਹ ਮੇਰੇ ਚਿਹਰੇ ਦੇ ਹਾਵ-ਭਾਵ ਦੇਖਕੇ ਪੁੱਛਣ ਲੱਗਦਾ ਹੈ, "ਤੇਰੇ ਸਹੁਰੇ ਕਿਥੇ ਹੈ ?" ਮੈਂ ਹੱਸਦਿਆਂ ਹੋਇਆ ਦੱਸਦਾ ਹਾਂ, "ਤੈਨੂੰ ਪਤਾ ਤਾਂ ਹੈ, ਸ਼ਿਵਾਲਿਕ ਦੀਆਂ ਪਹਾੜੀਆਂ ਵਿਚੋਂ ਸਭ ਤੋਂ ਉੱਚੀ ਨਜ਼ਰ ਆਉਂਦੀ ਚੋਟੀ 'ਤੇ ਕਸੌਲੀ ਵਿਚ ਹੈ।" "ਰਾਜਸਥਾਨ ਵਿਚ ਜੋਧਪੁਰ ਦੇ ਨਾਲ ਮੰਡੋਰ ਵਿਚ ਰਾਵਣ ਦੇ ਵੀ ਸਹੁਰੇ ਸਨ। ਉਹਦੀ ਪਤਨੀ ਮੰਦੋਦਰੀ ਇਥੋਂ ਦੀ ਰਹਿਣ ਵਾਲੀ ਸੀ। ਮੰਦੋਦਰੀ ਦੇ ਵਿਆਹ ਦੀ ਥਾਂ 'ਤੇ ਅੱਜ ਵੀ 'ਰਾਵਣ ਚਵਰੀ' ਨਾਂ ਦੀ ਸੁੰਦਰ ਛੱਤਰੀ ਮੌਜੂਦ ਹੈ।"

"ਲੈ ਹੋਰ ਸੁਣ....." ਘੁਮੱਕੜ ਘੁੰਮਣ ਸਿੰਘ ਬਿਨਾਂ ਰੁਕੇ ਦੱਸੀ ਜਾ ਰਿਹਾ ਹੈ। ਵਿਦਵਾਨ ਨੂੰ ਉਹਦੀਆਂ ਗੱਲ ਸੁਣਨ ਵਾਲਾ ਸਰੋਤਾ ਤਾਂ ਮਸਾਂ ਮਿਲਦਾ ਹੈ। "ਮੱਧ ਪ੍ਰਦੇਸ਼ ਦੇ ਵਿਦਿਸ਼ਾ ਵਿਚ 'ਰਾਵਣ ਗ੍ਰਾਮ' ਮੌਜੂਦ ਹੈ। ਜਿਥੇ ਨੌਵੀਂ ਸਦੀ ਵਿਚ ਬਣਾਈ ਰਾਵਣ ਦੀ ਵਿਸ਼ਾਲ ਮੂਰਤੀ ਸਥਾਪਤ ਕੀਤੀ ਗਈ ਹੈ, ਜਿਹੜੀ ਕਿ ਲੇਟੀ ਹੋਈ ਅਵਸਥਾ ਵਿਚ ਹੈ। ਇਸ ਮੰਦਰ ਵਿਚ ਰਾਵਣ ਦੀ ਪੂਜਾ ਕੀਤੀ ਜਾਂਦੀ ਹੈ ਤੇ 'ਰਾਵਣ ਨਮ' ਦਾ ਜਾਪ ਕੀਤਾ ਜਾਂਦਾ ਹੈ।" ਮੈਨੂੰ ਘੁੰਮਣ ਸਿੰਘ ਦੀਆਂ ਦੱਸੀਆਂ ਗੱਲਾਂ 'ਤੇ ਵਿਸ਼ਵਾਸ ਹੋਣ ਲੱਗ ਪਿਆ ਹੈ। ਏਨੀਆਂ ਸਾਰੀਆਂ ਗੱਲਾਂ ਝੂਠ ਨਹੀਂ ਹੋ ਸਕਦੀਆਂ। ਇਸ ਦੇ ਪਿੱਛੇ ਕੋਈ ਨਾ ਕੋਈ ਸੱਚਾਈ ਜ਼ਰੂਰ ਹੈ।

ਉਦੋਂ ਮੇਰੇ ਸਾਰੇ ਸ਼ੰਕੇ ਦੂਰ ਹੋ ਗਏ ਜਦੋਂ ਘੁਮੱਕੜ ਘੁੰਮਣ ਸਿੰਘ ਨੇ ਦੱਸਿਆ, "ਜਲੰਧਰ ਵਿਚ ਰਾਵਣ ਨੂੰ ਮੰਨਣ ਵਾਲੇ ਸਮੁਦਾਇ ਦੇ ਲੋਕਾਂ ਨੇ ਰਾਵਣ ਦਾ ਇਕ ਮੰਦਰ ਬਣਾਇਆ ਹੋਇਆ ਹੈ, ਜਿਥੇ ਰਾਵਣ ਦੀ ਪੂਜਾ, ਅਰਚਨਾ ਕੀਤੀ ਜਾਂਦੀ ਹੈ। ਸ਼ੁਰੂ-ਸ਼ੁਰੂ ਵਿਚ ਇਥੇ ਬਹੁਤ ਘੱਟ ਲੋਕ ਆਉਂਦੇ ਸਨ। ਰਾਵਣ ਦੇ ਇਤਿਹਾਸ ਤੇ ਉਹਦੇ ਪਰਾਕ੍ਰਮ ਬਾਰੇ ਲੋਕਾਂ ਨੂੰ ਦੱਸਿਆ ਜਾਣ ਲੱਗਿਆ ਤੇ ਉਥੇ ਆਉਣ ਵਾਲੇ ਲੋਕਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਗਿਆ। ਵਿਸ਼ੇਸ਼ ਕਰਕੇ ਵੱਡੀ ਗਿਣਤੀ ਵਿਚ ਇਸਤਰੀਆਂ ਵੀ ਮੰਦਰ ਵਿਚ ਆਉਣ ਲੱਗ ਪਈਆਂ।"

ਜਲੰਧਰ ਦੇ ਦਰਸ਼ਨ ਰਤਨ ਰਾਵਣ ਦੱਸਦੇ ਹਨ ਕਿ ਰਮਾਇਣ ਵਿਚ ਰਾਵਣ ਦੇ ਚਰਿਤਰ ਢੰਗ



ਨਾਲ ਪ੍ਰਸਤੁਤ ਕੀਤਾ ਗਿਆ ਹੈ। ਉਹ ਰਾਵਣ ਨੂੰ 'ਮਹਾਤਮਾ ਰਾਵਣ' ਦੇ ਨਾਂ ਨਾਲ ਯਾਦ ਕਰਦੇ ਹਨ। ਜਲੰਧਰ ਵਿਚ 'ਮਹਾਤਮਾ ਰਾਵਣ ਯੂਥ ਫੈਡਰੇਸ਼ਨ' ਦੀ ਸਥਾਪਨਾ ਕੀਤੀ ਗਈ ਹੈ। ਇਹ ਲੋਕ ਦੁਸਹਿਰੇ ਵਾਲੇ ਦਿਨ ਮੰਦਰ ਵਿਚ ਰਾਵਣ ਦੀ ਪੂਜਾ ਕਰਦੇ ਹਨ ਤੇ ਰਾਵਣ ਦਹਿਨ ਦੇ ਸਮਾਗਮ ਵਿਚ ਸ਼ਾਮਿਲ ਨਹੀਂ ਹੁੰਦੇ। ਰਾਵਣ ਨੂੰ ਆਪਣੇ ਈਸ਼ਟ ਮੰਨਣ ਵਾਲੇ ਸਮੁਦਾਇ ਦੇ ਲੋਕ ਆਪਣੇ ਨਾਵਾਂ ਨਾਲ 'ਰਾਵਣ', 'ਬਾਲੀ', 'ਦਾਨਵ', 'ਦ੍ਰਾਵਿੜ' ਆਦਿ ਉਪਨਾਮ ਲਾਉਣ ਲੱਗ ਪਏ ਹਨ। ਜਿਵੇਂ ਦਰਸ਼ਨ ਰਤਨ 'ਰਾਵਣ', 'ਵਿਜੈ', 'ਦਾਨਵ', ਗਤੋ 'ਦ੍ਰਾਵਿੜ' ਵੀਰ ਭਾਨ 'ਦਾਨਵ' ਬਲਜੀਤ 'ਬਾਲੀ' ਸੀਤਲ ਦਰਾਵਿੜ ਆਦਿ।

ਇਸ ਸਾਲ ਜਦ ਸ਼ਹਿਰ ਵਿਚ ਰਾਮਲੀਲਾ ਦਾ ਨਾਟਕ ਚਲ ਰਿਹਾ ਸੀ, ਉਦੋਂ ਅਖ਼ਬਾਰਾਂ ਦੇ ਪੱਤਰਕਾਰ ਮੇਰੀ ਗਵਟੀ ਸਾਜ-ਸੱਜਾ ਵਿਚ ਫੋਟੋਆਂ ਤੇ ਇੰਟਰਵਿਊ ਲੈਣ ਆਏ ਤਾਂ ਮੈਥੋਂ ਆਪਣਾ ਨਾਂ ਰਵਿੰਦਰ ਰਾਓ ਦੀ ਥਾਂ ਰਵਿੰਦਰ 'ਰਾਵਣ' ਦੱਸਿਆ ਗਿਆ। ਮੈਨੂੰ ਤਾਂ ਇਸਦਾ ਪਤਾ ਹੀ ਨਹੀਂ ਲੱਗਿਆ। ਦੂਸਰੇ ਦਿਨ ਅਖ਼ਬਾਰਾਂ ਵਿਚ 'ਰਵਿੰਦਰ ਰਾਵਣ' ਛਪਿਆ। ਪੜ੍ਹ ਕੇ ਹੀ ਪਤਾ ਲੱਗਿਆ। ਇਸ ਸਾਲ ਮੈਨੂੰ ਰਾਮਲੀਲਾ ਵਿਚ ਰਾਵਣ ਦੀ ਭੂਮਿਕਾ ਨਿਭਾਉਂਦਿਆਂ ਕਿਸੇ ਬੁਰੇ ਪਾਤਰ ਦੀ ਭੂਮਿਕਾ ਨਿਭਾਉਣ ਦਾ ਅਹਿਸਾਸ ਨਹੀਂ ਹੋਇਆ। ਸ਼ਾਇਦ ਮੇਰੇ ਮਨ 'ਤੇ ਰਾਵਣ ਦੇ ਚਰਿਤਰ ਦਾ ਕੋਈ ਨਵਾਂ ਬਿੰਬ, ਕੋਈ ਨਵਾਂ ਅਕਸ ਚਿੜੇਤ ਹੋ ਗਿਆ ਹੋਵੇ। ਜਦੋਂ ਕੋਈ ਮੈਨੂੰ ਰਵਿੰਦਰ ਰਾਓ ਦੀ ਥਾਂ ਰਵਿੰਦਰ 'ਰਾਵਣ' ਨਾਂ ਨਾਲ ਬੁਲਾਉਂਦਾ ਹੈ ਤਾਂ ਮੈਨੂੰ ਖੁਸ਼ੀ ਹੁੰਦੀ ਹੈ ਕਿ ਜਿਵੇਂ ਉਹ ਵਿਅਕਤੀ ਸਮਝ ਗਿਆ ਹੋਵੇ, ਜਾਣ ਗਿਆ ਹੋਵੇ ਕਿ ਰਾਵਣ ਇਕ ਵਿਦਵਾਨ ਤੇ ਪਰਾਕ੍ਰਮੀ ਰਾਜਾ ਸੀ, ਇਸ ਲਈ ਹੀ ਮੈਂ ਆਪਣੇ ਨਾਂ ਨਾਲ 'ਰਾਵਣ' ਉਪਨਾਮ ਲਾਇਆ ਹੈ। ਮੇਰੇ ਮਨ ਨੂੰ ਖੁਸ਼ੀ ਤੇ ਤਸੱਲੀ ਮਿਲਦੀ ਹੈ ਜਦ ਮੈਂ ਦੇਖਦਾ ਹਾਂ ਕਿ ਜਿਵੇਂ ਰਮਿੰਦਰ ਰੰਮੀ ਨੂੰ ਲੋਕ ਰਮਿੰਦਰ 'ਰਾਮ' ਦੇ ਨਾਂ ਨਾਲ ਬੁਲਾਉਂਦੇ ਹਨ, ਇਸੇ ਤਰ੍ਹਾਂ ਰਾਮਲੀਲਾ ਵਿਚ ਰਾਵਣ ਦਾ ਰੋਲ ਕਰਨ ਕਰਕੇ 'ਰਵਿੰਦਰ ਰਾਵਣ' ਦੇ ਨਾਂ ਨਾਲ ਬੁਲਾਉਣ ਲੱਗ ਪਏ ਹਨ।

ਉਂਝ ਮੇਰੇ ਮਨ ਵਿਚ ਆਏ ਵਿਚਾਰਾਂ ਵਿਚ ਹਮੇਸ਼ਾ ਦਵੰਦ ਚਲਦਾ ਰਹਿੰਦਾ ਹੈ... 'ਮਨ ਹੈ ਕਿ ਮਾਨਤਾ ਨਹੀਂ।' ਮਨ ਹਮੇਸ਼ਾ ਸੰਕਟ-ਗ੍ਰਸਤ ਰਹਿੰਦਾ ਹੈ.... ਕਿ ਰਾਵਣ ਬਾਰੇ ਪਹਿਲਾਂ ਵਾਲੇ ਵਿਚਾਰ ਠੀਕ ਹਨ ?...ਜਾਂ ਮਨ ਵਿਚ ਆਏ ਨਵੇਂ ਵਿਚਾਰ ਠੀਕ ਹਨ ? ..... ਕਿਹੜੇ ਵਿਚਾਰ ਠੀਕ ਹਨ ?...ਕਿਹੜੇ ਠੀਕ ਨਹੀਂ ਹਨ ? ...ਇਸ ਸ਼ੰਕਾ ਵਿਚ ਫਸਿਆ ਮੈਂ ਭੱਜਕੇ ਜਾ ਕੇ ਰਾਮਲੀਲਾ ਵਿਚ ਰਾਮ ਤੇ ਸੀਤਾ ਦਾ ਰੋਲ ਕਰਨ ਵਾਲੇ ਪਾਤਰਾਂ ਰਮਿੰਦਰ ਰੰਮੀ ਤੇ ਸਤਿੰਦਰ ਕੌਰ 'ਸੱਤੀ' ਨੂੰ ਭਗਵਾਨ ਰਾਮ ਤੇ ਸੀਤਾ ਮਾਤਾ ਦੇ ਰੂਪ ਵਿਚ ਨਮਸਕਾਰ ਕਰਕੇ, ਪਸ਼ਚਤਾਪ ਕਰਕੇ ਹੌਲਾ ਫੁੱਲ ਮਹਿਸੂਸ ਕਰਦਾ ਹਾਂ। ਤੇ ਆਪਣੀ ਵਰਕ ਸ਼ਾਪ ਵਿਚ ਜਾ ਕੇ ਲੋਹੇ ਦੇ ਦਰਵਾਜ਼ੇ, ਤਾਕੀਆਂ ਆਦਿ ਬਣਾਉਣ ਦੇ ਕੰਮ ਵਿਚ ਮਸਰੂਫ ਹੋ ਜਾਂਦਾ ਹਾਂ। ਰੁਝ ਜਾਂਦਾ ਹਾਂ।

ਆਮ ਤੌਰ ਤੇ ਮੈਂ ਆਪਣੀ ਦੁਕਾਨ ਵਿਚ, ਆਪਣੇ ਕੰਮ ਵਿਚ ਲੱਗਿਆ ਰਹਿੰਦਾ ਹਾਂ। ਮੈਂ ਸ਼ਹਿਰ ਵਿਚ ਖੇਡੇ ਜਾਣ ਵਾਲੇ ਨਾਟਕਾਂ ਵਿਚ ਤਾਂ ਰੋਲ ਕਰ ਲੈਂਦਾ ਹਾਂ, ਪਰ ਸ਼ਹਿਰ ਤੋਂ ਬਾਹਰ ਨਾਟਕ ਖੇਡਣ ਲਈ ਨਹੀਂ ਜਾਂਦਾ। ਦੁਕਾਨ ਦੇ ਕੰਮ ਵਿਚ ਵਿਘਨ ਜੁ ਪੈਂਦਾ ਹੈ। ਮੈਂ ਦੁਕਾਨ ਦੇ ਕੰਮ ਦੇ ਸਿਰ 'ਤੇ ਬੱਚੇ ਤਾਂ ਪਾਲਣੇ ਹਨ। ਪਰ ਰਮਿੰਦਰ ਰੰਮੀ ਤੇ ਸਤਿੰਦਰ ਕੌਰ ਸੱਤੀ, ਪਤੀ ਪਤਨੀ ਦੋਵੇਂ ਸ਼ਹਿਰ ਦੇ ਹੋਰ ਰੰਗ ਕਰਮੀਆਂ ਨਾਲ ਸ਼ਹਿਰ ਤੋਂ ਬਾਹਰ, ਦੂਸਰੀਆਂ ਥਾਵਾਂ ਤੇ ਵੀ ਨਾਟਕ ਖੇਡਣ ਲਈ ਜਾਂਦੇ ਰਹਿੰਦੇ ਹਨ।

ਮੈਨੂੰ ਅਕਸਰ ਟੋਕਿਆ ਜਾਂਦਾ ਹੈ ਕਿ ਮੈਂ ਰਾਮਲੀਲਾ ਵਿਚ ਰਾਮ ਤੇ ਸੀਤਾ ਦੀ ਭੂਮਿਕਾ ਨਿਭਾਉਣ ਵਾਲੇ ਰਮਿੰਦਰ ਤੇ ਸਤਿੰਦਰ ਕੌਰ ਸੱਤੀ ਨੂੰ ਭਗਵਾਨ ਰਾਮ ਤੇ ਸੀਤਾ ਮਾਤਾ ਸਮਝ ਕੇ ਉਹਨਾਂ ਦੀ ਪੂਜਾ ਕਿਉਂ ਕਰਦਾ ਹਾਂ ? ਤਾਂ ਮੈਂ ਉਹਨਾਂ ਨੂੰ ਸਮਝਾਉਂਦਾ ਹਾਂ ਕਿ ਲੱਖਾਂ ਕਰੋੜਾਂ ਲੋਕੀ

ਉਹਨਾਂ ਬਾਬਿਆਂ ਦੀ ਪੂਜਾ ਕਰਦੇ ਹਨ ਜਿਹੜੇ ਆਦ੍ਰਿਸ਼ ਸ਼ਕਤੀਆਂ ਨਾਲ ਆਪਣੇ ਪੈਰੋਕਾਰਾਂ ਦੀ ਕਿਸਮਤ ਬਦਲਣ ਦੇ ਦਾਅਵੇ ਕਰਦੇ ਹਨ। ਪਰ ਉਹ ਲੋਕਾਂ ਦੀ ਹਜ਼ਾਰਾਂ ਏਕੜ ਜਬਰਦਸਤੀ ਭੂਮੀ ਦੱਬਣ ਦੇ ਪੈਰਕਾਰਾਂ ਧੀਆਂ, ਭੈਣਾਂ ਦੀ ਇੱਜ਼ਤ ਲੁੱਟਦੇ, ਮੰਧਲਦੇ ਫੜੇ ਜਾਂਦੇ ਹਨ ਤੇ ਜੇਲ੍ਹਾਂ ਵਿਚ ਸਜ਼ਾਵਾਂ ਭੁਗਤ ਰਹੇ ਹਨ ਪਰ ਉਹ ਕੋਈ ਵੀ ਅਦ੍ਰਿਸ਼ ਸ਼ਕਤੀ ਨਹੀਂ ਦਿਖਾ ਸਕੇ। ਪਰ ਰਾਮਲੀਲਾ ਵਿਚ ਰਾਮ ਤੇ ਸੀਤਾ ਦਾ ਰੋਲ ਕਰਨ ਵਾਲੇ ਰਮਿੰਦਰ ਰੰਮੀ ਤੇ ਸਤਿੰਦਰ ਕੌਰ ਸੱਤੀ ਦੀ ਬਹੁਤ ਸਾਰੇ ਸ਼ਹਿਰ ਨਿਵਾਸੀ ਭਗਵਾਨ ਰਾਮ ਤੇ ਸੀਤਾ ਮਾਤਾ ਦਾ ਰੂਪ ਸਮਝ ਪੂਜਾ ਕਰਦੇ ਹਨ, ਮੈਂ ਵੀ ਕਰਦਾ ਹਾਂ। ਰਮਿੰਦਰ ਰੰਮੀ ਤੇ ਸਤਿੰਦਰ ਕੌਰ ਸੱਤੀ, ਦੋਵੇਂ ਪਤੀ ਪਤਨੀ ਸ਼ਹਿਰ ਵਿਚ ਤੇ ਸ਼ਹਿਰ ਤੋਂ ਬਾਹਰ ਜਾ ਕੇ ਹੋਰ ਥਾਵਾਂ 'ਤੇ ਨਾਟਕਾਂ ਵਿਚ ਅਭਿਨੈ ਕਰਕੇ, ਮਿਹਨਤ ਮੁਸ਼ੱਕਤ ਦੀ ਹੱਕ ਦੀ ਰੋਟੀ ਖਾਂਦੇ ਹਨ। ਉਹ ਆਪਸ ਵਿਚ ਕਦੇ ਲੜਦੇ ਨਹੀਂ, ਰਮਿੰਦਰ ਨੇ ਆਪਣੀ ਪਤਨੀ ਨੂੰ ਉਜਾਂ ਲਾ ਕੇ ਕਦੇ ਘਰੋਂ ਬਾਹਰ ਨਹੀਂ ਕੱਢਿਆ। ਫਿਰ ਉਹਨਾਂ ਠੱਗ ਬਾਬਿਆਂ ਦੀ ਥਾਂ ਰਮਿੰਦਰ ਰੰਮੀ ਤੇ ਸਤਿੰਦਰ ਕੌਰ ਸੱਤੀ ਦੀ ਰਾਮਲੀਲਾ ਵਿਚ ਰਾਮ ਤੇ ਸੀਤਾ ਦਾ ਰੋਲ ਕਰਨ ਕਰਕੇ....ਭਗਵਾਨ ਰਾਮ ਤੇ ਸੀਤਾ ਮਾਤਾ ਸਮਝ...ਮਾਨਸਿਕ ਸ਼ਾਂਤੀ ਲਈ ਪੂਜਾ ਕਰਨ ਵਿਚ ਭਲਾਈ ਹੈ...ਕੋਈ ਲੁਟਾਈ ਨਹੀਂ।

ਇਸ ਸਾਲ ਜਦ ਰਾਮਲੀਲਾ ਦੀ ਸਟੇਜ 'ਤੇ ਜੰਗਲ ਵਿਚ ਘੁੰਮਦੀ, ਰਾਵਣ ਦੀ ਭੈਣ ਦਾ ਲਛਮਣ ਨੇ ਨੱਕ ਕੱਟ ਲਿਆ ਤਾਂ ਹਾਲ ਤਾਲੀਆਂ ਨਾਲ ਗੂੰਜ ਉਠਿਆ। ਮੈਂ ਦੇਖਦਾ ਰਿਹਾ ਕਿ ਇਕ ਇਸਤਰੀ ਦਾ ਨੱਕ ਕੱਟੇ ਜਾਣ ਤੇ ਪੰਡਾਲ ਵਿਚ ਬੈਠੀਆਂ ਇਸਤਰੀਆਂ ਵੀ ਖੁਸ਼ੀ ਵਿਚ ਗਦ-ਗਦ ਹੋਈਆਂ ਤਾਲੀਆਂ ਵਜਾ ਰਹੀਆਂ ਹਨ। ਪਰ ਮੈਨੂੰ ਰਾਵਣ ਦੀ ਭੂਮਿਕਾ ਵਿਚ ਜਾਪਿਆ ਜਿਵੇਂ ਸੱਚਮੁੱਚ ਮੇਰੀ ਭੈਣ ਦਾ ਨੱਕ ਕੱਟ ਲਿਆ ਹੋਵੇ। ਮੈਂ ਸਕਤੇ ਵਿਚ ਆ ਗਿਆ। ਕਰਾਂ......ਤਾਂ ਕੀ ਕਰਾਂ?

ਮੇਰੇ ਕਦਮ ਸਟੇਜ ਵੱਲ ਉੱਠੇ.....। ਪਰ ਮੇਰਾ ਸਰੀਰ ਡਗਮਗਾਉਣ ਲੱਗਿਆ। ਦਿਲ ਜ਼ੋਰ ਜ਼ੋਰ ਦੀ ਧੜਕਣ ਲੱਗਿਆ। ਘੁੰਮਣ ਸਿੰਘ ਦੇ ਕਹਿਣ ਵਾਂਗ....ਮੇਰਾ ਚਿੜੀ ਦੇ ਬੱਚੇ ਜਿੰਨਾ ਕੁ ਤਾਂ ਦਿਲ ਹੈ। ਮੇਰੇ ਪੇਟ ਵਿਚ ਵੱਟ ਹੋਇਆ, ਮੈਂ ਰਫਾ-ਹਾਜਤ ਦਾ ਬਹਾਨਾ ਲਾ ਕੇ, ਆਪਣਾ ਮੋਟਰ ਸਾਈਕਲ ਚੁੱਕਿਆ ਤੇ ਸ਼ਹਿਰ ਦੇ ਜੰਗਲ ਵਿਚ ਪਹੁੰਚ ਗਿਆ। ਮੈਂ ਪੁਆਧ ਦੇ ਪ੍ਰਸਿੱਧ ਕਿੱਸਾਕਾਰ ਆਸਾ ਰਾਮ ਦੀਆਂ ਲਿਖੀਆਂ ਕੁਝ ਤੁੱਕਾਂ ਗੁਣ-ਗੁਣਾਉਣ ਲੱਗਿਆ-

ਆਪਾ ਕਿਸੇ ਦੀ ਨਾਰ ਨੂੰ ਛੇੜ ਦੇਖੋ, ਜਿਹੜੀ ਪੁੰਗੁਗੀ ਹਟੂ ਪੁਗਾ ਕੈ ਜੀ। ਜਿਹੜ....
ਸਖਤਾ ਹੰਊਗਾ ਲਊਗਾ ਤੁਰਤ ਬਦਲਾ, ਮਾੜਾ ਮਰਜੂਗਾ ਜਾਹਿਰ ਖਾ ਕੇ ਜੀ। ਮਾੜਾ...
ਰਾਮ ਚੰਦ ਨੈ ਰੌਣ ਕੀ ਭੈਣ ਕਾ, ਨੱਕ ਕੱਟ ਲਿਆ ਹੈ ਹੱਥ ਪਾ ਕੈ ਜੀ। ਨੱਕ...
ਮਾਰਿਆ ਹਰਖ ਕਾ ਸੀਤਾ ਨੂੰ ਰੋਕ ਲੈ ਗਿਆ, ਤਾਂ ਹੀ ਛੱਡੀ ਤੀ ਸਾਗ ਮਾਂ ਜਾ ਕੈ ਜੀ।
ਪਾਸ ਕੀਤਾ ਕੇ ਤੀਮੀਆਂ ਛੱਡ ਦਈਆ, ਮਰਦ ਕੋਈ ਨਾ ਢੁਕਦਾ ਜਾ ਕੈ ਜੀ। ਮਰਦ

ਜਦ ਮੈਂ ਲੜਕੇ ਲੱਖੀ ਨੂੰ ਮੋਟਰ ਸਾਈਕਲ 'ਤੇ ਆਉਂਦੇ ਦੇਖਿਆ। ਨਰਿੰਦਰ ਨਿਰਦੇਸ਼ਕ ਨੇ ਉਹਨੂੰ ਮੇਰੇ ਮਗਰ ਈ ਭੇਜ ਦਿੱਤਾ ਹੋਣਾ। ਮੈਂ ਆਪਣੇ ਆਪ ਵਿਚ ਆਇਆ। ਸਭ ਤੋਂ ਪਹਿਲਾਂ ਜਾ ਕੇ ਆਪਣੇ ਮਨ ਵਿਚ ਆਏ ਚੰਗੇ ਮਾੜੇ ਵਿਚਾਰਾਂ ਦਾ ਪਸ਼ਚਤਾਪ ਕਰਨ ਲਈ ਰਾਮਲੀਲਾ ਵਿਚ ਭਗਵਾਨ ਰਾਮ ਤੇ ਸੀਤਾ ਮਾਤ ਦੇ ਪਾਤਰ ਰਮਿੰਦਰ ਰੰਮੀ ਤੇ ਸਤਿੰਦਰ ਕੌਰ ਸੱਤੀ ਦੇ ਚਰਨ ਛੂਹ ਕੇ ਮਨ ਇਕਰਾਰ ਤੇ ਸ਼ਾਂਤ ਕੀਤਾ।

ਨਰਿੰਦਰ ਨਿਰਦੇਸ਼ਕ, ਅਗਲੇ ਸੀਨ ਲਈ ਮੈਨੂੰ ਰਾਵਣ ਦੇ ਪਾਤਰ ਨੂੰ ਜੰਗਲ ਵਿਚ ਸੀਤਾ ਹਰਨ ਨੂੰ ਰੋਂਦੀ-ਕੁਰਲਾਂਦੀ ਜਬਰਦਸਤੀ ਚੁੱਕ ਕੇ ਲਿਜਾਣ ਸਬੰਧੀ ਦ੍ਰਿਸ਼ ਸਮਝਾਉਣ ਲੱਗਿਆ। ਮੈਂ ਘਬਰਾ ਗਿਆ। ਹੁਣੇ ਤਾਂ ਮੈਂ ਪਸ਼ਤਾਚਾਪ ਕਰਨ ਲਈ ਸੀਤਾ ਮਾਤਾ ਦੀ ਸ਼ਰਨ ਵਿਚ ਗਿਆ ਹਾਂ ਤੇ ਮੈਂ ਸੀਤਾ ਦੇ ਰੋਲ ਵਿਚ ਪੁੱਤਰੀ ਸਮਾਨ ਸਤਿੰਦਰ ਕੌਰ ਸੱਤੀ ਨੂੰ ਕਿਵੇਂ ਛਲ-ਕਪਟ ਨਾਲ, ਜਬਰਦਸਤੀ



ਚੁੱਕ ਕੇ ਲੈ ਜਾਵਾਂਗਾ? ਮੈਂ ਨਰਿੰਦਰ ਨਿਰਦੇਸ਼ਕ ਨੂੰ ਮਿਨਤ-ਤਰਲਾ ਕਰਦਿਆਂ ਪੁੱਛਿਆ, "ਕੀ ਇਹ ਦ੍ਰਿਸ਼ ਰਾਮਲੀਲਾ ਦੀ ਕਹਾਣੀ ਵਿਚੋਂ ਕੱਟਿਆ ਨਹੀਂ ਜਾ ਸਕਦਾ?" ਨਰਿੰਦਰ ਨਿਰਦੇਸ਼ਕ ਕਹਿਣ ਲੱਗਿਆ, "ਮੈਨੂੰ ਤੇ ਇਕ ਕਹਾਣੀ ਰਾਮਲੀਲਾ ਦੀ ਬਾਹਰਲੀ ਸਟੇਜ ਤੋਂ ਅੰਦਰ ਵੀ ਪਾਤਰਾਂ ਦੀ ਆਪੋ-ਵਿਚੀਂ ਵਾਰਤਾਲਾਪ ਨਾਲ ਚਲਦੀ ਰਹਿੰਦੀ ਹੈ। ਤੇ ਇਸਤੋਂ ਅੱਗੇ ਵੀ ਪਾਤਰਾਂ ਦੇ ਮਨਾਂ ਵਿਚ ਬੜਾ-ਕੁਝ ਟੁੱਟਦਾ ਭੱਜਦਾ ਹੈ। ਰਵਿੰਦਰ ਰਾਵਣ! ਤੂੰ ਮੇਰੀ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰ। ਤੂੰ ਰਾਵਣ ਦੇ ਰੋਲ ਵਿਚ, ਸਟੇਜ ਉੱਤੇ ਸੀਤਾ ਹਰਨ ਕਰਨ ਦਾ ਕੇਵਲ ਅਭਿਨੈ, ਨਾਟਕ ਕਰਨਾ ਹੈ। ਜਿਸਨੂੰ ਤੂੰ ਸੀਤਾ ਮਾਤਾ ਕਹਿੰਦਾ ਏ....ਤੂੰ ਸਤਿੰਦਰ ਕੌਰ ਸੱਤੀ ਨੂੰ ਚੁੱਕ ਕੇ ਆਪਣੇ ਘਰ ਤਾਂ ਨਹੀਂ ਲਿਜਾਣਾ। ਨਾਲੇ ਤੈਨੂੰ ਦੱਸ ਦਿਆਂ ਕਿ ਇਹ ਸੀਨ ਕਹਾਣੀ ਵਿਚੋਂ ਕੱਟਿਆ ਨਹੀਂ ਜਾ ਸਕਦਾ। ਰਾਮਲੀਲਾ ਦੀ ਸਾਰੀ ਕਹਾਣੀ ਇਸ ਦ੍ਰਿਸ਼ ਦੇ ਦੁਆਲੇ ਹੀ ਤਾਂ ਘੁੰਮਦੀ ਏ। ਫਿਰ ਇਸ ਦ੍ਰਿਸ਼ ਨੂੰ ਕਿਵੇਂ ਕੱਟਿਆ ਜਾ ਸਕਦਾ ਹੈ....ਤੂੰ ਹੀ ਸੋਚ....?"

ਮੈਂ ਸੋਚਾਂ ਵਿਚ ਪੈ ਗਿਆ। ਨਿਰਦਈ ਰਾਵਣ ਬਣਕੇ ਸੀਤਾ ਹਰਨ ਕਰਨ ਦਾ ਰੋਲ ਵੀ ਆਉਂਦਾ ਹੈ, ਜਦ ਆਰੀਅਨ ਰਾਜੇ ਰਾਮਚੰਦਰ ਦੁਆਰਾ ਰਾਵਣ ਉੱਤੇ ਜਿੱਤ ਪ੍ਰਾਪਤ ਕਰਨ ਤੋਂ ਬਾਦ ਵਿਭੀਖਣ ਨੂੰ ਲੰਕਾ ਤੇ ਸੁਗਰੀਵ ਨੂੰ ਬਾਲੀ ਦਾ ਕਿਸ਼ ਕਿੰਧਾ 'ਤੇ ਰਾਜ ਦੇ ਦਿੱਤਾ ਜਾਂਦਾ ਹੈ ਤੇ ਇਸ ਦੇ ਨਾਲ ਹੀ ਰਾਵਣ ਦੀ ਪਤਨੀ ਮੰਦੋਦਰੀ ਵਿਭਿਖਣ ਨੂੰ ਤੇ ਬਾਲੀ ਦੀ ਪਤਨੀ ਤਾਰਾ ਰਾਣੀ ਸੁਗਰੀਵ ਨੂੰ ਸੰਭਾਲ ਦਿੱਤੀ ਜਾਂਦੀ ਹੈ। ਰਾਮਲੀਲਾ ਦੀ ਸਟੇਜ 'ਤੇ ਰਾਵਣ ਤੇ ਬਾਲੀ ਦੀਆਂ ਪਤਨੀਆਂ ਨਵੇਂ ਰਾਜਿਆਂ ਕੋਲ ਜਾ ਕੇ ਬਹੁਤ ਖੁਸ਼ੀ ਨਜ਼ਰ ਆਉਂਦੀਆਂ ਹਨ।

ਪਰ ਘੁਮੱਕੜ ਘੁੰਮਣ ਸਿੰਘ ਦੱਸਦਾ ਹੈ ਕਿ ਪ੍ਰਾਚੀਨ ਤੇ ਮੱਧ ਕਾਲ ਦੀਆਂ ਇਸਤਰੀਆਂ ਅਸੰਵੇਦਨਸ਼ੀਲ ਨਹੀਂ ਹੋ ਸਕਦੀਆਂ ਕਿ ਜਿਹੜੇ ਰਾਜੇ, ਧਾੜ ਵੀ ਉਹਨਾਂ ਦੇ ਪਿਤਾ ਤੇ ਭਰਾਵਾਂ ਨੂੰ ਕਤਲ ਕਰਕੇ, ਉਹਨਾਂ ਨੂੰ ਚੁੱਕ ਕੇ ਲੈ ਜਾਂਦੇ ਸਨ, ਉਹ ਇਸਤਰੀਆਂ ਉਨ੍ਹਾਂ ਰਾਜਿਆਂ ਤੇ ਧਾੜਵੀਆਂ ਦੇ ਘਰ ਖੁਸ਼ੀ ਵਸਦੀਆਂ ਹੋਣਗੀਆਂ। ਇਹ ਕੇਵਲ ਉਸ ਵੇਲੇ ਦੇ ਲਾਲਚੀ ਇਤਿਹਾਸਕਾਰਾਂ ਨੇ ਪਿਤਾ, ਪਤੀ ਜਾਂ ਭਰਾਵਾਂ ਨੂੰ ਕਤਲ ਕਰਕੇ ਲੋਟੂ ਰਾਜਿਆਂ ਦੀਆਂ ਪਤਨੀਆਂ ਬਣਕੇ ਖੁਸ਼ ਰਹਿੰਦੀਆਂ ਦਰਸਾਇਆ ਹੈ। ਅਸਲ ਵਿਚ ਪਿਤਾ ਤੇ ਭਰਾਵਾਂ ਨੂੰ ਕਤਲ ਕਰਵਾ ਕੇ, ਚੁੱਕ ਲਿਜਾਈਆਂ ਗਈਆਂ ਇਸਤਰੀਆਂ ਮਾਰ ਕੁੱਟ ਕੇ ਡਰ-ਭੈ ਦਿਖਾਕੇ ਘਰ ਵਸਾਈਆਂ ਜਾਂਦੀਆਂ ਹੋਣਗੀਆਂ। ਖੁਸ਼ੀ ਨਾਲ ਨਹੀਂ ਰਹਿੰਦੀਆਂ ਹੋਣਗੀਆਂ। ਘੁੰਮਣ ਮਹਾਭਾਰਤ ਵਿਚ ਇਕ ਮਿਸਾਲ ਦਿੰਦਾ ਹੈ, "ਜਦ ਭੀਸ਼ਮ ਪਿਤਾਮਾ ਅੰਬਾ, ਅੰਬਿਕਾ ਦੇ ਪਿਓ ਤੇ ਭਰਾਵਾਂ ਨੂੰ ਕਤਲ ਕਰਕੇ ਤਿੰਨੇ ਭੈਣਾਂ ਨੂੰ ਰੱਥ ਨਾਲ ਬੰਨ੍ਹਕੇ, ਆਪਣੇ ਭਰਾ ਵਚਿੱਤਰ ਵੀਰਯ ਦੀਆਂ ਪਤਨੀਆਂ ਬਣਾਉਣ ਲਈ ਲਿਜਾ ਰਿਹਾ ਸੀ, ਤਾਂ ਅੰਬਾਂ ਰੱਥ ਵਿਚੋਂ ਉਤਰਕੇ ਜੰਗਲ ਵੱਲ ਭੱਜ ਗਈ। ਉਹਨੇ ਭੀਸ਼ਮ ਪਿਤਾਮਾ ਨੂੰ ਵੰਗਾਰਿਆ ਕਿ ਉਹ ਸ਼ਸਤਰ ਵਿਦਿਆ ਸਿਖਕੇ ਉਸ ਤੋਂ ਪਿਤਾ ਤੇ ਭਰਾਵਾਂ ਨੂੰ ਮਾਰਨ ਦਾ ਬਦਲਾ ਲਵੇਗੀ। ਤੇ ਉਹਨੇ ਮਹਾਭਾਰਤ ਦੇ ਯੁੱਧ ਵਿਚ ਭੀਸ਼ਮ ਪਿਤਾਮਾ ਦੀ ਮੌਤ ਦਾ ਕਾਰਨ ਬਣਕੇ ਇਹ ਬਦਲਾ ਲਿਆ ਵੀ ਸੀ।"

ਹੁਣ ਫੇਰ ਮੇਰੇ ਮਨ ਵਿਚ ਸ਼ੰਕਾ ਪੈਦਾ ਹੋ ਗਿਆ ਹੈ ਕਿ ਯੁੱਧ ਵਿਚ ਆਪਣੇ ਪਤੀਆਂ ਨੂੰ ਕਤਲ ਕਰਵਾ ਕੇ...ਕੀ ਉਹਨਾਂ ਦੀਆਂ ਪਤਨੀਆਂ, ਹਮਲਾਵਰ ਰਾਜਿਆਂ ਦੇ ਘਰ ਖੁਸ਼ੀ ਰਹਿੰਦੀਆਂ ਹੋਣਗੀਆਂ। ਜਿਵੇਂ ਰਾਮਲੀਲਾ ਦੀ ਸਟੇਜ 'ਤੇ ਵਿਭਿਖਣ ਤੇ ਸੁਗਰੀਵ ਨੂੰ ਸੌਂਪੇ ਜਾਣ ਤੋਂ ਬਾਦ ਰਾਵਣ ਤੇ ਬਾਲੀ ਦੀਆਂ ਪਤਨੀਆਂ ਮੰਦੋਦਰੀ ਤੇ ਤਾਰਾ ਰਾਣੀ ਖੁਸ਼ ਨਜ਼ਰ ਆ ਰਹੀਆਂ ਹਨ?....ਜਾਂ ਫੇਰ ਘੁੰਮਤਰੂ ਘੁੰਮਣ ਸਿੰਘ ਦੇ ਦੱਸਣ ਅਨੁਸਾਰ ਉਹ ਏਨੀਆਂ ਅਸੰਵੇਦਨਸ਼ੀਲ ਨਹੀਂ ਹੋ ਸਕਦੀਆਂ ਕਿ ਪਤੀਆਂ ਤੇ ਭਰਾਵਾਂ ਨੂੰ ਹਮਲਾਵਾਰਾਂ ਤੇ ਮਰਵਾ ਕੇ ਉਹਨਾਂ ਦੇ ਘਰ ਬੇਬੱਸ ਦੁਖੀ ਤੇ ਡਰ, ਭੈ ਨਾਲ ਰਹਿੰਦੀਆਂ ਹੋਣਗੀਆਂ।

ਮੇਰੇ ਮਨ ਵਿਚ ਦੋਵੇਂ ਵਿਚਾਰ ਘੁੰਮਦੇ ਹਨ....ਕਿਹੜਾ ਠੀਕ ਹੈ ? ....ਕਿਹੜਾ ਠੀਕ ਨਹੀਂ ਹੈ.....ਮੇਰਾ ਮਨ ਸ਼ੰਕਾਗ੍ਰਸਤ ਹੋ ਗਿਆ ਹੈ। ਮੈਂ ਇਸਦਾ ਨਿਰਣਾ ਤਾਂ ਨਹੀਂ ਕਰ ਸਕਦਾ। ਮਨ ਵਿਚ ਆਏ ਵਿਰੋਧੀ ਵਿਚਾਰਾਂ ਤੋਂ ਪਿਛਾ ਛੁਡਾ ਕੇ ....ਮਨ ਨੂੰ ਸ਼ਾਂਤ ਕਰਨ ਲਈ ...ਮੈਂ ਭਗਵਾਨ ਰਾਮ ਤੇ ਸੀਤਾ ਮਾਤਾ ਦੀ ਸ਼ਰਨ ਵਿਚ ਨੂੰ ਰਾਮ ਲੀਲਾ ਵਿਚ ਰਾਮ ਤੇ ਸੀਤਾ ਦਾ ਰੋਲ ਕਰਨ ਵਾਲੇ ਪਾਤਰਾਂ, ਰਮਿੰਦਰ ਰੰਮੀ ਤੇ ਸਤਿੰਦਰ ਕੌਰ ਸੱਤੀ ਦੇ ਘਰ ਵੱਲ ਨੂੰ ਚੱਲ ਪੈਂਦਾ ਹੈ।

ਪਰ ਇਹ ਕੀ ? ਅੱਜ ਰਮਿੰਦਰ ਤੇ ਸੱਤੀ ਦੋਵੇਂ ਜਣੇ ਉੱਠ ਕੇ ਖੜੇ ਹੋ ਗਏ ਹਨ। ਉਹ ਮੇਰੇ ਕੋਲੋਂ ਹੱਥ ਨਹੀਂ ਲੁਆ ਰਹੇ ਹਨ। ਸਤਿੰਦਰ ਸੱਤੀ ਬੋਲੀ, "ਅੰਕਲ ਰਾਵਣ ! ਤੁਸੀਂ ਸਾਡੇ ਪਿਤਾ ਸਮਾਨ ਹੋ.....ਅਸੀਂ ਨਹੀਂ ਪਿਤਾ ਸਮਾਨ ਰਾਵਣ ਤੋਂ ਪੈਰੀਂ ਹੱਥ ਲੁਆਉਣੇ।"

"ਪਰ ਮੈਂ ਤਾਂ ਭਗਵਾਨ ਰਾਮ ਤੇ ਸੀਤਾ ਮਾਤਾ ਦੇ ਪੈਰੀਂ ਹੱਥ ਲਾਉਂਦਾ ਹਾਂ।....." "ਸਮਝ ਲਓ ਲੱਗ ਗਏ...ਰਾਵਣ ਅੰਕਲ।" ਉਹ ਦੋਵੇਂ ਹੱਸਦਿਆਂ ਕਹਿਣ ਲੱਗੇ।

ਸਤਿੰਦਰ ਕੌਰ ਸੱਤੀ ਮੁਸਕ੍ਰਾਂਦਿਆਂ ਬੋਲੀ, "ਰਾਵਣ ਅੰਕਲ ! ...ਬੈਠੋ। ਮੈਂ ਮਠਿਆਈ ਲੈ ਕੇ ਆਉਂਦੀ ਹਾਂ। ਅਸੀਂ ਨਹੀਂ ਘਰ ਆਏ ਰਾਵਣ ਅੰਕਲ ਨੂੰ ਮੂੰਹ ਮਿੱਠਾ ਕਰੇ ਬਿਨਾਂ ਜਾਣੇ ਦੇਣੈ।"

ਰਾਮਲੀਲਾ ਵਿਚ ਭਗਵਾਨ ਰਾਮ ਤੇ ਸੀਤਾ ਮਾਤਾ ਦਾ ਅਭਿਨੈ ਕਰਨ ਵਾਲੇ ਰਮਿੰਦਰ ਰੰਮੀ ਤੇ ਸਤਿੰਦਰ ਕੌਰ ਸੱਤੀ ਵੀ ਮੈਨੂੰ 'ਰਾਵਣ' ਅੰਕਲ ਕਹਿਕੇ ਬੁਲਾਉਣ ਲੱਗ ਪਏ ਹਨ। ਮੈਨੂੰ ਜਾਪਦਾ ਹੈ ਕਿ ਜਿਵੇਂ ਉਨ੍ਹਾਂ ਨੂੰ ਮੇਰੇ ਮਨ ਵਿਚ ਗਿਤ੍ਰੰਤ ਹੋਏ ਰਾਵਣ ਦੇ ਨਵੇਂ ਬਿੰਬ...ਨਵੇਂ ਅਕਸ ਦਾ ਪਤਾ ਲੱਗ ਗਿਆ ਹੈ...ਤਾਂ ਹੀ ਤਾਂ ਉਹ ਮੇਰੇ ਕੋਲੋਂ ਪੈਰੀਂ ਹੱਥ ਲੁਆਉਣ ਤੋਂ ਹਟ ਗਏ ਹਨ।

ਇਕ ਪਾਸਿਓਂ ਟੁੱਟਿਆ ਮਨ.....ਦੂਸਰੇ ਪਾਸੇ ਤੋਂ ਧਰਵਾਸ ਭਾਲਦਾ ਏ। ਘੁਮੱਕੜ ਘੁੰਮਣ ਸਿੰਘ ਮੈਨੂੰ ਕਹਿੰਦਾ ਰਹਿੰਦਾ ਏ ਕਿ 'ਹਰ ਵਿਅਕਤੀ ਨੂੰ ਆਪਣੇ ਵਿਚਾਰ ਰੱਖਣ ਦਾ ਪੂਰਨ ਅਧਿਕਾਰ ਏ।' ਇਹ ਸੋਚਾਂ ਸੋਚਦਿਆਂ ਮੈਂ ਆਪਣੀ ਲੋਹੇ ਦੇ ਦਰਵਾਜ਼ੇ ਤਾਕੀਆਂ ਆਦਿ ਬਣਾਉਣ ਵਾਲੀ ਛੋਟੀ ਜਿਹੀ ਵਰਕਸ਼ਾਪ ਵਿਚ ਜਾ ਕੇ, ਕਾਰੀਗਰਾਂ ਦੇ ਨਾਲ ਆਪਣੇ ਕੰਮ ਵਿਚ ਰੁੱਝ ਜਾਂਦਾ ਹਾਂ।

ਮੋ. 988129977

---

**ਪੰਨਾ ਨੰ: 96 ਦਾ ਬਾਕੀ**

? ਚਿੰਤਨੀ ਸ਼ਾਇਰ ਵਾਲਾ ਜੋ ਅਕਸ ਬਣਿਆ ਹੈ। ਉਸ ਬਾਰੇ ਕੀ ਕਹਿਣਾ ਚਾਹੋਗੇ ?

– ਮੈਂ ਆਪ ਇਸ ਬਣ ਗਏ ਜਾਂ ਬਣਾਏ ਗਏ ਅਕਸ ਤੋਂ ਹੈਰਾਨ ਹਾਂ। ਮੈਂ ਕਵਿਤਾ 'ਚ ਕਦੀ ਤਰੱਦਦ ਕਰਕੇ ਚਿੰਤਨੀ ਨਹੀਂ ਹੋਇਆ। ਮੈਂ ਜੋ ਵੀ ਕਵਿਤਾ ਲਿਖੀ ਮੇਰੇ ਅਨੁਭਵ ਦਾ ਸਹਿਜ ਤੇ ਸਹਿਵਨ ਪ੍ਰਗਟਾਵਾ ਹੈ। ਹੋ ਸਕਦੈ ਪਾਠਕਾਂ ਜਾਂ ਆਲੋਚਕਾਂ ਨੂੰ ਇਸ ਤਰ੍ਹਾਂ ਦਾ ਅਕਸ ਬਣਦਾ ਦਿਖਾਈ ਦਿੰਦਾ ਹੋਵੇ। ਵੈਸੇ ਦੇਖੀਏ ਤਾਂ ਹਰ ਕਵੀ ਦੀ ਕਵਿਤਾ ਦੇ ਸੁਭਾਅ ਨੂੰ ਅਸੀਂ ਵਰਗਬੱਧ ਕਰ ਸਕਦੇ ਹਾਂ। ਸਾਨੂੰ ਕਵਿਤਾ ਨੂੰ ਪੜ੍ਹਨਾ ਹੀ ਇਉਂ ਸਿਖਾਇਆ ਗਿਆ ਹੈ। ਪਿੱਛੇ ਜਿਹੇ ਮੈਂ ਇੱਕ ਕਿਤਾਬ ਪੜ੍ਹੀ 'How to read Poetry'। ਉਸ ਕਿਤਾਬ ਦਾ ਨਿਚੋੜ ਸੀ ਕਵਿਤਾ ਦਾ ਪਾਠ ਆਪਣੀ ਪੜ੍ਹਤ ਆਪਣੇ ਅੰਦਰ ਸਮੋਈ ਬੈਠਾ ਹੁੰਦਾ ਹੈ। ਇਸ ਕਰਕੇ ਲੇਖਕ ਨਹੀਂ ਲਿਖਦਾ ਪਾਠਕ ਲਿਖਦਾ ਹੈ। ਇੱਥੋਂ ਹੀ ਇਹ ਐਲਾਟ ਪੈਦਾ ਹੋਇਆ ਕਿ ਲੇਖਕ ਦੀ ਮੌਤ ਹੋ ਚੁੱਕੀ ਹੈ। ਮੇਰਾ ਸੋਚਣਾ ਹੈ ਸਾਨੂੰ ਕਾਵਿ ਪਾਠ ਨੂੰ ਸਮੱਗਰ ਤੇ ਇਕਹਿਰੇ ਦੋਨੋਂ ਰੂਪਾਂ 'ਚ ਪੜ੍ਹਨਾ ਚਾਹੀਦੈ। ਬਹੁਤ ਜ਼ਿਆਦਾ ਪ੍ਰਭਾਵਾਂ ਜਾਂ ਲਕਬਾਂ 'ਚ ਵਰਤਾਰਿਆਂ ਨੂੰ ਨਹੀਂ ਬਨ੍ਹਣਾ ਚਾਹੀਦੈ। ਇਸ ਨਾਲ ਪਾਠਕ ਤੇ ਲੇਖਕ ਦੋਹਾਂ ਦਾ ਨੁਕਸਾਨ ਹੁੰਦੈ। ਕਹਿਣ ਤੋਂ ਭਾਵ ਮੈਂ ਆਪਣੇ ਇਸ ਅਕਸ ਦਾ ਗੁਲਾਮ/ਦਾਸ ਨਹੀਂ ਹੋਣਾ ਚਾਹੁੰਦਾ। ਮੈਨੂੰ ਆਪਣੀਆਂ ਹੋਰ ਸੰਭਾਵਨਾਵਾਂ ਦੀ ਅਜੇ ਤਲਾਸ਼ ਹੈ। ਮੋਬਾ.: 098159-76485



## ਮੈਮੋਰੀਅਲ ਟਰੱਸਟ/ਖ਼ਾਲਿਦ ਫ਼ਰਹਾਦ ਧਾਰੀਵਾਲ

ਸਾਡੇ ਸਕੂਲ ਵਿਚ ਸੁੱਖ ਚੈਨ ਦਾ ਰੁੱਖ ਸੀ ਇਕ ਵੱਡਾ ਸਾਰਾ। ਉਸ ਦੀ ਪੋਰੀ ਤੇ ਬਹੁਤ ਸਾਰੇ ਨਾਂ ਉੱਕਰੇ ਹੁੰਦੇ ਸਨ। ਮੇਰੇ ਹਾਣੀ ਮੁੰਡੇ ਉਹਦੇ ਤੇ ਆਪਣਾ ਨਾਂ ਖੁਣਦੇ, ਜਦੋਂ ਉਹ ਭਰ ਜਾਂਦਾ ਤਾਂ ਪੋਰੀ ਉੱਤੇ ਮੋਟੇ ਅੱਖਰਾਂ ਵਿਚ ਇਹ ਨਾਂ ਉੱਭਰ ਆਉਂਦਾ। ਮੈਨੂੰ ਯਾਦ ਏ ਮੈਂ ਵੀ ਆਪਣਾ ਨਾਂ ਖੁਣਿਆ ਸੀ ਉਹਦੇ ਤੇ। ਮੌਜੂਦ ਹੋਏਗਾ ਅੱਜ ਵੀ। ਦੋਬਾਰਾ ਕਦੀ ਜਾ ਕੇ ਵੇਖਿਆ ਨਹੀਂ। ਨਾਲੇ ਆਪਣੇ ਲਈ ਥੋੜ੍ਹਾ ਈ ਖੁਣਦੇ ਸੀ ਇਹ। ਅਸੀਂ ਤਾਂ ਚਾਹੁੰਦੇ ਸੀ ਸਾਡੇ ਪਿੱਛੋਂ ਜੋ ਆਉਣ ਉਨ੍ਹਾਂ ਨੂੰ ਪਤਾ ਲੱਗੇ ਬਈ ਪਹਿਲਾਂ ਏਥੇ ਕਦੀ ਏਸ ਨਾਂ ਦਾ ਵੀ ਕੋਈ ਹੈ ਸੀ।

ਆਪਣੇ ਤੋਂ ਬਾਅਦ ਆਉਣ ਵਾਲਿਆਂ ਕੋਲੋਂ ਆਪਣੀ ਹੋਂਦ ਦੀ ਗਵਾਹੀ ਮੰਗਣ ਜਾਂ ਆਪਣੇ ਵਜੂਦ ਨੂੰ ਮੰਨਵਾਉਣ ਦੀ ਸੱਧਰ ਉਸ ਉਮਰੇ ਵੀ ਮਨ ਵਿਚ ਕਿੱਧਰੇ ਮੌਜੂਦ ਸੀ। ਏਹ ਸੋਚ ਕੇ ਅੱਜ ਹੈਰਤ ਪਈ ਹੁੰਦੀ ਏ।

ਤ੍ਰਿਕਾਲਾਂ ਹੋ ਚੱਲੀਆਂ ਨੇ।

ਮੇਰੀ ਘਰਵਾਲੀ ਸੁੱਘੀ ਉਰਫ਼ ਭੁੱਲਰ ਨੂੰ ਅਚਨਚੇਤ ਯਾਦ ਆਇਆ ਏ ਪਈ ਅੱਜ ਜੁੰਮੇਰਾਤ ਦਾ ਦਿਨ ਏ। ਰਾਤ ਲਈ ਹਾਂਡੀ ਰੋਟੀ ਉਸ ਨਹੀਂ ਕੀਤੀ। ਅੱਜ ਦੁਪਹਿਰ ਦਾ ਈ ਵੱਧਿਆ ਪਿਆ ਏ ਤੇ ਸਾਡੇ ਦੋਨਾਂ ਲਈ ਕਾਫ਼ੀ ਏ। ਹੁਣ ਦੀ ਇਹ ਘੜੀ ਪੁਰਖਾਂ ਨੂੰ ਯਾਦ ਕਰਨ ਦੀ ਘੜੀ ਵੀ ਏ। ਏਸ ਥੋੜ੍ਹੇ ਜਿਹੇ ਸਮੇਂ ਵਿਚ ਹੋਰ ਤਾਂ ਉਸ ਤੋਂ ਕੁਝ ਨਹੀਂ ਸਰਦਾ। ਝੱਬਦੇ ਨਿਰਾ ਪਾਣੀ ਦਾ ਇਕ ਗਲਾਸ ਮੇਰੇ ਮੂਹਰੇ ਧਰ ਅੰਦਰ ਦੀਵਾ ਜਗਾਣ ਚੱਲੀ ਗਈ ਏ।

ਮੈਂ ਫ਼ਾਤਹ ਆਖ ਕੇ ਪਾਣੀ ਆਪੋਂ ਪੀ ਲੀਤਾ ਏ।

ਇਨ੍ਹਾਂ ਪੜ੍ਹੇ ਗਏ ਬੋਲਾਂ, ਹੋਈ ਏਸ ਜੋਤ ਤੇ ਨਗੂਣੇ ਪਾਣੀ ਦਾ ਕੋਈ ਅਸਰ ਪੁਰਖਿਆਂ ਨੂੰ ਪੁੱਜਦਾ ਵੀ ਏ ਜਾਂ ਨਹੀਂ ? ਜਾਂ ਸਿਰਫ਼ ਉਨ੍ਹਾਂ ਦੀ ਯਾਦ ਬਣਾਈ ਰੱਖਣ ਦਾ ਇਹ ਇਕ ਆਹਰ ਈ ਏ। ਏਹ ਸੋਚੇ ਤੇ ਗੌਲੇ ਬਿਨਾਂ ਅਸੀਂ ਹਰ ਅੱਠਵਾਰੇ ਇਹ ਅਮਲ ਦੁਹਰਾਉਂਦੇ ਆ ਰਹੇ ਆਂ।

'ਮੋਇਆਂ ਪਿੱਛੋਂ ਸਾਨੂੰ ਤਾਂ ਖੌਰੇ ਕਿਸੇ ਯਾਦ ਕਰਨਾ ਹੈ ਜਾਂ ਨਹੀਂ, ਅਸੀਂ ਤੇ ਨਾ ਭੁਲਾਈਏ ਆਪਣਿਆਂ ਨੂੰ।' ਅੰਦਰ ਵਾਲੇ ਬਲਬ ਦਾ ਸਵਿਚ ਆਨ ਕਰਕੇ ਮੁੜਦੀ ਨੇ ਹਿਰਖ ਨਾਲ ਕਿਹਾ ਏ।

'ਢੇਅ ਢੇਰੀ ਹੋਣ ਦੇ ਨੇੜੇ ਪੁੱਜੀ ਹਰ ਦੇਹੀ ਅਗਲੀ ਪੀੜ੍ਹੀ ਤੋਂ ਆਪਣੀ ਮਿੱਟੀ ਨਾਲ ਸਾਂਝ ਬਣਾਈ ਰੱਖਣ ਨੂੰ ਕਿਉਂ ਲੋਚਦੀ ਏ ?' ਵਰਾਂਡੇ ਵਿਚ ਮੰਜੀ ਤੇ ਬੈਠਾ ਮੈਂ ਸੋਚਦਾ ਹਾਂ।

ਮੈਂ ਮਹਿਸੂਸ ਕੀਤਾ ਏ ਭੁੱਲਰ ਦੀ ਆਵਾਜ਼ ਵਿਚ ਉਸ ਦਿਨ ਵਾਲਾ ਦੁੱਖ ਤੇ ਸੰਤਾਪ ਅੱਜ ਫਿਰ ਝਲਕ ਰਿਹਾ ਏ। ਮੈਂ ਉਹਦੇ ਨਾਲ ਗੱਲ ਕਰਦੇ ਹੋਏ ਡਰਦਾ ਹਾਂ ਪਈ ਕਿੱਧਰੇ ਫਸ ਈ ਨਾ ਪਈਏ।

'ਭੁੱਲਰੇ !' ਮੈਂ ਹੌਲੀ ਦੇਣੀ ਉਹਨੂੰ ਬੁਲਾਇਆ ਏ। 'ਲੱਗਦਾ ਤੈਨੂੰ ਉਹ ਘਟਨਾ ਭੁੱਲੀ ਨਹੀਂ ਅਜੇ।'

ਉਸ ਵਲਦਾ ਦੇਣ ਦੀ ਬਜਾਏ ਇਕ ਲੰਮਾ ਸਾਹ ਲਿਆ ਏ ਹੌਕੇ ਵਰਗਾ ਤੇ ਅੰਦਰ ਲੇਫ਼ ਵਛਾਉਣ ਚੱਲੀ ਗਈ ਏ।

ਉਸ ਦਿਨ ਏਹ ਧੀ ਕੋਲੋਂ ਹੋ ਕੇ ਆਈ ਸੀ।

ਧੀ ਦੇ ਘਰ ਐਦਕੀਂ ਪਿਤੱਲ ਦੇ ਉਹ ਬਰਤਨ ਇਹਨੂੰ ਨਹੀਂ ਦਿੱਖੇ ਜੋ ਅਸਾਂ ਉਹਨੂੰ ਦਾਜ ਵਿਚ ਦਿੱਤੇ ਸੀ। ਉਨ੍ਹਾਂ ਬਰਤਨਾਂ ਵਿਚ ਤਰੈ ਅਜਿਹੇ ਸੀ ਜੋ ਮੇਰੀ ਘਰਵਾਲੀ ਦੇ ਆਪਣੇ ਦਾਜ

ਨਾਲ ਆਏ ਹੋਏ ਬਰਤਨਾਂ ਵਿਚੋਂ ਸਨ।

'ਮਾਂ ਦੀ ਨਿਸ਼ਾਨੀ ਵੇਖ ਕੇ ਕਦੇ ਯਾਦ ਈ ਕਰ ਦਿਆ ਕਰੇਗੀ।' ਅੱਗੋਂ ਧੀ ਦੇ ਦਾਜ ਵਾਲੇ ਬਰਤਨਾਂ ਵਿਚ ਇਹ ਤਿੰਨ ਬਰਤਨ ਸ਼ਾਮਲ ਕਰਦੇ ਹੋਏ ਭੁੱਲਰ ਨੇ ਬੜੀ ਸ਼ਰਧਾ ਨਾਲ ਕਿਹਾ ਸੀ।

'ਹੁਣ ਏਹ ਬਰਤਨ ਨਹੀਂ ਰਹੇ, ਵੇਚ ਤੇ ਧੀ ਸਾਡੀ ਨੇ।'

'ਕਿਸੇ ਵਰਤੋਂ ਵਿਚ ਨਹੀਂ ਸੀ, ਫ਼ਜ਼ੂਲ ਈ ਪਏ ਹੋਏ ਸੀ ਐਵੇਂ।' ਮਾਂ ਨੂੰ ਉਹਨੇ ਦੱਸਿਆ, 'ਉਹ ਵੇਚ ਕੇ ਮੈਂ ਏਹ ਵਾਟਰ ਸੈੱਟ ਲੈ ਲਿਆ।'

ਧੀ ਨੂੰ ਤਾਂ ਏਸ ਕੁਝ ਨਹੀਂ ਕਿਹਾ ਪਰ ਮੇਰੇ ਨਾਲ ਏਥੇ ਆ ਕੇ ਬੜਾ ਈ ਝੁਰੀ।

'ਜ਼ਰਾ ਅਹਿਸਾਸ ਨਹੀਂ ਹੋਇਆ ਉਹ ਨੂੰ ਪਈ ਇਨ੍ਹਾਂ ਬਰਤਨਾਂ ਨਾਲ ਕਿੰਨਾ ਕੁਝ ਜੁੜਿਆ ਹੋਇਆ ਸੀ ਆਪਣਾ। ਵਿਰਸਾ, ਯਾਦ ਮੋਹ.....,' ਤੇ ਗੱਲ ਪੂਰੀ ਕਰਨ ਤੋਂ ਪਹਿਲੇ ਈ ਏਹ ਫਿਸ ਪਈ।

ਹੁਣ ਉਸ ਮੇਰੇ ਅੱਗੇ ਰੋਟੀ ਪਰੋਸ ਦਿੱਤੀ ਏ।

'ਆਪ ਵੀ ਖਾ ਲੈਣੀ ਸੀ ਭੋਰਾ।' ਮੈਂ ਉਹਨੂੰ ਕਿਹਾ ਏ।

'ਦਿਲ ਨਹੀਂ ਮੰਨਦਾ,' ਆਖ ਕੇ ਕੋਲ ਈ ਬਹਿ ਗਈ ਏ ਮੇਰੇ।

ਗਰਾਹੀ ਤੋੜਦੇ ਹੋਏ ਮੈਂ ਸੋਚਿਆ ਏ। ਉਦਨ ਵਾਲੀ ਗੱਲ ਅੱਜ ਫਿਰ ਛੇੜਾਂ ਖ਼ਬਰੇ ਕੁਝ ਧੂਫ਼ ਨਿਕਲੇ ਮਨ ਇਹਦੇ ਦੀ ਤੇ ਬੋਝ ਕੁਝ ਹੌਲਾ ਹੋਵੇ।

ਹੁਣ ਕਮਰੇ ਵਿਚ ਆਪਣੇ-ਆਪਣੇ ਮੰਜੇ ਤੇ ਲੇਟੇ ਹੋਏ ਆਂ। ਟਟੈਹਨਿਆਂ ਦੇ ਬੋਲਣ ਦੀ ਆਵਾਜ਼ ਤੋਂ ਪਤਾ ਲੱਗਦਾ ਏ ਬਾਹਰ ਹਨੇਰਾ ਗੂੜ੍ਹਾ ਹੋ ਗਿਆ ਏ।

'ਹੈ ਤਾਂ ਤਹੈ ਬਰਤਨ ਈ ਸੀ, ਵਿਸਰਦੇ ਕਿਉਂ ਨਹੀਂ ਤੈਨੂੰ ? ਜਾਣ ਦੇ ਹੁਣ।' ਮੈਂ ਗੱਲ ਛੋਹੀ ਏ।

'ਬਰਤਨ ਈ ਨਹੀਂ ਸੀ ਨਿਰੇ ਉਹ.....ਨਾਲੇ ਗੱਲ ਬਰਤਨਾਂ ਦੀ ਨਹੀਂ..... ਉਨ੍ਹਾਂ ਨਾਲ ਜੁੜੇ ਭਾਵਾਂ, ਯਾਦਾਂ ਤੇ ਸ਼ਰਧਾ ਦੀ ਵੀ ਏ....ਪਰ ਤੁਹਾਨੂੰ ਕੀ ਲੱਗੇ.... ਤੁਸੀਂ ਕਿਹੜਾ ਸਮਝਦੇ......,' ਉਹ ਡੁਸਕ ਪਈ ਏ।

ਏਹ ਸ਼ਾਇਦ ਭਾਵਹੀਣ ਤੇ ਨਿਰਮੋਹ ਸਮਝਦੀ ਏ ਮੈਨੂੰ। ਪਰ ਹੁਣ ਮੇਰੀ ਦੁੱਖਦੀ ਰਗ ਛੇੜ ਦਿੱਤੀ ਏ ਇਹਨੇ।

'ਜਾਣਦੀ ਏਂ ਭੁੱਲਰੇ, ਮੁੰਡੇ ਦੇ ਵਾਰ-ਵਾਰ ਕਹਿਣ ਉੱਤੇ ਵੀ ਹੁਣ ਤੀਕ ਮੈਂ ਸ਼ਹਿਰ ਜਾਣ ਲਈ ਕਿਉਂ ਨਹੀਂ ਮੰਨਿਆ। ਹਾਲਾਂਕਿ ਪਿੱਛਲੀ ਵਾਰ ਬਹੂ ਦੇ ਜ਼ੋਰ ਦੇਣ ਤੇ ਤੂੰ ਮੰਨ ਈ ਗਈ ਸੀ। ਏਹ ਮੈਨੂੰ ਪਤਾ ਏ ਏਥੋਂ ਦੀ ਮਿੱਟੀ ਨੇ ਮੇਰੇ ਪੈਰਾਂ ਨੂੰ ਜਿਵੇਂ ਪੈਂਖੜ ਪਾਇਆ ਹੋਇਆ ਏ।' ਮੈਂ ਜਜ਼ਬਾਤ ਦੀ ਰੋਅ ਵਿਚ ਕਹਿੰਦਾ ਚਲਾ ਗਿਆ ਹਾਂ।

'ਆਪਣੇ ਪਿੰਡ ਵਿਚ ਏਹ ਦਾਰੇ ਵਿੱਚਲਾ ਬੋਹੜ ਹੈ ਨਾ ਜਿਹੜਾ, ਬਚਪਨ ਤੋਂ ਮੈਂ ਇਹਨੂੰ ਐਡਾ ਈ ਵੇਖਿਆ ਏ। ਨਿੱਕੇ ਹੁੰਦਿਆਂ ਇਕ ਵਾਰ ਮੈਂ ਆਪਣੇ ਪਿਉ ਕੋਲੋਂ ਏਸ ਬੋਹੜ ਦੀ ਉਮਰ ਬਾਰੇ ਪੁੱਛਿਆ ਤਾਂ ਉਹਨੇ ਦੱਸਿਆ, 'ਏਹ ਰੁੱਖ ਤਾਂ ਸਾਡੇ ਪੁਰਖਿਆਂ ਦਾ ਹਾਣੀ ਏ,' ਯਕੀਨ ਕਰੀਂ ਭੁੱਲਰੇ, ਫਿਰ ਤਾਂ ਅਜੀਬ ਹਾਲਤ ਹੋ ਗਈ ਮੇਰੀ, ਇਕ ਅਹਿਸਾਸ ਮਨ ਵਿਚ ਜਾਗ ਪਿਆ ਪਈ ਮੇਰੇ ਵੱਡਿਕੇ ਵੀ ਮੇਰੇ ਵਾਂਗੂੰ ਏਹਦੀ ਛਾਂ ਮਾਣਦੇ ਰਹੇ ਨੇ। ਇਕ ਆਮ ਜਿਹਾ ਬਰੋਟਾ ਮੇਰੇ ਲਈ ਬਹੁਤ ਅਹਿਮ ਹੋ ਗਿਆ, ਮੇਰੇ ਪੁਰਖਿਆਂ ਦੀ ਯਾਦ ਨਾਲ ਜੁੜਕੇ।'

'ਜਦ ਮੈਂ ਦਾਰੇ ਜਾਂਦਾ ਪੀੜ੍ਹੀਆਂ ਵਿਚਲੀ ਵਿੱਥ ਮਿਲ ਜਾਂਦੀ। ਏਹ ਬਿਰਖ ਮੈਨੂੰ ਤੇ ਮੇਰੇ ਪਿੱਛਲਿਆਂ ਨੂੰ ਇਕ ਕਰ ਦੇਂਦਾ। ਏਹਦੇ ਸਹਾਰੇ ਕਦੀ ਮੈਂ ਆਪਣੇ ਪਾਤਾਲ ਵਿਚ ਜਾ ਉੱਤਰਦਾ,



ਕਦੇ ਉਹ ਮੇਰੇ ਜੱਗ ਵਿਚ ਆ ਮੌਜੂਦ ਹੁੰਦੇ। ਏਹਦੇ ਟਹਿਣਾਂ ਤੇ ਚੜ੍ਹ ਕੇ ਏਂ ਲੱਗਦਾ ਜਿਵੇਂ ਦਾਦੇ ਦੇ ਕੰਧਾੜੇ ਬੈਠਾ ਹੋਵਾਂ। ਬੋਹੜ ਹੁਣ ਬੋਹੜ ਨਾ ਰਿਹਾ। ਜੀਊਂਦਾ ਜਾਗਦਾ ਜੀ ਹੋ ਗਿਆ ਮੇਰੇ ਲਈ। ਆਪਣੇ ਪਿੱਛਲਿਆਂ ਦੀ ਨਿਸ਼ਾਨੀ ਵਜੋਂ ਮੇਰੇ ਮਨ ਅੰਦਰ ਏਹਦੇ ਲਈ ਹੇਜ ਅੱਜ ਵੀ ਏ।'

'ਪੁਰਖਿਆਂ ਨਾਲ ਸਬੰਧਤ ਬੇਜਾਨ ਵਸਤਾਂ ਵਿਚ ਏਹ ਮੋਹ ਕਿਉਂ ਜਾਗ ਉੱਠਦਾ ਹੈ ?' ਮੈਂ ਇਹ ਕਹਿੰਦਿਆਂ ਫੈਸਲਾ ਨਹੀਂ ਕਰ ਪਾਇਆ ਕਿ ਇਹ ਸਵਾਲ ਮੈਂ ਆਪਣੀ ਤੀਵੀਂ ਭੁੱਲਰ ਨੂੰ ਕੀਤਾ ਏ ਜਾਂ ਆਪਣੇ ਆਪ ਨੂੰ।

'ਪਰ ਇਹ ਅਹਿਸਾਸ ਹੁਣ ਮਰਦਾ ਜਾਂਦਾ ਏ ਅਗਲੀ ਪੀੜ੍ਹੀ ਵਿਚੋਂ। ਤੇਰੇ ਤੋਂ ਵੀ ਪਹਿਲੇ ਮੈਂ ਜਾਣ ਗਿਆ ਸੀ ਏਹ ਅਤੇ ਤੂੰ ਕਹਿੰਦੀ ਏਂ ਮੈਂ ਨਹੀਂ ਸਮਝਦਾ।' ਮੰਜੀ ਤੇ ਲੇਟੀ ਹੋਈ ਭੁੱਲਰ ਵੱਲ ਵੇਖਦੇ ਹੋਏ ਮੈਂ ਕਿਹਾ ਏ। ਗਚ ਭਰ ਆਇਆ ਏ ਮੇਰਾ ਤੇ ਆਵਾਜ਼ ਗੰਭੀਰ ਹੁੰਦੀ ਜਾਂਦੀ ਏ। ਉਸ ਨੇ ਪਾਸਾ ਪਰਤ ਕੇ ਮੇਰੇ ਵੱਲ ਡਿੱਠਾ ਏ। ਉਂਜ ਉਹ ਚੁੱਪ ਏ। ਮੈਂ ਗੱਲ ਅੱਗੇ ਟੋਰ ਲਈ ਏ।

'ਕੁਝ ਦਿਨਾਂ ਲਈ ਜੇ ਸ਼ਹਿਰੋਂ ਆਪਣੇ ਪੋਤੀਆਂ ਪੋਤੇ ਏਥੇ ਆ ਜਾਂਦੇ ਨੇ ਤਾਂ ਤੂੰ ਕੀ ਸਮਝਦੀ ਏਂ ਉਨ੍ਹਾਂ ਨੂੰ ਆਵਦਾ ਹੇਜ ਖਿੱਚ ਲਿਆਉਂਦਾ ਏ ਜਾਂ ਜੱਦੀ ਪਿੰਡ ਦਾ ਮੋਹ ਟੋਰ ਲਿਆਉਂਦਾ ਏ ? ਨਹੀਂ, ਕਮਲੀਏ ਨਹੀਂ! ਉਨ੍ਹਾਂ ਨੂੰ ਤੇ ਸੈਲ ਸਪਾਟਾ ਲੈ ਆਉਂਦਾ ਏ ਏਥੇ। ਪਿੱਛੇ ਜਦ ਉਹ ਆਏ ਸੀ ਤਾਂ ਮੈਂ ਉਨ੍ਹਾਂ ਨੂੰ ਬੋਹੜ ਬਾਰੇ ਦੱਸਦਾ ਦਾਰੇ ਵਿਚ ਲੈ ਗਿਆ ਸੀ। ਇਹਦਾ ਬਹੁਤ ਪੁਰਾਣਾ ਤੇ ਵੱਡਾ ਹੋਣਾ ਤਾਂ ਉਨ੍ਹਾਂ ਨੂੰ ਦਿੱਸਿਆ ਪਰ ਏਹਦੇ ਵਿਚ ਆਪਣੇ ਪੁਰਖਾਂ ਦਾ ਕੋਈ ਚਿੰਨ੍ਹ ਉਨ੍ਹਾਂ ਨੂੰ ਨਜ਼ਰ ਨਹੀਂ ਸੀ ਆਇਆ। ਉਨ੍ਹਾਂ ਲਈ ਏਹ ਇਕ ਬਰੂਟਾ ਈ ਸੀ, ਬਸ।'

'ਜੋ ਮੈਨੂੰ ਜਾਪਦਾ ਸੀ ਉਨ੍ਹਾਂ ਨੂੰ ਕਿਉਂ ਮਹਿਸੂਸ ਨਹੀਂ ਹੋਇਆ ?' ਏਹ ਸਵਾਲ ਕਰਦਿਆਂ ਮੈਨੂੰ ਫਿਰ ਪਤਾ ਨਹੀਂ ਲੱਗਦਾ, ਏਹ ਮੈਂ ਆਪਣੇ ਆਪ ਤੋਂ ਪੁੱਛਿਆ ਏ ਜਾਂ ਸਾਹਮਣੇ ਮੰਜੇ ਤੇ ਲੇਟੀ ਹੋਈ ਆਪਣੀ ਤੀਵੀਂ ਭੁੱਲਰ ਤੋਂ ?

ਮੈਨੂੰ ਖੰਘ ਛਿੜ ਪਈ ਏ। ਉਹਨੇ ਏਸ ਡਰ ਤੋਂ ਕਿ ਮੈਨੂੰ ਖੰਘ ਦਾ ਗੋਤਾ ਨਾ ਲੱਗ ਜਾਏ, ਉੱਠ ਕੇ ਪਾਣੀ ਦਾ ਇਕ ਗਲਾਸ ਮੇਰੇ ਸਿਰਹਾਣੇ ਰੱਖ ਦਿੱਤਾ ਏ ਤੇ ਮੈਨੂੰ ਕਹਿੰਦੀ ਏ, 'ਸੌਂ ਜਾਉ ਹੁਣ।' ਮੈਂ ਉੱਠ ਕੇ ਮੰਜੀ ਤੇ ਬਹਿ ਗਿਆ ਹਾਂ। ਪਾਣੀ ਦਾ ਘੁੱਟ ਭਰ ਕੇ ਗਲਾਸ ਫਿਰ ਭੁੰਜੇ ਰੱਖ ਦਿੱਤਾ ਏ। ਚੁੱਪ ਦੇ ਏਸ ਵਕਫ਼ੇ ਵਿਚ ਬਾਹਰੋਂ ਆਉਂਦੀ ਟਟੈਹਣਿਆਂ ਦੀ ਆਵਾਜ਼ ਕਮਰੇ ਵਿਚ ਭਰੀਚ ਗਈ ਏ। ਜਿਹਨੂੰ ਮੇਰੀ ਆਵਾਜ਼ ਨੇ ਇਕ ਵਾਰ ਫਿਰ ਬਾਹਰ ਧੱਕ ਦਿੱਤਾ ਏ।

'ਇਕ ਵਾਰ ਮੈਂ ਆਪਣੇ ਪੋਤਿਆਂ ਨੂੰ ਦੱਸਿਆ ਪਈ ਇਹ ਤੁਹਾਡੇ ਪਿਉ ਦੀ ਜੰਮਣ ਭੋਏਂ ਏ। ਏਸ ਘਰ ਵਿਚ ਉਹਦਾ ਨਾੜੂ ਦੱਬਿਆ ਹੋਇਆ ਏ। ਭੁੱਲਰੇ! ਉਨ੍ਹਾਂ ਦੇ ਮਨ ਵਿਚ ਕੋਈ ਅਹਿਸਾਸ ਨਹੀਂ ਸੀ ਜਾਗਿਆ ਤੇ ਜਾਗ ਵੀ ਨਹੀਂ ਸੀ ਸਕਦਾ। ਸਰਕਾਰੀ ਨੌਕਰੀ ਕਰਦੇ ਸਾਡੇ ਪੁੱਤਰ ਦੀ ਵੱਖ-ਵੱਖ ਸ਼ਹਿਰਾਂ ਦੇ ਕਵਾਟਰਾਂ ਵਿਚ ਪੈਦਾ ਹੋਈ ਔਲਾਦ ਜੰਮਣ ਭੋਂ ਦੇ ਹੇਜ ਤੋਂ ਉੱਕਾ ਆਰੀ ਏ।'

'ਆਪਣੇ ਪਿੱਛੋਕੜ ਨਾਲੋਂ ਟੁੱਟ ਕੇ ਬਹੁਤ ਕੁਝ ਗਵਾਚ ਜਾਂਦਾ ਏ ਬੰਦੇ ਦਾ।' ਮੇਰਾ ਫਿਰ ਗਚ ਭਰ ਆਇਆ ਏ।

ਤੀਵੀਂ ਦੀ ਪੀੜ ਘਟਾਉਂਦੇ ਹੋਏ ਮੈਂ ਆਪਣੀ ਈ ਵੇਦਨਾ ਜਗਾ ਲਈ ਏ। ਮੇਰੇ ਮਨ ਵਿਚ ਹੁਣ ਕਈ ਤਰ੍ਹਾਂ ਦੇ ਭਾਵ ਉੱਠ ਖੜੋਤੇ ਨੇ।

ਮੇਰੀ ਅਗਲੀ ਪੀੜ੍ਹੀ ਦਾ ਸ਼ਜਰਾ ਮੇਰੇ ਨਾਲ-ਨਾਲ ਜੁੜੇ ਹੋਣ ਪਾਰੋਂ ਮੇਰੇ ਬਾਅਦ ਵੀ ਮੇਰੀ ਹੋਂਦ ਦੀ ਗਵਾਹੀ ਮਿਲਦੀ ਰਹੇਗੀ। ਏਹ ਧਰਵਾਸ ਹੈ ਮੈਨੂੰ, ਆਪਣੀ ਕੁੱਲ ਦੀ ਜੜ੍ਹ ਹਰੀ ਹੋਣ ਪਾਰੋਂ ਮੈਂ ਸੁਖਾਲ ਵਿਚ ਹਾਂ। ਭੁੱਲਰ ਕੋਲ ਤਾਂ ਕਮ-ਸੇ-ਕਮ ਇਹ ਧਰਵਾਸ ਤੇ ਅਹਿਸਾਸ ਵੀ ਨਹੀਂ।

ਔਰਤ ਹੋਣ ਦੇ ਨਾਤੇ ਏਹਦਾ ਮਾਮਲਾ ਕੁਝ ਗੰਭੀਰ ਹੈ। ਭਾਵੇਂ ਮੇਰੀ ਔਲਾਦ ਏਹਦੀ ਈ ਔਲਾਦ ਏ। ਪਰ ਖ਼ੂਨ ਦੀ ਸਾਂਝ ਹੋਣ ਕਰਕੇ ਵੀ ਏਹਦੀ ਗੱਲ ਕੁਝ ਦੂਸਰੀ ਏ। ਸਾਡੇ ਘਰ ਦਾ ਪਤਾ ਓਪਰੇ ਬੰਦੇ ਕਦੀ ਸੁੱਖੀ ਭੁੱਲਰ ਦਾ ਨਾਂ ਲੈ ਕੇ ਨਹੀਂ ਪੁੱਛਿਆ। ਮੇਰਾ ਰੀਟਾਇਰਡ ਸਕੂਲ ਮਾਸਟਰ ਅਹਿਮੋਂ ਚੱਠੇ ਦਾ ਈ ਪੁੱਛਦੇ ਆਏ ਨੇ। ਏਸ ਗੱਲ ਦਾ ਚਾਨਣ ਭੁੱਲਰ ਨੂੰ ਵੀ ਏ।

ਜੀਊਂਦੇ ਜੀ ਘਰ ਸਮਾਜ ਵਿਚ ਆਪਣੀ ਹੋਂਦ ਦੀ ਅਣਹੋਂਦ ਏਸ ਡਿੱਠੀ ਏ ਤੇ ਏਹਦੇ ਤੋਂ ਏਹ ਸੁਚੇਤ ਏ। ਏਸ ਲਈ ਵੀ ਹੁਣ ਮੋਇਆਂ ਪਿੱਛੋਂ ਵਿਸਰ ਜਾਣ ਦਾ ਖੌਫ਼ ਏਹਦੇ ਅਚੇਤ ਵਿਚੋਂ ਜਾਗ ਉੱਠਿਆ ਏ।

ਸ਼ਾਇਦ ਏਹੀ ਵਜ੍ਹਾ ਏ ਪਈ ਮੋਇਆਂ ਪਿੱਛੋਂ ਯਾਦ ਰੱਖਣ ਰਖਾਣ ਦੀ ਖੋਹ ਮੈਥੋਂ ਵੱਧ ਮੇਰੀ ਤੀਵੀਂ ਨੂੰ ਏਂ। 'ਜੱਗ ਤੇ ਆਪਣੀ ਹੋਂਦ ਦੇ ਚਿੰਨ੍ਹ ਛੱਡ ਜਾਣ ਦੀ ਕਿੰਨੀ ਲਾਲਸਾ ਹੁੰਦੀ ਏ ਬੰਦੇ ਨੂੰ,' ਕਹਿੰਦੇ ਹੋਏ ਮੈਂ ਭੁੱਲਰ ਵੱਲ ਵੇਖਿਆ ਏ। ਮੇਰੀ ਏਸ ਤੱਕਣੀ ਵਿਚ ਮੋਹ ਤੋਂ ਕਿੱਧਰੇ ਵੱਧ ਤਰਸੇਵਾਂ ਏਂ। ਭੁੱਲਰ ਸੁੱਤੀ ਪਈ ਏ। ਉਹਦੇ ਚਿਹਰੇ ਉੱਤੇ ਅੱਖਾਂ ਵਿਚੋਂ ਡਿੱਗੇ ਪਾਣੀ ਦੇ ਤੁਬਕੇ ਝੁਰੜੀਆਂ ਵਿਚ ਫੈਲੇ ਹੋਏ ਨੇ।

'ਸੁੱਖੀਏ ਮੈਂ ਤੈਨੂੰ ਭੁੱਲਣ ਨਹੀਂ ਦੇਣਾ।' ਮੈਂ ਦਿਲ ਵਿਚ ਫੈਸਲਾ ਕੀਤਾ ਏ।

ਨਹਿਰ ਵਾਲੀ ਭੋਏਂ ਵੇਚ ਦੇਣੀ ਏ ਹੁਣ। ਏਸ ਰਕਮ ਦਾ ਕੀ ਕਰਨਾ ਏ ਸੋਚ ਲਿਆ ਏ ਮੈਂ। ਸਵੇਰੇ ਈ ਸ਼ਹਿਰ ਜਾ ਕੇ ਵਕੀਲ ਨਾਲ ਗੱਲ ਕਰਾਂਗਾ। ਤੀਵੀਂ ਦਾ ਝੋਰਾ ਮੁਕਾ ਦੇਣਾ ਹੁਣ। ਇਕ ਉਪਾਅ ਹੈ ਮੇਰੇ ਕੋਲ।

'ਮੈਂ ਤੇਰੀ ਯਾਦ ਅਮਰ ਕਰ ਦੇਣੀ ਏ ਭੁੱਲਰੇ..... ਝਾੜ ਵਿਚ ਜਾਏ ਖਣਵਾਦਾ....ਲੋਕੇ ਵਿਚ ਤੇਰਾ ਨਾਮ ਰਹੇਗਾ.... ਜੱਗ ਤੇ ਯਾਦ ਬਣੀ ਰਹੇਗੀ ਤੇਰੀ.... ਮੋਇਆਂ ਪਿੱਛੋਂ ਵੀ....।'

ਉਹ ਸੁੱਤੀ ਹੋਈ ਏ ਤੇ ਮੈਂ ਮਨ ਦੀ ਰੋਅ ਵਿਚ ਆਪਣੇ ਆਪ ਨਾਲ ਈ ਗੱਲਾਂ ਕਰੀ ਜਾ ਰਿਹਾ ਹਾਂ। 'ਤੇਰੇ ਨਾਂ ਤੇ ਵੈੱਲਫੇਅਰ ਟਰੱਸਟ ਬਣਾ ਦੇਣਾ ਏ.... ਇਕ ਮੈਮੋਰੀਅਲ ਟਰੱਸਟ.....।'

---


ਜੋਗਿੰਦਰ ਸਿੰਘ ਨਿਰਾਲਾ ਦਾ
ਨਵਾਂ ਕਹਾਣੀ ਸੰਗ੍ਰਹਿ
**ਜ਼ਿੰਦਗੀ ਦਾ ਦਰਿਆ**

ਅਜਾਇਬ ਸਿੰਘ ਹੁੰਦਲ
ਦੇ ਦੋ ਨਵੇਂ ਕਾਵਿ-ਸੰਗ੍ਰਹਿ
**ਅਜੇ ਨਾ ਗਿਣ**
**ਖ਼ਾਲੀ ਥਾਵਾਂ**
ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

**ਪੰਜਾਬੀ ਦਲਿਤ ਕਹਾਣੀਆਂ**
ਸੰਪਾਦਕ : ਡਾ. ਬਲਦੇਵ ਸਿੰਘ 'ਬੱਦਨ'
ਨੈਸ਼ਨਲ ਬੁੱਕ ਟਰੱਸਟ, ਇੰਡੀਆ
ਦਿੱਲੀ




## ਮੈਨੂੰ ਆਪਣੀਆਂ ਹੋਰ ਸੰਭਾਵਨਾਵਾਂ ਦੀ ਅਜੇ ਤਲਾਸ਼ ਹੈ... ਡਾ. ਮਨਮੋਹਨ

*– ਤਰਸੇਮ*

? ਡਾ. ਸਾਹਿਬ ਆਪਣੇ ਪਿਛੋਕੜ ਬਾਰੇ ਦੱਸੋ ?

– ਦੋਸਤ... ਮੇਰਾ ਵੀ ਪਿਛੋਕੜ ਹੈ, ਬਾਕੀ ਸਾਰਿਆਂ ਵਾਂਗ। ਮੈਨੂੰ ਗੌਰਵ ਹੈ ਇਸ 'ਤੇ। ਮੇਰੇ ਪਿਤਾ ਜੀ ਦੱਸਦੇ ਹੁੰਦੇ ਨੇ ਕਦੇ ਲੋਰ 'ਚ ਆ ਕੇ ਕਿ ਸਾਡੇ ਪੁਰਖਿਆਂ 'ਚੋਂ ਇੱਕ ਧਰਤੂ ਨਾਮ ਦਾ ਬੰਦਾ ਹੋਇਆ ਜਿਸਨੇ ਆਨੰਦਪੁਰ ਵਿਖੇ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਹੋਰਾਂ ਤੋਂ ਅੰਮ੍ਰਿਤ ਛਕਿਆ। ਦੁਆਬੇ ਦੇ ਰਮਦਾਸੀਆ ਬਰਾਦਰੀ 'ਚੋਂ ਉਹ ਪਹਿਲੇ ਸਜ਼ੇ ਸਿੱਖਾਂ 'ਚੋਂ ਸੀ। ਬਾਅਦ 'ਚ ਇਹੋ ਬਰਾਦਰੀ ਖ਼ਾਲਸਾ ਬਰਾਦਰੀ ਕਹਿਲਵਾਈ। ਉਸ ਪਾਹੁਲ ਮਾਨ ਨੇ ਕਾਇਆ ਕਲਪ ਕਰ ਦਿੱਤੀ ਧਰਤੂ ਦੀ। ਧਰਤੀ ਧਕੇਲ ਸਿੰਘ ਬਣਕੇ ਉਸਨੇ ਕਈ ਜੰਗਾਂ 'ਚ ਹਿੱਸਾ ਲਿਆ। ਕਹਿੰਦੇ ਨੇ ਬੰਦੇ ਬਹਾਦਰ ਵੇਲੇ ਉਹ ਚਪੜਚਿੜੀ ਦੀ ਜੰਗ 'ਚ ਸ਼ਹੀਦ ਹੋਇਆ। ਇਸੇ ਧਰਤੀ ਧਕੇਲ ਸਿੰਘ ਤੋਂ ਸਾਡੇ ਲਾਣੇ ਨੂੰ ਸ਼ਬਦ ਦੀ ਦੀਖਿਆ ਮਿਲੀ। ਮੇਰੇ ਪੜਦਾਦੇ ਨੇ 1921 'ਚ ਹਰਿਮੰਦਰ ਸਾਹਿਬ 'ਚ ਦਲਿਤਾਂ ਦੇ ਪ੍ਰਸਾਦ ਸਵਿਕਾਰ ਦੀ ਮੁਹਿੰਮ 'ਚ ਹਿੱਸਾ ਲਿਆ। ਬਾਅਦ 'ਚ ਉਹ ਸਿੰਘ ਸਭਾ ਲਹਿਰ ਅਧੀਨ ਕਈ ਅਕਾਲੀ ਮੋਰਚਿਆਂ 'ਚ ਗਿਆ। ਉਸਨੇ ਆਪਣੇ ਪੁੱਤਰ/ਮੇਰੇ ਦਾਦੇ ਨੂੰ ਸ਼ਬਦ ਕੀਰਤਨ ਦੇ ਲੜ ਲਾਇਆ। ਉਹ ਆਪ ਵੀ ਸੰਗੀਤ ਰਸੀਆ ਸੀ। ਮੇਰੇ ਦਾਦੇ ਨੇ ਕਈ ਸੰਗੀਤ ਘਰਾਣਿਆਂ ਤੋਂ ਕੀਰਤਨ ਸਿੱਖਿਆ। ਹਜ਼ੂਰੀ ਕੀਰਤਨੀਆ ਵੀ ਰਿਹਾ ਉਹ। ਮੇਰੇ ਪਿਤਾ ਤੇ ਚਾਚਾ ਜੀ ਵੀ ਕੀਰਤਨ ਕਰਦੇ ਸਨ। ਚੰਗੇ ਸਾਜ਼ਿੰਦੇ ਵੀ। ਮੇਰਾ ਪਿਤਾ ਤਬਲਾ ਨਵਾਜ਼ ਨੇ। ਮੇਰਾ ਚਾਚਾ ਅੱਜਕੱਲ੍ਹ ਅਮਰੀਕਾ 'ਚ ਹੈ। ਉਸਦੀ ਸੰਗੀਤਕਾਰੀ ਅਜੇ ਵੀ ਜਾਰੀ ਹੈ। ਮੇਰੀ ਇੱਕ ਭੂਆ ਦਾ ਮੁੰਡਾ ਅਮਰੀਕਾ ਦੇ ਇੱਕ ਵੱਡੇ ਸਾਰੇ ਆਰਕੈਸਟਰਾ ਦਾ ਡ੍ਰੰਮਰ ਹੈ।

ਮੇਰੇ ਨਾਨਕਾ ਪਰਿਵਾਰ 'ਚ ਮੇਰੇ ਨਾਨਾ ਅਧਿਆਪਕ ਸਨ। ਸ਼੍ਰੋਮਣੀ ਕਮੇਟੀ ਦੇ ਵਿੱਦਿਆ ਭੰਡਾਰ ਦਾ ਸਕੂਲ ਚਲਾਉਂਦੇ ਸਨ। ਗੁਰਬਾਣੀ ਦੇ ਵੱਡੇ ਵਿਆਖਿਆਕਾਰ ਸਨ। ਮੇਰੀ ਮਾਤਾ ਵੀ ਕਵਿਤਾ ਲਿਖਦੀ ਹੈ।

ਕਈ ਵਾਰ ਮੈਂ ਸੋਚਦਾਂ ਸ਼ਬਦ ਸਾਧਨਾ ਦੇ ਕਣ ਮੇਰੇ ਖ਼ੂਨ 'ਚ ਨੇ। ਕਦੀ ਕਦੀ ਇਹ ਵੀ ਮਨ 'ਚ ਆਉਂਦਾ ਕਿ ਮੇਰੀ 'ਦਸਮ ਗ੍ਰੰਥ' ਉੱਤੇ ਪੀ.ਐਚ.ਡੀ. ਦਾ ਅਧਿਐਨ ਵੀ ਸ਼ਾਇਦ ਮੇਰੇ ਅਚੇਤਨ 'ਚ ਧਰਤੂ ਦੀ ਰੂਹ ਦੇ ਅਵਿਸ਼ੇਸ਼ਾਂ ਕਾਰਣ ਤਾਂ ਨਹੀਂ ਕਿਤੇ।

ਕਹਿਣ ਦਾ ਭਾਵ ਹੈ ਕਿ ਸਾਡੀ ਜਨੈਟਿਕ ਦਾ ਵੀ ਵੱਡਾ ਰੋਲ ਹੁੰਦੈ ਸਾਡੇ ਵਿਅਕਤੀਤਵ 'ਤੇ। ਬਚਪਨ 'ਚ ਹੀ ਘਰ 'ਚ ਪੜ੍ਹਨ ਲਿਖਣ ਦਾ ਮਾਹੌਲ ਸੀ। ਕਿਤਾਬਾਂ ਹੁੰਦੀਆਂ ਸਨ ਆਲੇ-ਦੁਆਲੇ। ਪੜ੍ਹਦੇ ਰਹੀਦਾ ਸੀ। ਮੈਨੂੰ ਯਾਦ ਹੈ ਮੈਂ ਜਿਹੜੀ ਪਹਿਲੀ ਕਿਤਾਬ ਪੜ੍ਹੀ ਸੀ ਉਹ ਸੀ 'ਸਿੱਖ ਰਾਜ ਦੇ ਉੱਸਰੀਏ'। ਲੇਖਕ ਦਾ ਨਾਮ ਭੁੱਲ ਗਿਆ। ਦਸਵੀਂ ਦੇ ਇਮਤਿਹਾਨਾਂ 'ਚ ਮੈਂ ਚੋਰੀ-ਚੋਰੀ ਰੂਸੀ ਨਾਵਲ ਪੜ੍ਹਦਾ ਹੁੰਦਾ ਸਾਂ ਮਨਿੰਦਰ ਕਾਂਗ ਕੋਲੋਂ ਲੈ ਕੇ। ਕਾਂਗ ਤੇ ਮੈਂ ਬਚਪਨ ਦੇ ਦੋਸਤ ਹਾਂ। ਲਵ-ਹੇਟ ਦਾ ਰਿਸ਼ਤਾ ਰਿਹਾ ਸਾਡਾ। ਪਰ ਸਾਹਿਤ ਸਾਡੇ ਰਿਸ਼ਤੇ ਦਾ ਸਾਂਝਾ ਸਬੱਲ ਸੀ। ਕਾਲਜ ਤੇ ਯੂਨੀਵਰਸਿਟੀ ਪੜ੍ਹਦਿਆਂ ਤਾਂ ਸ਼ਬਦ ਸਾਧਨਾ ਹੀ ਜੀਵਨ ਬਣ ਗਿਆ। 'ਵਾਕ ਪਦਯ' ਦਾ ਰਚੈਤਾ ਭਰਥਰੀਹਰੀ ਕਹਿੰਦਾ ਹੈ ਕਿ ਸ਼ਬਦ ਹੀ ਜਗਤ ਦਾ ਨਿਮਿਤ ਕਾਰਣ ਹੈ। ਬ੍ਰਹਮ ਦੋ ਪ੍ਰਕਾਰ ਦੇ ਨੇ, ਸ਼ਬਦ ਬ੍ਰਹਮ ਤੇ ਪਾਰਬ੍ਰਹਮ। ਸ਼ਬਦ ਦਾ ਜਾਣਕਾਰ ਵਿਅਕਤੀ ਹੀ ਪਾਰਬ੍ਰਹਮ ਪਾਉਂਦਾ ਹੈ। ਕਾਲੀਦਾਸ ਦੇ 'ਰਘੂਵੰਸ਼' ਦਾ ਪਹਿਲਾ ਸ਼ਲੋਕ ਹੀ ਇਸ ਦੀ ਵਿਆਖਿਆ ਕਰਦਾ ਹੈ।

'ਵਾਗਾਰਥਾਵਿਵਾ ਸੰਪਰਾਕਤਾਓ ਵਾਗਾਰਥਾ ਪ੍ਰਤੀਪਾਏ,

ਜਗਥ ਪਿਤਰਾਓ ਵੰਦੇ ਪਾਰਵਤੀ ਪਰਮੇਸ਼ਵਰਾਓ।'

ਭਾਵ ਸ਼ਬਦ ਤੇ ਅਰਥ ਦੇ ਸਹੀ ਗਿਆਨ ਲਈ ਮੈਂ ਦੇਵਤਿਆਂ ਦੇ ਦੇਵਤੇ ਸ਼ਿਵ ਪਾਰਵਤੀ ਅੱਗੇ ਨਤਮਸਤਕ ਹਾਂ, ਜੋ ਸਗਲ ਬ੍ਰਹਿਮੰਡ ਦੇ ਸਿਰਜਾਣਹਾਰੇ/ਪਾਲਕ/ਨਾਸ਼ਕ ਹਨ ਤੇ ਉਨ੍ਹਾਂ ਵਿਚਲਾ ਸਦੀਵੀ ਰਿਸ਼ਤਾ ਸ਼ਬਦ ਤੇ ਅਰਥ ਦੇ ਰਿਸ਼ਤੇ ਜਿਹਾ ਹੀ ਹੈ।

? ਹਰ ਬੰਦੇ ਲਈ ਬਚਪਨ ਬੜਾ ਮਹੱਤਵਪੂਰਨ ਹੁੰਦਾ ਹੈ। ਤੁਸੀਂ ਆਪਣੇ ਬਚਪਨ ਨੂੰ ਯਾਦ ਕਰਦੇ ਹੋ ਤਾਂ ਕਿਵੇਂ ਲਗਦਾ ਹੈ ? ਕਿਹੋ ਜਿਹਾ ਸੀ ਬਚਪਨ ?

– ਕਈ ਵਾਰ 'ਕੱਲਿਆਂ ਬੈਠੇ ਬਚਪਨ ਦੀਆਂ ਕਈ ਗੱਲਾਂ ਯਾਦ ਆ ਜਾਂਦੀਆਂ ਨੇ। ਬੜਾ ਆਲ਼ਾ ਭੋਲਾ ਸਹਿਜ ਤੇ ਸਵੱਸ਼ ਜਿਹਾ ਬਚਪਨ। ਹੈਨਰੀ ਬਰਗਸਾਂ ਕਹਿੰਦਾ ਹੈ ਕਿ ਸਹਿਜਬੋਧ ਸਿਮਰਤੀ ਹੈ, ਪ੍ਰਤੱਖਣ ਨਹੀਂ। ਪ੍ਰਤੱਖਣ ਸਿੱਖਿਆ ਹੁੰਦੈ। ਇਸੇ ਕਰਕੇ ਸਹਿਜ ਨਹੀਂ ਹੁੰਦਾ। ਬਨਾਵਟ ਹੁੰਦੀ ਹੈ ਇਸ 'ਚ। ਜਿਉਂ-ਜਿਉਂ ਬਚਪਨ ਮੁੱਕਦੈ, ਸਹਿਜ ਲੁਪਤ ਹੁੰਦਾ ਚਲਿਆ ਜਾਂਦੈ।

ਬਚਪਨ ਦੀਆਂ ਕਈ ਘਟਨਾਵਾਂ ਏਨੀਆਂ ਸਹਿਜ ਸਨ ਕਿ ਜਦੋਂ ਕਦੀ ਹੁਣ ਦੇ ਵਿਯਨ 'ਚੋਂ ਦੇਖਣਾ ਤਾਂ ਉਹ ਬੜੀਆਂ ਅਸਹਿਜ ਲਗਦੀਆਂ ਹਨ। ਕਾਰਣ ਇਹ ਹੁਣ ਪ੍ਰਤੱਖਣ ਤੇ ਸਮਝਦਾਰੀ ਹੀ ਸਹਿਜ ਦਾ ਹਿੱਸਾ ਬਣ ਗਈ ਹੈ। ਪੜ੍ਹਾਈ 'ਚ ਦਸਵੀਂ ਤੱਕ ਕੰਮਜ਼ੋਰ ਸਾਂ। ਗਿਆਰਵੀਂ 'ਚ ਫੇਲ੍ਹ ਹੋ ਗਿਆ। ਸਾਇੰਸ ਤੇ ਗਣਿਤ ਦੀ ਸਮਝ ਨਹੀਂ ਸੀ ਆਉਂਦੀ। ਅੰਤ ਸਾਇੰਸ ਛੱਡ ਆਰਟਸ 'ਚ ਆ ਗਿਆ। ਇੰਝ ਲੱਗਿਆ ਮੈਨੂੰ ਮੇਰਾ ਸਹਿਜ ਜਗਤ ਮਿਲ ਗਿਆ ਹੋਵੇ। ਇਤਿਹਾਸ ਤੇ ਸਾਹਿਤ ਦੀ ਮੱਸ ਉਦੋਂ ਹੀ ਵਧੀ। ਬੀਏ ਤੱਕ ਤਾਂ ਸਾਰਾ ਕੁਝ ਹੀ ਸਾਹਿਤਮਈ ਹੋ ਗਿਆ।

ਮੈਨੂੰ ਮੇਰਾ ਪਹਿਲਾ ਇਸ਼ਕ ਵੀ ਯਾਦ ਆਉਂਦੈ। ਇੱਕ ਪਾਸੜ ਤੇ ਅੱਧਾ-ਅਧੂਰਾ ਇਸ਼ਕ। ਇਸ ਇਸ਼ਕ ਨੇ ਸਾਹਿਤ ਸਿਰਜਣਾ ਵੱਲ ਪ੍ਰੇਰਿਆ। ਉਸ ਰੱਬ ਦੀ ਬੰਦੀ ਨੂੰ ਪਤਾ ਹੀ ਨਾ ਲੱਗਿਆ ਕਿ ਓਸ ਨਾਲ ਕੋਈ ਇਸ਼ਕ ਵੀ ਕਰਦਾ ਚੁੱਪਚਾਪ। ਇਹ ਚੁੱਪ 'ਚ ਕਵਿਤਾ 'ਚ ਮੁਖਰ ਹੋਈ। 1982 'ਚ ਛਪੀ ਮੇਰੀ ਪਹਿਲੀ ਕਵਿਤਾ ਦੀ ਕਿਤਾਬ 'ਅਗਲੇ ਚੌਰਾਹੇ ਤੱਕ' ਦੀਆਂ ਬਹੁਤੀਆਂ ਕਵਿਤਾਵਾਂ ਪਿਆਰ ਕਵਿਤਾਵਾਂ ਹਨ।

? ਘਰ ਦਾ ਮਾਹੌਲ ਕਿਹੋ ਜਿਹਾ ਸੀ ?

– ਘਰ ਦਾ ਮਾਹੌਲ ਮੱਧਵਰਗੀ ਸੀ। ਘਰ ਦੇ ਨੌਕਰੀ ਪੇਸ਼ਾ/ਸੰਜਮੀ/ਮਿਹਨਤ ਕਰ ਕਰਾ ਕੇ ਕਿਸ਼ਤਾਂ 'ਤੇ ਘਰ ਨਿਰਮਾਣ। ਹਰ ਕਾਸੇ ਦੀ ਕਿਰਸ। ਥੁੜ ਪਰ ਫਿਰ ਵੀ ਸੰਤੁਸ਼ਟੀ ਸੀ। ਮਾਂ ਦੇ ਹੱਥਾਂ ਦੀ ਬਣੀ ਸਬਜ਼ੀ ਜਾਂ ਮੀਟ ਦਾ ਸਵਾਦ ਅੱਜ ਵੀ ਕਈ ਵਾਰ ਯਾਦ ਆਉਂਦੈ।

ਪਰ ਸਕੂਲ 'ਚ ਪੜ੍ਹਨ ਦੇ ਦਿਨਾਂ 'ਚ ਹੀ ਘਰ 'ਚ ਵੱਡੀ ਘਟਨਾ ਵਾਪਰੀ। ਮੇਰੇ ਮਾਂ-ਬਾਪ ਅਲੱਗ-ਅਲੱਗ ਹੋ ਗਏ। ਮਾਂ ਦਾ ਸੁਭਾਅ ਆਦਰਸ਼ਵਾਦੀ ਤੇ ਬਾਪ ਪੂਰਾ ਦੁਨੀਆਦਾਰ। ਸਾਨੂੰ ਤਿੰਨਾਂ (ਮੇਰੀਆਂ ਦੋ ਭੈਣਾਂ) ਨੂੰ ਪਾਲਣ ਤੇ ਪੜ੍ਹਾਉਣ 'ਚ ਸਾਡੀ ਮਾਂ ਦੀ ਵੱਡੀ ਭੂਮਿਕਾ ਰਹੀ। ਛੁੱਟੜ ਮਾਂ ਦਾ ਪੁੱਤ ਹੋਣ ਕਾਰਣ ਇਹ ਜਜ਼ਬਾ ਮਨ 'ਚ ਪੈਦਾ ਹੋਇਆ ਕਿ ਪੜ੍ਹ ਲਿਖ ਕੇ ਕੁਝ ਬਣਨੈ। ਜਦੋਂ ਸੰਘਰਸ਼ ਸ਼ੁਰੂ ਹੋਇਆ ਤੇ ਕਈ ਰਾਹ ਨਿਕਲਦੇ ਗਏ ਅੱਗਿਓਂ। ਅੱਜ ਪਿਛਾਂਹ ਮੁੜ ਕੇ ਦੇਖਦਾ ਤਾਂ ਕਿਸੇ ਵੰਚਕਾ ਦਾ ਅਹਿਸਾਸ ਅਜੇ ਵੀ ਮਨ ਦੇ ਕਿਸੇ ਕੋਨੇ 'ਚ ਕਸਕਦੈ। ਘਰ ਦੇ ਮਾਹੌਲ 'ਚ ਮਾਂ-ਬਾਪ ਦੋਹਾਂ ਦੀ ਭਾਗੀਦਾਰੀ ਜ਼ਰੂਰੀ ਹੁੰਦੀ ਹੈ।

? ਸਕੂਲ/ਕਾਲਜ ਪੜ੍ਹਦਿਆਂ ਕਿਹੋ ਜਿਹੀਆਂ ਰੁਚੀਆਂ ਦੇ ਮਾਲਕ ਸੀ ?

– ਕਾਲਜ ਦੇ ਦਿਨ ਸੰਘਰਸ਼ ਦੇ ਦਿਨ ਸਨ। ਇਸ ਸੰਘਰਸ਼ ਨੂੰ ਸਰੂਪ ਦੇਣ 'ਚ ਸਾਹਿਤ ਦਾ ਅਹਿਮ ਰੋਲ ਰਿਹੈ। ਕਾਲਜ 'ਚ ਜਿਵੇਂ ਕੁਝ ਮੁੰਡੇ ਹੁੰਦੇ ਨੇ, ਚੁੱਪ-ਚਾਪ ਪੜ੍ਹਨ ਲਿਖਣ ਵਾਲੇ। ਆਦਰਸ਼ ਨੂੰ ਪ੍ਰਣਾਏ। ਸ਼ਾਇਦ ਖੱਬੇਪੱਖੀ ਹੋਣ 'ਚ ਵੀ ਕਿਸੇ ਸੰਘਰਸ਼ ਦਾ ਪ੍ਰਤੌਅ ਵੀ ਝਲਕਦੈ। ਕਾਲਜ 'ਚ ਇੱਕ



ਨਾਵਲ ਪੜ੍ਹਿਆ ਸੀ ਆਈਨ ਰੈਂਡ ਦਾ 'ਦਾ ਫਾਉਂਨਟੇਨ ਹੈੱਡ' ਉਸ ਨਾਵਲ 'ਚ ਉਹ ਕਹਿੰਦੀ ਹੈ, "One should make an idealised image of himself and try to resemble with it" ਭਾਵ ਇੱਕ ਆਦਰਸ਼ ਸਿਰਜੋ ਤੇ ਉਸ ਨੂੰ ਸਮਰਪਿਤ ਹੋ ਜਾਵੋ।

? ਜੋ ਹੁਣ ਤੁਹਾਡਾ ਚਿੰਤਨੀ ਸ਼ੈਲੀ ਵਾਲਾ ਅਕਸ ਹੈ, ਕੀ ਉਹ ਬਚਪਨ/ਸਕੂਲ ਵੇਲੇ ਵੀ ਸੁਭਾਅ ਚਿੰਤਨੀ ਸ਼ੈਲੀ ਵਾਲਾ ਸੀ ?

– ਚੁੱਪ ਰਹਿੰਦਾ ਸਾਂ। ਘੱਟ ਬੋਲਦਾ। ਵੱਧ ਸੋਚਦਾ। ਬਚਪਨ 'ਚ ਮੇਰਾ ਪੜ੍ਹਾਈ 'ਚ ਮਨ ਨਹੀਂ ਸੀ ਲਗਦਾ। ਇਸੇ ਕਾਰਣ ਕੰਮਜ਼ੋਰ ਸਾਂ। ਪੜ੍ਹਨ ਤੋਂ ਇਲਾਵਾ ਮਨ ਹੋਰ ਹੀ ਕੁਝ ਸੋਚਦਾ ਰਹਿੰਦਾ। ਕਹਾਣੀਆਂ ਨਾਵਲ ਪੜ੍ਹਨ ਦਾ ਸ਼ੌਕ ਸੀ। ਮੈਨੂੰ ਯਾਦ ਨਹੀਂ ਕਿਹੜੀ ਜਮਾਤ ਸੀ। ਅਗਲੇ ਦਿਨ ਇਮਤਿਹਾਨ ਸੀ ਤੇ ਦੇਰ ਰਾਤ ਕੋਈ ਨਾਵਲ ਪੜ੍ਹਦਾ ਰਿਹਾ। ਪੜ੍ਹਾਈ 'ਚ ਕੰਮਜ਼ੋਰ ਹੋਣ ਕਾਰਣ, ਨੰਬਰ ਘੱਟ ਆਉਣ ਕਾਰਣ ਸਕੂਲੇ ਮਾਸਟਰਾਂ ਕੋਲੋਂ ਮਾਰ ਪੈਂਦੀ। ਬੈਕ ਬੈਂਚਰ ਜਾਂ ਇਸੇ ਡਰ ਕਾਰਨ ਮੈਂ ਸਕੂਲੋਂ ਭੁੱਟਣਾ ਸ਼ੁਰੂ ਕਰ ਦਿੱਤਾ। ਇੱਕ ਵਾਰ ਤਾਂ ਪੂਰਾ ਡੇਢ ਮਹੀਨਾ ਸਕੂਲ ਨਾ ਵੜ੍ਹਿਆ। ਸਾਡੇ ਘਰਾਂ ਲਾਗੇ ਹੀ ਮਾਲ ਮੰਡੀ ਹੁੰਦੀ ਸੀ ਉੱਥੇ ਹੀ ਸਾਰਾ ਸਾਰਾ ਦਿਨ ਗੁਜ਼ਾਰਦਾ। ਨਾਖਾਂ ਦੇ ਬਾਗ਼ਾਂ 'ਚ ਸਾਰਾ-ਸਾਰਾ ਦਿਨ ਬੈਠੇ ਰਹਿਣਾ। ਮਾਂ ਦੀਆਂ ਬਣਾਈਆਂ ਲੂਣ ਇਜਵਾਈਣ ਦੀਆਂ ਪਰੌਂਠੀਆਂ ਖਾ ਕੇ ਮਾਲ ਮੰਡੀ ਦੇ ਸਾਧ ਦੇ ਡੇਰੇ ਦੇ ਨਲਕੇ ਤੋਂ ਪਾਣੀ ਪੀ ਲੈਣਾ ਤੇ ਸ਼ਾਮ ਨੂੰ ਛੁੱਟੀ ਵੇਲੇ ਘਰ ਜਾ ਵੜ੍ਹਨਾ। ਇਸ ਦੌਰਾਨ ਕਈ ਕੁਝ ਮਨ ਹੀ ਮਨ ਸੋਚਦੇ ਰਹਿਣਾ। ਇੱਕ ਤਰ੍ਹਾਂ ਦਾ ਇੰਨਰੋਵਰਟ ਹੋ ਗਿਆ ਸਾਂ ਮੈਂ। ਸ਼ਾਇਦ ਵੱਖਰੀ ਤਰ੍ਹਾਂ ਸੋਚਣ ਤੇ ਜਿਉਣ ਕਾਰਣ ਇਹ ਚਿੰਤਨ ਵੱਲ ਦਾ ਖੁੱਲ੍ਹਦਾ ਰਾਹ ਸੀ। ਕਹਿ ਨਹੀਂ ਸਕਦਾ। ਮੇਰੀ ਕਿਤਾਬ 'ਸੁਰ ਸੰਕੇਤ' 'ਚ ਇੱਕ ਕਵਿਤਾ ਹੈ 'ਸਰਗੋਸ਼ੀ ਇੱਕ ਸਿਲ੍ਹੀ ਜਿਹੀ...'। ਦਰਅਸਲ ਇਹ ਕਵਿਤਾ ਪ੍ਰੇਮ ਦੀ ਪੂਰਣਤਾ 'ਚੋਂ ਬਚਪਨ ਦੀ ਅਪੂਰਣਤਾ ਨੂੰ ਸੰਪੂਰਣ ਕਰਨ ਦੀ ਚੇਸ਼ਟਾ ਦੀ ਕਵਿਤਾ ਹੈ। ਮੈਨੂੰ ਲਗਦਾ ਜੀਵਨ ਲਈ ਸੋਚਣ ਤੋਂ ਵੱਖਰੀ ਸੋਚਣਾ, ਸੋਚਣਾ ਜ਼ਰੂਰੀ ਹੈ ਤੇ ਜੇ ਵੱਖ ਹੀ ਤਰ੍ਹਾਂ ਸੋਚਦੈ ਉਹ ਹਮੇਸ਼ਾ 'ਕੱਲਾ ਹੀ ਹੁੰਦੈ। ਇਸ ਸਾਰੇ ਭਰੱਪਣ ਦੇ ਬਾਵਜੂਦ...

? "ਕਵਿਤਾ ਮੈਨੂੰ ਸਿਰਜਦੀ ਏ, ਜਦੋਂ ਮੈਂ ਸਿਰਜਣ ਰਿਹਾ ਹੁੰਦਾ ਕਵਿਤਾ" ਉਹ ਪਲ ਬੜੇ ਕਰਤਾਰੀ ਹੁੰਦੇ ਹਨ, ਜਦ ਕਵੀ ਨੂੰ ਇਹ ਪਤਾ ਲੱਗੇ ਕਿ ਕੋਈ ਸ਼ੈਅ ਉਸਨੂੰ ਸਿਰਜ ਰਹੀ ਹੈ। ਸ਼ੁਰੂ-ਸ਼ੁਰੂ 'ਚ ਤੁਹਾਨੂੰ ਇਹ ਕਦ ਮਹਿਸੂਸ ਹੋਇਆ ?

– ਦਰਅਸਲ ਸਿਰਜਣਾ ਹੈ ਹੀ ਇਨਵਰਸ ਪ੍ਰੋਸੈੱਸ। ਜਦੋਂ ਤੁਸੀਂ ਕੁਝ ਸਿਰਜ/ਲਿਖ ਰਹੇ ਹੁੰਦੇ ਹੋ ਤਾਂ ਆਪ ਵੀ ਸਿਰਜੇ/ਲਿਖੇ ਜਾ ਰਹੇ ਹੁੰਦੇ ਹੋ। ਇਸ ਪ੍ਰਕਿਰਿਆ 'ਚ ਸਿਰਜਣਾ ਤੇ ਸਿਰਜਕ 'ਚ 'Quid Pro Quo ਦਾ ਰਿਸ਼ਤਾ ਹੁੰਦੈ। ਦੋਹਾਂ 'ਚ ਇੱਕ ਅਦਾਨ-ਪ੍ਰਦਾਨ ਚੱਲਦੈ। ਇਹ ਉਵੇਂ ਹੀ ਹੈ ਜਿਵੇਂ ਇਹ ਕਹਿਣਾ ਕਿ ਇਹ ਲੇਖਕ ਨਹੀਂ ਹੈ ਜੋ ਲਿਖਦਾ ਹੈ ਸਗੋਂ ਪਾਠਕ ਹੈ ਜੋ ਲਿਖਦਾ ਹੈ। ਪਾਠਕ ਪਾਠ ਨੂੰ ਮੁੜ ਸਿਰਜ ਰਿਹਾ ਹੁੰਦੈ। ਇਨ੍ਹਾਂ ਪਲਾਂ ਦੀ ਪਛਾਣ ਕੀਤਿਆਂ ਨਹੀਂ ਆਉਂਦੀ। ਇਹ ਸਹਿਵਨ ਇੱਕ ਪਲ-ਖਿਣ 'ਚ ਪ੍ਰਗਟ ਹੁੰਦੀ ਹੈ ਤੇ ਆਲੋਪ ਹੋ ਜਾਂਦੀ ਏ। ਬਾਕੀ ਰਹਿ ਜਾਂਦਾ ਹੈ ਇੱਕ ਅਹਿਸਾਸ। ਦਰਅਸਲ ਇਹੋ ਕਵਿਤਾ ਦੇ ਪਲ ਹੁੰਦੇ ਨੇ। ਜਿਨ੍ਹਾਂ ਨੂੰ ਤੁਸੀਂ ਕਰਤਾਰੀ ਪਲ ਕਿਹਾ ਆਪਣੀ ਕਵਿਤਾ ਦੇ ਕੋਲ ਖੜ੍ਹੇ ਹੋ, ਪਰ ਬਾਹਰੋਂ ਕਵਿਤਾ ਰਾਹੀਂ ਆਪਣਾ-ਆਪ ਦੇਖਣਾ ਜਾਂ ਆਪੇ ਰਾਹੀਂ ਕਵਿਤਾ ਨੂੰ ਦੇਖਣਾ। ਇਨ੍ਹਾਂ ਪਲਾਂ ਸਥਿਤੀਆਂ 'ਚ ਤੁਸੀਂ ਆਪਣੇ ਤੋਂ ਪਾਰ ਹੁੰਦੇ ਹੋ। ਇਹ ਪਾਰ ਹੋਣਾ ਹੀ ਸਿਰਜਣਾ ਹੈ ਤੇ ਸਿਰਜੇ ਜਾਣਾ ਵੀ ਹੈ।

ਇਸ ਬਾਰੇ ਮੈਨੂੰ ਸ਼ੁਰੂ 'ਚ ਕਦੋਂ ਮਹਿਸੂਸ ਹੋਇਆ ਤਾਂ ਯਾਦ ਨਹੀਂ ਪਰ ਮੈਂ ਸੋਚਦਾਂ ਕਿ ਹਰ ਸਿਰਜਕ ਬੰਦੇ ਅੰਦਰ ਕੁਝ ਫੈਕਲਟੀਜ਼ ਪਈਆਂ ਹੁੰਦੀਆਂ ਜਿਵੇਂ ਉਹ ਥੋੜ੍ਹਾ ਸੰਗੀਤਕਾਰ ਵੀ ਹੁੰਦੈ। ਥੋੜ੍ਹਾ ਕਲਾਕਾਰ ਵੀ। ਥੋੜ੍ਹਾ ਚਿੱਤਰਕਾਰ ਵੀ ਤੇ ਲੇਖਕ ਵੀ। ਕੋਈ ਇੱਕ ਫੈਕਲਟੀ ਪ੍ਰਾਪਤ ਹਾਲਾਤ ਤੇ

ਸੁਵਿਧਾਵਾਂ/ਅਸੁਵਿਧਾਵਾਂ ਤੇ ਸਿੱਖਣ/ਅਸਿੱਖਣ ਕਾਰਣ ਵਿਕਸਤ ਹੋ ਜਾਂਦੀ ਐ। ਜਿਵੇਂ ਮੇਰੇ 'ਚ ਸ਼ਬਦ ਦੀ ਫਕੈਲਟੀ ਦੂਜੀਆਂ ਫੈਕਲਟੀਜ਼ 'ਤੇ ਭਾਰੂ ਸੀ। ਇਸ ਲਈ ਵਿਕਸਤ ਕਰ ਗਈ। ਇਸ ਵਿਕਾਸ 'ਚ ਤੁਹਾਡੇ ਜੀਵਨ ਤੇ ਹਾਲਾਤ, ਸਥਿਤੀਆਂ/ਪ੍ਰਸਥਿਤੀਆਂ, ਸਮੱਰਥਾਵਾਂ/ਅਸਮਰੱਥਾਵਾਂ, ਭਾਵ/ਅਭਾਵ, ਥਾਪਨ/ਵਿਥਾਪਣ, ਪ੍ਰੇਖਣ/ਪ੍ਰਤੱਖਣ ਆਦਿ ਕਈ ਕੁਝ ਕੰਮ ਕਰ ਰਿਹਾ ਹੁੰਦੈ। ਮੈਨੂੰ ਕਈ ਵਾਰ ਲਗਦੈ ਹੁੰਦੇ ਕਿ ਮੈਂ ਕਵਿਤਾ ਲਿਖਣ ਲਈ ਹੀ ਬਣਿਆ ਸਾਂ। ਇਸ ਤੋਂ ਇਲਾਵਾ ਮੈਂ ਕੁਝ ਹੋਰ ਕਰ ਵੀ ਨਹੀਂ ਸਾਂ ਸਕਦਾ। ਹਰ ਬੰਦੇ ਦੇ ਹਿੱਸੇ ਇੱਕ ਭੂਮਿਕਾ ਲਿਖੀ ਹੁੰਦੀ ਹੈ। ਇਸ 'ਚ ਜੈਵਿਕਤਾ ਤੇ ਨਾਲ-ਨਾਲ ਸਮਾਜਿਕਤਾ ਦੀ ਵੱਡੀ ਭੂਮਿਕਾ ਹੁੰਦੀ ਹੈ।

? ਕਵਿਤਾ 'ਚ ਜੋ 'ਮੈਂ' ਦੇ ਰੂਪ ਵਿਚ ਉਜਾਗਰ ਹੁੰਦਾ ਹੈ, ਕੀ ਉਹ ਕਵੀ ਆਪ ਹੀ ਹੁੰਦਾ ਹੈ ? ਤੁਹਾਡੇ ਕਾਵਿ 'ਚ 'ਮੈਂ' ਪਾਤਰ ਬਹੁਤ ਉਜਾਗਰ ਹੈ ?

– ਕਵਿਤਾ ਹੈ ਹੀ ਅਜਿਹੀ ਵਿਧਾ ਜਿਸ 'ਚ 'ਮੈਂ' ਦੀ ਗੱਲ ਬੜੇ ਸਹਿਜ ਨਾਲ ਹੁੰਦੀ ਹੈ। ਹੋਰਾਂ ਵਿਧਾਵਾਂ 'ਚ ਵੀ 'ਮੈਂ' ਹਾਜ਼ਿਰ ਹੁੰਦੀ ਹੈ ਪਰ ਕਵਿਤਾ 'ਚ ਇਹ ਬੜੇ ਸੂਖਮ, ਸੰਵੇਦੀ ਤੇ ਸਬਲਾਈਮ'ਚ ਹੁੰਦੀ ਹੈ। ਸੂਖ਼ਮਤਾ, ਸੰਵੇਦਨਾ ਤੇ ਸਬਲਾਈਮ ਕਾਰਣ ਹੀ ਕਵਿਤਾ ਆਦਿ-ਵਿਧਾ ਹੈ। ਆਦਿ ਕਵਿਤਾ 'ਚ ਆਦਿ ਮੈਂ ਦਾ ਹੀ ਜ਼ਿਕਰ ਹੈ ਕਿਉਂਕਿ ਆਦਿ ਮਾਨਵ ਬਾਹਰੋਂ ਆਪਣੇ ਅੰਦਰਲੀ ਮੈਂ ਨੂੰ ਪਛਾਣ ਰਿਹਾ ਸੀ। ਇਸੇ ਲਈ ਅੱਜ ਵੀ ਕਵਿਤਾ ਦਰਅਸਲ ਮੈਂ ਰਾਹੀਂ ਹੀ ਹੋਰਾਂ ਸਾਰੇ ਵਰਤਾਰਿਆਂ ਨਾਲ ਰੂ ਬ ਰੂ ਹੋਣ ਦਾ ਮਾਧਿਅਮ ਹੈ। ਕਵਿਤਾ ਦਾ ਸਥੱਲ 'ਚ ਸਾਰਾ ਕੁਝ ਮੈਂ ਰਾਹੀਂ ਹੀ ਵਾਪਰਦੈ। ਦੂਜੇ ਨੇ ਇਸ 'ਚ ਬਹੁਤ ਬਾਅਦ 'ਚ ਸ਼ਾਮਿਲ ਹੋਣਾ ਹੁੰਦੈ। ਦਰਅਸਲ ਦੂਜਾ ਵੀ ਇੱਥੇ ਮੈਂ ਦੇ ਬਰਾਸਤੇ ਹੀ ਹਾਜ਼ਿਰ ਹੁੰਦੈ। ਕਿਉਂਕਿ ਮੈਂ ਵੀ ਦੂਜੇ ਰਾਹੀਂ ਬਣ ਰਹੀ ਹੁੰਦੀ ਹੈ ਤੇ ਦੂਜੇ ਨੂੰ ਬਣਾ ਵੀ ਰਹੀ ਹੁੰਦੀ ਹੈ। ਮਾਰਤਿਕ ਬੂਬਰ ਦੀ "I and Thou" ਦੀ ਸਮਝ ਇੱਥੇ ਬੜੀ ਮਹੱਤਵਪੂਰਨ ਹੈ। ਕਿਉਂਕਿ ਇਸ ਬ੍ਰਹਿਮੰਡ 'ਚ ਕੁਝ ਵੀ ਨਿਰਪੱਖ ਨਹੀਂ, ਸਾਖੇਪ ਹੈ। ਜੋ ਨਿਰਪੇਖ ਹੈ ਉਸਨੂੰ ਸਮਾਂ ਤੇ ਕੁਦਰਤ ਆਪਣੇ ਆਪ ਐਕਸਕਲੀਊਡ ਕਰ ਦਿੰਦੀ ਹੈ। ਇਸ ਕਰਕੇ ਮੇਰੀਆਂ ਕਵਿਤਾਵਾਂ 'ਚ ਵਿਚਾਰ ਤਾਂ ਹੈ ਪਰ ਵਿਚਾਰਧਾਰਾ ਨਹੀਂ। ਮੈਨੂੰ ਵਿਚਾਰਧਾਰਾ ਦੀ ਵੀ ਮੁਆਫਿਕ ਨਹੀਂ ਬੈਠਦੀ। ਕਿਉਂਕਿ ਮੈਂ ਕਿਸੇ ਨਿਰਪੇਖ ਨੂੰ ਜੁਆਬਦੇਹ ਹੋ ਨਹੀਂ ਸਕਦੀ। ਇਸ ਲਈ ਕਵਿਤਾ 'ਚ ਮੈਂ ਤੇ ਮੈਂ ਰਾਹੀਂ ਹੀ ਸਾਰੇ ਕਾਸੇ ਦਾ ਪਾਰਾਵਾਰ ਹੈ। ਇਹ ਮੈਂ ਰਾਹੀਂ ਜਗਤ ਤਮਾਸ਼ੇ ਦਾ ਦ੍ਰਸ਼ਟਾਭਾਵ ਹੈ। ਇਹ ਮੈਂ ਹੀ ਪਾਠ ਰਾਹੀਂ ਪਾਠਕ ਦੀ ਮੈਂ ਬਣ ਜਾਂਦੀ ਹੈ। ਪਾਠਕ ਕਵਿਤਾ ਦੀ ਮੈਂ ਨੂੰ ਆਪਣੀ ਮੈਂ ਵਾਂਗ ਹੀ ਸਿਆਣਦੈ। ਇਹੋ ਕਵਿਤਾ ਵੀ ਇਸ ਦੀ ਸ਼ਕਤੀ ਤੇ ਸੌਂਦਰਯ ਹੈ।

? ਤੁਹਾਡੀ ਕਵਿਤਾ 'ਚ ਇੱਕ ਖਾਸ ਤਰ੍ਹਾਂ ਦੀ ਲੈਅ ਦਿਖਾਈ ਦਿੰਦੀ ਹੈ। ਕਵਿਤਾਵਾਂ 'ਚ ਸੁਰ, ਤਾਲ, ਸੂਰ, ਤਾਨ, ਅਲਾਪ, ਆਰੋਹ, ਅਵਰੋਹ ਵਰਗੇ ਬਿੰਬ ਵੀ ਤੁਸੀਂ ਨਿੱਠ ਕੇ ਵਰਤੇ ਹਨ। ਉਦੋਂ ਕਵਿਤਾ ਸੰਗੀਤ ਦੇ ਹੋਰ ਵੀ ਨੇੜੇ ਚਲੀ ਜਾਂਦੀ ਹੈ ਜਦੋਂ ਤੁਸੀਂ 'ਆਵਾਜ਼' ਨੂੰ 'ਵਾਜ ਹਿਰਦੇ ਨੂੰ 'ਰਿਦਾ ਸ਼ਬਦ ਵਰਤਦੇ ਹੋ। ਕੀ ਤੁਹਾਨੂੰ ਸੰਗੀਤ ਨਾਲ ਲਗਾਅ ਹੈ ਜੋ ਤੁਸੀਂ ਇਸਨੂੰ ਵਿਧੀ ਬਣਾਕੇ ਵਰਤਦੇ ਹੋ ?

– ਮੈਨੂੰ ਲਗਦਾ ਸੰਗੀਤ ਮੇਰੀ ਨੈਤਿਕਤਾ 'ਚ ਹੈ। ਮੇਰੇ ਲਹੂ 'ਚ ਇਸਦੇ ਕੁਝ ਅਵਿਸ਼ੇਸ਼ ਨੇ ਜੋ ਮੈਨੂੰ ਪੁਰਖਿਆਂ ਤੋਂ ਵਿਰਾਸੇ ਗਏ। ਬਚਪਨ' ਚ ਮੈਂ ਤਬਲਾ ਨਵਾਜ਼ ਬਣਦਾ ਚਾਹੁੰਦਾ ਸੀ ਪਰ ਜਿਵੇਂ ਮੈਂ ਪਹਿਲਾਂ ਦੱਸਿਆ ਕਿ ਸ਼ਬਦ ਦੀ ਫੈਕਲਟੀ ਮੇਰੀ ਸਖ਼ਸ਼ੀਅਤ 'ਚ ਜ਼ਿਆਦਾ ਐਪਲੀਫਾਈ ਹੋਈ। ਮੈਨੂੰ ਰਾਗ ਦਾ ਥੋੜ੍ਹਾ ਬਹੁਤ ਗਿਆਨ ਹੈ। ਸੰਗੀਤਕਾਰ ਵਰਗਾ ਨਹੀਂ ਸਗੋਂ ਰਸਿਕ ਵਰਗਾ। ਸੰਗੀਤ ਸੁਣਨਾ ਤੇ ਸੰਗੀਤ ਬਾਰੇ ਪੜ੍ਹਨਾ ਮੈਨੂੰ ਚੰਗਾ ਲਗਦੈ। ਮੇਰੇ ਕੋਲ ਕਲਾਸਿਕ/ਸੈਮੀਕਲਸੀਕਲ, ਵੋਕਲ/ ਇਸਟਰੂਮੈਂਟਲ ਦੋਹਾਂ ਸੰਗੀਤਾਂ ਦਾ ਵੱਡਾ ਖਜ਼ਾਨਾ ਸੀ। ਜਦੋਂ ਕੁਝ ਸੁਣਦਾਂ ਤਾਂ ਮੇਰੀ ਕੋਸ਼ਿਸ਼ ਹੁੰਦੀ ਏ ਕਿ



ਪਹਿਲਾਂ ਰਾਗ ਪਹਿਚਾਣਾ ਕਿ ਬੰਧਿਸ਼ ਕਿਸ ਰਾਗ 'ਚ ਹੈ। ਇਸ ਦੀ ਤਾਲ ਕੀ ਹੈ ? ਸਾਜ਼ ਕਿਹੜੇ ਨੇ ? ਸੰਗੀਤ ਦੀ ਬੰਦੇ ਦੇ ਸਬਲਾਈਮ ਨੂੰ ਨਿਖਾਰਣ 'ਚ ਵੱਡੀ ਭੂਮਿਕਾ ਹੁੰਦੀ ਹੈ। ਸੰਗੀਤ ਤੇ ਰਾਗਾਂ ਨੂੰ ਸਮਝਣ ਦੀ ਇਸ ਚੇਸ਼ਟਾ ਕਾਰਣ ਹੀ ਸ਼ਾਇਦ ਮੇਰੀ ਡਿਕਸ਼ਨ 'ਚ ਸੰਗੀਤ ਦੀ ਸ਼ਬਦਾਵਲੀ ਕਈ ਵਾਰ ਆਪਣੀ ਹਾਜ਼ਰੀ ਲਵਾ ਜਾਂਦੀ ਹੈ। ਚੰਗਾ ਬੰਦਾ ਬਣਨ ਲਈ ਸੰਗੀਤ 'ਚ ਰੁਚੀ ਬੜੀ ਵੱਡੀ ਗੱਲ ਹੈ। ਜਦੋਂ ਕਦੀ 'ਕੱਲਾ ਹੋਵਾਂ, ਆਪਣੇ ਆਪ ਨਾਲ ਹੋਵਾਂ ਤਾਂ ਮੈਂ ਆਪਣੇ ਆਪ ਸੰਗੀਤ ਵੱਲ ਤੁਰ ਪੈਨਾ। ਕਦੀ ਕੋਈ ਖ਼ਿਆਲ ਸੁਣ ਲਿਆ, ਠੁਮਰੀ, ਦਾਦਰਾ, ਗ਼ਜ਼ਲ, ਸ਼ਬਦ ਤੋਂ ਇਲਾਵਾ ਸੰਗੀਤ ਮੇਰੀ ਜੀਵਨ ਵਿਧੀ ਹੈ।

? ਤੁਸੀਂ ਆਪਣੇ ਕਾਵਿ ਵਿਚ ਥਾਂ ਪੁਰ ਥਾਂ ਸਪੇਸ ਦੀ ਵਰਤੋਂ ਕੀਤੀ। ਕਵਿਤਾ 'ਚ ਸਪੇਸ ਕਿੰਨਾ ਕੁ ਅਰਥ ਰੱਖਦੀ ਹੈ। ਦੂਜੀ ਗੱਲ ਪਾਠਕ ਉਸ ਸਪੇਸ ਨੂੰ ਉਵੇਂ ਹੀ ਸਮਝਦਾ ਹੈ ਜਿਵੇਂ ਕਵੀ ਕਹਿਣਾ ਚਾਹੁੰਦਾ ਹੈ ?

– ਪਾਠ 'ਚ ਸਪੇਸ ਦੀ ਵੱਡੀ ਮਹੱਤਤਾ ਹੈ ਕਵਿਤਾ 'ਚ ਖ਼ਾਸ ਕਰਕੇ। ਕਵਿਤਾ ਬੋਲਦਿਆਂ ਜਾਂ ਪੜ੍ਹਦਿਆਂ ਸਪੇਸ ਵੀ ਅਰਥਾਂ ਦੇ ਨਿਰਮਾਣ 'ਚ ਰੋਲ ਅਦਾ ਕਰਦੀ ਹੈ। ਇਸ 'ਚ ਸਕੱਗਨ ਸ਼ਾਮਿਲ ਹੁੰਦੈ। ਅਰਥ ਸਪੇਸ ਕਾਰਣ ਮੁਲਤਵੀ ਹੋਣ ਲਗਦੇ ਨੇ। ਸਪੇਸ ਨੂੰ ਕਿਸੇ ਫ਼ੈਸਨ ਵਾਂਗ ਨਹੀਂ ਸਗੋਂ ਇੱਕ ਕਰਾਫ਼ਟ, ਸ਼ਿਲਪ ਵਾਂਗ ਵਰਤਣਾ ਚਾਹੀਦੈ। ਪਰ ਇੱਕ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਸਪੇਸ ਕਵਿਤਾ ਦੀ ਥਾਂ ਨਹੀਂ ਲੈ ਸਕਦੀ। ਸਪੇਸ ਤਾਂ ਕਵਿਤਾ 'ਚ ਅਰਥਾਂ ਨੂੰ ਸਪਲੀਮੈਂਟ ਕਰਦੀ ਆ। ਬਹੁਤੇ ਕਵੀ ਸਪੇਸ ਦੀ ਵਰਤੋਂ ਬਿਨਾਂ ਕਿਸੇ ਤਰਕ ਜਾਂ ਲੋੜ ਤੋਂ ਕਰਦੇ ਨੇ। ਇਸੇ ਕਰਕੇ ਅਰਥਾਂ ਦੇ ਪ੍ਰੇਖਣ ਜਾਂ ਸੰਚਾਰ 'ਚ ਰੁਕਾਵਟ ਪੈਂਦੀ ਹੈ। ਕਵਿਤਾ 'ਚ ਸ਼ਬਦ ਤੇ ਸਪੇਸ ਜੈੱਨ ਦੀ ਯਿਨ ਯਾਨ ਊਰਜਾ ਵਾਂਗ ਨੇ। ਦੋਵੇਂ ਊਰਜਾਵਾਂ ਇੱਕ ਦੂਜੇ ਨਾਲ ਜੁੜੀਆਂ ਨੇ। ਇੱਕ ਦੂਜੇ 'ਚੋਂ ਨਿਰਮਤ ਹੁੰਦੀਆਂ ਨੇ ਤੇ ਇੱਕ ਦੂਜੇ ਨੂੰ ਨਿਰਮਤ ਕਰਦੀਆਂ ਨੇ ਅਤੇ ਇਹ ਊਰਜਾਵਾਂ ਲਗਾਤਾਰ ਗਤੀ 'ਚ ਰਹਿੰਦੀਆਂ ਨੇ। ਇੱਕ ਦਾਇਰੇ 'ਚ। ਸਪੇਸ ਤੇ ਸ਼ਬਦ ਦਾ ਸਬੰਧ ਇਸ ਲਈ ਕਹਿ ਸਕਦੇ ਹਾਂ ਪੂਰਕੀ ਹੈ, ਸਪਲੀਮੈਂਟਰੀ ਹੈ। ਇਨ੍ਹਾਂ 'ਚ ਇੱਕ ਬਾਰੀਕ, ਮਹੀਨ, ਲਤੀਫ਼, ਸੰਤੁਲਨ ਬਹੁਤ ਜ਼ਰੂਰੀ ਹੈ। ਹੌਲੀ-ਹੌਲੀ ਇਸ ਕਰਾਫ਼ਟ ਦੀ ਸਮਝ ਆਉਣ ਲਗਦੀ ਹੈ।

? ਤੁਹਾਡੀਆਂ ਬਹੁਤ ਸਾਰੀਆਂ ਕਵਿਤਾਵਾਂ ਪੜ੍ਹਦਿਆਂ ਕਿਸੇ ਹੋਰ ਦੁਨੀਆਂ 'ਚ ਚਲੇ ਜਾਣ ਦਾ ਅਹਿਸਾਸ ਹੁੰਦਾ ਹੈ। ਇਹ ਅਹਿਸਾਸ ਸ਼ਾਇਰੀ ਦਾ ਤਾਂ ਹੈ ਹੀ ਨਾਲ ਕਾਵਿ ਭਾਸ਼ਾ ਦਾ ਕਮਾਲ ਵੀ ਹੈ। ਇਸ ਕਾਵਿ-ਭਾਸ਼ਾ ਦੇ ਲਈ ਕੋਈ ਵਿਸ਼ੇਸ਼ ਉਚੇਚ ਕਰਨੀ ਪੈਂਦੀ ਹੈ ?

– ਇਸ ਗੱਲ ਨੂੰ ਕਿਸੇ ਕਵਿਤਾ ਦੀ ਪ੍ਰਾਪਤੀ ਹੀ ਕਹਾਂਗੇ ਕਿ ਉਹ ਪਾਠਕ ਨੂੰ ਪਾਰਗਮਤਾ ਪ੍ਰਦਾਨ ਕਰੇ। ਪਾਠ ਤੇ ਪਾਠਕ ਦਾ ਰਿਸ਼ਤਾ ਬੜਾ ਗੁੰਝਲਦਾਰ ਹੈ। ਜੁਲੀਆ ਕ੍ਰਿਸਤੀਨਾ ਇਸਨੂੰ ਇੰਟਰਟੈਕਸਚੁਐਲਟੀ ਕਹਿੰਦੀ ਹੈ। ਜੇਕਰ ਕਿਸੇ ਪਾਠ ਅੰਦਰ ਬਹੁਤ ਸਾਰੇ ਪਾਠ ਪਏ ਹੋਣ ਦੀ ਸੰਭਾਵਨਾ ਹੁੰਦੀ ਹੈ ਤਾਂ ਪਾਠਕ ਅੰਦਰ ਵੀ ਬਹੁਤ ਸਾਰੇ ਪਾਠਕ ਵਿਆਪੇ ਹੋਣਾ ਮੰਤਵ ਹੈ। ਇਹ ਬਹੁ-ਹੋਣ ਹੀ ਪਾਠਕ ਨੂੰ ਸਬਲਾਈਮ ਕਰਦਾ ਹੈ। ਇਸੇ ਬਹੁਮਤ ਕਾਰਣ ਹੀ ਕਾਵਿ-ਪਾਠ ਦੀ ਭਾਸ਼ਾ ਇਕਹਿਰੀ ਨਹੀਂ ਬਹੁਪਾਸਾਰੀ ਤੇ ਬਹੁਆਯਾਮੀ ਹੁੰਦੀ ਹੈ। ਇਹ ਕਹਿਣਾ ਸਹੀ ਹੈ ਕਿ ਹਰ ਪਾਠ ਆਪਣੀ ਭਾਸ਼ਾ ਨਾਲ ਲੈ ਕੇ ਆਉਂਦਾ ਹੈ। ਭਾਸ਼ਾ ਹੀ ਨਹੀਂ ਕਾਵਿ ਵਿਧੀ ਤੇ ਸੰਰਚਨਾ ਵੀ। ਇਸੇ ਕਰਕੇ ਵਧੀਆ ਤੇ ਵੱਖਰੀ ਕਵਿਤਾ ਉਹੋ ਹੁੰਦੀ ਹੈ ਜੋ ਆਪਣੀ ਭਾਸ਼ਾ, ਜੁਗਤ ਤੇ ਵਿਧੀ 'ਚ ਵੱਖਰੀ ਹੋਵੇ। ਇਸ 'ਚ ਕੋਈ ਉਚੇਚ ਸ਼ਾਮਿਲ ਨਹੀਂ ਹੁੰਦਾ। ਹਾਂ ਏਨਾ ਉਚੇਚ ਜ਼ਰੂਰ ਹੁੰਦਾ ਹੈ ਕਿ ਇਹ ਦਿੱਸਦੀ ਤੇ ਪ੍ਰਾਪਤ ਭਾਸ਼ਾ ਵਰਗੀ ਹੋ ਕੇ ਵੀ ਉਸ ਜਿਹੀ ਨਹੀਂ ਹੁੰਦੀ। ਇਹ ਦੂਜੇ ਸ਼ਬਦਾਂ ਭਾਵ "Other words" ਦੀ ਭਾਸ਼ਾ ਹੁੰਦੀ ਹੈ। ਮੇਰੀ ਕਿਤਾਬ 'ਦੂਜੇ ਸ਼ਬਦਾਂ 'ਚ ਦੀ ਭੂਮਿਕਾ ਇਸ ਬਾਰੇ ਵਿਸਤਾਰ ਨਾਲ ਗੱਲ ਕਰਦੀ ਹੈ।,

'ਕਾਵਿ ਭਾਸ਼ਾ ਦੇ ਬਰਮੇਚਵੀਂ ਜਦੋਂ ਸ਼ਬਦਾਵਲੀ ਨਾ ਹੋਵੇ... ਸ਼ਬਦਕੋਸ਼ੀ ਸ਼ਬਦਾਂ 'ਚ ਤੁਸੀਂ ਆਪਸੀ ਗੱਲ ਕਹਿ ਨਾ ਸਕਦੇ ਹੋਵੋਂ ਤਾਂ ਦੂਜੇ ਸ਼ਬਦਾਂ 'ਚ ਆਪਣੀ ਗੱਲ ਕਹਿਣ ਦੀ ਲੋੜ ਪੈਂਦੀ ਹੈ। ਇਹ, ਦੂਜਾ ਕੋਈ ਵੀ ਮਾਧਿਅਮ ਹੋ ਸਕਦੈ। ਮਾਧਿਅਮ ਇਕੱਲੇਕਾਰੇ, ਇਕਹਿਰੇ ਨਾ ਇੱਕੋਲਿਤਰੇ ਨਹੀਂ ਹੁੰਦੇ। ਪੂਰਾ ਬ੍ਰਹਿਮੰਡ ਹੁੰਦਾ ਇਨ੍ਹਾਂ ਦੇ ਪਿੱਛੇ। ਇਸ ਬ੍ਰਹਿਮੰਡ 'ਚ ਸਭ ਕੁਝ ਸਮਾਹਿਤ ਹੁੰਦੈ। ਸ਼ਬਦ ਅੰਦਰ ਸ਼ਬਦ ਦਾ ਅਧਿਆਤਮ ਫ਼ੈਲਿਆ ਹੁੰਦੈ...।'

? ਕੀ ਹਰ ਕਵਿਤਾ ਆਪਣੀ ਕਾਵਿ ਭਾਸ਼ਾ ਨਾਲ ਲੈ ਕੇ ਆਉਂਦੀ ਹੈ ਆਪਣੇ ਕਾਵਿ ਦੇ ਹਵਾਲੇ ਨਾਲ ਦੱਸੋ ?

– ਤੁਸੀਂ ਠੀਕ ਕਿਹਾ ਕਿ ਹਰ ਕਵਿਤਾ ਆਪਣੀ ਭਾਸ਼ਾ ਨਾਲ ਲੈ ਕੇ ਆਉਂਦੀ ਏ। ਕਿਉਂਕਿ ਇਹ ਭਾਸ਼ਾ ਹੀ ਏ ਜੋ ਬੋਲਦੀ ਏ। ਕਵੀ ਨਹੀਂ। ਭਾਸ਼ਾ ਸ਼ਬਦਾਂ ਦੇ ਪਿੱਛੇ ਪਿਆ ਅਮੂਰਤਨ ਏ। ਇੱਕ ਪ੍ਰਬੰਧ ਏ। ਇਹ ਪ੍ਰਬੰਧ ਹੀ ਕਵੀ 'ਚ ਭਾਸ਼ਾ ਰਾਹੀਂ ਪ੍ਰਗਟ ਹੁੰਦੈ। ਇਸ 'ਚ 'ਮੈਂ' ਭਾਵ 'ਹੋਣ' ਦਾ ਸੁਰ ਢਲਿਆ ਹੁੰਦੈ। ਇਹ ਲਿਖਤ 'ਚ ਗੁੰਡ ਕੇ ਕਾਵਿ ਭਾਸ਼ਾ ਬਣਦਾ ਹੈ। ਇੰਝ ਭਾਸ਼ਾ ਨਾ ਸੰਦ ਏ ਤੇ ਨਾ ਸਾਧਨ। ਇਹ ਇੱਕ ਸੰਰਚਨਾ ਏ। ਇਹ 'ਚ ਸੰਦੇਹ ਰਾਹੀਂ ਵਾਧਾ ਹੁੰਦਾ ਰਹਿੰਦੈ। ਇਸ ਸੰਦੇਹ 'ਚ ਵਿਧੇਅ ਤੇ ਨਮਿਤ ਦੋਵੇਂ ਸ਼ਾਮਿਲ ਹੁੰਦੇ ਨੇ। ਇਸੇ ਸ਼ਕਤੀ ਕਾਰਣ ਹਰ ਕਵਿਤਾ ਦੀ ਭਾਸ਼ਾ ਉਸ ਕਵਿਤਾ ਦੇ ਬ੍ਰਹਿਮੰਡ 'ਚੋਂ ਸਵੈਭੂੰ ਪ੍ਰਗਟ ਹੁੰਦੀ ਏ। ਇਸ ਨੂੰ ਬਾਹਰੋਂ ਵੇਖਿਆ ਨਹੀਂ ਜਾ ਸਕਦੈ। ਇਹ ਥੋਪਣ ਹੋਵੇਗਾ ਉਹ ਆਰੋਪਿਤ ਹੋਵੇਗਾ। ਇਸ ਆਰੋਪਣ ਕਾਰਣ ਹੀ ਭਾਸ਼ਾ 'ਚ ਓਪਰਾਪਣ ਹੋਵੇਗਾ ਕਵਿਤਾ ਤੇ ਭਾਸ਼ਾ ਦੋਵੇਂ ਅਲੱਗ-ਅਲੱਗ ਖੜ੍ਹੇ ਹੋਣਗੇ। ਮੇਰੀ ਨਵੀਂ ਕਿਤਾਬ 'ਬੈਖਰੀ' 'ਚ ਇੱਕ ਕਵਿਤਾ ਏ 'ਤਰਾਜੂ'। ਇਸ 'ਚ ਤਰਾਜੂ ਜੋ ਮਾਪ ਤੋਲ ਦਾ ਇੱਕ ਯੰਤਰ ਹੈ, ਨੂੰ ਵਰਤਮਾਨ ਦੇ ਗਲੋਬਲੀ ਬਾਜ਼ਾਰ ਜਾਂ ਉਪਭੋਗ ਦੇ ਦੌਰ ਦੀ ਵਿਡੰਬਣਾ ਨਾਲ ਜੋੜਿਆ। ਕਵਿਤਾ ਆਪਣੀ ਭਾਸ਼ਾ ਆਪ ਸਿਰਜ ਰਹੀ ਲਗਦੀ ਹੈ,

'ਕੁਦਰਤ ਦੇ ਨੇਮਾਂ ਖ਼ਿਲਾਫ਼
ਬਾ ਕਮਾਲ ਯੰਤਰ...!
ਦੁਨੀਆਂ 'ਚ ਕਿੰਨੇ ਬਿਰਖ਼ ਜੜ੍ਹਾਂ
ਕਿੰਨੀਆਂ ਵਸਤਾਂ
ਕਿੰਨੇ ਸ਼ਹਿਰ ਗਰਾਂ

ਕੋਈ ਹਿਸਾਬ ਨਹੀਂ ਕਿਤੇ...

ਕੀਤਾ ਜਾਂਦੈ ਸਾਰੇ ਕੁਝ ਦਾ ਮਾਪ ਤੋਲ
ਪਾਈ ਜਾਂਦੀ ਰੌਲ
ਧਰਤੀ 'ਪੁਰ ਚਾਰ ਕਿਲੋ ਸ਼ਹਿਰ
ਡੇਢ ਕਿਲੋ ਦੇਸ਼
ਕਵਿੰਟਰ ਕੁ ਮਰਦ
ਇੱਕ ਮਣ ਔਰਤਾਂ
ਸੇਹ ਕੁ ਦਿਨ, ਰਾਤ ਤਿੰਨ ਪਾ
ਅੱਧਾ ਕਿਲੋ ਰੋਣਾ
ਛਟਾਂ ਭਰ ਮੁਸਕਾਨ...।



ਦੁੱਖ ਦੇ ਇੱਕ ਲੀਟਰ ਪੈਕ ਨਾਲ
ਸੁੱਖ ਦੀ ਚਾਕੀ ਮੁਫ਼ਤ...'

ਇਸ ਕਵਿਤਾ ਦੀ ਭਾਸ਼ਾ ਹੈ ਤੁਸੀਂ ਆਪ ਸਹਿਜੇ ਹੀ ਇਹ ਅੰਦਾਜ਼ਾ ਲਗਾ ਸਕਦੇ ਹੋ ਕਿ ਕਵਿਤਾ ਦੀ ਵਸਤ ਤੇ ਭਾਸ਼ਾ ਦੋਵੇਂ ਕਿਵੇਂ ਇੱਕ ਦੂਜੇ ਦੇ ਪੂਰਕ ਤੇ ਸਹਿਹੋਂਦੀ ਨੇ। ਇਹ ਹੀ ਕਵਿਤਾ ਦੀ ਭਾਸ਼ਾ ਦਾ ਚਮਤਕਾਰ ਹੈ। ਕਰਤਾਰੀਪਨਹੈ।

? ਡਾ. ਸਾਹਿਬ ਤੁਹਾਡੀਆਂ ਕਈ ਕਵਿਤਾਵਾਂ ਪੜ੍ਹਦਿਆਂ ਇਉਂ ਲਗਦਾ ਹੁੰਦਾ ਹੈ ਕਿ ਇਹ ਹੋਰ ਬੋਲੇਗੀ, ਹੋਰ ਤੁਰੇਗੀ ਪਰ ਅਚਾਨਕ ਚੁੱਪ ਕਰ ਜਾਂਦੀ ਹੈ, ਖ਼ਤਮ ਹੋ ਜਾਂਦੀ ਹੈ। ਕੀ ਇਸ ਤਰ੍ਹਾਂ ਕਰਨਾ/ਹੋਣਾ ਮਹਿਜ ਇਤਫਾਕ ਹੁੰਦਾ ਹੈ ?

– ਮੇਰੀ ਜਾਚੇ ਕਵਿਤਾ ਕਹਿਣ ਨਾਲੋਂ ਵੱਧ ਬਹੁਤ ਕੁਝ ਅਣਕਿਹਾ ਹੁੰਦੀ ਹੈ। ਇਹ ਅਣਕਿਹਾ ਕਿਸੇ ਉਦੇਸ਼ ਨੂੰ ਸਮਰਪਿਤ ਨਹੀਂ ਹੁੰਦਾ ਇਸੇ ਕਰਕੇ ਕਵਿਤਾ ਅਚਾਨਕ ਚੁੱਪ ਹੋ ਜਾਂਦੀ ਹੈ ਤੇ ਸਾਨੂੰ ਇੰਝ ਲਗਦਾ ਹੈ ਕਿ ਇਹ ਤਾਂ ਵਿਚ ਵਿਚਾਲੇ ਹੀ ਛੁਟ ਗਈ। ਦਰਅਸਲ ਉਹ ਵਿਚਾਲੇ ਨਹੀਂ ਛੁਟੀ ਹੁੰਦੀ ਸਗੋਂ ਪਾਠ ਤੋਂ ਪਠਨ 'ਚ ਰੂਪਾਂਤਰਿਤ ਹੋ ਚੁੱਕੀ ਹੁੰਦੀ ਹੈ। ਉਦੇਸ਼ ਨੂੰ ਸਮਰਪਿਤ ਭਾਵ ਵਿਚਾਰਧਾਰਕ ਪਾਠ ਹੀ ਕਿਤੇ ਪਹੁੰਚਦੇ ਨੇ। ਕਵਿਤਾ ਵਿਚਾਰਧਾਰਕ ਨਹੀਂ ਹੁੰਦੀ। ਕਵਿਤਾ ਤਾਂ ਬਹੁਤ ਪਰਾਂ ਦਾ ਕੋਈ ਵਰਤਾਰਾ ਹੈ ਜੋ ਕਿਤੇ ਨਹੀਂ ਜਾਂਦਾ ਪਰ ਨਾ ਜਾ ਕੇ ਵੀ ਉੱਥੇ ਨਹੀਂ ਹੁੰਦਾ। ਇਹ ਜਾਣਬੁੱਝ ਕੇ ਨਹੀਂ ਕਵਿਤਾ 'ਚ ਵਾਪਰਦਾ। ਇਸ ਨੂੰ ਇਤਫ਼ਾਕ ਸਮਝ ਲਵੋ ਜਾਂ ਕਵਿਤਾ ਦਾ ਕਵਿਤਾਪਨ।

? 'ਮਿਥੁਨ' ਕਵਿਤਾ ਇਤਿਹਾਸ ਮਿਥਿਹਾਸ ਦੇ ਹਵਾਲੇ ਨਾਲ ਲਿਖੀ ਗਈ ਬੜੀ ਅੱਛੀ ਕਵਿਤਾ ਹੈ। ਇਸ ਕਵਿਤਾ 'ਚੋਂ ਲੰਬੀ ਕਵਿਤਾ ਦਾ ਝਾਉਲਾ ਪੈਂਦਾ ਹੈ ?

– 'ਮਿਥੁਨ' ਕਵਿਤਾ ਮਿਥਿਹਾਸਕ ਹੈ ਤੇ ਇਤਿਹਾਸਕ ਬਿਰਤਾਂਤ ਦਾ ਰੂਪਾਂਤਰਣ ਹੈ ਜੋ ਕਿ ਇੱਕ ਸਹਿ ਸਬੰਧਕ (Objective Corelative) ਵਾਂਗ ਵਰਤਮਾਨ ਦੇ ਸੱਚਾਂ ਤੇ ਵਸਤੂ ਮੂਲਕਤਾਵਾਂ ਦੇ ਰੂ ਬ ਰੂ ਹੈ। ਇਸ 'ਚ ਕਾਮਨਾ, ਕਿਰਤ, ਕ੍ਰਤਿੱਤਵ ਦੇ ਦਵੰਦ ਨੂੰ ਦਰਸਾਇਆ ਹੈ। ਆਪਣੀ ਹੀ ਘੜੀ ਸ਼ਿਲਪ ਮੂਹਰੇ ਸ਼ਿਲਪਕਾਰ, ਆਪਣੀ ਕਾਮਨਾ ਦੇ ਸਾਕਾਰ ਰੂਪ ਸਾਹਵੇਂ ਆਪਣੀ ਸਮਾਜਿਕ ਸਥਿਤੀਆਂ ਦੀਆਂ ਕਰੂਰਤਾਵਾਂ ਕਾਰਣ ਮਹਾਭਵਨ ਅੰਦਰ ਪ੍ਰਵੇਸ਼ ਨਹੀਂ ਕਰ ਸਕਦਾ। ਇਹੋ ਵਾਸਤਵਿਕਤਾ ਸਾਡੇ ਵਰਤਮਾਨ ਦੀ ਵੀ ਹੈ। ਕਿਰਤੀ ਜੋ ਆਪਣੀ ਕਿਰਤ ਦਾ ਵਿਧਾਤਾ ਹੈ, ਉਸਨੂੰ ਹੀ ਸਮਾਜਿਕ ਦਾਬੇ ਤੇ ਗਲਬੇ ਕਾਰਣ ਉਸਦੀ ਕ੍ਰਿਤੀ ਤੋਂ ਵਿਛੰਨ ਦਿੱਤਾ ਗਿਆ ਹੈ। ਸ਼ਿਲਪਕਾਰ ਸ਼ੂਦਰ ਹੈ। ਉਸਦਾ ਮਾਡਲ/ਧੇਅ ਰਾਜਕੁਮਾਰੀ ਹੈ। ਸ਼ਿਲਪ ਨੇ ਰਾਜਕੁਮਾਰੀ ਦੇ ਸਰੂਪ ਨੂੰ ਮਹਾਮੰਦਿਰ 'ਚ ਸਾਕਾਰ ਕੀਤਾ ਹੈ ਪਰ ਪ੍ਰੋਹਿਤੀ ਦਬਾਓ ਕਾਰਣ ਉਸਨੂੰ ਮਹਾਭਵਨ ਨੂੰ ਨਿਮਕਾਸਿਤ ਕਰ ਦਿੱਤਾ ਗਿਆ। ਇਸ ਕਵਿਤਾ ਦਾ ਅੰਤ ਇਵੇਂ ਹੈ,

'ਸਗਲਬ੍ਰਹਿਮੰਡ ਦੀ ਮੁਕਤੀ ਦਾ ਸੂਤਰਧਾਰ
ਆਪੇ ਘੜੀ ਸ਼ਿਲਪ ਦੇ ਦਰਸ ਲਈ
ਖੜ੍ਹਾ ਖੜ੍ਹਾ ਹੀ ਹੋ ਗਿਆ ਜੜ੍ਹ ਸਦੀਆਂ ਤੋਂ... ਸ਼ਿਲਪਕਾਰ
ਆਗਿਆ ਨਹੀਂ ਮਹਾਭਵਨ ਅੰਦਰ ਜਾਣ ਦੀ
ਮਹਾਂਦੇਵ ਉਦੋਂ ਤੋਂ ਹੀ ਏ ਮਹਾਅਨੁਸ਼ਠਾਨ 'ਚ
ਮਹਾਂਦੇਵ ਉਵੇਂ ਹੀ ਏ ਕਾਮਕੁੰਠਿਤ
ਮਹਾਂਮੁਕਤੀ ਮਹਾਂਮੋਖ ਦੀ ਕਾਮਨਾ 'ਚ

ਪੰਜਾਬੀ ਕਵਿਤਾ 'ਚ ਪਹਿਲੀ ਵਾਰ ਸ਼ਾਇਦ ਇਸ ਤਰ੍ਹਾਂ ਦੀ ਵਿਜਨ ਨੂੰ ਕਾਵਿਕ ਰੂਪਾਂਤਰਣ ਦਿੱਤਾ ਗਿਆ ਹੈ। ਇਸ ਕਵਿਤਾ 'ਤੇ ਮੈਨੂੰ ਕਈ ਪ੍ਰਬੁੱਧ ਪਾਠਕਾਂ ਦੀ ਪ੍ਰਤਿਕਰਮਵੀ ਆਏ।

? ਤੁਹਾਡੇ ਕਾਵਿ 'ਚ ਹਿੰਦੀ ਭਾਸ਼ਾ ਦਾ ਮੋਹ ਉੱਭਰ-ਉੱਭਰ ਕੇ ਆਉਂਦਾ ਹੈ। ਉਹਨਾਂ ਸ਼ਬਦਾਂ ਨੂੰ ਵਰਤਣ ਪਿੱਛੇ ਕੀ ਕਾਰਨ ਹਨ ਜਦਕਿ ਉਹਨਾਂ ਸ਼ਬਦਾਂ ਦਾ ਪੰਜਾਬੀ 'ਚ ਕੋਈ ਰੂਪ ਮਿਲ ਸਕਦਾ ਹੈ ?

– ਮੈਂ ਹਿੰਦੀ ਭਾਸ਼ੀ ਖੇਤਰਾਂ 'ਚ ਬੜਾ ਲੰਬਾ ਅਰਸਾ ਆਪਣੀ ਨੌਕਰੀ ਦੇ ਸਿਲਸਿਲੇ 'ਚ ਰਿਹਾ ਹਾਂ। ਹਿੰਦੀ ਸਾਹਿਤ ਪੜ੍ਹਨ ਦੀ ਰੁਚੀ ਆਰੰਭ ਤੋਂ ਹੀ ਸੀ। ਹਿੰਦੀ ਭਾਸ਼ਾ ਖੇਤਰਾਂ 'ਚ ਕੰਮ ਕਰਦਿਆਂ ਹਿੰਦੀ, ਉਰਦੂ ਲੇਖਕਾਂ ਨਾਲ ਵੀ ਨੇੜਤਾ ਬਣੀ। ਮੇਰੀ ਇੱਕ ਕਵਿਤਾ ਦੀ ਕਿਤਾਬ 'ਮੇਰੇ ਮੇਂ ਚਾਂਦਨੀ' (1993) ਹਿੰਦੀ 'ਚ ਆਈ। ਇੰਝ ਮੇਰੀ ਸ਼ਬਦਕੋਸ਼ੀ ਸਮਰੱਥਾ ਜਾਂ ਸ਼ਬਦਾਵਲੀ 'ਚ ਹਿੰਦੀ ਦਾ ਪ੍ਰਭਾਵ ਸਹਿਜੇ ਹੀ ਦਿਖ ਸਕਦਾ ਹੈ। ਹਿੰਦੀ ਦੇ ਨਾਲ-ਨਾਲ ਮੈਂ ਸੰਸਕ੍ਰਿਤ, ਉਰਦੂ ਤੇ ਫ਼ਾਰਸੀ ਵੀ ਪੜ੍ਹ ਲਿਖ ਲੈਂਦਾ ਹਾਂ। ਕਹਿਣ ਦਾ ਭਾਵ ਹੈ ਕਿ ਕਿਸੇ ਵੀ ਭਾਸ਼ਾ ਦੇ ਲੇਖਕ ਨੂੰ ਜਿੰਨੀਆਂ ਭਾਸ਼ਾਵਾਂ ਦਾ ਗਿਆਨ ਤੇ ਉਸ 'ਚ ਪ੍ਰਪੱਕ ਯੋਗਤਾ ਹੋਵੇ, ਉਹ ਚੰਗੀ ਗੱਲ ਹੀ ਹੈ। ਪਰ ਕਵਿਤਾ ਜਾਂ ਕੁਝ ਹੋਰ ਲਿਖਦਿਆਂ ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਤੱਤਸਮੀ ਜਾਂ ਤੱਤਭਵੀ ਸ਼ਬਦਾਂ ਦਾ ਪ੍ਰਯੋਗ ਕਰ ਲਿਆ ਜਾਵੇ। ਇਸ ਨਾਲ ਭਾਸ਼ਾ ਦੀ ਅਮੀਰੀ ਤੇ ਸਮਰਿੱਥੀ ਵੱਧਦੀ ਹੀ ਹੈ, ਘਟਦੀ ਨਹੀਂ। ਮੈਂ ਅੰਗਰੇਜ਼ੀ 'ਚੋਂ ਵੀ ਕਈ ਸ਼ਬਦ ਕੋਆਇਨ ਕਰਦਾ ਰਹਿੰਦਾ ਹਾਂ। ਇਹੋ ਭਾਸ਼ਾ ਦੀ ਖੇਡ/ਕ੍ਰੀੜਾ ਹੈ। ਭਾਸ਼ਾ ਦੀ ਸੁੰਦਰਤਾ ਤੇ ਸਮਰੱਥਾ ਉਸਦੀ ਇਸ ਖੇਡ/ਪਲੇਅ 'ਚ ਹੀ ਪਈ ਹੈ।

? 'ਅਥ' ਪੁਸਤਕ ਦੀ 'ਦ੍ਰਿਸ਼ਟੀ' ਕਵਿਤਾ ਬੜੀ ਸੋਹਣੀ ਹੈ। 'ਅੰਨ੍ਹੇ' ਵਿਅਕਤੀ ਦਾ ਬਿੰਬ ਉਭਾਰਿਆ ਹੈ। ਇੱਕ ਅੰਨ੍ਹਾ ਅੰਦਰੂਨੀ ਦ੍ਰਿਸ਼ਟੀ ਨਾਲ ਮਹਿਸੂਸ ਕਰਦਾ ਹੈ ?

– ਮੇਰੀ ਕਿਤਾਬ 'ਅਥ' ਦੀ ਕਵਿਤਾ 'ਦ੍ਰਿਸ਼ਟੀ' ਰਾਹੀਂ ਮੈਂ ਇਹ ਦ੍ਰਿਸ਼ਟਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਬੰਦਾ ਦਰਅਸਲ ਅਸਲ ਨਹੀਂ, ਬਲਕਿ ਭਰਮ ਜਿਉਂਦਾ ਹੈ। ਅਸੀਂ, ਜੋ ਪ੍ਰਤੱਖਦੇ ਹਾਂ ਉਹ ਨਿਰਪੇਖ ਨਹੀਂ, ਬਲਕਿ ਸਾਪੇਖ ਹੁੰਦੈ। ਕਾਰਣ ਕਿ ਉਸ 'ਚ ਸਾਡਾ ਦ੍ਰਿਸ਼ਟੀ-ਭਰਮ ਸ਼ਾਮਿਲ ਹੁੰਦੈ। ਅਸੀਂ ਜੋ ਨੰਗੀ ਅੱਖ ਨਾਲ ਦੇਖ ਰਹੇ ਹੁੰਦੇ ਹਾਂ, ਅਸੀਂ, ਉਹੀ ਦੇਖਦੇ ਹਾਂ ਜੋ ਦੇਖਣਾ ਚਾਹੁੰਦੇ ਹਾਂ। ਇਸੇ ਕਾਰਣ ਦ੍ਰਿਸ਼ ਦੀ ਸੰਪੂਰਣਤਾ ਸਾਡੀ ਦ੍ਰਿਸ਼ਟੀ ਦਾ ਵਿਸ਼ਾ ਨਹੀਂ ਬਣਦੀ। ਦੂਜੇ ਸ਼ਬਦਾਂ 'ਚ ਇਹ ਵੀ ਕਹਿ ਸਕਦੇ ਹਾਂ ਕਿ ਇੰਦਰੀਆਂ ਰਾਹੀਂ ਪ੍ਰਤੱਖਿਆ ਅਨੁਭਵ ਸੰਪੂਰਣ ਨਹੀਂ, ਕਿਉਂਕਿ ਹਰ ਇੱਕ ਇੰਦਰੀ ਦਾ ਮਾਧਿਅਮ ਤੇ ਵਿਸ਼ੇ ਭਿੰਨ ਨੇ ਅਤੇ ਅਪੂਰਵ ਨੇ। ਅੰਨ੍ਹਾ ਇਸ ਲਈ ਸਪਰਸ਼ ਤੇ ਸੂਝ ਨਾਲ ਵੱਧ ਦੇਖਦਾ ਕਿਉਂਕਿ ਅੱਖ ਰਾਹੀਂ ਭਾਵ ਦ੍ਰਿਸ਼ਟੀ ਰਾਹੀਂ ਨਹੀਂ ਦੇਖ ਰਿਹਾ ਹੁੰਦਾ। ਇਸੇ ਲਈ ਉਹ ਨੰਗੀ ਅੱਖ ਨਾਲੋਂ ਆਪਣੇ ਸਪਰਸ਼ ਰਾਹੀਂ ਵੱਧ ਦੇਖਦਾ ਭਾਵ ਪ੍ਰਤੱਖਦਾ ਹੈ। ਇਹੋ ਮਨੁੱਖੀ ਜੀਵਨ ਦੀ ਵਿਡੰਬਣਾ ਹੈ। ਸਾਨੂੰ ਦੇਖਣ ਦੀ ਜਾਚ ਬਦਲਣੀ ਪਵੇਗੀ ਜੇਕਰ ਅਸੀਂ ਦਿਸਦੇ ਤੋਂ ਵੱਖ ਦੇਖਣਾ ਚਾਹੁੰਦੇ ਹਾਂ। ਇਹੋ ਭਾਵਨਾ ਇਸ ਕਵਿਤਾ ਦਾ ਰਹੱਸ ਹੈ।

? ਤੁਸੀਂ ਬਾਹਰ-ਅੰਦਰ ਜਾਂਦੇ ਹੋ। ਪਹਾੜੀ ਥਾਵਾਂ ਗੁਫ਼ਾਵਾਂ ਜਾਂਦੇ ਹੋ। ਚਿੱਤਰ ਲੜੀਆਂ ਦੇਖਦੇ ਹੋ। ਇਹ ਸਭ ਕੁਝ ਰਲਕੇ ਕਵਿਤਾ ਬਣ ਜਾਂਦਾ ਹੈ। ਇਹਨਾਂ ਕਵਿਤਾਵਾਂ ਅਤੇ ਆਵੇਸ਼ੀ/ ਕਰਤਾਰੀ ਕਵਿਤਾਵਾਂ ਦਾ ਕੋਈ ਫ਼ਰਕ ਮਹਿਸੂਸ ਹੁੰਦਾ ਹੈ ?

– ਭ੍ਰਮਣ ਮੇਰੇ ਜੀਵਨ ਦਾ ਅਟੁੱਟ ਹਿੱਸਾ ਰਿਹਾ ਹੈ। ਨੌਕਰੀ ਦੀ ਮਜ਼ਬੂਰੀ ਵੱਧ 'ਤੇ ਸਵੈ ਇੱਛਤ ਵੀ। ਦੂਰ ਦੁਰੇਡੀਆਂ ਥਾਵਾਂ 'ਤੇ ਲੋਕਾਂ ਸੰਗ ਵਿਚਰਦਿਆਂ ਕਈ ਅਜਿਹੇ ਅਣਗੌਲੇ ਵਰਤਾਰੇ ਸਹਿਵਨ ਦਿਖ ਜਾਂਦੇ ਨੇ, ਜਿਨ੍ਹਾਂ 'ਚ ਇੱਕ ਖ਼ਾਸ ਤਰ੍ਹਾਂ ਦਾ ਅਜਨਬੀਪਣ ਦਿਖ ਪੈਂਦਾ ਹੈ, ਜੋ ਹੋ ਸਕਦੈ ਦੂਜੇ ਬੰਦੇ ਨੂੰ ਨਾ ਦਿਖੇ। ਇਹ ਅਜਨਬੀਪਣ ਕਈ ਵਾਰ ਕਵਿਤਾ ਦਾ ਰੂਪ ਅਖ਼ਤਿਆਰ ਕਰ ਲੈਂਦੈ।



ਇਸ ਵੱਖਰਾਪਣ ਜਾਂ ਅਜਨਬੀਪਣ ਆਪਣੀ ਭਾਸ਼ਾ ਤੇ ਸ਼ਬਦਾਵਲੀ ਵੀ ਨਾਲ ਹੀ ਲੈ ਕੇ ਆਉਂਦੈ। ਇਸੇ ਪ੍ਰਕਿਰਿਆ 'ਚੋਂ ਕਦੇ-ਕਦੇ ਕੋਈ ਕਵਿਤਾ ਜਨਮ ਲੈ ਲੈਂਦੀ ਹੈ। ਪਰੰਪਰਕ ਤੌਰ 'ਤੇ ਕਵਿਤਾ ਨਾਲ ਜੁੜੀ ਆਵੇਸ਼ੀ ਪ੍ਰਵਿਰਤੀ ਦੀ ਗੱਲ ਇੱਥੇ ਉਂਝ ਨਹੀਂ ਵਾਪਰਦੀ ਜੋ ਅਸੀਂ ਕਵਿਤਾ ਦੇ ਕਾਵਿ ਸ਼ਾਸਤਰ ਬਾਰੇ ਪੜ੍ਹਦੇ ਆ ਰਹੇ ਹਾਂ। ਇਸ ਸਥਿਤੀ 'ਚ ਲੋਕਾਂ ਥਾਵਾਂ 'ਚ ਵਿਚਰਦਿਆਂ ਕੋਈ ਵਿਚਾਰ-ਬੀਜ ਤੁਹਾਡੇ ਨਾਲ-ਨਾਲ ਤੁਰ ਪੈਂਦਾ ਹੈ। ਫਿਰ ਹੌਲੀ-ਹੌਲੀ ਇਹ ਭਾਸ਼ਾ ਤੇ ਸ਼ਿਲਪ ਰਾਹੀਂ ਆਕਾਰ ਲੈਣ ਲਗਦਾ ਹੈ। ਮੇਰੀ ਕਿਤਾਬ 'ਸੁਰ ਸੰਕੇਤ' 'ਚ ਇੱਕ ਕਵਿਤਾ ਹੈ '3 ਦ੍ਰਿਸ਼ ਸਕੇਪ'। ਪਹਿਲੀ ਕਵਿਤਾ 'ਚ ਉੜੀਸਾ-ਪੱਛਮੀ ਬੰਗਾਲ ਦੀ ਸੀਮਾ 'ਤੇ ਸਥਿਤੀ ਦਾਮੋਦਰ ਨਦੀ ਉੱਪਰ ਡੈਮ 'ਤੇ ਸੈਰ ਕਰਦਿਆਂ ਇੱਕ ਬੱਕਰੀ ਬੜੀ ਕਠਿਨ ਪਹਾੜੀ 'ਤੇ ਚਰ ਰਹੀ ਸੀ। ਉਸ ਮਲੂਕ ਤੇ ਸੁਬਕ ਜਾਨ ਬੱਕਰੀ ਨੂੰ ਕਠਿਨ ਸਥਿਤੀ 'ਚੋਂ ਆਪਣੀ ਖੁਰਾਕ ਦੀ ਤਲਾਸ਼ ਦੇ ਸੰਘਰਸ਼ ਨੂੰ ਦੇਖ ਕੇ ਮੈਨੂੰ ਇਹ ਕਾਵਿ ਵਿਚਾਰ ਸੁੱਝਿਆ ਜੋ ਇੱਕ ਕਵਿਤਾ ਰਾਹੀਂ ਪ੍ਰਗਟ ਹੋਇਆ। ਇਵੇਂ ਹੀ ਤਾਰਖੰਡ ਦੇ ਸੰਥਾਲ ਪਰਗਨਾ ਇਲਾਕੇ 'ਚ ਘੁੰਮਦਿਆਂ ਮੈਨੂੰ ਧਾਨ ਬੀਜਦੀ ਇੱਕ ਸੰਥਾਲੀ ਕੁੜੀ ਦਿਸੀ। ਅਸੀਂ ਦੋਵੇਂ ਇੱਕ ਦੂਜੇ ਲਈ ਅਜਨਬੀ ਸਾਂ ਤੇ ਗ਼ੈਰ ਭਾਸ਼ੀ ਵੀ। ਪਰ ਸਾਡੇ ਦੋਹਾਂ ਦਰਮਿਆਨ ਇੱਕ ਸਾਂਝੀ ਭਾਸ਼ਾ ਸੀ, ਧਾਨ ਦੀ ਭਾਸ਼ਾ, ਭੁੱਖ ਦੀ ਭਾਸ਼ਾ, ਸੰਘਰਸ਼ ਦੀ ਭਾਸ਼ਾ। ਇੰਝ ਕਈ ਵਾਰ ਕੋਈ ਅਣਗੌਲਿਆ ਤੇ ਅਣਦਿੱਖ ਜਿਹਾ ਵਿਚਾਰ ਕਵਿਤਾ ਦਾ ਰੂਪ ਅਖ਼ਤਿਆਰ ਕਰ ਲੈਂਦਾ ਹੈ। ਇਸ ਵਿਚ ਆਵੇਸ਼ੀ ਤੱਤ ਸ਼ਾਮਿਲ ਹੁੰਦੈ ਪਰ ਉਵੇਂ ਨਹੀਂ ਜਿਵੇਂ ਕਵਿਤਾ ਦੇ ਸ਼ਾਸਤਰ 'ਚ ਬਿਆਨਿਆ ਗਿਆ ਹੈ। ਇਹ ਤੁਹਾਡੇ ਨਾਲ ਕਈ-ਕਈ ਦਿਨ ਰਹਿੰਦਾ ਹੈ ਆਪਣੇ ਲਈ ਮਾਕੂਲ ਕਾਵਿ ਭਾਸ਼ਾ ਦੀ ਤਲਾਸ਼ 'ਚ। ਇਹ ਭਾਸ਼ਾ ਆਪਣਾ ਸ਼ਿਲਪ ਵੀ ਨਾਲ ਹੀ ਲੈ ਕੇ ਆਉਂਦੀ ਹੈ। ਇਹੋ ਕਵਿਤਾ ਦੀ ਰੂਪ ਵਿਧਾ ਦੀ ਖ਼ੂਬਸੂਰਤੀ ਹੈ।

? 'ਘਾਹ ਦੀ ਤਿੜ' ਅਤੇ 'ਪੱਤਝੜ ਦੇ ਪੱਤੇ' 'ਚੋਂ ਕਵੀ ਦੀ ਕਮਿਟਮੈਂਟ ਕਿਸ ਨਾਲ ਹੈ ?

– ਮੇਰੀ ਨਵੀਂ ਕਾਵਿ ਕਿਤਾਬ 'ਬੈਖਰੀ' 'ਚ ਕਵਿਤਾ ਹੈ 'ਫਿਰ...'। ਘਾਹ ਦੀ ਤਿੜ ਤੇ ਪੱਤਝੜ ਦੇ ਪੱਤੇ ਦੇ ਦਵੰਦ ਦੀ ਚਿਹਨਾਤਮਕਤਾ ਰਾਹੀਂ ਸਹਿਜ ਦੀ ਸਦੀਵਤਾ ਤੇ ਅੰਤ ਦੀ ਅਲਪਤਾ ਦਾ ਦ੍ਰਿਸ਼ ਸਾਕਾਰ ਕੀਤਾ ਗਿਆ ਹੈ। ਸਹਿਜ ਸੁਭਾਅ 'ਚ ਇੱਕ ਸਦੀਵਤਾ ਹੈ। ਅੰਤ ਆਪਣੀ ਅਲਪਤਾ ਦਾ ਵਾਸ ਹੈ। ਸਹਿਜ ਨੇ ਕਾਲੰਤਰ 'ਚ ਆਪਣੇ ਸਥਾਈਤੱਵ ਨੂੰ ਦਿਖਾਉਣਾ ਹੁੰਦੈ। ਅੰਤ ਨਾ ਸਿਰਫ਼ ਆਪਣੀ ਅਲਪਤਾ ਦਾ ਸ਼ਿਕਾਰ ਹੁੰਦੈ ਸਗੋਂ ਆਪਣੀ ਉਚਾਈ ਵੀ ਆਪਣੇ ਸੁਭਾਅ ਕਾਰਣ ਗੁਆ ਦਿੰਦੈ। ਜਿੱਥੋਂ ਤੱਕ ਮੇਰਾ ਸਵਾਲ ਹੈ ਕਿ ਮੈਂ ਕਿਸ ਨਾਲ ਖੜ੍ਹਿਆ। ਉਹ ਤਾਂ ਸਪੱਸ਼ਟ ਹੈ ਕਿ ਕੋਈ ਵੀ ਸਿਰਜਣਾ ਤੇ ਵਿਚਾਰ ਨਾਲ ਜੁੜਿਆ ਬੰਦਾ ਸਹਿਜ ਸੁਭਾਅ ਦਾ ਹੀ ਕਾਇਲ ਹੋਵੇਗਾ। ਜੀਵਨ ਦੇ ਵੱਡੇ ਫ਼ਲਸਫ਼ੇ ਦਰਅਸਲ ਆਮ ਸਧਾਰਣ ਨਿਗੁਣੀਆਂ ਸ਼ੈਆਂ 'ਚੋਂ ਹੀ ਉਮਗਦੇ ਨੇ। ਘਾਹ ਦੀ ਤਿੜ ਇਸੇ ਫ਼ਲਸਫ਼ੇ ਦਾ ਚਿਹਨ ਹੈ।

? 'ਆਖ਼ਿਰ' 'ਚ ਤੁਸੀਂ ਬਨਵਾਸ ਦੇ ਦੁੱਖ ਨੂੰ ਛੋਹਿਆ ਹੈ ਜੋ ਅੰਦਰੇ-ਅੰਦਰ ਖੁਰਦਾ ਜਾ ਰਿਹਾ ਹੈ। ਪਾਠਕ ਉਸ ਦੁੱਖ ਨੂੰ ਜਾਣਨਾ ਚਾਹੇ ਤਾਂ ?

– ਬਨਵਾਸ ਦੀ ਸਥਿਤੀ ਬੜੀ ਅਜੀਬ ਹੈ। ਇਹ ਮਾਨਸਿਕ ਵੀ ਹੁੰਦੈ ਤੇ ਸਰੀਰਕ ਵੀ। ਭੂਗੋਲਿਕ ਵੀ ਹੁੰਦੈ ਤੇ ਭੌਤਿਕ ਵੀ। ਇਨ੍ਹਾਂ ਸਥਿਤੀਆਂ 'ਚ ਜਾਣਾ ਦੂਰ ਹੀ ਪੈਂਦਾ। ਆਪਣਿਆਂ ਤੋਂ ਜਾਂ ਆਪਣੇ ਆਪ ਤੋਂ। ਪਰ ਆਪਣੇ ਕੋਲ ਹੋ ਕੇ ਬਨਵਾਸ 'ਚ ਰਹਿਣਾ ਬੜੀ ਅਜੀਬ ਸਥਿਤੀ ਹੈ। 'ਅਥ' 'ਚ ਮੇਰੀ ਕਵਿਤਾ ਹੈ ਬਨਵਾਸ। ਉਸ ਕਵਿਤਾ 'ਚ ਮੈਂ ਬਨਵਾਸ ਨਾਲ ਜੁੜੀਆਂ ਘਟਨਾਵਾਂ ਦੇ ਰਸਾਇਣ ਦੀ ਗੱਲ ਕੀਤੀ ਹੈ। ਉੱਤਰ ਪੂਰਬਵਾਦੀ ਚਿੰਤਕ ਹੋਇਆ ਐਡਵਰਡ ਸਈਦ। ਉਸਦੀ ਸਵੈਜੀਵਨੀ ਦਾ ਨਾਮ ਹੈ 'ਦਾ ਐਗਜ਼ਾਟੀਲ'। ਐਡਵਰਡ ਸਈਦ ਦੀ ਬਨਵਾਸ ਸਥਿਤੀ ਇਹ ਸੀ ਕਿ ਉਹ ਈਸਾਈ ਸੀ ਪਰ ਉਸਦਾ ਦੇਸ਼ ਫਲਸਤੀਨ ਸੀ। ਫਲਸਤੀਨ ਵਾਲੇ ਉਸਨੂੰ ਈਸਾਈ ਹੋਣ ਕਰਕੇ ਫਲਸਤੀਨੀ

ਮੁਸਲਿਮ ਹਿੱਤਾਂ ਦਾ ਨਹੀਂ ਸਨ ਮੰਨਦੇ ਤੇ ਪੱਛਮ ਵਾਲੇ ਉਸਦੀ ਫਲਸਤੀਨੀ ਹੋਣ ਕਾਰਣ ਪੱਛਮੀ ਮੁੱਦਿਆਂ ਦਾ ਨਹੀਂ ਸਨ ਮੰਨਦੇ। ਇਸ ਐਗਜ਼ਾਈਲ ਪੋਜੀਸ਼ਨ ਦੀ ਗੱਲ ਬਾਰ-ਬਾਰ ਸਈਦ ਆਪਣੀ ਸਵੈਜੀਵਨੀ 'ਚ ਕਰਦਾ ਹੈ। ਦਰਅਸਲ ਬਨਵਾਸੀ ਸਥਿਤੀ 'ਚ ਬੰਦੇ ਨੂੰ ਆਪਣੇ ਸਵੈ ਤੇ ਹੋਂਦ ਦੀ ਸ਼ਨਾਖ਼ਤ ਹੁੰਦੀ ਹੈ। ਉਰਦੂ ਦੀ ਸ਼ਾਇਰ ਮੁਨੀਰ ਨਿਆਜ਼ੀ ਦਾ ਸ਼ੇਅਰ ਵੀ ਕੁਝ ਇਸੇ ਨੌਈਅਤ ਦਾ ਹੈ, 'ਆਦਤ ਹੀ ਬਨਾਲੀ ਹੈ ਤੁਮਨੇ ਮੁਨੀਰ ਆਪਣੀ। ਜਿਸ ਸ਼ਹਿਰ ਮੇਂ ਭੀ ਰਹਿਨਾ, ਉਕਤਾਏ ਹੁਏ ਰਹਿਨਾ।' ਸੋ ਬਨਵਾਸ ਕਈ ਤਰ੍ਹਾਂ ਹੁੰਦਾ ਹੈ। ਬਨਵਾਸ ਗਿਆਨ ਦੀ ਪਹਿਲੀ ਪੌੜੀ ਹੈ। ਬਨਵਾਸ ਸਵੈ ਇੱਛਤ ਵੀ ਹੁੰਦੈ ਜਿਵੇਂ ਗੁਰੂ ਨਾਨਕ ਦੀਆਂ ਉਦਾਸੀਆਂ। ਕਹਿਣ ਤੋਂ ਭਾਵ ਦੂਰ ਹੋ ਕੇ ਹੀ ਗਿਆਨਵਾਦ ਹੋਇਆ ਜਾ ਸਕਦੈ। ਘਰੇ ਰਹਿ ਕੇ ਨਹੀਂ। ਘਰ ਤਾਂ ਕੈਦ ਹੈ।

? ਮਨਮੋਹਨ ਜੀ ਕਵਿਤਾ ਤੁਹਾਡੇ ਕੋਲ ਕਿਵੇਂ ਆਉਂਦੀ ਹੈ। ਕਵਿਤਾ ਲਿਖਣ ਤੋਂ ਬਾਅਦ ਕੀ ਉਸ 'ਤੇ ਕੋਈ ਸ਼ਿਲਪਕਾਰੀ ਕਰਦੇ ਹੋ ਮੇਰਾ ਮਤਲਬ ਸੋਧ-ਸੁਧਾਈ। ਮੁਕਤੀਬੋਧ ਆਪਣੀਆਂ ਕਵਿਤਾਵਾਂ ਨੂੰ ਕਈ-ਕਈ ਵਾਰ ਸੋਧਦੇ ਸਨ ?

– ਕਵਿਤਾ ਸਿਰਜਣਾ ਦੀ ਆਮਦ ਨੂੰ ਕਿਸੇ ਪਰਿਭਾਸ਼ਾ 'ਚ ਨਹੀਂ ਬੰਨ੍ਹਿਆ ਜਾ ਸਕਦਾ। ਹਰ ਕਵਿਤਾ ਦੀ ਆਉਣ-ਵਿਧੀ ਭਿੰਨ ਹੁੰਦੀ ਹੈ। ਕਦੀ ਕੋਈ ਖ਼ਿਆਲ ਵਰ੍ਹਿਆਂਬੱਧੀ ਤੁਹਾਡੇ ਮਨ 'ਚ ਘਰ ਕਰੀ ਬੈਠਾ ਰਹਿੰਦਾ ਅਤੇ ਕਿਸੇ ਮਾਕੂਲ ਮੌਕੇ ...ਪੂਰਨ ਰੂਪ 'ਚ ਪ੍ਰਗਟ ਹੋ ਜਾਂਦੈ। ਕਦੇ-ਕਦੇ ਕੋਈ ਅਧ-ਅਧੂਰਾ ਵਿਚਾਰ ਅਚਾਨਕ ਸੰਪੂਰਣਤਾ ਦਾ ਰੂਪ ਲੈ ਲੈਂਦਾ। ਜਿਵੇਂ ਮੈਂ ਪਹਿਲਾਂ ਕਿਹਾ ਕਿ ਹਰ ਕਵਿਤਾ ਆਪਣੀ ਭਾਸ਼ਾ ਤੇ ਸ਼ਿਲਪ ਨਾਲ ਲੈ ਕੇ ਆਉਂਦੀ ਹੈ ਉਵੇਂ ਹੀ ਹਰ ਕਵਿਤਾ ਦਾ ਆਮਦ ਢੰਗ ਵੀ ਆਪਣੀ ਤਰ੍ਹਾਂ-ਤਰ੍ਹਾਂ ਦਾ ਵਿਕੋਲਿਤਰਾ ਹੁੰਦਾ ਹੈ। ਮੈਂ ਪਿੱਛੇ ਜਿਹੇ ਇੱਕ ਕਵਿਤਾ ਲਿਖੀ 'ਚਾਹ ਦਾ ਖੋਖਾ'। ਮੈਂ ਅਕਸਰ ਆਪਣੀ 'ਇਕੱਲਤਾ 'ਚ ਆਪਣੇ ਸ਼ਹਿਰ ਦੇ ਚਾਹ ਦੇ ਖੋਖਿਆਂ 'ਤੇ ਬੈਠ ਚਾਹ ਦੀ ਚੁਸਕੀਆਂ ਨਾਲ ਵਕਤ ਕਟੀ ਕਰਦਾ ਰਹਿੰਦਾ। ਇੱਕ ਦਿਨ ਇਸੇ ਅਨੁਭਵ 'ਚੋਂ ਕਵਿਤਾ ਸਿਰਜੀ ਗਈ। ਇਸ ਕਵਿਤਾ 'ਚ ਮੈਂ ਕਿ ਦੱਸਿਆ ਇਹ ਹਰ ਬੰਦੇ ਦੀਆਂ ਆਪਣੀਆਂ ਪਨਾਹਗਾਹਾਂ ਹੁੰਦੀਆਂ ਨੇ। ਮੇਰੇ ਲਈ ਚਾਹ ਦਾ ਖੋਖਾ ਪਨਾਹਗਾਹ ਵਾਂਗ ਹੈ। ਪਰ ਪਨਾਹਗਾਹਾਂ ਸਥਾਈ ਠਾਹਰਾਂ ਜਾਂ ਘਰ ਨਹੀਂ ਹੋ ਸਕਦੀਆਂ। ਘਰਾਂ 'ਚ ਤੁਹਾਨੂੰ ਪਨਾਹਗਾਹਾਂ ਜਿਹਾ ਸੁੱਖ ਨਹੀਂ ਮਿਲ ਸਕਦਾ। ਪਰ ਇਉਂ ਕਿ ਪਨਾਹਗਾਹਾਂ ਘਰ ਨਹੀਂ ਹੁੰਦੀਆਂ ਇਸ ਲਈ ਘਰਾਂ ਨੂੰ ਪਰਤਣਾ ਹੀ ਪੈਂਦਾ।

? ਅੱਜ ਕੱਲ੍ਹ ਲਿਖੀ ਜਾ ਰਹੀ ਪੰਜਾਬੀ ਕਵਿਤਾ ਦੇ ਬਾਰੇ ਕੀ ਆਖਣਾ ਚਾਹੋਗੇ ?

– ਪੱਛਮ 'ਚ ਇਹ ਕਿਹਾ ਜਾਂਦਾ ਰਿਹਾ ਹੈ ਕਿ ਕਵਿਤਾ ਦੀ ਮੌਤ ਹੋ ਗਈ ਹੈ। ਹੁਣ ਗ਼ਲਪ ਦਾ ਯੁੱਗ ਹੈ। ਇਹ ਐਲਾਨ ਉੱਤਰ-ਆਧੁਨਿਕ ਵਰਤਾਰਾ ਹੈ। ਇਸ ਦਾ ਕਾਰਣ ਹੈ। ਪੱਛਮ ਦਾ ਸੰਦਰਭ ਭਿੰਨ ਹੈ। ਪੂਰਵੀ ਸੱਭਿਆਚਾਰਾਂ 'ਚ ਪਦਾਰਥ ਨਾਲੋਂ ਨਾਲੋਂ ਆਤਮ-ਅਨਾਤਮ 'ਤੇ ਜ਼ਿਆਦਾ ਬਲ ਹੈ। ਇਸੇ ਕਰਕੇ ਇੱਥੇ ਕਵਿਤਾ ਦੀ ਮੌਤ ਸੰਭਵ ਨਹੀਂ। ਕਿਉਂਕਿ ਕਵਿਤਾ ਆਤਮ ਦਾ ਪ੍ਰਤੌਅ ਹੈ। ਪੰਜਾਬੀ ਕਵਿਤਾ 'ਤੇ ਵੀ ਇਹ ਗੱਲ ਵਾਪਰਦੀ ਹੈ। ਅੱਜ ਦੀ ਕਵਿਤਾ ਗ਼ਲਪ ਨਾਲੋਂ ਵੱਧ ਲਿਖੀ ਜਾ ਰਹੀ ਹੈ। ਉਸਦੀ ਗੁਣਾਤਮਕਤਾ 'ਤੇ ਮੈਂ ਕੋਈ ਟਿੱਪਣੀ ਨਹੀਂ ਕਰ ਰਿਹਾ। ਵਰਤਮਾਨ ਕਵਿਤਾ ਅੰਦਰ ਵੀ ਕਈ ਰੂਪ ਵਿਦਮਾਨ ਨੇ। ਇਨ੍ਹਾਂ ਭਿੰਨ ਰੂਪਾਂ ਕਾਰਨ ਹੀ ਇਹ ਭਿੰਨ ਪ੍ਰਭਾਵ ਸਿਰਜਦੀ ਦਿਖਦੀ ਹੈ। ਇਹ ਸਾਰਾ ਕੁਝ ਅਨੁਭਵ ਦੀ ਪ੍ਰਮਾਣਿਕਤਾ ਜਾਂ ਅਪ੍ਰਮਾਣਿਕਤਾ ਦਾ ਵਿਸ਼ਾ ਹੈ। ਪ੍ਰਮਾਣਿਕ ਅਨੁਭਵ ਹੀ ਚੰਗੀ ਕਵਿਤਾ ਦਾ ਮੂਲ ਕਾਰਣ ਬਣਦਾ ਹੈ। ਇਸ ਪ੍ਰਮਾਣਿਕਤਾ ਕਾਰਣ ਹੀ ਭਾਸ਼ਾ, ਜੁਗਤ ਤੇ ਕਵਿਤਾ ਦਾ ਸ਼ਾਸਤਰ ਤੇ ਸ਼ਿਲਪ ਪ੍ਰਮਾਣਿਕ ਹੋ ਨਿਬੜਦਾ ਹੈ। ਤੁਸੀਂ ਦੇਖੋਗੇ ਕਿ ਜਿਹੜੇ ਕਵੀਆਂ ਕੋਲ ਅਨੁਭਵ ਦੀ ਪ੍ਰਮਾਣਿਕਤਾ ਹੈ, ਭਾਵ ਜੋ ਅਨੁਭਵ ਉਨ੍ਹਾਂ ਆਪਣੀ ਦੇਹ ਤੇ ਆਤਮਾ 'ਤੇ ਹੰਢਾਇਆ, ਉੱਥੇ ਕਵਿਤਾ ਵੀ ਵਧੀਆ ਪੈਦਾ ਹੋਈ ਹੈ। ਮੇਰਾ ਮੰਨਣਾ ਹੈ ਕਿ ਪ੍ਰਮਾਣਿਕ ਅਨੁਭਵ



ਲਈ ਕਵੀ ਨੂੰ ਅਪ੍ਰਮਾਣਿਕ ਜੀਵਨ ਭਾਵ ਲੀਕ ਤੋਂ ਹਟ ਕੇ ਖ਼ਤਰਿਆਂ ਭਰਿਆ ਜੀਵਨ ਜਿਉਣਾ ਪੈਂਦਾ ਹੈ। ਭਿੰਨ ਰੂਪ 'ਚ ਜੀਵਨ ਹੀ ਦ੍ਰਿਸ਼ਟੀ ਤੇ ਅਨੁਭਵ 'ਚ ਭਿੰਨਤਾ ਪੈਦਾ ਕਰਦੈ। ਚੰਗੀ ਕਵਿਤਾ ਦਾ ਇਹੋ ਕਰਮ ਹੈ। ਬਾਕੀ ਸਾਰਾ ਕੁਝ ਸ਼ਬਦ ਅਡੰਬਰ ਦੁਹਰਾਓ ਤੇ ਅਕਾਓ ਹੈ। ਅਮੂਰਤ ਅਨੁਭਵ ਅਮੂਰਤ ਕਵਿਤਾ ਦਾ ਹੀ ਬਾਇਸ ਬਣਦਾ ਹੈ। ਕਵਿਤਾ ਸਵੈ ਅਮੂਰਤ ਵਿਧਾ ਹੋਣ ਕਾਰਣ ਹੋਰ ਅਮੂਰਤ ਹੋ ਜਾਂਦੀ ਹੈ। ਇਹ ਵੀ ਪੰਜਾਬੀ ਕਵਿਤਾ ਦਾ ਸੰਕਟ ਹੈ।

? ਕਵਿਤਾ ਦਾ ਆਲੋਚਨਾ ਨਾਲ ਅਤੇ ਕਵੀ ਦਾ ਆਲੋਚਕ ਨਾਲ ਕੀ ਰਿਸ਼ਤਾ ਹੈ ?

– ਇਹ ਦੋਵੇਂ ਰਿਸ਼ਤੇ ਆਪਸ 'ਚ ਪੂਰਕ ਨੇ। ਇੱਕ ਦੂਜੇ 'ਚੋਂ ਬਣਦੇ ਨੇ। ਇੱਕ ਦੂਜੇ ਨੂੰ ਬਣਾਉਂਦੇ ਨੇ। ਸਿਰਜਣਾ 'ਚੋਂ ਪੈਦਾ ਹੋਈ ਆਲੋਚਨਾ ਹੀ ਸ਼ਾਸਤਰੀ ਹੋ ਸਕਦੀ ਹੈ। ਆਲੋਚਨਾ ਤੋਂ ਸੋਧਿਤ ਤੇ ਸਧੀ ਸਿਰਜਣਾ ਆਪਣੀਆਂ ਹੋਰ ਵੱਧ ਸੰਭਾਵਨਾਵਾਂ ਨਾਲ ਪੇਸ਼ ਹੁੰਦੀ ਹੈ। ਇਸ ਲਈ ਇਹ ਦੋਵੇਂ ਆਪਸ 'ਚ ਵਿਰੋਧੀ ਵਰਤਾਰੇ ਨਹੀਂ। ਆਲੋਚਨਾ ਬਾਰੇ ਪਰੰਪਰਕ ਵਿਚਾਰ ਜਿਵੇਂ ਆਲੋਚਕ ਸਿਰਜਕ ਘੋੜੇ ਦੀ ਪਿੱਠ 'ਤੇ ਭਿਨਭਿਨਾਉਂਦੀ ਮੱਖੀ ਵਾਂਗ ਹੁੰਦੈ, ਬੜਾ ਉਲਾਰ ਵਿਚਾਰ ਹੈ। ਦੂਜਾ ਸਿਰਜਣਾ ਆਪਣੇ-ਆਪ 'ਚ ਪੂਰਣ ਹੁੰਦੀ ਹੋਈ ਵੀ ਉਲਾਰ ਭਾਵ ਹੈ। ਕਾਰਣ ਕਿ ਕੋਈ ਵੀ ਪਾਠ ਆਪਣੇ ਆਪ 'ਚ ਸੰਪੂਰਣ ਨਹੀਂ ਹੁੰਦੇ। ਇਸਦਾ ਭਾਵ ਇਹ ਹੋਇਆ ਕਿ ਆਲੋਚਨਾ ਵੀ ਸਿਰਜਣਾਤਮਕ ਹੋ ਸਕਦੀ ਹੈ ਅਤੇ ਸਿਰਜਣਾ 'ਚ ਆਲੋਚਨਾ ਨਿਹਿਤ ਭਾਵ 'ਚ ਵਿਆਪਤ ਹੁੰਦੀ ਹੈ। ਚੰਗੇ ਸਿਰਜਕ ਅੰਦਰ ਸਿਰਜਣਾਤਮਕ ਆਲੋਚਕ ਬੈਠਾ ਹੁੰਦੈ ਅਤੇ ਚੰਗੇ ਆਲੋਚਕ ਅੰਦਰ ਅਲੋਚਨਾਤਮਕ ਸਿਰਜਕ। ਇਸ ਲਈ ਕਵੀ ਤੇ ਆਲੋਚਕ ਤੇ ਕਵਿਤਾ ਤੇ ਆਲੋਚਨਾ ਦੀ ਦਵੈਤ ਬੜਾ ਸਤੱਹੀ ਵਿਚਾਰ ਹੈ। ਇਹ ਦਵੈਤ ਹੁੰਦੀ ਹੀ ਨਹੀਂ। ਇਹ ਦਿਸਦਾ ਭਰਮ ਹੈ। ਸਾਨੂੰ ਇਸ ਭਰਮ ਤੋਂ ਮੁਕਤ ਹੋਣਾ ਪਵੇਗਾ। ਚੰਗੇ ਕਵੀ ਬਜਾਤੇ ਖ਼ੁਦ ਚੰਗੇ ਆਲੋਚਕ ਸਿੱਧ ਹੋਏ ਨੇ। ਸਾਹਿਤ ਦੇ ਇਤਿਹਾਸ ਇਸਦੇ ਗਵਾਹ ਨੇ।

? ਤੁਸੀਂ ਆਲੋਚਕ ਵੀ ਹੋ। ਆਲੋਚਨਾ ਦਾ ਕਵਿਤਾ 'ਤੇ ਪ੍ਰਭਾਵ ਤਾਂ ਨਹੀਂ ਪੈਂਦਾ ?

– ਜਿਵੇਂ ਮੈਂ ਪਹਿਲਾਂ ਕਿਹਾ ਇਹ ਕਵੀ ਤੇ ਆਲੋਚਕ ਦੀ ਦਵੈਤ ਬੜੀ ਮਾਇਆਵੀ ਚੀਜ਼ ਹੈ। ਮੈਂ ਜਦੋਂ ਕਵੀ ਹੁੰਨਾਂ ਭਾਵ ਕਵਿਤਾ ਸਿਰਜ ਰਿਹਾ ਹੁੰਨਾਂ, ਇੱਕ ਅਦ੍ਰਿਸ਼ ਆਲੋਚਕ ਵੀ ਮੇਰੇ ਨਾਲ-ਨਾਲ ਹੁੰਦਾ। ਕਵਿਤਾ 'ਚ ਕਿਸੇ ਵਿਚਾਰ ਦੇ ਪੂਰਵ ਕਵਿਤਾ ਹੋਣ 'ਚ ਮੇਰੇ ਅੰਦਰਲੇ ਆਲੋਚਕ ਦੀ ਵੱਡੀ ਭੂਮਿਕਾ ਹੁੰਦੀ ਹੈ। ਆਲੋਚਨਾ ਵੀ ਭਾਸ਼ਾ ਤੇ ਕਵਿਤਾ ਦੀ ਭਾਸ਼ਾ 'ਚ ਵੀ ਆਪਸ 'ਚ ਅਦਾਨ-ਪ੍ਰਦਾਨ ਹੁੰਦਾ ਰਹਿੰਦੈ। ਚੰਗੀ ਆਲੋਚਨਾ ਦੀ ਭਾਸ਼ਾ ਸਿਰਜਣਾਤਮਕ ਹੀ ਹੋਵੇਗੀ ਕਿਉਂਕਿ ਉਹ ਸਿਰਜਣਾ ਦੀ ਭਾਸ਼ਾ 'ਚੋਂ ਉਗਮ ਰਹੀ ਹੁੰਦੀ ਹੈ। ਮੇਰੇ ਨਾਲ ਕਈ ਵਾਰ ਅਜਿਹਾ ਵਾਪਰਿਆ ਹੈ ਕਿ ਕਵਿਤਾ 'ਚ ਕਿਸੇ ਭਾਵ ਅਰਥ ਬਾਰੇ ਮੈਨੂੰ ਪਤਾ ਹੀ ਨਹੀਂ ਹੁੰਦਾ ਪਰ ਵਧੀਆ ਆਲੋਚਕ ਉਸ ਭਾਵ ਨੂੰ ਸਿਰਜਣਾ ਦੇ ਲੋਪ 'ਚੋਂ ਬਾਹਰ ਕੱਢ ਕੇ ਲੈ ਆਉਂਦਾ। ਪਰ ਇਸ ਥਾਂ ਇੱਕ ਬੜਾ ਮਹੀਨ ਤੇ ਬਾਰੀਕ ਭਾਵ ਪਿਆ ਹੈ ਕਿ ਦੋਵੇਂ ਰੂਪ ਵਿਧਾਵਾਂ ਪੂਰਵ ਹੋ ਕੇ ਵੀ ਵਜੂਦੀ ਰੂਪ 'ਚ ਭਿੰਨ ਹੈ। ਭਿੰਨਤਾ ਕਾਰਣ ਜਿਨ੍ਹਾਂ ਦੀ ਭਾਸ਼ਾ, ਸ਼ਾਸਤਰ ਤੇ ਸ਼ਿਲਪ ਵੀ ਭਿੰਨ ਹੈ। ਦੋਵੇਂ ਭੂਮਿਕਾ ਨਿਭਾਉਂਦੇ ਵਿਅਤਤੀਤਵ ਲਈ ਇਸ ਭਿੰਨਤਾ ਨੂੰ ਜਾਨਣਾ ਜ਼ਰੂਰੀ ਹੈ।

? ਤੁਸੀਂ ਆਲੋਚਨਾ ਦਾ ਖੇਤਰ ਕਿਵੇਂ ਚੁਣਿਆ ?

– ਮੈਂ ਸਾਹਿਤ ਦਾ ਵਿਦਿਆਰਥੀ ਰਿਹਾ। ਸਾਹਿਤ ਅਧਿਐਨ ਤੇ ਆਲੋਚਨਾ ਦੇ ਖੇਤਰ 'ਚ ਮੇਰੀ ਟ੍ਰੇਨਿੰਗ ਹੋਈ। ਮੈਂ ਪੀ.ਐਚ.ਡੀ. ਕੀਤੀ ਦਸਮ ਗ੍ਰੰਥ 'ਤੇ। ਮੇਰਾ ਵਿਚਾਰ ਹੈ ਕਿ ਐੱਮ.ਏ. ਜਾਂ ਪੀ.ਐਚ.ਡੀ. ਤੁਹਾਡੀ ਪੜ੍ਹਨ ਲਿਖਣ ਦੀ ਟ੍ਰੇਨਿੰਗ ਹੈ। ਕਿਸੇ ਵੀ ਸਾਹਿਤ ਦੇ ਵਿਦਿਆਰਥੀ ਨੇ ਅਸਲ ਕਾਰਜ ਤਾਂ ਬਾਅਦ 'ਚ ਕਰਨਾ ਹੁੰਦੈ। ਜਿਵੇਂ ਮੈਂ ਪਹਿਲਾਂ ਕਿਹਾ ਕਿ ਸਿਰਜਣ ਤੇ ਸਾਹਿਤ ਤੇ ਫ਼ਲਸਫ਼ੇ ਦਾ ਅਧਿਐਨ ਮੇਰੇ ਲਈ ਦੋਵੇਂ ਨਾਲ ਨਾਲ ਹੀ ਚੱਲੇ ਨੇ। ਕਿਉਂਕਿ ਮੇਰਾ ਮੰਨਣਾ ਹੈ ਕਿ ਕਿਸੇ

ਵੀ ਚੰਗੇ ਲੇਖਕ ਲਈ ਬਹੁਤ ਵਧੀਆ ਪਾਠਕ ਹੋਣਾ ਜ਼ਰੂਰੀ ਹੈ। ਲਿਓ ਟਾਲਸਟਾਏ ਨੇ ਕਦੀ ਕਿਹਾ ਸੀ ਕਿ ਮੈਂ ਸਾਲਾਂ ਬੱਧੀ ਨਾ ਲਿਖਾਂ ਮੈਨੂੰ ਕੋਈ ਫ਼ਰਕ ਨਹੀਂ ਪੈਂਦਾ ਪਰ ਜੇਕਰ ਕਿਸੇ ਰਾਤ ਮੈਂ ਪੜ੍ਹ ਕੇ ਨਾ ਸੌਂਵਾਂ ਮੇਰੇ ਲਈ ਸੰਭਵ ਨਹੀਂ। ਹੋਰ ਅਨੁਸ਼ਾਸਨਾਂ ਦਾ ਸਾਹਿਤ ਬਿਨਾ ਸਰ ਸਕਦੈ ਪਰ ਸਾਹਿਤ ਦਾ ਹੋਰ ਅਨੁਸ਼ਾਸਨਾਂ ਬਿਨਾ ਗੁਜ਼ਾਰਾ ਨਹੀਂ। ਇਸ ਲਈ ਮੈਂ ਕਹਿ ਸਕਦਾਂ ਕਿ ਪੜ੍ਹਨ ਲਿਖਣ ਦੀ ਸ਼ਿਦਤ ਨੇ ਮੈਨੂੰ ਸਾਹਿਤ ਅਧਿਐਨ ਤੇ ਆਲੋਚਨਾ ਨਾਲ ਜੋੜਿਆ। ਚੰਗੀ ਤੇ ਉੱਤਮ ਸਾਹਿਤ ਸਿਰਜਣਾ, ਵਿਸਤ੍ਰਿਤ ਤੇ ਗ਼ਹਿਨ ਅਧਿਐਨ ਬਿਨਾ ਸੰਭਵ ਨਹੀਂ। ਕਿਉਂਕਿ ਅਸੀਂ ਹਰ ਵੇਲੇ ਸਿਰਜਕ ਨਹੀਂ ਹੋ ਸਕਦੇ ਪਰ ਸਾਹਿਤ ਅਧਿਐਤਾ ਸਦਾ ਬਣੇ ਰਹਿ ਸਕਦੇ ਹਾਂ। ਆਲੋਚਨਾ ਵੀ ਸਾਹਿਤ ਅਧਿਐਨ ਹੀ ਹੈ।

? ਉੱਤਰ ਆਧੁਨਿਕਤਾ ਬਾਰੇ ਬੜੀਆਂ ਬਹਿਸਾਂ ਚੱਲਦੀਆਂ ਹਨ। ਵਿਦਵਾਨਾਂ ਦੇ ਆਪੋ-ਆਪਣੇ ਵਿਚਾਰ ਹਨ। ਕੁਝ ਲੋਕ ਆਖਦੇ ਹਨ ਕਿ ਹਾਲੇ ਤਾਂ ਆਧੁਨਿਕਤਾ ਹੀ ਨਹੀਂ ਆਈ ਫੇਰ ਉੱਤਰ ਆਧੁਨਿਕਤਾ ? ਤੁਸੀਂ ਵੀ 'ਉੱਤਰ ਆਧੁਨਿਕਤਾ ਅਤੇ ਨੈਤਿਕਤਾ' ਸਿਰਲੇਖ ਹੇਠ ਉੱਤਰ ਆਧੁਨਿਕਤਾ ਨੂੰ Promophobia (Post Modernism Phobia) ਕਿਹਾ ਹੈ। ਉੱਤਰ ਆਧੁਨਿਕਤਾ ਪ੍ਰਤਿ ਏਨਾ ਰੋਲ-ਘਚੋਲਾ ਕਿਉਂ ਹੈ ?

– ਇਸ ਨੂੰ ਸਮਝਣ ਲਈ ਸਾਨੂੰ ਆਧੁਨਿਕਤਾ ਆਧੁਨਿਕਤਾਵਾਦ, ਉੱਤਰ ਆਧੁਨਿਕਤਾ ਤੇ ਉੱਤਰ ਆਧੁਨਿਕਤਾਵਾਦ ਦੇ ਫ਼ਰਕ ਨੂੰ ਸਮਝਣਾ ਪਵੇਗਾ। ਇਹ ਗ਼ਲਤ ਸੋਚ ਹੈ ਕਿ ਆਧੁਨਿਕਤਾ ਨਹੀਂ ਆਈ। ਉਦਯੋਗਿਕ ਕ੍ਰਾਂਤੀ ਬਾਅਦ ਪੂਰੇ ਵਿਸ਼ਵ 'ਚ ਜੋ ਕੁਝ ਮਾਨਵੀ ਖੇਤਰ 'ਚ ਵਾਪਰਿਆ ਹੈ ਉਹ ਆਧੁਨਿਕਤਾ ਹੀ ਹੈ। ਇਸੇ ਆਧੁਨਿਕਤਾਕਾਰਣ ਭਾਵੇਂ ਅਸੀਂ ਪਦਾਰਥਕ ਤੌਰ 'ਤੇ ਸਪੰਨ ਹੈ। ਪਰ ਸਾਡੇ ਸਭਿਆਚਾਰਕ ਤੇ ਮਾਨਸਿਕ ਵਿਵਹਾਰ 'ਚ ਇਸਨੇ ਸਥਿਰਤਾ, ਸੰਪੂਰਣਤਾ, ਸੰਸਥਾਈਕਰਣਤਾ, ਕੇਂਦਰੀਅਤਾ, ਕੱਟੜਤਾ ਆਦਿ ਜਿਹੇ ਮੁੱਦਿਆਂ 'ਤੇ ਲਿਆ ਕੇ ਖੜ੍ਹਾ ਕਰ ਦਿੱਤੇ। ਇਸਦਾਰੂੜ ਰੂਪ ਆਧੁਨਿਕਤਾਵਾਦ ਬਣਿਆ। ਇਸਦੇ ਵਰਅਕਸ ਉੱਤਰ ਆਧੁਨਿਕਤਾ ਦੇ ਬਹੁਵਚਨਤਾ, ਅਤਰਕਸ਼ੀਲਤਾ, ਵਿਖਰਾਓਪਨ, ਗੁਨਾਹ, ਆਤਮਘਾਤ, ਲਿੰਗਕਤਾ ਆਦਿ ਮੁੱਦੇ ਨੇ ਜਿਨ੍ਹਾਂ ਨੂੰ ਆਧੁਨਿਕਤਾ ਨੇ ਸਦਾ ਨਜ਼ਰ ਅੰਦਾਜ਼ ਕਰੀ ਰੱਖਿਆ।

ਉਦਾਰਣ ਵਜੋਂ ਭਾਰਤੀ ਦੈਂਤ ਸਹਿੰਤਾ ਦੀ ਧਾਰਾ 377 ਤੇ ਸੁਪਰੀਮ ਕੋਰਟ ਦਾ ਹੁਣੇ-ਹੁਣੇ ਆਇਆ ਫ਼ੈਸਲਾ ਆਧੁਨਿਕਤਾ ਵਰਤਾਰਾ ਹੈ ਜੋ ਵਿਕਟੋਰੀਅਨ ਨੈਤਿਕਤਾ ਤੋਂ ਅਤੇ ਕਲੋਨੀਅਨ ਮਾਈਂਡ ਸੈੱਟ ਤੋਂ ਪ੍ਰਭਾਵਿਤ ਹੈ। ਇਸ ਦੇ ਉਲਟ *72" ਦੇ ਮੈਂਬਰਾਂ ਵੱਲੋਂ ਸਮਲਿੰਗਕਤਾ ਬਾਰੇ ਆਜ਼ਾਦੀ ਦਾ ਸੰਘਰਸ਼ ਉੱਤਰ ਆਧੁਨਿਕ ਵਰਤਾਰਾ ਹੈ।

ਇੰਞ ਉੱਤਰ ਆਧੁਨਿਕ ਵਿਚਾਰ ਸਭਿਆਚਾਰਾਂ ਦੇ ਸਜਾਤੀਕਰਣ ਤੇ ਇਕਸਾਰੀਕਰਣ ਨੂੰ ਤੱਜਦਾ ਹੈ ਜਿਸਦੀ ਆਧੁਨਿਕਤਾ ਨੇ ਸਦਾ ਝੰਡਾ ਬਰਦਾਰੀ ਕੀਤੀ। ਉੱਤਰ ਆਧੁਨਿਕਤਾ ਹਰ ਰੂਪ ਦੀ ਵਿਭਿੰਨਤਾ ਤੇ ਵਿਕੇਂਦਰੀਅਤਾ ਨੂੰ ਉਤਸਾਹਿਤ ਕਰਕੇ ਆਧੁਨਿਕਤਾ ਦੇ ਵਿਖਰਾਓ ਨੂੰ ਸਮੇਟਦਾ। ਇਹ ਨਿਮਨ ਜਾਂ ਉੱਚ ਸਭਿਆਚਾਰ 'ਚ ਕੋਈ ਫ਼ਰਕ ਨਹੀਂ ਸਮਝਦੈ। ਇਹ ਤਾਰਕਿਕਤਾ ਤੇ ਸਰਬਸੱਤਾਵਾਦ ਦਾ ਵਿਰੋਧ ਹੀ ਨਹੀਂ ਕਰਦੈ ਇਹ ਬਿਰਤਾਂਤਾਂ ਦੇ ਅਤਾਰਤਿਕ ਵਿਵਹਾਰ ਦਾ ਸੁਝਾਓ ਵੀ ਦਿੰਦੈ। ਇਹ ਮਹਾਬਿਰਤਾਂਤਾਂ ਜਿਵੇਂ ਸਮਾਜਵਾਦ, ਸਰਮਾਏਦਾਰੀ ਨੂੰ ਨਕਾਰਦੈ ਤੇ ਲਘੂ ਤੇ ਸਥਾਨਕ ਬਿਰਤਾਂਤਾਂ ਨੂੰ ਮਹੱਤਤਾ ਦਿੰਦੈ। ਉੱਤਰ ਆਧੁਨਿਕਤਾ ਨੀਂਹਵਾਦ, ਰੂੜ੍ਹਵਾਦ, ਨਿਰਪੇਖਵਾਦ ਨੂੰ ਤੋੜਦੈ ਅਤੇ ਸੱਚ ਦੀ ਬਹੁਵਚਨਤਾ ਤੇ ਪਾਠਕਾਂ ਦੀ ਬਹੁਵੰਦਤਾ ਦਾ ਸਮਰਥਨ ਕਰਦੈ। ਇਹ ਦੂਜਿਆਂ, ਹੋਰਾਂ, ਛੇਕੇ ਗਿਆਂ ਦੀ ਗੱਲ ਕਰਦੈ ਅਤੇ ਤਰਲਤਾ, ਵਿਭਿੰਨਤਾਵਾਂ, ਵੱਖਰਤਾਵਾਂ ਅਤੇ ਬਹੁਵਚਨਤਾਵਾਂ ਦੀ ਗੱਲ ਕਰਦੈ। ਮੈਨੂੰ ਲਗਦੈ ਹੁਣ ਤੁਸੀਂ ਇਸ ਰੋਲ-ਘਚੋਲ ਨੂੰ ਸਮਝ ਗਏ ਹੋਵੋਂਗੇ।



? ਉੱਤਰ ਆਧੁਨਿਕਤਾ ਆਧੁਨਿਕਤਾ ਦੇ ਵਿਰੋਧ 'ਚ ਖੜ੍ਹੀ ਹੁੰਦੀ ਹੈ ?

– ਉੱਤਰ ਆਧੁਨਿਕਤਾਵਾਦ ਦਰਅਸਲ ਆਧੁਨਿਕਤਾ, ਆਧੁਨਿਕਤਾਵਾਦ ਅਤੇ ਆਧੁਨੀਕਰਣ ਵੱਲ Revisit ਹੈ। ਉੱਤਰ ਆਧੁਨਿਕਤਾ ਇਨ੍ਹਾਂ ਕਾਰਣ ਪੈਦਾ ਹੋਏ ਨੁਕਸਾਨਾਂ ਤੋਂ ਪਰਦਾ ਉਠਾਉਂਦੀ ਹੈ। ਇਹ ਹੋਰ ਕਈ ਤਰ੍ਹਾਂ ਦੀਆਂ ਸੰਭਾਵਨਾਵਾਂ ਨੂੰ ਖੋਲ੍ਹਦੀ ਹੈ। ਜਿਵੇਂ ਸਮਾਜਿਕ ਖੇਤਰ 'ਚ ਇਹ ਸਰਵਭੌਮਿਕਵਾਦ ਤੇ ਪਾਰਗਾਮੀਵਾਦ ਜਿਹੇ ਯੁਟੋਪੀਅਨ ਸੰਕਲਪਾਂ ਵੱਲੋਂ ਲਾਗੂ ਕੀਤੇ ਵਰਤਾਰੇ ਜਿਵੇਂ ਅਸਮਾਨਤਾ, ਦਮਨਕਾਰੀ, ਗ਼ਲਬੇ ਨੂੰ ਕਾਂਟੇ ਹੇਠ ਰੱਖਦੀ ਐ। ਇਹ ਪਾਉੜੀ ਪ੍ਰਬੰਧਾਂ ਦੀ ਕੇਂਦਰੀਅਤਾ ਨੂੰ ਉਲਟ-ਪਲਟ ਕਰ ਦਿੰਦੀ ਹੈ। ਜਿਵੇਂ ਜਾਤ-ਪਾਤ ਆਦਿ। ਦਲਿਤ ਅਧਿਐਨ ਦਰਅਸਲ ਉੱਤਰ ਅਧਿਐਨਾਂ ਦਾ ਹੀ ਹਿੱਸਾ ਨੇ। ਸਿਸਟੇਮੈਟਿਕ ਸਦਾਚਾਰਕ ਕੋਡਾਂ ਅਤੇ ਜੀਵਨ ਤੇ ਸੰਯੁਕਤ ਰੂਪਾਂ ਨੂੰ ਮਾਣ ਬਖ਼ਸ਼ਦੈ ਅਤੇ ਹਰ ਤਰ੍ਹਾਂ ਦੀ ਵਿਭਿੰਨਤਾਵਾਂ ਨੂੰ ਉਤਸ਼ਾਹਿਤ ਕਰਕੇ ਅੱਗੇ ਵਧਾਉਂਦੀ ਹੈ। ਇਹ ਕਈ ਤਰ੍ਹਾਂ ਦੀਆਂ ਸੰਭਾਵਨਾਵਾਂ ਜਿਵੇਂ ਵਿਭਿੰਨਤਾਵਾਂ, ਬਹੁਵਦੰਤਾਵਾਂ, ਬਹੁਪਾਸਾਰਾਂ, ਵੱਖਰਤਾਵਾਂ ਅਤੇ ਬਹੁਵਚਨਤਾਵਾਂ ਅਤੇ ਡਿਫਰਾਂਸਾਂ ਨੂੰ ਮਾਣਦਾ ਹੈ ਪਰ ਹੈਰਾਨੀ ਦੀ ਗੱਲ ਹੈ ਉੱਤਰ ਆਧੁਨਿਕਤਾ ਅਤੇ ਉੱਤਰ ਆਧੁਨਿਕਤਾਵਾਦ ਕੋਈ ਅੰਤਿਮ ਹੱਲ ਪੇਸ਼ ਨਹੀਂ ਕਰਦੈ। ਨੈਤਿਕ ਧਰਾਤਲਾਂ 'ਤੇ ਉੱਤਰ ਆਧੁਨਿਕਤਾ ਧਰਾਤਲਹੀਣ ਹੈ ਕਾਰਣ ਕਿ ਇਹ ਕਿਸੇ ਤਰ੍ਹਾਂ ਦੀ ਨਿਰਪੇਖ ਨੈਤਿਕਤਾ ਨੂੰ ਸਵਿਕਾਰ ਕਰਨ ਲਈ ਤਿਆਰ ਨਹੀਂ। ਜਿਵੇਂ ਮੈਂ ਤੁਹਾਨੂੰ ਪਹਿਲਾਂ ਹੀ ਸਮਲਿੰਗਕਤਾ ਤੇ ਕਾਨੂੰਨ ਦੀ ਨੈਤਿਕਤਾ ਦੇ ਵਿਰੋਧ ਦੀ ਉਦਾਹਰਣ ਦਿੱਤੀ ਹੈ। ਕਾਨੂੰਨ ਆਧੁਨਿਕ ਵਰਤਾਰਾ ਹੈ ਅਤੇ ਸਮਲਿੰਗਕਤਾ ਦੀ ਆਜ਼ਾਦੀ ਦੀ ਪੁਕਾਰ ਉੱਤਰ ਆਧੁਨਿਕ ਵਰਤਾਰਾ। ਮੇਰਾ ਖ਼ਿਆਲ ਹੈ ਇਸ ਵਿਰੋਧ ਨੂੰ ਮੈਂ ਕੁਝ-ਕੁਝ ਸਪੱਸ਼ਟ ਕਰ ਸਕਿਆ ਹਾਂ।

? ਭਾਰਤ 'ਚ ਜਾਂ ਪੰਜਾਬ 'ਚ ਜੋ ਅਸਾਵਾਂ ਵਾਪਰਦਾ ਹੈ ਚਾਹੇ ਉਹ ਚਰਿਤਰ ਦੀ ਗਿਰਾਵਟ (ਰੇਪ ਆਦਿ ਘਟਨਾਵਾਂ), ਰਾਜਨੀਤੀ ਦਾ ਗੰਦਲਾਪਣ, ਨਿੱਕੇ ਵਪਾਰੀਆਂ ਨੂੰ ਆਪਣੇ ਵਪਾਰ ਦੇ ਖਾਤਮੇ ਦਾ ਭੈਅ ਆਮ ਲੋਕਾਂ ਦੀ ਹਾਲਤ ਦਾ ਗਿਰ ਰਿਹਾ ਗਰਾਫ਼ ਮੰਦੀ (ਭਾਵੇਂ ਮੰਦੀ ਦੀ ਮਾਰ ਹੇਠ ਅਮਰੀਕਾ ਵੀ ਹੈ), ਸੰਪ੍ਰਦਾਇਕ ਦੰਗੇ ਆਦਿ ਦੀ ਨਿਰਖ-ਪਰਖ ਵੀ ਉੱਤਰ ਆਧੁਨਿਕਤਾ ਰਾਹੀਂ ਕੀਤੀ ਜਾ ਸਕਦੀ ਹੈ ?

– ਤੁਹਾਡਾ ਇਹ ਸਵਾਲ ਹੀ ਉੱਤਰ ਆਧੁਨਿਕ ਦ੍ਰਿਸ਼ਟੀ 'ਚੋਂ ਉਪਜਿਆ ਹੈ। ਉੱਤਰ ਆਧੁਨਿਕਤਾ ਹੈ ਹੀ ਵਰਤਮਾਨ ਗ਼ਲਬਿਆਂ, ਇਕਰੂਪਤਾਵਾਂ ਤੇ ਇਕਸਾਰਤਾਵਾਂ ਦਾ ਵਿਰੋਧ। ਰਾਜਨੀਤੀ ਹੀ ਲੈ ਲਵੋ। ਵਰਤਮਾਨ ਦੌਰ 'ਚ ਨਵੇਂ ਰਾਜਨੀਤਕ ਮੁਹਾਂਦਰਿਆਂ ਦਾ ਉਦੋਂ ਹੀ ਪਰੰਪਰਕ ਰਾਜਨੀਤੀ ਦੀ ਇਕਿਹਰਤਾ ਨੂੰ ਚੁਣੌਤੀ ਦੇਣ ਲਈ ਹੋਇਆ ਹੈ। ਦਿੱਲੀ 'ਚ ਪਿੱਛੇ ਜਿਹੇ ਜੋ ਪਰਿਵਰਤਨ ਵਾਪਰਿਆ ਉਹ ਇਸੇ ਦਾ ਹੀ ਰੂਪਕ ਹੈ। ਪਰ ਇਸਦਾ ਭਾਵ ਇਹ ਨਹੀਂ ਕਿ ਉੱਤਰ ਆਧੁਨਿਕਤਾ ਵੀ ਕੋਈ ਸੰਪੂਰਣ ਵਰਤਾਰਾ ਹੈ। ਸੰਪੂਰਣਤਾ ਜਿਹੀ ਕੋਈ ਚੀਜ਼ ਮੇਰੇ ਜਾਚੇ ਹੁੰਦੀ ਹੀ ਨਹੀਂ। ਸੰਪੂਰਣਤਾਵਾਂ ਦਾ ਆਧੁਨਿਕ ਵਰਤਾਰੇ ਨੇ ਜੋ ਸੱਤ ਨੂੰ ਇੱਕੋ ਰੱਸੇ ਬੰਨ੍ਹਦੇ ਨੇ। ਵਰਤਮਾਨ ਦੌਰ 'ਚ ਜੋ ਰਾਜਨੀਤਕ, ਸਾਂਸਕ੍ਰਿਤਕ, ਆਰਥਿਕ ਤੇ ਸਮਾਜਿਕ ਪੱਧਰ 'ਤੇ ਵਾਪਰ ਰਿਹੈ ਉਹ ਸਾਨੂੰ ਪ੍ਰਸ਼ਨਾਧੀਨ ਕਰਨ ਲਈ ਉਸਦੇ ਆਰ-ਪਾਰ ਦੇਖਣਾ ਜ਼ਰੂਰੀ ਹੈ। ਆਰ-ਪਾਰ ਦੇਖਣ ਦੀ ਦ੍ਰਿਸ਼ਟੀ ਤਾਂ ਹੀ ਸੰਭਵ ਹੈ ਜੇਕਰ ਅਸੀਂ ਆਧੁਨਿਕ ਹੈਂਗਓਵਰਾਂ ਤੋਂ ਮੁਕਤ ਹੋਵਾਂਗੇ। ਵਿਚਾਰਧਾਰਾਵਾਂ ਦੇ ਮੁਖੌਟੇ ਤੇ ਲਬਾਦੇ ਲਾਹ ਦੇਵਾਂਗੇ। ਵਿਚਾਰਧਾਰਾਵਾਂ ਨੇ ਸਾਨੂੰ ਇਕਹਿਰੇ ਤੇ ਇਕਸਾਰ ਬਣਾ ਦਿੱਤੈ। ਹੁਣ ਤਾਂ ਵਿਚਾਰਧਾਰਾਵਾਂ ਦੇ ਅੰਤ ਦਾ ਵੀ ਐਲਾਨ ਹੋ ਚੁੱਕਿਐ। ਤੁਹਾਡੇ ਵੱਲੋਂ ਇੰਗਤ ਕੀਤੇ ਇਨ੍ਹਾਂ ਨਿਘਾਰਾਂ ਦੀ ਨਿਰਖ-ਪਰਖ ਜ਼ਰੂਰੀ ਹੈ। ਮੇਰੀ ਇਸੇ ਸਾਲ ਇੱਕ ਕਿਤਾਬ ਆਈ ਦਰਸ਼ਨ 'ਤੇ 'ਸੰਵਾਦਕੀ' ਇਸ ਕਿਤਾਬ 'ਚ ਮੈਂ ਪੱਛਮੀ ਜਗਤ 'ਚ ਹੈਨਰੀ ਬਰਗਸਾਂ ਤੋਂ ਲੈ ਕੇ ਜੁਰਗਾਨ ਹੈਬਰਮਾਸ ਤੱਕ ਦਰਸ਼ਨ ਤੇ ਚਿੰਤਕ 'ਚ ਵਿਵੇਕ,

ਤਰਕ, ਅਸਤਿੱਤਵ, ਸੰਵਾਦ, ਦੂਜਾਪਨ, ਪਰਤਾ, ਵੱਖਰਤਾ ਦੀ ਇਕਅਰਥਤਾ, ਪਾਰਗਾਮਤਾ, ਪੀੜਤ ਤੇ ਆਸ ਦੀ ਸਿੱਖਿਆ ਸ਼ਾਸਤਰ, ਮੁਕਤੀ ਤੇ ਨੈਤਿਕਤਾ ਅਤੇ ਆਦਰਸ਼ ਸਮਾਜ ਜਿਹੇ ਮੁੱਦਿਆਂ ਤੇ ਮਸਲਿਆਂ 'ਤੇ ਹੋਏ ਵਿਸ਼ਾਲ ਚਿੰਤਨ ਦਾ ਚਰਚਾ ਕੀਤਾ ਹੈ ਜਿਸਨੇ ਸਰਮਾਏਦਾਰੀ ਤੇ ਸਮਾਜਵਾਦ ਜਿਹੇ ਦੋ ਵੱਡੇ ਮਹਾਬਿਰਤਾਂਤਾਂ ਦੀ ਇਕਹਿਰਤਾ ਤੇ ਇਕਸਾਰਤਾ ਨੂੰ ਚੁਣੌਤੀ ਦਿੱਤੀ ਹੈ। ਪੰਜਾਬੀਆਂ ਲਈ ਇਨ੍ਹਾਂ ਦਾਰਸ਼ਨਿਕਾਂ ਤੇ ਉਨ੍ਹਾਂ ਦੇ ਦਰਸ਼ਨ ਨਾਲ ਸਾਂਝ ਪਾਉਣੀ ਅਤੇ ਉਨ੍ਹਾਂ ਦੇ ਚਿੰਤਨ ਨੂੰ ਜਾਣਨਾ ਇਸ ਸਮੇਂ ਦੀ ਭਾਰੀ ਲੋੜ ਹੈ। ਇਸ ਚਿੰਤਨ ਰਾਹੀ ਮੈਨੂੰ ਆਸ ਹੈ ਕਿ ਤੁਹਾਡੇ ਇਨ੍ਹਾਂ ਪ੍ਰਸ਼ਨਾਂ ਦੇ ਜਵਾਬ ਲਏ ਜਾ ਸਕਦੇ ਨੇ। ਭਾਵੇਂ ਕਿ ਇਹ ਜਵਾਬ ਅੰਤਿਮ ਨਹੀਂ ਹੋ ਸਕਦੇ। ਕਿਉਂਕਿ ਇਸ ਵਿਸ਼ਵ ਤੇ ਇਨ੍ਹਾਂ ਸਮਿਆਂ 'ਚ ਕੁਝ ਵੀ ਅੰਤਿਮ ਨਹੀਂ। ਅੰਤਿਮਤਾ ਦੀ ਚਾਹ ਹੀ ਆਧੁਨਿਕਤਾ ਹੈ।

?'ਦਸਮ ਗ੍ਰੰਥ ਵਿਚ ਮਿੱਥ ਰੁਪਾਂਤਰਣ' ਤੁਹਾਡੀ ਖੋਜ਼ ਪੁਸਤਕ ਹੈ। ਇਹ ਵੀ ਆਖਿਆ ਜਾਂਦਾ ਹੈ ਕਿ ਇਹ ਪੁਸਤਕ/ਗ੍ਰੰਥ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਨਹੀਂ ?

– ਹਾਂ, ਇਹ ਮੇਰਾ ਪੀ.ਐਚ.ਡੀ. ਦਾ ਥੀਸਿਸ ਹੈ। ਇਸ 'ਚ ਮੈਂ ਦਸਮ ਗ੍ਰੰਥ ਦੀ ਮਿੱਥ ਦਾ ਚਿਹਨਾਤਮਕ ਅਧਿਐਨ ਕੀਤਾ ਹੈ। ਇਸ ਗ੍ਰੰਥ ਦੇ ਕ੍ਰਤਿੱਤਵ ਸਬੰਧੀ ਕਾਫ਼ੀ ਵਿਵਾਦ ਰਿਹਾ ਹੈ। ਵੱਖ-ਵੱਖ ਵਿਦਵਾਨਾਂ ਦੀ ਵੱਖ-ਵੱਖ ਰਾਏ ਹੈ। ਜ਼ਿਆਦਾ ਵਿਵਾਦ ਤ੍ਰਿਆ ਚਰਿੱਤਰ ਬਾਰੇ ਹੈ। ਮੈਂ ਇਸ ਗ੍ਰੰਥ 'ਚ ਮਿੱਥਹਾਸਿਕ ਤੱਤਾਂ ਦੇ ਰੂਪਾਂਤਰਣ ਦਾ ਚਿਹਨਵਿਗਿਆਨਕ ਅਧਿਐਨ ਕੀਤਾ ਹੈ ਉਦਾਹਰਣ ਵਜੋਂ ਦੁਰਗਾ ਮਿਥਿਹਾਸਕ ਦੇਵੀ ਹੈ, ਉਹ ਕਿਵੇਂ ਚੰਡੀ 'ਚ ਰੁਮਾਂਤਰਿਤ ਹੁੰਦੀ ਹੈ, ਉਸ ਕਾਵਿਕ ਰੁਪਾਂਤਰਣ ਦੀ ਚਿਹਨਾਤਮਕਤਾ ਦਾ ਅਧਿਐਨ ਹੈ ਮੇਰੀ ਖੋਜ।

?ਇਸਦਾ ਕੀ ਕਾਰਨ ਹੈ ਕਿ ਤੁਸੀਂ ਵਿਦੇਸ਼ੀ ਲੇਖਕਾਂ (ਦੈਰੀਦਾ, ਮਿਸ਼ੇਲ, ਫੂਕ, ਬਖਤਿਨ) ਵੱਲ ਵੱਧ ਰੁਚਿਤ ਹੈ। ਦੂਜੀ ਗੱਲ ਇਹਨਾਂ ਦੀ ਵਿਚਾਰਧਾਰਾ ਦਾ ਤੁਹਾਡੀ ਰਚਨਾ 'ਤੇ ਕੋਈ ਪ੍ਰਭਾਵ (ਅਚੇਤ/ਸਚੇਤ) ਨਹੀਂ ਪੈਂਦਾ ?

– ਮੈਨੂੰ ਪੜ੍ਹਨ ਦਾ ਸ਼ੌਕ ਹੈ। ਸ਼ੌਕ ਵੀ ਖ਼ਬਤ ਦੀ ਹੱਦ ਤੱਕ। ਪੱਛਮੀ ਚਿੰਤਨ ਤੇ ਦਰਸ਼ਨ 'ਚ ਮੈਂ ਵਿਦਿਆਰਥੀ ਜੀਵਨ ਤੋਂ ਹੀ ਰੁਚਿਤ ਰਿਹਾ। ਇਸ ਤਰ੍ਹਾਂ ਦੀ ਪੜ੍ਹਤ ਦਾ ਕੋਈ ਅੰਤ ਨਹੀਂ ਹੁੰਦੈ। ਇੱਕ ਚਿੰਤਕ ਤੋਂ ਬਾਅਦ ਦੂਜਾ ਚਿੰਤਕ। ਇੱਕ ਪ੍ਰਸ਼ਨ, ਜਿਗਿਆਸਾ ਦਾ ਜਵਾਬ ਇੱਕ ਤੋਂ ਨਹੀਂ ਮਿਲਿਆ ਜਾਂ ਪੂਰਾ ਨਹੀਂ ਮਿਲਿਆ ਤਾਂ ਦੂਜੀ ਕਿਤਾਬ ਵੱਲ ਅਹੁਲਦੇ ਹਾਂ। ਇੰਝ ਇਹ ਸਿਲਸਿਲਾ ਤੁਹਾਡਾ ਵਿਹਾਰ, ਜੀਵਨ ਵਿਧੀ ਬਣ ਜਾਂਦੈ। ਇਹ ਸਹੀ ਨਹੀਂ ਕਿ ਮੈਂ ਪੱਛਮੀ ਚਿੰਤਨ ਹੀ ਪੜ੍ਹਿਆ ਭਾਰਤੀ ਤੇ ਪੂਰਬੀ ਚਿੰਤਨ ਦਰਸ਼ਨ ਗਿਆਨ ਸ਼ਾਸਤਰ ਨੂੰ ਸਮਝਣ ਦੀ ਵੀ ਕੋਸ਼ਿਸ਼ ਕਰਦਾ ਰਿਹਾ ਹਾਂ। ਮੇਰਾ ਨਾਵਲ 'ਨਿਰਵਾਣ' ਇਸੇ ਜਿਗਿਆਸੂ ਭਾਵ ਦਾ ਪਰਿਣਾਮ ਹੈ।

?ਅਖ਼ਬਾਰਾਂ/ਰਸਾਲਿਆਂ 'ਚ ਤੁਹਾਡੀਆਂ ਰਚਨਾਵਾਂ ਪੜ੍ਹਦਿਆਂ ਲਗਦਾ ਹੈ ਕਿ ਤੁਸੀਂ ਬਹੁਤ ਪੜ੍ਹਦੇ ਹੋ। ਇੱਕ ਪੁਲਿਸ ਅਧਿਕਾਰੀ ਹੋਣ ਦੇ ਬਾਵਜੂਦ ਪੜ੍ਹਨ ਨੂੰ ਸਮਾਂ ਕਿਵੇਂ ਦਿੰਦੇ ਹੋ ? ਕਿਉਂਕਿ ਪੁਲਿਸ ਦੀ ਨੌਕਰੀ ਵੈਸੇ ਵੀ ਤਣਾਅ ਭਰਪੂਰ ਹੈ ?

– ਪੜ੍ਹਨਾ ਮੇਰੇ ਜੀਵਨ ਦਾ ਹਿੱਸਾ ਹੈ। ਅੰਗਰੇਜ਼ੀ 'ਚ ਇਸਨੂੰ ਕਹਿੰਦੇ ਨੇ Voracious। ਮੈਂ ਇੱਕ ਵੇਲੇ ਦੋ ਤਿੰਨ ਕਿਤਾਬਾਂ ਸ਼ੁਰੂ ਕੀਤੀਆਂ ਹੁੰਦੀਆਂ ਨੇ। ਪਹਿਲਾਂ ਪਹਿਲ ਮੈਂ ਹਰ ਪੜ੍ਹੀ ਕਿਤਾਬ ਦੀ ਸੂਚੀ ਵੀ ਬਣਾਉਂਦਾ ਹੁੰਦਾ ਸਾਂ। ਤਾਂ ਕਿ ਯਾਦ ਰਹੇ ਕਿ ਮੈਂ ਕੀ ਕੀ ਪੜ੍ਹਿਆ। ਹੁਣ ਇਹ ਅਮਲ ਛੱਡ ਦਿੱਤੈ। ਲਿਖਣਾ ਵੀ ਤੁਹਾਡੇ ਪੜ੍ਹਨ 'ਚੋਂ ਹੀ ਪੈਦਾ ਹੁੰਦੈ। ਇੰਝ ਮੈਂ ਸੋਚਦਾਂ। ਹੋ ਸਕਦੈ ਮੈਂ ਗ਼ਲਤ ਵੀ ਹੋਵਾਂ। ਨੌਕਰੀ ਦੇ ਤਣਾਵਾਂ 'ਚੋਂ ਸਮਾਂ ਕੱਢਣ ਦੀ ਜਾਚ ਵੀ ਆਪੇ ਹੀ ਆ ਜਾਂਦੀ ਐ। ਇਹ ਸਾਰੀ ਮੈਨੇਜਮੈਂਟ ਤੁਹਾਡੇ ਅੰਦਰ ਕਿਤੇ ਪਈ ਹੁੰਦੀ ਹੈ। ਸਿਰਫ਼ ਪਛਾਣ ਦੀ ਜ਼ਰੂਰਤ ਹੈ। ਮੈਂ ਕਦੇ ਨਿਯਮਬੱਧ



ਹੋ ਕੇ ਨਹੀਂ ਲਿਖਦਾ। ਵਿਚਾਰ ਤੇ ਖ਼ਿਆਲ ਆਉਂਦੇ ਰਹਿੰਦੇ ਨੇ, ਉਨ੍ਹਾਂ ਨੂੰ ਮੈਂ ਨੋਟ ਕਰਦਾ ਰਹਿੰਦਾਂ। ਜਾਂ ਇਹ ਵਿਚਾਰ ਮੇਰੇ ਅੰਦਰ ਕਿਤੇ ਬਣਦੇ ਜੁੜਦੇ ਰਹਿੰਦੇ ਨੇ। ਕਿਸੇ ਦਿਨ ਆਪਣੇ ਆਪ ਹੀ ਉਹ ਸਿਰਜਣੀ ਜਾਂ ਕਰਤਾਰੀ ਪਲ ਆ ਜਾਂਦੈ ਜਦੋਂ ਕੁਝ ਵਿਚਾਰ ਲਿਖਤ ਦਾ ਰੂਪ ਲੈ ਲੈਂਦੇ ਨੇ। ਪੜ੍ਹਨ ਲਿਖਣ ਦਾ ਅਭਿਆਸ ਤੁਹਾਨੂੰ ਭਾਸ਼ਾ ਦੀ ਕਸ਼ਮਤਾ ਦਿੰਦਾ। ਇਸ ਭਾਸ਼ਕ ਯੋਗਤਾ ਰਾਹੀਂ ਤੁਹਾਡੇ ਅਨੁਭਵ ਪ੍ਰਮਾਣਿਕਤਾ ਦੀ ਕਸਵੱਟੀ ਹਾਸਿਲ ਕਰਦੇ ਇਹ ਇੱਕ ਤਰ੍ਹਾਂ ਦਾ ਚੱਕਰੀ ਸਿਲਸਿਲਾ ਹੈ।

?ਤੁਹਾਡੀ ਕਿਸੇ ਰਚਨਾ 'ਚੋਂ ਪੁਲਿਸ ਦਾ ਬਿੰਬ ਨਹੀਂ ਉੱਭਰਿਆ ਇਸਦਾ ਕੀ ਕਾਰਨ ਹੈ ? ਜਦਕਿ ਤੁਸੀਂ ਨਗੂਣੀਆਂ ਚੀਜ਼ਾਂ ਨੂੰ ਕਵਿਤਾ ਦਾ ਵਿਸ਼ਾ ਬਣਾਇਆ ਹੈ ?

– ਮੇਰੀਆਂ ਰਚਨਾਵਾਂ 'ਚ ਪੁਲਿਸ ਦਾ ਬਿੰਬ ਜ਼ਾਹਿਰ ਤੌਰ 'ਤੇ ਕਦੇ ਘੱਟ ਹੀ ਉੱਭਰਿਆ। ਪਰ ਪੁਲਿਸ ਰਾਹੀਂ ਮੈਨੂੰ ਕਈ ਅਨੁਭਵ ਹੋਏ ਜਿਨ੍ਹਾਂ ਦਾ ਜ਼ਿਕਰ ਮੈਂ ਆਪਣੇ ਨਾਵਲ 'ਨਿਰਵਾਣ' 'ਚ ਕੀਤਾ ਹੈ। ਇਹ ਅਨੁਭਵ ਮੈਂ ਨਾਇਕ ਆਨੰਦ ਰਾਹੀਂ ਪ੍ਰਗਟ ਕੀਤੇ ਨੇ ਜੋ ਕਿ ਨਾਵਲੀ ਬਿਰਤਾਂਤ 'ਚ ਕਿੱਤੇ ਵਜੋਂ ਪੱਤਰਕਾਰ ਹੈ। ਮੇਰੀ ਕਵਿਤਾ ਦੀ ਕਿਤਾਬ 'ਅਥ' 'ਚ ਇੱਕ ਕਵਿਤਾ ਹੈ ਬਨਵਾਸ, ਉਸ 'ਚ ਵੀ ਅਜਿਹੇ ਅਨੁਭਵ ਦੀ ਬਿੰਬਕਾਰੀ ਹੈ। ਇੱਕ ਹੋਰ ਕਵਿਤਾ ਹੈ 'ਰੂ-ਬ-ਰੂ' ਜੋ ਮੇਰੀ ਕਾਵਿ ਕਿਤਾਬ 'ਦੂਜੇ ਸ਼ਬਦਾਂ 'ਚ' ਸ਼ਾਮਿਲ ਹੈ, ਇਹ ਵੀ ਪੁਲਿਸ ਅਨੁਭਵ ਦੀ ਥੋੜ੍ਹੀ ਜਿਹੀ ਝਲਕ ਹੈ। ਮੈਨੂੰ ਇੰਝ ਲਗਦਾ ਹੈ ਜਿਹੜਾ ਰੂਪ ਤੁਸੀਂ ਹਰ ਵੇਲੇ ਜਿਉਂਦੇ ਹੋ, ਉਹ ਤੁਹਾਡੇ ਅਨੁਭਵ ਦੀ ਸਹਿਜਤਾ ਦਾ ਹਿੱਸਾ ਹੋਣ ਕਾਰਣ ਸਿਰਜਣਾ 'ਚ ਅਜਨਬੀਕ੍ਰਿਤ ਘੱਟ ਹੁੰਦਾ ਹੈ। ਜਦਕਿ ਹਰ ਵੇਲੇ ਜੀਵੇ ਰੂਪਾਂ ਵੱਲੋਂ ਪ੍ਰਾਪਤ ਦ੍ਰਿਸ਼ਟੀ ਰਾਹੀਂ ਤੁਸੀਂ ਹੋਰਾਂ ਚੀਜ਼ਾਂ ਨੂੰ ਕਿਵੇਂ ਦੇਖਦੇ ਹੋ, ਉਹ ਤੁਹਾਡੇ ਅਜਨਬੀਕਰਣ ਦੇ ਸਹਿਜ ਦਾ ਹਿੱਸਾ ਸੁਭਾਵਿਕ ਬਣ ਜਾਂਦਾ ਹੈ। ਇਹ ਬੜੀ ਪੇਚੀਦਾ ਪ੍ਰਕਿਰਿਆ ਹੈ। ਨੌਰਥਰੋਪਫਰਾਇ ਇਸਨੂੰ 'ਔਬਜੈਕਟਿਵ ਕੋਰੈਲੇਟਿਵ' ਕਹਿੰਦਾ ਹੈ ਵਸਤੂਗਤ ਸਹਿਸਬੰਧਕ।

?ਪੁਲਿਸ ਅਧਿਕਾਰੀ ਹੋਣ ਨਾਤੇ ਤੁਹਾਨੂੰ ਬਾਹਰਲੀਆਂ ਧਰਤੀਆਂ ਗਾਹੁਣ ਦਾ ਵੀ ਮੌਕਾ ਮਿਲਿਆ ਹੈ। ਕਾਬੁਲ, ਬਿਹਾਰ, ਲੱਦਾਖ ਜਾਂ ਹੋਰ ਥਾਂ ਦਾ ਕੋਈ ਅਜਿਹਾ ਅਨੁਭਵ ਜੋ ਤੁਹਾਨੂੰ ਬੇਚੈਨ ਕਰਦਾ ਹੋਵੇ ?

– ਕਈ ਅਨੁਭਵ ਨੇ ਜਿਹੜੇ ਮੈਨੂੰ ਕਈ ਵਾਰ ਬੈਠੇ ਬੈਠੇ ਬੇਚੈਨ ਕਰ ਜਾਂਦੇ ਨੇ। ਨੌਕਰੀ ਦੌਰਾਨ ਮੈਂ ਖ਼ੂਨ ਖਰਾਬਾ ਬਹੁਤ ਦੇਖਿਆ। ਬਿਹਾਰ 'ਚ ਰਣਬੀਰ ਸੈਨਾ ਤੇ ਨਕਸਲੀ ਸੰਘਰਸ਼ ਦੌਰਾਨ ਮਾਰੇ ਗਏ ਸੈਂਕੜੇ ਬੇਕਸੂਰ ਦਲਿਤਾਂ ਦੀਆਂ ਹੱਤਿਆਵਾਂ ਆਦਿ। ਇਨ੍ਹਾਂ ਦਾ ਪ੍ਰਗਟਾਅ ਮੇਰੇ ਨਾਵਲ 'ਨਿਰਵਾਣ' 'ਚ ਬੜੇ ਵਿਸਤਾਰ ਨਾਲ ਹੋਇਆ ਹੈ। ਕਾਬੁਲ ਵਿਖੇ ਨੌਕਰੀ ਦੌਰਾਨ ਵੀ ਮੈਂ ਬੇਕਸੂਰ ਨਿਹੱਥੇ ਲੋਕਾਂ ਦਾ ਮਰਨਾ ਮੈਨੂੰ ਕਈ ਵਾਰ ਸੁਪਨਿਆਂ 'ਚ ਬੇਚੈਨ ਕਰ ਜਾਂਦਾ ਹੈ। ਕਈ ਵਾਰ ਮੈਂ ਸੋਚਦਾਂ ਕਿ ਇਸ ਖ਼ੂਨ ਖ਼ਰਾਬੇ ਦਾ ਉਹ ਲੋਕ ਸ਼ਿਕਾਰ ਹੋ ਜਾਂਦੇ ਨੇ, ਜਿਨ੍ਹਾਂ ਦਾ ਸੱਤਾ ਦੀ ਰਾਜਨੀਤੀ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਇਹੋ ਹੀ ਜੀਵਨ ਦੀ ਵਿਡੰਬਣਾ ਹੈ। ਸ਼ਾਇਦ ਆਉਣ ਵਾਲੇ ਸਮਿਆਂ 'ਚ ਇਹ ਬੇਚੈਨ ਕਰਨ ਵਾਲੇ ਅਨੁਭਵ ਤੇ ਜੀਵਨ ਪਲ ਕਿਸੇ ਲਿਖਤ 'ਚ ਸਿਰਜਣਾਤਮਕ ਰੂਪ 'ਚ ਸਾਹਮਣੇ ਆਉਣ। ਅਫ਼ਗਾਨਿਸਤਾਨ ਦੇ ਮੁੱਦੇ 'ਤੇ ਮੈਂ ਇੱਕ ਨਾਵਲ ਲਿਖਣ ਦੀ ਯੋਜਨਾ ਬਣਾ ਰਿਹਾਂ। ਅਜੇ ਤਾਂ ਮੈਂ ਸੋਚ ਤੇ ਪੜ੍ਹ ਰਿਹਾਂ। ਹੋ ਸਕਦੈ ਆਉਣ ਵਾਲੇ ਸਮੇਂ 'ਚ ਇਹ ਵਿਚਾਰ ਤੇ ਸਮਝ ਕਿਸੇ ਰੂਪ 'ਚ ਸਾਹਮਣੇ ਆ ਸਕੇ।

?ਪੁਲਿਸ ਅਤੇ ਸਾਹਿਤ ਦੋਵੇਂ ਵੱਖਰੀ ਪ੍ਰਕ੍ਰਿਤੀ ਦੇ ਮੈਟਾਫਰ ਹਨ। ਦੋਵਾਂ 'ਚ ਸਮਤਲ ਕਿਵੇਂ ਕਰਦੇ ਹੋ ?

– ਸਿੱਖ ਦਰਸ਼ਨ 'ਚ ਇੱਕ ਦੁਵੱਲਤਾਭਾਵੀ ਸੰਕਲਪ ਹੈ, ਸੰਤ-ਸਿਪਾਹੀ। ਸਿੱਖੀ 'ਚ ਇਹ ਦੋਵੇਂ ਆਪਸ 'ਚ ਵਿਰੋਧੀ ਨਹੀਂ, ਸਗੋਂ ਪੂਰਕ ਨੇ। ਇਵੇਂ ਦਾ ਇੱਕ ਹੋਰ ਵਿਰੋਧਜੁੱਟ ਹੈ, ਸ਼ਸਤਰ ਤੇ

ਸ਼ਾਸਤਰ। ਸਿੱਖੀ ਹੀ ਅਜਿਹੀ ਜੀਵਨ ਵਿਧੀ ਹੈ ਜਿਸ 'ਚ ਸੰਤ ਤੇ ਸਿਪਾਹੀ ਅਤੇ ਸ਼ਸਤਰ ਤੇ ਸ਼ਾਸਤਰ ਦੋਵੇਂ ਇੱਕ ਜਗ੍ਹਾ ਹੋ ਕੇ ਇੱਕ ਦੂਜੇ ਦਾ ਕਾਰਜ ਕਰ ਸਕਦੇ ਨੇ। ਮੇਰਾ ਪੁਲਿਸ ਦੀ ਨੌਕਰੀ ਤੇ ਸਾਹਿਤ ਸਿਰਜਣਾ ਦਾ ਰਿਸ਼ਤਾ ਵੀ ਕੁਝ ਇਹੋ ਜਿਹੀ ਪੂਰਕਤਾ ਦਾ ਹੈ।

? ਨਾਵਲ 'ਨਿਰਮਾਣ' ਵੱਡ ਆਕਾਰੀ ਨਾਵਲ ਲਿਖਿਆ। ਜਿਸ ਦਾ ਚਰਚਾ ਵੀ ਹੋਇਆ। ਕਵਿਤਾ ਤੋਂ ਅਚਾਨਕ ਨਾਵਲ ਵੱਲ ਕਿਵੇਂ ਮੋੜਾ ਕੱਟਿਆ ?

– ਮੂਲ ਰੂਪ 'ਚ ਮੈਂ ਕਵੀ ਹਾਂ। ਮੇਰੇ ਲਈ ਕਾਵਿਕਾਰੀ ਦਾ ਭਾਵ ਏ, ਸ਼ਬਦ ਦੀ ਪੂਰਨਤਾ ਨੂੰ ਪਾਉਣਾ। ਦਿਸਦਾ ਸ਼ਬਦ ਪੂਰਣ ਨਹੀਂ। ਸ਼ਬਦ ਦੀ ਪੂਰਣਤਾ, ਸ਼ਬਦ ਦੇ ਪਾਰ ਹੈ, ਅਦਿੱਖ। ਕਈ ਵਾਰ ਉਸ ਤੋਂ ਵੀ ਪਰ੍ਹਾਂ। ਸ਼ਬਦਾਂ ਤੋਂ ਪਾਰ ਦੇ ਅਧਿਆਤਮ ਨੂੰ ਪ੍ਰਾਪਤ/ਦਿਸਦੀ ਸ਼ਬਦ ਸਮਰੱਥਾ ਤੋਂ ਪਰ੍ਹਾਂ ਜਾ ਕੇ ਫੜਨਾ, ਕਵਿਤਾ ਹੈ। ਮੇਰੀ ਕਵਿਤਾ ਤੋਂ ਨਾਵਲ ਦੀ ਯਾਤਰਾ ਬਾਰੇ ਜਾਂ ਕਵਿਤਾ ਤੋਂ ਨਾਵਲ ਵੱਲ ਮੋੜੇ ਬਾਰੇ 'ਨਿਰਵਾਣ' ਦੀ ਭੂਮਿਕਾ 'ਚ ਹੀ ਲਿਖਿਆ ਹੈ, ਭਾਸ਼ਾ ਦੀ ਕੁਦਾਲ ਨਾਲ ਕਿਸੇ ਨੇ ਧਰਤੀ ਪੁੱਟਣੀ ਸ਼ੁਰੂ ਕੀਤੀ ਤਾਂ ਵਿਚੋਂ ਇੱਕ ਹੋਰ ਕੁਦਾਲ ਨਿਕਲ ਆਈ। ਇਹ ਉਹੋ ਕੁਦਾਲ ਸੀ ਜਿਸ ਨਾਲ ਕਿਸੇ ਨੇ ਭਾਸ਼ਾ ਦੀ ਕੁਦਾਲ ਲੱਭੀ ਸੀ। ਮੇਰੀ ਕਵਿਤਾ ਤੋਂ ਨਾਵਲ ਵੱਲ ਦਾ ਮੋੜਾ ਜਾਂ ਕਹਿ ਲਵੋ ਭਾਲ ਵੀ ਕੁਝ ਇਹੋ ਜਿਹੀ ਹੀ ਸੀ।

? ਹੋ ਸਕਦੈ ਦੂਰ-ਦੁਰਾਡੇ ਜਾਣ ਕਾਰਣ ਪਰਿਵਾਰ ਤੋਂ ਵੀ ਦੂਰ ਰਹਿੰਦੇ ਹੋਵੋਂ। ਕਈ ਵਾਰ ਇਉਂ ਨਹੀਂ ਲਗਦੈ ਇਕਾਂਤ ਵੀ ਬੁਰਾ ਲੱਗਣ ਲੱਗ ਪੈਂਦਾ ਹੈ। ਪੜ੍ਹਨ-ਲਿਖਣ ਨੂੰ ਜੀਅ ਨਹੀਂ ਕਰਦਾ। ਜਦਕਿ ਲੇਖਕ ਲਈ ਇਕਾਂਤ ਮਿਲਣਾ ਵੱਡੀ ਗੱਲ ਹੈ ?

– ਮੈਂ ਕਾਫ਼ੀ ਸਮੇਂ ਤੋਂ 'ਕੱਲਾ ਰਹਿ ਰਿਹਾ ਹਾਂ। ਇਕੱਲਤਾ ਦੀ ਆਦਤ ਬੜੀ ਬੁਰੀ ਵੀ ਤੇ ਚੰਗੀ ਵੀ। ਜਦੋਂ ਮੈਂ ਗੈਬਰੀਅਲ ਮਾਰਕੁਏਜ਼ ਦਾ ਨਾਵਲ 'ਹੰਡਰਡਜ਼ ਈਅਰਜ਼ ਆਫ਼ ਸੋਨੀਚੂਤ' ਪੜ੍ਹਿਆ ਤਾਂ ਇਸ ਗੱਲ ਦੀ ਸਮਝ ਲੱਗੀ। ਇਕੱਲਤਾ ਵਰਦਾਨ ਵੀ ਹੈ ਤੇ ਉੱਭ ਭਰੀ ਵੀ। ਉੱਭ ਤੇ ਲਗਨ ਦਾ ਇਹ ਵਿਰੋਧਾਭਾਸ ਜਾਂ ਕਹਿ ਲਵੋ ਦਵੰਦ ਦਾ ਨਾਮ ਹੀ ਜੀਵਨ ਹੈ। ਤੁਸੀਂ ਕੋਈ ਵੀ ਕੰਮ ਲਗਾਤਾਰ, ਇੱਕੋ ਜਿਹੀ ਸ਼ਿਦਤ ਤੇ ਸਹਿਜਤਾ ਨਾਲ ਨਹੀਂ ਕਰ ਸਕਦੇ। ਇਸ ਲਈ ਮੇਰੇ ਕੋਲ ਇੱਕ ਬੜੀ ਕਾਰਗਰ ਵਿਧੀ ਹੈ। ਉਹ ਹੈ 'ਮੋਡਸਵਿਚਿੰਗ'। ਇਹ ਵੀ ਇੱਕ ਤਰ੍ਹਾਂ ਦੀ ਸਮਾਧੀ ਹੈ, ਮੈਡੀਟੇਸ਼ਨ। ਮੈਂ ਭੀੜ 'ਚ ਰਹਿ ਕੇ ਵੀ 'ਕੱਲਾ ਹੁੰਦਾ ਹਾਂ ਤੇ 'ਕੱਲਾ ਹੋ ਕੇ ਵੀ ਭਰਿਆ ਭੁਕੰਨਾ। ਜਦੋਂ ਮੈਂ ਕਦੇ ਬਹੁਤ ਵਿਅਸਤ ਹੋਵਾਂ ਤਾਂ ਮੇਰੇ ਅੰਦਰ ਧੁਰ ਕਿਤੇ ਕੋਈ ਕਾਵਿਕ ਵਿਚਾਰ ਬੀਜ ਰੂਪ 'ਚ ਜਨਮ ਲੈ ਰਿਹਾ ਹੁੰਦਾ। ਵਰਤਮਾਨ ਜੀਵਨ ਕੁਝ ਇਸ ਤਰ੍ਹਾਂ ਦੇ ਹੀਵਿਰੋਧਾਭਾਸ ਜਾਂ ਵਿਰੋਧਾਭਾਸਾਂ ਨਾਲ ਭਰਿਆ ਪਿਆ। ਕੁਝ ਵੀ ਸਥਿਰ, ਚਿਰ ਸਥਾਈ ਨਹੀਂ। ਕੁਝ ਵੀ ਖਿਣਭੰਗਰ ਨਹੀਂ। ਇੱਕ ਖਿਣ 'ਚ ਵੀ ਸਦੀਆਂ ਦਾ ਅਰਸਾ ਸ਼ਾਮਿਲ ਹੋ ਸਕਦੈ ਤੇ ਇਸਦੇ ਉਲਟ ਵੀ। ਗੱਲ ਮਨ ਨੂੰ ਮਾਪਣ ਦੀ ਹੈ। ਮਨ ਤੋਂ ਵੱਡੀ ਕੋਈ ਸ਼ੈਅ ਨਹੀਂ। ਨਫ਼ਸ ਹੀ ਬੰਦਾ ਹੈ, ਹੱਡ ਮਾਸ ਤਾਂ ਬਾਅਦ ਦੀ ਗੱਲ ਹੈ।

? ਤੁਹਾਡੀ ਕਵਿਤਾ 'ਚ ਇੱਕ ਖਾਸ ਕਿਸਮ ਦਾ ਸੰਵਾਦ ਹੈ। ਚਾਹੇ ਉਹ ਸਮਾਜ ਨਾਲ ਹੋਵੇ, ਆਪੇ ਨਾਲ ਹੋਵੇ ਜਾਂ ਫੇਰ ਮਾਂ ਨਾਲ (ਭਾਵੇਂ ਇਹ ਸੰਵਾਦ ਸਾਹਿਤ 'ਚੋਂ ਘਟਦਾ ਜਾ ਰਿਹਾ ਹੈ)। 'ਬਨਵਾਸ' ਕਵਿਤਾ 'ਚ ਮਨੁੱਖ ਅੰਦਰਲੀ ਧਰਤੀ 'ਤੇ ਵਿਚਰਦਿਆਂ ਵੀ ਬਨਵਾਸ ਭੋਗਦੈ। ਕੀ ਬੰਦਾ 'ਬਨਵਾਸ' ਮਨ ਨਾਲ ਵੀ ਭੋਗਦਾ ਹੈ। ਕੀ ਤੁਸੀਂ ਵੀ ਕੋਈ ਅਜਿਹਾ ਬਨਵਾਸ ਭੋਗਿਆ ਹੈ ?

– ਆਉਣ ਵਾਲਾ ਸਮਾਂ ਸੰਵਾਦ ਦਾ ਯੁੱਗ ਹੈ। ਆਉਣ ਵਾਲੇ ਸਮਿਆਂ 'ਚ ਭੇੜ ਭਾਸ਼ਾ ਦੀ ਪੱਧਰ 'ਤੇ ਹੋਣਗੇ। ਦੂਜੇ ਜਾਂ ਪਰ ਨੂੰ ਸਮਝਣ ਲਈ ਸੰਵਾਦ ਦਾ ਮਾਧਿਅਮ ਜ਼ਰੂਰੀ ਹੋਵੇਗਾ ਕਿਉਂਕਿ ਲੜਾਈ ਹਥਿਆਰਾਂ ਦੀ ਨਹੀਂ ਗਿਆਨ ਦੀ ਹੋਵੇਗੀ। ਸੰਵਾਦ ਰਾਹੀਂ ਦੂਜੇ ਨੂੰ ਸਮਝ ਕੇ ਸਮਾਧਾਨ ਨਿਕਾਲੇ ਜਾਣਗੇ। ਕਿਉਂਕਿ ਇਹ ਦੂਜਾ ਹੀ ਹੋਵੇਗਾ ਜੋ 'ਮੈਂ' ਨੂੰ ਨਿਸ਼ਚਿਤ ਕਰ ਰਿਹਾ ਹੋਵੇਗਾ। ਇਸ



ਸੰਵਾਦ 'ਚ ਨੈਤਿਕਤਾ ਮੂਲ ਪ੍ਰਧਾਨ ਰਹੇਗੀ। ਹਰ ਰਿਸ਼ਤਾ, ਅਦਾਨ ਪ੍ਰਦਾਨ ਅਤੇ ਸੰਰਚਨਾ ਦਾ ਸੁਰ ਨੈਤਿਕ ਹੋਵੇਗਾ। ਇਸ ਲਈ ਤੁਸਾਂ ਠੀਕ ਕਿਹਾ ਹੈ ਕਿ ਮੇਰੀ ਕਵਿਤਾ 'ਚ ਸੰਵਾਦ ਦੀ ਵਿਧੀ ਭਾਰੂ ਹੈ। ਇਹ ਸੰਵਾਦ ਆਪ ਨਾਲ ਹੈ ਜਾਂ ਫਿਰ ਹੋਰ ਨਾਲ। ਜਿਵੇਂ ਮੈਂ ਪਹਿਲਾਂ ਕਿਹਾ ਹੈ ਕਿ ਬਨਵਾਸ ਵੀ ਇੱਕ ਤਰ੍ਹਾਂ ਦੀ ਸੰਵਾਦੀ ਸਥਿਤੀ ਹੈ। ਇਹ ਭੌਤਿਕਤਾ ਬਾਹਰੀ ਹੀ ਨਹੀਂ ਅੰਦਰੂਨੀ ਹੈ, ਮਾਨਸਿਕ ਹੈ। ਸੰਵਾਦ ਆਪਣੇ ਆਪ ਨਾਲ ਸੰਵਾਦ 'ਚ ਹੈ ਕਿਉਂਕਿ ਬਾਹਰ ਸਾਰਾ ਕੁਝ ਪਰ ਹੈ। ਬਨਵਾਸ ਦੀ ਮਨੋ ਜਾਂ ਪਰ ਸਥਿਤੀ ਬੜੀ ਗੁੰਝਲਦਾਰ ਹੈ।

? ਕੀ ਸਚਮੁੱਚ ਤੁਸੀਂ ਪਰਨਾ/ਚਾਦਰਾ ਬੰਨ੍ਹ ਕੇ ਦਫ਼ਤਰ ਚਲੇ ਜਾਂਦੇ ਸੀ/ਹੋ ?

– ਇਹ ਇੱਕ ਮਾਨਸਿਕ ਰੂਪਕ ਹੈ। ਜਦੋਂ ਕੋਈ ਵਿਚਾਰ, ਮਨ 'ਚ ਸੂਖ਼ਮ ਰੂਪ 'ਚ ਹੀ ਕੌਂਟ ਜਾਵੇ ਤਾਂ ਉਸਨੂੰ ਤੁਸੀਂ ਭੋਗ ਚੁੱਕੇ ਹੁੰਦੇ ਹੋ। ਮਸਲਾ ਪਰਨਾ ਜਾਂ ਚਾਦਰਾ ਬੰਨ੍ਹਣ ਦਾ ਨਹੀਂ, ਮਾਨਸਿਕ ਭੂਹੇਰਵੇ ਦਾ ਹੈ। ਹਾਂ ਕਈ ਵਾਰ ਮੈਂ ਘਰ 'ਚ, ਸਥਿਤ ਦਫ਼ਤਰ 'ਚ ਲੋਕਾਂ ਨਾਲ ਏਸੇ ਪਹਿਰਾਵੇ 'ਚ ਮੁਲਾਕਾਤਾਂ ਕਰਦਾ ਹੁੰਦਾ ਸਾਂ। ਇਹ ਅਸਲ 'ਚ ਏਨਾ ਮਹੱਤਵਪੂਰਨ ਨਹੀਂ ਪਰ ਇਸ ਅਹਿਸਾਸ ਨੂੰ ਅਨੁਭਵ ਦੀ ਪੱਧਰ ਕਾਵਿ ਰੁਪਾਂਤਰਣ 'ਚ ਵਿਅਕਤ ਕਰਨਾ ਜ਼ਿਆਦਾ ਮਹੱਤਵਪੂਰਨ ਹੈ। ਭੂਹੇਰਵਾ ਵੀ ਬਨਵਾਸ ਵਰਗੀ ਹੀ ਸਥਿਤੀ ਹੈ। ਦੋਵੇਂ ਹੀ ਮਨ ਤੇ ਭੌਤਿਕ ਪੱਧਰ 'ਤੇ ਪ੍ਰਭਾਵੀ ਹੁੰਦੇ ਨੇ।

? ਤੁਹਾਡੀ ਕਵਿਤਾ 'ਚ ਪ੍ਰੇਮ ਸੁਲਘਦਾ ਜਿਹਾ ਮਹਿਸੂਸ ਹੁੰਦਾ ਹੈ 'ਭਵ' ਕਵਿਤਾ 'ਚ ਤੁਸੀਂ ਆਪਣੇ ਤਣਾਅ ਤੋਂ ਨਿਜਾਤ ਵੀ ਪਾਉਣਾ ਚਾਹੁੰਦੇ ਹੋ ਪਰ ਕੰਮ ਨੂੰ ਜਿਉਂਦਾ ਵੀ ਰੱਖਣਾ ਚਾਹੁੰਦੇ ਹੋ ਹਠ ਵਾਂਗ ?

– ਅਥ ਦੀ ਕਵਿਤਾ 'ਭਵ' ਬੜੀ ਸੂਖ਼ਮ ਕਵਿਤਾ ਹੈ। ਕਾਰ ਵਿਹਾਰੀ ਬੰਦਾ, ਕੰਮ ਦੇ ਮਾਮੂਲ 'ਚੋਂ ਪੈਦਾ ਹੋਈ ਨੀਰਸਤਾ ਤੋਂ ਮੁਕਤ ਹੋਣਾ ਚਾਹੁੰਦੈ। ਸਾਰੇ ਕਾਰ ਵਿਹਾਰ ਦੀ ਜੜ੍ਹਤਾ 'ਚ ਅਜੇ ਵੀ ਕਿਤੇ ਪ੍ਰੇਮ ਦੇ ਅਵਿਸ਼ੇਸ਼ਕ ਬਾਕੀ ਨੇ। ਪ੍ਰੇਮ ਸਾਰੇ ਅਕੇਵੇਂ 'ਚ ਇੱਕ ਹੱਠ ਵਾਂਗ ਹਾਜ਼ਿਰ ਹੈ। ਅਦਾਵਤੀ ਮਾਹੌਲ 'ਚ ਕਵਿਤਾ ਉਵੇਂ ਖੜ੍ਹੀ ਹੈ ਜਿਵੇਂ ਉਦਾਸੀ 'ਚ ਵਿਵੇਕ। ਜਿਵੇਂ ਕਿਸੇ ਮਰ ਗਏ ਦੇ ਪਿੱਛੇ ਰਹਿ ਗਏ ਸਬੰਧੀਆਂ ਨੂੰ ਸਬਰ ਦੇ ਵਿਵੇਕ ਰਾਹੀਂ ਦਿਲਾਸਾ ਦੇਵੇ ਕਿ ਮੌਤ ਤਾਂ ਅਟੱਲ ਸੱਚਾਈ ਹੈ। ਕਵਿਤਾ ਵਰਗੀ ਸੂਖ਼ਮ ਟੇਕ ਹੀ ਬੰਦੇ ਨੂੰ ਆਪਣੇ ਆਪ ਨੂੰ ਮੁੜ ਮਿਲਣ ਦੀ ਆਸ ਦਿਵਾਈ ਰੱਖਦੀ ਹੈ।

? ਤੁਸੀਂ ਆਪਣੇ ਕਾਵਿ 'ਚ ਜੋ ਇਤਿਹਾਸ-ਮਿਥਿਹਾਸ ਦੇ ਹਵਾਲੇ ਲੈਂਦੇ ਹੋ, ਉਹ ਉਸੇ ਰੂਪ 'ਚ ਆਉਂਦੇ ਹਨ ਜਾਂ ਉਹਨਾਂ ਦੀ ਪੁਨਰਸਿਰਜਣਾ ਵੀ ਕਰਦੇ ਹੋ ?

– ਇਤਿਹਾਸ ਮਿਥਿਹਾਸ ਕਿਸੇ ਵੀ ਸਿਰਜਣਾਤਮਕ ਲਿਖਤ ਨੂੰ ਮੌਰੂਸੀ/ਵਿਰਾਸਤੀ ਰੂਪ 'ਚ ਮਿਲੇ ਹੁੰਦੇ ਨੇ। ਇਸ ਲਈ ਇਤਿਹਾਸ ਤੇ ਮਿਥਿਹਾਸ ਤੱਤਾਂ ਦਾ ਲਿਖਤ 'ਚ ਰੂਪਾਂਤਰਣੀ ਰੂਪ 'ਚ ਆਉਣਾ ਸੁਭਾਵਿਕ ਹੈ। ਮੈਂ ਇਤਿਹਾਸ-ਮਿਥਿਹਾਸ ਦਾ ਵਿਦਿਆਰਥੀ ਹਾਂ ਤੇ ਸਹਿਵਨ ਹੀ ਜਾਂ ਕਈ ਵਾਰ ਸੁਚੇਤ ਰੂਪ 'ਚ ਇਨ੍ਹਾਂ ਤੱਤਾਂ ਦਾ ਆਪਣੀ ਲਿਖਤ 'ਚ ਪ੍ਰਯੋਗ ਕਰਦੈਂ ਪਰ ਮੇਰੀ ਕੋਸ਼ਿਸ਼ ਹੁੰਦੀ ਏ ਕਿ ਮੈਂ ਉਨ੍ਹਾਂ ਨੂੰ ਵਰਤਮਾਨ ਦੀ ਪ੍ਰਸੰਗਿਕਤਾ 'ਚ ਪੁਨਰ ਸਿਰਜਿਤ ਕਰਾਂ। ਮੇਰੀ ਕਵਿਤਾ ਜਾਂ ਗ਼ਲਪ 'ਚ ਇਨ੍ਹਾਂ ਦਾ ਬਹੁਤ ਪ੍ਰਗਟਾਅ ਹੋਇਆ। ਮੇਰੀ ਕਵਿਤਾ 'ਮਿਥੁਨ' ਹੀ ਲੈ ਲਵੋ। ਜਿਸ 'ਚ ਮੈਂ ਇੱਕ ਮਿਥਿਹਾਸਕ ਕਥਾ ਦਾ ਪੁਨਰ ਸਿਰਜਣ ਕਰਦਿਆਂ ਵਰਤਮਾਨ 'ਚ ਕੇਂਦਰਿਤ ਦਲਿਤ ਚੇਤਨਾ ਤੇ ਸਰੋਕਾਰਾਂ ਨੂੰ ਨਿਭਾਇਆ। ਇਵੇਂ ਹੀ ਨਾਵਲ 'ਨਿਰਵਾਣ' 'ਚ ਚਾਹੇ ਉਹ ਉਪਨਿਸ਼ਦ ਹੋਣ, ਪੁਰਾਣ ਹੋਣ, ਜਾਤਕ ਕਥਾਵਾਂ ਹੋਣ ਜਾਂ ਦਾਰਸ਼ਨਿਕ ਪਰੰਪਰਾਵਾਂ। ਉਨ੍ਹਾਂ ਨੂੰ ਮੈਂ ਵਰਤਮਾਨ ਦੇ ਸੰਦਰਭਾਂ ਤੇ ਪ੍ਰਸੰਗਾਂ ਨੂੰ ਮੁੜ ਵਿਖਿਆਉਣ ਲਈ ਰੂਪਾਂਤਰ ਵੀ ਜਾਂ ਪੁਨਰ ਸਿਰਜਣੀ ਰੂਪ 'ਚ ਪ੍ਰਯੋਗ ਕਰਦਾਂ। ਇਸ ਦਾ ਇਹ ਲਾਭ ਹੁੰਦਾ ਕਿ ਮੈਂ ਆਪਣੀ ਗੱਲ ਨੂੰ ਦ੍ਰਿਸ਼ਟਾਂਤਕ ਪੱਧਰ 'ਤੇ ਪਾਠਕ ਦੇ ਪ੍ਰਤੱਖਣ ਦਾ ਹਿੱਸਾ

ਬਣਾਉਂਦਾ ਹਾਂ। ਕਹਿਣ ਤੋਂ ਭਾਵ ਕਿ ਕੋਈ ਵੀ ਸਜੱਗ ਤੇ ਸੁਚੇਤ ਸਿਰਜਣਾਤਮਕ ਲੇਖਕ ਆਪਣੇ ਇਤਿਹਾਸ ਮਿਥਿਹਾਸ ਤੋਂ ਵਿਛੁੰਨਿਆ ਨਹੀਂ ਰਹਿ ਸਕਦੈ।

? ਟੀ.ਐਸ. ਐਲੀਅਟ ਲਿਖਦਾ ਹੈ ਕਿ 'ਕਵੀ ਦਾ ਅਰਧ ਚੇਤਨ ਮਨ ਅਤੇ ਸਚੇਤ ਮਨ ਰਲ ਕੇ ਕਵਿਤਾ ਦੀ ਰਚਨਾ ਕਰਦੇ ਹਨ।' ਕਵੀ ਦਾ ਇਸ 'ਚ ਕਿੰਨਾ ਕੁ ਦਖਲ ਹੁੰਦਾ ਹੈ ?

– ਟੀ.ਐਸ. ਐਲੀਅਟ ਦਾ ਇੱਕ ਲੇਖ ਹੈ, 'ਪਰੰਪਰਾ ਤੇ ਨਿੱਜੀ ਹੁਨਰ'। ਕੋਈ ਵੀ ਨਿੱਜਤਾ ਆਪਣੀ ਪਰੰਪਰਾ ਦਾ ਸਿਖ਼ਰ ਹੁੰਦੀ ਹੈ। ਕਿਸੇ ਵੀ ਸਿਰਜਣਾ 'ਚ ਸੁਚੇਤ ਅਤੇ ਅਚੇਤ ਮਨ ਦੀ ਮੇਲਕਾਰੀ ਹੀ ਨਵੇਂ ਹੁਨਰ ਨੂੰ ਜਨਮ ਦਿੰਦੀ ਹੈ। ਅਚੇਤ ਮਨ ਦਾ ਪਰਿਆਇਆ ਹੀ ਪਰੰਪਰਾ ਹੈ ਜੋ ਲੇਖਕ ਦੇ ਸਹਿਜ ਦਾ ਹਿੱਸਾ ਬਣੀ ਹੁੰਦੀ ਹੈ। ਸੁਚੇਤ ਮਨ ਨੇ ਤਾਂ ਉਸ ਅਚੇਤਨ ਨੂੰ ਭਾਸ਼ਾ ਤੇ ਸ਼ਿਲਪ ਹੀ ਦੇਣਾ ਹੁੰਦਾ ਹੈ ਜੋ ਕਿ ਨਵੇਂ ਹੁਨਰ ਦਾ ਆਰੰਭ ਹੁੰਦਾ ਹੈ। ਮੈਂ ਟੀ.ਐਸ. ਐਲੀਅਟ ਤੋਂ ਪ੍ਰਭਾਵਿਤ ਰਿਹਾ ਹਾਂ। ਮੈਂ ਉਸਦੇ ਇਸ ਕਥਨ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਉਸਦੀ ਕਵਿਤਾ 'The Waste Land' ਪੜ੍ਹੋ ਤਾਂ ਤੁਹਾਨੂੰ ਉਸਦੇ ਇਸ ਕਥਨ ਦੀ ਸਮਝ ਲੱਗ ਜਾਵੇਗੀ। ਉਸਦੀ ਕਵਿਤਾ Pruforck ਦਾ ਮੈਂ ਪੰਜਾਬੀ 'ਚ ਅਨੁਵਾਦ ਵੀ ਕੀਤਾ ਸੀ। ਕਹਿਣ ਦਾ ਭਾਵ ਕੋਈ ਵੀ ਸਿਰਜਣਾਤਮਕ ਲੇਖਕ ਅਚੇਤ-ਸੁਚੇਤ ਮਨ ਦੀ ਹੀ ਮਿਲਣਕਾਰੀ ਹੈ। ਹਾਂ ਇਸ 'ਚ ਲੇਖਕ ਦੇ ਨਿੱਜੀ ਹੁਨਰ ਤੇ ਯੋਗਤਾ ਦਾ ਵੱਡਾ ਦਖ਼ਲ ਹੁੰਦਾ ਹੈ। ਇਸ ਦਖ਼ਲ ਲਈ ਕਈ ਵਾਰ ਪ੍ਰਤਿਭਾ ਦਾ ਹਿੱਸਾ ਹੁੰਦਾ ਹੈ ਪਰ ਬਹੁਤੀ ਵਾਰ ਅਭਿਆਸ ਰਾਹੀਂ ਹਾਸਿਲ ਹੁੰਦੈ।

? ਤੁਸੀਂ ਕਵਿਤਾ ਨੂੰ ਆਵੇਸ਼ ਮੰਨਦੇ ਹੋ ਜਾਂ ਸ਼ਿਲਪਕਾਰੀ ?

– ਕਵਿਤਾ ਦਰਅਸਲ ਆਵੇਸ਼ ਤੇ ਸ਼ਿਲਪਕਾਰੀ ਦੋਹਾਂ ਦਾ ਹੀ ਯੋਗ ਹੈ। ਬਹੁਤ ਪ੍ਰਤਿਭਾਸ਼ਾਲੀ ਕਵੀ ਹੀ ਆਵੇਸ਼ੀ ਸਿਰਜਣਕਾਰ ਹੁੰਦੇ ਨੇ। ਜਿਵੇਂ ਸ਼ਿਵ ਬਟਾਲਵੀ। ਬਹੁਤੇ ਕਵੀ ਅਭਿਆਸੀ ਤੇ ਕਿਰਤੀ ਹੁੰਦੇ ਨੇ। ਸ਼ਿਲਪ, ਅਭਿਆਸ ਤੇ ਕਿਰਤ ਦੋਹਾਂ ਦਾ ਮੇਲ ਹੈ। ਮੇਰਾ ਨਿੱਜੀ ਮੰਨਣਾ ਹੈ ਕਿ ਕਿਤੇ ਕੋਈ ਵਿਚਾਰ ਕਦੇ ਮਨ 'ਚ ਕੌਂਦਾ ਹੈ, ਬਿਜਲੀ ਵਾਂਗ। ਉਸ ਵਿਚਾਰ ਦੇ ਨਾਲ ਹੀ ਉਸਦੀ ਭਾਸ਼ਾ ਤੇ ਜੁਗਤਕਾਰੀ ਨਾਲ ਹੀ ਆਉਂਦੀ ਹੈ। ਸ਼ਿਲਪ ਇਸ ਨੂੰ ਹੋਰ ਤਰਾਸ਼ਦਾ ਹੈ। ਜਿਵੇਂ ਪੱਥਰ 'ਚ ਪਈ ਕ੍ਰਿਤੀ ਮੂਰਤੀਕਾਰ ਨੂੰ ਨਜ਼ਰ ਆ ਰਹੀ ਹੁੰਦੀ ਹੈ, ਪਰ ਉਹ ਕ੍ਰਿਤੀ ਕਲਾ ਦਾ ਰੂਪ ਸ਼ਿਲਪ ਨਾਲ ਹੀ ਲੈਂਦੀ ਹੈ। ਕਵਿਤਾ ਦਾ ਅਮਲਵੀ ਕੁਝ ਇਸ ਤਰ੍ਹਾਂ ਦਾ ਹੀ ਹੈ। ਮੇਰੇ ਲਈ ਕਵਿਤਾ ਆਵੇਸ਼ ਤੇ ਸ਼ਿਲਪ ਦੋਹਾਂ ਦਾ ਯੋਗ ਹੈ।

? ਤੁਹਾਡੀ ਪਤਨੀ ਹਰਪ੍ਰੀਤ ਕੌਰ ਜੀ 'ਸਮਦਰਸ਼ੀ' ਰਸਾਲੇ ਦੇ ਉੱਪ ਸੰਪਾਦਕ ਹਨ। ਤੁਹਾਡੀ ਕੋਈ ਰਚਨਾ। ਪੜ੍ਹਦਿਆਂ/ਛਾਪਦਿਆਂ ਉਸ 'ਚ ਕੋਈ ਮੀਨ-ਮੇਖ ਕੱਢਦੇ ਨੇ। ਜਾਂ ਉਹ ਕੋਈ ਸਲਾਹ ਦਿੰਦੇ ਹਨ ?

– ਲੇਖਕ ਦਾ ਪਤਨੀ ਨਾਲ ਰਿਸ਼ਤਾ ਬੜਾ ਪੇਚੀਦਾ ਹੁੰਦਾ ਹੈ। ਜੇਕਰ ਪਤਨੀ, ਸਾਹਿਤਕ ਹੋਵੇ, ਸੰਪਾਦਕ ਹੋਵੇ, ਤੁਹਾਡੀ ਪਰੂਫ਼ ਰੀਡਰ ਹੋਵੇ ਤੇ ਵੱਡੀ ਗੱਲ ਤੁਹਾਡੀ ਪਹਿਲੀ ਪਾਠਕ ਵੀ ਹੋਵੇ ਤਾਂ ਇਹ ਰਿਸ਼ਤਗੀ ਹੋਰ ਪੇਚੀਦਾ ਹੋ ਜਾਂਦੀ ਹੈ। ਪਰ ਖ਼ੂਬਸੂਰਤੀ ਇਹ ਹੈ ਕਿ ਇਨ੍ਹਾਂ ਪੇਚੀਦਗੀਆਂ ਦੇ ਹੱਲ ਏਨੇ ਪੇਚੀਦਾ ਨਹੀਂ ਹੁੰਦੇ ਬਲਕਿ ਬੜੇ ਸਾਹਿਲ ਹੁੰਦੇ ਨੇ। ਕਿਉਂਕਿ ਇਨ੍ਹਾਂ ਪਿੱਛੇ ਜ਼ਿੰਦਗੀ ਦੀ ਇੱਕ ਵੱਡੀ ਸਮਝ ਕੰਮ ਕਰ ਰਹੀ ਹੁੰਦੀ ਏ। ਉਦਾਹਰਣ ਲਈ ਮੈਂ ਇੱਕ ਵਾਕਾਇਆ ਸੁਣਾਉਂਗਾ। ਮੇਰੇ ਨਾਵਲ 'ਨਿਰਵਾਣ' ਦੇ ਪਰੂਫ਼ ਪੜ੍ਹ ਰਹੀ ਸੀ ਮੇਰੀ ਪਤਨੀ। ਉਸ ਨਾਵਲ 'ਚ ਬਹੁਤ ਸਾਰੀਆਂ ਅਜਿਹੀਆਂ ਵਰਜਿਤ ਪਿਆਰਾਂ ਦੀਆਂ ਸਥਿਤੀਆਂ ਨੇ ਜਿਨ੍ਹਾਂ ਦੇ ਅਕਸ ਮੇਰੀ ਜ਼ਿੰਦਗੀ ਨਾਲ ਕਾਫ਼ੀ ਮਿਲਦੇ ਜੁਲਦੇ ਨੇ। ਪਰੂਫ਼ ਪੜ੍ਹਦਿਆਂ ਮੇਰੀ ਪਤਨੀ ਨੇ ਕਿਹਾ ਕਿ ਪਹਿਲਾਂ ਤਾਂ ਮੈਨੂੰ ਸ਼ੱਕ ਹੀ ਸੀ, ਹੁਣ ਯਕੀਨ ਹੋ ਗਿਆ ਹੈ ਤੇਰੀਆਂ ਕਰਤੂਤਾਂ ਬਾਰੇ। ਮੇਰਾ ਕਹਿਣਾ ਸੀ ਇਹ ਤਾਂ ਫਿਕਸ਼ਨ ਹੈ ਕਿ



ਫਿਕਸ਼ਨ ਸੱਚ ਨਹੀਂ ਹੁੰਦੈ। ਪਤਨੀ ਦਾ ਕਹਿਣਾ ਸੀ ਫਿਕਸ਼ਨ 'ਚੋਂ ਝਲਕਦੇ ਕੁਝ ਫੈਕਟਸਮ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦੈ। ਤੇ ਉਸਨੇ ਨਾਵਲ ਦੀ ਸਕਰਿਪਟ ਪਰ੍ਹਾਂ ਰੱਖ ਦਿੱਤੀ। ਬਾਅਦ 'ਚ ਮੇਰੀ ਬੜੀ ਮਿੰਨਤ ਤਰਲੇ ਬਾਅਦ ਉਸਨੇ ਇਹ ਪਰੂਫ਼ ਪੜ੍ਹਨੇ ਸ਼ੁਰੂ ਕੀਤੇ। ਸੋ ਕਹਿਣ ਤੋਂ ਭਾਵ ਹੈ ਕਿ ਪਤਨੀ ਦਾ ਪਹਿਲਾ ਪਾਠਕ ਹੋਣਾ, ਸਾਹਿਤਕ ਹੋਣਾ, ਸੰਪਾਦਕ ਹੋਣਾ, ਪਰੂਫ਼ ਰੀਡਰ ਹੋਣਾ, ਹੋਰ ਗੱਲ ਹੈ ਤੇ ਪਤਨੀ ਹੋਣਾ ਹੋਰ ਗੱਲ...।

? ਪਰਿਵਾਰ ਵਿਚ ਤੁਹਾਡੇ ਬੱਚਿਆਂ ਨੂੰ ਸਾਹਿਤ ਦੇ ਪ੍ਰਤਿ ਕਿੰਨੀ ਕੁ ਰੁਚੀ ਹੈ ?

– ਮੇਰਾ ਇੱਕ ਬੇਟਾ ਹੈ, ਘਰ ਦਾ ਨਾਮ ਉਸਦਾ ਹੈ ਲਾਮਾ। ਕਾਨੂੰਨ ਦੀ ਪੜ੍ਹਾਈ ਕਰ ਰਿਹੈ। ਮੈਂ ਉਸਦੀ ਪੜ੍ਹਾਈ ਜਾਣ ਬੁੱਝ ਕੇ ਉਸ ਸਕੂਲ 'ਚ ਕਰਾਈ ਜਿੱਥੇ ਪੰਜਾਬੀ ਪੜ੍ਹਾਈ ਜਾਂਦੀ ਸੀ। ਪਹਿਲਾਂ ਪਹਿਲ ਸ਼ਾਇਦ ਦਸਵੀਂ-ਗਿਆਰਵੀਂ 'ਚ ਪੜ੍ਹਦਿਆਂ ਉਸਨੇ ਕੁਝ ਛੋਟੀਆਂ ਨਜ਼ਮਾਂ ਵੀ ਲਿਖੀਆਂ। ਅੱਜ ਕੱਲ੍ਹ ਉਹ ਫ਼ੋਟੋਗ੍ਰਾਫ਼ੀ ਕਰ ਰਿਹੈ। ਨਵਾਂ ਕੈਮਰਾ ਮੈਂ ਉਸਨੂੰ ਦਿੱਤੈ ਤੋਹਫ਼ੇ ਵਜੋਂ ਜਦੋਂ ਮੈਂ ਅਫ਼ਗਾਨਿਸਤਾਨ ਤੋਂ ਪਰਤਿਆ। ਨਾਵਲ ਪੜ੍ਹਨ ਦਾ ਸ਼ੌਕ ਹੈ। ਪਿੱਛੇ ਜਿਹੇ ਉਸ ਨੇ 'ਐਲਕੈਮਿਸਟ' ਪੜ੍ਹਿਆ ਪਾਅਲੋ ਕੋਇਲੋ ਦਾ। ਹਰ ਬਾਪ ਦੀ ਇੱਛਾ ਵਾਂਗ ਮੇਰੀ ਵੀ ਇੱਛਾ ਹੈ ਕਿ ਉਹ ਚੰਗਾ ਇਨਸਾਨ ਸਾਬਿਤ ਹੋਵੇ ਭਵਿੱਖ 'ਚ। ਬੇਹਤਰ ਸ਼ਹਿਰੀ ਬਣੇ ਅਤੇ ਆਪਣੀ ਯੋਗ ਭੂਮਿਕਾ ਨਿਭਾਵੇ ਸਮਾਜ 'ਚ। ਬਾਕੀ ਬੱਚਿਆਂ ਤੋਂ ਬਹੁਤੀ ਉਮੀਦ ਨਹੀਂ ਰੱਖਣੀ ਚਾਹੀਦੀ। ਉਨ੍ਹਾਂ ਨੂੰ ਦਰਿਆ ਵਾਂਗ ਆਪਣਾ ਰਾਹ ਬਣਾਉਣ ਲਈ ਛੱਡ ਦੇਣਾ ਚਾਹੀਦੈ।

? ਤੁਸੀਂ ਕਵੀ, ਨਾਵਲਕਾਰ, ਆਲੋਚਕ/ਖੋਜੀ ਨਾਵਲਕਾਰ, ਜੀਵਨੀਕਾਰ, ਅਨੁਵਾਦਕ ਹੋ। ਏਨੀਆਂ ਵਿਧਾਵਾਂ 'ਤੇ ਕੰਮ ਕਰਨ ਦਾ ਕੋਈ ਖ਼ਾਸ ਮਕਸਦ ? ਇਹ ਵੀ ਦੱਸੋ ਕਿ ਉਪਰੋਕਤ ਵਿਧਾਵਾਂ 'ਚ ਤੁਹਾਡੇ ਕਿਹੜੀ ਵਿਧਾ ਨੇੜੇ ਹੈ ?

– ਅਸਲ 'ਚ ਬੰਦੇ ਦੀ ਸਿਰਜਣਾਤਮਕਾ ਕਾਲੰਤਰ 'ਚ ਪਰਤ ਦਾ ਪਰਤ ਖੁੱਲ੍ਹਦੀ ਹੈ। ਬੰਦੇ ਨੂੰ ਖ਼ੁਦ ਪਤੈ ਨਹੀਂ ਹੁੰਦੈ ਆਪਣੀਆਂ ਸੰਭਾਵਨਾਵਾਂ ਤੇ ਯੋਗਤਾਵਾਂ ਦਾ। ਮੈਨੂੰ ਜਿਵੇਂ ਜਿਵੇਂ ਮੌਕੇ ਮਿਲੇ ਜਾਂ ਚੁਣੌਤੀਆਂ ਦਰਪੇਸ਼ ਆਈਆਂ ਮੈਂ ਉਵੇਂ-ਉਵੇਂ ਹੀ ਆਪਣੇ ਆਪ ਨੂੰ ਸਿਰਜਣਾ ਦੀ ਰਸਾਇਣ 'ਚ ਪਾ ਦਿੱਤਾ। ਦਰਅਸਲ ਹਰ ਵਿਧਾ ਦੀ ਸੰਭਾਵਨਾ ਤੁਹਾਡੀ ਹੱਥਲੀ ਵਿਧਾ 'ਚ ਹੀ ਪਈ ਹੁੰਦੀ ਹੈ। ਮੇਰੀ ਕਵਿਤਾ ਤੋਂ ਨਾਵਲ ਵੱਲ ਦੀ ਯਾਤਰਾ ਜਾਂ ਆਲੋਚਨਾ ਤੋਂ ਦਰਸ਼ਨ ਦਾ ਸਾਹਿਤ ਸਿਧਾਂਤ ਵੱਲ ਦੀ ਯਾਤਰਾ ਕੁਝ ਇਸ ਤਰ੍ਹਾਂ ਦਾ ਹੀ ਵਰਤਾਰਾ ਸੀ। ਨਾਵਲ 'ਨਿਰਵਾਣ' ਲਿਖਣ ਬਾਅਦ ਮੈਨੂੰ ਇਹ ਮਹਿਸੂਸ ਹੋਇਆ ਕਿ ਨਾਵਲ ਵਰਗੀ ਸ਼ਕਤੀਸ਼ਾਲੀ ਵਿਧਾ ਸ਼ਾਇਦ ਹੀ ਹੋਰ ਕੋਈ ਹੋਵੇ। ਆਲੋਚਨਾ ਜਾਂ ਚਿੰਤਨ ਪੜ੍ਹਨਾ ਮੇਰੇ ਨਿੱਜ ਦਾ ਹਿੱਸਾ ਹੈ। ਆਪਣੇ ਅੰਦਰ ਪਰਤੀ ਜਿਗਿਆਸਾ ਦੇ ਦੇ ਜਵਾਬਾਂ ਲਈ ਮੇਰਾ ਪੜ੍ਹਨ ਦਰ ਪੜ੍ਹਨ ਦਾ ਸਿਲਸਿਲਾ ਬਣਿਆ ਰਹਿੰਦੈ। ਅਨੁਵਾਦ ਕਰਕੇ ਮੈਨੂੰ ਆਪਣੇ ਵਿਰੁੱਧ ਖੇਲ੍ਹਣ ਦਾ ਲੁਤਫ਼ ਆਉਂਦੈ। ਅਨੁਵਾਦ ਕਰਨਾ ਦਰਅਸਲ ਆਪਣੇ ਵਿਰੁੱਧ ਲੜ੍ਹਨਾ ਹੀ ਹੁੰਦੈ। ਇਸੇ ਕਰਕੇ ਇਹ ਬੜਾ ਇਨਵੋਲਵਿੰਗ ਪ੍ਰਕਿਰਿਆ ਹੈ। ਹੁਣੇ ਹੁਣੇ ਮੈਂ ਜਗਦੀਸ਼ ਸਚਦੇਵਾ ਨਾਟਕ 'ਸਾਵੀ' ਨੂੰ ਪੰਜਾਬੀ 'ਚੋਂ ਅੰਗਰੇਜ਼ੀ 'ਚ ਤਰਜ਼ਮਾਇਆ ਹੈ। ਹੁਣ ਮੈਂ ਆਤਮਜੀਤ ਦਾ ਨਾਟਕ 'ਮੰਗੂ ਕਾਮਰੇਡ' ਨੂੰ ਅੰਗਰੇਜ਼ੀ 'ਚ ਅਨੁਵਾਦ ਕਰਨ ਦਾ ਮਨ ਬਣਾ ਰਿਹਾਂ। ਬਹੁਤ ਸਾਰੀਆਂ ਵਿਧਾਵਾਂ 'ਤੇ ਹੱਥ ਅਜਮਾਅ ਕੇ ਲੇਖਕ ਦੀ ਸਖ਼ਸ਼ੀਅਤ ਵਿਗਸਦੀ ਹੀ ਹੈ। ਅਨੁਭਵ ਤੇ ਅਭਿਆਸ ਦਾ ਵੀ ਵਿਸਤਾਰ ਹੁੰਦਾ ਹੈ।

**ਦੇਖੋ ਪੰਨਾ ਨੰ: 73 'ਤੇ**

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ*
**- ਗੁਰੂ ਤੇਗ ਬਹਾਦੁਰ**

## ਪੰਜਾਬੀ ਬੋਲੀ ਦਾ "ਸੱਤਿਆਨਾਸ" ਅਤੇ ਬੋਲੀ ਦੇ ਰਾਖੇ

**-ਮੰਗਤ ਰਾਏ ਭਾਰਦਵਾਜ**

ਗੱਲ ਪੰਜਵੀਂ ਸਦੀ ਈਸਵੀ ਪੂਰਬ ਨਾਲ਼ ਸੰਬੰਧਤ ਇਕ ਮਿਥ ਨਾਲ਼ ਸ਼ੁਰੂ ਕਰਦੇ ਹਾਂ। ਲੋਕ ਦੇਵ ਭਾਸ਼ਾ ਸੰਸਕ੍ਰਿਤ ਦਾ ਤਿਆਗ ਕਰ ਕੇ ਪਾਲੀ ਅਤੇ ਹੋਰ ਇਲਾਕਾਈ ਪ੍ਰਾਕ੍ਰਿਤਾਂ ਦੀ ਵਰਤੋਂ ਕਰਨ ਲਗ ਪਏ। ਉਹ ਪਾਣਿਨਿ ਦੇ ਮਹਾਨ ਸੰਸਕ੍ਰਿਤ ਵਿਆਕਰਣ ਨੂੰ ਭੁੱਲ ਗਏ। ਸੂਤ੍ਰ ਸ਼ੈਲੀ ਵਿਚ ਰਚੇ ਗਏ ਪਾਣਿਨਿ ਦੇ ਵਿਆਕਰਣ ਨੂੰ ਸਮਝਣਾ ਸੰਸਕ੍ਰਿਤ ਦੇ ਆਮ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਬਹੁਤ ਮੁਸ਼ਕਿਲ ਸੀ। ਦੁਖੀ ਹੋਏ ਦੇਵਤਿਆਂ ਨੇ ਜਾ ਕੇ ਭਗਵਾਨ ਵਿਸ਼ਣੂ ਜੀ ਕੋਲ਼ ਫ਼ਰਿਆਦ ਕੀਤੀ ਕਿ ਦੇਵ ਭਾਸ਼ਾ ਦੇ ਬਚਾਉ ਲਈ ਕੁਝ ਕਰੋ। ਵਿਸ਼ਣੂ ਜੀ ਨੇ ਆਪਣੇ ਹਜ਼ਾਰ ਫਣਾਂ ਵਾਲ਼ੇ ਸੇਵਕ ਸ਼ੇਸ਼ ਨਾਗ ਨੂੰ ਹੁਕਮ ਦਿੱਤਾ ਕਿ ਉਹ ਸੰਸਾਰ ਵਿਚ ਜਾ ਕੇ ਲੋਕਾਂ ਵਿਚ ਪਾਣਿਨਿ ਦੇ ਵਿਆਕਰਣ ਦਾ ਪ੍ਰਚਾਰ ਕਰਨ। ਸ਼ੇਸ਼ ਨਾਗ ਜੀ ਨੇ ਆਚਾਰਯ ਪਤੰਜਲੀ ਬਣ ਕੇ ਮਗਧ (ਅੱਜ ਦੇ ਬਿਹਾਰ) ਵਿਚ ਅਵਤਾਰ ਧਾਰ ਕੇ ਪਾਣਿਨਿ ਦੇ ਵਿਆਕਰਣ ਦੀ ਟੀਕਾ 'ਮਹਾਭਾਸ਼ਯ' ਦੀ ਰਚਨਾ ਕੀਤੀ, ਜਿਸ ਵਿਚ ਪਾਣਿਨਿ ਵਿਆਕਰਣ ਨੂੰ ਦੋ ਵਿਅਕਤੀਆਂ ਵਿਚਕਾਰ ਵਾਰਤਾਲਾਪ ਦੇ ਸੌਖੇ ਢੰਗ ਨਾਲ਼ ਸਮਝਾਇਆ ਗਿਆ ਹੈ।

ਸ਼ੇਸ਼ ਨਾਗ ਦੇ ਅਵਤਾਰ ਵਾਲ਼ੀ ਗੱਲ ਮਿਥ ਹੈ, ਪਰ ਵਿਆਕਰਣ ਸ਼ਾਸਤ੍ਰੀ ਪਤੰਜਲੀ ਇਤਿਹਾਸਕ ਵਿਅਕਤੀ ਹਨ, ਅਤੇ ਉਹ ਮਹਾਨ ਵਿਦਵਾਨ ਸਨ। (ਯੋਗ ਦਰਸ਼ਨ ਦੇ ਰਚਯਤਾ ਰਿਸ਼ੀ ਪਤੰਜਲੀ ਹੋਰ ਵਿਅਕਤੀ ਹਨ)। ਵਿਆਕਰਣ ਸ਼ਾਸਤ੍ਰੀ ਪਤੰਜਲੀ ਨੂੰ ਸ਼ੇਸ਼ ਨਾਗ ਦਾ ਅਵਤਾਰ ਸ਼ਾਇਦ ਉਹਨਾਂ ਦੇ ਮਹਾਂ ਕ੍ਰੋਧੀ ਸੁਭਾਅ ਕਰਕੇ ਮੰਨਿਆ ਜਾਂਦਾ ਹੈ। ਗੁੱਸੇ 'ਤੇ ਕਾਬੂ ਨਾ ਪਾ ਸਕਣ ਵਾਲ਼ੇ ਲਛਮਣ ਜੀ ਵੀ ਸ਼ੇਸ਼ ਨਾਗ ਦੇ ਅਵਤਾਰ ਮੰਨੇ ਜਾਂਦੇ ਹਨ, ਜਿਹਨਾਂ ਨੇ ਤੈਸ਼ ਵਿਚ ਆ ਕੇ ਰਾਵਣ ਦੀ ਭੈਣ ਸੁਰਪਨਖਾ ਦਾ ਨੱਕ ਵੱਢ ਦਿੱਤਾ ਸੀ। ਪਤੰਜਲੀ 'ਸੱਪ' ਸ਼ਬਦ ਤੋਂ ਬਹੁਤ ਚਿੜ੍ਹਦੇ ਸਨ। ਉਹ ਆਖਦੇ ਸਨ ਕਿ ਸ਼ੁੱਧ ਸੰਸਕ੍ਰਿਤ ਉਚਾਰਣ 'ਸਰਪ' ਹੈ। 'ਸਰਪ' ਸ਼ਬਦ ਦੇ 'ਰ' ਨੂੰ ਛੱਡ ਜਾਣ ਵਾਲ਼ੇ ਉਚਾਰਣ ਨੂੰ ਉਹ ਬੋਲੀ ਦਾ ਸੱਤਿਆਨਾਸ ਸਮਝਦੇ ਸਨ। (ਪਰ ਅਸਲ ਕਾਰਣ ਇਹ ਵੀ ਹੋ ਸਕਦਾ ਹੈ ਕਿ ਲੋਕਾਂ ਨੇ ਸ਼ਾਇਦ ਉਹਨਾਂ ਦੀ ਛੇੜ 'ਸੱਪ' ਪਾਈ ਹੋਈ ਸੀ!))। ਪਤੰਜਲੀ ਸੰਸਾਰ ਨੂੰ ਵਿਆਕਰਣ ਸ਼ਾਸਤ੍ਰ ਦਾ ਮਹਾਨ ਗ੍ਰੰਥ 'ਮਹਾਭਾਸ਼ਯ' ਤਾਂ ਦੇ ਗਏ, ਪਰ ਜਿਸ ਸ਼ੁਭ ਕਾਰਜ ਲਈ ਉਹਨਾਂ ਨੇ ਅਵਤਾਰ ਧਾਰਿਆ ਸੀ ਕੀ ਉਹਨੂੰ ਉਹ ਪੂਰਾ ਕਰ ਸਕੇ? ਭਾਸ਼ਾ ਵਿਚ ਹੋ ਰਹੀਆਂ ਤਬਦੀਲੀਆਂ ਨੂੰ ਉਹ ਰੋਕ ਨਹੀਂ ਸਕੇ। ਪੰਜਾਬੀ ਵਿਚ ਤਾਂ 'ਸਰਪ' ਤੋਂ 'ਸੱਪ' ਹੀ ਬਣਿਆ ਰਿਹਾ ਹੈ, ਪਰ ਪਤੰਜਲੀ ਦੀ ਮਾਤਭੂਮੀ ਬਿਹਾਰ ਦੀ ਬੋਲੀ ਵਿਚ ਇਹ ਸ਼ਬਦ ਅਗਾਂਹ ਹੋਰ ਬਦਲ ਕੇ 'ਸਾਂਪ' ਬਣ ਗਿਆ ਹੈ।

ਕੁਦਰਤ ਦੇ ਅਟਲ ਨਿਯਮ ਅਨੁਸਾਰ ਹੋਰ ਮਾਨਵੀ ਸਿਸਟਮਾਂ ਵਾਂਗ ਭਾਸ਼ਾ ਵੀ ਬਦਲਦੀ ਜਾਂਦੀ ਹੈ। ਬੋਲੀ ਦੇ ਇਸ ਅਖਾਉਤੀ "ਸੱਤਿਆਨਾਸ" ਨੂੰ ਠੱਲ੍ਹ ਪਾਉਣ ਦਾ ਯਤਨ ਕਰਨ ਵਾਲ਼ੇ ਮਹਾਂਰਥੀ ਸੰਸਾਰ ਵਿਚ ਜਨਮ ਲੈ ਕੇ ਬੌਧਿਕ ਮਾਹੌਲ ਵਿਚ ਜ਼ਹਿਰ



ਫੈਲਾ ਕੇ ਤੁਰ ਜਾਂਦੇ ਹਨ। ਪਤੰਜਲੀ ਵਿਆਕਰਣ ਸ਼ਾਸਤ੍ਰ ਦੇ ਮਹਾਨ ਵਿਦਵਾਨ ਸਨ, ਸਿਰਫ਼ ਇਤਿਹਾਸਕ ਸੂਝ ਤੋਂ ਹੀ ਕੋਰੇ ਸਨ। ਪਰ ਉਹਨਾਂ ਦੇ ਵਾਰਿਸ ਅਕਸਰ ਵਿਆਕਰਣ ਸ਼ਾਸਤ੍ਰ (ਜਿਹਨੂੰ ਹੁਣ ਭਾਸ਼ਾ ਵਿਗਿਆਨ ਜਾਂ Linguistics ਆਖਿਆ ਜਾਂਦਾ ਹੈ) ਦਾ ਊੜਾ ਐੜਾ ਵੀ ਨਹੀਂ ਜਾਣਦੇ ਹੁੰਦੇ। ਪ੍ਰਾਚੀਨ ਵਿਆਕਰਣ ਸ਼ਾਸਤ੍ਰ ਵਿਚ ਇਤਿਹਾਸਕ ਸੂਝ ਸ਼ਾਮਿਲ ਨਹੀਂ ਸੀ, ਪਰ ਹੁਣ ਦੇ ਭਾਸ਼ਾ ਵਿਗਿਆਨੀ ਭਾਸ਼ਾ ਦੇ ਇਤਿਹਾਸਕ ਵਿਕਾਸ ਦਾ ਅਧਿਐਨ ਕਰਨਾ ਵੀ ਜ਼ਰੂਰੀ ਸਮਝਦੇ ਹਨ।

ਇੱਕ ਸਦੀ ਨੂੰ ਪੰਜ ਪੀੜ੍ਹੀਆਂ ਦਾ ਜੀਵਨ ਕਾਲ ਮੰਨਿਆ ਜਾਂਦਾ ਹੈ। ਇਸ ਹਿਸਾਬ ਨਾਲ਼ ਕੋਈ ਡੇਢ ਕੁ ਸੌ ਪੀੜ੍ਹੀਆਂ ਪਹਿਲਾਂ ਪੰਜਾਬ ਦੀ ਬੋਲੀ ਸੰਸਕ੍ਰਿਤ ਸੀ। ਵਿਚਾਰਨ ਵਾਲ਼ੀ ਗੱਲ ਹੈ ਕਿ ਡੇਢ ਸੌ ਪੀੜ੍ਹੀਆਂ ਨੇ ਸੰਸਕ੍ਰਿਤ ਨੂੰ ਪੰਜਾਬੀ ਕਿਵੇਂ ਬਣਾਇਆ। ਭਗਵਦਗੀਤਾ ਦੇ ਇਸ ਸ਼ਲੋਕ ਦਾ ਪੰਜਾਬੀ ਅਨੁਵਾਦ ਪੜ੍ਹੋ। (ਸੰਸਕ੍ਰਿਤ ਸ਼ਬਦਾਂ ਨੂੰ ਗੁਰਮੁਖੀ ਲਿਪੀ ਵਿਚ ਠੀਕ ਢੰਗ ਨਾਲ਼ ਨਹੀਂ ਲਿਖਿਆ ਜਾ ਸਕਦਾ, ਪਰ ਇਸ ਲੇਖ ਦੇ ਮੰਤਵ ਲਈ ਗੁਰਮੁਖੀ ਦੀ ਵਰਤੋਂ ਠੀਕ ਹੈ))।

| | |
|---|---|
| ਨੈਨਮ ਛਿੰਦੰਤਿ ਸ਼ਸਤ੍ਰਾਣਿ, | ਨੈਨਮ ਦਹਤਿ ਪਾਵਕਹ; |
| ਨਾ ਇਹਨੂੰ ਵਿੰਨ੍ਹਦੇ ਹਨ ਸ਼ਸਤਰ, | ਨਾ ਇਹਨੂੰ ਸਾੜਦੀ ਹੈ ਅੱਗ; |
| ਨ ਚੈਨਮ ਕਲੇਦਯੰਤਾਪੋ, | ਨ ਸ਼ੋਸ਼ਯਤਿ ਮਾਰੁਤਹ। |
| ਅਤੇ ਨਾ ਇਹਨੂੰ ਭਿਉਂਦਾ ਹੈ ਪਾਣੀ, | ਨਾ ਸੁਕਾਉਂਦੀ ਹੈ ਪੌਣ। |

ਭਾਸ਼ਾਈ ਪਰਿਵਰਤਨ ਇੰਨਾ ਜ਼ਿਆਦਾ ਹੈ ਕਿ ਇਹ ਰਾਤੋ ਰਾਤ ਨਹੀਂ ਹੋਇਆ। ਹਰ ਪੀੜ੍ਹੀ ਨੇ ਇਸ ਕੰਮ ਵਿਚ ਯੋਗਦਾਨ ਜ਼ਰੂਰ ਦਿੱਤਾ। ਪਰ ਪੀੜ੍ਹੀ ਦਰ ਪੀੜ੍ਹੀ ਹੁੰਦੇ ਭਾਸ਼ਾਈ ਪਰਿਵਰਤਨ ਵਲ ਅਕਸਰ ਧਿਆਨ ਨਹੀਂ ਜਾਂਦਾ। ਮੇਰੇ ਇਲਾਕੇ ਦੀ ਪੰਜਾਬੀ ਵਿਚ ਭੂਤ ਕਾਰਦੰਤਕਾਂ 'ਕੀਤਾ', 'ਨ੍ਹਾਤਾ' ਵਗ਼ੈਰਾ ਦੀ ਵਰਤੋਂ ਕਰਨਾ ਨਵੀਂ ਪੀੜ੍ਹੀ ਨੇ ਛੱਡ ਦਿੱਤਾ ਹੈ, ਅਤੇ ਉਹ 'ਕਰਿਆ', 'ਨ੍ਹਾਇਆ' ਬੋਲਦੇ ਹਨ। 'ਲੀਤਾ' ਦੀ ਥਾਂ 'ਲਿਆ' ਦੀ ਵਰਤੋਂ ਦੋ ਪੀੜ੍ਹੀਆਂ ਪਹਿਲਾਂ ਸ਼ੁਰੂ ਹੋ ਗਈ ਸੀ। ਅਖਾਉਤੀ ਠੇਠ ਪੰਜਾਬੀ ਦੇ 'ਅਸੀਂ ਗਏ ਸਾਂ' ਨੂੰ ਮੇਰੇ ਇਲਾਕੇ ਵਿਚ ਸੱਠ ਸੱਤਰ ਸਾਲ ਪਹਿਲਾਂ 'ਅਸੀਂ ਗਏ ਤੇ' ਬੋਲਿਆ ਜਾਂਦਾ ਸੀ। ਚਾਲ਼ੀ ਕੁ ਸਾਲ ਪਹਿਲਾਂ ਮੈਂ 'ਅਸੀਂ ਗਏ ਸੇ' ਬੋਲਦਾ ਹੁੰਦਾ ਸਾਂ, ਪਰ ਹੁਣ 'ਅਸੀਂ ਗਏ ਸੀ' ਕਹਿੰਦਾ ਹਾਂ। 'ਆਪਣਾ' ਦੀ ਵਰਤੋਂ ਨਵੀਂ ਪੀੜ੍ਹੀ ਛੱਡ ਰਹੀ ਹੈ। ਜ਼ਿਆਦਾਤਰ ਮੁੰਡੇ ਕੁੜੀਆਂ ਨੂੰ ਮੈਂ 'ਮੈਨੂੰ ਆਪਣਾ ਕੰਮ ਪਸੰਦ ਹੈ' ਦੀ ਥਾਂ 'ਮੈਨੂੰ ਮੇਰਾ ਕੰਮ ਪਸੰਦ ਹੈ' ਕਹਿੰਦੇ ਸੁਣਿਆ ਹੈ।

ਹੋਰ ਮਨੁੱਖੀ ਸਿਸਟਮਾਂ ਵਾਂਗ ਭਾਸ਼ਾ ਦੇ ਅੰਗਾਂ ਵਿਚ ਵੀ ਸਦਾ ਖਿਚਾਉ ਅਤੇ ਤਣਾਉ ਰਹਿੰਦਾ ਹੈ, ਜਿਹਦੇ ਕਰਕੇ ਪਰਿਵਰਤਨ ਹੁੰਦੇ ਹਨ, ਪਰ ਹਰ ਪਰਿਵਰਤਨ ਕੁਝ ਤਣਾਵਾਂ ਨੂੰ ਦੂਰ ਕਰਨ ਦੇ ਨਾਲ਼ ਨਾਲ਼ ਨਵੇਂ ਤਣਾਉ ਪੈਦਾ ਵੀ ਕਰਦਾ ਹੈ, ਅਤੇ ਪਰਿਵਰਤਨ ਦਾ ਸਿਲਸਿਲਾ ਕਦੇ ਖ਼ਤਮ ਨਹੀਂ ਹੁੰਦਾ। ਇਸ ਵਿਕਾਸ ਨੂੰ ਦਵੰਦਵਾਤਮਕ ਵਿਕਾਸ (dialectical evolution) ਆਖਿਆ ਜਾਂਦਾ ਹੈ। ਇਹ ਫ਼ਲਸਫਾ ਆਮ ਤੌਰ ਤੇ

ਮਾਰਕਸਵਾਦ ਨਾਲ਼ ਜੋੜਿਆ ਜਾਂਦਾ ਹੈ, ਪਰ ਮਾਰਕਸ ਨੇ ਇਹ ਹੇਗਲ ਤੋਂ ਲਿਆ ਸੀ ਅਤੇ ਹੇਗਲ ਨੇ ਯੂਨਾਨੀ ਫ਼ਿਲਾਸਫ਼ਰ ਹੇਰਾਕਲਾਈਟਸ ਤੋਂ। ਭਾਰਤ ਵਿਚ ਬੁੱਧ ਧਰਮ ਦਾ ਫ਼ਲਸਫਾ ਵੀ ਇਹੋ ਜਿਹਾ ਸੀ। ਭਾਸ਼ਾ ਦੇ ਇਤਿਹਾਸਕ ਵਿਕਾਸ ਤੋਂ ਇਹੋ ਸਿੱਖਿਆ ਮਿਲਦੀ ਹੈ ਕਿ ਭਾਸ਼ਾ ਦੇ ਦਵੰਦਵਾਤਮਕ ਵਿਕਾਸ ਨੂੰ "ਬੋਲੀ ਦਾ ਸੱਤਿਆਨਾਸ" ਆਖ ਕੇ ਉਹਨੂੰ ਰੋਕਣ ਦੇ ਯਤਨ ਕਰਨਾ ਕੋਰੀ ਨਾ-ਸਮਝੀ ਹੈ। ਪਰ ਪਤੰਜਲੀ ਤੋਂ ਲੈ ਕੇ ਹੁਣ ਤਕ ਅਜਿਹੇ ਨਾ-ਸਮਝ ਲੋਕ ਅਤੇ ਉਹਨਾਂ ਦੀ ਹਾਂ ਵਿਚ ਹਾਂ ਮਿਲਾਉਣ ਵਾਲੇ ਸ਼ਰਧਾਲੂ ਵੀ ਸਦਾ ਪੈਦੇ ਹੁੰਦੇ ਰਹੇ ਹਨ।

ਇਹਦੀ ਇੱਕ ਮਿਸਾਲ 'ਸ਼ਬਦ' 64 (ਅਕਤੂਬਰ-ਦਸੰਬਰ 2013) ਵਿਚ ਅਮਰਜੀਤ ਚੰਦਨ ਦੀ ਕਿਤਾਬ 'ਫੈਲਸੂਫੀਆਂ' ਦਾ ਗੁਰਪ੍ਰੀਤ ਵਲੋਂ ਕੀਤਾ ਰਿਵਿਊ ਹੈ। ਭਗਤੀ ਰਸ ਦੀ ਚਾਸ਼ਣੀ ਵਿਚ ਡੁਬੋ ਕੇ ਕੱਢੇ ਸ਼ਬਦਾਂ ਰਾਹੀਂ ਗੁਰਪ੍ਰੀਤ ਨੇ ਚੰਦਨ ਦੀਆਂ ਲਿਖਤਾਂ ਦੀ, ਅਤੇ ਖ਼ਾਸ ਤੌਰ 'ਤੇ ਪੁੱਠੇ ਲੱਲੇ ਵਾਲ਼ੇ ਸ਼ਬਦ 'ਫੈਲਸੂਫੀਆਂ' ਦੀ, ਖ਼ੂਬ ਪ੍ਰਸੰਸਾ ਕੀਤੀ ਹੈ। ਕਿਸੇ ਵੀ ਲੇਖਕ ਨੂੰ ਚੰਦਨ ਦੀ ਲੇਖਣ ਕਲਾ ਦੀ ਪ੍ਰਸੰਸਾ ਜਾਂ ਨਿੰਦਾ ਕਿਸੇ ਵੀ ਢੰਗ ਨਾਲ਼ ਕਰਨ ਦਾ ਪੂਰਾ ਹੱਕ ਹੈ। ਮੈਂ ਇਕ ਹੋਰ ਲੇਖਕ ਨੂੰ ਇਹ ਕਹਿੰਦਿਆਂ ਵੀ ਸੁਣਿਆ ਹੈ ਕਿ – "ਚੰਦਨ ਦੀਆਂ ਗੱਦ ਲਿਖਤਾਂ ਉਹਦੀ ਹਉਮੈ ਦੀ ਉਪਜ ਹਨ। ਖ਼ੁਦ ਨੂੰ ਮਹਾਨ ਅਤੇ ਹੋਰਨਾਂ ਨੂੰ ਟਿੱਚ ਸਮਝਣਾ ਉਹਦੀ ਮਾਨਸਿਕ ਮਜਬੂਰੀ ਹੈ। ਖ਼ੁਦ ਨੂੰ ਜੀਨੀਅਸ ਸਮਝਦਾ ਹੈ, ਪਰ ਅੰਦਰ ਉਹਦੇ ਕੁਝ ਵੀ ਨਹੀਂ। ਉਹ ਸਮਝਦਾ ਹੈ ਕਿ ਲੋਕਾਂ ਨੇ ਉਹਦੀ ਪ੍ਰਤਿਭਾ ਦੀ ਕਦਰ ਨਹੀਂ ਪਾਈ। ਹੀਣ ਭਾਵਨਾ ਅਤੇ ਅਸੁਰੱਖਿਆ ਦੀ ਭਾਵਨਾ ਨਾਲ਼ ਡੰਗੇ ਹੋਏ ਨੇ ਆਪਣੀ ਝੂਠੀ ਮਹਾਨਤਾ ਦਾ ਕਿਲਾ ਉਸਾਰ ਕੇ ਉਸ ਵਿਚ ਖ਼ੁਦ ਨੂੰ ਕੈਦ ਕਰ ਲਿਆ ਹੈ। ਇਸ ਮਾਨਸਿਕਤਾ ਨੂੰ megalomania ਜਾਂ delusions of grandeur ਅਰਥਾਤ ਵਡੱਤਣ ਦੇ ਭੁਲੇਖਿਆਂ ਦੇ ਦੌਰੇ ਪੈਣਾ ਆਖਿਆ ਜਾਂਦਾ ਹੈ। ਮਨ ਨੂੰ ਤਸੱਲੀ ਦੇਣ ਲਈ ਅਤੇ ਚਰਚਾ ਵਿਚ ਰਹਿਣ ਲਈ ਚੰਦਨ ਇਸ ਕਿਲੇ ਵਿਚੋਂ ਹੋਰਨਾਂ 'ਤੇ ਗੋਲ਼ਾਬਾਰੀ ਕਰਦਾ ਅਤੇ ਸ਼ੋਸ਼ੇ ਛੱਡਦਾ ਰਹਿੰਦਾ ਹੈ। ਉਹਦੀਆਂ ਗੱਦ ਲਿਖਤਾਂ ਵਿਚ ਇੰਨੀ ਜ਼ਿਆਦਾ ਹਉਮੈ ਭਰੀ ਪਈ ਹੈ ਕਿ ਉਹਦੀ "ਗੱਦ" ਦੇ ਗੱਗੇ ਉਤਲੇ ਅੱਧਕ ਨੂੰ ਪੁੱਠਾ ਕਰ ਕੇ ਪੜ੍ਹਨਾ ਚਾਹੀਦਾ ਹੈ।" ਕਿਸੇ ਦੀ ਪਸੰਦ ਅਤੇ ਨਾਪਸੰਦ ਉਹਦੀ ਆਪਣੀ ਨਿਜੀ ਰਾਇ ਹੁੰਦੀ ਹੈ, ਜਿਹਦੇ ਬਾਰੇ ਕੋਈ ਬਹਿਸ ਨਹੀਂ ਕੀਤੀ ਜਾ ਸਕਦੀ। ਸਾਹਿਤਕ ਖੇਤਰ ਵਿਚ ਚੰਦਨ ਦੀਆਂ ਪ੍ਰਾਪਤੀਆਂ ਬਾਰੇ ਫ਼ੈਸਲਾ ਕਰਨ ਦਾ ਕੰਮ ਮੈਂ ਪਾਠਕਾਂ 'ਤੇ ਛੱਡਦਾ ਹਾਂ। ਪਰ ਗੁਰਪ੍ਰੀਤ ਦੇ ਇਹ ਸ਼ਬਦ ਵਿਚਾਰਨਯੋਗ ਹਨ ਕਿ "ਪੰਜਾਬੀ ਨੂੰ ਬਚਾਉਣ ਲਈ ਬਹੁਤ ਸਾਰੇ ਚੰਦਨਾਂ ਦੀ ਲੋੜ ਹੈ।" ਪੰਜਾਬੀ ਨੂੰ ਆਖ਼ਿਰ ਕੀ ਖ਼ਤਰਾ ਹੈ ਜਿਹਤੋਂ ਪੰਜਾਬੀ ਨੂੰ ਬਚਾਉਣ ਦੀ ਲੋੜ ਹੈ? ਮੈਂ ਭਾਸ਼ਾ ਵਿਗਿਆਨ ਦਾ ਪੰਡਿਤ ਹੋਣ ਦਾ ਦਾਅਵਾ ਨਹੀਂ ਕਰਦਾ, ਪਰ ਆਪਣੀ ਅੱਧੀ ਜ਼ਿੰਦਗੀ ਇਸ ਖੇਤਰ ਵਿਚ ਕਠਿਨ ਤਪੱਸਿਆ ਕਰ ਕੇ ਜੋ ਤੁੱਛ ਜਿਹਾ ਗਿਆਨ ਮੈਂ ਪ੍ਰਾਪਤ ਕੀਤਾ ਹੈ ਉਹ ਮੈਂ ਪਾਠਕਾਂ ਨਾਲ਼ ਸਾਂਝਾ ਕਰਨਾ ਚਾਹੁੰਦਾ ਹਾਂ। ਚੰਦਨ ਕਦੇ ਦਲੀਲ ਨਹੀਂ ਦਿੰਦਾ, ਸਗੋਂ ਧੌਂਸਬਾਜ਼ੀ ਵਾਲੇ ਫ਼ਰਮਾਨ ਹੀ ਜਾਰੀ ਕਰਦਾ ਹੈ। ਪਰ ਮੈਂ ਸੱਭਯ ਅਤੇ ਜ਼ਿੰਮੇਦਾਰ ਵਿਦਵਾਨਾਂ ਦੀ ਹਜ਼ਾਰਾਂ ਸਾਲ ਪੁਰਾਣੀ ਪਰੰਪਰਾ ਅਨੁਸਾਰ ਸਬੂਤ ਅਤੇ ਦਲੀਲ ਦੇ ਕੇ ਗੱਲ ਕਹਿਣ ਵਿਚ ਯਕੀਨ ਰੱਖਦਾ ਹਾਂ।

ਅਮਰਜੀਤ ਚੰਦਨ ਨੇ ਪਿਛਲੇ ਵੀਹ ਕੁ ਸਾਲਾਂ ਤੋਂ ਪੰਜਾਬੀ ਲੇਖਣ ਦੇ ਖੇਤਰ ਵਿਚ ਦਹਿਸ਼ਤ ਫੈਲਾਈ ਹੋਈ ਹੈ। "ਬੋਲੀ ਦਾ ਸੱਤਿਆਨਾਸ" ਅਤੇ "ਅੰਗਰੇਜ਼ੀ ਦੀ



ਨਕਲ" ਦੇ ਬੈਨਰ ਲਹਿਰਾ ਕੇ ਅਤੇ ਜ਼ਹਿਰ-ਬੁਝੇ ਸ਼ਬਦਾਂ ਦੀ ਵਰਤੋਂ ਕਰਕੇ ਚੰਦਨ ਨੇ ਲੇਖਕਾਂ ਦਾ ਜੀਉਣਾ (ਅਤੇ ਲਿਖਣਾ) ਹਰਾਮ ਕੀਤਾ ਹੋਇਆ ਹੈ। ਲਗਭਗ ਸਭ ਪੰਜਾਬੀ ਲੇਖਕਾਂ ਬਾਰੇ ਚੰਦਨ ਨੇ ਕਿਹਾ ਹੈ ਕਿ "ਉਹ ਅੰਗਰੇਜ਼ੀ ਦੀ ਨਕਲ ਕਰਦਾ ਹੈ," "ਉਹ ਬੋਲੀ ਦਾ ਸੱਤਿਆਨਾਸ ਕਰ ਰਿਹਾ ਹੈ," ਜਾਂ "ਉਹਨੂੰ ਪੰਜਾਬੀ ਲਿਖਣੀ ਨਹੀਂ ਆਉਂਦੀ।" ਇਹ ਪ੍ਰੇਮ ਪੁਸ਼ਪਾਂਜਲੀ ਉਹਨੇ ਕਈ ਵਾਰ ਮੈਨੂੰ ਵੀ ਭੇਂਟ ਕੀਤੀ ਹੈ। ਪਰ ਮੈਨੂੰ ਕੋਈ ਚਿੰਤਾ ਨਹੀਂ। ਹੋ ਸਕਦਾ ਹੈ ਕਿ ਮੈਂ ਬਹੁਤ ਹੀ ਘਟੀਆ ਪੰਜਾਬੀ ਲਿਖਦਾ ਹੋਵਾਂ, ਪਰ ਮੈਂ ਘਟੀਆ ਪੰਜਾਬੀ ਵਿਚ ਵਧੀਆ ਗੱਲ ਕਹਿੰਦਾ ਹਾਂ, ਵਧੀਆ ਪੰਜਾਬੀ ਵਿਚ ਘਟੀਆ ਗੱਲ ਨਹੀਂ। ਆਸ ਹੈ ਕਿ ਮੇਰੀ ਗੱਦ ਦੇ ਅੱਧਕ ਨੂੰ ਕੋਈ ਪੁੱਠਾ ਕਰਕੇ ਨਹੀਂ ਪੜ੍ਹਨਾ ਚਾਹੇਗਾ। ਦੋ ਦਹਾਕਿਆਂ ਤੋਂ ਵਾਰ ਵਾਰ ਅਤੇ ਲਗਾਤਾਰ "ਅੰਗਰੇਜ਼ੀ ਦੀ ਨਕਲ" ਅਤੇ "ਬੋਲੀ ਦਾ ਸੱਤਿਆਨਾਸ" ਦਾ ਕੁਫ਼ਰ ਤੋਲ ਕੇ ਚੰਦਨ ਨੇ ਬਹੁਤ ਸਾਰੇ ਲੋਕਾਂ ਨੂੰ ਯਕੀਨ ਦੁਆ ਦਿੱਤਾ ਹੈ ਕਿ ਉਹਦਾ ਖ਼ਾਲਿਸ ਝੂਠ ਸਿਰਫ਼ ਸੱਚ ਹੀ ਨਹੀਂ, ਪੂਰਾ ਸੱਚ ਵੀ ਹੈ ਅਤੇ ਸੱਚ ਤੋਂ ਬਿਨਾਂ ਹੋਰ ਕੁਝ ਨਹੀਂ। ਚੰਦਨ ਦੇ ਝੂਠ ਦਾ ਪੋਲ ਖੋਲ੍ਹਣ ਲਈ ਮੈਂ ਬਚਪਨ ਵਿਚ ਸੁਣੀ ਇਕ ਨਿੱਕੀ ਜਿਹੀ ਕਹਾਣੀ ਦਾ ਵਿਸ਼ਲੇਸ਼ਣ ਕਰਦਾ ਹਾਂ। ਇਹ ਕਹਾਣੀ ਮੈਂ ਆਪਣੀ ਅਨਪੜ੍ਹ ਮਾਂ ਦੇ ਮੂੰਹੋਂ ਸੌ ਤੋਂ ਵੱਧ ਵਾਰ ਸੁਣੀ ਹੋਏਗੀ। ਹੋਰ ਬੱਚਿਆਂ ਵਾਂਗ ਮੈਂ ਵੀ ਆਪਣੀ ਮਨਪਸੰਦ ਕਹਾਣੀ ਵਾਰ ਵਾਰ ਸੁਣਦਾ ਸਾਂ। ਇਹਦਾ ਇੱਕ ਇੱਕ ਸ਼ਬਦ, ਸ਼ਬਦਾਂ 'ਤੇ ਦਿੱਤਾ ਗਿਆ ਜ਼ੋਰ, ਸ਼ਬਦਾਂ ਉੱਤੇ ਅਤੇ ਸ਼ਬਦਾਂ ਵਿਚਕਾਰ ਠਹਿਰਾਉ, ਵਾਕ ਦੀ ਸੁਰ ਰੇਖਾ (intonation contour) ਵਗ਼ੈਰਾ ਮੈਨੂੰ ਹੁਣ ਤਕ ਚੰਗੀ ਤਰ੍ਹਾਂ ਯਾਦ ਹਨ।

## ਕਹਾਣੀ

ਇਕ ਸੀ ਚਿੜੀ, ਇਕ ਸੀ ਕਾਂ। ਚਿੜੀ ਲਿਆਈ ਚੌਲ਼ਾਂ ਦਾ ਦਾਣਾ, ਕਾਂ ਲਿਆਇਆ ਦਾਲ਼ ਦਾ ਦਾਣਾ। ਦੋਹਾਂ ਨੇ ਰਿੰਨ੍ਹੀ ਖਿਚੜੀ। ਜਦ ਲੱਗੇ ਖਾਣ, ਤਾਂ ਕਾਂ ਕਹਿੰਦਾ,"ਚਿੜੀਏ, ਮੈਨੂੰ ਬਿੱਠ ਆਈ ਆ।" ਕਾਂ ਗਿਆ ਬਿੱਠ ਕਰਨ; ਚਿੜੀ ਨੇ ਸਾਅਅਅਰੀ ਖਿਚੜੀ ਖਾ ਲਈ। ਕਾਂ ਆ ਕੇ ਕਹਿੰਦਾ,"ਚਿੜੀਏ, ਤੈਂ ਮੇਰੀ ਖਿਚੜੀ ਖਾਧੀ, ਮੈਂ ਹੁਣ ਤੈਨੂੰ ਖਾਊਂ।" ਓਸੇ ਲੇ ਈ ਚਿੜੀ ਉੜ ਗਈ ਫੁਰਰਰ।

## ਕਹਾਣੀ ਦਾ ਵਿਸ਼ਲੇਸ਼ਣ

ਰਵਾਇਤੀ "ਵਿਆਕਰਣ" ਅਨੁਸਾਰ "ਸਹੀ" ਸ਼ਬਦ ਬ੍ਰੈਕਟਾਂ ਵਿਚ ਦਿੱਤੇ ਗਏ ਹਨ।

(1) *'ਇਕ'* – ਇਸ ਸ਼ਬਦ ਦੀ ਵਰਤੋਂ ਪੰਜਾਬੀ ਅਤੇ ਹੋਰ ਕਈ ਭਾਰਤੀ ਬੋਲੀਆਂ ਵਿਚ ਸਦੀਆਂ ਪੁਰਾਣੀ ਹੈ। ਇਹਦਾ ਮੂਲ ਗਿਣਤੀ ਵਾਲ਼ਾ ਸ਼ਬਦ 'ਇੱਕ' ਹੈ। ਪਰ 'ਇੱਕ' ਅਤੇ 'ਇਕ' ਹੁਣ ਵੱਖ ਵੱਖ ਸ਼ਬਦ ਹਨ, ਜਿਹਨਾਂ ਵਿਚਕਾਰ ਇਤਿਹਾਸਕ ਸੰਬੰਧ ਹੈ। ਗਿਣਤੀ ਵਾਲ਼ਾ 'ਇੱਕ' ਕੁਝ ਬਲ ਦੇ ਕੇ ਬੋਲਿਆ ਜਾਂਦਾ ਹੈ, ਅਤੇ ਇਹਨੂੰ ਲਿਖਣ ਲਈ ਅੱਧਕ ਦੀ ਵਰਤੋਂ ਸਹੀ ਜਾਪਦੀ ਹੈ। 'ਇਕ' 'ਤੇ ਬਲ ਨਹੀਂ ਦਿੱਤਾ ਜਾਂਦਾ, ਅਤੇ ਇਹਨੂੰ ਲਿਖਣ ਲਈ ਅੱਧਕ ਦੀ ਵਰਤੋਂ ਕਰਨਾ ਸਹੀ ਨਹੀਂ ਜਾਪਦਾ। 'ਇਕ' ਦਾ

ਅਰਥ ਹੈ "ਬਹੁਤਿਆਂ ਵਿਚੋਂ ਇੱਕ, ਜਿਹਦੀ ਹੁਣ ਖ਼ਾਸ ਪਛਾਣ ਬਣ ਗਈ ਹੈ।" 'ਇਕ' ਦੀ ਥਾਂ 'ਕੋਈ' ਨਹੀਂ ਵਰਤਿਆ ਜਾ ਸਕਦਾ। ਇੱਕਵਚਨ 'ਕੋਈ' ਦਾ ਅਰਥ ਹੈ "ਬਹੁਤਿਆਂ ਵਿਚੋਂ ਇੱਕ, ਪਰ ਜਿਹਦੀ ਪਛਾਣ ਹਾਲੇ ਤਕ ਨਹੀਂ ਬਣ ਸਕੀ, ਜਾਂ ਬਣਾਉਣ ਦੀ ਲੋੜ ਨਹੀਂ।" ਇਹ ਲੇਖ ਮੈਂ 'ਇਕ' ਮਿਥ ਨਾਲ਼ ਸੁਰੂ ਕੀਤਾ ਹੈ, 'ਕਿਸੇ' ਮਿਥ ਨਾਲ਼ ਨਹੀਂ। ਅਨੇਕਾਂ ਮਿਥਾਂ ਵਿਚੋਂ ਮੈਂ ਇੱਕ ਨੂੰ ਚੁਣ ਲਿਆ, ਜੋ ਮੇਰੇ ਮੰਤਵ ਲਈ ਹੁਣ ਖ਼ਾਸ ਬਣ ਗਈ ਹੈ।

(2) *'ਇਕ ਸੀ ਚਿੜੀ'* (ਇਕ ਚਿੜੀ ਸੀ)। ਪੰਜਾਬੀ ਵਾਕ ਵਿਚ ਅਹਿਮ ਸ਼ਬਦ ਨੂੰ ਵਾਕ ਦੇ ਅਖ਼ੀਰ ਵਲ ਰੱਖ ਕੇ ਉਹਦੇ 'ਤੇ ਜ਼ੋਰ ਦਿੱਤਾ ਜਾਂਦਾ ਹੈ ਅਤੇ ਵਾਕ ਦੀ ਸੁਰ ਰੇਖਾ ਉੱਥੋਂ ਆਪਣੀ ਦਿਸ਼ਾ ਬਦਲਦੀ ਹੈ। 'ਚਿੜੀ' ਅਤੇ 'ਕਾਂ' ਇਸ ਕਹਾਣੀ ਦੇ ਅਹਿਮ ਸ਼ਬਦ ਹਨ। ਕਿਸੇ ਸ਼ਬਦ ਦੀ ਅਹਿਮੀਅਤ ਦਰਸਾਉਣ ਦਾ ਇਹ ਪੰਜਾਬੀ ਢੰਗ ਹੈ। ਅੰਗਰੇਜ਼ੀ ਅਤੇ ਕਈ ਹੋਰ ਭਾਸ਼ਾਵਾਂ ਜਿਹਨਾਂ ਵਿਚ ਸ਼ਬਦ-ਕ੍ਰਮ ਨੂੰ ਬਦਲਣ ਦੀ ਪੰਜਾਬੀ ਜਿੰਨੀ ਖੁੱਲ੍ਹ ਨਹੀਂ ਉਹ ਇਸ ਕੰਮ ਲਈ ਵੱਖਰੇ ਢੰਗ ਵਰਤਦੀਆਂ ਹਨ।

(3) *'ਚਿੜੀ ਲਿਆਈ ਚੌਲ਼ਾਂ ਦਾ ਦਾਣਾ'* (ਚਿੜੀ ਚੌਲ਼ਾਂ ਦਾ ਦਾਣਾ ਲਿਆਈ), *'ਦੋਹਾਂ ਨੇ ਰਿੰਨ੍ਹੀ ਖਿਚੜੀ'* ('ਦੋਹਾਂ ਨੇ ਖਿਚੜੀ ਰਿੰਨ੍ਹੀ') ਪਹਿਲੇ ਵਾਕ ਵਿਚ ਸ਼ਬਦਾਂ ਦੀ ਤਰਤੀਬ ਨੂੰ ਅੰਗਰੇਜ਼ੀ ਦੇ The sparrow brought a grain of rice ਦੀ ਨਕਲ ਕਹਿਣਾ ਮੂਰਖਤਾ ਹੋਏਗੀ। ਕਹਾਣੀ ਸੁਣਾਉਣ ਵਾਲ਼ੀ ਅੰਗਰੇਜ਼ੀ ਤਾਂ ਕੀ, ਪੰਜਾਬੀ ਵੀ ਨਹੀਂ ਪੜ੍ਹ ਸਕਦੀ ਸੀ। ਉੱਪਰ ਦਿੱਤੀ ਟਿੱਪਣੀ ਪੜ੍ਹੋ। ਪੰਜਾਬੀ ਵਾਕਾਂ ਵਿਚ ਸ਼ਬਦ-ਕ੍ਰਮ ਟੈਕਸਟ ਦੀ ਬਣਤਰ ਵਿਚ ਸ਼ਬਦਾਂ ਦੀ ਅਹਿਮੀਅਤ ਅਨੁਸਾਰ ਹੁੰਦਾ ਹੈ। ਕ੍ਰਿਆ ਸ਼ਬਦਾਂ ਦਾ ਰੂਪ 'ਚਿੜੀ' ਅਤੇ 'ਕਾਂ' ਦੇ ਅਨੁਸਾਰ ਹੈ। ਕਹਾਣੀ ਸੁਣਾਉਣ ਵਾਲ਼ੀ ਨੇ ਇਹ ਨਹੀਂ ਕਿਹਾ 'ਚਿੜੀ ਨੇ ਲਿਆਂਦਾ ਚੌਲ਼ਾਂ ਦਾ ਦਾਣਾ, ਕਾਂ ਨੇ ਲਿਆਂਦਾ ਦਾਲ਼ ਦਾ ਦਾਣਾ'। ਕ੍ਰਿਆ ਸ਼ਬਦਾਂ ਦੇ ਰੂਪ ਕਹਾਣੀ ਦੇ ਪਾਤਰਾਂ ਅਨੁਸਾਰ ਹਨ, ਖਿਚੜੀ ਵਿਚ ਪੈਣ ਵਾਲ਼ੇ ਦਾਣਿਆਂ ਅਨੁਸਾਰ ਨਹੀਂ। ਪਾਤਰ ਕਹਾਣੀ ਦਾ ਵੱਧ ਅਹਿਮ ਹਿੱਸਾ ਹਨ। ਉਹ ਪਹਿਲਾਂ "ਦਿੱਤੀ ਹੋਈ ਜਾਣਕਾਰੀ" ਵਿਚ ਸ਼ਾਮਿਲ ਹਨ। ਉਹਨਾਂ ਨੂੰ ਵਾਕ ਦੇ ਸ਼ੁਰੂ ਵਿਚ ਰੱਖ ਕੇ ਅਤੇ ਉਹਨਾਂ ਨਾਲ਼ ਕ੍ਰਿਆ ਦਾ ਮੇਲ਼ ਕਰਵਾ ਕੇ *ਸਮੁੱਚੇ ਟੈਕਸਟ ਵਿਚ* ਉਹਨਾਂ ਦੀ ਅਹਿਮੀਅਤ ਦਰਸਾਈ ਗਈ ਹੈ। ਇਸ ਖ਼ਾਸ *ਵਾਕ ਵਿਚ* ਦਾਣਿਆਂ ਦੀ ਅਹਿਮੀਅਤ ਦਰਸਾਉਣ ਲਈ ਸ਼ਬਦਾਂ ਦੇ ਕ੍ਰਮ ਅਤੇ ਸੁਰ ਰੇਖਾ ਦੀ ਵਰਤੋਂ ਕੀਤੀ ਗਈ ਹੈ।

(4) *'ਮੈਨੂੰ ਬਿੱਠ ਆਈ ਆ'*। ਕਹਾਣੀ ਵਿਚ ਬਿੱਠ ਦੀ ਕੋਈ ਖ਼ਾਸ ਅਹਿਮੀਅਤ ਨਹੀਂ। ਇਸ ਕਰਕੇ ਉੱਪਰ ਦੱਸੀਆਂ ਟਿੱਪਣੀਆਂ ਲਾਗੂ ਨਹੀਂ ਹੁੰਦੀਆਂ।

(5) *'ਕਾਂ ਕਹਿੰਦਾ'*। ਬੀਤੇ ਸਮੇਂ ਦੀ ਘਟਨਾ ਲਈ ਅਖਾਉਤੀ ਭੂਤ ਕਾਲ ਦੀ ਵਰਤੋਂ ਨਹੀਂ ਕੀਤੀ ਗਈ। ਕਿਸੇ ਦੇ ਬੋਲੇ ਹੋਏ ਸ਼ਬਦਾਂ (direct speech) ਬਾਰੇ ਦੱਸਣ ਲਈ 'ਮੈਂ ਕਿਹਾ', 'ਤੂੰ ਕਿਹਾ' ਪਰ 'ਉਹ ਕਹਿੰਦਾ' ਵਰਤਿਆ ਜਾਂਦਾ ਹੈ। ਮਸਲਾ ਵਰਤਮਾਨ ਕਾਲ ਜਾਂ ਭੂਤ ਕਾਲ ਦਾ ਨਹੀਂ, ਸਗੋਂ ਇਹ ਹੈ ਕਿ ਬੋਲੇ ਗਏ ਸ਼ਬਦ ਕਿੰਨੇ ਕੁ ਭਰੋਸੇਯੋਗ ਹਨ। ਬੋਲਣ ਵਾਲ਼ੇ ਅਤੇ ਸੁਣਨ ਵਾਲ਼ੇ ਦੇ ਸ਼ਬਦ ਕਿਸੇ ਤੀਸਰੀ ਧਿਰ ਦੇ ਸ਼ਬਦਾਂ ਨਾਲ਼ੋਂ ਵੱਧ ਭਰੋਸੇਯੋਗ ਹੁੰਦੇ ਹਨ। ਵੱਧ ਭਰੋਸੇਯੋਗ ਸ਼ਬਦਾਂ ਮੂਹਰੇ 'ਕਿਹਾ' ਅਤੇ ਘੱਟ ਭਰੋਸੇਯੋਗ ਸ਼ਬਦਾਂ ਮੂਹਰੇ 'ਕਹਿੰਦਾ' ਦੀ ਵਰਤੋਂ ਕੀਤੀ ਜਾਂਦੀ ਹੈ।

(6) *'ਤੈਂ ਮੇਰੀ ਖਿਚੜੀ ਖਾਧੀ'*। ਸੰਸਕ੍ਰਿਤ ਵਿਚ ਇਸ ਕਿਸਮ ਦੇ ਵਾਕ



ਕਰਮਣੀਵਾਚੀ (passive voice) ਹੁੰਦੇ ਸਨ। ਇਸ ਕਰਕੇ ਕੰਮ ਕਰਨ ਵਾਲ਼ੇ ਲਈ ਕਰਮਣੀਵਾਚੀ ਕਰਣ ਕਾਰਕ ਰੂਪ 'ਤਵਯਾ' ਦੀ ਵਰਤੋਂ ਹੁੰਦੀ ਸੀ। 'ਤਵਯਾ' ਤੋਂ 'ਤੈ' ਬਣਿਆ, ਜਿਹਦੀ ਵਰਤੋਂ ਗੁਰਬਾਣੀ ਵਿਚ ਹੋਈ ਹੈ। 'ਤੈ' ਬਦਲ ਕੇ 'ਤੈਂ' ਬਣ ਗਿਆ। ਹੌਲ਼ੀ ਹੌਲ਼ੀ ਇਹਨਾਂ ਵਾਕਾਂ ਦਾ ਅਰਥ ਕਰਤ੍ਰੀਵਾਚੀ (active voice) ਵਾਲ਼ਾ ਬਣ ਗਿਆ, ਅਤੇ ਕਰਣ ਕਾਰਕ ਰੂਪ 'ਤੈਂ' ਦੀ ਥਾਂ ਕਰਤਾ ਕਾਰਕ ਰੂਪ 'ਤੂੰ' ਵਰਤਿਆ ਜਾਣ ਲੱਗਿਆ। ਪਰ ਕ੍ਰਿਆ ਹਾਲੇ ਵੀ ਕਰਮ ਕਾਰਕ ਅਨੁਸਾਰ ਲਗਦੀ ਹੈ। ਅਜਿਹੇ ਵਾਕ ਅਰਥ ਵਜੋਂ ਕਰਤ੍ਰੀਵਾਚੀ ਅਤੇ ਰੂਪ ਵਜੋਂ ਕਰਮਣੀਵਾਚੀ ਹਨ। ਇਹਨਾਂ ਬੇਰੜੇ ਵਾਕਾਂ ਨੂੰ ਅੰਗਰੇਜ਼ੀ ਵਿਚ ergative ਆਖਿਆ ਜਾਂਦਾ ਹੈ। ਮੇਰੀ ਮਾਂ 'ਤੈਂ' ਦੀ ਵਰਤੋਂ ਕਰਦੀ ਹੁੰਦੀ ਸੀ, ਪਰ ਮੇਰੀ ਬੋਲੀ ਵਿਚ ਸਭ ਥਾਂਹੀ 'ਤੂੰ' ਵਰਤਿਆ ਜਾਂਦਾ ਹੈ। ਗੁਰਬਾਣੀ ਵਿਚ 'ਹਉ' (ਸੰਸਕ੍ਰਿਤ 'ਅਹਮ') ਕਰਤਾ ਕਾਰਕ ਰੂਪ ਸੀ, ਅਤੇ 'ਮੈ' (ਸੰਸਕ੍ਰਿਤ 'ਮਯਾ') ਕਰਣ ਕਾਰਕ ਰੂਪ ਸੀ, ਜਿਹਨਾਂ ਦੀ ਵਰਤੋਂ ਕ੍ਰਮਵਾਰ 'ਤੂ' ਅਤੇ 'ਤੈ' ਵਾਂਗ ਹੁੰਦੀ ਸੀ। 'ਹਉ' ਦੀ ਵਰਤੋਂ ਅਠਾਹਰਵੀਂ ਸਦੀ ਵਿਚ ਬੰਦ ਹੋ ਗਈ, ਅਤੇ 'ਮੈ' ਤੋਂ 'ਮੈਂ' ਬਣ ਗਿਆ। ਭਾਸ਼ਾ ਪੀੜ੍ਹੀ ਦਰ ਪੀੜ੍ਹੀ ਹੌਲ਼ੀ ਹੌਲ਼ੀ ਬਦਲਦੀ ਹੈ। ਹਰ ਪੀੜ੍ਹੀ ਇਹਦਾ ਆਪਣੇ ਲਈ ਨਵੇਂ ਸਿਰਿਓਂ ਨਿਰਮਾਣ ਕਰਦੀ ਹੈ ਅਤੇ ਅਜਿਹਾ ਕਰਨ ਵੇਲੇ ਕੁਝ ਪਰਿਵਰਤਨ ਹੋ ਜਾਣੇ ਸੁਭਾਵਿਕ ਹਨ। "ਨਿਰੰਤਰਤਾ ਵਿਚ ਤਬਦੀਲੀ ਅਤੇ ਤਬਦੀਲੀ ਵਿਚ ਨਿਰੰਤਰਤਾ" (change in continuity and continuity in change) – ਦਵੰਦਵਾਮਕ ਵਿਕਾਸ ਦਾ ਇਹੋ ਨਿਯਮ ਹੈ। ਪੰਜਾਬੀ ਵਿਆਕਰਣ ਦੇ ਵਰਤਮਾਨ ਰੂਪ ਨੂੰ ਸਮਝਣ ਲਈ ਪ੍ਰੋਫ਼ੈਸਰ ਸਾਹਿਬ ਸਿੰਘ ਦੇ 'ਗੁਰਬਾਣੀ ਵਿਆਕਰਣ' ਦਾ ਅਧਿਐਨ ਕਰਨਾ ਜ਼ਰੂਰੀ ਹੈ। (ਮੈਂ ਇਕ ਵਾਰ ਇਹ ਗੱਲ ਅਮਰਜੀਤ ਚੰਦਨ ਨੂੰ ਕਹੀ ਤਾਂ ਜਵਾਬ ਮਿਲਿਆ "ਸਾਹਿਬ ਸਿੰਘ ਤਾਂ ਪੰਜਾਬੀ ਬਹੁਤ ਮਾੜੀ ਲਿਖਦਾ ਸੀ")।

ਕਹਾਣੀ ਸੁਣਾਉਣ ਵਾਲ਼ੀ ਨੇ ਪੰਜਾਬੀ ਵਿਆਕਰਣ ਅਤੇ ਟੈਕਸਟ ਸੰਰਚਨਾ ਦੇ ਇਹਨਾਂ ਨਿਯਮਾਂ ਦੀ ਵਰਤੋਂ ਜਾਣ ਬੁੱਝ ਕੇ ਸਚੇਤ ਰੂਪ ਵਿਚ ਨਹੀਂ ਕੀਤੀ। ਇਹ ਨਿਯਮ ਅਚੇਤ ਰੂਪ ਵਿਚ ਭਾਸ਼ਾ ਬੋਲਣ ਵਾਲ਼ੇ ਹਰ ਵਿਅਕਤੀ ਦੇ ਅੰਦਰ ਕੰਮ ਕਰਦੇ ਹਨ। ਭਾਸ਼ਾ ਵਿਗਿਆਨਕ ਸ਼ਬਦਾਵਲੀ ਵਿਚ, ਇਹਨਾਂ ਨਿਯਮਾਂ ਦਾ "ਅੰਦਰੂਨੀਕਰਣ" ਹੋਇਆ ਆਖਿਆ ਜਾਂਦਾ ਹੈ। ਇਹੋ ਅਚੇਤ ਯੋਗਤਾ ਅਸਲ ਭਾਸ਼ਾਈ ਯੋਗਤਾ ਹੁੰਦੀ ਹੈ। ਭਾਸ਼ਾ ਦੇ ਇਤਿਹਾਸਕ ਵਿਕਾਸ ਨਾਲ਼ ਇਹ ਨਿਯਮ ਵੀ ਬਦਲਦੇ ਰਹਿੰਦੇ ਹਨ।

ਹੁਣ ਅਸੀਂ ਚੰਦਨ ਦੇ ਕੁਝ ਫ਼ਰਮਾਨਾਂ ਦੀ ਪੜਚੋਲ ਕਰਦੇ ਹਾਂ ਕਿ ਪੰਜਾਬੀ "ਬੋਲੀ ਦਾ ਸੱਤਿਆਨਾਸ" ਕਿਵੇਂ ਹੋ ਰਿਹਾ ਹੈ।

**(1) 'ਇਕ' ਦੀ ਵਰਤੋਂ ਅੰਗਰੇਜ਼ੀ ਦੀ ਨਕਲ?**

ਕੀ ਉੱਪਰ ਚਿੜੀ ਅਤੇ ਕਾਂ ਦੀ ਕਹਾਣੀ ਵਿਚ 'ਇਕ' ਦੀ ਵਰਤੋਂ ਅੰਗਰੇਜ਼ੀ ਦੀ ਨਕਲ ਹੈ? ਅਜਿਹਾ ਸੋਚਣਾ ਵੀ ਮੂਰਖਤਾ ਹੋਏਗੀ। ਚੰਦਨ ਦਾ ਇਹ ਕਹਿਣਾ ਕਿ 'ਇਕ' ਦੀ ਥਾਂ 'ਕੋਈ' ਦੀ ਵਰਤੋਂ ਕਰੋ ਮੰਨਣਯੋਗ ਨਹੀਂ। ਜਿਵੇਂ ਉੱਪਰ ਦੱਸਿਆ ਗਿਆ ਹੈ, 'ਇਕ' ਅਤੇ 'ਕੋਈ' ਦੇ ਅਰਥ ਵੱਖਰੇ ਹਨ। ਅੰਗਰੇਜ਼ੀ ਦੇ ਆਰਟੀਕਲ (articles) 'a' ਅਤੇ 'an' ਦਾ ਸ੍ਰੋਤ ਗਿਣਤੀ ਦਰਸਾਉਣ ਵਾਲ਼ਾ ਸ਼ਬਦ 'one' ਹੈ। 'One' ਕਮਜ਼ੋਰ ਪੈ ਕੇ ਪਹਿਲਾਂ 'an' ਅਤੇ ਫਿਰ 'a' ਬਣਿਆ, ਜਿਵੇਂ 'ਇੱਕ' ਕਮਜ਼ੋਰ ਪੈ ਕੇ 'ਇਕ' ਬਣਿਆ। 'ਇਕ' ਦੇ ਪੁਰਾਤਨ ਰੂਪ 'ਏਕ' ਦੀ ਵਰਤੋਂ ਪਾਲੀ ਅਤੇ ਹੋਰ ਪ੍ਰਾਕ੍ਰਿਤ

ਬੋਲੀਆਂ ਵਿਚ ਈਸਵੀ ਪੂਰਬ ਦੀਆਂ ਸਦੀਆਂ ਵਿਚ ਹੀ ਸ਼ੁਰੂ ਹੋ ਗਈ ਸੀ, ਜਦ ਅੰਗਰੇਜ਼ੀ ਦੀਆਂ ਪੁਰਵਜ ਯੂਰਪੀ ਬੋਲੀਆਂ ਵਿਚ ਆਰਟੀਕਲ ਸ਼ਾਇਦ ਨਹੀਂ ਹੁੰਦੇ ਸਨ। ਪਾਲੀ ਵਿਚ ਲਿਖੀ ਇਕ ਜਾਤਕ ਕਥਾ ਵਿਚੋਂ ਲਿਆ ਗਿਆ ਨਮੂਨਾ ਦੇਖੋ –

ਉੱਯਾਨਮੱਕਟੇਸੁ ਏਕੋ ਮੱਕਟੋ ਰੁੱਖਾ ਓਤਰਿਤ੍ਵਾ, ਤਤੋ ਕਲਾਏ ਗਹੇਤ੍ਵਾ, ਮੁਖਮ ਪੂਰੇਤ੍ਵਾ, ਹੱਥੇਈ ਪਿ ਗਹੇਤ੍ਵਾ, ਉਤਿਤ੍ਵਾ, ਰੁੱਖੇ ਨਿਸੀਦਿਤ੍ਵਾ, ਖਾਦਿਤੁਮ ਆਰਭਿ

ਸੰਦਰਭ ਦੇ ਅਨੁਸਾਰ ਅਨੁਵਾਦ

"ਬਗੀਚੀ ਦੇ ਬਾਂਦਰਾਂ ਵਿਚੋਂ ਇਕ ਬਾਂਦਰ ਨੇ ਪੇੜ ਤੋਂ ਉਤਰ ਕੇ, ਫਿਰ ਹੱਥ ਨਾਲ਼ (ਕੁਝ ਛੋਲੇ) ਚੁੱਕ ਕੇ, (ਉਹਨਾਂ ਨਾਲ਼) ਮੂੰਹ ਭਰ ਕੇ, (ਕੁਝ ਛੋਲੇ) ਹੱਥ ਵਿਚ ਵੀ ਫੜ ਕੇ, ਛਾਲ਼ ਮਾਰ ਕੇ ਪੇੜ 'ਤੇ ਚੜ੍ਹ ਕੇ, (ਉਹਨਾਂ ਨੂੰ) ਖਾਣਾ ਸ਼ੁਰੂ ਕੀਤਾ।"

'ਏਕ' ਦਾ ਸਪਸ਼ਟ ਅਰਥ ਹੈ "ਬਹੁਤਿਆਂ ਵਿਚੋਂ ਇੱਕ, ਜਿਹਦੇ ਬਾਰੇ ਅਗਾਂਹ ਗੱਲ ਕੀਤੀ ਜਾ ਰਹੀ ਹੈ।" ਉੱਪਰ ਮੈਂ 'ਇਕ ਜਾਤਕ ਕਥਾ' ਲਿਖਿਆ ਹੈ। ਬਹੁਤ ਸਾਰੀਆਂ ਜਾਤਕ ਕਥਾਵਾਂ ਵਿਚੋਂ ਮੈਂ ਇੱਕ ਨੂੰ ਚੁਣਿਆ ਹੈ, ਅਤੇ ਇਸ ਖ਼ਾਸ ਕਥਾ ਦਾ ਵਿਸ਼ਲੇਸ਼ਣ ਮੈਂ ਹੁਣ ਕਰ ਰਿਹਾ ਹਾਂ। ਮੇਰੇ 'ਤੇ ਤਾਂ ਅੰਗਰੇਜ਼ੀ ਦਾ ਅਸਰ ਹੋ ਸਕਦਾ ਹੈ, ਪਰ ਕਿਸੇ ਈਸਵੀ ਪੂਰਬ ਸਦੀ ਵਿਚ ਲਿਖੀ ਗਈ ਇਸ ਜਾਤਕ ਕਥਾ ਦੇ ਲੇਖਕ 'ਤੇ ਨਹੀਂ। ਸੰਨ 1640 ਵਿਚ ਪਰਲੋਕ ਸਿਧਾਰੇ ਸੋਢੀ ਮਨੋਹਰਦਾਸ ਮੇਹਰਬਾਨ (ਗੁਰੂ ਅਰਜਨ ਦੇਵ ਜੀ ਦੇ ਭਤੀਜੇ) ਵੀ ਅੰਗਰੇਜ਼ੀ ਨਹੀਂ ਜਾਣਦੇ ਸਨ। ਉਹਨਾਂ ਦੀ ਲਿਖੀ ਜਨਮਸਾਖੀ ਵਿਚੋਂ ਇਹ ਵਾਕ ਪੜ੍ਹੋ –

ਤਬ ਗੁਰੂ ਬਾਬਾ ਦਰਗਾਹ ਤੇ ਦਖਣ ਕੀ ਧਰਤੀ ਆਇਆ। ਉਦਿਆਨ ਕੈ ਬਿਖੈ ਬੈਠਾ ਥਾ। ਏਕੁ ਰਾਜਾ ਉਸੁ ਰਾਹਿ ਆਇ ਨਿਕਲਿਆ। ਤਬ ਉਹੁ ਰਾਜਾ ਦੇਖੈ ਤਉ ਏਕੁ ਅਤੀਤੁ ਉਦਿਆਨ ਕੈ ਬਿਖੈ ਬੈਠਾ ਹੈ।

'ਏਕੁ ਰਾਜਾ' ਬਹੁਤ ਸਾਰੇ ਰਾਜਿਆਂ ਵਿਚੋਂ ਇੱਕ ਰਾਜਾ ਹੈ। ਪਛਾਣ ਸਥਾਪਤ ਹੋਣ ਮਗਰੋਂ ਉਹਨੂੰ 'ਉਹੁ ਰਾਜਾ' ਆਖਿਆ ਗਿਆ ਹੈ।

**(2) ਵੀਹਵੀਂ ਸਦੀ ਵਿਚ 'ਇਕ' ਦੀ ਵਰਤੋਂ ਬਹੁਤ ਵਧ ਜਾਣਾ?**

ਵੀਹਵੀਂ ਸਦੀ ਵਿਚ ਲਿਖੀ ਗਈ ਪੰਜਾਬੀ ਵਿਚ 'ਇਕ' ਦੀ ਵਰਤੋਂ ਬਹੁਤ ਵਧ ਗਈ। ਚੰਦਨ ਇਹਨੂੰ ਅੰਗਰੇਜ਼ੀ ਦੀ ਜਾਣ ਬੁੱਝ ਕੇ ਕੀਤੀ "ਨਕਲ" ਸਮਝਦਾ ਹੈ, ਪਰ ਇਹ ਅਚੇਤ "ਅਸਰ" ਹੋ ਸਕਦਾ ਹੈ, ਜਿਹਨੂੰ ਰੋਕਿਆ ਨਹੀਂ ਸੀ ਜਾ ਸਕਦਾ ਅਤੇ ਆਮ ਤੌਰ ਤੇ ਇਹ ਲੇਖਕ ਦੇ ਵਸ ਦੀ ਗੱਲ ਵੀ ਨਹੀਂ ਹੁੰਦੀ। ਚੰਦਨ ਨੇ ਸੰਤ ਸਿੰਘ ਸੇਖੋਂ, ਅੰਮ੍ਰਿਤਾ ਪ੍ਰੀਤਮ, ਬਲਵੰਤ ਗਾਰਗੀ, ਕਰਤਾਰ ਸਿੰਘ ਦੁੱਗਲ ਅਤੇ 'ਇਕ' ਦੀ ਵਰਤੋਂ ਕਰਨ ਵਾਲ਼ੇ ਹੋਰ ਕਈ ਗੁਨਾਹਗਾਰਾਂ ਦਾ ਜ਼ਿਕਰ ਕੀਤਾ ਹੈ। ਇਹਨਾਂ ਸਭ ਪ੍ਰਤਿਭਾਵਾਨ ਲੇਖਕਾਂ ਨੇ ਮਿਹਨਤ ਅਤੇ ਲਗਨ ਨਾਲ ਪ੍ਰਸਿੱਧੀ ਕਮਾਈ ਹੈ, ਜੋ ਚੰਦਨ ਦੇ ਹਿੱਸੇ ਨਹੀਂ ਆਈ। ਅਸੀਂ ਇਸ ਬਹਿਸ ਵਿਚ ਨਹੀਂ ਪੈਂਦੇ ਕਿ ਸਵਾਲ "ਬੋਲੀ ਦੇ ਸੱਤਿਆਨਾਸ" ਦਾ ਹੈ ਜਾਂ ਈਰਖਾ ਦਾ। ਅਸੀਂ 'ਇਕ' ਦੀ ਵਰਤੋਂ ਜਾਂ ਦੁਰਵਰਤੋਂ ਨੂੰ ਹੀ ਲੈਂਦੇ ਹਾਂ।

ਭਾਸ਼ਾਵਾਂ ਹੋਰ ਭਾਸ਼ਾਵਾਂ ਤੋਂ ਸ਼ਬਦ ਸੌਖੀ ਤਰ੍ਹਾਂ ਲੈ ਲੈਂਦੀਆਂ ਹਨ, ਪਰ ਵਿਆਕਰਣਕ ਖ਼ਾਸੀਅਤਾਂ ਨਹੀਂ। ਅੰਗਰੇਜ਼ੀ ਦੇ ਵਾਕ in the pocket of my shirt ਦੀ ਨਕਲ ਕਰ ਕੇ ਕੋਈ ਵੀ 'ਵਿਚ ਜੇਬ ਦੀ ਮੇਰੀ ਕਮੀਜ਼' ਨਹੀਂ ਲਿਖਦਾ। ਅਸੀਂ ਸੰਸਾਰ ਨੂੰ ਸਮਝਣ ਲਈ ਮੈਟਾਫ਼ਰਾਂ ਦੀ ਵਰਤੋਂ ਕਰਦੇ ਹਾਂ। ਚੰਗੇ ਕਵੀ ਨਵੇਂ ਮੈਟਾਫ਼ਰ ਸਿਰਜਦੇ



ਹਨ। ਕੁਝ ਮੈਟਾਫ਼ਰ ਸਦੀਆਂ-ਬੱਧੀ ਵਰਤੇ ਜਾਂਦੇ ਰਹਿਣ ਮਗਰੋਂ ਆਪਣੀ ਕ੍ਰਿਆਤਮਕ ਨਵੀਨਤਾ ਗੁਆ ਕੇ, ਕਿਸੇ ਕਲਚਰ ਦੇ ਸੋਚਣ ਦੇ ਢੰਗਾਂ ਦਾ ਹਿੱਸਾ ਬਣ ਕੇ ਉਸ ਕਲਚਰ ਦੀ ਭਾਸ਼ਾ ਦੇ ਵਿਆਕਰਣ ਦੇ ਨਿਯਮਾਂ ਵਿਚ ਸ਼ਾਮਿਲ ਹੋ ਜਾਂਦੇ ਹਨ। 'ਘੜਾ ਭਰ ਗਿਆ ਹੈ' ਕਹਿਣ ਦਾ ਅਰਥ ਇਹ ਨਹੀਂ ਕਿ ਘੜਾ ਭਰ ਜਾਣ ਮਗਰੋਂ ਕਿਧਰੇ ਚਲਿਆ ਗਿਆ ਹੈ। ਇਹ ਉੱਥੇ ਹੀ ਪਿਆ ਹੈ। ਇਸ ਵਾਕ ਵਿਚ 'ਜਾ' ਦੀ ਵਰਤੋਂ ਸਹਾਇਕ ਕ੍ਰਿਆ (auxiliary verb) ਦੇ ਤੌਰ 'ਤੇ ਕੀਤੀ ਗਈ ਹੈ, ਜੋ ਕੰਮ ਪੂਰਾ ਹੋਣ ਦਾ ਅਰਥ ਪ੍ਰਗਟਾਉਂਦੀ ਹੈ। 'ਖ਼ਤ ਪੜ੍ਹ ਦੇ' ਦਾ ਅਰਥ ਇਹ ਨਹੀਂ ਕਿ ਖ਼ਤ ਪੜ੍ਹਨ ਮਗਰੋਂ ਮੈਨੂੰ ਫੜਾ ਦੇ, ਸਗੋਂ ਇਹ ਹੈ ਕਿ ਆਪਣੇ ਕੰਮ ਦਾ ਫ਼ਾਇਦਾ ਮੈਨੂੰ ਦੇ, ਯਾਨਿ ਮੈਨੂੰ ਖ਼ਤ ਪੜ੍ਹ ਕੇ ਸੁਣਾ। ਵਿਆਕਰਣ ਦਾ ਹਿੱਸਾ ਬਣਨ ਮਗਰੋਂ 'ਜਾ' ਅਤੇ 'ਦੇ' ਦੇ ਮੂਲ ਅਰਥ ਕੁਝ ਹਦ ਤਕ ਪਹਿਲਾਂ ਵਾਲ਼ੇ ਰਹੇ ਹਨ, ਪਰ ਬਹੁਤ ਬਦਲ ਵੀ ਗਏ ਹਨ। ਇਹਨੂੰ ਮੈਟਾਫ਼ਰੀ ਤਬਦੀਲੀ ਆਖਿਆ ਜਾਂਦਾ ਹੈ। ਗਿਣਤੀ ਵਾਲ਼ੇ 'ਇੱਕ' ਤੋਂ 'ਇਕ' ਬਨਣ ਨਾਲ ਇਹਦੇ ਅਰਥ ਵਿਚ ਗਿਣਤੀ ਦੇ ਨਾਲ਼ ਨਾਲ਼ ਹੋਰ ਬਹੁਤ ਕੁਝ ਸ਼ਾਮਿਲ ਹੋ ਗਿਆ ਹੈ। ਮੂਲ ਸ਼ਬਦ ਵਿਆਕਰਣਕ ਸ਼ਬਦ ਬਣਨ ਮਗਰੋਂ ਮੈਟਾਫ਼ਰ ਬਣ ਜਾਂਦੇ ਹਨ ਅਤੇ ਕਈ ਸਦੀਆਂ ਵਰਤੇ ਜਾਂਦੇ ਰਹਿਣ ਮਗਰੋਂ ਮੈਟਾਫ਼ਰ ਜਾਪਦੇ ਹੀ ਨਹੀਂ। ਕਿਸੇ ਭਾਸ਼ਾ ਦਾ ਸਮੁੱਚਾ ਵਿਆਕਰਣ ਬਹੁਤ ਹਦ ਤਕ ਸਦੀਆਂ-ਬੱਧੀ ਜਮ੍ਹਾ ਹੋਏ ਮੈਟਾਫ਼ਰਾਂ ਦਾ ਗੁਲਦਸਤਾ ਹੁੰਦਾ ਹੈ।

ਸੰਸਾਰ ਅਤੇ ਸੰਸਾਰਕ ਪ੍ਰਕ੍ਰਿਆਵਾਂ ਨੂੰ ਸਮਝਣ ਲਈ ਮੈਟਾਫ਼ਰਾਂ ਨੂੰ ਕਲਚਰ ਸਿਰਜਦੀ ਹੈ। ਸੰਸਾਰ ਨੂੰ ਕਿਸੇ ਖ਼ਾਸ ਢੰਗ ਨਾਲ਼ ਸਮਝਣ ਲਈ ਵਿਆਕਰਣਕ ਮੈਟਾਫ਼ਰ ਸਾਡੀ ਸੋਚਣੀ ਨੂੰ "ਸੁਰ" ਕਰਦੇ ਹਨ। ਜਦ ਕਿਸੇ ਹੋਰ ਭਾਸ਼ਾ ਦਾ ਕੋਈ ਮੈਟਾਫ਼ਰ ਸਾਡੇ ਮੈਟਾਫ਼ਰ ਵਰਗਾ ਹੋਵੇ, ਤਾਂ ਸਾਡੀ ਸੋਚਣੀ ਦੀਆਂ ਤਰਬਾਂ ਨੂੰ ਉਹ ਤੁਰੰਤ ਝੰਕ੍ਰਿਤ ਕਰਦਾ ਹੈ, ਜਿਵੇਂ ਸਿਤਾਰ ਜਾਂ ਸਾਰੰਗੀ ਦੀਆਂ ਕਿਸੇ ਖ਼ਾਸ ਸੁਰ 'ਤੇ ਸੈੱਟ ਕੀਤੀਆਂ ਤਰਬਾਂ ਉਹ ਸੁਰ ਵਜਾਏ ਜਾਣ ਨਾਲ ਝੰਕ੍ਰਿਤ ਹੋ ਕੇ ਉਹਦੀ ਗੂੰਜ ਨੂੰ ਫੜ ਲੈਂਦੀਆਂ ਹਨ। ਅੰਗਰੇਜ਼ੀ ਪੜ੍ਹਨ ਦੇ ਅਸਰ ਵਜੋਂ ਪੰਜਾਬੀ ਵਿਚ 'ਇਕ' ਦੀ ਵਰਤੋਂ ਵਧ ਜਾਣ ਦਾ ਕਾਰਣ ਇਹ ਸੀ ਕਿ ਇਹ ਸੰਭਾਵਨਾ ਪੰਜਾਬੀ ਵਿਚ ਪਹਿਲਾਂ ਹੀ ਮੌਜੂਦ ਸੀ। ਪੰਜਾਬੀ ਲੇਖਕਾਂ ਨੇ ਅੰਗਰੇਜ਼ੀ ਦੀ ਜਾਣ ਬੁੱਝ ਕੇ ਨਕਲ ਨਹੀਂ ਕੀਤੀ, ਸਗੋਂ ਉਹਨਾਂ ਦੀ ਸੋਚਣੀ ਦੀ ਇਹ ਸੰਭਾਵਨਾ ਪ੍ਰਬਲ ਹੋ ਗਈ। ਜਿਵੇਂ ਉੱਪਰ ਕਿਹਾ ਗਿਆ ਹੈ, ਕੋਈ ਵੀ ਪੰਜਾਬੀ ਲੇਖਕ ਅੰਗਰੇਜ਼ੀ ਦੇ in the pocket of my shirt ਦੀ ਨਕਲ ਕਰ ਕੇ ਪੰਜਾਬੀ ਵਿਚ 'ਵਿਚ ਜੇਬ ਦੀ ਮੇਰੀ ਕਮੀਜ਼' ਨਹੀਂ ਲਿਖਦਾ ਕਿਉਂਕਿ ਇਹਦੀ ਸੰਭਾਵਨਾ ਪੰਜਾਬੀ ਵਿਚ ਨਹੀਂ ਹੈ।

ਕਿਉਂਕਿ ਮੈਟਾਫ਼ਰਾਂ ਦੀ ਸਿਰਜਣਾ ਕਲਚਰ ਕਰਦੀ ਹੈ, ਇਸ ਲਈ ਜਦ ਕਿਸੇ ਕਲਚਰ ਦੇ ਇਲਾਕੇ ਵਿਚ ਵੱਖ ਵੱਖ ਪਰਿਵਾਰਾਂ ਦੀਆਂ ਕਈ ਭਾਸ਼ਾਵਾਂ ਬੋਲੀਆਂ ਜਾਣ ਤਾਂ ਉਹਨਾਂ ਸਭਨਾਂ ਭਾਸ਼ਾਵਾਂ ਦੇ ਵਿਆਕਰਣਾਂ ਵਿਚ ਸਾਂਝੇ ਮੈਟਾਫ਼ਰ ਆ ਜਾਂਦੇ ਹਨ। ਭਾਰਤੀ ਉਪ-ਮਹਾਂਦ੍ਵੀਪ ਵਿਚ ਲਗਭਗ 700 ਭਾਸ਼ਾਵਾਂ ਅਤੇ ਉਪ-ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਸਭਨਾਂ ਵਿਚ ਲੜੀਵਾਰ ਕ੍ਰਿਆਵਾਂ ਦੀ ਵਰਤੋਂ ਹੁੰਦੀ ਹੈ, ਜਿਹਦੀ ਮਿਸਾਲ ਹੈ 'ਦੁਪਹਿਰ ਤਕ ਸਾਰੇ ਕੱਪੜੇ ਧੋ ਦਿੱਤੇ ਗਏ ਹੁੰਦੇ ਸਨ' – ਇੱਕ ਕੰਮ ਦੇ ਵੱਖ ਵੱਖ ਭਾਗਾਂ ਨੂੰ ਪ੍ਰਗਟਾਉਣ ਲਈ ਪੰਜ ਕ੍ਰਿਆ ਸ਼ਬਦਾਂ ਦੀ ਵਰਤੋਂ। ਸਮੇਂ ਦਾ ਪਰਮਾਣੂਕਰਣ (atomisation of time), ਯਾਨਿ ਸਮੇਂ ਨੂੰ ਨਿੱਕੇ ਨਿੱਕੇ ਟੁਕੜਿਆਂ ਵਿਚ ਵੰਡ ਕੇ ਦੇਖਣਾ, ਮੂਲ ਭਾਰਤੀ ਦ੍ਰਵਿੜੀ ਕਲਚਰ ਦਾ ਭਾਗ ਸੀ। ਹੌਲ਼ੀ ਹੌਲ਼ੀ ਇਹ ਪੂਰੇ ਭਾਰਤ ਦੀ

ਕਲਚਰ ਵਿਚ ਵੀ ਆ ਗਿਆ, ਅਤੇ ਦ੍ਰਵਿੜੀ ਭਾਸ਼ਾਵਾਂ ਵਾਂਗ ਲੜੀਵਾਰ ਕ੍ਰਿਆਵਾਂ ਦੀ ਵਰਤੋਂ ਭਾਰਤ ਦੀਆਂ ਸਭ ਭਾਸ਼ਾਵਾਂ ਵਿਚ ਹੋਣ ਲਗ ਪਈ। ਵਿਆਕਰਣ ਦੀ ਸਿੱਧੀ ਨਕਲ ਕਦੇ ਨਹੀਂ ਹੁੰਦੀ, ਪਹਿਲਾਂ ਕਲਚਰ ਅਤੇ ਉਹਦੇ ਮੈਟਾਫ਼ਰ ਕਿਸੇ ਸਮਾਜ ਦੀ ਸੋਚਣੀ ਦਾ ਅੰਗ ਬਣਦੇ ਹਨ, ਫਿਰ ਉਹ ਮੈਟਾਫ਼ਰ ਉਸ ਸਮਾਜ ਦੀ ਬੋਲੀ ਦੇ ਵਿਆਕਰਣ ਦਾ ਹਿੱਸਾ ਬਣ ਜਾਂਦੇ ਹਨ। ਇੱਕੋ ਕਲਚਰ ਅਤੇ ਵਿਆਕਰਣਕ ਸਾਂਝਾਂ ਵਾਲੀਆਂ ਬੋਲੀਆਂ ਵਾਲ਼ੇ ਬਹੁ-ਭਾਸ਼ੀ ਖੇਤਰ ਨੂੰ "ਭਾਸ਼ਾਈ ਖੇਤਰ" (linguistic area) ਆਖਿਆ ਜਾਂਦਾ ਹੈ। ਪੂਰਾ ਭਾਰਤ ਇੱਕ ਭਾਸ਼ਾਈ ਖੇਤਰ ਹੈ। ਭਾਸ਼ਾਈ ਖੇਤਰ ਬਣਨ ਨੂੰ ਕਈ ਸਦੀਆਂ ਲਗ ਜਾਂਦੀਆਂ ਹਨ। ਸੰਸਾਰ ਵਿਚ ਹੋਰ ਵੀ ਕਈ ਅਜਿਹੇ ਭਾਸ਼ਾਈ ਖੇਤਰ ਹਨ।

ਅੱਜ ਦੇ ਯੁਗ ਵਿਚ ਵਿਸ਼ਵੀਕਰਣ ਹੋਣ ਨਾਲ਼ ਪੂਰੀ ਦੁਨੀਆ ਇੱਕ ਭਾਸ਼ਾਈ ਖੇਤਰ ਬਨਣ ਵਾਲ਼ੀ ਹੈ। ਸਾਡੀ ਪੀੜ੍ਹੀ ਦੇ ਜੀਵਨ ਕਾਲ ਵਿਚ ਭਾਵੇਂ ਇਹ ਕੰਮ ਮੁਕੰਮਲ ਨਾ ਹੋਵੇ, ਪਰ ਇਹਨੂੰ ਰੋਕਿਆ ਨਹੀਂ ਜਾ ਸਕਦਾ। ਉਸ ਵੇਲੇ ਪੰਜਾਬੀ ਕਿਹੋ ਜਿਹੀ ਹੋਏਗੀ? "ਸ਼ੇਸ਼ ਨਾਗ" ਪਤੰਜਲੀ ਜੀ ਦੇ ਗੱਦੀ ਨਸ਼ੀਨ "ਬੋਲੀ ਦੇ ਸੱਤਿਆਨਾਸ" ਨੂੰ ਰੋਕਣ ਲਈ ਕੀ ਕਰਨਗੇ?

### (3) ਕਰਮਣੀਵਾਚ (passive voice) ਦੀ ਵਰਤੋਂ ਅੰਗਰੇਜ਼ੀ ਦੀ ਨਕਲ?

ਸੰਤੋਖ ਸਿੰਘ ਧੀਰ ਨੇ ਆਪਣੇ ਇਕ ਕਹਾਣੀ ਸੰਗ੍ਰਹਿ ਦੀ ਭੂਮਿਕਾ ਦੇ ਸ਼ੁਰੂ ਵਿਚ ਲਿਖਿਆ "ਇਹ ਕਹਾਣੀਆਂ 1960 ਤੋਂ ਬਾਅਦ ਲਿਖੀਆਂ ਗਈਆਂ"। ਅਸਲ ਵਾਕ ਮੈਨੂੰ ਯਾਦ ਨਹੀਂ, ਪਰ ਧੀਰ ਨੇ ਕਿਸੇ ਇਹੋ ਜਿਹੇ ਕਰਮਣੀਵਾਚੀ (passive voice) ਵਾਕ ਦੀ ਵਰਤੋਂ ਕੀਤੀ ਸੀ। ਅਮਰਜੀਤ ਚੰਦਨ ਨੂੰ ਇਸ ਵਾਕ ਵਿਚੋਂ "ਅੰਗਰੇਜ਼ੀ ਦੀ ਨਕਲ" ਦੀ ਮੁਸ਼ਕ ਆ ਗਈ। ਉਹਨੇ ਧੀਰ ਬਾਰੇ ਕਿਹਾ ਕਿ ਇਹ ਅੰਗਰੇਜ਼ੀ ਵਾਕ "These stories were written after 1960" ਦੀ ਨਕਲ ਸੀ। ਚੰਦਨ ਦੇ ਕਹਿਣ ਅਨੁਸਾਰ, ਧੀਰ ਨੂੰ ਲਿਖਣਾ ਚਾਹੀਦਾ ਸੀ "ਮੈਂ ਇਹ ਕਹਾਣੀਆਂ 1960 ਤੋਂ ਬਾਅਦ ਲਿਖੀਆਂ।" ਧੀਰ ਨੇ ਚੰਦਨ ਦੀ ਇਸ ਟਿੱਪਣੀ ਦਾ ਜਵਾਬ ਦੇਣ ਦੀ ਲੋੜ ਨਾ ਸਮਝੀ। ਧੀਰ ਦੇ ਲੇਖ ਦਾ ਵਿਸ਼ਾ ਕਹਾਣੀਆਂ ਸਨ, ਇਸ ਕਰਕੇ ਵਾਕ ਦਾ ਵਿਸ਼ਾ ਵੀ 'ਕਹਾਣੀਆਂ' ਸੀ, ਜਿਹਦੇ ਲਈ ਕਰਮਣੀਵਾਚੀ ਵਾਕ ਲੋੜੀਂਦਾ ਸੀ। ਆਫਰੀ ਹੋਈ ਹਉਮੈ ਵਾਲ਼ਾ ਕੋਈ ਲੇਖਕ ਹੀ ਇਹ ਲੇਖ "ਮੈਂ ਇਹ ਕਹਾਣੀਆਂ 1960 ਤੋਂ ਮਗਰੋਂ ਲਿਖੀਆਂ" ਨਾਲ਼ ਸ਼ੁਰੂ ਕਰ ਸਕਦਾ ਸੀ। ਧੀਰ ਨੂੰ "ਹਉਮੈ ਦੀਰਘ ਰੋਗ" ਨਹੀਂ ਸੀ। ਹਉਮੈ ਨੂੰ ਮਾਰਨ ਅਤੇ ਕਰਤਾ ਨੂੰ ਗੌਣ ਦਰਜਾ ਦੇਣ ਦਾ ਸੰਦੇਸ਼ ਦੇਣ ਵਾਲ਼ੀ ਭਾਰਤੀ ਕਲਚਰ ਵਿਚ ਸੰਸਕ੍ਰਿਤ ਦੇ ਸਮੇਂ ਤੋਂ ਹੀ ਕਰਮਣੀਵਾਚੀ ਵਾਕਾਂ ਦੀ ਭਰਮਾਰ ਰਹੀ ਹੈ, ਜਿਹਨਾਂ ਵਿਚ ਕਰਤਾ ਦਾ ਜ਼ਿਕਰ ਨਾ ਕਰਨਾ ਪਏ। ਸੰਨ 1924 ਵਿਚ ਛਪੇ ਪੰਜਾਬੀ ਵਿਆਕਰਣ ਵਿਚ ਰਾਮ ਸਿੰਘ ਨੇ ਪੰਜਾਬੀ ਦੇ ਦਸ ਤੋਂ ਵੱਧ ਕਿਸਮਾਂ ਦੇ ਕਰਮਣੀਵਾਚੀ ਵਾਕ ਢਾਂਚਿਆਂ ਦਾ ਜ਼ਿਕਰ ਕੀਤਾ ਹੈ, ਜਿਹਨਾਂ ਦੇ ਵਿਚੋਂ ਕੁਝ ਸਦੀਆਂ ਪੁਰਾਣੇ ਹਨ। ਗੁਰਬਾਣੀ ਅਤੇ ਜਨਮ ਸਾਖੀਆਂ ਵਿਚ ਕਰਮਣੀਵਾਚੀ ਵਾਕਾਂ ਦੀ ਵਰਤੋਂ ਹੋਈ ਹੈ। "ਤੈਂ ਮੇਰੀ ਖਿਚੜੀ ਖਾਧੀ" ਦਾ ਰੂਪ ਕਰਮਣੀਵਾਚੀ ਅਤੇ ਅਰਥ ਕਰਤ੍ਰੀਵਾਚੀ ਹੈ। ਸਦੀਆਂ ਪਹਿਲਾਂ ਅਜਿਹੇ ਵਾਕ ਕਰਮਣੀਵਾਚੀ ਹੁੰਦੇ ਸਨ। ਕਰਮਣੀਵਾਚੀ ਵਾਕਾਂ ਨੂੰ "ਅੰਗਰੇਜ਼ੀ ਦੀ ਨਕਲ" ਕਹਿਣਾ ਚੰਦਨ ਦੀ ਸੂਝ ਦਾ ਹੀ ਕਮਾਲ ਹੋ ਸਕਦਾ ਹੈ।

ਕਰਮਣੀਵਾਚੀ ਵਾਕ ਦੇ ਵਿਆਕਰਣਕ ਮੈਟਾਫ਼ਰ 'ਕੱਪੜੇ ਧੋ ਦਿੱਤੇ ਗਏ ਹੁੰਦੇ



ਸਨ' ਬਾਰੇ ਵਿਚਾਰ ਕਰਨ ਦੀ ਲੋੜ ਹੈ। ਵਾਕ ਕੱਪੜਿਆਂ ਬਾਰੇ ਹੈ, ਧੋਣ ਦਾ ਕੰਮ ਕਰਨ ਵਾਲ਼ੇ ਜਾਂ ਵਾਲ਼ੀ ਦਾ ਜ਼ਿਕਰ ਕਰਨ ਦੀ ਕੋਈ ਲੋੜ ਨਹੀਂ। ਵਾਕ ਦਾ ਵਿਸ਼ਾ 'ਕੱਪੜੇ' ਹੈ। ਸਭ ਕ੍ਰਿਆ ਸ਼ਬਦਾਂ ਦਾ ਰੂਪ ਪੁਲਿੰਗ ਬਹੁਵਚਨ ਹੈ, ਜਿਵੇਂ 'ਕੱਪੜੇ' ਸ਼ਬਦ ਦਾ। *'ਦਿੱਤੇ'* – ਕਿਸੇ ਹੋਰ ਦੇ ਕੱਪੜੇ ਉਹਦੀ ਖ਼ਾਤਿਰ ਧੋਤੇ ਜਾਣ ਦੀ ਗੱਲ ਹੈ। *'ਗਏ'* – ਇਹ ਕੰਮ ਪੂਰਾ ਹੋਣ ਦੀ ਗੱਲ ਹੈ। *'ਹੁੰਦੇ'* – ਕੰਮ ਵਾਰ ਵਾਰ ਹੋਣ ਦੀ ਗੱਲ ਹੈ। *'ਸੀ'* – ਬੀਤੇ ਸਮੇਂ ਦੀ ਗੱਲ ਹੈ। ਬੀਤੇ ਸਮੇਂ ਵਿਚ ਕਿਸੇ ਦੇ ਕੱਪੜੇ ਉਹਦੀ ਖ਼ਾਤਿਰ ਅਕਸਰ ਧੋਤੇ ਜਾਣ ਦਾ ਕੰਮ ਮੁਕੰਮਲ ਹੁੰਦੇ ਰਹਿਣ ਬਾਰੇ ਦੱਸਿਆ ਗਿਆ ਹੈ। ਇਹੋ ਜਿਹੀਆਂ ਲੜੀਵਾਰ ਕ੍ਰਿਆਵਾਂ ਸਭ ਭਾਰਤੀ ਭਾਸ਼ਾਵਾਂ ਵਿਚ ਮਿਲ਼ਦੀਆਂ ਹਨ, ਪਰ ਹਰ ਭਾਸ਼ਾ ਆਪਣੇ ਸ਼ਬਦਾਂ ਦੀ ਵਰਤੋਂ ਕਰਦੀ ਹੈ। ਸਮੇਂ ਦਾ ਪਰਮਾਣੂਕਰਣ ਕਰਨ ਵਾਲ਼ੀ ਭਾਰਤੀ ਕਲਚਰ ਹਰ ਭਾਸ਼ਾ ਦੇ ਵਿਆਕਰਣਕ ਮੈਟਾਫ਼ਰਾਂ ਵਿਚ ਝਲਕਦੀ ਹੈ। ਭਾਰਤੀ ਬੋਲੀਆਂ ਵਿਚ ਪਿਛਲੇ ਦੋ ਕੁ ਹਜ਼ਾਰ ਸਾਲ ਪਹਿਲਾਂ ਇਹ ਹੋਣਾ ਸ਼ੁਰੂ ਹੋ ਗਿਆ ਸੀ।

### (4) ਅਖ਼ਬਾਰਾਂ ਦੀਆਂ "ਜਮੂਰਿਆਂ" ਵਾਲੀਆਂ ਸੁਰਖ਼ੀਆਂ?

ਅੱਜ ਕੱਲ੍ਹ ਪੰਜਾਬੀ ਅਖ਼ਬਾਰਾਂ ਵਿਚ ਅਜਿਹੀਆਂ ਸੁਰਖ਼ੀਆਂ ਛਪਦੀਆਂ ਹਨ 'ਅਕਾਲੀ ਜਿੱਤ ਗਏ ਤੀਹ ਸੀਟਾਂ', 'ਗਿੱਦੜਬਾਹੇ ਬਣੇਗਾ ਮੈਡੀਕਲ ਕਾਲਿਜ', 'ਸਚਿਨ ਨੇ ਬਣਾਇਆ ਸ਼ਤਕਾਂ ਦਾ ਨਵਾਂ ਰਿਕਾਰਡ', 'ਹਰਭਜਨ ਨੇ ਲਈਆਂ ਛੇ ਵਿਕਟਾਂ'। ਚੰਦਨ ਅਜਿਹੀਆਂ "ਜਮੂਰਿਆਂ" ਵਾਲ਼ੀਆਂ ਸੁਰਖ਼ੀਆਂ ਨੂੰ ਅੰਗਰੇਜ਼ੀ ਦੇ ਅਸਰ ਕਾਰਣ ਹੋਣ ਵਾਲ਼ਾ "ਬੋਲੀ ਦਾ ਸੱਤਿਆਨਾਸ" ਮੰਨਦਾ ਹੈ। ਪਰ ਕੀ ਮੇਰੀ ਅਨਪੜ੍ਹ ਮਾਂ ਦੀ ਸੁਣਾਈ ਕਹਾਣੀ ਦੇ ਵਾਕ 'ਚਿੜੀ ਲਿਆਈ ਚੌਲ਼ਾਂ ਦਾ ਦਾਣਾ' ਦਾ ਸ਼ਬਦ-ਕ੍ਰਮ ਅੰਗਰੇਜ਼ੀ ਵਾਕ The sparrow brought a grain of rice ਦਾ ਪੰਜਾਬੀ ਤਰਜਮਾ ਸੀ? ਕੀ ਇਹ ਕਹਿ ਕੇ ਉਹਨੇ ਅੰਗਰੇਜ਼ੀ ਦੀ ਨਕਲ ਕੀਤੀ ਅਤੇ ਦੀ ਪੰਜਾਬੀ ਬੋਲੀ ਦਾ ਸੱਤਿਆਨਾਸ ਕੀਤਾ?

ਜਿਵੇਂ ਉੱਪਰ ਦਿੱਤੀ ਚਿੜੀ ਅਤੇ ਕਾਂ ਦੀ ਕਹਾਣੀ ਤੋਂ ਪਤਾ ਲਗਦਾ ਹੈ, ਪੰਜਾਬੀ *ਬੋਲੀ* ਵਿਚ (ਜ਼ਰੂਰੀ ਨਹੀਂ ਕਿ *ਲਿਖਤੀ* ਪੰਜਾਬੀ ਵਿਚ ਵੀ) ਪੁਰਾਣੀ ਅਤੇ ਸੰਦਰਭ ਵਿਚ ਪਹਿਲਾਂ "ਦਿੱਤੀ ਹੋਈ" ਜਾਣਕਾਰੀ ਦਾ ਜ਼ਿਕਰ ਆਮ ਸੁਰ ਵਿਚ ਕਰਨ ਮਗਰੋਂ ਨਵੀਂ ਜਾਣਕਾਰੀ ਵਾਕ ਦੇ ਅਖ਼ੀਰ ਵਿਚ ਪੇਸ਼ ਕੀਤੀ ਜਾਂਦੀ ਹੈ, ਇਸ ਨਵੀਂ ਜਾਣਕਾਰੀ ਵਿਚਲੇ ਸਭ ਤੋਂ ਅਹਿਮ ਸ਼ਬਦ 'ਤੇ ਬਲ ਦਿੱਤਾ ਜਾਂਦਾ ਹੈ ਅਤੇ ਵਾਕ ਦੀ ਸੁਰ ਰੇਖਾ ਇੱਥੇ ਆਪਣੀ ਦਿਸ਼ਾ ਬਦਲਦੀ ਹੈ। ਟੈਲੀਵਿਯਨ ਦਾ ਜ਼ਮਾਨਾ ਹੈ, ਅਤੇ ਟੈਲੀਵਿਯਨ 'ਤੇ ਖ਼ਬਰਾਂ ਤਸਵੀਰਾਂ ਦਿਖਾ ਕੇ ਅਤੇ ਬੋਲ ਕੇ ਪੇਸ਼ ਕੀਤੀਆਂ ਜਾਂਦੀਆਂ ਹਨ। ਅਕਾਲੀਆਂ, ਗਿੱਦੜਬਾਹੇ, ਸਚਿਨ ਅਤੇ ਹਰਭਜਨ ਬਾਰੇ ਤਾਂ ਦਰਸ਼ਕ-ਸ੍ਰੋਤੇ ਪਹਿਲਾਂ ਹੀ ਜਾਣਦੇ ਹਨ। ਇਹਨਾਂ ਬਾਰੇ ਦੱਸਣ ਮਗਰੋਂ ਸੰਬੰਧਤ ਨਵੀਂ ਜਾਣਕਾਰੀ ਪੇਸ਼ ਕੀਤੀ ਜਾਂਦੀ ਹੈ। ਵਾਕ ਦੀ ਬਣਤਰ ਅੰਗਰੇਜ਼ੀ ਵਰਗੀ ਹੋ ਜਾਂਦੀ ਹੈ, ਪਰ ਭਾਰਤੀ ਬੋਲੀਆਂ ਵਿਚ ਗੱਲ ਕਰਨ ਦਾ ਇਹ ਢੰਗ ਕਈ ਸਦੀਆਂ ਪੁਰਾਣਾ ਹੈ। ਜੇ ਅਖ਼ਬਾਰਾਂ ਨੇ ਟੈਲੀਵਿਯਨ ਦੇ ਅਸਰ ਹੇਠ (ਪਰ ਅੰਗਰੇਜ਼ੀ ਦੀ "ਨਕਲ" ਕਰ ਕੇ ਨਹੀਂ), ਇਹ ਢੰਗ ਅਪਣਾ ਲਿਆ ਤਾਂ ਕੋਈ ਅਣਹੋਣੀ ਨਹੀਂ ਹੋਈ ਜਿਹਦੇ ਬਾਰੇ ਚਿੰਤਾ ਕੀਤੀ ਜਾਏ। ਗੁਰੂ ਤੇਗ ਬਹਾਦੁਰ ਜੀ ਕਹਿ ਗਏ ਹਨ – 'ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ'। ਭਾਸ਼ਾ ਅਤੇ ਹੋਰ ਸਭ ਮਨੁੱਖੀ ਸਿਸਟਮਾਂ ਵਿਚ ਅਜਿਹੀਆਂ ਤਬਦੀਲੀਆਂ ਸਦਾ ਹੁੰਦੀਆਂ ਆਈਆਂ ਹਨ ਅਤੇ ਭਵਿੱਖ ਵਿਚ ਵੀ ਹੁੰਦੀਆਂ

ਰਹਿਣਗੀਆਂ। ਜਦ ਕਿਸੇ ਭਾਸ਼ਾ ਨੂੰ ਬੋਲਣ ਜਾਂ ਲਿਖਣ ਵਾਲ਼ੇ ਬਹੁਤ ਸਾਰੇ ਲੋਕ ਇਹਦੀ "ਗ਼ਲਤ" ਵਰਤੋਂ ਕਰਨ ਲਗ ਜਾਣ (ਜਿਵੇਂ ਅਠਾਹਰਵੀਂ ਸਦੀ ਵਿਚ 'ਹਉ' ਦੀ ਥਾਂ 'ਮੈਂ' ਦੀ ਵਰਤੋਂ, ਵੀਹਵੀਂ ਸਦੀ ਵਿਚ 'ਤੈਂ' ਦੀ ਥਾਂ 'ਤੂੰ' ਦੀ ਵਰਤੋਂ, 'ਲੀਤਾ' ਦੀ ਥਾਂ 'ਲਿਆ' ਦੀ ਵਰਤੋਂ ਅਤੇ 'ਇਕ' ਦੀ ਭਰਪੂਰ ਵਰਤੋਂ) ਤਾਂ ਇਹ ਭਾਸ਼ਾ ਦੇ ਵਿਆਕਰਣ ਸਿਸਟਮ ਵਿਚ ਆਈ ਤਬਦੀਲੀ ਦੀ ਸੂਚਕ ਹੁੰਦੀ ਹੈ। ਜੇ 'ਇਕ' ਦੀ ਵਰਤੋਂ ਵਧ ਜਾਣਾ ਅੰਗਰੇਜ਼ੀ ਦਾ ਅਸਰ ਹੈ (ਪਰ "ਨਕਲ" ਨਹੀਂ), ਤਾਂ ਹੋਣ ਦਿਓ। ਇਹਨੂੰ ਰੋਕਣਾ ਨਾਮੁਮਕਿਨ ਹੈ। ਜਿਹਨੂੰ 'ਇਕ' ਦੀ ਵਰਤੋਂ ਕਰਨਾ ਚੰਗਾ ਨਹੀਂ ਲਗਦਾ ਉਹ ਨਾ ਕਰੇ। ਉਹਦੀ ਪੁੜਪੁੜੀ 'ਤੇ ਪਿਸਤੌਲ ਰੱਖ ਕੇ ਇਹ ਕੰਮ ਕਰਨ ਲਈ ਉਹਨੂੰ ਕੋਈ ਮਜਬੂਰ ਨਹੀਂ ਕਰਦਾ। ਪਰ ਜੇ ਕੋਈ ਹੋਰ ਲੇਖਕ ਇਹ ਕੰਮ ਕਰਦਾ ਹੈ, ਤਾਂ ਪੰਜਾਬੀ ਬੋਲੀ ਦੇ ਇਸ ਹਿਤੈਸ਼ੀ ਦੀ ਆਤਮਾ ਨੂੰ ਕਸ਼ਟ ਨਹੀਂ ਹੋਣਾ ਚਾਹੀਦਾ। ਹਰ ਬੋਲੀ ਦਾ ਦਵੰਦਵਾਤਮਕ ਵਿਕਾਸ ਉਹ ਅਟਲ ਨਿਯਮ ਹੈ ਜਿਹਨੂੰ ਕੋਈ ਨਹੀਂ ਬਦਲ ਸਕਦਾ। ਪੰਜਾਬੀ ਬੋਲਣ ਵਾਲ਼ੇ ਲੋਕ ਆਪਣੀ ਬੋਲੀ ਦੇ ਵਿਕਾਸ ਦੌਰਾਨ ਇਹਦੀ ਰਾਖੀ ਕਰਨ ਦੀ ਪੂਰੀ ਸਮਰੱਥਾ ਰੱਖਦੇ ਹਨ। ਪੰਜਾਬੀ ਦੀ ਰਾਖੀ ਲਈ ਕਿਸੇ ਸਵੈ-ਥਾਪੇ ਮੈਜਿਸਟ੍ਰੇਟ ਦੀ ਲੋੜ ਨਹੀਂ। ਇੱਕ ਤਾਂ ਕੀ, ਇੱਕ ਲੱਖ ਮੈਜਿਸਟ੍ਰੇਟ ਮਿਲ਼ ਕੇ ਵੀ ਬੋਲੀ ਵਿਚ ਹੋਣ ਵਾਲ਼ੇ ਕੁਦਰਤੀ ਪਰਿਵਰਤਨਾਂ ਨੂੰ ਅਤੇ ਹੁਣ ਪੂਰੇ ਸੰਸਾਰ ਨੂੰ ਭਾਸ਼ਾਈ ਖੇਤਰ ਬਣਨੋਂ ਰੋਕ ਨਹੀਂ ਸਕਦੇ।


### ਅਖ਼ੀਰ ਵਿਚ

ਗੁਰੂ ਤੇਗ ਬਹਾਦੁਰ ਜੀ ਦੇ ਮਹਾਨ ਜੀਵਨ ਫ਼ਲਸਫ਼ੇ ਵਿਚ "ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨ" ਵੀ ਸ਼ਾਮਿਲ ਹੈ। ਕਿਸੇ ਨੂੰ ਭੈ ਦੇਣਾ ਬਹੁਤ ਹੀ ਘਟੀਆ ਅਤੇ ਗੰਦਾ ਕੰਮ ਹੈ, ਪਰ ਕਿਸੇ ਆਤੰਕਵਾਦੀ ਦਾ ਭੈ ਮੰਨਣਾ ਘੋਰ ਬੁਜ਼ਦਿਲੀ ਹੈ। ਪੰਜਾਬੀ ਲੇਖਕਾਂ ਨੂੰ ਮੇਰੀ ਸਲਾਹ ਹੈ ਕਿ ਜਿਵੇਂ ਦਿਲ ਕਰੇ, ਨਿਰਭੈ ਹੋ ਕੇ ਅਤੇ ਕਿਸੇ ਵੀ ਸਵੈ-ਥਾਪੇ ਮੈਜਿਸਟ੍ਰੇਟ ਤੋਂ ਡਰੇ ਬਿਨਾਂ ਲਿਖੋ। ਬੋਲੀ ਨਾਲ਼ ਜੀ ਭਰ ਕੇ ਕ੍ਰਿਆਤਮਕ ਖੇਡਾਂ ਖੇਡੋ, ਨਵੇਂ ਨਵੇਂ ਸ਼ਬਦਾਂ, ਵਾਕੰਸ਼ਾਂ, ਮੈਟਾਫ਼ਰਾਂ ਅਤੇ ਭਾਸ਼ਾਈ ਸੰਗੀਤ ਦੀ ਸਿਰਜਣਾ ਕਰੋ। ਸਿਰਫ਼ ਚਰਚਾ ਵਿਚ ਰਹਿਣ ਦੀ ਖ਼ਾਤਿਰ ਸ਼ੋਸ਼ੇ ਛੱਡਣ ਵਾਲ਼ੇ ਦਾ ਕੋਈ ਨੋਟਿਸ ਨਾ ਲਓ। ਜੇ ਕੋਈ ਇਹ ਕਹੇ ਕਿ "ਮੈਂ ਕੋਈ ਦਲੀਲ ਜਾਂ ਭੜੀ ਭਾਸ਼ਾਵਿਗਿਆਨਕ ਗਿਟਮਿਟ ਨਹੀਂ ਸੁਣਨਾ ਚਾਹੁੰਦਾ। ਮੈਂ ਤਾਂ ਸਿਰਫ਼ ਇਹ ਜਾਣਦਾ ਹਾਂ ਕਿ ਮੇਰੀ ਮਾਖਿਓਂ ਮਿੱਠੀ ਮਾਂ ਬੋਲੀ ਦਾ ਸੱਤਿਆਨਾਸ ਹੋ ਰਿਹਾ ਹੈ। ਮੈਥੋਂ ਇਹ ਬਰਦਾਸ਼ਤ ਨਹੀਂ ਹੁੰਦਾ, ਮੇਰਾ ਖ਼ੂਨ ਖੌਲਦਾ ਹੈ", ਤਾਂ ਬੜੇ ਹੀ ਪਿਆਰ ਅਤੇ ਸਤਿਕਾਰ ਸਹਿਤ ਉਹਨੂੰ ਪ੍ਰਾਣਾਯਾਮ ਅਤੇ ਯੋਗਾਸਨ ਕਰਨ ਦੀ ਸਲਾਹ ਦਿਓ।

ਮੇਰੇ ਵਿਰੋਧੀ ਮੇਰੇ 'ਤੇ ਅਕਸਰ ਇਹ ਇਲਜ਼ਾਮ ਲਾਉਂਦੇ ਹਨ ਕਿ ਮੈਂ ਉਹਨਾਂ ਦੇ ਪੱਧਰ ਦੀ ਗੱਲ ਨਹੀਂ ਕਰਦਾ ਸਗੋਂ ਭਾਸ਼ਾਵਿਗਿਆਨਕ ਟੈਕਨੀਕੈਲਿਟੀਆਂ ਰਾਹੀਂ ਉਹਨਾਂ ਤੇ ਫੋਕਾ ਰੋਅਬ ਪਾਉਂਦਾ ਹਾਂ। ਮੈਂ ਜ਼ਿੰਦਗੀ ਵਿਚ ਹੋਰ ਕਈ ਪਾਪ ਕੀਤੇ ਹੋਣਗੇ, ਪਰ ਝੂਠੀ ਵਿਦਵਤਾ ਦਾ ਪ੍ਰਦਰਸ਼ਨ ਕਰਕੇ ਲੋਕਾਂ ਨੂੰ ਭੰਬਲਭੂਸੇ ਵਿਚ ਪਾਉਣ ਦਾ ਪਾਪ ਮੈਂ ਕਦੇ ਨਹੀਂ ਕੀਤਾ। ਉਹਨਾਂ ਦੇ ਪੱਧਰ ਦੀ ਗੱਲ ਕਰਨ ਦਾ ਅਰਥ ਹੈ ਕੋਈ ਵੀ ਗੱਲ ਨਾ ਕਰਨਾ। ਮੇਰਾ ਕੰਮ ਪਾਠਕਾਂ ਦੀ ਸੂਝ ਦੇ ਪੱਧਰ ਨੂੰ ਉੱਚਾ ਚੁੱਕਣਾ ਹੈ, ਖ਼ੁਦ ਆਪਣੀ ਸੂਝ ਦੇ ਪੱਧਰ ਨੂੰ ਨੀਵਾਂ ਕਰਨਾ ਨਹੀਂ। ਇਸ ਪਰਚੇ ਵਿਚ ਮੈਂ ਵਾਕ ਦੀ 'ਸੁਰ ਰੇਖਾ' ਦਾ ਜ਼ਿਕਰ ਕੀਤਾ ਹੈ। ਕੰਪਿਊਟਰ ਨਾਲ ਕੀਤੇ ਵਿਸ਼ਲੇਸ਼ਣ ਦੀ ਤਸਵੀਰ ਮੈਂ ਪੇਸ਼ ਕਰ ਰਿਹਾ ਹਾਂ। ਮੈਂ



Audacity ਨਾਲ਼ ਵਾਕ 'ਚਿੜੀ ਲਿਆਈ ਚੌਲ਼ਾਂ ਦਾ ਦਾਣਾ' ਕੰਪਿਊਟਰ 'ਤੇ ਰਿਕਾਰਡ ਕਰ ਕੇ Praat ਨਾਲ਼ ਇਹਦਾ ਵਿਸ਼ਲੇਸ਼ਣ ਕੀਤਾ। ਇਹ ਦੋਵੇਂ ਪ੍ਰੋਗਰਾਮ ਇੰਟਟੈੱਟ ਤੋਂ ਮੁਫ਼ਤ ਡਾਊਨਲੋਡ ਕੀਤੇ ਜਾ ਸਕਦੇ ਹਨ। ਕੋਈ ਵੀ ਪਾਠਕ ਉਹ ਕੰਮ ਕਰ ਸਕਦਾ ਹੈ ਜੋ ਮੈਂ ਕੀਤਾ (ਜੇ ਉਹ ਖੋਪੜੀ ਵਿਚਲੇ ਸਲੇਟੀ ਰੰਗ ਦੇ ਮਾਦੇ ਦੀ ਵਰਤੋਂ ਅਤੇ ਕੁਝ ਮਿਹਨਤ ਕਰਨ ਲਈ ਤਿਆਰ ਹੈ)।




ਤਸਵੀਰ ਵਿਚ Intensity ਰੇਖਾ ਇਹ ਦਰਸਾਉਂਦੀ ਹੈ ਕਿ ਕਿਸ ਸ਼ਬਦ ਨੂੰ ਕਿੰਨਾ ਬਲ ਦੇ ਕੇ ਬੋਲਿਆ ਗਿਆ। Pitch ਰੇਖਾ ਸੁਰ ਨੂੰ ਦਰਸਾਉਂਦੀ ਹੈ। Intensity ਅਤੇ Pitch ਰੇਖਾਵਾਂ 'ਲਿਆਈ' ਦੇ ਅਖ਼ੀਰ ਵਿਚ ਇਕਦਮ ਹੇਠਾਂ ਆ ਕੇ, ਹਲਕੇ ਜਿਹੇ ਠਹਿਰਾਅ ਮਗਰੋਂ 'ਚੌਲਾਂ' 'ਤੇ ਇਕਦਮ ਉੱਚੀਆਂ ਉੱਠ ਕੇ ਹੇਠਾਂ ਜਾਣ ਲਗਦੀਆਂ ਹਨ। ਯਾਦ ਰਹੇ ਕਿ 'ਚਿੜੀ' ਅਤੇ 'ਚੌਲ਼ਾਂ' ਇਸ ਵਾਕ ਦੇ ਅਹਿਮ ਸ਼ਬਦ ਹਨ।

---

**ਗ਼ਜ਼ਲ/ਸਿਮਰਨਜੋਤ ਮਾਨ**

ਨਾ ਏਦਾਂ ਮੋਮ ਵਾਕਣ ਆਪਣੇ ਹੀ ਸੇਕ ਵਿਚ ਢਲ਼ੀਏ !
ਆ ਬੱਤੀ ਵਾਂਗ ਆਪਾਂ ਸ਼ੌਕ ਦੇ ਨਾਲ ਰਾਤ ਭਰ ਬਲ਼ੀਏ !

ਤਰੱਕੇ ਪਾਣੀਆਂ ਅੰਦਰ ਵੀ ਆ ਖਿੜੀਏ ਕੰਵਲ ਵਾਂਗੂੰ,
ਖੜੋਤੇ ਪਾਣੀਆਂ ਵਿਚ ਉੱਲੀਆਂ ਦੇ ਵਾਂਗ ਨਾ ਪਲ਼ੀਏ !

ਆ ! ਮਹਿੰਦੀ ਘੋਲ਼ੀਏ ਰੰਗਾਂ ਦੀ ਸੂਰਜ ਦੇ ਕਟੋਰੇ ਵਿਚ,
ਤੇ ਕਾਲ਼ੀ ਰਾਤ ਦੇ ਪਿੰਡੇ 'ਤੇ ਤਾਰੇ ਭੋਰ ਕੇ ਮਲ਼ੀਏ !

ਆ ! ਹਉਕੇ ਦੇ ਥਲਾਂ 'ਚੋਂ ਭਾਲ਼ੀਏ ਮਹਿਕਾਂ ਦੀ ਗੁੰਮ ਡਾਚੀ,
ਤੇ ਖਾ ਕੇ ਠੋਕ੍ਹਰਾਂ ਵੀ ਡਾਚੀਆਂ ਦੇ ਨਾਲ ਜਾ ਰਲ਼ੀਏ।

ਤਨਾਂ ਦੇ ਪਿੱਪਲ਼ਾਂ ਨੂੰ ਪਾਈਏ ਰੂਹ ਦੇ ਨਿੱਤਰੇ ਪਾਣੀ,
ਦੁਆਲੇ ਨਾ ਇਨ੍ਹਾਂ ਦੇ ਇੰਝ ਕੱਚੀਆਂ ਅੱਟੀਆਂ ਵਲ਼ੀਏ।

ਸਮੁੰਦਰ ਤੋਂ ਵੀ ਡੂੰਘੀ ਹੋ ਗਈ ਹੈ ਤਿਸ਼ਨਗੀ ਦਿਲ ਦੀ,
ਕਿਨ੍ਹਾਂ ਪੱਤਣਾਂ ਨੂੰ ਦੁੱਖ ਦੱਸੀਏ ਤੇ ਕਿਸ ਦਰਿਆ 'ਚ ਜਾ ਰਲ਼ੀਏ ?

## ਮਸ਼ਹੂਰ ਫਿਲਮਸਾਜ਼ ਤੇ ਪਤਰਕਾਰ ਖਵਾਜ ਅਹਿਮਦ ਅਬਾਸ ਨਾਲ ਚਲਦਿਆਂ

-ਐਸ ਬਲਵੰਤ

ਭਾਰਤ ਦੇ ਲੇਖਕ, ਪਤਰਕਾਰ, ਫਿਲਮਕਾਰ ਖਵਾਜਾ ਅਹਿਮਦ ਅਬਾਸ ਜ਼ਿਕਰ ਕਰਿਆ ਕਰਦੇ ਸਨ ਕਿ ਉਹਨਾਂ ਦਾ ਖਾਨਦਾਨ ਇਸਲਾਮ ਦੇ ਬਾਨੀ ਹਜ਼ਰਤ ਮੁਹੰਮਦ ਦੇ ਨਾਲ ਰਹੇ ਉਹਨਾਂ ਦੇ ਸਾਥੀ ਅਯੂਬ ਅਨਸਾਰੀ ਨਾਲ ਜਾ ਜੁੜਦਾ ਹੈ। ਉਹਨਾਂ ਦੇ ਵੱਡੇ ਵਡੇਰੇ ਸ਼ਾਹੀ ਖਾਨਦਾਨਾਂ ਦੇ ਰਾਜਕੁਮਾਰਾਂ ਨੂੰ ਵਿਦਿਆ ਦਿੰਦੇ ਰਹੇ ਸਨ। ਹਜ਼ਰਤ ਮੁਹੰਮਦ ਦੇ ਵੇਲਿਆਂ ਤੋਂ ਤੁਰਦਾ ਹੋਇਆ ਉਹਨਾਂ ਦਾ ਖਾਨਦਾਨ ਹਰਿਆਣੇ ਦੇ ਸ਼ਹਿਰ ਪਾਨੀਪਤ ਵਿਚ ਆ ਕੇ ਵਸ ਗਿਆ ਸੀ। ਇਥੇ ਹੀ ਉਹਨਾਂ ਦਾ ਜਨਮ ਉਸ ਸਮੇਂ ਦੇ ਮਸ਼ਹੂਰ ਸ਼ਾਇਰ ਖਵਾਜਾ ਅਲਤਾਫ ਹੁਸੈਨ ਦੇ ਘਰ ਹੋਇਆ। ਉਹਨਾਂ ਦੇ ਦਾਦਾ ਖਵਾਜਾ ਗੁਲਾਮ ਅਬਾਸ ਹਿੰਦੁਸਤਾਨ ਦੀ ਜੰਗੇ-ਅਜ਼ਾਦੀ ਦਾ ਮੁੱਢ ਸ਼ੁਰੂ ਕਰਨ ਵਾਲਿਆਂ ਵਿਚੋਂ ਸਨ ਤੇ ਮੇਰਠ ਤੋਂ ਸ਼ੁਰੂ ਹੋਈ ਅੰਗਰੇਜ਼ਾਂ ਦੇ ਖਿਲਾਫ ਹਿੰਦੁਸਤਾਨੀਆਂ ਦੀ ਬਗਾਵਤ ਦੇ ਸਭ ਤੋਂ ਮੋਹਰੀ ਸਨ ਤੇ ਅਖੀਰ ਅੰਗਰੇਜ਼ਾਂ ਵਲੋਂ ਤੋਪਾਂ ਨਾਲ ਬੰਨ ਕੇ ਚੀਥੜੇ ਉੜਾਏ ਜਾਣ ਵਾਲੇ ਪਾਨੀਪਤ ਤੋਂ ਉਹ ਪਹਿਲੇ ਸ਼ਖਸ ਸਨ।

ਜਵਾਨੀ ਵਿਚ ਦਾਖਲ ਹੁੰਦਿਆ ਹੀ ਖਵਾਜਾ ਅਹਿਮਦ ਅਬਾਸ ਬੰਬਈ ਚਲੇ ਗਏ ਤੇ ਹਿੰਦੀ ਫਿਲਮਾ ਦੀ ਸਕਰਿਪਟ ਲਿਖਣ ਲਗ ਪਏ। ਰਾਜਕਪੂਰ ਦੀਆਂ ਇਤਹਾਸਕ ਫਿਲਮਾਂ; ਅਵਾਰਾ, ਸ੍ਰੀ ਚਾਰ ਸੌ ਬੀਸ, ਜਾਗਤੇ ਰਹੋ, ਤੋਂ ਤੁਰਦਿਆਂ ਉਹਨਾਂ 'ਮੇਰਾ ਨਾਮ ਜੋਕਰ' 'ਬਾਬੀ' ਤੇ 'ਹਿਨਾ' ਵਰਗੀਆਂ ਜ਼ਿੰਦਗੀ ਤੇ ਠਾਠਾਂ ਮਾਰੀ ਜੁਆਨੀ ਬਾਰੇ ਵੀ ਫਿਲਮਾਂ ਲਿਖੀਆਂ। ਉਹ ਭਾਰਤ ਦੇ ਅਜਿਹੇ ਪਤਰਕਾਰ ਸਨ ਜਿਹਨਾਂ ਨੇ ਲਗਾਤਾਰ ਪਰਚਿਆਂ ਤੇ ਰਸਾਲਿਆਂ ਲਈ ਲਿਖਿਆ। ਉਹਨਾਂ ਦਾ ਕਾਲਮ *ਲਾਸਟ ਪੇਜ* ਜੋ ਕਿ ਪਹਿਲਾਂ ਇਸ ਦਾ ਨਾਂ *ਬੈਕ ਪੇਜ* ਸੀ, ਹਿੰਦੁਸਤਾਨ ਦੀ ਮਸ਼ਹੂਰ ਅਖਬਾਰ *ਬਲਿਟਿਸ* ਵਿਚ ਕਰੀਬ ਪੰਜ ਦਹਾਕੇ ਪ੍ਰਕਾਸ਼ਤ ਹੁੰਦਾ ਰਿਹਾ ਜੋ ਲੋਕਾਂ ਵਿਚ ਬਹੁਤ ਮਕਬੂਲ ਹੋਇਆ ਤੇ ਸ਼ਾਇਦ ਹਿੰਦੁਸਤਾਨ ਦੀ ਪਤਰਕਾਰੀ ਵਿਚ ਇਹ ਇਕ ਇਤਿਹਾਸ ਰਿਹਾ ਹੈ।

ਮੇਰੇ ਨਾਲ ਉਹਨਾਂ ਦੀ ਜ਼ਾਤੀ ਤੇ ਸਾਹਿਤਕ ਸਾਂਝ ਉਹਨਾਂ ਦੀ ਪੁਸਤਕ *ਦ ਵਰਲਡ ਇਜ਼ ਮਾਈ* ਵਿਲਿਜ ਦਾ ਮੇਰੇ ਵਲੋਂ ਪ੍ਰਕਾਸ਼ਨ ਕਰਨ ਸਮੇਂ ਤੋਂ ਸ਼ੁਰੂ ਹੋਈ। ਜੋ ਉਹਨਾਂ ਦੀ ਕਿਤਾਬ *ਇਨਕਲਾਬ* ਦੀ ਅਗਲੀ ਲੜੀ ਸੀ ਤੇ ਤੀਜਾ ਤੇ ਆਖਰੀ ਕਿਤਾਬ ਉਹ ਪੂਰੀ ਨਾ ਕਰ ਸਕੇ। ਇਸ ਤੋਂ ਮਗਰੋਂ ਉਹਨਾਂ ਦੀ ਕਿਤਾਬ *ਬੰਬੇ ਮਾਈ ਬੰਬੇ* ਵੀ ਮੈਂ ਪ੍ਰਕਾਸ਼ਤ ਕੀਤੀ। ਇਸ ਪੁਸਤਕ ਵਿਚ ਇਸ ਉਹਨਾਂ ਬੰਬਈ ਦਾ ਜ਼ਿਕਰ ਬਹੁਤ ਖੂਬਸੂਰਤੀ ਨਾਲ ਕੀਤਾ ਤੇ ਕਾਫੀ ਸਾਰਾ ਹਿੱਸਾ ਇਸ ਕਿਤਾਬ ਵਿਚ ਅਜ ਦੇ ਮਸ਼ਹੂਰ ਸਟਾਰ ਅਮਿਤਾਬ ਬੱਚਨ ਦੇ ਹਵਾਲੇ ਕੀਤਾ। ਉਹਨਾਂ ਨੇ ਇਸ ਕਿਤਾਬ ਵਿਚ ਆਪਣੇ ਜ਼ਾਤੀ ਤੇ ਪ੍ਰੋਫੈਸ਼ਨਲ ਰਿਸ਼ਤਿਆਂ ਨੂੰ ਲੈ ਕੇ ਅਮਿਤਾਬ ਬੱਚਨ ਦੀ ਬਹੁਤ ਸਲਾਹੀਅਤ ਕੀਤੀ।

ਅੱਬਾਸ ਜਦੋਂ ਵੀ ਦਿੱਲੀ ਆਉਂਦੇ ਤਾਂ ਸਾਡੀਆਂ ਮਹਿਫਲਾਂ ਲਗਦੀਆਂ ਤੇ ਜਦੋਂ ਮੈਂ ਬੰਬਈ ਜਾਂਦਾ ਤਾਂ ਉਹਨਾਂ ਦੇ ਜੂਹੂ ਰੋਡ ਤੇ ਸਥਿਤ ਘਰ 'ਫਿਲੋਮਨਾ' ਦਾ ਨਿੱਘ ਮੇਰੇ ਅੰਦਰ ਭਰ ਜਾਂਦਾ। ਬੜੀ ਵੇਰੀ ਕਈ ਘਟਨਾਵਾਂ ਹੋਈਆਂ ਤੇ ਬਹੁਤੀਆਂ ਦਾ ਜ਼ਿਕਰ ਇੱਥੇ ਸ਼ਾਇਦ ਨਾ ਕਰ ਸਕਾਂ। ਉਹਨਾਂ ਦੇ ਦੋਸਤ ਅਨਵਰ ਅਜ਼ੀਮ ਤੇ ਸੁਰੇਸ਼ ਕੋਹਲੀ ਵੀ



ਅਕਸਰ ਦਿੱਲੀ ਦੀਆਂ ਮਹਿਫਲਾਂ ਵਿਚ ਨਾਲ ਹੀ ਹੁੰਦੇ। ਇਕ ਵੇਰੀ ਅਸੀਂ ਅਨਵਰ ਅਜ਼ੀਮ ਦੇ ਘਰ ਬੈਠੇ ਸਾਂ ਤਾਂ ਪੰਕਜ ਕਪੂਰ ਵੀ ਉਸੇ ਘਰ ਵਿਚ ਅਨਵਰ ਅਜ਼ੀਮ ਦੀ ਬੇਟੀ ਨਾਲ ਇਕ ਖੂੰਜੇ ਵਿਚ ਗਿਟਮਿਟ ਕਰ ਰਿਹਾ ਸੀ। ਜਦੋਂ ਮੈਂ ਉਸ ਨੂੰ ਡਰਿੰਕ ਆਫਰ ਕੀਤੀ ਤਾਂ ਉਸ ਨੇ ਬਹਾਨਾ ਲਾ ਦਿਤਾ। ਉਸ ਦਾ ਲਾਇਆ ਬਹਾਨਾ ਅਜ ਸਮਝ ਆਉਂਦਾ ਹੈ ਕਿਉਂਕਿ ਉਹ ਨੇ ਕਿਹਾ ਸੀ, "ਮੈਨੂੰ ਜੌਂਡਿਸ ਦੀ ਸ਼ਿਕਾਇਤ ਹੈ, ਡਾਕਟਰ ਨੇ ਮਨ੍ਹਾਂ ਕੀਤਾ ਹੋਇਆ।" ਪਰ ਜਦੋਂ ਮੈਂ ਖੁਦ ਜੌਂਡਿਸ ਦਾ ਮਰੀਜ਼ ਬਣਿਆਂ ਤਾਂ ਪਤਾ ਚਲਿਆ ਕਿ ਇਹ ਕਿੰਨੀ ਭਿਆਨਕ ਬਿਮਾਰੀ ਹੈ। ਉਂਝ ਤਾਂ ਉਪਰ ਵਾਲੇ ਦੀ ਮਿਹਰ ਰਹੀ ਹੈ ਕਿ ਦਿੱਲੀ ਵਿਚ ਐਨੇ ਸਾਲ ਬਿਤਾਏ ਪਰ ਉਸ ਨੇ ਡਾਕਟਰ ਦਾ ਦਰਵਾਜ਼ਾ ਨਹੀਂ ਦਿਖਾਇਆ। ਜਦੋਂ *ਦਵਰਲਡ ਇਜ਼ ਮਾਈ ਵਿਲੇਜ* ਦਾ ਰਿਵੀਉ ਹਿੰਦੁਸਤਾਨ ਦੀ ਮਸ਼ਹੂਰ ਅਖਬਾਰ *ਹਿੰਦੁਸਤਾਨ ਟਾਈਮਜ਼* ਵਿਚ ਪ੍ਰਕਾਸ਼ਿਤ ਹੋਇਆ ਤਾਂ ਸਟਰਲਿੰਗ ਪਬਰਲਿਸ਼ਰ ਦੇ ਮਾਲਿਕ ਓ.ਪੀ. ਘਈ ਨੇ ਖਾਸ ਵਧਾਈਆਂ ਦਿਤੀਆਂ। ਕਿਉਂਕਿ ਪ੍ਰਕਾਸ਼ਾਨ ਦੀ ਦੁਨੀਆਂ ਵਿਚ ਉਹ ਬਹੁਤ ਹੀ ਅਗਾਂਹਵਧੂ ਨਜ਼ਰੀਏ ਵਾਲੇ ਵਿਅਕਤੀ ਸਨ ਸੋ ਉਹਨਾਂ ਕਿਆਸ ਲਗਾ ਲਿਆ ਸੀ ਕਿ ਸੰਸਾਰ ਇਕ ਦਿਨ ਇਕ ਪਿੰਡ ਬਣਨ ਵਾਲਾ ਹੈ। ਹੁਣ ਤਾਂ ਉਹਨਾਂ ਨੂੰ ਪੂਰੇ ਹੋਏ ਨੂੰ ਬਹੁਤ ਦੇਰ ਹੋ ਗਈ ਹੈ ਪਰ ਅਜ ਜੋ ਅਸੀਂ ਇਹ ਜੋ ਦੇਖ ਰਹੇ ਹਾਂ ਉਸੇ ਟਾਈਟਲ ਦੀ ਤਸਵੀਰ ਵਾਂਗ ਪੂਰਾ ਸੰਸਾਰ ਇਕ ਪਿੰਡ ਹੀ ਬਣ ਗਿਆ ਲਗਦੈ।

ਸਤਿਆਪਾਲ ਗੌਤਮ ਮੇਰਾ ਖਾਸ ਦੋਸਤ ਹੈ। ਸਾਡੀ ਦੋਸਤੀ ਜਲੰਧਰ ਤੋਂ ਸ਼ੁਰੂ ਹੋ ਕੇ ਚੰਡੀਗੜ੍ਹ ਰਾਹੀਂ ਹੁੰਦੀ ਦਿੱਲੀ ਪੁੱਜ ਗਈ। ਇਕ ਵਾਰ ਉਹ ਮੇਰੇ ਕੋਲ ਠਹਿਰਿਆ ਹੋਇਆ ਸੀ। ਉਹਨਾਂ ਦਿਨਾਂ ਵਿਚ ਅੱਬਾਸ ਸਹਿਬ ਦਿੱਲੀਆਏ ਸਨ। ਉਹਨਾਂ ਦੇ ਪੁੱਜਣ ਤੋਂ ਅਗਲੇ ਦਿਨ ਹੀ ਮਿਲਣਾ ਤੈਅ ਹੋਇਆ। ਉਹ ਜਨਪੱਥ ਹੋਟਲ ਵਿਚ ਠਹਿਰਦੇ ਤੇ 'ਸੋਵੀਅਤ ਲੈਂਡ ਨਹਿਰੂ ਅਵਾਰਡ ਕਮੇਟੀ' ਦੇ ਮੈਂਬਰ ਸਨ। ਦੂਸਰੇ ਦਿਨ ਮੈਂ ਅੱਬਾਸ ਸਾਹਿਬ ਨੂੰ ਮਿਲਣ ਜਾਣਾ ਸੀ। ਜਾਣ ਤੋਂ ਪਹਿਲਾਂ ਪ੍ਰੋ ਗੌਤਮ ਆ ਗਿਆ। ਅਸੀਂ ਇਕੱਠੇ ਜਨਪੱਥ ਗਏ ਪਰ ਮੈਂ ਗੌਤਮ ਨੂੰ ਇਸ ਗੱਲ 'ਤੇ ਰਾਜ਼ੀ ਕਰ ਲਿਆ ਕਿ ਕਮਰੇ ਅੰਦਰ ਮੈਂ ਇਕੱਲਾ ਹੀ ਜਾਵਾਂਗਾ ਤਾਂ ਜੋ ਛੇਤੀ ਦੇਣੀ ਅੱਬਾਸ ਨੂੰ ਮਿਲ ਕੇ ਮੁੜ ਆਵਾਂ। ਗੌਤਮ ਲਾਬੀ ਵਿਚ ਮੇਰੀ ਉਡੀਕ ਕਰ ਲਵੇ। ਉਸ ਤੋਂ ਬਾਅਦ ਅਸੀਂ ਇਕੱਠੇ ਦਿੱਲੀ ਦੀਆਂ ਸੜਕਾਂ ਨਾਪਾਂਗੇ ਤੇ ਦਿੱਲੀ ਦੀ ਆਧੁਨਿਕ ਦਿਖ ਤੋਂ ਜਾਣੂ ਹੋਵਾਂਗੇ। ਨਵੇਂ ਫੈਸ਼ਨ, ਨਵੇਂ ਹੁਸਨ ਨੂੰ ਦੇਖਾਂਗੇ। ਗੌਤਮ ਮੰਨ ਗਿਆ ਤੇ ਮੈਂ ਅੱਬਾਸ ਕੋਲ ਚਲੇ ਗਿਆ। ਉਹਨਾਂ ਹਾਲੇ ਪਹਿਲਾ ਪੈਗ ਪਾਇਆ ਸੀ ਤੇ ਮੈਨੂੰ ਕਹਿੰਦੇ ਕਿ ਇਕ ਤੈਨੂੰ ਵੀ ਲੈਣਾ ਪਵੇਗਾ ਕਿਉਂਕਿ ਇਸ ਵੇਲੇ ਚਾਹ ਨਹੀਂ ਪੀਵੀਦੀ। ਉਹਨਾਂ ਨੇ ਮੈਨੂੰ ਪੈਗ ਪਾ ਦਿਤਾ ਤੇ ਗੱਲਾਂ ਗੱਲਾਂ ਵਿਚ ਦੇਰ ਲੱਗ ਗਈ। ਗੌਤਮ ਬਾਹਰ ਬੈਠਾ ਬੇਸਬਰੀ ਨਾਲ ਉਡੀਕ ਕਰਦਾ ਰਿਹਾ। ਉਹਨਾਂ ਦਿਨਾਂ ਵਿਚ ਗੌਤਮ ਨੇ ਦਾਹੜੀ ਰੱਖੀ ਹੋਈ ਸੀ ਤੇ ਮੁੱਛਾਂ ਸਫਾ ਚੱਟ ਸਨ। ਖੁਦ ਬ੍ਰਾਹਮਣ ਤੇ ਦੇਖਣ ਨੂੰ ਉਹ ਮੌਲਵੀ ਲਗਦਾ ਸੀ। ਉਸ ਦਾ ਸਬਰ ਟੁੱਟ ਗਿਆ ਤੇ ਉਹ ਕਮਰੇ ਅੰਦਰ ਹੀ ਆ ਗਿਆ। ਕਹਿੰਦਾ ਇਸ ਤੋਂ ਵੱਧ ਉਡੀਕ ਨਹੀਂ ਹੋ ਸਕਦੀ। ਜਦੋਂ ਉਹ ਕਮਰੇ ਅੰਦਰ ਦਾਖਲ ਹੋਇਆ ਤਾਂ ਮੈਂ ਅੱਬਾਸ ਨੂੰ ਦੱਸਿਆ ਕਿ ਉਹ ਮੇਰਾ ਦੋਸਤ ਹੈ ਤੇ ਅਸੀਂ ਕਿਧਰੇ ਜਾਣ ਕਰਕੇ ਮੈਂ ਇਸ ਨੂੰ ਬਾਹਰ ਲਾਬੀ ਵਿਚ ਉਡੀਕ ਕਰਨ ਦੀ ਬੇਨਤੀ ਕੀਤੀ ਸੀ। ਅੱਬਾਸ ਨੇ ਉਸ ਨੂੰ ਕੋਈ ਮੌਲਵੀ ਸਮਝਦਿਆਂ ਆਪਣਾ ਪੈਗ ਇਵੇਂ ਲੁਕੋਇਆ ਕਿ ਉਹ ਸ਼ਬਦਾਂ ਵਿਚ ਬਿਆਨ ਨਹੀਂ ਹੋ ਸਕਦਾ। ਪਰ ਜਦ ਮੈਂ ਦੱਸਿਆ ਕਿ ਗੌਤਮ ਮੇਰਾ ਅਜ਼ੀਜ਼ ਦੋਸਤ

ਤੈ ਤੇ ਅਸੀਂ ਇਕੋ ਸ਼ਹਿਰ ਦੇ ਰਹਿਣ ਵਾਲੇ ਹਾਂ ਤੇ ਜ਼ਾਤ ਦਾ ਉਹ ਬ੍ਰਾਹਮਣ ਹੈ ਤਾਂ ਕਿਤੇ ਉਹਨਾਂ ਮਸੀਂ ਡਰੈਸਿੰਗ ਟੇਬਲ ਪਿੱਛੇ ਅੜਾਇਆ ਹੋਇਆ ਗਲਾਸ ਕੱਢਿਆ ਤੇ ਅਸੀਂ ਸਭ ਨੇ ਰਲ਼ ਕੇ ਚੀਅਰਜ਼ ਕੀਤਾ।

ਇਸ ਤਰ੍ਹਾਂ ਇਕ ਹੋਰ ਘਟਨਾ ਹੋਈ। ਅੱਬਾਸ ਸਾਹਿਬ ਨੇ ਇਕ ਕਹਾਣੀ *ਸਰਦਾਰ* ਲਿਖੀ। ਉਹ ਵੈਸੇ ਵੀ ਸੱਚ 'ਤੇ ਅਧਾਰਤ ਸੀ ਕਿ ਕਿਵੇਂ ਭਾਰਤ ਦੀ ਵੰਡ ਸਮੇਂ ਇਕ ਸਿੱਖ ਨੇ ਮੁਸਲਮਾਨ ਪਰਿਵਾਰ ਦੀਆਂ ਜਾਨਾਂ ਬਚਾਉਣ ਲਈ ਆਪਣੀ ਜਾਨ ਨਿਸ਼ਾਵਰ ਕਰ ਦਿਤੀ ਸੀ। ਉਸ ਕਹਾਣੀ ਦੀ ਬਹੁਤ ਚਰਚਾ ਹੋਈ ਤੇ ਇਸ ਬਾਰੇ ਭਾਰਤ ਤੇ ਵਿਦੇਸ਼ਾਂ ਵਿਚ ਖ਼ਬਰ ਫੈਲ ਗਈ ਕਿ ਅੱਬਾਸ ਸਾਹਿਬ ਨੇ ਕਿਵੇਂ ਸਿੱਖ ਦੇ ਬਾਰ੍ਹਾਂ ਵਜਦੇ ਹਨ ਦਾ ਮਜ਼ਾਕ ਉਡਾਇਆ। ਅੰਮ੍ਰਿਤਸਰੋਂ ਮਤੇ ਪਾਸ ਹੋ ਗਏ। ਸਾਰਾ ਸਿੱਖ ਭਾਈਚਾਰਾ ਅੱਬਾਸ ਦੇ ਖਿਲਾਫ ਹੋ ਉਮੜਿਆ। ਉਹ ਦਸਦੇ ਸਨ ਕਿ ਕਿਵੇਂ ਉਹ ਜਦ ਭਾਰਤੀ ਫੌਜਾਂ ਦੇ ਮੌਰੇਲ ਤੇ ਉਤਸ਼ਾਹ ਨੂੰ ਉਪਰ ਚੁੱਕਣ ਲਈ ਫਿਲਮੀ ਟੀਮ ਨਾਲ ਸਰਹੱਦ 'ਤੇ ਗਏ ਤਾਂ ਉਥੋਂ ਦੀ ਸਿੱਖ ਪਲਟਨ ਨੇ ਉਹਨਾਂ ਦਾ ਬਾਈਕਾਟ ਕਰ ਦਿਤਾ। ਕਹਿੰਦੇ, 'ਇਹ ਸਿੱਖਾਂ ਦਾ ਦੁਸ਼ਮਣ ਹੈ, ਸਾਡਾ ਮਜ਼ਾਕ ਉਡਾਇਆ ਹੈ ਇਸਨੇ।' ਇਸ ਤੇ ਅਬਾਸ ਨੇ ਉਸ ਪਲਟਨ ਦੇ ਅਫਸਰਾਂ ਨੂੰ ਬਥੇਰਾ ਕਿਹਾ ਕਿ ਇਸ ਵਿਚ ਤਾਂ ਉਹਨਾਂ ਇਕ ਸਿੱਖ ਨੂੰ ਹੀਰੋ ਬਣਾਇਆ ਹੈ, ਬੇਇੱਜ਼ਤੀ ਕਿਵੇਂ ਹੋਈ? ਇਸ ਵਿਚ ਤਾਂ ਇਕ ਸਿੱਖ ਮੁਸਲਮਾਨ ਪਰਿਵਾਰ ਦੀ ਰੱਖਿਆ ਲਈ ਆਪਣੀ ਜਾਨ ਤੀਕ ਵਾਰਨ ਨੂੰ ਤਿਆਰ ਹੈ। ਅੱਬਾਸ ਨੇ ਕਿਹਾ ਕਿ ਉਹ ਕਹਾਣੀ ਸੁਣ ਲੈਣ, ਜੇ ਫੇਰ ਵੀ ਤਸੱਲੀ ਨਾ ਹੋਵੇ ਤਾਂ ਉਹ ਬਾਈਕਾਟ ਜਾਰੀ ਰੱਖਣ। ਉਹ ਅਫਸਰ ਇਸ ਗੱਲ ਲਈ ਮੰਨ ਗਏ ਤੇ ਕਹਾਣੀ ਸੁਣਨ ਉਪਰੰਤ ਉਹਨਾਂ ਅੱਬਾਸ ਨੂੰ ਜੱਫੀ ਪਾਈ ਤੇ ਕਿਹਾ ਕਿ ਸਾਡੇ ਫੌਜੀ ਤਾਂ ਅੰਮ੍ਰਿਤਸਰੋਂ ਪਾਸ ਹੋਏ ਮਤੇ ਕਾਰਨ ਹੀ ਭੜਕੇ ਸਨ। ਉਹਨਾਂ ਅੱਬਾਸ ਨੂੰ ਜੱਫੀ ਵਿਚ ਘੁੱਟ ਲਿਆ ਤੇ ਪਲਟਨ ਵਲੋਂ ਮੁਆਫੀ ਮੰਗਦਿਆਂ ਉਹਨਾਂ ਨੂੰ ਕਿਹਾ, "ਅੱਬ ਤੋ ਏਕ ਪੈੱਗ ਰੰਮ ਕਾ ਉਨ ਕੇ ਸਾਥ ਪੀਨਾ ਪੜੇਗਾ।"

ਇਸੇ ਕਹਾਣੀ ਨੇ ਉਹਨਾਂ ਨੂੰ ਬਹੁਤ ਖੱਜਲ ਕੀਤਾ। ਝਾਂਸੀ ਦੇ ਇਕ ਸਰਦਾਰ ਨੇ ਅੱਬਾਸ 'ਤੇ ਮੁਕੱਦਮਾ ਕਰ ਦਿਤਾ। ਉਹ ਤਾਰੀਖ ਭੁਗਤਣ ਗਏ ਤਾਂ ਦੇਖਿਆ ਕਿ ਮੁਕੱਦਮਾ ਕਰਨ ਵਾਲਾ ਸਰਦਾਰ ਬਹੁਤ ਹੀ ਸੁਹਣੀ ਦਿੱਖ ਵਾਲਾ, ਚਿੱਟੇ ਵਾਲ, ਚਿੱਟੀ ਪੱਗ, ਚਿੱਟੀ ਪੁਸ਼ਾਕ ਪਾਈ ਕਚਿਹਰੀ ਵਿਚ ਜੱਜ ਵਲੋਂ ਉਸ ਨੂੰ ਆਵਾਜ਼ ਪੈਣ ਦੀ ਉਡੀਕ ਕਰ ਰਿਹਾ ਸੀ। ਅੱਬਾਸ ਨੇ ਉਸ ਨੂੰ ਪੁੱਛਿਆ ਕਿ ਉਸ ਮੁਕੱਦਮਾ ਤਾਂ ਕੀਤਾ ਪਰ ਕੀ ਉਸ ਖੁਦ ਉਹ ਕਹਾਣੀ ਪੜ੍ਹੀ ਹੈ? ਸਰਦਾਰ ਦੇ ਨਾਂਹ ਕਰਨ ਤੇ ਉਹਨਾਂ ਬੇਨਤੀ ਕੀਤੀ ਕਿ ਉਹ ਕਿਤੇ ਚਾਹ ਦੀ ਦੁਕਾਨ 'ਤੇ ਬੈਠ ਕੇ ਕਹਾਣੀ ਸੁਣ ਲਵੇ। ਪਰ ਉਸ ਨੇ ਜ਼ਿੱਦ ਕੀਤੀ ਕਿ ਅੰਮ੍ਰਿਤਸਰੋਂ ਮਤਾ ਪਾਸ ਹੋਇਆ ਤਾਂ ਇਸ ਵਿਚ ਸੁਣਨ ਦੀ ਗੱਲ ਹੀ ਕੀ ਹੈ? ਪਰ ਅਖੀਰ ਉਹ ਮੰਨ ਗਏ ਤੇ ਇਕ ਰੈਸਟੋਰੈਂਟ ਵਿਚ ਬਹਿ ਕੇ ਪੂਰੀ ਕਹਾਣੀ ਸੁਣੀ। ਉਹਨਾਂ ਅੱਬਾਸ ਨੂੰ ਜੱਫੀ ਪਾਈ ਤੇ ਕਹਿੰਦਾ, "ਤੁਸੀਂ ਐਥੇ ਬੈਠੋ। ਮੈਂ ਕਚਿਹਰੀ ਜਾ ਕੇ ਮੁਕੱਦਮਾ ਵਾਪਸ ਲੈਣ ਦੀ ਅਰਜ਼ੀ ਦ ਕੇ ਆਉਂਦਾ ਹਾਂ।"

ਇਸ ਤਰ੍ਹਾਂ ਦੀਆਂ ਹੋਰ ਵੀ ਕਹਾਣੀਆਂ ਉਹ ਸੁਣਾਉਂਦੇ ਹੁੰਦੇ ਸਨ। ਜਦੋਂ ਕਿਤੇ ਮਹਿਫਲ ਲਗਣੀ ਤਾਂ ਉਹਨਾਂ ਕੋਲ ਖਜ਼ਾਨੇ ਦਾ ਪਟਾਰਾ ਖੋਹਲਣ ਦੀ ਫਰਮਾਇਸ਼ ਹਰੇਕ ਵਲੋਂ ਹੁੰਦੀ। ਉਹ ਰਾਜਕਪੂਰ ਬਾਰੇ ਗੱਲਾਂ ਕਰਦੇ। ਆਪਣੇ ਹੋਰ ਸਹਿਯੋਗੀਆਂ ਤੇ ਕਲਾਕਾਰਾਂ ਬਾਰੇ ਗੱਲਾਂ ਕਰਦੇ। ਅਮਿਤਾਭ ਬੱਚਨ ਦੀ ਤਾਰੀਫਾਂ ਦੇ ਪੁੱਲ ਬੰਨਦੇ। ਉਹ ਕਹਿੰਦੇ,



ਅਮਿਤਾਭ ਬੱਚਨ ਜਿੰਨਾ ਡਸਿਪਲਨ ਦਾ ਪੱਕਾ ਬੰਦਾ ਉਹਨਾਂ ਹਾਲੇ ਤੀਕ ਫਿਲਮ ਇੰਡਸਟਰੀ ਵਿਚ ਨਹੀਂ ਦੇਖਿਆ। ਉਹ ਦਸਦੇ ਕਿ ਜਦ ਅਮਿਤਾਭ ਦੀ ਪਹਿਲੀ ਫਿਲਮ ਸ਼ੂਟ ਕਰ ਰਹੇ ਸਨ ਤਾਂ ਅਮਿਤਾਭ ਇਕ ਲੋਹੇ ਦਾ ਆਪਣਾ ਟਰੰਕ ਲੈ ਕੇ ਆਉਂਦਾ ਸੀ ਜਿਸ ਵਿਚ ਉਹਦੇ ਆਪਣੇ ਕਪੜੇ ਤੇ ਬਿਸਤਰਾ ਹੁੰਦਾ। ਉਹ ਆਪਣਾ ਬਿਸਤਰਾ ਜ਼ਮੀਨ 'ਤੇ ਖੁਦ ਵਿਛਾਉਂਦਾ ਤੇ ਠੀਕ ਸਮੇਂ ਸਿਰ ਸੌਂ ਜਾਂਦਾ ਤੇ ਸਵੇਰੇ ਠੀਕ ਸਮੇਂ ਸਿਰ ਉਠ, ਨਹਾ, ਧੋ ਕੇ ਨਿਸਚਿਤ ਸਮੇਂ ਸੂਟਿੰਗ 'ਤੇ ਪਹੁੰਚ ਜਾਂਦਾ। ਉਹਦੇ ਡਸਿਪਲਨ ਬਾਰੇ ਬੰਬਈ ਫਿਲਮੀ ਨਗਰੀ ਵਿਚ ਮਗਰੋਂ ਮਸ਼ਹੂਰ ਸੀ ਕਿ ਜੇ ਅਮਿਤਾਭ ਦੀ ਕਾਰ ਕਿਸੇ ਸਟੂਡਿਓ ਵਿਚ ਜਾ ਰਹੀ ਹੈ ਤਾਂ ਸਮਝੋ ਸਵੇਰ ਦੇ ਨੌਂ ਵੱਜੇ ਹਨ ਤੇ ਜੇ ਸ਼ਾਮ ਵੇਲੇ ਬਾਹਰ ਆ ਰਹੀ ਹੈ ਤਾਂ ਸਮਝੋ ਕਿ ਸ਼ਾਮ ਦੇ ਸੱਤ ਵੱਜੇ ਹਨ, ਘੜੀ ਦੇਖਣ ਦੀ ਲੋੜ ਨਹੀਂ। ਅੱਬਾਸ ਦਸਦੇ ਸਨ ਕਿ ਅਮਿਤਾਭ ਦੀ ਪਹਿਲੀ ਫਿਲਮ 'ਸਾਤ ਹਿੰਦੁਸਤਾਨੀ' ਵਿਚ ਉਹਨਾਂ ਦੇ ਕਿਰਦਾਰ ਨੂੰ ਇਕ ਉੱਚੀ ਇਮਾਰਤ/ਕਿਲ੍ਹੇ ਵਿਚ ਰੱਸੇ ਰਾਹੀਂ ਸਮੁੰਦਰ ਵਲ ਲਟਕਣਾ ਸੀ। ਅੱਬਾਸ ਨੇ ਡੁਪਲੀਕੇਟ ਦਾ ਪ੍ਰਬੰਧ ਵੀ ਕਰ ਲਿਆ ਪਰ ਅਮਿਤਾਭ ਨਹੀਂ ਮੰਨੇ। ਕਹਿੰਦੇ ਕਿ ਉਹ ਇਸ ਸੀਨ ਨੂੰ ਖੁਦ ਕਰਨਗੇ ਤੇ ਜਦ ਉਹ ਸੀਨ ਹੋ ਰਿਹਾ ਸੀ ਤਾਂ ਸਾਰੀ ਟੀਮ ਫਿਕਰਮੰਦ ਸੀ ਪਰ ਅਮਿਤਾਭ ਦੇ ਚਿਹਰੇ 'ਤੇ ਕਾਨਫੀਡੈਂਸ ਸੀ। ਉਹ ਸੀਨ ਪੂਰਾ ਹੋ ਗਿਆ ਤਾਂ ਅੱਬਾਸ ਨੇ ਉਸ ਨੂੰ ਥਾਪੀ ਦੇ ਕੇ ਸ਼ਾਬਾਸ਼ੀ ਦਿਤੀ। ਰਾਜਕਪੂਰ ਬਾਰੇ ਉਹ ਦੱਸਦੇ ਸਨ ਕਿ ਉਹ ਅਖੀਰਲੇ ਦਿਨਾਂ ਵਿਚ ਸ਼ਰਾਬ ਬਹੁਤ ਪੀਣ ਲਗ ਪਿਆ ਸੀ, ਜਿਵੇਂ ਉਸ ਦਾ ਦਿਲ ਹੀ ਟੁੱਟ ਗਿਆ ਹੋਵੇ। 'ਮੇਰਾ ਨਾਮ ਜੋਕਰ' ਬਣਾ ਕੇ ਕਹਿੰਦਾ ਕਿ ਭਾਰਤੀਆਂ ਨੂੰ ਫਿਲਮ ਦੇਖਣੀ ਹੀ ਨਹੀਂ ਆਉਂਦੀ। ਮਸਾਲੇਦਾਰ ਤੇ ਤੜਕ-ਭੜਕ ਵਧੇਰੇ ਪਸੰਦ ਕਰਦੇ ਹਨ ਤੇ ਅਸਲੀਅਤ ਤੋਂ ਦੂਰ ਭਜਦੇ ਹਨ। ਤੇ ਸ਼ਾਇਦ ਇਹੀ ਉਸ ਦੀ ਮੌਤ ਦਾ ਕਾਰਨ ਵੀ ਬਣਿਆ। ਹੋਰ ਕਈ ਕਲਾਕਾਰਾਂ ਬਾਰੇ ਤੇ ਸਾਹਿਤਕ ਗੱਲਾਂ ਹੁੰਦੀਆਂ। ਉਹਨਾਂ ਦੀ ਜੀਵਨੀ ਦੇ ਅੰਸ਼ ਸੁਣਦਿਆਂ ਪਤਾ ਹੀ ਨਾ ਲਗਦਾ ਕਿ ਸਮਾਂ ਕਿਵੇਂ ਉਡਾਰੀ ਮਾਰ ਗਿਆ।

ਦਿੱਲੀ ਵਿਚੋਂ ਐਮਰਜੈਂਸੀ ਖਤਮ ਹੋਈ ਹੀ ਸੀ। ਮੈਂ ਤੇ ਮੇਰੇ ਦੋਸਤ ਲੇਖਕ-ਪਤਰਕਾਰ ਸੁਰੇਸ਼ ਕੋਹਲੀ ਦੇ ਘਰ ਗਰੇਟਰ ਕੈਲਾਸ਼ ਬੈਠੇ ਸਿੱਪ ਕਰ ਰਹੇ ਸਾਂ। ਐਮਰਜੈਂਸੀ ਬਾਰੇ ਗੱਲ ਹੋਈ। ਮੈਂ ਕਹਿ ਬੈਠਾ, ਐਮਰਜੈਂਸੀ ਭਾਰਤ ਦੇ ਆਜ਼ਾਦ ਇਤਿਹਾਸ ਦਾ ਗੋਲਡਨ ਪੀਰੀਅਡ ਸੀ, ਜਦੋਂ ਸਰਕਾਰ ਨੂੰ ਸਰਕਾਰ ਸਮਝਿਆ ਜਾਣ ਲੱਗ ਪਿਆ ਸੀ। ਉਸ ਸਮੇਂ ਮੈਂ ਨੌਜਵਾਨ ਕੁੜੀਆਂ ਨੂੰ ਅੱਧੀ ਰਾਤ ਨੂੰ ਬਿਨਾਂ ਕਿਸੇ ਖੌਫ ਦੇ ਇਕੱਲੇ ਘਰ ਜਾਂਦੇ ਦੇਖਿਆ ਸੀ। ਰਿਸ਼ਵਤ ਲੈਂਦੇ ਫਸ ਜਾਣ ਦੇ ਡਰ ਦੀ ਪ੍ਰਥਾ ਚਲ ਪਈ ਸੀ। ਅੜੰਗੇ ਪਾਉਣ ਵਾਲੇ ਤੇ ਗੁੰਡੇ ਸਭ ਜੇਲ੍ਹਾਂ ਵਿਚ ਸੁੱਟ ਦਿਤੇ ਗਏ ਸਨ। ਮੇਰੀ ਇਸ ਗੱਲ 'ਤੇ ਅੱਬਾਸ ਸਾਹਿਬ ਦਾ ਚਿਹਰਾ ਅੱਗ-ਬਬੂਲਾ ਹੋ ਗਿਆ। ਉਹ ਮੇਰੇ ਗਲ੍ਹ ਹੀ ਪੈ ਗਏ। ਮੈਨੂੰ ਕਹਿੰਦੇ, "ਉਹਨਾਂ ਮੁਸਲਮਾਨਾਂ ਨੂੰ ਦੇਖ ਜੋ ਪੁਸ਼ਤਾਂ ਤੋਂ ਤੁਰਕਮਾਨ ਗੇਟ ਰਹਿੰਦੇ ਸਨ ਤੇ ਐਮਰਜੈਂਸੀ ਨੇ ਉਹਨਾਂ ਨੂੰ ਆਪਣੇ ਸਮਾਜ ਤੋਂ ਦੂਰ ਕਰ ਦਿਤਾ। ਆਪਣੇ ਘਰਾਂ ਤੋਂ ਦੂਰ ਕਰ ਦਿਤਾ। ਮੇਰੇ ਇਹ ਸਮਝਾਉਣ 'ਤੇ ਕਿ ਉਹ ਜਿਥੇ ਵੀ ਗਏ ਉਥੇ ਜਾ ਕੇ ਉਹ ਹੋਰ ਵੀ ਖੁਸ਼ ਸਨ, ਉਹ ਕੁਝ ਸ਼ਾਂਤ ਹੋ ਗਏ। ਉਹ ਲੋਕ ਨਵੀਂ ਥਾਂ ਜਾ ਕੇ ਧਰਮ ਦੀ ਬਜਾਇ ਪੜ੍ਹਾਈ ਲਿਖਾਈ ਵਲ ਵਧੇਰੇ ਧਿਆਨ ਦੇ ਰਹੇ ਹਨ ਤੇ ਆਪਣਾ ਭਵਿੱਖ ਕੱਟੜਵਾਦ ਦੀ ਥਾਂ ਵਿਦਿਆ ਦੇ ਆਸਰੇ ਉਸਾਰ ਰਹੇ ਹਨ।

ਹੋਰ ਵੀ ਉਹਨਾਂ ਨਾਲ ਬਹੁਤ ਸਾਰੀਆਂ ਗੱਲਾਂ ਹੁੰਦੀਆਂ। ਬਹਿਸਾਂ ਹੁੰਦੀਆਂ।

ਸਹਿਤਕ-ਫਿਲਮੀ ਤੇ ਪਤਾ ਨਹੀਂ ਕੀ ਕੁਝ ਹੋਰ। ਉਹਨਾ ਨੂੰ ਆਪਣੇ ਸਾਹਮਣੇ ਬੈਠ ਬੰਦੇ ਤੋਂ ਸਿੱਖਣ ਦੀ ਬਹੁਤ ਖਾਹਸ਼ ਹੁੰਦੀ ਤੇ ਉਸ ਕੋਲੋਂ ਹਰ ਗੱਲ ਗ੍ਰਹਿਣ ਕਰਕੇ ਆਪਣੇ ਅੰਦਰ ਬੰਨ ਲੈਂਦੇ। ਜਿਹੜੀ ਵੀ ਉਹਨਾਂ ਦੇ ਕੰਮ ਦੀ ਕੋਈ ਗੱਲ ਹੁੰਦੀ ਉਸ ਨੂੰ ਸਮੇਂ ਸਿਰ ਵਰਤ ਕੇ ਹੋਰ ਲੋਕਾਂ ਤਕ ਪੁਜਦੀ ਕਰ ਦਿੰਦੇ।

ਉਹਨਾਂ ਨੂੰ ਭਾਵੇਂ ਜੀਵਨ ਦੇ ਤਹਿੱਤਰ ਸਾਲ (1914-1987) ਹੀ ਮਿਲੇ ਪਰ ਉਹਨਾਂ ਦੇ ਕੰਮ ਦੀ ਸੂਚੀ ਬਹੁਤ ਲੰਮੀ ਹੈ। ਉਹਨਾਂ ਅਠੱਤਰ ਕਿਤਾਬਾਂ ਲਿਖੀਆਂ। ਇਹ ਕਿਤਾਬਾਂ ਅੰਗਰੇਜ਼ੀ, ਹਿੰਦੀ ਤੇ ਉਰਦੂ ਦੇ ਨਾਲ ਦੀ ਨਾਲ ਹੋਰ ਭਾਸ਼ਾਵਾਂ ਵਿਚ ਵੀ ਅਨਵਾਦ ਹੋ ਕੇ ਪ੍ਰਕਾਸ਼ਤ ਹੋਈਆਂ। 1935 ਵਿਚ ਉਹ *ਬੰਬੇ ਕਰਾਨੀਕਲ* ਅਖਬਾਰ ਨਾਲ ਜੁੜ ਗਏ ਤੇ ਵਧੇਰੇ ਕਰਕੇ ਫਿਲਮਾਂ ਬਾਰੇ ਹੀ ਲਿਖਦੇ ਰਹੇ। ਅਗਾਂਹ ਚਲ ਕੇ ਇਸ ਅਖਬਾਰ ਦੇ ਫਿਲਮੀ ਸੰਪਾਦਕ ਦੀ ਮੌਤ ਮਗਰੋਂ ਉਹਨਾਂ ਨੂੰ ਇਹ ਜ਼ਿੰਮੇਵਾਰੀ ਸੌਂਪ ਦਿਤੀ ਗਈ। ਇਸ ਤੋਂ ਪਹਿਲਾਂ ਵੀ ਉਹ ਪਤਰਕਾਰੀ ਕਰਦੇ ਰਹੇ ਸਨ। । ਆਪਣੀ ਪੜ੍ਹਾਈ ਦੌਰਾਨ ਉਹਨਾ *ਅਲੀਗੜ੍ਹ ਓਪੀਨੀਅਨਜ਼* ਨਾਂ ਦਾ ਵਿਦਿਆਰਥੀ ਰਸਾਲਾ ਵੀ ਸ਼ੁਰੂ ਕੀਤਾ। ਇਹ ਵਿਦਿਆਰਥੀ ਸੱਥਾਂ ਵਿਚ ਪਹਿਲਾ ਪਰਚਾ ਸੀ। ਹੋਰ ਅਖ਼ਬਾਰਾਂ ਵਿਚ ਵੀ ਲਿਖਦੇ ਰਹੇ। ਮਗਰੋਂ ਉਹ *ਬੰਬੇ ਕਰੌਨੀਕਲ* ਤੋਂ ਬਾਅਦ ਆਰ.ਕੇ. ਕਰੰਜੀਆ ਦੇ ਮਸ਼ਹੂਰ ਸਪਤਾਹਿਕ *ਬਲਿਟਸ* ਨਾਲ ਜੁੜ ਗਏ ਜਿਸ ਵਿਚ ਉਹ ਆਪਣੀ ਉਮਰ ਦੇ ਅਖੀਰ ਤੀਕ ਆਪਣੀ ਕਲਮੀ ਜ਼ਿੰਮੇਵਾਰੀ ਨਿਭਾਉਂਦੇ ਰਹੇ।

ਫਿਲਮਾਂ ਵਿਚ ਉਹ ਬੰਬੇ ਟਾਕੀਜ਼ ਰਾਹੀ ਜੁੜੇ ਜਿਸ ਦੇ ਬਾਨੀ ਉਸ ਵੇਲੇ ਹਿੰਦੀ ਫਿਲਮਾਂ ਦੇ ਮੋਢੀਆਂ ਵਿਚੋਂ ਗਿਣੇ ਜਾਂਦੇ ਹਿਮਾਂਸੂ ਤੇ ਦੇਵਰਾਣੀ ਸਨ। ਅੱਬਾਬ ਹੁਰਾਂ ਉਹਨਾਂ ਨੂੰ ਆਪਣੇ ਲਿਖੇ ਨਯਾ ਸੰਸਾਰ ਫਿਲਮ ਦੇ ਸਕਰੀਨਪਲੇਅ ਦਿਤੇ ਤੇ ਮਗਰੋਂ ਚੇਤਨ ਅਨੰਦ ਲਈ ਨੀਚਾ ਨਗਰ ਤੇ ਵੀ. ਸ਼ਾਂਤਾ ਰਾਮ ਲਈ 'ਡਾਕਟਰ ਕੋਟਿਨਿਸ ਕੀ ਅਮਰ ਕਹਾਣੀ' ਵਰਗੀਆਂ ਇਤਿਹਾਸਕ ਫਿਲਮਾਂ ਬਣਾਉਣ ਲਈ ਆਪਣਾ ਕਲਮੀ ਸਹਿਯੋਗ ਦਿਤਾ।

ਜਿਥੇ ਉਹਨਾਂ ਨੇ ਰਾਜਕਪੂਰ ਲਈ ਯਾਦਗਾਰੀ ਫਿਲਮਾਂ ਲਿਖੀਆਂ ਉਥੇ ਉਹਨਾਂ ਆਪਣੇ ਲਈ ਵੀ ਕੰਮ ਕਰਨਾ ਸ਼ੁਰੂ ਕਰ ਦਿਤਾ ਤੇ ਧਰਤੀ ਕੇ ਲਾਲ ਵਰਗੀਆਂ ਫਿਲਮਾਂ ਇੰਡੀਅਨ ਪੀਪਲਜ਼ ਥੀਏਟਰ ਕੰਪਨੀ ਲਈ ਪ੍ਰਦਾਨ ਕੀਤੀਆਂ। ਮਗਰੋਂ ਉਹਨਾਂ 1951 ਵਿਚ ਆਪਣੀ ਕੰਪਨੀ ਨਯਾ ਸੰਸਾਰ ਬਣਾਈ ਤਾਂ ਉਹਨਾਂ ਬਹੁਤ ਆਹਲਾ ਫਿਲਮਾਂ ਪ੍ਰਦਾਨ ਕੀਤੀਆਂ ਜਿਹਨਾਂ ਵਿਚ ਕਈਆਂ ਨੂੰ ਨੈਸ਼ਨਲ ਅਵਾਰਡ ਮਿਲੇ। 'ਅਨਹੋਣੀ', 'ਨੰਨਾ ਰਾਹੀ', 'ਸ਼ਹਿਰ ਔਰ ਸਪਨਾ', 'ਸਾਤ ਹਿੰਦੁਸਤਾਨੀ' ਵਰਗੀਆਂ ਫਿਲਮਾਂ ਦਿਤੀਆਂ ਤੇ ਸੰਸਾਰ ਭਰ ਵਿਚ ਮਾਣ-ਸਨਮਾਨ ਖੱਟਿਆ। 1969 ਵਿਚ ਉਹਨਾਂ ਨੂੰ ਦੇਸ਼ ਦੇ ਰਾਸ਼ਟਰਪਤੀ ਵਲੋਂ ਪਦਮ ਸ੍ਰੀ ਸਨਮਾਨ ਨਾਲ ਨਿਵਾਜਿਆ ਗਿਆ।

ਪੂਰੀ ਜ਼ਿੰਦਗੀ ਦੇ ਸਫਰ ਵਿਚ ਉਹਨਾਂ ਦਾ ਹਸੂੰ-ਹਸੂੰ ਕਰਦਾ ਚਿਹਰਾ ਸਾਰੇ ਪਾਸੇ ਮੁਸਕਰਾਹਟ, ਬੁਧੀਜੀਵਤਾ ਅਤੇ ਦੋਸਤੀ ਦੀ ਮਹਿਕ ਖਿਲਾਰਦਾ ਰਿਹਾ। ਮੇਰਾ ਉਹਨਾਂ ਨਾਲ ਇਕ ਵਾਰ ਜੁੜਨ ਤੋਂ ਬਾਅਦ ਉਹਨਾਂ ਦੇ ਆਖਰੀ ਦਮ 1987 ਤਕ ਵਾਸਤਾ ਰਿਹਾ। ਪਰ ਅਫਸੋਸ ਕਿ ਜਦ ਉਹ ਮਸ਼ੀਨਾਂ ਦੇ ਸਹਾਰੇ ਆਖਰੀ ਸਾਹ ਲੈ ਰਹੇ ਸਨ ਤਾਂ ਉਹਨਾਂ ਦਾ ਇਕ ਭਾਣਜਾ ਅੱਬਾਸ ਸਾਹਿਬ ਦੇ ਘਰ ਬੈਠਾ 'ਫਿਲੋਮਨਾ' ਵਿਚ ਬੈਠਾ ਉਹਨਾਂ ਵਲੋਂ ਛੱਡ ਕੇ ਜਾਣ ਵਾਲੀ ਜਾਇਦਾਦ ਦਾ ਜਾਇਜ਼ਾ ਲੈ ਰਿਹਾ ਸੀ।



## ਆਪਣੇ ਆਪ ਨਾਲ ਗੱਲਾਂ/ਅਜੀਤ ਪਿਆਸਾ

ਹੁਣ ਤਾਂ ਆਪਣੇ ਆਪ ਨਾਲ ਗੱਲਾਂ ਕਰਨਾ ਵੀ ਇਉਂ ਲੱਗਦੈ-

ਜਿਵੇਂ, ਅਸੀਂ ਕਿਸੇ ਕਬਰਸਤਾਨ ਵਿਚ ਅਤੀਤ ਦੇ ਪ੍ਰਛਾਵਿਆਂ ਨਾਲ ਲੁਕਣ-ਮੀਟੀ ਖੇਲ ਰਹੇ ਹੋਈਏ....

ਜਿਵੇਂ, ਸਾਡੇ ਪਹੁੰਚ ਸੰਸਾਰ ਦੇ ਸਾਰੇ ਦੇ ਸਾਰੇ ਸੁਪਨੇ, ਭਰਮ-ਭਲੀ ਦੇ ਮਾਰੂਥਲ 'ਚ ਬਦਰੰਗ ਹੋ ਰਹੇ ਦੇਖਦੇ ਹੋਈਏ....

ਜਿਵੇਂ, ਅੱਜ ਨੂੰ ਜੀਉ ਲੈਣ ਦਾ ਚਾਅ ਆਤਮ-ਹੱਤਿਆ ਨਾਲ ਗਲੇ ਮਿਲ ਰਿਹਾ ਹੋਵੇ...

ਜਿਵੇਂ, ਕੁਲੀ-ਗੁਲੀ-ਜੁਲੀ ਲਈ ਤਰਸਦੇ ਨੂੰ ਸਲਫਾਸ ਦੇ ਸੁਪਨੇ ਆਉਣ...

ਜਿਵੇਂ, ਅਣਖ ਦੀ ਖਾਤਿਰ ਅਸੀਂ ਖੁਦ ਆਪਣੇ ਆਪ ਨੂੰ ਕਤਲ ਕਰ ਰਹੇ ਹੋਈਏ...

ਜਿਵੇਂ, ਧੜਾਧੜ ਹੋ ਰਹੇ ਬਲਾਤਕਾਰ, ਲੁੱਟਾਂ-ਖੋਹਾਂ ਦੇ ਮਹਿਜ਼ ਫ਼ਿਲਮੀ ਸੀਨ ਬਣਕੇ ਅੱਖਾਂ ਮੂਹਰੇ ਘੁੰਮ ਰਹੇ ਹੋਣ...

ਜਿਵੇਂ, ਸਿਆਸਤ ਦੀ ਕੰਜਰੀ ਦੇ ਕੋਠੇ 'ਤੇ ਧਰਮ ਦੇ ਨਾਮ ਉੱਤੇ ਨੋਟਾਂ ਦੀ ਥਾਂ ਆਪਣੀ ਸੁੱਟ ਹੁੰਦੇ ਦੇਖੀ ਜਾਣਾ....

ਇਹੋ ਜੇਹੇ ਕੁੰਡੀ ਨਰਕ (ਮਹਾਨ ਭਾਰਤ) ਵਿਚ ਆਪਣੇ ਆਪ ਨਾਲ ਗੱਲਾਂ ਕਰਨਾ ਅਤੇ ਉਹ ਵੀ ਸਿਰਫ਼ ਗੱਲਾਂ ਕਰਨਾ, ਆਪਣੇ ਆਪ ਦੇ ਕਤਲ-ਦਰ-ਕਤਲ ਨੂੰ, ਲੋਕ-ਸੁਖੀ ਪਰਲੋਕ ਸੁਹੇਲੇ ਕਹਿ ਕੇ, ਮਹਿਜ਼ ਭਰਮ ਨੂੰ ਪੱਠੇ ਪਾਉਣਾ ਹੁੰਦਾ ਹੈ...ਹੋਰ ਕੁਝ ਨਹੀਂ ਹੁੰਦਾ...ਕਈ ਇਸ ਨੂੰ ਟਾਈਮ-ਪਾਸ ਕਰਨਾ ਕਹਿ ਕੇ ਦਿਲ-ਖੁਸ਼ ਕਰ ਲੈਂਦੇ ਹਨ....

ਆਪਣੇ ਆਪ ਨਾਲ ਗੱਲਾਂ ਕਰਨੀਆਂ, ਖੁਦ ਨਾਲ ਸੰਵਾਦ ਰਚਾਉਣਾ ਹੁੰਦਾ ਹੈ...ਦ੍ਰਸ਼ਟਾ ਬਣ ਕੇ ਦ੍ਰਿਸ਼ ਅਤੇ ਦਰਸ਼ਕ ਨੂੰ ਵਾਚਣਾ ਹੁੰਦਾ ਹੈ। ਇਹ ਕੰਮ ਕਿਸੇ-ਕਿਸੇ ਜਾਗ ਰਹੇ ਇਨਸਾਨ ਦੇ ਹਿੱਸੇ ਆਉਂਦਾ ਹੈ। ਬੇ-ਵਸ, ਲਾਚਾਰ ਅਤੇ ਮਾਨਸਿਕ ਤੌਰ 'ਤੇ ਬੀਮਾਰ (ਗੁਲਾਮ) ਕਿਰਦਾਰ ਸਿਰਫ਼ ਵਿਕਾਊ ਕਠਪੁਤਲੀਆਂ ਹੀ ਹੁੰਦੇ ਹਨ ਉਨ੍ਹਾਂ ਨੇ ਕੀ ਕਰਨੀਆਂ ਗੱਲਾਂ-ਦੁਸ਼ਿਅੰਤ ਕੁਮਾਰ ਯਾਦ ਆ ਰਿਹੈ-

"ਨਾ ਹੋ ਕਮੀਜ਼ ਤੋ ਪਾਉਂ ਸੇ ਪੇਟ ਢਕ ਲੇਂਗੇ
ਯੇ ਲੋਗ ਕਿਤਨੇ ਮੁਨਾਸਿਬ ਹੈ ਇਸ ਸਫ਼ਰ ਕੇ ਲੀਏ...."

ਲਾਹੌਰ ਦੀ ਹੀਰਾ ਮੰਡੀ ਬਣੇ ਇਸ ਬਾਜ਼ਾਰ ਵਿਚ ਜਦੋਂ ਕਿ ਰਿਸ਼ਤੇ-ਨਾਤੇ ਮੋਹ-ਮੁੱਹਬਤਾਂ ਵਰਗੇ ਸੂਖਮ ਅਹਿਸਾਸ ਵੀ ਵਿਕਾਊ ਬਣ ਚੁੱਕੇ ਹਨ

ਉਦੋਂ, ਉੱਥੇ ਹਰ ਚੇਤੰਨ ਮਨ ਦਾ ਤੜਪਨਾ ਸੁਭਾਵਿਕ ਹੈ। ਏਹੀ ਤੜਪ ਜਦੋਂ ਲੋਕਾਈ ਦੀ ਤੜਪ ਨਾਲ ਮਿਲਕੇ ਜਦੋਂ ਸ਼ਬਦਾਂ ਦੇ ਵਸਤਰ ਪਹਿਨਦੀ ਹੈ ਤਾਂ ਰਚਨਾ ਬਣ ਜਾਂਦੀ ਹੈ....। ਆਪੋ ਧਾਪੀ ਦੇ ਇਸ ਘਮਾਸਾਨ ਵਿਚ, ਇਸੇ ਕਾਰਨ ਕੋਈ ਕਿਸੇ ਦੀ ਗੱਲ ਸੁਣ ਕੇ ਰਾਜ਼ੀ ਨਹੀਂ....ਗੱਲ ਨੂੰ ਮੰਨ ਲੈਣਾ ਤਾਂ ਇਕ ਪਾਸੇ ਰਿਹਾ। ਇਸੇ ਕਾਰਨ ਕਈ ਦਿਖ-ਅਦਿਖ ਹਾਦਸੇ ਸਾਡਾ ਸ਼ਿਕਾਰ ਕਰਨ ਦੇ ਸਮਰੱਥ ਹੋ ਜਾਂਦੇ ਹਨ। ਇਸੇ ਕਾਰਨ ਮਾਨਸਿਕ ਤੌਰ 'ਤੇ ਟੁੱਟ ਕੇ ਬਿਖਰ ਰਿਹਾ ਅਜੋਕਾ ਮਾਨਵ, ਇਕੱਲਤਾ ਦਾ ਸੰਤਾਪ ਭੋਗਣ ਲਈ ਮਜ਼ਬੂਰ ਹੋ ਜਾਂਦਾ ਹੈ-ਹੋ ਰਿਹਾ ਹੈ....। ਏਹੀ ਇਕਲੱਤਾ ਉਸਨੂੰ ਕਦੇ (ਫਰਸ਼ਟੇਸ਼ਨ) ਨਿਰਾਸ਼ਾ ਰੋਗ ਵੱਲ ਧੱਕ ਦਿੰਦੀ ਹੈ।

ਇਹੋ ਜੇਹੀ ਸਥਿਤੀ ਵਿਚ ਬੰਦਾ ਬੁੜਬੜਾਉਣ ਲੱਗਦੈ...ਆਪਣੇ ਆਪ ਨਾਲ ਗੱਲਾਂ ਕਰਨ ਲੱਗਦੈ.....

ਇਹ ਬੁੜਬੁੜਾਉਣਾ ਕੱਚੀ ਉਮਰੇ (ਟੀਨਏਜ਼) ਦਰਅਸਲ ਗੁਣਗਣਾਉਣ ਦਾ ਹੀ ਰੂਪ ਹੁੰਦਾ ਹੈ ਜਦੋਂ ਤਰ੍ਹਾਂ-ਤਰ੍ਹਾਂ ਦੇ ਸੁਪਨੇ ਨੈਣਾਂ 'ਚ ਮੇਲੇ ਲਾਉਂਦੇ ਹਨ...ਜਦੋਂ ਇਕ ਉਡੀਕ ਤੁਹਾਡੇ ਕੋਲੋਂ ਤੁਹਾਡੀ ਨੀਂਦ ਚੁਰਾਅ ਲੈਂਦੀ ਹੈ....।

ਫੇਰ ਉਹ ਗੁਣਗੁਣਾਉਣਾ ਕਿਸੇ ਨੂੰ ਗਾਇਕੀ ਵੱਲ ਖਿਚ ਲੈ ਜਾਂਦਾ ਹੈ, ਕਿਸੇ ਨੂੰ ਸੰਗੀਤ ਵੱਲ, ਇਸੇ ਤਰ੍ਹਾਂ ਮੈਨੂੰ ਵੀ ਸੰਗੀਤ ਨੇ ਖਿਚ ਲਿਆ। ਮੈਂ ਸਿਧਵਾਂ ਬੇਦ ਦੇ ਮਾਸਟਰ ਦੇਸ ਰਾਜ ਕੋਲੋਂ ਸੰਗੀਤ ਦੀ ਬਕਾਇਆ ਤਾਲੀਮ ਲੈਣੀ ਸ਼ੁਰੂ ਕਰ ਦਿੱਤੀ। ਪਰ ਘਰ ਦੇ ਹਾਲਾਤ ਅਤੇ ਸਮਾਜਿਕ ਤਾਣੇ-ਬਾਣੇ ਤੋਂ ਡਰਦਿਆਂ, ਬਾਪੂ ਨੇ ਬਿਜਲੀ ਬੋਰਡ ਦੀ ਨੌਕਰੀ ਨਾਲ ਬੰਨ ਦਿੱਤਾ।ਪਰ ਸੰਗੀਤ ਦਾ ਜਾਨੂੰਨ ਨਾ ਘਟਦਾ ਦੇਖ, ਜਿਵੇਂ ਕਿ ਆਮ ਹੀ ਦੇਖਣ ਵਿਚ ਆਉਂਦਾ ਹੈ, ਮੇਰੇ ਹੱਥ ਵਿਆਹ ਵਾਲਾ ਝੋਲਾ ਫੜਾ ਦਿੱਤਾ, ਇਸੇ ਆਸ ਨਾਲ ਕਿ ਬੰਦਾ ਸੁਧਰ ਜਾਊ....। ਇਸ ਹਾਦਸੇ ਕਾਰਨ ਸੱਤਾਂ-ਸੁਰਾਂ ਦੀ ਥਾਂ ਸ਼ਬਦਾਂ ਨੇ ਮੱਲ ਲਈ....ਤੇ ਮੈਂ ਆਪਣੇ ਆਪ ਨਾਲ ਗੱਲਾਂ ਕਰਦਾ-ਕਰਦਾ, ਪਤਾ ਨਹੀਂ ਕਿਵੇਂ ਕਵਿਤਾ ਲਿਖਣ ਲੱਗ ਪਿਆ।

ਪਰ ਹੁਣ ਤਾਂ ਆਲਮ ਇਹ ਹੈ ਕਿ...
ਹੁਣ ਇਸ ਬੇਚਿਰਾਗ ਸ਼ਹਿਰ ਦਾ
ਕੁਝ ਨਹੀਂ ਹੋ ਸਕਦਾ
ਜਿੱਥੇ ਸ਼ਾਮ ਉਡਰਦੀ ਨਹੀਂ....ਗਰਕਦੀ ਹੈ
ਹੁਣ ਤਾਂ
ਆਪਣੇ ਆਪ ਨਾਲੋਂ ਵੀ
ਕਦੋਂ ਦਾ ਬੰਦ ਹੋ ਚੁੱਕਾ ਹੈ ਸੰਵਾਦ.............।

-94177-87238

## ਗ਼ਜ਼ਲ/ਸਿਮਰਨਜੋਤ ਮਾਨ

ਖ਼ਾਬ ਮੇਰਾ ਹੰਝੂਆਂ ਵਿਚ ਖੁਰ ਗਿਆ, ਮੈਂ ਕੀ ਕਰਾਂ ?
ਫੇਰ ਬਾਵਾ ਮਿੱਟੜੀ ਦਾ ਭੁਰ ਗਿਆ, ਮੈਂ ਕੀ ਕਰਾਂ ?

ਸ਼ਾਮ ਤੱਕ ਸੀ ਨਾਲ ਮੇਰੇ ਇਕ ਪਰਛਾਵਾਂ ਮੇਰਾ,
ਰਾਤ ਹੋਈ, ਉਹ ਵੀ ਕਿਧਰੇ ਟੁਰ ਗਿਆ, ਮੈਂ ਕੀ ਕਰਾਂ ?

ਮੰਜ਼ਿਲਾਂ ਦਾ ਸ਼ੌਕ ਅੱਧੀ ਵਾਟ ਵਿਚ ਹੀ ਮਰ ਗਿਆ,
ਹਾਦਸਾ ਹਰ ਵਾਰ ਰੂਹ ਦੇ ਧੁਰ ਗਿਆ, ਮੈਂ ਕੀ ਕਰਾਂ ?

ਵੰਝਲੀ ਵਿਚ ਵਿਲਕਦਾ ਹੁੰਦੈ ਜਿਵੇਂ ਦਿਲ ਬਾਂਸ ਦਾ,
ਜ਼ਿੰਦਗੀ 'ਚੋਂ ਸਾਹ ਦਾ ਇਉਂ ਹਰ ਸੁਰ ਗਿਆ, ਮੈਂ ਕੀ ਕਰਾਂ ?

ਜਿਸਦੀ ਖ਼ਾਤਰ ਹੱਸ ਕੇ ਸੀ ਪੀ ਗਿਆ ਸਾਰੀ ਅਗਨ,
ਓਸੇ ਸਾਵਣ ਮੋਰ ਮਨ ਦਾ ਝੁਰ ਗਿਆ, ਮੈਂ ਕੀ ਕਰਾਂ ?



**ਕਵਿਤਾਵਾਂ**

## ਸ਼ਸ਼ੀ ਸਮੁੰਦਰਾ ਦੀਆਂ ਕੁਝ ਨਜ਼ਮਾਂ

### ਗ੍ਰੰਥ 'ਜਲ ਅੰਦਰ' ਦੇ ਸ਼ਰਧਾਲੂ

ਓ ਭਾਈ, ਹੈਗੀ ਡੱਡੂ ਤੇ ਮੱਛੀਆਂ ਦੇ ਵੀ ਗੁਰਦਵਾਰੇ ਤੇ ਮੰਦਿਰ
ਛੱਪੜ, ਖੂਹ, ਦਰਿਆ, ਝੀਲਾਂ ਤੇ ਸਮੁੰਦਰ
ਜਿੱਥੇ ਪਾਣੀ ਦੇ ਵਰਕਿਆਂ 'ਤੇ
'ਵਾ-ਸਿਆਹੀ ਲਿਖਦੀ ਹੈ ਗ੍ਰੰਥ 'ਜਲ ਅੰਦਰ'
ਤੇ ਕਾਂ, ਕੁੱਤੇ ਤੇ ਇਲ-ਬਲਾਵਾਂ ਤੋਂ
ਬਚਦੇ ਉਹ ਲੈਂਦੇ ਨੇ ਰਸਤੇ ਇਹਦੇ ਤੋਂ।

ਤੁਸੀਂ ਆਪਣੀ ਸਿਆਣਪ ਵਿਚ ਫੁੱਲੇ ਫਿਰਦੇ ਹੋਂ
ਕਿ ਰੱਬ ਬੈਠਾ ਹੈ ਤੁਹਾਡੀ ਜੇਬ੍ਹ ਅੰਦਰ
ਪਰ ਭਾਈ, ਕਦੇ ਸੋਚਿਆ ਕਿ ਸ਼ਾਇਦ,
ਹੋਣ ਇਹ ਜੀ-ਜੰਤੂ ਤੁਹਾਡੇ ਵੀ ਸਿਕੰਦਰ ?
ਤੇ ਰੱਬ ਇਨ੍ਹਾਂ ਦੀ ਘਨ੍ਹੇੜੀ ਬੈਠਾ
ਪਾਣੀ 'ਚ ਛਲਾਂਗਾਂ ਲਾਉਂਦਾ ਹੋਵੇ
ਤੇ ਤੁਹਾਡੇ ਕੋਲੋਂ ਡਰਦਾ ਹੋਵੇ ?
ਜੇਬ੍ਹ ਦੀ ਕੈਦ, ਭਲਾ ਕੌਣ ਹੈ ਚਾਹੁੰਦਾ!

### ਜਾਣ ਤੋਂ ਪਹਿਲਾਂ

ਇੰਜ ਲੱਗਦਾ ਹੈ ਜਿਵੇਂ ਕੁਝ ਲੋਕ
ਆਪਣੀ ਕਿਸਮ ਨਾਲ ਖੇਡਣ ਲਈ ਹੀ ਜੰਮਦੇ ਨੇ
ਹਾਰ, ਬਾਰ ਬਾਰ ਡਿਗ ਜਾਂਦੇ
ਫਿਰ ਉੱਠਦੇ ਨੇ...
ਫਿਰ ਡਿੱਗਦੇ
ਫਿਰ ਉੱਠਦੇ
ਅਖ਼ੀਰ 'ਤੇ, ਮੁਕ ਜਾਂਦੀ ਹੈ ਇਹ ਖੇਡ ਵੀ
ਤੇ ਸਿਰਜਿਆ ਕੋਈ ਭੁਲੇਖਾ ਵੀ
ਤੇ ਉਹ ਸੋਚਦੇ ਨੇ:
ਏਥੇ ਕੀਹਦੀ ਜਿੱਤ ?
ਤੇ ਕੀਹਦੀ ਹਾਰ ?

ਮੈਨੂੰ ਰੋਣ ਦੀ ਕੀ ਲੋੜ ਸੀ ?
ਕਿੱਡੀ ਫ਼ਜ਼ੂਲ ਜਹੀ ਇਹ ਖੇਡ ਸੀ।

ਕਿਸਮ ਦੇ ਇਨ੍ਹਾਂ ਖਿਡਾਰੀਆਂ 'ਚੋਂ ਇੱਕ ਉਹ ਵੀ
ਜੋ ਅੱਜ, ਜਾਣ ਤੋਂ ਪਹਿਲਾਂ
ਏਸ 'ਤੇ, ਹੱਸਣਾ ਚਾਹੁੰਦਾ ਹੈ
ਪਰ ਦੁਆਲੇ ਰੋਂਦੇ ਲੋਕਾਂ ਨੂੰ ਵੇਖ
ਉਹ ਵੀ ਕੁਝ ਉਦਾਸ ਹੈ।
ਆਖ਼ਿਰ, ਵਰ੍ਹਿਆਂ ਦਾ ਸਾਥ ਸੀ
ਜੋ ਦੇਖਦਿਆਂ ਹੀ ਮੁੱਕ ਗਿਆ ?
ਉਹ ਅਲਵਿਦਾ ਕਹਿਣਾ ਚਾਹੁੰਦਾ ਹੈ
ਪਰ ਜ਼ੁਬਾਨ ਰੁਕੀ ਹੈ
ਖੌਰੇ ਕਿਉਂ, ਹੱਥ ਵੀ ਨਹੀਂ ਉੱਠਦਾ ਹੈ
ਰੋਸ਼ਨੀ ਹੈ ਜਾਂ ਹਨੇਰਾ ?
ਪਤਾ ਨਹੀਂ
ਉਹ ਜਾ ਚੁੱਕਾ ਹੈ।

**ਇਹ ਉਹਦੀ ਜ਼ਿੰਦਗੀ ਹੈ**

ਕਿਲੇ ਉਸਾਰ ਕੇ ਹੱਸਣਾ
ਤੇ ਢਾਹ ਕੇ ਰੋਣਾ
ਉਹਦੀ ਆਦਤ ਹੈ
ਜ਼ਿੰਦਗੀ ਹੈ।
ਜੋ ਮੱਤਾਂ ਦਿੰਦੇ ਹੋ ਉਹਨੂੰ
ਉਹ ਉਹਦੇ ਪੋਟਿਆਂ 'ਤੇ ਨੇ
ਆਪਣੀਆਂ ਚਿੰਤਾਵਾਂ ਸਾਂਭੋ
ਤੇ ਉਹਨੇ ਜੋ ਕਰਨਾ ਉਹ ਕਰ ਦਿਓ।
ਉਹਦੇ ਹੱਸਣ ਤੇ ਉਹਦੇ ਰੋਣ ਨਾਲ ਤੁਹਾਨੂੰ ਕੀ
ਉਹ ਤਾਂ ਆਈ ਹੀ ਆਪਣੀ ਮਰਜ਼ੀ ਕਰਨ ਸੀ
ਇੰਜ ਹੀ ਜੀਣ ਤੇ ਮਰਨ ਸੀ
ਬਿਹਤਰ ਹੈ ਤੁਸੀਂ ਆਪਣੇ ਰਸਤੇ ਜਾਓ
ਮੌਜ ਮਨਾਓ
ਉੱਚੀਆਂ, ਡੂੰਘੀਆਂ ਗੱਲਾਂ ਨਾਲ ਦੁਨੀਆ ਭਰਮਾਉ



ਤੇ ਉਹਨੂੰ ਉਹਦੇ ਰਸਤਿਆਂ 'ਤੇ ਫਿਰਨ ਦਿਉ।
ਆਪੇ, ਇਕ ਦਿਨ, ਜਦ ਜੀ ਕੀਤਾ
ਤੁਹਾਡੀਆਂ ਨਜ਼ਰਾਂ ਤੋਂ ਵੀ ਹਟ ਜਾਏਗੀ।
ਫਿਲਹਾਲ, ਉਹਨੂੰ ਉਹਦੇ ਕਿਲੇ ਉਸਾਰ ਕੇ ਹੱਸਣ ਦਿਉ
ਤੇ ਢਾਹ ਕੇ ਰੋ ਲੈਣ ਦਿਉ।
ਉਹ ਤੁਹਾਡੇ ਵਾਂਗ ਕੋਈ ਵੱਡੀਆਂ ਗੱਲਾਂ ਮਾਰਨ ਨਹੀਂ
ਬਸ ਇੰਜ ਹੀ ਜੀਣ ਲਈ ਆਈ ਸੀ।
ਏਸ ਲਈ, ਜਾਓ ਤੇ ਆਪਣੇ ਕੰਮ ਕਰੋ
ਦੁਨੀਆ ਦਾ ਤੇ ਆਪਣਾ ਕਲਿਆਣ ਕਰੋ
ਤੇ ਉਹਨੂੰ ਉਹਦੀ ਮਰਜ਼ੀ ਨਾਲ
ਜੀਣ ਦਿਓ ਤੇ ਮਰਨ ਦਿਓ !

**ਮੈਂ ਸਿਧਾਰਥ ਦੇ ਰਸਤੇ ਜਾਣਾ ਹੈ।**

ਹੱਥ 'ਤੇ ਅਟਕ ਗਈ ਇਹ ਬੂੰਦ
ਨਿਰਮਲ ਹੈ, ਪਵਿੱਤਰ ਹੈ
ਸੁੰਦਰ ਹੈ।
ਪਰ ਇਹਦੀ ਅਨਿਸ਼ਚਿਤਾ ਤੋਂ
ਮਨ ਦੁੱਖੀ ਹੈ।
ਉਲਝਿਆ ਹੈ
ਤੇ ਫਿਕਰ 'ਚ ਹੈ।
ਡਰ ਹੈ ਇਹਦੇ ਸੁੱਕ ਜਾਣ ਦਾ
ਵਹਿ ਜਾਣ ਦਾ
ਤੇ ਕੋਈ ਬਣਿਆਂ ਰਿਸ਼ਤਾ ਮੁੱਕ ਜਾਣ ਦਾ।

ਕੀ ਕਰੇ ਕੋਈ ਉਸ ਖਜ਼ਾਨੇ ਨੂੰ ਵੀ ?
ਜੋ ਕੀਮਤੀ ਹੋ ਕੇ ਫਿਕਰ ਬਣੇ
ਤੇ ਬੋਝ ਬਣੇ।
ਇਹ ਫਿਕਰ ਅੱਜ ਹੀ ਮੁੱਕ ਜਾਵੇ
ਇਹ ਬੋਝ ਅੱਜ ਹੀ ਲਹਿ ਜਾਵੇ
ਤੇ ਮੈਨੂੰ ਮੁਕਤ ਕਰੇ।

ਮੈਂ ਸਿਧਾਰਥ ਦੇ ਰਸਤੇ ਜਾਣਾ ਹੈ.....

## ਅਫ਼ਸੋਸ ਹੈ

ਲਓ ਜੀ, ਉਸਾਰੋ ਆਪਣੇ ਮੰਦਿਰ, ਗੁਰਦਵਾਰੇ
ਜਾ ਲਾਹੋ ਉੱਥੇ ਆਪਣੇ ਸੰਸੇ ਸਾਰੇ।
ਇੱਕ ਰਜਾਈ ਬੱਦਲਾਂ ਦੀ
ਸੁੱਟ ਕੇ ਕਣੀਆਂ ਕਰ ਦਿੱਤਾ ਸਭ ਮਲੀਆ ਮੇਟ
ਰੁੜ ਗਏ ਬੰਦੇ, ਘਰ ਤੇ ਡੰਗਰ
ਤੇ ਬੁੱਤ ਵੀ ਤਾਕਤ ਸਮੇਤ।
ਸ਼ਾਇਦ ਏਸ ਤੋਂ ਕੁਝ ਸਿੱਖਣ ਨੂੰ ਮਿਲਿਆ ?
ਸਮਝਣ ਨੂੰ ਮਿਲਿਆ ?
ਸੋਚਣ ਨੂੰ ਮਿਲਿਆ ?
ਜੇ ਨਹੀਂ ਤਾਂ ਮਾੜੀ ਗੱਲ ਹੈ
ਫਿਕਰ ਦੀ ਗੱਲ ਹੈ
ਏਦੂੰ ਤਾਂ ਪੱਥਰ ਯੁੱਗ ਦੇ ਸਾਡੇ ਬਜ਼ੁਰਗ ਸੀ ਬਿਹਤਰ
ਕੁਦਰਤ ਤੋਂ ਸਿਖਦੇ ਸੀ
ਤਜ਼ਰਬਿਆਂ ਤੋਂ ਸਿਖਦੇ ਸੀ
ਤੇ ਅਗਲੇ ਕਦਮ ਪੁੱਟਦੇ ਸੀ।

ਲਾਸ਼ਾਂ ਹਾਲੇ ਤਾਜ਼ੀਆਂ ਨੇ
ਪਰ ਪਤਾ ਹੈ ਮੈਨੂੰ ਕਿ ਅੱਜ ਜਾਂ ਕੱਲ੍ਹ
ਮੰਦਿਰ ਤੇ ਗੁਰਦਵਾਰੇ ਦੀਆਂ ਕੰਧਾਂ ਉੱਸਰ ਰਹੀਆਂ ਨੇ
ਸ਼ਰਧਾ ਤੇ ਉਮੀਦ ਦੀਆਂ ਫ਼ਿਰ ਇੱਟਾਂ ਪਥ ਹੋ ਰਹੀਆਂ ਨੇ
ਅਸੀਂ ਸਿੱਖਣ, ਸੋਚਣ ਤੇ ਸਮਝਣ ਤੋਂ ਰੁਠੇ
ਮੁੜ ਉਹੀਓ ਕੁਝ ਕਰਨਾ ਹੈ
ਤੇ ਬਾਰ-ਬਾਰ, ਗੁੱਡਿਆਂ ਵਾਂਗੂੰ ਉੱਡਣਾ ਹੈ
ਰੁੜਨਾ ਹੈ, ਤੇ ਮਰਨਾ ਹੈ
ਅਫ਼ਸੋਸ ਕਿ ਇਹ ਹੋਣਾ ਹੈ
ਇਹ ਫ਼ਿਰ ਹੋਣਾ ਹੈ
ਕਿਉਂਕਿ ਪੱਥਰ ਨਾਲ ਪੱਥਰ ਟਕਰਾ ਕੇ
ਦੇਖਣਾ ਤੇ ਸੋਚਣਾ ਅਸੀਂ ਭੁੱਲ ਗਏ ਹਾਂ
ਹੱਥੀਂ ਸੰਦ ਬਣਾਉਣੇ, ਭੁੱਲ ਗਏ ਹਾਂ
ਪਾਣੀ ਨੂੰ ਪਰਖਣਾ, ਭੁੱਲ ਗਏ ਹਾਂ
ਕੁਦਰਤ ਨੂੰ ਸਮਝਣਾ, ਭੁੱਲ ਗਏ ਹਾਂ



ਅਫ਼ਸੋਸ ਹੈ, ਜੋ ਹੋਣਾ ਨਹੀਂ ਸੀ ਚਾਹੀਦਾ
ਅਸੀਂ ਉਹ ਹੋ ਗਏ ਹਾਂ
ਉਹ ਹੋ ਗਏ ਹਾਂ

## ਜੇ ਮੈਂ ਕਲਪਨਾ ਨਾਲ ਹੀ ਜੀਣਾ ਹੈ

ਜੇ ਮੈਂ ਕਲਪਨਾ ਨਾਲ ਹੀ ਜੀਣਾ ਹੈ
ਤਾਂ ਕਿਉਂ ਬਣਾ ਤੇਰੀ ਪ੍ਰੇਮਿਕਾ
ਜਿੱਥੇ ਬਸ ਗ਼ਮ ਹੈ ਤੇ ਰੋਣਾ ਹੈ

ਫਿਰ ਕਿਉਂ ਨਾ ਬਣਾ ਮੈਂ ਡ੍ਰੈਗਨਫਲਾਈ
ਤੇ ਦਰਿਆ ਦੀ ਸੈਰ ਕਰਾਂ।
ਜਾਂ ਮੈਂ ਬਣਾ ਕੋਈ ਸਾਂਵਲੀ ਬੱਦਲੀ
ਤੇ ਪੂਰਬ ਦੀ ਵਾਯੂ ਸੰਗ ਨਚਦੀ
ਮਾਰੂਥਲਾਂ 'ਤੇ ਜਾਂ ਵਸਾਂ।
ਜਾਂ ਬਣਾ ਮੈਂ ਤਿੱਤਰ ਖੰਭੀ
ਤੇ ਦੂਰ ਖੇਤਾਂ 'ਤੇ ਪਹਿਆਂ ਵੱਲ ਭੱਜਾਂ।
ਜਾਂ ਮੈਂ ਬਣਾ ਪਤੰਗ ਫ਼ਿਰੋਜ਼ੀ
ਤੇ ਕਿਸੇ ਬੱਚੇ ਦੇ ਹਾਸਿਆਂ ਨਾਲ ਉੱਡਾਂ।
ਓ ਜੇ ਮੈਂ ਬਣ ਜਾਂ ਹਮਿੰਗਬਰਡ
ਤੇ ਪੁਰਜੋਸ਼ ਫੁੱਲਾਂ 'ਚੋਂ ਮਿੱਠਾ ਰਸ ਕੱਢਾਂ।
ਕਦੇ ਬਣਾ ਮੈਂ ਆਜੜੀ ਮੁੰਡਾ
ਤੇ ਪਸ਼ੂਆਂ ਨਾਲ ਚਰਾਂਦਾਂ ਕਛਾਂ।
ਬਣ ਕੇ ਦੇਖਾਂ ਕਦੇ ਕਾਲਾ ਕੀੜਾ
ਤੇ ਤੇਜ਼ ਪਾਣੀ 'ਤੇ ਮੌਜ 'ਚ ਨਸਾਂ।
ਇੱਕ ਦਿਨ ਬਣਾ ਮੈਂ ਨਿੱਕੀ ਗੁੱਡੀਆ
ਤੇ ਲੋਹੜੀ ਨੂੰ ਭੂਤ ਪਿੰਨੇ ਵੱਟਾਂ।
ਬਣ ਜਾਵਾਂ ਆਬਸ਼ਾਰ ਕਦੇ ਫਿਰ
ਤੇ ਫੁੱਟ ਫੁੱਟ, ਕਲ ਕਲ ਵੱਗਾਂ।
ਬਣਾ ਕਦੇ ਕੋਈ ਵੇਲ ਵਣਾਂ ਦੀ
ਤੇ ਲਾ ਕਿਸੇ ਰੁੱਖ ਨੂੰ ਪੌੜੀ
ਅਰਸ਼ਾਂ ਕੰਨੀ ਚੜ੍ਹਾਂ ਤੇ ਤੱਕਾਂ।
ਜਾਂ ਬਣਾ ਕਸਤੂਰੀਆ
ਪੁਰਜ਼ੋਰ ਨਸਾਂ ਤੇ ਲਗਰਾਂ ਚਖਾਂ।
ਕਿਸੇ ਸਵੇਰ ਬਣ ਕਮਲ ਪਿਆਜੀ
ਨੀਲੀ ਲਹਿਰ 'ਤੇ ਖਿੜਦਾ ਹੱਸਾਂ।
ਜਾਂ ਬਣ ਖੜ੍ਹਾਂ ਮੈਂ ਸੂਰਜ ਮੁਖੀਆ
ਤੇ ਮਧੂ ਮਖੀਆਂ ਨੂੰ ਕੋਲ ਸੱਦਾਂ।

ਜੇ ਮੈਂ ਕਲਪਨਾ ਨਾਲ ਹੀ ਜੀਣਾ ਹੈ
ਤਾਂ ਕਿਉਂ ਬਣਾ ਤੇਰੀ ਪ੍ਰੇਮਿਕਾ
ਜਿੱਥੇ ਬਸ ਗ਼ਮ ਹੈ ਤੇ ਰੋਣਾ ਹੈ।

## ਗੁਰਪ੍ਰੀਤ ਦੀਆਂ ਤਿੰਨ ਕਵਿਤਾਵਾਂ

### ਉਹ ਨਹੀਂ ਜਾਣਦਾ

ਘਾਹ ਹਰਾ ਕਚੂਰ ਉਵੇਂ
ਖਿੜ੍ਹੇ ਨੇ ਫੁੱਲ ਪਹਿਲਾਂ ਨਾਲੋਂ ਵੱਧ ਰਤਾ
ਮਾਲੀ ਵੀ ਨਹੀਂ ਹਟਾਇਆ ਘਰਦਿਆਂ

ਆਉਂਦਾ ਹੈ ਹਰ ਰੋਜ਼ ਅਖਬਾਰ
ਤੇ ਕਦੇ ਕਦਾਈਂ ਕਿਸੇ ਬਹਾਨੇ ਫੋਟੋ ਨਾਂ ਉਹਦਾ
ਜ਼ਿਕਰ ਅਜੇ ਵੀ ਛਿੜਦਾ ਹੈ
ਦੋਸਤਾਂ ਦੀ ਢਾਣੀ 'ਚ ਉਹਦਾ

ਜਿੰਦਾ ਲਾ ਦਿੱਤਾ ਹੈ ਡਾਇਰੀਆਂ
ਲਿਖੀਆਂ ਅਣਛਪੀਆਂ ਕਵਿਤਾਵਾਂ ਨੂੰ

ਉਹ ਨਹੀਂ ਜਾਣਦਾ
ਮਰ ਕੇ ਉਹ
ਕਿੱਥੇ ਕਿੱਥੇ ਜਿਉਂ ਰਿਹਾ ਹੈ

ਤੇ ਉਹ ਕੱਪ ਨਵੇਂ
ਅਜੇ ਵੀ ਨਵੇਂ ਉਸੇ ਨਮਿਤ
ਜਿਸ ਦੀ ਆਮਦ 'ਤੇ
ਉਹਨਾਂ ਚਾਹ ਨਾਲ ਭਰਨਾ ਤੇ ਖਾਲ੍ਹੀ ਹੋਣਾ ਸੀ

ਉਹ ਨਹੀਂ ਜਾਣਦਾ ॥

### ਕਵੀ

ਕਵੀ ਹਰ ਵੇਲੇ
ਕਦੋਂ ਲਿਖਦਾ ਹੈ ਕਵਿਤਾਵਾਂ
ਨਹੀਂ ਹੁੰਦਾ ਉਹ ਹਰ ਵੇਲੇ ਸੱਚਾ ਝੂਠਾ

ਕਵੀ ਬਜ਼ਾਰ ਵੀ ਜਾਂਦਾ ਹੈ
ਕਿੰਨਾ ਕੁਝ ਵੇਚਦਾ
ਕਿੰਨਾ ਕੁਝ ਖਰੀਦ ਦਾ ਵੀ ਹੈ

ਹੁਣੇ ਉਹ ਬੈਂਕ ਤੋਂ
ਟੁੱਟੀ ਕਿਸ਼ਤ ਦਾ ਫੋਨ ਸੁਣਕੇ ਹਟਿਆ ਹੈ
ਅਜੇ ਥੋੜ੍ਹਾ ਚਿਰ ਪਹਿਲਾਂ ਤਾਂ
ਦਿੱਲੀ ਪੁਸਤਕ ਮੇਲੇ ਤੋਂ ਮੁੜਿਆ ਹੈ

ਕਵੀ ਹਰ ਵੇਲੇ ਆਪਣੀ ਹੀ ਜੀਵਨੀ ਨਹੀਂ
ਲਿਖੀ ਜਾਂਦਾ ॥

### ਦੁੱਖ ਸੁਖ

ਤੁਰਿਆ ਜਾ ਰਿਹਾਂ
ਅਪਣੇ ਆਪ 'ਚ ਮਗਨ

ਕੁਝ ਲੋਕ
ਮੇਰੇ ਸਿਰ ਉੱਗਿਆ
ਕੰਵਲ ਦੇਖਣ
ਕੁਝ ਚਿਕੜ ਲਿਬੜੇ ਪੈਰ

ਤੁਰਿਆ ਜਾ ਰਿਹਾਂ ਮੈਂ ॥

9872375898



## ਕਲਮ ਮੇਰੀ ਦਾ ਰਸਤਾ/ ਲਖਵਿੰਦਰ ਵਾਲੀਆ

ਲਿਖਦਾ ਜਾਵਾਂ ਸਫ਼ਰ ਕਦੇ ਨਾ ਮੁੱਕੇ
ਇਸ ਪਿਆਸੀ ਕਲਮ ਦਾ
ਕਾਗਜ਼ ਦੀ ਹਿੱਕੜੀ 'ਤੇ
ਖੇਡ ਕੇ ਜਵਾਨ ਹੋਣਗੇ
ਕਦੇ ਤਾਂ ਮੇਰੇ ਹਰਫ਼....
ਕਦੇ ਕਿਸੇ ਦੀ ਸੁੰਨੀ ਗੋਦ ਦਾ
ਹੁੰਘਾਰਾ ਭਰਦੀ ਹੈ ਮੇਰੀ ਕਲਮ
ਜੋ ਕੁੱਖਾਂ ਵੀ ਬਣੀਆਂ ਸਨ ਕਬਰਾਂ
ਉਨ੍ਹਾਂ ਕਲੀਆਂ ਨੂੰ ਮਸਾਣਾ ਵਿੱਚ
ਜਾ ਕੇ ਮਿਲਦੀ ਹੈ ਮੇਰੀ ਕਲਮ....
ਰਾਹਾਂ ਵਿਚ ਬੁਝੇ ਕਈ ਘਰਾਂ ਦੇ ਚਿਰਾਗਾਂ ਨੂੰ
ਸੁਣ ਮਾਵਾਂ ਦੇ ਹਾਉਂਕੇ ਸੁਪਨਿਆਂ ਵਿੱਚ
ਰੁਸ਼ਨਾਉਂਦੀ ਹੈ ਮੇਰੀ ਕਲਮ....
ਨਿੱਕੇ ਨਿੱਕੇ ਹੱਥ ਕਾਗਜ਼ ਚੁਗਦੇ
ਰੰਗ ਬਰੰਗੇ ਸੁਪਨੇ ਬੁਣਦੇ
ਉਹ ਕੰਮੀਆਂ ਤੇ ਮਜ਼ਦੂਰਾਂ ਦੇ
ਗੀਤ ਗੁਣ-ਗੁਣਾਉਂਦੀ ਹੈ ਮੇਰੀ ਕਲਮ....
ਛੱਡ ਦੇਸ਼ ਪਰਾਏ ਹੋਏ ਜੋ
ਮਾਵਾਂ ਦੇ ਮੋਹ ਤੋਂ ਖੋਏ ਜੋ
ਸੁਣ ਦੁੱਖੜੇ ਉਨ੍ਹਾਂ ਝੱਲਿਆਂ ਦੇ
ਹੰਝੂਆਂ ਵਿਚ ਪਰੋਏ ਜੋ
ਇਹ ਕਲਮ ਮੇਰੀ ਦਾ ਰਸਤਾ ਹੈ
ਇਸ ਜ਼ਿੰਦਗੀ ਦੇ ਰਾਹੀਆਂ ਨੂੰ
ਇਸ਼ਕ ਦਾ ਗੀਤ, ਸੁਣਾਉਂਦੀ ਹੈ ਮੇਰੀ ਕਲਮ...

## ਅਤੀਤ ਦੇ ਰੂਬਰੂ/ਕੁਲਵੰਤ ਗਰੇਵਾਲ

ਪਰਤਾਂਗਾ ਮੈਂ ਜ਼ਰੂਰ
ਉਡੀਕ ਕਰੀ 'ਸਮੇਂ' ਮੇਰੀ
ਆ ਮਿਲਾਂਗਾ ਤੈਨੂੰ, ਉਸੇ ਮੋੜ 'ਤੇ
ਯਾਦ ਹੈ ਤੈਨੂੰ...?
ਜਿੱਥੇ-
ਕਿਵੇਂ ਮੈਂ ਥੱਕਿਆ ਹਾਰਿਆ
ਲਹੂ ਦੇ ਘੁੱਟ ਪੀ
ਤੇਰੀਆਂ ਬੇਦਰਦ ਅੱਖਾਂ ਵਿੱਚ
ਅੱਖਾਂ ਪਾ ਕੇ
ਕੁਛ ਪਲਾਂ ਲਈ
ਸ਼ਾਂਤੀ ਉਧਾਰ ਮੰਗ ਰਿਹਾ ਸਾਂ...।
ਯਾਦ ਰੱਖੀ 'ਸਮੇਂ'
ਮੈਂ ਤੈਨੂੰ ਇਸ ਵਾਰ
ਗੋਡਿਆਂ ਭਾਰ ਨਹੀਂ
ਆਪਣੇ ਚਾਵਾਂ ਤੇ ਹੌਸਲੇ ਦੇ
ਲੰਬੇ ਕੱਦ ਨਾਲ
ਰੂ-ਬ-ਰੂ ਮਿਲਾਂਗਾ...
ਆ ਮਿਲਾਂਗਾ ਫਿਰ ਤੈਨੂੰ
ਤੰ ਜੋ ਪਹਿਲੀ ਵਾਰ
ਗਿਰਵੀ ਪਏ ਖੇਤ ਵਿੱਚ
ਕਿਰ ਗਿਆ ਸੀ...
ਇਸ ਖੇਤਦੇ ਬੰਨ੍ਹੇ ਬੈਠ
ਐਂਤਕੀ ਮੈਂ ਆਪਣੀ ਜਿੱਤ ਤੇ ਮੁਸਕਰਾਵਾਂਗਾ
ਤੇ ਇਥੇ ਬੈਠ
ਵਿਛੜ ਗਈਆਂ ਰੂਹਾਂ ਨੂੰ
ਆਪਣੇ ਹੰਝੂਆਂ ਨਾਲ
ਮੁੜ ਸਿਜਾਂਗਾ
ਉਡੀਕ ਕਰੀ 'ਸਮੇਂ' ਮੇਰੀ
ਮੈਂ ਪਰਤਾਂਗਾ ਜ਼ਰੂਰ...!



## ਜਿੰਦਰ ਦਾ ਕਹਾਣੀ ਸੰਗ੍ਰਹਿ ਮੇਰੀਆਂ ਚੋਣਵੀਆਂ ਕਹਾਣੀਆਂ : ਇਕ ਅਧਿਐਨ

-ਗੁਰਦੀਪ ਸਿੰਘ

ਸਮਕਾਲੀ ਪੰਜਾਬੀ ਕਹਾਣੀ ਖੇਤਰ ਵਿਚ ਜਿੰਦਰ ਦਾ ਨਾਂ ਕਿਸੇ ਵੀ ਰਸਮੀ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਜਿੰਦਰ ਪੰਜਾਬੀ ਕਹਾਣੀ ਜਗਤ ਵਿਚ ਇਕ ਸਥਾਪਿਤ ਕਹਾਣੀਕਾਰ ਹੈ ਲੰਮੇ ਸਮੇਂ ਤੋਂ ਕਹਾਣੀ ਸਿਰਜਣਾ ਦੇ ਖੇਤਰ ਵਿਚ ਕਾਰਜਸ਼ੀਲ ਹੈ। ਜਿੰਦਰ ਦੇ ਹੁਣ ਤੱਕ ਪੰਜ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਸੰਨ 2012 ਵਿਚ ਤਹਿਜ਼ੀਬ ਨਾਂ ਦਾ ਉਸਦੀਆਂ ਸਮੁੱਚੀਆਂ ਕਹਾਣੀਆਂ ਦਾ ਸੰਗ੍ਰਹਿ ਪ੍ਰਾਪਤ ਹੁੰਦਾ ਹੈ। ਇਸ ਤੋਂ ਇਲਾਵਾ ਤਿੰਨ ਰੇਖਾ ਚਿੱਤਰ ਸੰਗ੍ਰਹਿ, ਇਕ ਸਫ਼ਰਨਾਮਾ ਕੁਝ ਅਨੁਵਾਦਿਤ ਅਤੇ ਕੁਝ ਸੰਪਾਦਿਤ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਇਹੀ ਨਹੀਂ ਉਹ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਸ਼ਬਦ ਤ੍ਰੈਮਾਸਿਕ ਰਸਾਲੇ ਦੇ ਸੰਪਾਦਨ ਦਾ ਕਾਰਜ ਵੀ ਕਰ ਰਿਹਾ ਹੈ। 2014 ਵਿਚ ਉਸਦਾ ਮੇਰੀਆਂ ਚੋਣਵੀਆਂ ਕਹਾਣੀਆਂ ਨਾਂ ਦਾ ਕਹਾਣੀ ਸੰਗ੍ਰਹਿ ਪ੍ਰਾਪਤ ਹੁੰਦਾ ਹੈ। ਇਸ ਕਹਾਣੀ ਸੰਗ੍ਰਹਿ ਵਿਚ ਜਿੰਦਰ ਨੇ ਆਪਣੀਆਂ ਪੰਦਰਾਂ ਚਰਚਿਤ ਕਹਾਣੀਆਂ ਨੂੰ ਲਿਆ ਹੈ। ਇਹ ਸਾਰੀਆਂ ਹੀ ਕਹਾਣੀਆਂ ਜਿੰਦਰ ਦੇ ਪਹਿਲਾਂ ਪ੍ਰਕਾਸ਼ਿਤ ਕਹਾਣੀ ਸੰਗ੍ਰਹਿਆਂ ਵਿਚ ਪ੍ਰਕਾਸ਼ਿਤ ਹੋ ਕੇ ਪਾਠਕਾਂ ਤੇ ਅਲੋਚਕਾਂ ਵਿਚ ਚਰਚਾ ਦਾ ਵਿਸ਼ਾ ਬਣ ਚੁੱਕੀਆਂ ਹਨ।

ਮੇਰੀਆਂ ਚੋਣਵੀਆਂ ਕਹਾਣੀਆਂ ਕਹਾਣੀ ਸੰਗ੍ਰਹਿ ਵਿਚ ਪਹਿਲੀ ਕਹਾਣੀ 'ਕਤਲ' ਹੈ। ਇਹ ਕਹਾਣੀ ਉੱਤਮ-ਪੁਰਖੀ ਵਿਧੀ ਵਿਚ ਲਿਖੀ ਮਨੋਵਿਗਿਆਨਕ ਕਿਸਮ ਦੀ ਰਚਨਾ ਹੈ। ਇਸ ਕਹਾਣੀ ਉੱਪਰ ਪੰਜਾਬੀ ਦੇ ਲਗਭਗ ਹਰ ਪ੍ਰਮੁੱਖ ਆਲੋਚਕ ਨੇ ਲੇਖ ਲਿਖਿਆ ਹੈ। ਕਹਾਣੀ ਵਿਚਲੇ 'ਮੈਂ' ਪਾਤਰ ਦੇ ਬੁੱਢੇ ਮਾਂ ਪਿਉ ਪਿੰਡ ਵਿਚ ਰਹਿੰਦੇ ਹਨ। ਉਸਦੇ ਮਾਂ ਤੇ ਪਿਉ ਦੀ ਸਾਰੀ ਉਮਰ ਆਪਸੀ ਮਤਭੇਦਾਂ ਵਿਚ ਹੀ ਗੁਜ਼ਰੀ ਸੀ। ਉਸਦਾ ਪਿਉ ਬਹੁਤ ਹੀ ਅੜਬ ਇਨਸਾਨ ਸੀ। ਮੈਂ ਪਾਤਰ ਦੇ ਦੋ ਵੱਡੇ ਭਰਾ ਵੀ ਹਨ ਜੋ ਕਿ ਚੰਗੇ ਅਹੁਦਿਆਂ 'ਤੇ ਵਿਰਾਜਮਾਨ ਹਨ ਅਤੇ ਸ਼ਹਿਰ ਵਿਚ ਰਹਿੰਦੇ ਹਨ; ਪਿਉ ਦੇ ਅੜਬੀ ਰੁੱਖੇ ਸੁਭਾਅ ਕਾਰਨ ਹੀ ਮੈਂ ਪਾਤਰ ਤੇ ਉਸਦੇ ਭਰਾ ਪਿੰਡ ਛੱਡ ਸ਼ਹਿਰ ਰਹਿਣ ਲੱਗੇ ਸਨ। ਹੁਣ ਜਦ ਮੈਂ ਪਾਤਰ ਕਈ ਮਹੀਨਿਆਂ ਬਾਅਦ ਪਿੰਡ ਆਇਆ ਹੈ ਤੇ ਉਸਨੂੰ ਪਤਾ ਲਗਦਾ ਹੈ ਕਿ ਉਸਦਾ ਪਿਉ ਆਪਣੇ ਅਖ਼ੀਰਲੇ ਸਾਹਾ 'ਤੇ ਹੈ। ਉਸਨੂੰ ਆਪਣੀ ਮਾਂ ਦੁਆਰਾ ਪਿਉ ਦੀ ਸੇਵਾ ਕਰਨਾ ਢੋਂਗ ਲਗਦਾ ਹੈ। ਉਹ ਚਾਹੁੰਦਾ ਹੈ ਕਿ ਉਸਦਾ ਪਿਉ ਮਰ ਜਾਵੇ। ਉਹ ਮਨ ਹੀ ਮਨ ਸੋਚਦਾ ਹੈ ਕਿ ਮਾਂ ਤਾਂ ਉਸਨੂੰ ਮਾਰਨਾ ਚਾਹੁੰਦੀ ਹੈ। ਮੈਂ ਪਾਤਰ ਦੀ ਮਾਨਸਿਕ ਉਲਝਣ ਦਾ ਪ੍ਰਗਟਾਵਾ ਕਹਾਣੀਕਾਰ ਜਿੰਦਰ ਇਉਂ ਕਰਦਾ ਹੈ:

> "ਹੁਣ ਬੀਬੀ ਦਾ ਹੱਥ ਬਾਪੂ ਦੇ ਨੱਕ ਕੋਲ ਸੀ। ਸ਼ਾਇਦ ਉਸ ਕੋਲੋਂ ਬਾਪੂ ਦੀ ਘੰਡੀ ਨਾ ਘੁੱਟ ਹੋਈ ਹੋਵੇ। ਉਹ ਉਸ ਦਾ ਸਾਹ ਬੰਦ ਕਰਕੇ ਮਾਰ ਦੇਣਾ ਚਾਹੁੰਦੀ ਹੋਵੇ। ਮਾਰਨ ਦਾ ਇਹ ਤਰੀਕਾ ਵੀ ਵਧੀਆ ਹੋ ਸਕਦਾ। ਇਕ ਹੱਥ ਮੂੰਹ 'ਤੇ ਰੱਖ ਦਿਉ ਤੇ ਇਕ ਹੱਥ ਨਾਲ ਨਾਸਾਂ ਬੰਦ ਕਰ ਦਿਉ। ਪੰਜ ਮਿੰਟਾਂ 'ਚ ਘੋਗਾ ਚਿੱਤ ਹੋ ਜਾਂਦਾ ਹੈ।"[1]

ਪਰ ਅਸਲ ਵਿਚ ਮੈਂ ਪਾਤਰ ਜੋ ਸੋਚਾਂ ਮਨ ਵਿਚ ਸੋਚ ਰਿਹਾ ਸੀ ਮਾਂ ਦਾ ਵਿਹਾਰ ਤੇ ਦਿਲ ਦੀ ਹਾਲਤ ਬਿਲਕੁਲ ਉਸ ਦੇ ਉਲਟ ਹੁੰਦੀ ਹੈ। ਬੇਸ਼ੱਕ ਉਸਦਾ ਪਿਉ ਉਸਦੀ ਮਾਂ ਨਾਲ ਸਾਰੀ ਉਮਰ ਲੜਦਾ ਰਿਹਾ ਪਰ ਫਿਰ ਵੀ ਦੋਹਾਂ 'ਚ ਅਜੀਬ ਕਿਸਮ ਦੀ ਸਾਂਝ ਸੀ। ਇਹ ਸਾਂਝ ਉਸਨੂੰ ਭਾਰਤੀ ਸੰਸਕਾਰਾਂ ਵਿਚ ਪ੍ਰਾਪਤ ਹੋਈ ਸੀ। ਸਾਂਝ ਦਾ ਦੂਜਾ ਕਾਰਨ ਦੋਹਾਂ ਨੂੰ ਬੁਢਾਪੇ ਵਿਚ ਇਕ ਦੂਜੇ ਦਾ ਸਹਾਰਾ ਸੀ। ਪਰ ਮੈਂ ਪਾਤਰ ਨੂੰ ਮਾਂ ਦੁਆਰਾ ਬੀਮਾਰ ਪਿਉ ਦੀ ਹੱਦੋਂ ਵੱਧ ਪ੍ਰਵਾਹ ਕਰਨਾ ਤੇ ਉਸਦੀ ਮੌਤ 'ਤੇ

ਰੋਣਾ-ਕੁਰਲਾਉਣਾ ਵੀ ਝੂਠਾ ਲੱਗਦਾ ਹੈ।ਉਹ ਅਖ਼ੀਰ ਤੱਕ ਇਹ ਹੀ ਸੋਚਦਾ ਰਹਿੰਦਾ ਹੈ ਕਿ ਬਾਪੂ ਦੀ ਮੌਤ ਕੁਦਰਤੀ ਹੈ ਜਾਂ ਫਿਰ ਮਾਂ ਨੇ ਉਸਦਾ ਕਤਲ ਕੀਤਾ ਹੈ:

> "ਬਾਪੂ ਦੀ ਦੇਹ ਨੂੰ ਭੁੰਜੇ ਲਾਹ ਕੇ ਰੱਖਦਿਆਂ ਮੇਰੀਆਂ ਅੱਖਾਂ ਉਸਦੀ ਧੌਣ ਤੇ ਕੇਂਦਰਤ ਹੋ ਗਈਆਂ ਸਨ।ਪਰ ਉਥੇ ਅਜਿਹਾ ਕੁਝ ਵੀ ਨਹੀਂ ਦਿੱਸਿਆ ਸੀ ਜਿਸ ਨਾਲ ਮੈਂ ਇਹ ਫ਼ੈਸਲਾ ਕਰ ਸਕਦਾ ਕਿ ਬਾਪੂ ਆਪਣੀ ਮੌਤੇ ਮਰਿਆ ਸੀ ਜਾਂ ਕਿ ਬੀਬੀ ਨੇ...।"[2]

'ਕਤਲ' ਕਹਾਣੀ ਬਾਰੇ ਪ੍ਰਸਿੱਧ ਪਰਵਾਸੀ ਗਲਪਕਾਰ ਸਵ. ਸਵਰਨ ਚੰਦਨ ਦੇ ਵਿਚਾਰ ਇੱਥੇ ਵਿਚਾਰਨਯੋਗ ਹਨ ਉਹ ਲਿਖਦਾ ਹੈ:

> "ਕਤਲ ਕਹਾਣੀ ਵਿਚ ਟਕਰਾਉ ਪਰੰਪਰਾ ਤੇ ਪ੍ਰਗਤੀ ਵਿਚਾਲੇ ਵੀ ਸੰਸਕਾਰਾਂ ਤੇ ਸੰਸਕਾਰਾਂ ਨੂੰ ਨਕਾਰਨ ਵਿਚਾਲੇ ਵੀ ਹੈ।ਇੱਥੇ ਵਿਰੋਧ ਸਿਰਜਣ ਵਾਲੀ ਧਿਰ ਪੁੱਤਰ ਹੈ।ਇਹ ਵਿਰੋਧ ਪਿਉ ਦੀ ਸੱਤਾ ਅਤੇ ਪੁੱਤਰ ਰਾਹੀਂ ਉਸਦੀ ਰਿਜੈਕਸ਼ਨ ਵਿਚਾਲੇ ਹੈ।ਮਾਂ ਪਰੰਪਰਾ ਦੀ ਪਾਲਕ ਹੈ ਪਰ ਪੁੱਤ ਦਾ ਉਸਦੇ ਨਾਲ ਵਿਰੋਧ ਨਹੀਂ ਹੈ ਸਗੋਂ ਵਿਰੋਧਾਂ ਦੀ ਚਾਲਕ ਸ਼ਕਤੀ ਹੈ।ਉਹ ਮਾਂ ਕੋਲੋਂ ਬਗਾਵਤ ਦੀ ਆਸ ਰੱਖਦਾ ਹੈ ਪਰ ਪਰੰਪਰਾ ਦਾ ਵਿਰੋਧ ਸੰਸਕਾਰ ਨਹੀਂ ਕਰ ਸਕਦੇ।"[3]

ਕਹਾਣੀ ਸੰਗ੍ਰਹਿ ਦੀ ਅਗਲੀ ਕਹਾਣੀ 'ਦਰਦ' ਵੀ ਕਹਾਣੀ 'ਕਤਲ' ਵਾਂਗ ਹੀ ਮਨੋਵਿਗਿਆਨਕ ਬਿਰਤਾਂਤ ਵਾਲੀ ਕਹਾਣੀ ਹੈ।ਕਹਾਣੀ ਦਾ ਮੁੱਖ ਪਾਤਰ ਅਪਾਹਿਜ ਰਿਟਾਇਰ ਫ਼ੌਜ਼ੀ ਹੈ।ਕਾਰਗਿਲ ਦੀ ਜੰਗ ਦੌਰਾਨ ਉਹ ਆਪਣੀ ਸੱਜੀ ਲੱਤ ਗਵਾ ਬਹਿੰਦਾ ਹੈ।ਇਸ ਕਾਰਨ ਉਹ ਆਪਣੇ ਆਪ ਨੂੰ ਪਰਿਵਾਰ 'ਤੇ ਬੋਝ ਸਮਝਦਾ ਹੈ।ਸਾਰਾ ਸਾਰਾ ਦਿਨ ਘਰ ਵਿਚ ਵਿਹਲਾ ਬਹਿਣਾ ਵੀ ਉਸ ਨੂੰ ਚੰਗਾ ਨਹੀਂ ਲਗਦਾ।ਉਹ ਕਈ ਥਾਂਵਾਂ 'ਤੇ ਨੌਕਰੀ ਲਈ ਅਪਲਾਈ ਵੀ ਕਰਦਾ ਹੈ ਪਰ ਅਪਾਹਿਜ ਹੋਣ ਕਾਰਨ ਕਿਤੋਂ ਵੀ ਨੌਕਰੀ ਲਈ ਸੁਨੇਹਾ ਨਹੀਂ ਆਉਂਦਾ।ਜਿਸ ਕਾਰਨ ਉਸ ਦੀ ਹਾਲਤ ਨੀਮ ਪਾਗਲਾਂ ਵਰਗੀ ਹੋ ਜਾਂਦੀ ਹੈ।ਉਹ ਪੁਰਾਣੀਆਂ ਗੱਲਾਂ ਨੂੰ ਯਾਦ ਕਰ ਕਰ ਉਨ੍ਹਾਂ ਵਿਚੋਂ ਪਾਪ ਪੁੰਨ ਛਾਣਦਾ ਰਹਿੰਦਾ ਹੈ।ਕਾਰਗਿਲ ਦੀ ਜੰਗ ਨੇ ਉਸ ਦੀ ਮਾਨਸਿਕਤਾ ਉਪਰ ਬਹੁਤ ਗਹਿਰਾ ਅਸਰ ਪਾਇਆ ਹੈ।ਇਸ ਦਾ ਕਾਰਨ ਇਹ ਵੀ ਸੀ ਕਿ ਉਹ ਇਸ ਜੰਗ ਵਿਚ ਆਪਣੀ ਸੱਜੀ ਲੱਤ ਗਵਾਉਂਦਾ ਹੈ ਤੇ ਨਾਲ ਹੀ ਸੱਜੀ ਬਾਂਹ ਵਰਗਾ ਦੋਸਤ ਪੰਮਾ ਤੇ ਪਾਕਿਸਤਾਨੀ ਦੁਸ਼ਮਣ ਦੋਸਤ ਜ਼ਮੀਲ।ਜ਼ਮੀਲ ਪਾਕਿਸਤਾਨੀ ਫੌਜ ਤੋਂ ਵਿਛੜਿਆ ਜ਼ਖ਼ਮੀ ਸਿਪਾਹੀ ਸੀ ਜੋ ਭਾਰਤ ਸੀਮਾ ਵਿਚ ਹੀ ਰਹਿ ਗਿਆ ਸੀ।ਮੁਖ ਪਾਤਰ ਨੂੰ ਉਹ ਬਹੁਤ ਹੀ ਬੁਰੀ ਤਰ੍ਹਾਂ ਜ਼ਖ਼ਮੀ ਹੋਇਆ ਮਿਲਦਾ ਹੈ।ਮੁੱਖ ਪਾਤਰ ਵੀ ਜ਼ਮੀਲ ਵਾਂਗ ਹੀ ਆਪਣੀ ਫੌਜ ਤੋਂ ਵਿਛੜਿਆ ਹੋਇਆ ਹੈ।ਉਸ ਦੀ ਸੱਜੀ ਲੱਤ ਬਹੁਤ ਹੀ ਬੁਰੀ ਤਰ੍ਹਾਂ ਜ਼ਖ਼ਮੀ ਹੁੰਦੀ ਹੈ।ਦੋਵੇਂ ਇਕੱਠੇ ਕੜਾਕੇ ਦੀ ਠੰਡ ਵਿਚ ਇਕ ਦੂਜੇ ਦਾ ਸਹਾਰਾ ਬਣਦੇ ਹਨ।ਜੰਗ ਲਈ ਦੇਸ਼ ਦੀਆਂ ਸੱਤਾਧਾਰੀ ਸਰਕਾਰਾਂ ਨੂੰ ਦੋਸ਼ ਦਿੰਦੇ ਹਨ।ਮੁੱਖ ਪਾਤਰ ਨੂੰ ਜਦ ਪਤਾ ਲਗਦਾ ਹੈ ਕਿ ਜ਼ਮੀਲ ਘਰ ਦੀ ਗਰੀਬੀ ਕਾਰਨ ਨਾ ਚਾਹੁੰਦਿਆਂ ਫ਼ੌਜ਼ ਵਿਚ ਭਰਤੀ ਹੋਇਆ ਸੀ।ਮੁਖ ਪਾਤਰ ਨੂੰ ਉਸ ਨਾਲ ਦਿਲੋਂ ਹਮਦਰਦੀ ਹੁੰਦੀ ਹੈ।ਉਹ ਜ਼ਮੀਲ ਨੂੰ ਲੜਖੜਾਉਂਦਾ ਹੋਇਆ ਪਾਕਿਸਤਾਨੀ ਸੀਮਾ ਪਾਰ ਕਰਵਾ ਦਿੰਦਾ ਹੈ।ਪਰ ਉਦੋਂ ਹੀ ਉਸਨੂੰ ਅਹਿਸਾਸ ਹੁੰਦਾ ਹੈ ਕਿ ਜ਼ਮੀਲ ਤਾਂ ਦੁਸ਼ਮਣ ਫ਼ੌਜ਼ ਦਾ ਸਿਪਾਹੀ ਹੈ, ਦੇਸ਼ ਦਾ ਦੁਸ਼ਮਣ ਹੈ ਤੇ ਪੰਮੇ ਦੇ ਕਾਤਲਾਂ ਦਾ ਸਾਥੀ ਹੈ।ਮੁਖ ਪਾਤਰ ਦੀ ਉਸ ਸਮੇਂ ਦੀ ਦਵੰਦਮਈ ਮਾਨਸਿਕ ਹਾਲਤ ਨੂੰ ਕਹਾਣੀਕਾਰ ਨੇ ਇਉਂ ਬਿਆਨ ਕੀਤਾ ਹੈ:

> "ਮੈਂ ਉਸ ਵੱਲ ਨਿਸ਼ਾਨਾ ਸਾਧਣ ਲਈ ਰਾਈਫ਼ਲ ਦੇ ਟ੍ਰਾਈਗਰ 'ਤੇ ਉਂਗਲ ਦਾ ਦਬਾਉ ਪਾਉਣਾ ਸ਼ੁਰੂ ਕੀਤਾ ਸੀ।ਮੈਨੂੰ ਇਕ ਆਵਾਜ਼ ਸੁਣੀ ਸੀ।ਫੇਰ ਮੈਨੂੰ



> ਇਸ ਗੱਲ ਦਾ ਪਤਾ ਨਹੀਂ ਸੀ ਲੱਗਾ ਕਿ ਗੋਲੀ ਮੈਂ ਚਲਾਈ ਸੀ ਜਾਂ ਮੇਰੀ ਕੰਪਨੀ ਦੇ ਕਿਸੇ ਜੁਆਨ ਨੇ।ਜਦੋਂ ਮੈਨੂੰ ਹੋਸ਼ ਆਈ ਤਾਂ ਮੈਂ ਹਸਪਤਾਲ ਦੇ ਬੈੱਡ ਤੇ ਪਿਆ ਸੀ।"[4]

'ਡਰ' ਕਹਾਣੀ ਵਿਚ ਜਿੰਦਰ ਨੇ ਨਵੀਂ ਤੇ ਪੁਰਾਣੀ ਪੀੜ੍ਹੀ ਦੀ ਸੋਚ ਵਿਚਲੇ ਅੰਤਰ ਕਾਰਨ ਉਪਜੀਆਂ ਸਮੱਸਿਆਵਾਂ ਨੂੰ ਰੂਪਮਾਨ ਕੀਤਾ ਹੈ।ਦਫ਼ਤਰ ਵਿਚ ਕੰਮ ਕਰਨ ਵਾਲੇ 'ਮੈਂ' ਪਾਤਰ ਨੇ ਆਪਣੇ ਆਪ ਨੂੰ ਘਰ ਅਤੇ ਦਫ਼ਤਰ ਤੱਕ ਹੀ ਸੀਮਤ ਕਰ ਰੱਖਿਆ ਹੈ।ਪਰ ਉਸਦੇ ਦੋਵੇਂ ਮੁੰਡੇ ਜੋ ਕਿ ਨਵੀਂ ਸੋਚ ਦੇ ਧਾਰਨੀ ਹਨ ਆਪਣੀ ਜ਼ਿੰਦਗੀ ਆਪਣੀ ਮਰਜ਼ੀ ਅਨੁਸਾਰ ਜਿਉਣਾ ਚਾਹੁੰਦੇ ਹਨ।ਉਹ ਆਪਣੀ ਮੰਜ਼ਿਲ ਖੁਦ ਤਲਾਸ਼ਣਾ ਚਾਹੁੰਦੇ ਹਨ।ਪੁਰਾਣੀ ਸੋਚ ਵਾਲਾ ਉਨ੍ਹਾਂ ਦਾ ਪਿਉ ਉਨ੍ਹਾਂ ਦੀ ਖੁੱਲ੍ਹ ਤੋਂ, ਉਨ੍ਹਾਂ ਦੀ ਸੋਚ ਤੋਂ ਅਤੇ ਉਨ੍ਹਾਂ ਦੇ ਕੰਮਾਂ ਤੋਂ ਚਿੰਤਤ ਹੈ।ਇਹ ਚਿੰਤਾ ਹੀ ਉਸਨੂੰ ਮਾਨਸਿਕ ਉਲਝਣਾਂ ਵਿਚ ਗ੍ਰਸੀ ਰੱਖਦੀ ਹੈ।ਰਾਤ ਰਾਤ ਭਰ ਜਾਗਣਾ ਤੇ ਨੀਂਦ ਵਿਚ ਮਾੜੇ ਸੁਪਨਿਆਂ ਦਾ ਆਉਣਾ ਉਸਦੀ ਮਾਨਸਿਕ ਉਲਝਣਾਂ ਕਰਕੇ ਹੀ ਹੁੰਦਾ ਹੈ।ਇਸ ਕਹਾਣੀ ਵਿਚ ਉਹ ਇਕੱਲਾ ਨਹੀਂ ਹੈ ਜੋ ਆਪਣੇ ਜੁਆਨ ਮੁੰਡਿਆਂ ਦੀਆਂ ਸੋਚਾਂ ਤੋਂ ਚਿੰਤਤ ਹੈ।ਉਸਦਾ ਕੁਲੀਗ ਸੁਰਿੰਦਰਪਾਲ ਵੀ ਆਪਣੇ ਜੁਆਨ ਪੁੱਤ ਜੈਪਾਲ ਦੀਆਂ ਆਦਤਾਂ ਕਾਰਨ ਪਰੇਸ਼ਾਨ ਹੈ।ਉਹ ਮੁੱਖ ਪਾਤਰ ਨੂੰ ਕਹਿੰਦਾ ਹੈ:

> "ਯਾਰ ਕੀ ਕਰੀਏ, ਮੁੰਡੇ ਪਰਵਾਹ ਨ੍ਹੀਂ ਕਰਦੇ।ਮਾਂ ਪਿਉ ਨੂੰ ਤਾਂ ਫੂਦੂ ਸਮਝਦੇ ਆ।"[5]

'ਸੌਰੀ' ਕਹਾਣੀ ਇਸ ਕਹਾਣੀ ਸੰਗ੍ਰਹਿ ਵਿਚ ਦਰਜ ਇਕ ਬਹੁਤ ਹੀ ਮਹੱਤਵਪੂਰਨ ਕਹਾਣੀ ਹੈ।ਇਸ ਕਹਾਣੀ ਰਾਹੀਂ ਕਹਾਣੀਕਾਰ ਜਿੰਦਰ ਨੇ ਸਾਡੇ ਸੱਭਿਅਕ ਅਖਵਾਉਣ ਵਾਲੇ ਸਮਾਜ ਦੇ ਲੋਕਾਂ ਦੇ ਦਿਮਾਗਾਂ ਵਿਚ ਬੈਠੀ ਜਾਤ-ਪਾਤ, ਊਚ-ਨੀਚ ਦੀ ਮੋਟੀ ਅਸੱਭਿਅਕ ਕਾਲੀ ਪਰਤ ਨੂੰ ਆਪਣੀ ਤਿੱਖੀ ਚੋਭ ਵਾਲੀ ਕਲਮ ਨਾਲ ਖੁਰਚਣ ਦਾ ਯਤਨ ਕੀਤਾ ਹੈ।ਦੇਸ਼ ਦੇ ਵਿਕਾਸ ਵਿਚ ਜਾਤ-ਪਾਤ ਦਾ ਮਸਲਾ ਸਭ ਤੋਂ ਵੱਡੀ ਰੁਕਾਵਟ ਹੈ।ਇਸ ਕਹਾਣੀ ਵਿਚ ਬੰਤੀ ਨਾਂ ਦੀ ਇਕ ਨੀਵੀਂ ਜਾਤ (ਚਮਾਰ) ਦੀ ਔਰਤ ਦਾ ਬਿਰਤਾਂਤ ਹੈ।ਉਹ ਆਪਣੇ ਪਤੀ ਅਤੇ ਮੁੰਡੇ ਦੇਸੇ ਨਾਲ ਉੱਚੀ ਜਾਤ ਵਾਲਿਆਂ ਦੀ ਕਲੋਨੀ ਵਿਚ ਇਕ ਕਿਰਾਏ ਦੇ ਮਕਾਨ ਵਿਚ ਰਹਿੰਦੀ ਹੈ। ਉਹ ਅਤੇ ਉਸਦਾ ਪਤੀ ਵੱਖੋ ਵੱਖ ਥਾਂਵਾਂ 'ਤੇ ਚਪੜਾਸੀ ਲੱਗੇ ਹੋਏ ਹਨ।ਬੰਤੀ ਚਾਹੁੰਦੀ ਹੈ ਕਿ ਉਸਦਾ ਮੁੰਡਾ ਦੇਸਾ ਚੰਗੇ ਸਕੂਲ ਵਿਚ ਪੜ੍ਹੇ।ਮੋਟੀਆਂ ਫੀਸਾਂ ਦੀ ਉਹ ਕੋਈ ਪਰਵਾਹ ਨਹੀਂ ਮੰਨਦੀ। ਦੇਸਾ ਵੀ ਪੜ੍ਹਾਈ ਵਿਚ ਬਹੁਤ ਤੇਜ ਹੈ। ਆਪਣੀ ਕਾਬਲੀਅਤ ਕਰਕੇ ਉਹ ਉੱਚੀ ਜਾਤ ਵਾਲਿਆਂ ਦੀ ਅੱਖ ਵਿਚ ਰੜਕਦਾ ਰਹਿੰਦਾ ਹੈ।ਉਹ ਉਸ ਉਪਰ ਚੋਰੀ ਦੇ ਝੂਠੇ ਆਰੋਪ ਵੀ ਲਾਉਂਦੇ ਹਨ।ਉਹ ਚਾਹੁੰਦੇ ਹਨ ਕਿ ਬੰਤੀ ਇਸ ਕਲੌਨੀ ਵਿਚੋਂ ਚਲੀ ਜਾਵੇ। ਉਹ ਇਕੱਠੇ ਹੋ ਕੇ ਮਕਾਨ ਮਾਲਕ ਕੋਲ ਬੰਤੀ ਅਤੇ ਉਸਦੇ ਮੁੰਡੇ ਦੀ ਸ਼ਿਕਾਇਤ ਕਰਦੇ ਹਨ।ਮਕਾਨ ਮਾਲਕ ਉਨ੍ਹਾਂ ਦੀਆਂ ਦਲੀਲਾਂ ਸੁਣ ਕੇ ਬੰਤੀ ਤੋਂ ਮਕਾਨ ਖਾਲ੍ਹੀ ਕਰਵਾਉਣ ਲਈ ਰਾਜ਼ੀ ਹੋ ਜਾਂਦਾ ਹੈ। ਇਸ ਜਿੱਤ ਨੂੰ ਅੰਗ੍ਰੇਜ਼ੀ ਸ਼ਰਾਬ ਪੀ ਕੇ ਸੈਲੀਬਰੇਟ ਕਰਦੇ ਹਨ ਤੇ ਨਾਲ ਹੀ ਨੀਵੀਂ ਜਾਤ ਬਾਰੇ ਬੇਤੁਕੀਆਂ ਰਾਵਾਂ ਵੀ ਦਿੰਦੇ ਹਨ:

> "ਇਹਨਾਂ ਦੇ ਜੀਨਜ਼ ਚੋਰੀਆਂ ਨਾਲ ਭਰੇ ਹੋਏ।...ਤੁਸੀਂ ਭਾਵੇਂ ਕੰਪਿਊਟਰ 'ਚ ਪਾ ਕੇ ਦੇਖ ਲਉ।...ਕੰਪਿਊਟਰ ਕਦੇ ਝੂਠ ਨਹੀਂ ਬੋਲ ਸਕਦਾ।...ਖ਼ਾਨਦਾਨ ਐਵੇਂ ਤਾਂ ਨਹੀਂ ਪਰਖੇ ਜਾਂਦੇ ਨੇ।"[6]

ਇਸ ਕਹਾਣੀ ਵਿਚ ਜਿੰਦਰ ਨੇ ਉਚੇ ਆਹੁਦਿਆਂ ਤੇ ਬੈਠੇ ਸ਼ਹਿਰ ਵਿਚ ਰਹਿੰਦੇ ਨੀਵੀਂ ਜਾਤ ਦੇ ਲੋਕਾਂ ਦੁਆਰਾ ਆਪਣੀ ਜਾਤ ਛੁਪਾਉਣ ਦੀ ਸਮੱਸਿਆ ਬਾਰੇ ਨੂੰ ਵੀ ਕੇਂਦਰ ਵਿਚ ਲਿਆ ਹੈ। ਮੈਂ ਪਾਤਰ ਨੀਵੀਂ ਜਾਤ ਦਾ ਹੈ ਪਰ ਸ਼ਹਿਰ ਵਿਚ ਉਹ ਆਪਣੀ ਜਾਤ ਛੁਪਾਉਂਦਾ ਹੈ।ਉਹ ਆਪਣੇ

ਯਾਰਾਂ-ਮਿੱਤਰਾਂ ਵਿਚ ਆਪਣੇ ਆਪ ਨੂੰ ਉੱਚੀ ਜਾਤ ਦਾ ਹੋਣ ਦਾ ਢੋਂਗ ਕਰਦਾ ਹੈ। ਉਹ ਬੰਤੀ ਨਾਲ ਦਿਲੋਂ ਹਮਦਰਦੀ ਕਰਦਾ ਹੈ ਪਰ ਖੁਲ੍ਹ ਕੇ ਉਸਦੀ ਮਦਦ ਕਰਨੋਂ ਵੀ ਡਰਦਾ ਹੈ। ਉਹ ਆਪਣੀ ਨੀਵੀਂ ਜਾਤ ਦਾ ਭੇਦ ਛੁਪਾ ਕੇ ਰੱਖਣ ਲਈ ਅਜਿਹਾ ਕਰਦਾ ਹੈ। ਉਸਦੇ ਮੁਕਾਬਲੇ ਬੰਤੀ ਗਰੀਬ ਹੋ ਕੇ ਵੀ ਆਪਣੀ ਨੀਵੀਂ ਜਾਤ ਬਾਰੇ ਖੁਲ੍ਹ ਕੇ ਗੱਲ ਕਰਦੀ ਹੈ। ਉਹ ਮੁੱਖ ਪਾਤਰ ਦੁਆਰਾ ਉਸਦੀ ਜਾਤ ਪੁਛਣ ਬਾਰੇ ਕਹਿੰਦੀ ਹੈ:

> "ਤੁਹਾਨੂੰ ਨ੍ਹੀਂ ਪਤਾ ? ਚਮਾਰ" ਕਹਿੰਦੀਆਂ ਉਸ ਦੇ ਚਿਹਰੇ 'ਤੇ ਆਤਮ ਸੰਤੁਸ਼ਟੀ ਦੇ ਭਾਵ ਉਭਰੇ ਸਨ।"7

ਗਲਪ ਅਲੋਚਕ ਡਾ. ਉਪਿੰਦਰਜੀਤ 'ਸੌਗੀ' ਕਹਾਣੀ ਬਾਰੇ ਲਿਖਦੀ ਹੈ:

> "ਭਾਰਤੀ ਸਮਾਜ ਵਿਚ ਦਲਿਤ ਨੇ ਹਰ ਯੁਗ ਵਿਚ ਤ੍ਰਿਸਕਾਰ ਹੀ ਸਹਿਆ ਹੈ ਅਤੇ ਇਸ ਦੀਆਂ ਜੜ੍ਹਾਂ ਏਨੀਆਂ ਡੂੰਘੀਆਂ ਹਨ ਕਿ ਵੀਹਵੀਂ-ਇੱਕਵੀਂ ਸਦੀ ਵਿਚ ਪ੍ਰਵੇਸ਼ ਕਰਨ ਨਾਲ ਭਾਰਤ ਵਿਚ ਦਲਿਤਾਂ ਨੂੰ ਆਪਣੇ ਹੁਨਰ ਅਤੇ ਲਿਆਕਤ ਨੂੰ ਸਿੱਧ ਕਰਨ ਦੇ ਮੌਕੇ ਮਿਲਣ ਦੇ ਬਾਵਜੂਦ ਵੀ ਉਨ੍ਹਾਂ ਦੀ ਸਮਾਜ ਵਿਚ ਬਣਦੀ ਸਪੇਸ ਨੂੰ ਸਮਾਜ ਵਿਚ ਕਾਇਮ ਸੱਤਾਧਾਰੀ ਧਿਰ ਵੱਲੋਂ ਮੰਜ਼ੂਰ ਨਹੀਂ ਕੀਤਾ ਜਾ ਰਿਹਾ। ਦਰਅਸਲ ਭਾਰਤ ਅਜੇ ਵੀ ਵਰਗ ਅਤੇ ਵਰਣ ਵਿਵਸਥਾ ਵਿਚ ਵੰਡਿਆ ਹੋਇਆ ਹੈ। ਮੱਧਵਰਗ ਨਾ ਤਾਂ ਨਿਮਨ ਵਰਗ ਦੇ ਵਿਅਕਤੀ ਨੂੰ ਕਬੂਲਦਾ ਹੈ ਅਤੇ ਨਾ ਹੀ ਨਿਮਨ ਜਾਤੀ ਦੇ ਵਿਅਕਤੀ ਨੂੰ ਕਬੂਲਣ ਲਈ ਤਿਆਰ ਹੈ।"8

'ਜਿੱਤ' ਕਹਾਣੀ ਵਿਚ ਕਹਾਣੀਕਾਰ ਜਿੰਦਰ ਨੇ ਭਾਰਤੀ ਮੂਲ ਦੇ ਅਮਰੀਕੀ ਸਿਪਾਹੀ ਹਰਮਿੰਦਰ ਦੀ ਮਾਨਸਿਕ ਦਵੰਦਮਈ ਸਥਿਤੀ ਨੂੰ ਬਿਆਨ ਕੀਤਾ ਹੈ। ਹਰਮਿੰਦਰ 'ਅਪ੍ਰੇਸ਼ਨ ਇਰਾਕੀ ਫ੍ਰੀਡਮ' ਵਿਚ ਸ਼ਾਮਿਲ ਹੋਣ ਕਰਕੇ ਇਰਾਕ ਵਿਚ ਤੈਨਾਤ ਹੈ। ਉਨ੍ਹਾਂ ਨੂੰ ਸੂਚਨਾ ਮਿਲਦੀ ਹੈ ਕਿ ਕੋਈ ਇਰਾਕੀ ਔਰਤ ਆਪਣੀ ਢਿੱਡ ਨਾਲ ਡਾਇਨਾਮਾਈਟ ਬੰਨ੍ਹ ਕੇ ਉਨ੍ਹਾਂ ਦੀ ਚੈੱਕ ਪੋਸਟ ਵੱਲ ਆ ਰਹੀ ਹੈ। ਜਦ ਉਹ ਔਰਤ ਕਮਾਂਡਰ ਦੇ ਕਹਿਣ 'ਤੇ ਵੀ ਨਹੀਂ ਰੁਕਦੀ ਤਾਂ ਹਰਮਿੰਦਰ ਉਸ ਨੂੰ ਗੋਲੀ ਮਾਰ ਦਿੰਦਾ ਹੈ। ਨੇੜੇ ਤੋਂ ਜਦ ਉਸਦਾ ਮੁਆਇਨਾ ਕੀਤਾ ਜਾਂਦਾ ਹੈ ਤਾ ਉਹ ਦੇਖਦੇ ਹਨ ਕਿ ਉਸ ਕੋਲ ਕੋਈ ਹਥਿਆਰ ਨਹੀਂ ਸੀ ਬਲਕਿ ਇਕ ਬੀਮਾਰ ਛੋਟਾ ਜਿਹਾ ਬੱਚਾ ਸੀ ਜਿਸ ਨੂੰ ਉਸਨੇ ਆਪਣੇ ਢਿੱਡ ਨਾਲ ਲਾਇਆ ਹੁੰਦਾ ਹੈ। ਇਸ ਘਟਨਾ ਨੇ ਹਰਮਿੰਦਰ ਦੀ ਮਾਨਸਿਕਤਾ ਉਪਰ ਬਹੁਤ ਗਹਿਰਾ ਅਸਰ ਪਾਇਆ। ਉਹ ਆਪਣੇ ਆਪ ਨੂੰ ਇਕ ਨਿਰਦੋਸ਼ ਔਰਤ ਨੂੰ ਮਾਰਨ ਦਾ ਦੋਸ਼ੀ ਮੰਨਦਾ ਹੈ। ਇਕ ਛੋਟੇ ਬੱਚੇ ਨੂੰ ਉਸਦੀ ਮਾਂ ਤੋਂ ਅਲੱਗ ਕਰਨ ਦਾ ਦੋਸ਼ੀ ਸਮਝਦਾ ਹੈ। ਅਮਰੀਕਾ ਵਿਚ ਰਹਿ ਕੇ ਵੀ ਭਾਰਤੀ ਸੰਸਕਾਰ ਉਸ ਉਪਰ ਹਾਵੀ ਰਹਿੰਦੇ ਹਨ। ਭਾਰਤੀ ਸੰਸਕਾਰਾਂ ਵਿਚ ਔਰਤ ਦੀ ਹੱਤਿਆ ਬਹੁਤ ਵੱਡਾ ਪਾਪ ਸਮਝਿਆ ਜਾਂਦਾ ਹੈ। ਹਰਮਿੰਦਰ ਦੀ ਪ੍ਰੇਮਿਕਾ ਮੈਰੀ ਉਸਨੂੰ ਭਾਰਤੀ ਸੰਸਕਾਰਾਂ ਤੋਂ ਮੁਕਤ ਹੋਣ ਲਈ ਕਈ ਵਾਰ ਕਹਿ ਚੁੱਕੀ ਹੈ:

> "ਹੈਰੀ, ਮੈਂ ਤੈਨੂੰ ਕਿੰਨੀ ਵਾਰ ਕਹਿ ਚੁੱਕੀ ਆਂ ਕਿ ਪਹਿਲਾਂ ਆਪਣੇ ਅੰਦਰ ਬੈਠੇ ਇੰਡੀਅਨ ਨੂੰ ਮਾਰ। ਤੂੰ ਇਸ ਗੱਲ ਨੂੰ ਕਿਉਂ ਭੁੱਲ ਜਾਂਦਾ ਕਿ ਤੂੰ ਹੁਣ ਅਮੈਰਕਿਨ ਆਂ। ਤੂੰ ਅਮੈਰਕਿਨ ਆਰਮੀ ਦਾ ਅਹਿਮ ਸੋਲਜ਼ਰ ਆਂ। ਸਰਕਾਰ ਤੈਨੂੰ ਇਸੇ ਗੱਲ ਦੀ ਤਨਖਾਹ ਦਿੰਦੀ ਆ। ਤੂੰ ਸਿਰਫ਼ ਤੇ ਸਿਰਫ਼ ਜਿੱਤ ਬਾਰੇ ਸੋਚ।"9

'ਹਮਜ਼ਾਦ' ਕਹਾਣੀ ਵੀ ਉੱਤਮ-ਪੁਰਖੀ ਵਿਧੀ ਨਾਲ ਲਿਖੀ ਹੋਈ ਇਕ ਉੱਤਮ ਕਹਾਣੀ ਹੈ। ਕਹਾਣੀ ਵਿਚ ਮੁੱਖ ਤੌਰ 'ਤੇ ਪਿਤਾ ਅਤੇ ਪੁੱਤਰ ਵਿਚਕਾਰ ਵਿਕਸਤ ਹੋਣ ਵਾਲੇ ਤਨਾਉ ਪੂਰਨ



ਰਿਸ਼ਤੇ ਨੂੰ ਪੇਸ਼ ਕੀਤਾ ਗਿਆ ਹੈ। ਅਜੋਕੇ ਮੁਕਾਬਲੇਬਾਜੀ ਵਾਲੇ ਦੌਰ ਵਿਚ ਮਨੁੱਖੀ ਜੀਵਨ ਸ਼ੈਲੀ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ। ਘਰ ਦੀਆਂ ਆਰਥਿਕ ਲੋੜਾਂ ਨੂੰ ਪੂਰਾ ਕਰਨ ਦੀ ਜਦੋ-ਜਹਿਦ ਵਿਚ ਪਰਿਵਾਰਕ ਰਿਸ਼ਤਿਆਂ ਵਿਚਲਾ ਸੰਤੁਲਨ ਵਿਗੜਦਾ ਜਾ ਰਿਹਾ ਹੈ। ਇਸ ਕਹਾਣੀ ਵਿਚ ਮੁਖ ਪਾਤਰ ਪਿਤਾ ਅਤੇ ਉਸਦਾ ਪੁੱਤਰ ਅਜੋਕੇ ਪੂੰਜੀਵਾਦੀ ਦੌਰ ਵਿਚ ਆਪਣੇ ਆਪ ਨੂੰ ਕਾਇਮ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰਦੇ ਨਜ਼ਰ ਆਉਂਦੇ ਹਨ। ਇਸ ਕਹਾਣੀ ਬਾਰੇ ਡਾ. ਗੁਰਜੀਤ ਕੌਰ ਲਿਖਦੀ ਹੈ:

> "ਇਕ ਪਰੰਪਰਾਗਤ ਸੋਚ ਵਾਲਾ ਪਿਤਾ ਆਪਣੇ ਬੇਟੇ ਨੂੰ 'ਸੈੱਟ' ਹੁੰਦਿਆਂ ਵੇਖਣਾ ਚਾਹੁੰਦਾ ਹੈ, ਉਸਦੀ ਜ਼ਿੰਮੇਵਾਰੀ ਨੂੰ ਵਿਆਹ ਤੱਕ ਨਿਭਾਉਣਾ ਚਾਹੁੰਦਾ ਹੈ ਪਰ ਬੇਟਾ ਇਕ ਨਵੇਂ ਸਿਸਟਮ ਦਾ ਸਾਹਮਣਾ ਕਰ ਰਿਹਾ ਹੈ ਜਿਸ ਵਿਚ ਉਸਨੂੰ ਆਪਣੇ ਫੈਸਲੇ ਖ਼ੁਦ ਹੀ ਲੈਣੇ ਪੈਂਦੇ ਹਨ। ਇਸ ਤਰ੍ਹਾਂ ਦੀ ਸਥਿਤੀ ਵਿਚ ਆਪਸੀ ਰਿਸ਼ਤਾ ਕਦੀ ਬਣਦਾ ਹੈ, ਕਦੀ ਟੁੱਟਦਾ ਹੈ।...ਪਿਤਾ ਦਾ ਤਨਾਉ ਇਕ ਪੜਾਅ 'ਤੇ ਆ ਕੇ ਬੇਟਾ ਹੰਢਾ ਰਿਹਾ ਹੁੰਦਾ ਹੈ।"10

'ਜ਼ਖ਼ਮ' ਕਹਾਣੀ ਜਿੰਦਰ ਦੀਆਂ ਬਹੁਤ ਚਰਚਿਤ ਕਹਾਣੀਆਂ ਵਿਚੋਂ ਇਕ ਹੈ। ਇਸ ਕਹਾਣੀ ਵਿਚ ਜਿੰਦਰ ਨੇ ਮੈਂ ਪਾਤਰ ਦੇ ਤਾਏ ਦੇ ਪੈਰ ਦੇ ਜ਼ਖ਼ਮ ਨੂੰ ਉਸਦੀ ਮਨੋਸਥਿਤੀ 'ਤੇ ਡੂੰਘੇ ਲਹਿ ਗਏ ਜ਼ਖ਼ਮਾਂ ਨਾਲ ਇਕ-ਮਿੱਕ ਕਰਕੇ ਪੇਸ਼ ਕੀਤਾ ਹੈ। ਇਸ ਕਹਾਣੀ ਵਿਚ ਭਾਰਤ ਪਾਕਿ ਵੰਡ ਦੇ ਸਮੇਂ ਹੋਏ ਮਨੁੱਖੀ ਜਾਨ-ਮਾਲ ਦੇ ਨੁਕਸਾਨ ਨੂੰ ਬੜੇ ਸੰਵੇਦਨਾਮਈ ਢੰਗ ਨਾਲ ਦੱਸਿਆ ਗਿਆ ਹੈ। ਭਾਰਤ ਪਾਕਿ ਦੀ ਵੰਡ ਨੇ ਲੱਖਾਂ ਘਰ ਉਜਾੜ ਦਿੱਤੇ, ਲੱਖਾਂ ਲੋਕ ਆਪਣੇ ਸਕੇ-ਸੰਬੰਧੀਆਂ ਤੋਂ ਵਿਛੱੜ ਗਏ। ਇਸ ਵੰਡ ਨੇ ਮਾਰ ਕਾਟ ਤੋਂ ਬਾਅਦ ਬੱਚ ਗਏ ਉਨ੍ਹਾਂ ਦੇ ਸਕੇ-ਸੰਬੰਧੀਆਂ ਦੇ ਮਨਾਂ ਤੇ ਅਜਿਹੇ ਜ਼ਖ਼ਮ ਦਿੱਤੇ ਜੋ ਕਦੇ ਨਾ ਭਰ ਸਕੇ। ਕਹਾਣੀ ਵਿਚ ਮੈਂ ਪਾਤਰ ਦਾ ਤਾਇਆ ਮੁਸਲਮਾਨਾਂ ਦੇ ਛੋਟੇ ਛੋਟੇ ਬੱਚਿਆਂ ਨੂੰ ਆਪਣੇ ਸਾਥੀਆਂ ਨਾਲ ਮਿਲ ਕੇ ਜਿਉਂਦੇ ਜੀਅ ਖੱਡ ਵਿਚ ਸੁੱਟ ਕੇ ਦੱਬ ਦਿੰਦਾ ਹੈ। ਉਸਨੂੰ ਸਾਰੀ ਉਮਰ ਇਸ ਦੁਖਦਾਈ ਘਟਨਾ ਦਾ ਪਛਤਾਵਾ ਰਹਿੰਦਾ ਹੈ। ਉਹ ਮੈਂ ਪਾਤਰ ਤੇ ਉਸਦੇ ਸਾਥੀਆਂ ਨੂੰ ਦੱਸਦਾ ਹੈ ਕਿ ਉਸ ਸਮੇਂ ਦੇਸ਼ ਵਿਚ ਅਜਿਹੀ ਜ਼ਹਿਰੀਲੀ ਹਵਾ ਚੱਲੀ ਕਿ ਚੰਗੇ ਭੱਲੇ ਇੱਕਠੇ ਹੱਸਦੇ ਵਸਦੇ ਲੋਕ ਹੈਵਾਨ ਬਣ ਕੇ ਇਕ ਦੂਜੇ ਦੀ ਜਾਨ ਦੇ ਵੈਰੀ ਬਣ ਗਏ। ਉਹ ਆਪਣੇ ਪੈਰ ਤੇ ਹੋਏ ਜ਼ਖ਼ਮ ਨੂੰ ਉਸ ਸਮੇਂ ਕੀਤੇ ਪਾਪਾਂ ਦਾ ਕਾਰਨ ਮੰਨਦਾ ਹੋਇਆ ਕਹਿੰਦਾ ਹੈ:

> "ਮੈਂ ਆਪਣੇ ਜਿਉਂਦੇ ਜੀਅ ਇਹ ਜ਼ਖ਼ਮ ਨ੍ਹੀਂ ਭਰਣ ਦੇਣੇ। ਇਹ ਜ਼ਖ਼ਮ ਰਿੱਸਦੇ ਰਹਿਣੇ ਚਾਹੀਦੇ ਆ। ਇਨ੍ਹਾਂ 'ਚ ਵਾਰ ਵਾਰ ਕੀੜੇ ਪੈਣੇ ਚਾਹੀਦੇ ਆ।"11

ਇਸ ਕਹਾਣੀ ਵਿਚ ਉਸ ਸਮੇਂ ਦੇ ਸਮਾਜਿਕ ਹਾਲਾਤ ਨੂੰ ਤਾਂ ਪੇਸ਼ ਕੀਤਾ ਹੀ ਹੈ ਨਾਲ ਹੀ ਨਾਲ ਰਾਜਨੀਤਕ ਹਾਲਾਤ ਉਪਰ ਵੀ ਰੌਸ਼ਨੀ ਪਾਈ ਹੈ। ਉਸ ਸਮੇਂ ਦੇ ਸੱਤਾਧਾਰੀ ਲੋਕ ਆਪਣੇ ਆਰਥਿਕ, ਰਾਜਸੀ ਤੇ ਸਮਾਜਿਕ ਰੁਤਬੇ ਲਈ ਕਿਸ ਤਰ੍ਹਾਂ ਦੇਸ਼ ਨੂੰ ਸੰਪ੍ਰਦਾਇਕ ਅੱਗ ਦੀ ਭੱਠੀ ਵਿਚ ਝੋਂਕਦੇ ਹਨ। ਇਸ ਦੀਆਂ ਗੁੱਝੀਆਂ ਪਰਤਾਂ ਵੀ ਜਿੰਦਰ ਨੇ ਇਸ ਕਹਾਣੀ ਵਿਚ ਖੋਲ੍ਹੀਆਂ ਹਨ।

'ਰਫਤਾਰ' ਕਹਾਣੀ ਵਿਚ ਜਿੰਦਰ ਨੇ ਤਿੰਨ ਪੀੜ੍ਹੀਆਂ ਨੂੰ ਇਕ ਦੂਜੇ ਨਾਲ ਜੁੜੀਆਂ ਕੜੀਆਂ ਦੇ ਰੂਪ ਵਿਚ ਬਾਖੂਬੀ ਬਿਆਨ ਕੀਤਾ ਹੈ। ਕਹਾਣੀ ਦੀ ਮੁੱਖ ਪਾਤਰ ਪੂਨਮ ਨਾਂ ਦੀ ਅਗਾਂਹ ਵਧੂ ਸੋਚ ਰੱਖਣ ਵਾਲੀ ਕੁੜੀ ਹੈ। ਉਹ ਅਜੋਕੇ ਕੰਪਿਊਟਰੀ ਯੁਗ ਨਾਲ ਮੋਢਾ ਮੇਚ ਕੇ ਚੱਲਣ ਵਾਲੀ ਕੁੜੀ ਹੈ। ਕਹਾਣੀਕਾਰ ਇਸ ਕਹਾਣੀ ਰਾਹੀਂ ਦੱਸਦਾ ਹੈ ਕਿ ਅਜੋਕੀ ਨਵੀਂ ਪੀੜ੍ਹੀ ਸੂਚਨਾ ਕ੍ਰਾਂਤੀ ਤੋਂ ਪ੍ਰਭਾਵਿਤ ਤੇਜ਼ ਰਫ਼ਤਾਰ ਜ਼ਮਾਨੇ ਵਿਚ ਆਪਣੇ ਸੁਆਰਥ ਤੱਕ ਸੀਮਤ ਹੋ ਕੇ ਰਹਿ ਗਈ ਹੈ। ਨਵੀਂ ਅਤੇ ਪੁਰਾਣੀ ਪੀੜ੍ਹੀ ਦੇ ਵਿਚਾਰਾਂ ਦੇ ਟਕਰਾਉ ਨੂੰ ਜਿੰਦਰ ਇਸ ਕਹਾਣੀ ਵਿਚ ਬਾਖ਼ੂਬੀ ਰੂਪਮਾਨ ਕੀਤਾ ਹੈ।

'ਪਾਪ' ਕਹਾਣੀ ਆਪਣੇ ਸਿਰਲੇਖ ਤੋਂ ਹੀ ਪਾਠਕ ਤੇ ਅਲੋਚਕ ਨੂੰ ਆਕਰਸ਼ਿਤ ਕਰਨ ਦੀ

ਸਮਰੱਥਾ ਰੱਖਦੀ ਹੈ। ਭਾਰਤੀ ਸ਼ਾਸਤਰਾਂ, ਵੇਦਾਂ, ਧਾਰਮਿਕ ਗ੍ਰੰਥਾਂ ਵਿਚ ਮਨੁੱਖ ਲਈ ਕਈ ਕੰਮ ਵਰਜਿਤ ਕੀਤੇ ਹੋਏ ਹਨ। ਭਾਰਤੀ ਧਰਮ ਸ਼ਾਸਤਰਾਂ ਵਿਚ ਭਾਰਤੀ ਸਮਾਜ ਲਈ ਇਕ ਲਛਮਣ ਰੇਖਾ ਸਿਰਜੀ ਹੋਈ ਹੈ। ਇਸ ਲਛਮਣ ਰੇਖਾ ਨੂੰ ਉਲੰਘਣਾ 'ਪਾਪ' ਸਮਝਿਆ ਜਾਂਦਾ ਹੈ। ਕਰਮ ਫਲ ਦਾ ਸਿਧਾਂਤ ਵੀ ਇਸ ਪਿਛੇ ਕੰਮ ਕਰਦਾ ਨਜ਼ਰ ਆਉਂਦਾ ਹੈ। ਸਾਨੂੰ ਸੰਸਕਾਰ ਇਹ ਸਿਖਾਉਂਦੇ ਹਨ ਕਿ ਵਿਆਹ ਬਾਹਰੇ ਸੰਬੰਧ ਇਸਤਰੀ ਪੁਰਸ਼ ਦੋਹਾਂ ਲਈ ਵਰਜਿਤ ਹਨ। ਜੇਕਰ ਕੋਈ ਇਸਤਰੀ ਜਾਂ ਪੁਰਸ਼ ਪਰਾਏ ਸਰੀਰ ਨੂੰ ਭੋਗਦਾ ਹੈ ਤਾਂ ਉਹ ਬਹੁਤ ਵੱਡਾ ਕੁਕਰਮ ਕਰ ਰਿਹਾ ਹੈ, ਪਾਪ ਕਰ ਰਿਹਾ ਹੈ।

ਕਹਾਣੀ 'ਪਾਪ' ਵਿਚ ਹਰਕਿਰਨ ਨਾਂ ਦੀ ਬ੍ਰਾਹਮਣ ਵਰਗ ਨਾਲ ਸੰਬੰਧ ਰੱਖਣ ਵਾਲੀ ਕੰਮਕਾਜੀ ਔਰਤ ਦਾ ਬਿਰਤਾਂਤ ਹੈ। ਉਸਦਾ ਪਤੀ ਅਤੇ ਪੁੱਤਰ ਦੋਵੇਂ ਸਰੀਰਕ ਪੱਖ ਤੋਂ ਅਸਮਰੱਥ ਹਨ। ਪਤੀ ਅਧਰੰਗ ਦਾ ਮਰੀਜ਼ ਹੈ ਅਤੇ ਪੁੱਤਰ ਮਾਨਸਿਕ ਤੌਰ 'ਤੇ ਕਮਜ਼ੋਰ ਹੈ। ਇਸ ਲਈ ਘਰ ਦੀ ਜ਼ਿੰਮੇਵਾਰੀ ਹਰਕਿਰਨ ਉਪਰ ਹੀ ਹੈ। ਘਰ ਦੀਆਂ ਆਰਥਿਕ ਜ਼ਰੂਰਤਾਂ ਪੂਰੀਆਂ ਕਰਨ ਲਈ ਉਸ ਨੂੰ ਆਪਣੇ ਦਫ਼ਤਰ ਦੇ ਉੱਚ ਅਧਿਕਾਰੀ ਨਾਲ ਮਜ਼ਬੂਰਨ ਸਰੀਰਕ ਸੰਬੰਧ ਬਣਾਉਣੇ ਪੈਂਦੇ ਹਨ। ਉਸ ਨੂੰ ਪੁੱਤਰ ਅਤੇ ਪਤੀ ਦੀ ਖਾਤਿਰ ਕੀਤੇ ਦੇਹ-ਸਮਝੌਤਿਆਂ ਤੋਂ ਬੈਚੇਨੀ ਅਤੇ ਦੁੱਖ ਹੁੰਦਾ ਹੈ। ਪਰ ਇਨ੍ਹਾਂ ਸਮਝੌਤਿਆਂ ਪਿਛੇ ਕਿਤੇ ਨਾ ਕਿਤੇ ਉਸਦੀ ਆਪਣੀ ਵੀ ਸਰੀਰਕ ਮਜ਼ਬੂਰੀ ਹੈ। ਇਸ ਬਾਰੇ ਉਹ ਆਪ ਮੰਨਦੀ ਹੈ:

> "ਮੈਂ ਕਿਉਂ ਝੂਠ ਬੋਲਾਂ। ਜਦੋਂ ਮੈਂ ਮਾਨਿਆ ਹੈ ਤਾਂ ਮਾਨਿਆ ਹੀ ਕਹਾਂਗੀ, ਆਖ਼ਰ ਮੈਂ ਵੀ ਔਰਤ ਹਾਂ, ਮੇਰੀਆਂ ਵੀ ਸਰੀਰਕ ਲੋੜਾਂ ਹਨ, ਮਾਇਕ ਲੋੜਾਂ ਵੀ ਹਨ, ਕਦੇ ਸਰੀਰਕ ਲੋੜਾਂ ਪ੍ਰਥਮ ਹੁੰਦੀਆਂ, ਕਦੇ ਮਾਇਕ ਲੋੜਾਂ। ਫੇਰ ਜੇ ਮਰਦ ਆਪਣੀ ਪਸੰਦ ਦਾ ਮਿਲ ਜਾਵੇ ਤਾਂ ਕਿਆ ਕਹਿਣੇ।"[12]

'ਮੀਤੂ ਜਿੰਦਾਬਾਦ' ਮਲਕੀਤ ਨਾਂ ਦੇ ਇਕ ਪਰਵਾਸੀ ਭਾਰਤੀ ਦੀ ਕਹਾਣੀ ਹੈ। ਜਿੰਦਰ ਨੇ ਇਸ ਕਹਾਣੀ ਰਾਹੀਂ ਪਰਵਾਸ ਦੀਆਂ ਅਨੇਕਾਂ ਹੀ ਸਮੱਸਿਆਵਾਂ ਨੂੰ ਰੂਪਮਾਨ ਕੀਤਾ ਹੈ। ਪਰਵਾਸ ਦੀ ਸਭ ਤੋਂ ਵੱਡੀ ਸਮੱਸਿਆ ਪੀੜ੍ਹੀ-ਪਾੜੇ ਦੀ ਸਮੱਸਿਆ ਹੈ। ਪੀੜ੍ਹੀ-ਪਾੜੇ ਦੀ ਸਮੱਸਿਆ ਤੋਂ ਅੱਗੇ ਅਲਗਾਓ (ਇਕੱਲਤਾ) ਦੀ ਸਮੱਸਿਆ ਪੈਦਾ ਹੁੰਦੀ ਹੈ। ਮਲਕੀਤ ਉਰਫ਼ ਮੀਤੂ ਆਪਣੇ ਪੁੱਤਰ ਵਿਕਾਸ ਤੋਂ ਅਲੱਗ ਦੋ ਸੋ ਮੀਲ ਦੂਰ ਇਕ ਵੱਖਰੇ ਸ਼ਹਿਰ ਵਿਚ ਰਹਿੰਦਾ ਹੈ। ਉਸਦੀ ਪਤਨੀ ਰੋਡ ਐਕਸੀਡੈਂਟ ਵਿਚ ਮਾਰੀ ਜਾਂਦੀ ਹੈ। ਪਤਨੀ ਦੀ ਮੌਤ ਪਿਛੋਂ ਉਹ ਆਪਣੀ ਮਾਂ ਦੇ ਕਹਿਣ 'ਤੇ ਲੁਧਿਆਣੇ ਰਹਿਣ ਲੱਗ ਜਾਂਦਾ ਹੈ। ਉਹ ਲੁਧਿਆਣੇ ਫੈਕਟਰੀ ਲਗਾ ਲੈਂਦਾ ਹੈ। ਪਰ ਮੁਕਾਬਲੇਬਾਜੀ ਦੇ ਇਸ ਦੌਰ ਵਿਚ ਉਹ ਦੋਸਤਾਂ ਹੱਥੋਂ ਮਾਤ ਖਾ ਜਾਂਦਾ ਹੈ। ਦੁੱਖੀ ਹੋ ਕੇ ਮੁੜ ਇੰਗਲੈਂਡ ਆ ਜਾਂਦਾ ਹੈ। ਹੁਣ ਉਸਨੂੰ ਲਗਦਾ ਹੈ ਕਿ ਉਸਨੇ ਬਹੁਤ ਭੱਜ ਦੋੜ ਕਰ ਲਈ ਹੈ, ਬਹੁਤ ਅਸੂਲ ਪਾਲ ਲਏ ਹਨ, ਹੁਣ ਉਸਦੀ ਉਮਰ ਵੀ ਉਸਨੂੰ ਇਕੱਲਾ ਰਹਿਣ ਦੀ ਇਜ਼ਾਜਤ ਨਹੀਂ ਦਿੰਦੀ। ਉਹ ਫੈਸਲਾ ਕਰਦਾ ਹੈ ਕਿ ਹੁਣ ਉਹ ਸਭ ਕੁਝ ਵੇਚ ਵੱਟ ਕੇ ਆਪਣੇ ਪੁੱਤ ਵਿਕਾਸ ਕੋਲ ਚਲਾ ਜਾਵੇਗਾ। ਉਹ ਸਾਰੀ ਤਿਆਰੀ ਕਰ ਲੈਂਦਾ ਹੈ ਪਰ ਸ਼ਰਾਬ ਦਾ ਨਸ਼ਾ ਉਸਦੇ ਸੁਤੇ ਜਾ ਮਰ ਚੁੱਕੇ ਅਸੂਲਾਂ ਨੂੰ ਜਗਾ ਦਿੰਦਾ ਹੈ। ਉਹ ਸ਼ਰਾਬ ਦੇ ਲੋਰ ਵਿਚ ਆਇਆ ਆਪਣੇ ਪੁੱਤ ਨੂੰ ਗਾਲਾਂ ਕੱਢਦਾ ਹੈ ਕਿ ਉਸਨੇ ਬਿਨਾ ਉਸਨੂੰ ਦੱਸੇ ਵਿਆਹ ਕਿਉਂ ਕੀਤਾ।

ਜਿੰਦਰ ਨੇ ਮੀਤੂ ਦੇ ਇਲਾਵਾ ਇੰਗਲੈਂਡ ਵਿਚ ਰਹਿੰਦੇ ਹੋਰ ਭਾਰਤੀ ਪਰਵਾਸੀਆਂ ਦੀਆਂ ਸਮੱਸਿਆਵਾਂ ਨੂੰ ਵੀ ਜਗ ਜਾਹਿਰ ਕੀਤਾ ਹੈ। ਉੱਥੇ ਵੱਸਦੇ ਨਵੀਂ ਪੀੜ੍ਹੀ ਦੇ ਨੌਜੁਆਨਾਂ ਦਾ ਪੁਰਾਣੀ ਪੀੜ੍ਹੀ ਦੇ ਆਪਣੇ ਮਾਂ ਪਿਉ ਤੋਂ ਵੱਖ ਰਹਿਣਾ ਤੇ ਪੁਰਾਣੀ ਪੀੜ੍ਹੀ ਦੇ ਲੋਕਾਂ ਦਾ ਭਾਰਤ ਵਾਪਸ ਆਉਣ ਜਾਂ ਨਾ ਆਉਣ ਵਾਲੀ ਦੁਚਿਤੀ ਵਿਚ ਫਸੇ ਹੋਏ ਵੀ ਕਹਾਣੀਕਾਰ ਜਿੰਦਰ ਨੇ ਦਿਖਾਇਆ ਹੈ।

ਕਹਾਣੀ 'ਹਵੇਲੀ' ਵਿਚ ਜਿੰਦਰ ਨੇ ਭਾਰਤ ਪਾਕਿ ਵੰਡ ਦੇ ਦਰਦ ਨੂੰ ਸਿਰਜਿਆ ਹੈ।



ਪਾਕਿਸਤਾਨ ਰਹਿੰਦਾ ਅਸ਼ਰਫ ਲਾਹੌਰ ਘੁੰਮਣ ਗਏ ਮੈਂ ਪਾਤਰ (ਗੌਤਮ) ਅੱਗੇ ਆਪਣੇ ਦਿਲ ਦਾ ਦਰਦ ਬਿਆਨ ਕਰਦਾ ਹੈ। ਉਹ ਮੈਂ ਪਾਤਰ ਨੂੰ ਦੱਸਦਾ ਹੈ ਕਿ ਭਾਰਤ ਵਿਚ ਨਕੋਦਰ ਉਨ੍ਹਾਂ ਦੇ ਪੁਰਖਿਆਂ ਦੀ ਬਹੁਤ ਵੱਡੀ ਹਵੇਲੀ ਹੁੰਦੀ ਸੀ। ਉਸਨੂੰ ਹੁਣ ਵੀ ਨਕੋਦਰ ਦੀ ਇਕ ਇਕ ਗਲੀ ਦਾ ਪਤਾ ਹੈ। ਉਸਦੇ ਪਰਿਵਾਰ ਨੂੰ ਦੇਸ਼ ਵੰਡ ਵੇਲੇ ਦੰਗਈਆਂ ਨੇ ਮੌਤ ਦੇ ਘਾਟ ਉਤਾਰ ਦਿੱਤਾ। ਪਰਿਵਾਰ ਵਿਚੋਂ ਉਹ ਇੱਕਲਾ ਹੀ ਬੱਚਿਆ ਸੀ। ਨਕੋਦਰ ਵਿਚ ਉਹ ਕਮਲੇਸ਼ੋ ਨਾਂ ਦੀ ਹਿੰਦੂ ਕੁੜੀ ਨੂੰ ਬਹੁਤ ਪਿਆਰ ਕਰਦਾ ਸੀ। ਪਾਕਿਸਤਾਨੋਂ ਆ ਕੇ ਇੰਨੇ ਵਰ੍ਹੇ ਬੀਤ ਜਾਣ ਮਗਰੋਂ ਵੀ ਉਹ ਕਮਲੇਸ਼ੋ ਨੂੰ ਭੁੱਲ ਨਾ ਸਕਿਆ। ਅੱਸੀ ਸਾਲ ਦੀ ਉਮਰ ਵਿਚ ਵੀ ਕਮਲੇਸ਼ੋ ਨੂੰ ਯਾਦ ਕਰ ਕਰ ਭਾਵੁਕ ਹੋ ਜਾਂਦਾ ਹੈ। ਉਹ ਮੈਂ ਪਾਤਰ ਨੂੰ ਦੱਸਦਾ ਹੈ ਕਿ ਬਹੁਤ ਸਾਰੇ ਹਿੰਦੂ ਮੁਸਲਮਾਨ ਅਜਿਹੇ ਵੀ ਸਨ ਜੋ ਇਸ ਮਾਰ-ਕਾਟ ਅਤੇ ਵੰਡ ਦਾ ਵਿਰੋਧ ਕਰਦੇ ਸਨ। ਪਰ ਦੇਸ਼ ਦੀ ਸਿਆਸੀ ਅਤੇ ਧਾਰਮਿਕ ਹਵਾ ਇੰਨੀ ਜ਼ਹਿਰੀਲੀ ਹੋ ਗਈ ਸੀ ਕਿ ਵੰਡ ਦਾ ਵਿਰੋਧ ਕਰਨ ਵਾਲੇ ਲੋਕਾਂ ਦੀ ਆਵਾਜ਼ ਜਿਆਦੀ ਉਭਰ ਹੀ ਨਾ ਸਕੀ। ਉਸਨੂੰ ਇਸ ਗੱਲ ਦਾ ਵੀ ਅਹਿਸਾਸ ਸਤਾਉਂਦਾ ਹੈ ਕਿ ਉਸਦੀ ਕਮਲੇਸ਼ੋ ਵੀ ਕਿਤੇ ਉਸਨੂੰ ਦੰਗਈ ਸਮਝਦੀ ਹੋਵੇ। ਇਸ ਗੱਲ ਦਾ ਪ੍ਰਗਟਾਵਾ ਉਹ ਮੈਂ ਪਾਤਰ ਅੱਗੇ ਇਉਂ ਕਰਦਾ ਹੈ:

> "...ਮਿਸ਼ਰਾ ਦੇ ਗਰਾਂ ਦੇ ਮੋੜ ਕੋਲ ਉਹ ਮੈਨੂੰ ਬਦਾਨੇ ਦਾ ਪ੍ਰਸ਼ਾਦ ਦਿੰਦੀ...ਫ਼ੇਰ ਉਹਨੂੰ ਕਿਸੇ ਮਾਰ ਸੁੱਟਿਆ ਸੀ...ਮੈਂ ਪਿਛਲੇ ਵੀਹ ਸਾਲਾਂ ਤੋਂ, ਸੌਣ ਲੱਗਿਆਂ ਉਸਨੂੰ ਯਾਦ ਕਰਦਾ...ਬਈ ਉਹ ਮੇਰੇ ਸੁਪਨੇ 'ਚ ਆਵੇ...ਉਸੇ ਰੂਪ 'ਚ ਜਿਹਨੂੰ ਮੈਂ ਮੰਦਿਰ 'ਚ ਦੇਖਦਾ ਹੁੰਦਾ ਸੀ...ਪਰ ਉਹ ਇਕ ਵਾਰੀ ਵੀ ਮੇਰੇ ਸੁਪਨੇ 'ਚ ਨ੍ਹੀਂ ਆਈ...ਉਹ ਕਿਉਂ ਨ੍ਹੀਂ ਆਉਂਦੀ...ਮੇਰਾ ਤਾਂ ਕੋਈ ਕਸੂਰ ਨ੍ਹੀਂ ਸੀ...ਕੀ ਉਹਨੇ ਵੀ ਮੈਨੂੰ...।"[13]

ਜਿੰਦਰ ਦੇ ਇਸ ਕਹਾਣੀ ਸੰਗ੍ਰਹਿ ਵਿਚ ਦਰਜ਼ 'ਬਲਾਤਕਾਰ' ਕਹਾਣੀ ਬਹੁਤ ਹੀ ਪ੍ਰਸਿੱਧ ਅਤੇ ਮਹੱਤਵਪੂਰਨ ਕਹਾਣੀ ਹੈ। ਇਸ ਕਹਾਣੀ ਵਿਚ ਸਮਾਜਵਾਦੀ (ਕਾਮਰੇਡ) ਅਖਵਾਉਣ ਵਾਲੇ ਅਜੋਕੇ ਮਾਰਕਸਵਾਦੀਆਂ ਦੀ ਕਥਨੀ ਤੇ ਕਰਨੀ ਵਿਚਲੇ ਅੰਤਰ ਨੂੰ ਬੜੀ ਸੂਖਮਤਾ ਨਾਲ ਪੇਸ਼ ਕੀਤਾ ਗਿਆ ਹੈ। ਕਹਾਣੀ ਵਿਚ ਮੈਂ ਪਾਤਰ ਜਰਮਨ ਤੋਂ ਪੰਜਾਬ ਵਿਚ ਆਪਣੇ ਇਕ ਪੁਰਾਣੇ ਕਾਮਰੇਡ ਸਾਥੀ ਸੰਤੋਖ ਸਿੰਘ ਦੇ ਘਰ ਉਸਨੂੰ ਮਿਲਣ ਉਸਦੇ ਪਿੰਡ ਆਉਂਦਾ ਹੈ। ਆਪਣੇ ਮਨ ਵਿਚ ਜੋ ਤਸਵੀਰ ਉਹ ਸੰਤੋਖ ਸਿੰਘ ਦੀ ਲੈ ਕੇ ਆਇਆ ਹੈ ਪਿੰਡ ਆ ਕੇ ਉਸਦਾ ਘਰ ਅਤੇ ਚਾਲ ਢਾਲ ਵੇਖ ਕੇ ਹੈਰਾਨ ਰਹਿ ਜਾਂਦਾ ਹੈ। ਉਸਦਾ ਗਰੀਬ ਕਾਮਰੇਡ ਦੋਸਤ ਹੁਣ ਪਿੰਡ ਵਿਚ ਸਰਦਾਰ ਸੰਤੋਖ ਸਿੰਘ ਸਿੱਧੂ ਬਣ ਗਿਆ ਸੀ। ਪਿੰਡ ਵਿਚ ਉਸਦੀ ਸਭ ਤੋਂ ਵੱਡੀ ਕੋਠੀ ਹੈ। ਗੱਲਾਂ ਗੱਲਾਂ ਵਿਚ ਸੰਤੋਖ ਸਿੰਘ ਦੱਸਦਾ ਹੈ ਕਿ ਉਹ ਆਪਣੇ ਸਾਲਿਆਂ ਨਾਲ ਰੱਲ ਕੇ ਬਾਰਡਰ ਤੇ ਬਲੈਕ ਕਰਦਾ ਹੈ। ਕਾਲੀ ਅੰਨ੍ਹੀ ਕਮਾਈ ਨੇ ਉਸਨੂੰ ਅਮੀਰ ਬਣਾ ਦਿੱਤਾ। ਉਸਨੇ ਪੰਜ ਪੰਜ ਲੱਖ ਖਰਚ ਕੇ ਮੁੰਡੇ ਅਮਰੀਕਾ ਭੇਜ ਦਿੱਤੇ। ਹੁਣ ਹਰ ਰੋਜ਼ ਉਸਦੇ ਘਰ ਸ਼ਾਮ ਨੂੰ ਮਹਿਫਲ ਜੁੜਦੀ ਹੈ। ਅੰਗਰੇਜ਼ੀ ਸ਼ਰਾਬ ਪਾਣੀ ਵਾਂਗ ਵਰਤਾਈ ਜਾਂਦੀ ਹੈ। ਮੁਰਗੇ, ਤਿੱਤਰ ਗਾਜਰਾਂ ਮੂਲੀਆਂ ਵਾਂਗ ਚਰੂੰਡੇ ਜਾਂਦੇ ਹਨ। ਸਭ ਤੋਂ ਵੱਧ ਹੈਰਾਨੀ ਮੈਂ ਪਾਤਰ ਨੂੰ ਇਹ ਵੇਖ ਕੇ ਹੁੰਦੀ ਹੈ ਕਿ ਕਾਮਰੇਡ ਵਰਕਰਾਂ ਦੀ ਜੁੜੀ ਇਸ ਮਹਿਫਲ ਵਿਚ ਸਭ ਤੋਂ ਵੱਧ ਭੱਜ ਦੋੜ ਛੋਟੀ ਉਮਰ ਦੇ ਇਕ ਨੇਪਾਲੀ ਨੌਕਰ ਦੀ ਹੁੰਦੀ ਹੈ। ਉਹ ਸ਼ਰਾਬ ਦੀਆਂ ਟੁੱਟੀਆਂ ਬੋਤਲਾਂ ਚੁੱਕਦਾ ਕੱਚ ਮਰਵਾ ਲੈਂਦਾ ਹੈ। ਫਿਰ ਵੀ ਆਪਣੇ ਕੰਮ ਵਿਚ ਲਗਾ ਰਹਿੰਦਾ ਹੈ। ਮੈਂ ਪਾਤਰ ਨੂੰ ਇਹ ਵੇਖ ਕੇ ਬਹੁਤ ਦੁੱਖ ਹੁੰਦਾ ਹੈ। ਉਸਨੂੰ ਨੇਪਾਲੀ ਮੁੰਡੂ ਦਾ ਸਰੀਰਕ ਸੋਸ਼ਣ ਕਿਸੇ ਬਲਾਤਕਾਰ ਤੋਂ ਘੱਟ ਨਹੀਂ ਜਾਪਦਾ। ਸ਼ਰਾਬੀ ਹੋਏ ਕਾਮਰੇਡ "ਦੁਨੀਆਂ ਭਰ ਦੇ ਮਿਹਨਤਕਸ਼ੋ, ਇਕ ਹੋ ਜਾਓ।"[14] ਮੈਂ ਪਾਤਰ ਨੂੰ ਉਸਦੇ ਦੋਸਤ ਅਤੇ ਸਾਥੀ ਪੈੱਗ ਲਾ ਕੇ ਜੈਕਾਰੇ ਲਾਉਂਦੇ ਬੜੇ ਅਜੀਬ ਲੱਗਦੇ ਹਨ।

'ਬਲਾਤਕਾਰ' ਕਹਾਣੀ ਵਿਚਲੇ ਇਹ ਪ੍ਰਤੀਕਰਮ ਸੁਖਾ, ਸਰਦਾਰ ਸੰਤੋਖ ਸਿੰਘ ਤੇ ਕਾਮਰੇਡ ਸੰਤੋਖ ਸਿੰਘ ਦੀਆਂ ਤਿੰਨ ਸੂਰਤਾਂ ਨੂੰ ਆਧਾਰ ਬਣਾ ਕੇ ਇਖ਼ਲਾਕ, ਆਦਰਸ਼ ਤੇ ਨੈਤਿਕਤਾ ਨਾਲ ਹੁੰਦੇ ਬਲਾਤਕਾਰ ਨੂੰ ਅਗਰਭੂਮਿਤ ਕਰਦੇ ਹਨ। ਮਨੁੱਖੀ ਸ਼ਖ਼ਸੀਅਤ ਦੇ ਵਿਰੋਧਾਭਾਸਕ ਕਿਰਦਾਰ ਨੂੰ ਫੜ੍ਹਦੀ ਇਹ ਕਹਾਣੀ ਉਕਤ ਮੁੱਦੇ ਨੂੰ ਕਾਟਵੇਂ ਸੰਵਾਦ ਵਿਚ ਉਭਾਰਨ ਨਾਲੋਂ ਸਿਧਾਂਤ ਤੇ ਵਿਹਾਰ ਦੀ ਵਿੱਥ ਨੂੰ ਸਮੁੱਚੇ ਕਥਾਨਕ 'ਤੇ ਫੈਲਾ ਕੇ ਪੇਸ਼ ਕਰਦੀ ਹੈ।15

'ਤੁਸੀਂ ਨਹੀਂ ਸਮਝ ਸਕਦੇ' ਕਹਾਣੀ ਵਿਚ ਜਿੰਦਰ ਨੇ ਸਰਮਾਏਦਾਰ ਮਾਲਕਾਂ ਦੀ ਆਪਣੇ ਨੌਕਰਾਂ ਪ੍ਰਤੀ ਝੂਠੀ ਅਪਣੱਤ ਭਾਵ ਵਾਲੀ ਨੀਤੀ ਪਿੱਛੇ ਕਾਰਜਸ਼ੀਲ ਕੋਝੀ ਭਾਵਨਾ ਨੂੰ ਉਜਾਗਰ ਕੀਤਾ ਹੈ। ਇਸ ਕਹਾਣੀ ਵਿਚ ਬੜੇ ਹੀ ਖੂਬਸੂਰਤ ਢੰਗ ਨਾਲ ਦੱਸਿਆ ਗਿਆ ਹੈ ਕਿ ਕਿਵੇਂ ਅਕਾਸ਼ਦੀਪ ਵਰਗੇ ਸਰਮਾਏਦਾਰ ਲੋਕ ਮੈਂ ਪਾਤਰ (ਬਾਊ) ਅਤੇ ਜੋਗਿੰਦਰ ਵਰਗੇ ਕਾਮਿਆਂ ਪ੍ਰਤਿ ਝੂਠੀ ਅਪਣੱਤ ਭਾਵ ਦਿਖਾ ਕੇ ਸੋਸ਼ਣ ਕਰਦੇ ਹਨ। ਉਹ ਮੈਂ ਪਾਤਰ ਕੋਲ ਜੋਗਿੰਦਰ ਬਾਰੇ ਭੇਦ ਲੈਂਦੇ ਹਨ ਤੇ ਚੰਗਾ ਮੰਦਾ ਬੋਲਦੇ ਹਨ ਅਤੇ ਜੋਗਿੰਦਰ ਕੋਲ ਮੈਂ ਪਾਤਰ ਦੀ ਬਦਖੋਈ ਕਰਦੇ ਹਨ। ਦੋਵੇਂ ਹੀ ਕਾਮੇ ਆਪਣੇ ਆਪ ਨੂੰ ਮਾਲਕ ਦਾ ਖ਼ਾਸ ਬੰਦਾ ਹੋਣ ਦਾ ਭਰਮ ਪਾਲਦੇ ਹਨ। ਕਹਾਣੀ ਵਿਚ ਜਿੰਦਰ ਨੇ ਮੈਂ ਪਾਤਰ ਅਤੇ ਮਾਲਕ ਧਿਰ ਵਿਚਕਾਰ ਹੋਈ ਗੱਲਬਾਤ ਰਾਹੀਂ ਮੈਂ ਪਾਤਰ ਦੇ ਭਰਮ ਅਤੇ ਮਾਲਕ ਦੀ ਝੂਠੀ ਅਪਣੱਤ ਭਾਵਨਾ ਨੂੰ ਉਜਾਗਰ ਇਉਂ ਕੀਤਾ ਹੈ:

> "ਮੈਂ ਜਿਨ੍ਹਾਂ ਮਰਜੀ ਖਰਚਾ ਪਾ ਦੇਵਾਂ, ਉਨ੍ਹਾਂ ਕਦੇ ਵੀ ਚੂੰਅ ਨਹੀਂ ਕੀਤੀ। ਮੈਂ ਦੋ ਤਿੰਨ ਵਾਰ ਕਿਹਾ ਸੀ ਤਾਂ ਵੱਡੇ ਬਾਬੂ ਜੀ ਦਾ ਜੁਆਬ ਸੀ, "ਦੱਸ ਤੂੰ ਕੋਈ ਓਪਰਾ ਬੰਦਾ। ਮੈਨੂੰ ਤੇਰੇ ਤੇ ਇਤਬਾਰ ਆ। ਮੈਨੂੰ ਪਤਾ ਤੂੰ ਜਗੀਰ ਰਾਮ ਦਾ ਮੁੰਡਾ ਆ। ਮੈਂ ਕਦੇ ਆਪਣੇ ਨੌਕਰ ਨੂੰ ਨੌਕਰ ਨਹੀਂ ਸਮਝਦਾ। ਨਾ ਹੀ ਚਾਹੁੰਦਾ ਆਂ ਕਿ ਉਹ ਵੀ ਆਪਣੇ ਆਪ ਨੂੰ ਨੌਕਰ ਸਮਝੇ। ਫੇਰ ਤੂੰ ਤਾਂ ਮੇਰੇ ਮੁੰਡਿਆਂ ਵਰਗਾ ਆ।"16

ਕਹਾਣੀ 'ਦੋ ਮਿੰਟ ਹੋਰ ਰੁੱਕ ਜਾ' ਵਿਚ ਵੀ ਜਿੰਦਰ ਨੇ ਮਾਲਕ ਧਿਰ ਵੱਲੋਂ ਮਜਦੂਰ ਦਾ ਸੋਸ਼ਣ ਹੁੰਦਾ ਪੇਸ਼ ਕੀਤਾ ਹੈ। ਇਸ ਕਹਾਣੀ ਦਾ ਮੁੱਖ ਪਾਤਰ ਸੇਮਾ ਪਿੰਡ ਵਿਚ ਮਜਦੂਰੀ ਪੂਰਬੀ ਮਜਦੂਰਾਂ ਕਰਕੇ ਖੁਸ ਜਾਣ ਕਰਕੇ ਸ਼ਹਿਰ ਵਿਚ ਦਿਹਾੜੀ ਮਜ਼ਦੂਰੀ ਕਰਨ ਜਾਂਦਾ ਹੈ। ਜੱਟਾਂ ਜ਼ਿੰਮੀਦਾਰਾਂ ਨੂੰ ਪੇਡੂ ਮਜ਼ਦੂਰਾਂ ਨਾਲ ਪੂਰਬੀ ਮਜ਼ਦੂਰ ਸਸਤਾ ਪੈਂਦਾ ਹੈ। ਇਸ ਕਰਕੇ ਝੋਨੇ ਲਾਉਣ ਦੇ ਨਾਲ ਨਾਲ ਪੂਰਬੀ ਮਜ਼ਦੂਰ ਸੀਰੀਪੁਣਾ ਵੀ ਕਰਨ ਲੱਗ ਪਏ। ਪੱਕੇ ਤੌਰ 'ਤੇ ਜ਼ਿੰਮੀਦਾਰਾਂ ਦੇ ਘਰੇ ਜਾਂ ਫਿਰ ਬਾਹਰ ਖੇਤਾਂ ਵਿਚ ਰਹਿਣ ਕਰਕੇ ਉਹ ਹੋਰ ਨਿੱਕੇ ਮੋਟੇ ਕੰਮਾਂ ਵਿਚ ਹੱਥ ਵਟਾਉਣ ਕਰਕੇ 'ਤੇ ਨਾਲ ਹੀ ਪਰਦੇਸੀ ਹੋਣ ਕਾਰਨ ਦਾਬਾ ਸਹਿਣ ਵਾਲੀ ਉਨ੍ਹਾਂ ਦੀ ਬਿਰਤੀ ਨੇ ਜੱਟਾਂ ਜ਼ਿੰਮੀਦਾਰਾਂ ਨੂੰ ਆਕਰਸ਼ਿਤ ਕੀਤਾ। ਸ਼ਹਿਰ ਦਿਹਾੜੀ ਕਰਦਾ ਸੇਮਾ ਪੁਰਾਣੇ ਸਮੇਂ ਨੂੰ ਵੀ ਯਾਦ ਕਰਦਾ ਹੈ ਕਿ ਸ਼ਹਿਰੀ ਇਕ ਵੇਲੇ ਚਾਹ ਦੇਣ ਲੱਗੇ ਵੀ ਕਈ ਵਾਰ ਸੋਚਦੇ ਹਨ ਤੇ ਪਿੰਡਾਂ ਵਿਚ ਜ਼ਿੰਮੀਦਾਰ ਦਿਹਾੜੀਦਾਰਾਂ ਨੂੰ ਦਾਰੂ ਤੱਕ ਪਿਆ ਦਿੰਦੇ ਸਨ। ਸੇਮਾ ਜਿਸ ਕੋਠੀ ਵਿਚ ਦਿਹਾੜੀ ਕਰ ਰਿਹਾ ਹੈ ਉਸਦੀ ਮਾਲਕਣ ਬਹੁਤ ਚਲਾਕ ਔਰਤ ਹੈ। ਉਹ ਜਾਣਦੀ ਹੈ ਕਿ ਮਜ਼ਦੂਰ ਕੋਲੋਂ ਕੰਮ ਕਿਵੇਂ ਲਈਦਾ ਹੈ। ਸੇਮੇ ਨੇ ਆਪਣੇ ਮੁੰਡੇ ਦੇ ਬੂਟ ਲੈਣੇ ਹਨ ਇਸ ਲਈ ਉਹ ਚਾਹੁੰਦਾ ਹੈ ਕਿ ਦਿਨ ਛਿਪਣ ਤੋਂ ਪਹਿਲਾਂ ਪਹਿਲਾਂ ਨਿਕਲਿਆ ਜਾਵੇ। ਪਰ ਮਾਲਕਣ ਉਸਨੂੰ ਆਪਣੀ ਗੱਲਾਂ ਵਿਚ ਉਲਝਾ ਕੇ ਛੁੱਟੀ ਤੋਂ ਬਾਅਦ ਵੀ ਕੰਮੀ ਲਾਈ ਰੱਖਦੀ ਹੈ। ਉਹ ਬਿਨਾਂ ਵਿਰੋਧ ਕੀਤੇ ਕੰਮ ਕਰਦਾ ਰਹਿੰਦਾ ਹੈ। ਉਹ ਜਾਣਦਾ ਹੈ ਕਿ ਪਿੰਡਾਂ ਵਿਚ ਮੁਫ਼ਤ ਦੀ ਵਗਾਰ ਤੋਂ ਇਲਾਵਾ ਕੰਮ ਬਿਹਾਰੀ ਮਜਦੂਰਾਂ ਨੇ ਉਨ੍ਹਾਂ ਲਈ ਨਹੀਂ ਛੱਡਿਆ। ਸਿਆਲਾਂ ਦੇ ਦਿਨ ਹੋਣ ਕਾਰਨ ਸ਼ਹਿਰਾਂ ਵਿਚ ਵੀ ਕੰਮ ਮਿਲਣਾ ਮੁਸ਼ਕਿਲ ਹੋ ਗਿਆ ਹੈ। ਇਸ ਕਰਕੇ ਉਹ ਚੁੱਪਚਾਪ ਮਾਲਕਣ ਦਾ ਕਹਿਣਾ ਮੰਨਦਾ ਹੈ। ਮਿਸਤਰੀ ਨੇ ਸੇਮੇ ਨੂੰ ਕਈ ਵਾਰ ਸੁਚੇਤ



ਵੀ ਕੀਤਾ ਸੀ ਕਿ "ਸਾਰੇ ਮਾਲਕ ਇਕੋ ਜਿਹੇ ਹੁੰਦੇ ਆ। ਇਹ ਲੇਬਰ ਨੂੰ ਬੈਠਣ ਨਹੀਂ ਦਿੰਦੇ। ਘੇਸਲ ਵੱਟ ਕੇ ਨਿਕਲ ਜਾਇਆ ਕਰ।"17 ਪਰ ਸੇਮਾ ਆਰਥਿਕ ਮਜਬੂਰੀਆਂ ਕਰਕੇ ਮਾਲਕਣ ਦਾ ਕਹਿਣਾ ਮੰਨਦਾ ਹੈ। ਇਸ ਕਹਾਣੀ ਵਿਚ ਜਿੰਦਰ ਨੇ ਮਾਲਕ ਧਿਰ ਦੀ ਸ਼ੋਸ਼ਣਕਾਰੀ ਬਿਰਤੀ ਤੇ ਮਜ਼ਦੂਰ ਧਿਰ ਦੀ ਆਰਥਿਕ ਮਜਬੂਰੀਆਂ ਹਾਰੀ ਦੱਬੂ ਬਿਰਤੀ ਦਾ ਉਲੇਖ ਕੀਤਾ ਹੈ।

ਉਪਰੋਕਤ ਅਧਿਐਨ ਵਿਸ਼ਲੇਸ਼ਣ ਤੋਂ ਉਪਰੰਤ ਕਿਹਾ ਜਾ ਸਕਦਾ ਹੈ ਕਿ ਜ਼ਿੰਦਗੀ ਦੇ ਅਨੇਕਾਂ ਰੰਗਾਂ ਵਾਂਗ ਜਿੰਦਰ ਦੀਆਂ ਕਹਾਣੀਆਂ ਵਿਚ ਬਹੁਰੰਗਤਾ ਤੇ ਵਿਭਿੰਨਤਾ ਸਾਫ਼ ਦਿਖਾਈ ਦਿੰਦੀ ਹੈ। ਜਿੰਦਰ ਦੀਆਂ ਕਹਾਣੀਆਂ ਵਿਚ ਉਸਦਾ ਹੰਢਾਇਆ ਹੋਇਆ ਵਿਸ਼ਾਲ ਜੀਵਨ ਅਨੁਭਵ ਝਲਕਦਾ ਹੈ। ਕਹਾਣੀ ਦੇ ਵਿਸ਼ ਉਪਰ ਉਸਦੀ ਪਕੜ ਕਮਾਲ ਦੀ ਹੈ। ਉਹ ਸੁਚੇਤ ਪੱਧਰ ਉੱਪਰ ਕਹਾਣੀ ਸਿਰਜਨਾ ਕਰਦਾ ਹੈ। ਉਸਦੀਆਂ ਜ਼ਿਆਦਾਤਰ ਕਹਾਣੀਆਂ ਵਿਚ ਉੱਤਮ ਪੁਰਖੀ ਬਿਰਤਾਂਤ ਦੀ ਵਰਤੋਂ ਹੋਈ ਹੈ। ਇਹ ਕਹਾਣੀਆਂ ਵਿਸ਼ੇ ਵਸਤੂ ਦੇ ਨਾਲ ਨਾਲ ਵਿਧੀ ਪੱਖੋਂ ਵੀ ਸਫ਼ਲ ਕਹਾਣੀਆਂ ਕਹੀਆਂ ਜਾ ਸਕਦੀਆਂ ਹਨ। ਇਨ੍ਹਾਂ ਕਹਾਣੀਆਂ ਦੇ ਆਧਾਰ 'ਤੇ ਜਿੰਦਰ ਤੋਂ ਇਹ ਆਸ ਵੀ ਕੀਤੀ ਜਾ ਸਕਦੀ ਹੈ ਕਿ ਉਹ ਭਵਿੱਖ ਵਿਚ ਹੋਰ ਵੀ ਜਿਆਦਾ ਸਹਿਜਤਾ, ਦ੍ਰਿੜਤਾ ਨਾਲ ਜ਼ਿੰਦਗੀ ਦੀਆਂ ਗੁੜ੍ਹ ਪਰਤਾਂ ਅਤੇ ਸਮੱਸਿਆਵਾਂ ਨੂੰ ਉਜਾਗਰ ਕਰਨ ਦਾ ਉੱਦਮ ਕਰਦਾ ਰਹੇਗਾ।

ਹਵਾਲੇ


1. ਜਿੰਦਰ, ਮੇਰੀਆਂ ਚੋਣਵੀਆਂ ਕਹਾਣੀਆਂ, ਪੰਨਾ 14.
2. ਉਹੀ, ਪੰਨਾ 14.
3. ਕਰਨਦੀਪ ਸਿੰਘ (ਸੰਪਾ.), ਜਿੰਦਰ ਦਾ ਕਥਾ ਸੰਸਾਰ, ਪੰਨਾ 161.
4. ਜਿੰਦਰ, ਮੇਰੀਆਂ ਚੋਣਵੀਆਂ ਕਹਾਣੀਆਂ, ਪੰਨਾ 26.
5. ਉਹੀ, ਪੰਨਾ 28.
6. ਉਹੀ, ਪੰਨਾ 47.
7. ਉਹੀ, ਪੰਨਾ 45.
8. ਕਰਨਦੀਪ ਸਿੰਘ (ਸੰਪਾ.), ਜਿੰਦਰ ਦਾ ਕਥਾ ਸੰਸਾਰ, ਪੰਨੇ 110-111.
9. ਜਿੰਦਰ, ਮੇਰੀਆਂ ਚੋਣਵੀਆਂ ਕਹਾਣੀਆਂ, ਪੰਨਾ 49.
10. ਕਰਨਦੀਪ ਸਿੰਘ (ਸੰਪਾ.), ਜਿੰਦਰ ਦਾ ਕਥਾ ਸੰਸਾਰ, ਪੰਨਾ 134.
11. ਜਿੰਦਰ, ਮੇਰੀਆਂ ਚੋਣਵੀਆਂ ਕਹਾਣੀਆਂ, ਪੰਨਾ 77.
12. ਉਹੀ, ਪੰਨਾ 91.
13. ਉਹੀ, ਪੰਨਾ 128.
14. ਉਹੀ, ਪੰਨਾ 134.
15. ਕਰਨਦੀਪ ਸਿੰਘ (ਸੰਪਾ.), ਜਿੰਦਰ ਦਾ ਕਥਾ ਸੰਸਾਰ, ਪੰਨਾ 200.
16. ਜਿੰਦਰ, ਮੇਰੀਆਂ ਚੋਣਵੀਆਂ ਕਹਾਣੀਆਂ, ਪੰਨਾ 137.
17. ਉਹੀ, ਪੰਨਾ 150.


*ਖੋਜਾਰਥੀ, ਪੰਜਾਬੀ ਵਿਭਾਗ, ਕੁਰੂਕੁਸ਼ੇਤਰ ਯੂਨੀਵਰਸਿਟੀ, ਕੁਰੂਕੁਸ਼ੇਤਰ।

# ਸਮਕਾਲੀ ਪੰਜਾਬੀ ਨਾਵਲ ਵਿਚ ਪੇਸ਼ ਮਾਨਵੀ ਸੰਕਟਾਂ ਦੇ ਸੰਦਰਭ ਤੇ ਸਰੋਕਾਰ

-ਡਾ: ਗੁਰਮੀਤ ਕੌਰ ਸੰਧੂ,

ਸਮਕਾਲੀ ਪੰਜਾਬੀ ਨਾਵਲ ਇਕਵੀਂ ਸਦੀ ਵਿਚ ਦਰਪੇਸ਼ ਮਾਨਵੀ ਸੰਕਟਾਂ ਦੇ ਸੰਦਰਭਾਂ ਤੇ ਸਰੋਕਾਰਾਂ ਨੂੰ ਵੱਖਰੇ-ਵੱਖਰੇ ਦ੍ਰਿਸ਼ਟੀਕੋਣਾਂ ਤੋਂ ਪੇਸ਼ ਕਰਦਾ ਹੈ। ਵਿਸ਼ਵੀਕਰਨ ਦੀ ਸਮਕਾਲੀ ਪ੍ਰਕ੍ਰਿਆ ਸਥਾਨਕ ਜੀਵਨ ਕਦਰਾਂ-ਕੀਮਤਾਂ ਨੂੰ ਇੱਕ ਪੀੜੀ ਤੱਕ ਘਟਾ ਕਿ ਪੁਰਾਣਾ ਕਰ ਦਿੰਦੀ ਹੈ। ਇਸ ਨਾਲ ਸਥਾਨਕ ਪੰਜਾਬੀ ਜੀਵਨ ਸ਼ੈਲੀ ਵਿਚ ਘਰ, ਬੱਚੇ, ਪਰਿਵਾਰ, ਰਿਸ਼ਤੇ ਅਤੇ ਸੰਬੰਧ ਮਾਨਵੀਪਣ ਤੋਂ ਸੱਖਣੇ ਹੋ ਕੇ ਅਜਿਹੇ ਰੂਪਾਂ ਵਿੱਚ ਸਾਹਮਣੇ ਆਉਂਦੇ ਹਨ ਜਿਸ ਦਾ ਕੋਈ ਵੀ ਰੂਪ ਸਾਬਤ ਦਿਖਾਈ ਨਹੀਂ ਦਿੰਦਾ। ਇਹ ਅਜਿਹਾ ਸਮਕਾਲੀ ਯਥਾਰਥ ਹੈ ਜਿਸ ਨੂੰ ਮੀਡੀਏ ਦੇ ਵਰਤਾਰੇ ਨੇ ਕਈ ਰੂਪਾਂ ਵਿੱਚ ਵੰਡ-ਵੰਡ ਕੇ ਬੇਸਮਝ ਬਣਾ ਦਿੱਤਾ ਹੈ। ਵਸਤੂਆਂ ਦੇ ਅਮਾਨਵੀ ਕੋਝ ਨੂੰ ਮੀਡੀਏ ਨੇ ਮਾਨਵੀ ਸੂਹਜ ਦੇ ਰੂਪਾਂ ਵਿੱਚ ਪੇਸ਼ ਕਰਕੇ ਸਮਕਾਲੀ ਮਾਨਵ ਦੇ ਸੰਕਟਾਂ ਨੂੰ ਹੋਰ ਗਹਿਰਾ ਦਿੱਤਾ ਹੈ। ਵਸਤੂਆਂ, ਵਿਚਾਰਾਂ ਅਤੇ ਇੱਛਾਵਾਂ ਨੂੰ ਸੱਤਾ ਸੰਪੰਨ ਕਾਰਪੋਰੇਟ ਪੂੰਜੀ ਪ੍ਰਬੰਧ ਮੀਡੀਏ ਰਾਹੀਂ ਅਜਿਹਾ ਰੂਪ ਦਿੰਦਾ ਹੈ ਜਿਸ ਨੂੰ ਉਪਭੋਗੀ ਕਿਸਮ ਦੇ ਵਿਸਥਾਰ ਵਿਚੋਂ ਹੀ ਸਮਝਿਆ ਜਾ ਸਕਦਾ ਹੈ। ਦੂਸਰੇ ਪਾਸੇ ਸਿਰਜਣਾਤਮਕ ਲਿਖਤਾਂ ਇਸ ਸਥਿਤੀ ਵਿਚੋਂ ਬਣਦੇ, ਉਸਰਦੇ ਮਾਨਵੀ ਸੰਕਟਾਂ ਨੂੰ ਪੇਸ਼ ਕਰਦੀਆਂ ਹਨ ।

ਸਮਕਾਲੀ ਪੰਜਾਬੀ ਨਾਵਲ ਵਿਚ ਪੇਸ਼ ਪਹਿਲਾਂ ਵਿਸ਼ਵੀ ਮਾਨਵੀ ਸੰਕਟ ਦਾ ਸੰਦਰਭ ਅੱਤਵਾਦ ਦੇ ਵਰਤਾਰੇ ਨਾਲ ਸੰਬਧਤ ਹੈ ।ਦੋ ਵਿਸ਼ਵ ਯੁੱਧ ਤੋਂ ਬਾਅਦ ਤੀਸਰੇ ਵਿਸ਼ਵ ਯੁੱਧ ਦੀਆਂ ਧੁਨੀਆਂ/ਪ੍ਰਤੀਧੁਨੀਆਂ ਸਮਕਾਲੀ ਅੱਤਵਾਦ ਨਾਲ ਪੈਦਾ ਹੋ ਚੁੱਕੀਆਂ ਹਨ। ਇਹ ਵਿਸ਼ਵੀ ਅੱਤਵਾਦ ਕਈ ਰੂਪਾਂ ਵਿੱਚ ਮਾਨਵ ਨੂੰ ਸੰਕਟਗ੍ਰਸਤ ਕਰਦਾ ਹੈ। ਇਸ ਅੱਤਵਾਦ ਦਾ ਜਿੱਥੇ ਇੱਕ ਸਿਰਾ ਸੱਤਾ ਸੰਪੰਨ ਕਾਰਪੋਰੇਟ ਪੂੰਜੀ ਪ੍ਰਬੰਧ ਦੇ ਵਿਸਥਾਰ ਨਾਲ ਹੈ, ਉੱਥੇ ਦੂਸਰੇ ਪਾਸੇ ਪਛਾਣ ਦੀਆਂ ਮਾਨਵੀ ਅਤੇ ਅਮਾਨਵੀਂ ਘਾੜਤਾਂ ਨਾਲ ਵੀ ਸੰਬੰਧਤ ਹੈ। ਹਰਮਹਿੰਦਰ ਚਹਿਲ ਦਾ ਨਵਾਂ ਨਾਵਲ 'ਆਫੀਆਂ ਸਦੀਕੀ ਦਾ ਜੇਹਾਦ' ਅੱਤਵਾਦ ਦੇ ਗੰਭੀਰ ਯਥਾਰਥਕ ਰੂਪਾਂ ਨੂੰ ਸਿਰਜਣਾ ਵਿਚ ਲਿਆਉਂਦਾ ਹੈ। ਇਸ ਨਾਵਲ ਦੀ ਮੂਲ ਕਥਾ ਵਿੱਚ ਇਕ ਅਜਿਹੀ ਪਾਕਿਸਤਾਨੀ ਔਰਤ ਪਾਤਰ ਹੈ ਜਿਸ ਨੂੰ ਇਸ ਵਿਸ਼ਵ ਵਿੱਚ ਆਪਣੀ ਪਛਾਣ ਦੇ ਹੜੱਪੇ ਜਾਣ ਦਾ ਖਤਰਾਂ ਮਾਨਸਿਕ ਬਿਮਾਰੀ ਨਾਲ ਪੀੜਤ ਕਰ ਦਿੰਦਾ ਹੈ। ਵਿਸ਼ਵ ਨੂੰ ਦੇਖਣ ਦਾ ਨਜ਼ਰੀਆ ਉਸ ਨੂੰ ਕੱਟੜ ਇਸਲਾਮੀਅਤ ਤੋਂ ਮਿਲਦਾ ਹੈ। ਉਸਨੂੰ 'ਜੇਹਾਦ' ਦੇ ਅਰਥ ਮੁਸਲਮਾਨਾਂ ਦੀ ਵਿਸ਼ਵੀ ਜਿੱਤ ਲਗਦੇ ਹਨ। ਉਸ ਲਈ ਬਾਕੀ ਸਾਰੀ ਮਨੁੱਖਤਾ ਕਾਫਰ ਹੈ ਜੋ ਇਸਲਾਮ ਨਹੀ ਉਹ ਕਾਫਰ ਹੈ। ਉਹ ਅਮਰੀਕਾ ਦੀਆਂ ਖੁਫ਼ੀਆ ਏਜੰਸੀਆਂ ਅਤੇ ਤਾਲਿਬਾਨ ਦੇ ਵਿਚਾਲੇ ਫਸੀ ਹੋਈ ਘਰ, ਪਤੀ, ਪਰਿਵਾਰ, ਬੱਚਿਆਂ ਨੂੰ ਸੰਕਟਗ੍ਰਸਤ ਕਰਦੀ ਹੈ। ਉਹ ਇਕ ਅਜਿਹਾ ਮੈਟਾਫਰ ਹੈ ਜਿਸ ਵਿੱਚ ਅਮਾਨਵੀ ਵਤੀਰਾ ਬੜੀ ਸਹਿਜਤਾ ਨਾਲ ਘਰ ਕਰ ਜਾਂਦਾ ਹੈ। ਇਸ ਨਾਵਲ ਵਿਚ ਪੇਸ਼ ਯਥਾਰਥ ਅਜੋਕੇ ਸਮੇ ਵਿੱਚ 'ਧਰਮ' ਦੀ ਫਲਾਸਫੀ ਦੀ ਦੁਰਵਰਤੋਂ ਅਤੇ ਆਪਣੇ ਨਿੱਜੀ ਫਾਇਦਿਆਂ ਨੂੰ ਪਛਾਣ ਲਈ ਵਰਤੋ ਨੂੰ ਕੇਂਦਰੀ ਥੀਮ ਵਜੋਂ ਪੇਸ਼ ਕਰਦਾ ਹੈ। ਸਮਕਾਲੀ ਸਮੇਂ ਵਿੱਚ ਧਾਰਮਿਕ ਝਗੜਿਆਂ ਦਾ ਵਧਣਾ ਮਨੁੱਖ ਦੀ 'ਪਛਾਣ' ਦੇ ਸੱਭਿਆਚਾਰ ਨੂੰ ਪੇਸ਼ ਕਰਦਾ ਹੈ। ਜਿੱਥੇ



ਧਾਰਮਿਕ ਦਾਰਸ਼ਨਿਕਤਾ ਮਨੁੱਖ ਦੇ ਅਸਤਿਤਵੀ ਅਤੇ ਹੋਂਦਮਈ ਸੰਕਟਾਂ ਨੂੰ ਸੰਵਾਦ ਵਿਚ ਲਿਆਉਂਦੀ ਹੈ, ਉਥੇ ਧਰਮ ਦਾ ਵੰਡ ਅਧਾਰਤ ਫਾਰਮੂਲਾ 'ਸਮਾਜਕ ਪਹਿਚਾਨ' ਨੂੰਬਲਸ਼ਾਲੀ ਬਣਾ ਹਮੇਸ਼ਾ ਸਰਗਰਮ ਰੱਖਿਆ ਕਰਦਾ ਹੈ। ਇਸ ਵਿੱਚ ਪਹਿਰਾਵਾ ਅਹਿਮ ਹੈ। ਪਹਿਰਾਵੇ ਅਧਾਰਤ ਧਾਰਮਿਕ ਫਿਲਾਸਫੀ ਦਾ ਅਸਲ ਅਲੋਪ ਕਰ ਦਿੱਤਾ ਗਿਆ ਹੈ। 'ਆਫੀਆ ਸਦੀਕੀ ਦਾ ਜੇਹਾਦ' ਨਾਵਲ ਦੀ ਪਾਤਰ ਆਫੀਆ ਸਦੀਕੀ 'ਔਰਤ ਦੇ ਸਿਰਜਨਾਤਮਕ ਰੂਪ ਨੂੰ ਧਾਰਮਿਕ ਅਧਾਰਤ ਮਨੁੱਖ ਦੀ ਪਛਾਣ ਲਈ ਵਰਤਦੀ ਹੈ ਅਤੇ ਉਸ ਨੂੰ ਵਰਤਿਆ ਜਾ ਰਿਹਾ ਹੈ, ਉਹ ਪੜ੍ਹੀ-ਲਿਖੀ ਹੋਣ ਦੇ ਬਾਵਜੂਦ ਵੀ ਔਰਤ ਦੀ ਅਜ਼ਾਦੀ ਦਾ ਵਿਰੋਧ ਕਰਦੀ ਹੈ। ਅਸਲ ਵਿਚ ਅਜਿਹਾ ਕਰਨਾ ਔਰਤ ਦੀ ਸਿਰਜਨਾਤਮਕ ਸ਼ਕਤੀ ਦੇ ਸੰਕੁਚਿਤ/ਸੁੰਗੜ ਜਾਣ ਦੇ ਅਮਾਨਵੀ ਸਰੋਕਾਰਾਂ ਨੂੰ ਪੇਸ਼ ਕਰਦਾ ਹੈ। ਉਹ ਅਜਿਹੀ ਪਾਤਰ ਹੈ ਜੋ ਆਪਣੀ ਹੋਂਦ ਅਤੇ ਹੋਣੀ ਨੂੰ ਧਾਰਮਿਕਤਾ ਦੁਆਰਾ ਨਿਰਧਾਰਤ ਪਛਾਣ ਦੇ ਜਾਵੀਏ ਤੋਂ ਦੇਖਦੀ ਹੈ। ਉਸ ਲਈ ਧਾਰਮਿਕ ਪਹਿਰਾਵਾ ਵਧੇਰੇ ਮਹੱਤਵਪੂਰਨ ਹੈ। ਜੇਹਾਦ ਦੇ ਅਰਥ ਉਸ ਲਈ ਅਜਿਹੇ ਸੰਕੁਚਿਤ ਅਰਥ ਹਨ ਜਿਨਾਂ ਦਾ ਮਾਨਵਤਾ ਨਾਲ ਕੋਈ ਲਾਗਾ ਦੇਗਾ ਨਹੀਂ।

> ਉਸਨੇ ਮੁਫਤੀ ਸਾਹਿਬ ਦਾ ਪੱਖ ਲੈਣ ਦਾ ਨਿਰਣਾ ਲੈ ਲਿਆ।
> ਉਹ ਇਹ ਪੱਖ ਇਸ ਕਰਕੇ ਨਹੀ ਲੈ ਰਹੀ ਸੀ ਕਿ ਇਸ ਦਾ
> ਘਾੜਾ ਮੁਫਤੀ ਉਸਮਾਨੀ ਸੀ ਬਲਕਿ ਇਸ ਕਰਕੇ ਕਿ ਉਸਦੀ
> ਆਪਣੀ ਸੋਚਣੀ ਸੀ ਕਿ ਇਸਲਾਮ ਨੇ ਜੋ ਵੀ ਪਾਬੰਦੀਆ
> ਔਰਤਾਂ ਤੇ ਲਾਈਆ ਹਨ ਇਹ ਮੁਸਲਮਾਨ ਔਰਤ ਦੇ ਲਈ ਸਹੀ ਸਨ

(ਪੰਨਾ 32)

ਆਫੀਆ ਲਈ ਜੀਵਨ ਦਾ ਹਰ ਪੱਖ ਧਰਮ ਦੀ ਉਸ ਨਿਰਧਾਰਤ ਵਿਆਖਿਆ ਤੋ ਢਲਦਾ ਹੈ ਜੋ ਕਿਸੇ ਨਾ ਕਿਸੇ ਪਾਸਿਓ ਰਾਜਨੀਤਿਕ ਸੀ। ਇੱਥੇ ਰਾਜਨੀਤੀ ਧਾਰਮਿਕ ਫਿਲਾਸਫੀ ਅਨੁਸਾਰ ਨਹੀਂ ਸਗੋਂ ਧਾਰਮਿਕ ਧਾਰਨਾਵਾਂ ਰਾਜਨੀਤਿਕ ਤਰਕਾਂ ਰਾਹੀ ਪਰਿਭਾਸ਼ਤ ਹੋ ਰਹੀਆਂ ਹਨ। ਆਫੀਆ ਦਾ ਔਰਤ ਰੂਪ ਆਪਣੀ ਸਿਰਜਨਾਤਮਕਤਾ ਨੂੰ ਇਸ ਸਮੁੱਚੀ ਅਮਾਨਵੀ ਜੇਹਾਦੀ ਪ੍ਰਕ੍ਰਿਆ ਵਿਚ ਢਾਲ ਦਿੰਦੀ ਹੈ। ਮਾਨਵੀ ਸ੍ਰੋਤਾਂ ਦੀ ਹੋ ਰਹੀ ਲੁੱਟ ਦਾ ਮੈਟਾਫਰ ਆਫੀਆਂ ਦੀ ਉਹ ਗਤੀਸ਼ੀਲਤਾ ਹੈ ਜਿਸ ਵਿਚੋ ਉਹ ਆਪਣਾ ਅਤੇ ਇਸਲਾਮ ਦਾ ਅਕਸ ਤਲਾਸ਼ਦੀ ਹੈ। ਦੂਸਰੇ ਪਾਸੇ ਉਸਦੇ ਬੱਚਿਆ ਦਾ ਉਹ ਜੀਵਨ ਜਿਸ ਨੂੰ ਉਹ ਵਿਚਾਰ ਦਿੰਦਾ ਹੈ। ਫੜੇ ਜਾਣ ਉਪਰੰਤ ਉਹ ਚਾਹੁੰਦੀ ਹੈ ਕਿ ਉਸਦੇ ਪੁੱਤਰ ਦੀ ਆਪਣੀ ਪਛਾਣ ਗੁਪਤ ਰਹੇ, ਪਰ ਉਹ ਭੁੱਲ ਜਾਂਦੀ ਹੈ ਕਿ ਉਸਦੀ ਜੀਵਨ ਗਤੀਸ਼ੀਲਤਾ ਦਾ ਉਹੀ ਰੂਪ ਉਹਨਾਂ ਵਿਚ ਵਿਕਸਿਤ ਹੋਵੇਗਾ। ਆਫੀਆਂ ਦਾ ਵਾਰ ਵਾਰ ਅਮਰੀਕਾ ਵਿਚੋ ਮੁਸਲਮਾਨਾਂ ਨੂੰ ਜਾਣ ਲਈ ਕਹਿਣਾ ਅਸਲ ਵਿੱਚ ਅਜਿਹੀ ਮਾਨਸਿਕਤਾ ਹੈ ਜੋ ਅਮਰੀਕਾ ਵੱਲੋ ਫੈਲਾਏ ਜਾ ਰਹੇ 'ਕਾਨੂੰਨੀ ਅੱਤਵਾਦ' ਦਾ ਪ੍ਰਤੀਫਲ ਹੈ ਇਹ ਅਜਿਹਾ ਡਰ ਭੈ ਹੈ ਜੋ 'ਦੂਸਰੇ' ਨੂੰ ਕਿਤੇ ਨਾ ਕਿਤੇ ਕੱਟੜ ਬਣਨ ਲਈ ਮਜਬੂਰ ਵੀ ਕਰ ਰਿਹਾ ਹੈ। ਅੰਤ ਆਫੀਆ ਉਪਰ ਜੋ ਮੁੱਕਦਮਾ ਚਲਾਇਆ ਜਾਂਦਾ ਹੈ। ਉਸਦਾ ਅਧਾਰ ਵੀ ਅਮਰੀਕੀ ਤਾਕਤ ਨਿਰਧਾਰਤ ਕਰਦੀ ਹੈ। ਜਿਸ ਵਿਚ ਮਿੱਥੇ ਰੂਪ ਵਿਚ ਇਕ ਚੇਤਾਵਨੀ ਦਿੱਤੀ ਜਾ ਰਹੀ ਹੈ ਕਿ ਸਜ਼ਾ ਜੇਹਾਦ ਜਾਂ ਲੜਾਈ ਕਰਕੇ ਨਹੀ ਸਗੋ ਅਮਰੀਕਾ ਦੀ ਤਾਕਤ ਦੀ ਨੁਮਾਇਸ਼ ਅਤੇ

ਉਸ ਨੂੰ ਜਾਇਜ ਠਹਿਰਾਉਣ ਲਈ ਸਜ਼ਾ ਦਾ ਅਧਾਰ ਮਮੂਲੀ ਬਣਾਇਆ ਜਾਂਦਾ ਹੈ।

ਇਸ ਪ੍ਰਕਾਰ ਇਹ ਨਾਵਲ ਵਿਸ਼ਵੀ ਪੱਧਰ ਉਪਰ ਮਾਨਵ ਸੰਕਟਾ ਨੂੰ ਇਸਲਾਮ ਦੇ ਅੱਤਵਾਦ ਅਤੇ ਅਮਰੀਕਾ ਦੀ ਤਾਕਤ ਦੇ ਸੰਦਰਭਾਂ ਰਾਹੀ ਪੇਸ਼ ਕਰਦਾ ਹੈ। ਅਮਰੀਕਾ ਦਾ ਮੰਡੀ ਦਿਮਾਗ ਇਸ ਇਸਲਾਮਿਕ ਅੱਤਵਾਦ ਨੂੰ ਆਪਣੇ ਲਈ ਕਿਵੇਂ ਵਰਤਦਾ ਹੈ, ਉਸਦਾ ਪ੍ਰਗਟਾਵਾ ਵੀ ਸਪੱਸ਼ਟ ਹੈ ਕਿ ਉਹ ਆਫੀਆਂ ਬਾਰੇ ਸੰਪੂਰਣ ਜਾਣਕਾਰੀ ਵੀ ਰੱਖਦਾ ਹੈ ਤੇ ਖਾਮੋਸ਼ ਰਹਿ ਕੇ ਸਾਰੀ ਕ੍ਰਿਆ ਪ੍ਰਤੀਕ੍ਰਿਆ ਨੂੰ ਦੇਖਦਾ ਹੈ। ਇਸ ਪ੍ਰਕਾਰ ਜਿੱਥੇ ਆਫੀਆ ਦਾ ਭਰਵਾ ਸੰਕਟ ਜੇਹਾਦ ਦੇ ਗਲਤ ਅਰਥਾਂ ਨੂੰ ਧਾਰਨ ਕਰਕੇ ਉਭਰਦਾ ਹੈ, ਉੱਥੇ ਦੂਸਰੇ ਪੱਧਰ ਉੱਪਰ ਇਹਨਾਂ ਅਰਥਾਂ ਨੂੰ ਸਥਾਪਿਤ ਕਰਨ ਨਾਲ ਸੰਕਟ ਗ੍ਰਸਤ ਹੁੰਦਾ ਹੈ। ਤੀਸਰੇ ਪੱਧਰ ਉੱਪਰ ਅਮਰੀਕਾ ਅਤੇ ਤਾਲਿਬਾਨ ਅਤੇ ਖੁਫੀਆਂ ਏਜੰਸੀਆਂ ਦੀ ਵਰਤੋਂ।

ਦੂਸਰਾ ਮਹੱਤਵਪੂਰਨ ਨਾਵਲ ਜੋਗਿੰਦਰ ਕੈਰੋਂ ਦਾ 'ਮੌਤ ਇੱਕ ਦਰਿਆ ਦੀ' ਹੈ। ਇਸ ਨਾਵਲ ਦਾ ਮੁੱਖ ਸਰੋਕਾਰ ਮਨੁੱਖ ਦੀ ਚੇਤਨਾ ਵਿੱਚ ਪੈਦਾ ਹੋ ਚੁੱਕਾ ਖਲਾਅ ਅਤੇ ਇਸ ਖਲਾਅ ਤੋਂ ਉਪਜਿਆ ਮਾਨਵੀ ਸੰਕਟ ਹੈ। ਸਮਕਾਲੀ ਵਿਸ਼ਵ ਦਾ ਯਥਾਰਥ ਜਿਸ ਨੂੰ ਸੱਤਾ ਸੰਪੰਨ ਕਾਰਪੋਰੇਟ ਪੂੰਜੀ ਪ੍ਰਬੰਧ ਢਾਂਚਾ ਪ੍ਰਦਾਨ ਕਰਦਾ ਹੈ। ਵਸਤੂਆਂ ਦੀ ਪਛਾਣ ਬਣਾਉਣ ਦੀ ਅਜਿਹੀ ਤਰਤੀਬ ਸਿਰਜਦਾ ਹੈ ਜਿਸ ਵਿੱਚੋਂ ਮਨੁੱਖ ਆਪਣੇ ਅਸਲ ਨਾਲੋਂ ਵਾਰ-ਵਾਰ ਟੁੱਟਦਾ ਹੈ। ਇਸ ਵਾਰ-ਵਾਰ ਟੁੱਟਣ ਨੂੰ ਇੱਕ ਚੇਤੰਨ ਕਲਾਕਾਰ ਰਿਸ਼ਤਿਆਂ ਅਤੇ ਸੰਬੰਧਾਂ ਵਿੱਚੋਂ ਆਪਣੇ-ਆਪ ਨੂੰ ਵਾਰ-ਵਾਰ ਪਰਿਭਾਸ਼ਤ ਕਰਨ ਦੇ ਦਾਰਸ਼ਨਿਕ ਹੱਲ ਤਲਾਸ਼ ਕਰਦਾ ਹੈ। ਇਸ ਨਾਵਲ ਦਾ ਮੁੱਖ ਪਾਤਰ ਅਜਿਹਾ ਚੇਤੰਨ ਕਲਾਕਾਰ ਹੈ ਜੋ ਇਸ ਮਾਨਵੀ ਸੰਕਟ ਨੂੰ ਦਾਰਸ਼ਨਿਕਤਾ ਰਾਹੀਂ ਸੰਵਾਦ ਵਿੱਚ ਲਿਆਉਂਦਾ ਹੈ। ਰਿਸ਼ਤਿਆਂ ਅਤੇ ਸੰਬੰਧਾਂ ਦੇ ਸੰਦਰਭਾਂ ਰਾਹੀਂ ਇਸ ਸਮਕਾਲੀ ਸਮੇਂ ਵਿੱਚ ਭਾਵ ਅਮਾਨਵੀ ਸਥਿਤੀਆਂ ਦੀ ਪੇਸ਼ਕਾਰੀ ਕਰਦਾ ਹੈ।

ਉਸ ਸੋਚਿਆ ਸ਼ਾਇਦ ਸਾਡੀ ਜ਼ਿੰਦਗੀ ਦਾ ਸਫਰ ਹੋਰ ਤਰ੍ਹਾਂ ਦਾ ਹੁੰਦਾ ਜੇਕਰ ਕੁਝ ਹੋਰ ਬੰਦੇ ਉਸ ਸਮੇਂ ਜਨਮ ਨਾਂ ਲੈਂਦੇ ਜਦੋਂ ਅਸੀ ਜਨਮੇ ਸਾਂ। ਉਸ ਨੇ ਬਹੁਤ ਸਾਰੇ ਬੰਦਿਆਂ ਬਾਰੇ ਸੋਚਿਆ ਜਿਹੜੇ ਉਸਦੀ ਜ਼ਿੰਦਗੀ ਵਿੱਚ ਆਏ ਸਨ, ਜਿੰਨ੍ਹਾਂ ਨੇ ਆਪਣੀਆਂ ਸਹਿਜ ਸੁਭਾ ਹਰਕਤਾਂ ਨਾਲ ਕਿਵੇਂ ਉਸਨੂੰ ਪੱਛ ਦੇ ਰੱਖ ਦਿੱਤਾ ਸੀ। ਬੰਦੇ ਦੀ ਕਿੰਨੀ ਵੱਡੀ ਤ੍ਰਾਸਦੀ ਹੈ ਕਿ ਇੱਕ ਬੰਦੇ ਦੇ ਕਿਸੇ ਕਰਮ ਜਾਂ ਹਰਕਤ ਨਾਲ ਹੀ ਕਿਵੇਂ ਤੁਹਾਡੀ ਸਾਰੀ ਜ਼ਿੰਦਗੀ ਬਦਲ ਜਾਂਦੀ ਹੈ। ਜ਼ਿੰਦਗੀ ਦਾ ਸਾਰਾ ਹੀ ਚੱਕਰ ਹੀ ਪੁੱਠਾ ਚਲ ਪੈਂਦਾ ਹੈ। (ਪੰਨਾਂ ਨੰ:142)

ਜਿੱਥੇ ਇਹ ਸੰਵਾਦ ਸਮਕਾਲੀ ਆਲੇ-ਦੁਆਲੇ ਉਪਜੀਆਂ ਵਿਸ਼ਵ-ਸਥਿਤੀਆਂ ਵੱਲ ਸੰਕੇਤ ਕਰਦਾ ਹੈ, ਉੱਥੇ ਮਾਨਵੀ ਸੰਕਟਾਂ ਦੇ ਸਰੋਕਾਰਾਂ ਨੂੰ ਮਨੁੱਖੀ ਵਿਵਹਾਰਾਂ, ਸੰਬੰਧਾਂ ਅਤੇ ਰਿਸ਼ਤਿਆਂ ਵਿੱਚੋਂ ਪਕੜਨ ਦੀ ਕੋਸ਼ਿਸ਼ ਕਰਦਾ ਹੈ, ਚੇਤੰਨ ਕਲਾਕਾਰ ਜੋ ਇਸ ਨਾਵਲ ਦਾ ਕੇਂਦਰੀ ਪਾਤਰ ਹੈ ਉਸਦਾ ਸੰਬੰਧ ਗੁਰਸੁਖਨ, ਸਿਲਕੀ, ਬੱਬੂ, ਰਵੀ ਅਤੇ ਪ੍ਰਨੀਤ ਨਾਲ ਬਣਦਾ ਹੈ ਤੇ ਟੁੱਟਦਾ ਹੈ, ਸੰਬੰਧ ਬਣਨ ਦੀ ਪ੍ਰਕ੍ਰਿਆ ਵਿੱਚ ਸਹਿਜਤਾ ਅਤੇ ਮਾਨਵੀਪਣ ਹਾਜ਼ਿਰ ਹੁੰਦਾ ਹੈ ਤੇ ਟੁੱਟਣ ਦੀ ਪ੍ਰਕ੍ਰਿਆ ਵਿੱਚ ਚਕਾਚੌਂਧ ਕਰਨ ਵਾਲੀ ਪੂੰਜੀ ਬਣਤਰ ਸੰਬੰਧਾਂ ਦਾ ਆਧਾਰ ਦੋ ਧਰਾਤਲਾਂ ਉੱਪਰ ਪੇਸ਼ ਕੀਤਾ ਗਿਆ ਹੈ। ਵਿਸ਼ਵ ਵਿੱਚ ਪਣਪੇ ਨਵੇ ' ਪ੍ਰਬੰਧ ਜਿਸ ਵਿੱਚ ਮਨੁੱਖ ਵਸਤੂਦਾ ਰੂਪ ਧਾਰਨ ਕਰ ਗਿਆ, ਨੂੰ ਮੁੱਖ ਸੰਦਰਭ ਬਣਾ ਕੇ



ਪੇਸ਼ ਕੀਤਾ ਗਿਆ ਹੈ।

ਉਸ ਦੇ ਵੇਖਦਿਆਂ ਵੇਖਦਿਆਂ ਹੀ ਕਿੰਨਾਂ ਕੁਝ ਬਦਲ ਗਿਆ ਸੀ
ਉਸ ਦੇ ਲੋਕ ਪਹਿਲਾਂ ਜਨਤਾ ਬਣੇ, ਫਿਰ ਵੋਟ ਅਤੇ ਬਾਅਦ ਵਿੱਚ
ਕੇਵਲ ਕਾਗਜ਼ਦੀਆਂ ਪਰਚੀਆਂ, ਇਸੇ ਲਈ ਹੀ ਸ਼ਾਇਦ ਉਹ ਹੋਰ
ਉਦਾਸ ਹੋ ਗਿਆ ਸੀ ('ਮੌਤ ਇੱਕ ਦਰਿਆ ਦੀ' ਪੰਨਾ 8)

ਇਸੇ ਕਰਕੇ ਹੀ ਸਮਕਾਲੀ ਮਾਨਵੀ ਸੰਕਟਾਂ ਨੂੰ ਇਹ ਨਾਵਲ ਦਾ ਮੁੱਖ ਸਰੋਕਾਰ ਮਨੁੱਖੀ; ਅਸਤਿਤਵ ਦੀ ਦਾਰਸ਼ਨਿਕਤਾ ਸੰਵਾਦ ਸਿਰਜਦਾ ਹੈ। ਇਸ ਨਾਵਲ ਦੀਆਂ ਪ੍ਰਤੀਧੁਨੀਆਂ ਵਿੱਚ ਸੰਸਾਰ/ਵਸਤੂਆਂ/ਰਿਸ਼ਤੇ/ਸੰਬੰਧ ਗੁਲਾਮੀ ਦੀ ਪ੍ਰਕ੍ਰਿਆ ਨਾਲ ਜੁੜਦੇ ਹਨ ਅਤੇ ਇਸ ਸਭ ਕਾਸੇ ਨੂੰ ਕੁਦਰਤ ਦੇ ਸਪੁਰਦ ਕਰ ਦੇਣਾ ਮੁਕਤੀ ਦੀ ਪ੍ਰਕ੍ਰਿਆ ਨਾਂਲ ਜੁੜਦੇ ਹਨ। ਸਭ ਕੁਝ ਦਰਿਆ ਦੇ ਸਪੁਰਦ ਕਰਨ ਦਾ ਮੈਟਾਫਰ ਮਾਨਵੀਂ ਸੰਕਟਾਂ ਅਤੇ ਅਸਤਿਤਵ ਦੇ ਗੰਭੀਰ ਪ੍ਰਸ਼ਨਾਂ ਤੋਂ ਮੁਕਤੀ ਹਾਸਿਲ ਕਰਨ ਦਾ ਹੀ ਦਾਰਸ਼ਨਿਕ ਵਿਯਨ ਹੈ। ਇਸੇ ਕਰਕੇ ਹੀ ਇਸ ਨਾਵਲ ਦੀ ਪਾਤਰ ਸ਼ਕਤੀ ਹਾਸਿਲ ਕਰਨ ਲਈ ਜ਼ਿੰਦਗੀ ਅਤੇ ਮੌਤ ਦੇ ਗਹਿਰੇ ਸੰਬੰਧਾਂ ਵਿਚਲੀ ਸਪੇਸ ਨੂੰ ਆਪਣੀ ਸੋਚ ਦਾ ਗੁਲਾਮ ਬਣਾਉਂਦਾ ਹੈ। ਇਸ ਨਾਵਲ ਦੀ ਵੱਡੀ ਪ੍ਰਾਪਤੀ ਇਹ ਹੈ ਕਿ ਇਹ ਮਨੁੱਖ ਨੂੰ ਜ਼ਿੰਦਗੀ ਅਤੇ ਮੌਤ ਦਰਮਿਆਨ ਮਿਲੀ ਸਪੇ ਸ ਨੂੰ ਵਰਤਣ ਦੀ ਦਾਰਸ਼ਨਿਕਤਾ ਪ੍ਰਦਾਨ ਕਰਦਾ ਹੈ ਕਿ ਉਸਨੇ ਇਹ ਸਪੇਸ ਕਿਸ ਨਾਲ ਭਰਨੀ ਹੈ, ਸੰਸਾਰਕ ਵਿਧੀ ਵਿਧਾਨ ਨਾਲ ਕਿ ਮੁਕਤੀ ਦੀ ਚੇਤਨਾ ਨਾਲ। ਇਸ ਪ੍ਰਕਾਰ ਇਸ ਨਾਵਲ ਵਿੱਚ ਪੇਸ਼ ਪਾਤਰ ਅਤੇ ਉਸਦੇ ਸੰਬੰਧਾਂ ਦਾ ਸੰਦਰਭ ਅਜਿਹੇ ਸਰੋਕਾਰਾਂ ਨੂੰ ਪ੍ਰਗਟ ਕਰਦਾ ਹੈ ਜਿਸ ਤੋ ਮਾਨਵੀ ਸੰਕਟਾਂ ਪ੍ਰਤੀ ਦਾਰਸ਼ਨਿਕ ਸੰਵਾਦ ਹੀ ਇੱਕ ਅਜਿਹੀ ਵਿਧੀ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ ਜੋ ਹੱਲ ਹੈ।

ਨਛੱਤਰ ਦਾ ਨਾਵਲ 'ਸਲੋਅ ਡਾਊਨ' ਵੀ ਸਮਕਾਲੀ ਵਿਸ਼ਵੀਕਰਨ ਵਿੱਚੋਂ ਮਾਨਵ ਦੀ ਸਪੇਸ ਦੇ ਟੁੱਟਣ ਨੂੰ ਆਪਣੇ ਫੋਕਸ ਵਿੱਚ ਰੱਖਦਾ ਹੈ। ਇਸ ਨਾਵਲ ਵਿੱਚ ਸੱਤਾ ਸੰਪੰਨ ਕਾਰਪੋਰੇਟ ਪੂੰਜੀ ਪ੍ਰਬੰਧ ਦਾ ਅਜਿਹਾ ਚਿਹਰਾ ਸਾਹਮਣੇ ਆਉਂਦਾ ਹੈ ਜਿਸ ਨਾਲ ਭਵਿੱਖ ਇੱਕ ਗੰਭੀਰ ਮਾਨਵੀ ਸੰਕਟਾਂ ਨਾਲ ਭਰਿਆ ਨਜ਼ਰ ਆਉਂਦਾ ਹੈ। ਮਨੁੱਖ ਦੀਆਂ ਪਰੰਪਰਕ ਨਰੋਈਆਂ ਕਦਰਾਂ-ਕੀਮਤਾਂ ਦਾ ਅਲੋਪ ਹੋ ਜਾਣਾ ਅਤੇ ਨਵੀਆਂ ਕਦਰਾਂ-ਕੀਮਤਾਂ ਦਾ ਖਪਤੀ ਰੂਪ ਮਨੁੱਖ ਨੂੰ ਵਸਤੂਵਿੱਚ ਰੁਪਾਂਤਰਣ ਕਰਨ ਵਾਲਾ ਹੈ। ਇਸ ਨਾਵਲ ਦੇ ਸਾਰੇ ਦੇ ਸਾਰੇ ਪਾਤਰ ਵਿਯੋਗੇ ਹੋਏ ਹਨ, ਟੁੱਟੇ ਹੋਏ ਹਨ, ਨਿਰਾਸ਼ ਹਨ। ਇਸ ਨਾਵਲ ਵਿੱਚ ਕਈ ਰੂਪਾਂ ਵਿੱਚ ਇਸ ਨਾਵਲ ਦੇ ਨਵੀਂ ਪੀੜ੍ਹੀ ਨਾਲ ਸੰਬੰਧਤ ਪਾਤਰ ਜਦੋਂ ਆਪਣੇ ਸੰਬੰਧ ਬਣਾਉਂਦੇ ਹਨ ਤਾਂ ਉਹਨਾਂ ਦੁਆਲੇ ਅਸੁਰੱਖਿਆ ਦੀ ਭਾਵਨਾ, ਵੱਧ ਸ਼ਾਨੋ ਸ਼ੌਕਤ ਭਰੀ ਜ਼ਿੰਦਗੀ ਜਿਉਣ ਲਈ ਵਿਦੇਸ਼ਾਂ ਵਿੱਚ ਜਾਣਾ ਅਤੇ ਰਿਸ਼ਤਿਆਂ ਵਿੱਚ ਸਹਿਜਤਾ ਦਾ ਅਲੋਪ ਹੋ ਜਾਣਾ ਮੁੱਖ ਆਧਾਰ ਬਣਦੇ ਹਨ। ਕੇਵਲ, ਨਿਧੀ, ਰੋਹਿਤ, ਮੋਨਿਕਾ, ਨੀਰਜ, ਸੀਮਾਂ, ਕਰਮਵੀਰ ਰਿਸ਼ੀ, ਅਮਰਿੰਦਰ, ਪੰਕਜ ਤੇ ਸ਼ਬਨਮ, ਸਮੀਰ ਅਜਿਹੇ ਪਾਤਰ ਹਨ ਜੋ ਮਹਾਂਨਗਰੀ ਜੀਵਨ ਦੇ ਸੰਕਟਾਂ ਨੂੰ ਰੂਪਮਾਨ ਕਰਦੇ ਹਨ। ਦੂਸਰੇ ਪਾਸੇ ਪੰਕਜ ਦੀ ਮਾਂ, ਚਮਨ ਲਾਲ, ਕਮਲਾ, ਗਿਰਧਾਰੀ ਲਾਲ ਅਤੇ ਕਰਤਾਰ ਚੰਦ ਅਜਿਹੇ ਪਾਤਰ ਹਨ ਜੋ ਮਹਾਂਨਗਰੀ ਜੀਵਨ ਵਿੱਚ ਉਪਰੋਕਤ ਪਾਤਰਾਂ ਦੇ ਬਣੇ ਸੰਬੰਧਾਂ ਅਤੇ ਰਿਸ਼ਤਿਆਂ ਤੋਂ ਪ੍ਰੇਸ਼ਾਨ ਹਨ। ਇਹਨਾ ਪਾਤਰਾਂ ਦਾ ਸੰਕਟ ਦੋਹਰੇ ਰੂਪ ਵਾਲਾ ਹੋ ਨਿਬੜਦਾ ਹੈ। ਇੱਕ ਪਾਸੇ ਸਮਕਾਲੀ ਨਵੀਂ ਪੀੜ੍ਹੀ ਦਾ ਆਪਣੇ

ਸਭ ਕਾਸੇ ਤੋਂ ਦੂਰ ਹੋ ਜਾਂਣਾ ਅਤੇ ਦੂਸਰਾ ਦੂਰ ਹੋ ਕੇ ਜੀਵਨ ਦੀਆਂ ਮਾਨਵੀਂ ਕਦਰਾਂ-ਕੀਮਤਾਂ ਤੋਂ ਟੁੱਟ ਜਾਣਾ

''ਤੁਸੀਂ ਮਾਈਂਡ ਤਾਂ ਨਹੀਂ ਕਰੋਗੇ ? ਦਰਅਸਲ ਕੰਪਨੀ ਦੀਆਂ ਘੰਟਿਆਂ ਬੱਧੀ ਚੱਲਣ ਵਾਲੀਆਂ ਮੀਟਿੰਗਾਂ ਮੈਂਟਲੀ ਅਤੇ ਫਿਜੀਕਲੀ ਬਹੁਤ ਥਕਾ ਦਿੰਦੀਆਂ ਨੇ। ਰਾਤ ਨੂੰਜੇ ਇੱਕ ਅੱਧ ਡਰਿੰਕ ਨਾ ਲਵਾਂ ਤਾਂ ਮੈਨੂੰ ਨੀਂਦ ਨਹੀ ਆਉਂਦੀ।''

'' ਕਿਤੇ ਮੈਨੂੰਕਿਸੇ ਜਾਲ ਵਿੱਚ ਫਸਾਉਣ ਦੀ ਕੋਈ ਚਾਲ ਤੇ ਨਹੀਂ ?'' ਅਮਰਿੰਦਰ ਸੋਚ ਹੀ ਰਿਹਾ ਸੀ ਤੇ ਸੀਮਾ ਦੋ ਡਰਿੰਕ ਸਾਹਮਣੇ ਲਿਆ ਰੱਖੇ। ''ਰਿਲੈਕਸ ਹੋ ਕੇ ਬੈਠੋ। ਮੈਂ ਇਸ ਲਈ ਕਾਹਲੀ ਕਰ ਰਹੀਂ ਹਾਂ ਕਿ ਆਪਾਂ ਬਹੁਤ ਗੱਲਾਂ ਕਰਨੀਆਂ ਨੇ ਪਰ ਮੇਰੇ ਕੋਲ ਸਮਾਂ ਬਹੁਤ ਘੱਟ ਏ।''

(ਸਲੋਅ ਡਾਊਨ ਪੰਨਾ ਨੰ:22)

ਇਸ ਕਰਕੇ ਮਸ਼ੀਨੀ ਬਣੇ ਇਹ ਪਾਤਰ ਅਜਿਹੇ ਮਾਨਵੀ ਸੰਕਟ ਨੂੰ ਪੇਸ਼ ਕਰਦੇ ਹਨ ਜੋ ਸਮਕਾਲੀ ਪੂੰਜੀ ਪ੍ਰਬੰਧ ਦੇ ਵਿਸਥਾਰ ਰੂਪ ਵਿੱਚੋਂ ਗ੍ਰਹਿਣ ਹੁੰਦਾ ਹੈ। ਅਵਿਸ਼ਵਾਸ਼ ਦੀ ਭਾਵਨਾ, ਮੈਂਟਲੀ ਅਤੇ ਫਿਜ਼ੀਕਲ ਥਕਾਵਟ, ਸਮੇਂ ਦਾ ਸੀਮਿਤ ਹੋ ਜਾਣਾ ਅਜਿਹੀ ਜ਼ਿੰਦਗੀ ਦੇ ਪਛਾਣ ਚਿੰਨ੍ਹ ਹਨ ਜਿਸ ਵਿੱਚ ਮਾਨਵ ਦੀ ਜੀਵਨ-ਸਪੇਸ ਸੁੰਗੜ ਚੁੱਕੀ ਹੈ। ਪੂੰਜੀ ਦੇ ਫਲਾਅ ਅਤੇ ਤੇਜ ਵਹਾਅ ਨੇ ਮਨੁੱਖ ਨੂੰ ਸੁੰਗੇੜ ਦਿੱਤਾ ਹੈ। ਇਸ ਪ੍ਰਕਾਰ ਇਸ ਨਾਵਲ ਦੇ ਪਾਤਰਾਂ ਦਾ ਟੁੱਟ-ਭੱਜ ਵਾਲਾ ਜੀਵਨ ਗਹਿਰੇ ਸੰਕਟ ਨੂੰ ਪੇਸ਼ ਕਰਦੇ ਹਨ।

ਉਪਰੋਕਤ ਅਧਿਐਨ ਅਧੀਨ ਨਾਵਲਾਂ ਵਿੱਚੋਂ ਇਕ ਅਜਿਹਾ ਗੰਭੀਰ ਮਾਨਵੀਂ ਸੰਕਟ ਸਾਹਮਣੇ ਆਉਂਦਾ ਹੈ ਜਿਸ ਨੂੰ 'ਘਰ' ਅਤੇ 'ਬੱਚਿਆਂ' ਦੇ ਰੂਪ ਵਿੱਚ ਸਮਝਿਆ ਜਾ ਸਕਦਾ ਹੈ। 'ਆਫੀਆ ਸਦੀਕੀ ਦਾ ਜੇਹਾਦ' ਵਿੱਚ 'ਘਰ' ਅਤੇ 'ਬੱਚੇ' ਸਮੱਸਿਆਕਾਰ ਦੇ ਰੂਪ ਵਿੱਚ ਸਾਹਮਣੇ ਆਉਂਦੇ ਹਨ। ਆਫੀਆ ਦਾ ਘਰ ਅਤੇ ਉਸਦੇ ਬੱਚੇ ਜਿੰਨ੍ਹਾਂ ਵਿੱਚੋਂ ਇੱਕ ਜੇਹਾਦ ਦੇ ਨਾਮ ਹੇਠ ਬਲੀ ਚੜ੍ਹਨ ਲਈ ਤਿਆਰ ਕੀਤਾ ਜਾ ਚੁੱਕਾ ਹੈ ਅਜਿਹੇ ਭਵਿੱਖ ਦੇ ਸੰਕਟਾਂ ਨੂੰ ਰੂਪਮਾਨ ਕਰਦੇ ਹਨ ਜਿਸ ਦਾ ਫਿਲਹਾਲ ਕੋਈ ਸੰਜੀਦਾ ਹੱਲ ਸਾਹਮਣੇ ਨਹੀ ਆਉਂਦਾ। ਦੂਸਰੇ ਨਾਵਲ 'ਮੌਤ ਇੱਕ ਦਰਿਆ ਦੀ' ਵਿੱਚ ਵੀ 'ਘਰ' ਅਤੇ 'ਬੱਚੇ' ਗੈਰਹਾਜ਼ਿਰ ਹਨ। ਇਸ ਨਾਵਲ ਦੇ ਮੁੱਖ ਕਲਾਕਾਰ ਪਾਤਰ ਦੇ ਸੰਬੰਧਾਂ ਦਾ ਜੁੜਨਾ ਅਤੇ ਟੁੱਟਣਾ ਅਜਿਹੀ ਪ੍ਰਕ੍ਰਿਆ ਹੈ ਜਿਸ ਵਿੱਚੋਂ ਭਵਿੱਖ ਗੈਰ ਹਾਜ਼ਿਰ ਹੈ। ਤੀਸਰੇ ਨਾਵਲ 'ਸਲੋਅ ਡਾਊਨ' ਵਿੱਚ ਵੀ 'ਘਰ' ਦਾ ਸਥਾਈਪਣ ਗੈਰ ਹਾਜ਼ਿਰ ਹੈ। ਘਰ ਦੀ ਸਪੇਸ ਕਾਰਪੋਰੇਟ ਜਗਤ ਅਨੁਕੂਲ ਬਦਲਦੀ ਹੈ। ਹੋਟਲ ਇੱਕ ਅਜਿਹਾ ਖਪਤ ਦਾ ਪ੍ਰਤੀਕ ਬਣਕੇ ਸਾਹਮਣੇ ਆਉਂਦਾ ਹੈ ਜੋ ਘਰ ਨੂੰ ਸਮੱਸਿਆਗ੍ਰਸਤ ਕਰਦਾ ਹੈ। 'ਬੱਚੇ' ਇਹਨਾਂ ਰਿਸ਼ਤਿਆਂ/ਸੰਬੰਧਾਂ ਵਿੱਚੋਂ ਗੈਰਹਾਜ਼ਰ ਹਨ। ਅਸਲ ਵਿੱਚ ਵਿਆਹ ਸੰਸਥਾਂ ਹੀ ਸਮੱਸਿਆਗ੍ਰਸਤ ਹੈ। ਵਿਆਹ ਸੰਸਥਾਂ ਤੋਂ ਮੁਕਤੀ ਦੀ ਚੇਤਨਾ ਤਾਂ ਹੈ ਪਰ ਭਵਿੱਖ ਲਈ ਇਹਨਾਂ ਰਿਸ਼ਤਿਆਂ/ਸੰਬੰਧਾਂ ਕੋਲ ਕੋਈ ਇਸਦਾ ਬਦਲ ਨਹੀਂ। ਇਸ ਪ੍ਰਕਾਰ ਸਮਕਾਲੀ ਪੰਜਾਬੀ ਨਾਵਲ ਵਿੱਚ ਮਾਨਵੀ-ਸੰਕਟਾਂ ਦੀ ਗਹਿਰੀ ਪੇਸ਼ਕਾਰੀ ਮਿਲਦੀ ਹੈ ਜੋ ਇੱਕ ਸੰਵਾਦ ਵੀ ਸਿਰਜਦੀ ਹੈ ਅਤੇ ਸਮਕਾਲੀ ਯਥਾਰਥ ਨੂੰ ਪ੍ਰਗਟ ਵੀ ਕਰਦੀ ਹੈ।





## ਨਵੀਆਂ ਪੁਸਤਕਾਂ/ਪ੍ਰੋ. ਜੇ.ਬੀ.ਸੇਖੋਂ

### ਉਪੇਂਦਰ ਨਾਥ ਅਸ਼ਕ ਦੀਆਂ ਚੋਣਵੀਆਂ ਕਹਾਣੀਆਂ/ਸੰਪਾਦਕ : ਨੀਲਾਭ ਅਨੁਵਾਦਿਕਾ : ਅਮੀਆ ਕੁੰਵਰ

ਇਸ ਕਿਤਾਬ ਵਿਚ ਹਿੰਦੀ ਦੇ ਪ੍ਰਸਿੱਧ ਕਹਾਣੀਕਾਰ ਉਪੇਂਦਰ ਨਾਥ ਅਸ਼ਕ ਦੀਆਂ 23 ਕਹਾਣੀਆਂ ਹਨ। ਇਹ ਕਹਾਣੀਆਂ ਸਿੱਧ ਕਰਦੀਆਂ ਹਨ ਕਿ ਚੰਗੇ ਲੇਖਕਾਂ ਕੋਲ ਸਮਾਜ ਦੇਖਣ-ਪਰਖਣ ਦੀ ਤੀਜੀ ਅੱਖ ਹੁੰਦੀ ਹੈ ਜਿਸ ਦੁਆਰਾ ਉਹ ਜ਼ਿੰਦਗੀ ਦੇ ਗੰਭੀਰ ਮੁੱਦਿਆਂ ਨੂੰ ਸੰਬੋਧਤ ਹੁੰਦੇ ਹਨ। ਅਸ਼ਕ ਹਿੰਦੀ ਦੀ ਕਥਾਕਾਰੀ ਦਾ ਅਜਿਹਾ ਹੀ ਪ੍ਰਸਿੱਧ ਹਸਤਾਖ਼ਰ ਹੈ ਜਿਸਨੇ 'ਅੰਕੁਰ', 'ਮੋਤੀ', 'ਪਲੰਘ', 'ਇਕ ਉਦਾਸੀਨ ਸ਼ਾਮ' 'ਗਲੀ ਦਾ ਨਾਂ' ਆਦਿ ਕਹਾਣੀਆਂ ਦੁਆਰਾ ਆਪਣਾ ਅਨੂਠੀ ਕਥਾ ਸ਼ੈਲੀ ਦਾ ਲੋਹਾ ਮੰਨਵਾਇਆ ਹੈ। ਉਸ ਦੇ ਰਚਨਾ-ਸੰਸਾਰ ਦੇ ਮਾਨਵੀਂ ਹੋਂਦ ਦੇ ਪ੍ਰਸ਼ਨਾਂ, ਜ਼ਿੰਦਗੀ ਦੇ ਮਸਲਿਆਂ, ਮਾਨਵੀਂ ਸੰਬੰਧਾਂ ਦੀਆਂ ਪੇਚੀਦਗੀਆਂ, ਮੱਧਵਰਗੀ ਮਨੁੱਖੀ ਜੀਵ ਦੀਆਂ ਮਾਨਸਿਕ ਗੁੰਝਲਾਂ ਤੇ ਸ਼ਹਿਰੀ ਜੀਵਨ ਸ਼ੈਲੀ ਦੇ ਸਰੋਕਾਰਾਂ ਨੂੰ ਡੂੰਘਾਈ ਨਾਲ ਫੜਿਆ ਹੈ। ਹਿੰਦੀ ਕਥਾ ਜਗਤ ਵਿਚ ਉਸਦੇ ਰਚਨਾ ਸੰਸਾਰ ਨੂੰ ਮੁਨਸ਼ੀ ਪ੍ਰੇਮ ਚੰਦ ਦੇ ਗਲਪ-ਜਗਤ ਤੋਂ ਬਾਅਦ ਦੀ ਸਮਾਜਕ ਸੰਵੇਦਨਾ ਸਾਂਭਣ ਵਜੋਂ ਸਮਝਿਆ ਜਾਂਦਾ ਹੈ। ਅਸ਼ਕ ਦੀਆਂ ਕਹਾਣੀਆਂ ਵਿਚ ਵਿਅੰਗ ਦੀ ਵਿਧੀ ਇਕ ਕਲਾਮਈ ਹਥਿਆਰ ਬਣਦੀ ਹੈ। ਜਿਵੇਂ 'ਅਜਗਰ' ਕਹਾਣੀ ਵਿਚ ਉਹ ਰਿਸ਼ਤਿਆਂ ਦੇ ਅਜਗਰੀ ਰੂਪ ਨੂੰ ਪ੍ਰਤੀਕਮਈ ਤੇ ਵਿਅੰਗ ਭਰੇ ਰੂਪ ਵਿਚ ਪੇਸ਼ ਕਰਦਾ ਹੈ। 'ਮੋਤੀ' ਕਹਾਣੀ ਮਨੁੱਖ ਤੇ ਕੁੱਤੇ ਦੇ ਪਿਆਰ ਦਾ ਭਾਵੁਕ ਪ੍ਰਵਚਨ ਹੈ ਤੇ ਕਈ ਸੁਆਲਾਂ ਨੂੰ ਪੈਦਾ ਕਰਦੀ ਰਚਨਾ ਹੈ। ਇਸ ਕਿਤਾਬ ਦੀਆਂ ਰਚਨਾਵਾਂ ਦਾ ਅਨੁਵਾਦ ਸੌਖੀ ਤੇ ਸਹਿਜ ਪੰਜਾਬੀ ਭਾਸ਼ਾ ਵਿਚ ਹੋਇਆ ਹੈ। ਅਨੁਵਾਦਿਕਾ ਦਾ ਕਾਰਜ ਪ੍ਰਸੰਸਾਯੋਗ ਹੈ। ਪਾਠਕ ਇਸ ਕਿਤਾਬ ਦੁਆਰਾ ਅਸ਼ਕ ਨੂੰ ਪੜ੍ਹ ਕੇ ਹਿੰਦੀ ਕਥਾ ਸੰਸਾਰ ਦੇ ਇਕ ਵਰਤਾਰੇ ਨੂੰ ਸਮਝ ਸਕਦੇ ਹਨ।

### ਇਸ਼ਤਿਹਾਰ ਧੁੱਪ ਛਾਂ ਦੇ (ਸ਼ਬਦ ਚਿੱਤਰ) ਕਸ਼ਮੀਰ ਸਿੰਘ ਪੰਨੂੰ

ਕਸ਼ਮੀਰ ਸਿੰਘ ਪੰਨੂੰ ਦੀ ਇਸ ਕਿਤਾਬ ਵਿਚ ਅੱਠ ਸਾਹਿਤਕਾਰਾਂ ਸੰਬੰਧੀ ਲਿਖੇ ਖ਼ੂਬਸੂਰਤ ਸ਼ਬਦ ਚਿੱਤਰ ਸ਼ਾਮਿਲ ਹਨ। 'ਸ਼ਬਦ ਚਿੱਤਰ' ਸਾਹਿਤ ਦੀ ਅਜਿਹੀ ਸਿਨਫ਼ ਹੈ ਜਿਹੜੀ ਰਚਨਾਕਾਰ ਦੀ ਬਹੁ-ਪ੍ਰਤਿਭਾ ਦੀ ਮੰਗ ਕਰਦੀ ਹੈ। ਭਾਵ ਲੇਖਕ ਕੋਲ ਵਿਸ਼ਾਲ ਸ਼ਬਦ-ਭੰਡਾਰ ਤੇ ਵਿਸਤ੍ਰਤ ਯਾਦ-ਸ਼ਕਤੀ ਹੋਵੇ, ਉਸ ਕੋਲ ਸੰਬੰਧਤ ਸ਼ਬਦ ਚਿੱਤਰ ਨਾਲ ਜੁੜੀ ਸ਼ਖ਼ਸੀਅਤ ਦੇ ਜੀਵਨ ਦਰਸ਼ਨ, ਸੁਭਾਅ ਤੇ ਵਿਚਾਰ-ਪ੍ਰਵਾਹ ਨੂੰ ਸਾਹਿਤਕ ਕੱਚ-ਸੱਚ ਵਿਚ ਪੇਸ਼ ਕਰਨ ਦਾ ਹੁਨਰ ਹੋਵੇ। ਭਾਸ਼ਾ ਦੀ ਅਨੁਪਮ ਵਰਤੋਂ ਵਾਲੀ ਇਹ ਵਿਧਾ ਗਲਪ ਤੇ ਗਲਪ ਦੇ ਸਹਿ ਰੂਪਾਂ ਦੇ ਮਿਸ਼ਰਣ ਤੋਂ ਉਸਰਦੀ ਹੈ।

ਕਸ਼ਮੀਰ ਸਿੰਘ ਪੰਨੂੰ ਦੀ ਇਹ ਕਿਤਾਬ ਪੜ੍ਹ ਕੇ ਉਪਰੋਕਤ ਖੂਬੀਆਂ ਦੇ ਦਰਸ਼-ਦੀਦਾਰ ਵੀ ਹੁੰਦੇ ਹਨ, ਨਾਲ ਹੀ ਉਸਦੀ ਮੌਲਿਕ ਤੇ ਕਲਾਤਮਿਕ ਲੇਖਣੀ ਦਾ ਵੀ ਪਤਾ ਚਲਦਾ ਹੈ। ਕਿਤਾਬ ਵਿਚ ਅਮ੍ਰਿਤਾ ਪ੍ਰੀਤਮ, ਸੁਰਿੰਦਰ ਮੀਸ਼ਾ, ਕੁਲਵੰਤ ਵਿਰਕ, ਪ੍ਰੀਤਮ ਸਿੰਘ, ਰਾਜਿੰਦਰ ਸਿੰਘ ਭਸੀਨ, ਮਹਿੰਦਰ- ਭਗਵੰਤ, ਗਿ. ਜ਼ੈਲ ਸਿੰਘ, ਹਰਸ਼ਰਨ ਸਿੰਘ ਵਰਗੀਆਂ ਸ਼ਖ਼ਸੀਅਤਾਂ ਦੇ ਸੁਭਾਅ, ਆਦਤਾਂ, ਜੀਵਨ-ਦ੍ਰਿਸ਼ਟੀਕੋਣ ਤੇ ਸਾਹਿਤ-ਸਮਾਜ ਵਿਚ ਸਥਾਨ ਨੂੰ ਰੌਚਿਕ ਗਲਪ ਸ਼ੈਲੀ ਨਾਲ ਪੇਸ਼ ਕੀਤਾ ਮਿਲਦਾ ਹੈ। ਪੰਨੂੰ ਕੋਲ ਭਾਸ਼ਾ ਦੀ ਕਲਾਮਈ ਵਰਤੋਂ ਦਾ ਹੁਨਰ ਹੈ। ਉਹ ਸੰਬੰਧਤ ਸ਼ਖ਼ਸ ਨਾਲ ਬਿਤਾਏ ਪਲਾਂ ਤੇ ਉਸਦੇ ਯੋਗਦਾਨ ਸੰਬੰਧੀ ਨਿੱਕੇ-ਨਿੱਕੇ ਘਟਨਾ-ਪ੍ਰਬੰਧਾਂ ਦੇ ਮਾਧਿਅਮਾਂ ਨਾਲ ਬਿਰਤਾਂਤ ਘੜਦਾ ਹੈ। ਉਹ ਸਿਰਫ਼ ਰੇਖਾ ਚਿੱਤਰ ਲਿਖ ਕੇ ਸੰਤੁਸ਼ਟ ਨਹੀਂ ਹੁੰਦਾ ਸਗੋਂ ਸਮਾਜ ਪ੍ਰਤੀ ਕੁਝ ਧਾਰਨਾਵਾਂ ਵੀ ਸਥਾਪਤ ਕਰਦਾ ਹੈ। ਸਾਹਿਤਕਾਰਾਂ ਪ੍ਰਤੀ ਬਣੀਆਂ ਮਿੱਥਾਂ ਵੀ ਤੋੜਦਾ ਹੈ। ਉਦਾਹਰਨ ਵਜੋਂ ਉਹ ਅਮ੍ਰਿਤਾ ਨੂੰ ਸਾਹਿਤ ਦੀ ਮੁੱਖੀ ਤੇ ਰਾਜਿੰਦਰ ਭਸੀਨ ਨੂੰ ਸਿੱਪੀ ਵਿਚਲਾ ਮੋਤੀ ਦੱਸਦਾ ਹੀ ਨਹੀਂ ਸਗੋਂ ਤਰਕ ਤੇ ਵਿਵੇਕ ਨਾਲ ਸਿੱਧ ਵੀ ਕਰਦਾ ਹੈ। ਕਿਤਾਬ ਵਿਚ ਇਕ ਸ਼ਬਦ ਚਿੱਤਰ ਉਹ ਸਵੈ ਬਾਰੇ ਲਿਖ ਕੇ ਸਿੱਧ ਕਰਦਾ ਹੈ ਕਿ ਮਨੁੱਖ ਦਾ ਬਾਹਰੀ ਸੰਸਾਰ ਹੀ ਸਭ ਕੁਝ ਨਹੀਂ ਹੁੰਦਾ ਸਗੋਂ ਉਸਦੇ ਅੰਦਰ ਵੀ ਇਕ ਪੂਰਾ ਬ੍ਰਹਿਮੰਡ ਵਸਦਾ ਹੈ। ਕਿਤਾਬ ਰੌਚਿਕ ਹੈ ਤੇ ਪਾਠਕਾਂ ਨੂੰ ਭਰਪੂਰ ਵਸਤੂ-ਸਮੱਗਰੀ ਪ੍ਰਦਾਨ ਕਰਦੀ ਹੈ।

## ਰਘੁਬੀਰ ਢੰਡ ਦੀਆਂ ਚੋਣਵੀਆਂ ਕਹਾਣੀਆਂ/ਸੰਪਾਦਕ: ਜਿੰਦਰ

ਰਘੁਬੀਰ ਢੰਡ ਮਾਰਕਸੀ ਸੋਚ ਦਾ ਕਹਾਣੀਕਾਰ ਹੈ ਤੇ ਉਹ ਦੀਆਂ ਬਹੁਤੀਆਂ ਇਸੇ ਵਿਚਾਰਧਾਰਾ ਤੋਂ ਪ੍ਰਭਾਵਤ ਹੋਈਆਂ ਹਨ। ਕੁਝ ਕਹਾਣੀਆਂ ਵੱਖਰੀਆਂ ਤਰ੍ਹਾਂ ਦੀਆਂ ਵੀ ਹਨ। ਇਸ ਸੰਗ੍ਰਹਿ 'ਚ ਢੰਡ ਦੀਆਂ 23 ਕਹਾਣੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਉਸ ਦੀਆਂ ਬਹੁ-ਚਰਚਿਤ ਕਹਾਣੀਆਂ ਹਨ : ਕੁਰਸੀ, ਸ਼ਾਨੇ ਪੰਜਾਬ ਅਤੇ ਸੱਪ ਦੀ ਅੱਖ। ਜਦੋਂ 'ਸ਼ਾਨੇ ਪੰਜਾਬ' ਕਹਾਣੀ ਛਪੀ ਸੀ ਤਾਂ ਉਸ ਵੇਲੇ ਸੰਤੋਖ ਸਿੰਘ ਧੀਰ ਨੇ ਕਿਹਾ ਸੀ, "ਰਘੁਬੀਰ ਢੰਡ ਦੀ 'ਸ਼ਾਨੇ ਪੰਜਾਬ' ਬੜੀ ਮਹਾਨ ਕਹਾਣੀ ਹੈ। ਪੰਜਾਬੀ ਵਿਚ ਹੁਣ ਇਸ ਤੋਂ ਘੱਟ ਕਹਾਣੀ ਲਿਖਣ ਦਾ ਮਤਲਬ ਨਹੀਂ।" ਸੰਤੋਖ ਸਿੰਘ ਧੀਰ ਹੋਰਾਂ ਨੇ ਵੀ ਉਸ ਦੀ ਕਹਾਣੀ ਦਾ ਲੋਹਾ ਮੰਨਿਆ ਸੀ। ਐਦਾਂ ਹੀ 'ਕੁਰਸੀ' ਦੀ ਕਾਫੀ ਚਰਚਾ ਹੋਈ ਸੀ। 'ਤੀਜੀ ਅੱਖ' ਅਤੇ 'ਨਵੀਂ ਕਿਸਮ ਦਾ ਨਾਗ' ਅਤੇ 'ਉਸ ਪਾਰ' ਨਸਲੀ ਵਿਤਕਰੇ ਦੀਆਂ ਕਹਾਣੀਆਂ ਹਨ। 'ਕਿਰਨ' ਅਤੇ 'ਆਪਣੇ ਪਰਾਏ' ਵੀ ਏਸੇ ਵਿਸ਼ੇ ਨਾਲ ਸੰਬੰਧਤ ਕਹਾਣੀਆਂ ਹਨ। 'ਚਿੜੀਆਂ' ਕਹਾਣੀ ਦਾ ਸੰਬੰਧ ਪੰਜਾਬ ਚੌਰਾਸੀ ਨਾਲ ਹੈ। 'ਸੱਪ ਦੀ ਅੱਖ' 'ਚ ਤਾਰੇ ਤੇ ਬਚਨੀ ਦੇ ਸੰਬੰਧਾਂ ਵਿਚਕਾਰ ਖਿਚ ਦਾ ਕਾਰਨ ਪੌਂਡ ਬਣਦੇ ਹਨ। ਅਸੀਂ ਰਘੁਬੀਰ ਢੰਡ ਦੀਆਂ ਕਹਾਣੀਆਂ ਬਾਰੇ ਕੇਸਰ ਸਿੰਘ ਹੋਰਾਂ ਦੇ ਕਾਰਨ ਨਾਲ ਸਹਿਮਤ ਹੁੰਦੇ ਤਾਂ : "ਰਘੁਬੀਰ ਢੰਡ ਆਪਣੇ ਪਾਤਰਾਂ ਦੇ ਵਿਅਕਤੀਗਤ ਤੇ ਜਮਾਤੀ ਸੰਘਰਸ਼ ਦੀ ਸੰਵੇਦਨਾ ਨੂੰ ਸਿਰਫ਼ ਚਿਤਰਦਾ ਹੀ ਨਹੀਂ, ਬਲਕਿ ਉਨ੍ਹਾਂ ਦੇ ਚਰਿੱਤਰਾਂ ਦੁਆਰਾ ਉਨ੍ਹਾਂ ਦੇ ਅਰਥਚਾਰੇ ਦੇ ਸਾਰੇ ਅੰਤਰ ਵਿਰੋਧਾਂ ਨੂੰ, ਪ੍ਰਗਤੀਵਾਦੀ ਯਥਾਰਥਵਾਦ ਦੀ



ਦ੍ਰਿਸ਼ਟੀ ਤੋਂ, ਵਿਚਾਰਧਾਰਕ ਗਹਿਰਾਈਆਂ ਸਮੇਤ ਸਿਰਜਦਾ ਹੈ।" ਨੈਸ਼ਨਲ ਬੁੱਕ ਵੱਲੋਂ ਇਹ ਉਦਮ ਵਧੀਆ ਹੈ ਪਰ ਪੁਸਤਕ ਦਾ ਮੁੱਲ 305ਰੁ: ਅਖਰਦਾ ਹੈ।

## ਮਨਿੰਦਰ ਸਿੰਘ ਕਾਂਗ ਦੀਆਂ ਚੋਣਵੀਆਂ ਕਹਾਣੀਆਂ
## ਸੰਪਾਦਕ : ਡਾ. ਬਲਦੇਵ ਸਿੰਘ 'ਬੱਦਨ'

ਡਾ. ਬਲਦੇਵ ਸਿੰਘ 'ਬੱਦਨ' ਬੜਾ ਹਿੰਮਤੀ ਹੈ ਤੇ ਉਸ ਇਕ ਤੋਂ ਬਾਅਦ ਇਕ ਪੁਸਤਕਾਂ ਸੰਪਾਦਕ ਕੀਤੀਆਂ ਹਨ। 'ਮਨਿੰਦਰ ਸਿੰਘ ਕਾਂਗ ਦੀਆਂ ਚੋਣਵੀਆਂ ਕਹਾਣੀਆਂ' ਵੀ ਉਸ ਦਾ ਨਵਾਂ ਉਪਰਾਲਾ ਹੈ ਜਿਸ 'ਚ ਕਾਂਗ ਦੀਆਂ ਬਾਰ੍ਹਾਂ ਕਹਾਣੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਕਾਂਗ ਨੂੰ ਤੀਜੀ ਪੀੜ੍ਹੀ ਤੇ ਕਹਾਣੀਕਾਰਾਂ 'ਚ ਰੱਖਿਆ ਜਾਵੇ ਜਾਂ ਚੌਥੀ 'ਚ, ਇਸ ਨਿਰਣਾ ਕਰਨਾ ਔਖਾ ਹੈ। ਉਸ ਦੀਆਂ ਕਹਾਣੀਆਂ 1980 'ਚ ਛਪਣੀਆਂ ਸ਼ੁਰੂ ਹੋਈਆਂ ਸਨ ਪਰ ਉਸ ਕਦੇ ਵੀ ਨਿਰੰਤਰਤਾ ਨਹੀਂ ਰੱਖੀ। ਉਸ ਦੀ ਜਦੋਂ 'ਹੁਣ' 'ਚ 'ਭਾਰ' ਕਹਾਣੀ ਛਪੀ ਤਾਂ ਉਸ ਦਾ ਨਾਂ ਚਰਚਾ 'ਚ ਆਇਆ। ਉਸ ਦੀਆਂ ਬਹੁਤੀਆਂ ਕਹਾਣੀਆਂ ਪੰਜਾਬ ਸੰਕਟ ਨਾਲ ਸੰਬੰਧਤ ਹਨ ਜਿਵੇਂ ਜੂਨ, ਹਿੰਸਾ, ਭਾਰ, ਦੋ ਤਲਵਾਰਾਂ ਬੱਧੀਆਂ। 'ਕੁੱਤੀ ਵਿਹੜਾ' ਨੂੰ ਕਾਂਗ ਆਪ ਕਹਾਣੀ ਨਹੀਂ ਨਵੇਲਾ ਕਹਿੰਦਾ ਹੁੰਦਾ ਸੀ। ਲੱਗਦਾ ਹੈ ਕਿ ਉਸ ਨੇ ਇਹ ਕਹਾਣੀ ਅਸ਼ਫ਼ਾਕ ਅਹਿਮਦ ਦੀ ਕਹਾਣੀ 'ਅਸ਼ਰਫ਼ ਸਟੀਲ ਮਾਰਟ' ਤੋਂ ਪ੍ਰਭਾਵਿਤ ਹੋ ਕੇ ਲਿਖੀ ਹੈ। ਉਸ ਦੀ ਕਹਾਣੀ 'ਆਪਣਾ ਆਪਣਾ ਈ ਹੁੰਦੈ' ਵੱਖਰੀ ਕਿਸਮ ਦੀ ਕਹਾਣੀ ਹੈ ਜਿਸ 'ਚ ਮੈਂ ਪਾਤਰ ਆਪਣੇ ਦੋਸਤ ਜੀਤੇ ਦੀ ਬੀਵੀ ਦੀਪੋ ਨਾਲ ਸਰੀਰਕ ਬਣਾ ਲੈਂਦਾ ਹੈ ਪਰ ਜਦੋਂ ਜੀਤੇ ਦੇ ਮਾਮੇ ਦਾ ਮੁੰਡਾ ਜਾਗਰ ਇਕੱਲੀ ਦੀਪੋ ਨੂੰ ਦੇਖ ਕੇ ਉਸ ਨਾਲ ਨੇੜਤਾ ਬਣਾਉਣੀ ਚਾਹੁੰਦਾ ਹੈ ਤਾਂ ਉਹ ਮੈਂ ਪਾਤਰ ਕੋਲੋਂ ਮਦਦਤ ਮੰਗਦੀ ਹੈ ਤੇ ਉਸ ਨੂੰ ਮੈਂ ਪਾਤਰ ਆਪਣਾ ਲੱਗਦਾ ਹੈ। 'ਤੈਨੂੰ ਮੈਂ ਨਾ ਮੁਕਰਦੀ' ਨਕਸਾਈਟ ਲਹਿਰ ਦੇ ਕਾਰਕੁੰਨਾਂ ਨਾਲ ਸੰਬੰਧਤ ਹੈ। 'ਸੰਤ ਬੰਦਾ' 'ਚ ਸੰਤ ਬੰਦਾ ਆਪਣਾ ਵਿਚਾਰ ਕਹਾਣੀ ਦੇ ਅੰਤ 'ਚ ਰੱਖਦਾ ਹੈ। ਡਾ. ਬਲਦੇਵ ਸਿੰਘ ਬੱਦਨ ਪੁਸਤਕ ਦੀ ਭੂਮਿਕਾ ਦੇ ਆਖਿਰ 'ਚ ਲਿਖਦਾ ਹੈ ਕਿ ਉਸ ਦੀਆਂ ਕਹਾਣੀਆਂ ਵਿਚ ਕਲਪਨਾ ਨਾਲੋਂ ਯਥਾਰਥ ਦੀ ਸੁਰ ਜ਼ਿਆਦਾ ਭਾਰੂ ਹੈ। ਉਹ ਆਪਣੀਆਂ ਕਹਾਣੀਆਂ ਦੇ ਵਿਸ਼ੇ-ਵਸਤੂ ਆਪਣੇ ਆਲੇ-ਦੁਆਲੇ ਫੈਲੇ ਹੋਏ ਸੱਚ, ਸਮਾਜਿਕ ਕੁਰੀਤੀਆਂ ਤੇ ਰਾਜਨੀਤੀ ਦੀਆਂ ਕੋਹਜੀਆਂ ਚਾਲਾਂ ਤੇ ਭੋਲੇ-ਭਾਲੇ ਲੋਕਾਂ ਦੀ ਲੁੱਟ-ਖਸੁੱਟ ਵਿਚੋਂ ਚੁਣਦਾ ਹੈ। ਪਰ ਉਸ ਦੀਆਂ ਬਹੁਤੀਆਂ ਕਹਾਣੀਆਂ 'ਚ ਬੇਲੋੜਾ ਖਿਲਾਰਾ ਕਹਾਣੀ ਦੇ ਪ੍ਰਭਾਵ ਪੇਤਲਾ ਵੀ ਕਰ ਦਿੰਦਾ ਹੈ। ਨੈਸ਼ਨਲ ਬੁੱਕ ਟਰੱਸਟ ਦਾ ਇਹ ਉਦਮ ਸ਼ਲਾਘਾ ਯੋਗ ਹੈ।

## ਫਨੀਸ਼ਵਰਨਾਥ ਰੇਣੂ ਦੀਆਂ ਚੋਣਵੀਆਂ ਕਹਾਣੀਆਂ/ਅਨੁ : ਰਾਜਿੰਦਰ ਸਿੰਘ

ਰੇਣੂ ਨੇ ਹਿੰਦੀ ਸਾਹਿਤ ਨੂੰ 'ਮੈਲਾ ਆਂਚਲ' ਜਿਹਾ ਕਲਾਸੀਕਲ ਨਾਵਲ ਦਿੱਤਾ ਹੈ। ਇਸ ਸੰਗ੍ਰਹਿ 'ਚ ਉਸ ਦੀਆਂ 21 ਕਹਾਣੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਨ੍ਹਾਂ ਕਹਾਣੀਆਂ 'ਚ,

ਜਿਵੇਂ ਕਿ ਰੇਣੂ ਦੇ ਸਾਹਿਤ 'ਚ ਹੁੰਦਾ ਹੀ ਹੈ, ਆਂਚਲਿਕਤਾ ਭਾਰੂ ਹੈ। ਇਹ ਹੀ ਰੇਣੂ ਦਾ ਵਿਸ਼ੇਸ਼ ਗੁਣ ਵੀ ਹੈ। 'ਪਹਿਲਵਾਨ ਦਾ ਢੋਲ' ਇਸ ਸੰਗ੍ਰਹਿ ਦੀ ਪਹਿਲੀ ਕਹਾਣੀ ਹੈ। ਇਸ 'ਚ ਲੁੱਟਨ ਸਿੰਘ ਪਹਿਲਵਾਨ ਦੀ ਗਾਥਾ ਦੱਸੀ ਗਈ ਹੈ। ਪੁਰਾਣੇ ਸਮਿਆਂ 'ਚ ਰਾਜੇ-ਮਹਾਰਾਜੇ, ਮੰਤਰੀ, ਜਗੀਰਦਾਰ ਸ਼ੌਂਕ ਵਜੋਂ ਪਹਿਲਵਾਨ ਰੱਖਦੇ ਸਨ ਤੇ ਉਨ੍ਹਾਂ ਦਾ ਸਾਰਾ ਖਰਚਾ ਚੁੱਕਦੇ ਹਨ ਪਰ ਨਵੀਂ ਪੀੜ੍ਹੀ ਨੂੰ ਇਸ ਨਾਲ ਕੋਈ ਸਰੋਕਾਰ ਨਹੀਂ। ਉਹ ਲੁੱਟਨ ਸਿੰਘ ਪਹਿਲਵਾਨ ਦਾ ਖਰਚਾ ਬੰਦ ਕਰ ਦਿੰਦੀ ਹੈ ਤੇ ਲੁੱਟਨ ਸਿੰਘ, ਜਿਸ ਨੂੰ ਰਾਜਾ ਸ਼ਿਆਮਾਨੰਦ ਨੇ ਸਰੰਖਿਅਣ ਦਿੱਤਾ ਸੀ, ਅੰਤ ਆਖਿਰੀ ਦਿਨਾਂ 'ਚ ਬੁਰੇ ਹਾਲੀਂ ਮਰ ਜਾਂਦਾ ਹੈ। ਉਹ ਸਾਰੀ ਉਮਰ ਕਿਸੇ ਕੋਲੋਂ ਹਰਿਆ ਨਹੀਂ ਸੀ। ਉਸ ਦੀ ਆਖਿਰੀ ਇੱਛਾ ਸੀ, "ਜਦੋਂ ਮੈਂ ਮਰ ਜਾਵਾਂ ਤਾਂ ਚਿਤਾ 'ਤੇ ਮੈਨੂੰ ਚਿੱਤ ਨਹੀਂ ਪੇਟ ਦੇ ਭਾਰ ਸੁਆ ਦੇਣਾ। ਮੈਂ ਜ਼ਿੰਦਗੀ ਵਿਚ ਕਦੇ ਚਿੱਤ ਨਹੀਂ ਹੋਇਆ ਅਤੇ ਚਿਤਾ ਨੂੰ, ਅੱਗ ਦੇਣ ਸਮੇਂ ਢੋਲ ਵਜਾ ਦੇਣਾ।" ਕਹਾਣੀ ਪਾਰਟੀ ਦਾ ਭੂਤ ਹੋਵੇ ਜਾਂ ਟੇਬਲ, ਜਲਵਾ ਹੋਵੇ ਜਾਂ ਚੰਗੇ ਆਦਮੀ, ਇਨ੍ਹਾਂ ਕਹਾਣੀਆਂ 'ਚ ਆਮ ਪੇਂਡੂ ਲੋਕਾਂ ਦਾ ਜੀਵਨ ਚਿਤਰਿਆ ਗਿਆ ਹੈ ਇਸੇ ਲਈ ਇਨ੍ਹਾਂ ਕਹਾਣੀਆਂ ਨੂੰ ਕਿਸੇ ਵਿਸ਼ੇਸ਼ ਕਿਸਮ ਦੀ ਵਿਚਾਰਧਾਰਾ ਜਾਂ ਆਦਰਸ਼ ਪੱਖੋਂ ਨਹੀਂ ਦੇਖਿਆ ਜਾ ਸਕਦਾ। ਇਹ ਸਰਲ ਬਿਰਤਾਂਤ ਵਾਲੀਆਂ ਕਹਾਣੀਆਂ ਹਨ ਤੇ ਇਸ ਦਾ ਸਭ ਤੋਂ ਵੱਡਾ ਗੁਣ ਇਨ੍ਹਾਂ ਦੀ ਪੜ੍ਹਣਯੋਗਤਾ ਹੈ। ਇਸ ਸੰਗ੍ਰਹਿ ਨੂੰ ਜੀ ਆਇਆਂ ਕਹਿਣਾ ਬਣਦਾ ਹੈ।

### ਵਿਵੇਕਾਨੰਦ ਦੀ ਜੀਵਨੀ/ਰੋਮਾਂ ਰੋਲਾਂ, ਅਨੁ : ਬਲਦੇਵ ਸਿੰਘ 'ਬੱਦਨ'

ਰਾਮਕ੍ਰਿਸ਼ਨ ਪਰਮਹੰਸ ਦੇ ਸ਼ਿਸ਼ ਨਰੇਨ ਉਰਫ ਵਿਵੇਕਾਨੰਦ ਨੇ ਹਿੰਦੂ ਧਰਮ ਬਾਰੇ ਜਦੋਂ ਅਮਰੀਕਾ 'ਚ ਚਰਚਾ ਛੇੜੀ ਤਾਂ ਇਕ ਵਾਰ ਤਾਂ ਉੱਥੋਂ ਦੇ ਚਿੰਤਕਾਂ ਦੇ ਮੱਥੇ ਵੱਟ ਪਾ ਦਿੱਤੇ ਸਨ। ਰੋਮਾਂ ਰੋਲਾਂ ਦੀ ਲਿਖੀ ਹੋਈ ਇਹ ਜੀਵਨੀ ਵਿਵੇਕਾਨੰਦ ਦੇ ਜੀਵਨ ਦੇ ਕਈ ਪੱਖਾਂ 'ਤੇ ਚਾਨਣਾ ਪਾਉਂਦੀ ਹੈ। ਨਰੇਨ ਦਾ ਆਪਣਾ ਗੁਰੂ ਪ੍ਰਤੀ ਸਮਰਪਣ, ਗੁਰੂ ਮਾਂ ਦੀ ਇੱਜ਼ਤ ਕਰਨੀ, ਉਸ ਦੀ ਘੁਮੱਕੜ ਪ੍ਰਵਿਰਤੀ ਤੇ ਸਭ ਤੋਂ ਉਪਰ ਉਸ ਦਾ ਆਪਣੇ ਟੀਚੇ ਪ੍ਰਤੀ ਨਿਸ਼ਠਾਵਾਨ ਹੋਣਾ। ਉਸ ਨੇ ਤਾਂ ਆਪਣੇ ਖਾਣ-ਪੀਣ, ਰਹਿਣ-ਸਹਿਣ ਤੇ ਨਾ ਹੀ ਹੋਰ ਸਮਾਜਿਕ ਚੀਜ਼ਾਂ ਪ੍ਰਤੀ ਖਿਚ ਦਿਖਾਈ ਤੇ ਨਾ ਹੀ ਉਹ ਸਾਰੀ ਉਮਰ ਉਨ੍ਹਾਂ ਨਾਲ ਜੁੜਿਆ, ਭਾਵੇਂ ਕਿ ਉਹਨੂੰ ਅਮਰੀਕਾ ਭੇਜਣ ਪਿੱਛੇ ਅਮੀਰ ਲੋਕਾਂ ਦਾ ਹੱਥ ਸੀ। ਉਹ ਤਾਂ ਇਸ ਸੰਸਾਰ 'ਤੇ ਆਪਣਾ ਉਪਦੇਸ਼ ਦੇਣ ਆਇਆ ਸੀ ਤੇ ਉਸ ਨੇ ਇਸ ਨੂੰ ਆਖਿਰੀ ਦਿਨਾਂ ਤਕ ਨਿਭਾਇਆ। ਅਮਰੀਕਾ ਜਿਹੇ ਉਨਤ ਦੇਸ਼ 'ਚ ਜਾਣਾ, ਉੱਥੋਂ ਦੀਆਂ ਭੂਗੋਲਿਕ ਸਥਿਤੀਆਂ ਦਾ ਪਤਾ ਨਾ ਹੋਣਾ, ਬੇਸ਼ੁਮਾਰ ਠੰਢ, ਖਾਣ-ਪੀਣ ਲਈ ਪੈਸਿਆਂ ਦੀ ਥੁੜ੍ਹ, ਰਹਿਣ ਲਈ ਛੱਤ ਨਹੀਂ ਪਰ ਜਦੋਂ ਉਸ ਸਟੇਜ 'ਤੇ ਚੜ੍ਹ ਕੇ ਹਿੰਦੂ ਧਰਮ, ਉਸ ਦੀਆਂ ਜੜ੍ਹਾਂ ਬਾਰੇ ਆਪਣੇ ਵਿਚਾਰ ਰੱਖੇ ਤਾਂ ਹਾਲ 'ਚ ਇਕ ਵਾਰ ਤਾਂ ਸੁੰਨ ਪਸਰ ਗਈ ਸੀ। ਐਦਾਂ ਦੀਆਂ ਪੁਸਤਕਾਂ ਰੀਵੀਊ ਕਰਨ ਵਾਲੀਆਂ ਨਹੀਂ ਹੁੰਦੀਆਂ। ਪੜ੍ਹਣ ਵਾਲੀਆਂ ਹੁੰਦੀਆਂ ਹਨ ਤੇ ਫੇਰ ਜਦੋਂ ਰੋਮਾਂ ਰੋਲਾਂ ਦੀ ਲਿਖੀ ਹੋਵੇ। ਬਲਦੇਵ ਨੇ ਰੀਝ ਨਾਲ ਇਸ ਦਾ ਅਨੁਵਾਦ ਕੀਤਾ ਹੈ। ਇਹਨੂੰ ਨਵਯੁੱਗ ਪ੍ਰਕਾਸ਼ਨ, ਦਿੱਲੀ ਨੇ ਛਾਪਿਆ ਹੈ।



## ਗੁਰਦਿਆਲ ਦਲਾਲ ਦਾ ਨਾਵਲ ਪੈੜਾਂ : ਵਿਭਿੰਨ ਬਿਰਤਾਂਤਕ ਪਾਸਾਰ

**ਡਾ. ਜੀਤ ਸਿੰਘ**

ਅਜੋਕੇ ਸਮੇਂ ਵਿਚ ਪੰਜਾਬੀ ਨਾਵਲ ਅਜਿਹੀ ਵਸਤੂ ਸਥਿਤੀ ਨੂੰ ਪੇਸ਼ ਕਰ ਰਿਹਾ ਹੈ ਜਿਸਦਾ ਸੰਬੰਧ ਕਾਲਪਨਿਕ ਸੰਸਾਰ ਨਾਲ ਨਾ ਹੋ ਕੇ ਸਗੋਂ ਵਾਸਤਵਿਕ ਸੰਸਾਰ ਨਾਲ ਵਧੇਰੇ ਦੇਖਿਆ ਜਾਂਦਾ ਹੈ। ਜਿਸ ਵਿਚ ਨਾਵਲ ਦਾ ਮੂਲ ਵਿਸ਼ਾ ਮਨੁੱਖ ਕੇਂਦਰਿਤ ਸਮੱਸਿਆਵਾਂ ਦੀ ਪੇਸ਼ਕਾਰੀ ਕਰਦਾ ਹੈ। ਨਾਵਲ ਦੀ ਇਸ ਸਥਿਤੀ ਨੂੰ ਸੁਧਾਰਨ ਵਿਚ ਪੰਜਾਬੀ ਦੇ ਨਵੇਂ ਨਾਵਲਕਾਰਾਂ ਨੇ ਵਧੇਰੇ ਯੋਗਦਾਨ ਪਾਇਆ ਹੈ। ਇਹਨਾਂ ਹੀ ਨਾਵਲਕਾਰਾਂ ਵਿਚ ਇੱਕ ਨਾਂ ਗੁਰਦਿਆਲ ਦਲਾਲ ਦਾ ਲਿਆ ਜਾ ਸਕਦਾ ਹੈ। ਪੰਜਾਬੀ ਸਾਹਿਤ ਵਿਚ ਗੁਰਦਿਆਲ ਦਲਾਲ ਭਾਵੇਂ ਬਤੌਰ ਕਹਾਣੀਕਾਰ ਵੱਜੋਂ ਪ੍ਰਵੇਸ਼ ਕਰਦਾ ਹੈ ਪਰ **ਪੈੜਾਂ** ਨਾਵਲ ਦੀ ਸਿਰਜਣਾ ਕਰਕੇ ਗੁਰਦਿਆਲ ਦਲਾਲ ਨੇ ਪੰਜਾਬੀ ਨਾਵਲਕਾਰੀ ਦੇ ਖੇਤਰ ਵਿਚ ਵੀ ਕਦਮ ਪੁੱਟਿਆ ਹੈ। **ਪੈੜਾਂ** ਗੁਰਦਿਆਲ ਦਲਾਲ ਦਾ ਪਲੇਠਾ ਨਾਵਲ ਹੈ ਪਰ ਇਸਦੀ ਵਸਤੂ ਸਾਮੱਗਰੀ ਉਸਨੂੰ ਇੱਕ ਸਮੱਰਥਾਵਾਨ ਨਾਵਲਕਾਰ ਕਰਾਰ ਦਿੰਦੀ ਹੈ। ਜਿਸ ਕੋਲ ਨਾਵਲ ਲਿਖਣ ਦਾ ਵਿਸ਼ੇਸ਼ ਤਜ਼ਰਬਾ ਦੇਖਣ ਨੂੰ ਮਿਲਦਾ ਹੈ। ਨਾਵਲਕਾਰ ਨੇ ਨਾਵਲ ਦਾ ਆਰੰਭ ਕਰਨ ਤੋਂ ਪਹਿਲਾ 'ਪੈੜਾਂ ਨਾਵਲ ਦਾ ਬੀਜ' ਸਿਰਲੇਖ ਹੇਠ ਨਾਵਲ ਲਿਖਣ ਦੀ ਪ੍ਰੇਰਨਾ ਨੂੰ ਪੇਸ਼ ਕੀਤਾ ਹੈ ਜਿਸ ਤੋਂ ਇਹ ਜੀਵਨੀਮੂਲਕ ਨਾਵਲ ਹੋਣ ਦਾ ਭੁਲੇਖਾ ਵੀ ਸਿਰਜਦਾ ਹੈ। ਨਾਵਲ ਵਿਚਲੀ ਪੇਸ਼ ਵਸਤੂ ਸਾਮੱਗਰੀ ਦੇ ਵਿਭਿੰਨ ਬਿਰਤਾਂਤਕ ਪਾਸਾਰਾਂ ਨੂੰ ਅਸੀਂ ਇਸ ਪ੍ਰਕਾਰ ਵਿਚਾਰਨ ਦਾ ਯਤਨ ਕੀਤਾ ਹੈ।

ਨਾਵਲ ਦੇ ਬਿਰਤਾਂਤਕ ਪਟਲ ਉਪਰ ਜਦੋਂ ਅਸੀਂ ਵਿਚਾਰ ਕਰਦੇ ਹਾਂ ਤਾਂ **ਪੈੜਾਂ** ਸਭ ਤੋਂ ਪਹਿਲੀ ਵਾਰੀ ਉਹਨਾਂ ਪੈੜਾਂ ਦੇ ਪ੍ਰਤੀਬਿੰਬ ਨੂੰ ਪੇਸ਼ ਕਰਦਾ ਹੈ। ਜਿਹੜੀਆਂ ਪੈੜਾਂ ਨਾਵਲ ਦੇ ਮੁੱਖ ਪਾਤਰ ਦੁਖੀ ਉਰਫ ਦੇਵ ਅਤੇ ਨਾਵਲ ਦੇ ਹੋਰ ਦੂਸਰੇ ਪਾਤਰਾਂ ਨੇ ਆਪਣੇ ਅਤੀਤ ਵਿਚ ਪੁੱਟੀਆਂ ਸਨ। ਇਉਂ ਨਾਵਲ ਦਾ ਸਮੁੱਚਾ ਬਿਰਤਾਂਤ ਦੁਖੀ, ਉਸਦੀ ਮਾਂ ਭਗਵੰਤੀ ਅਤੇ ਉਸਦੇ ਮਾਮੇ ਘਨ੍ਹੱਈਏ ਦੇ ਕਿਰਦਾਰਾਂ ਰਾਹੀਂ ਪੇਸ਼ ਹੁੰਦਾ ਹੈ। ਇਹਨਾਂ ਤਿੰਨਾਂ ਪਾਤਰਾਂ ਦੇ ਮਾਧਿਅਮ ਰਾਹੀਂ ਨਾਵਲਕਾਰ ਨੇ ਨਾਵਲ ਦੀ ਵਸਤੂ ਨੂੰ ਸਿਰਜਿਆ ਹੈ। ਇਹ ਤਿੰਨੇ ਹੀ ਪਾਤਰ ਨਾਵਲ ਦਾ ਧੁਰਾ ਬਣਦੇ ਹਨ ਭਾਵੇਂ ਕਿ ਇਹਨਾਂ ਤੋਂ ਇਲਾਵਾ ਵੱਖ-ਵੱਖ ਸਥਿਤੀਆਂ ਵਿਚ ਹੋਰ ਵੀ ਪਾਤਰ ਨਾਵਲ ਵਿਚ ਪੇਸ਼ ਹੁੰਦੇ ਰਹਿੰਦੇ ਹਨ। ਨਾਵਲ ਦਾ ਵੱਡਆਕਾਰੀ ਰੂਪ ਅਤੇ ਇਸ ਵਿਚਲੀ ਵਸਤੂ ਸਾਮੱਗਰੀ ਇਸ ਨੂੰ ਮਹਾਂਕਾਵਿਕ ਦ੍ਰਿਸ਼ਟੀ ਤੋਂ ਸਿਰਜਿਆ ਨਾਵਲ ਕਰਾਰ ਦਿੰਦੀ ਹੈ। ਕਿਉਂਕਿ ਇਸ ਵਿਚ ਬੇਸ਼ੁਮਾਰ ਘਟਨਾਵਾਂ ਵਾਪਰਦੀਆਂ ਹਨ ਅਤੇ ਅਨੇਕਾਂ ਹੀ ਪਾਤਰ ਹੋਂਦ ਵਿਚ ਆਉਂਦੇ ਹਨ। ਇਸ ਤੋਂ ਇਲਾਵਾ ਨਾਵਲਕਾਰ ਨੇ ਨਾਵਲ ਵਿਚ ਤਰੱਕੀ ਦੇ ਨਾਂ ਹੇਠ ਵਿਸਰਦੇ ਜਾ ਰਹੇ ਸਭਿਆਚਾਰ, ਲੋਕ ਖੇਡਾਂ, ਰਸ਼ਮ ਰਿਵਾਜ, ਲੋਕ ਗੀਤ ਅਤੇ ਆਮ ਮਨੁੱਖੀ ਵਿਵਹਾਰਾਂ ਨੂੰ ਬੜੀ ਖੁੱਲਦਿਲੀ ਨਾਲ ਪੇਸ਼ ਕੀਤਾ ਹੈ।

ਨਾਵਲ ਦਾ ਆਰੰਭ ਨਾਵਲਕਾਰ ਚਮਕੌਰ ਸਾਹਿਬ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੀ ਬਣਤਰ ਅਤੇ ਨਾਲ ਲੱਗਦੇ ਗੁਰਦੁਆਰੇ ਦੀ ਬਣਤਰ ਨਾਲ ਕਰਦਾ ਹੈ। ਜਿੱਥੇ ਬੱਚੇ ਪੜ੍ਹਦੇ ਘੱਟ ਅਤੇ ਗੁਰਦੁਆਰੇ ਪ੍ਰਸ਼ਾਦ/ਲੰਗਰ ਖਾਣ ਜਾਂ ਹੋਰ ਸ਼ਰਾਰਤਾਂ ਕਰਨ ਵੱਧ ਜਾਂਦੇ ਹਨ ਦੁਖੀ ਵੀ ਇਹਨਾਂ ਬੱਚਿਆਂ ਵਿਚ ਹੀ ਪੜ੍ਹਦਾ ਹੈ। ਫੇਰ ਨਾਵਲਕਾਰ ਪਾਠਕ ਦੀ ਜਿਗਿਆਸਾ ਨੂੰ ਬਣਾਏ ਰੱਖਣ ਲਈ ਦੁਖੀ ਦੇ ਪਰਿਵਾਰ ਦੇ ਅਤੀਤ ਦੀ ਪੇਸ਼ਕਾਰੀ ਕਰਦਾ ਹੈ। ਜਿਨ੍ਹਾਂ ਵਿਚ ਦੁਖੀ ਦੇ ਪਿਉ ਨੰਦ ਲਾਲ ਨੂੰ ਉਸਦੇ ਆਪਣੇ ਹੀ ਭਰਾਵਾਂ/ਭਰਜਾਈਆਂ ਵੱਲੋਂ ਧੋਖੇ ਨਾਲ ਜ਼ਹਿਰ ਦੇ ਕੇ ਮਾਰਨਾ, ਉਹਨਾਂ ਦੇ ਘਰ ਵਿਚ ਲੁੱਟ ਖਸੁੱਟ ਕਰਨੀ ਅਤੇ ਉਸਦੇ ਜੀਵਨ ਵਿਚ ਆਏ ਹੋਰ ਉਤਰਾਵਾਂ ਚੜ੍ਹਾਵਾਂ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕੀਤਾ ਹੈ। ਭਗਵੰਤੀ ਦਾ ਮਿਹਨਤ ਮੁਸ਼ੱਕਤ ਕਰਕੇ ਆਪਣੇ ਪਰਿਵਾਰ ਨੂੰ ਪਾਲਣਾ ਅਤੇ ਘਨ੍ਹੱਈਏ ਦਾ ਆਪਣੀ ਭੈਣ ਅਤੇ ਉਸਦੇ ਬੱਚਿਆਂ ਦਾ ਸਹਾਰਾ ਬਣਨਾ ਆਦਿ ਨਾਵਲ ਦੀ ਮਹੱਤਵਪੂਰਨ ਘਟਨਾਵਾਂ ਹਨ ਜਿਨ੍ਹਾਂ ਦਾ ਸੰਬੰਧ ਯਥਾਰਥਕ ਜੀਵਨ ਨਾਲ ਵਧੇਰੇ ਦੇਖਿਆ ਜਾ ਸਕਦਾ ਹੈ। ਇਹਨਾਂ ਘਟਨਾਵਾਂ ਦੀ ਪੇਸ਼ਕਾਰੀ ਨਾਵਲਕਾਰ ਨੇ ਸਹਿਜ ਰੂਪ ਵਿਚ ਕੀਤੀ ਹੈ। ਮਿਸ਼ਾਲ ਵਜੋਂ ਪਿੰਡਾਂ ਵਿਚ

ਜ਼ਮੀਨ ਜਾਇਦਾਦ ਦੀ ਵੰਡ ਵੰਡਾਈ ਨੂੰ ਲੈ ਕੇ ਮੁੱਢ ਤੋਂ ਹੀ ਲੜਾਈਆਂ ਝਗੜੇ ਚੱਲਦੇ ਆਏ ਹਨ ਇਹੋ ਕੁਝ ਹੀ ਨਾਵਲ ਵਿਚ ਨੰਦ ਲਾਲ ਨਾਲ ਹੁੰਦਾ ਹੈ ਜਿਹੜਾ ਕਿ ਆਪਣੇ ਹੀ ਭਰਾਵਾਂ ਦੀ ਲਾਲਸਾ ਦਾ ਸ਼ਿਕਾਰ ਬਣਦਾ ਹੈ।ਜਿਵੇਂ:

"ਅਜੇ ਤਾਂ ਦਸ ਦਿਨ ਵੀ ਨਹੀਂ ਸਨ ਹੋਏ ਜਦੋਂ ਦੋਨਾਂ ਭਰਾਵਾਂ ਨੇ ਗਲੀ 'ਚ ਖੜ੍ਹ ਕੇ ਨੰਦ ਲਾਲ ਨੂੰ ਗਾਲ੍ਹਾਂ ਕੱਢੀਆਂ ਸਨ, 'ਤੇਰੇ ਸੀਗਮੇ ਪੀ ਜਾਵਾਂਗੇ ਉਇ ਵੈਲੀਆ।ਸਣੇ ਬੱਚੇ ਘਾਣ ਕਰ ਦਿਆਂਗੇ'... ਤੇਰਾ ਬੇੜਾ ਬਹਿ ਜਾਵੇ ਢਹਿ ਜਾਣੇ ਪਾਪੀ ਦਾ..ਸਭ ਥੋਡੀ ਕਰਤੂਤ ਹੋਈ ਏ ਮਰ ਜਾਣਿਓਂ। ਤੁਸੀਂ ਲੱਡੂਆਂ 'ਚ ਜ਼ਹਿਰ ਦਿੱਤੀ ਏ ਮੇਰੇ ਸਾਈਂ ਨੂੰ।ਭਗਵੰਤੀ ਕੜਕੀ।"

ਇਉਂ ਨਾਵਲ ਵਿਚ ਦੁਖੀ ਦੇ ਪਰਿਵਾਰ ਦੀਆਂ ਸਮੱਸਿਆਵਾਂ ਨੂੰ ਪੇਸ਼ ਕੀਤਾ ਗਿਆ ਹੈ। ਨਾਵਲ ਦੇ ਮੁੱਢ ਤੋਂ ਹੀ ਨਾਵਲਕਾਰ ਪਾਠਕ ਦੇ ਮਨ ਵਿਚ ਉਤਸ਼ੁਕਤਾ ਪੈਦਾ ਕਰ ਦਿੰਦਾ ਹੈ।ਜਿਸ ਉਤਸ਼ੁਕਤਾ ਵਿਚ ਜਾਂ ਅੱਗੋਂ ਕੀ ਹੋਇਆ ? ਦੇ ਲਾਲਚ ਵਿਚ ਪਾਠਕ ਸਮੁੱਚਾ ਨਾਵਲ ਪੜ੍ਹ ਜਾਂਦਾ ਹੈ।

ਬਿਰਤਾਂਤਕਾਰ ਨੇ ਨਾਵਲ ਨੂੰ ਤਿੰਨ ਖੰਡਾਂ (ਪਹੁ ਫੁਟਾਲਾ, ਕਿਰਨਾਂ ਦਾ ਪਾਸਾਰ ਅਤੇ ਸਿਖ਼ਰ ਦੁਪਹਿਰ) ਵਿਚ ਵੰਡਿਆ ਹੈ।ਨਾਵਲ ਦੇ ਇਹ ਤਿੰਨੇ ਖੰਡ ਨਾਵਲ ਦੀ ਮੂਲ ਕਥਾ ਦੇ ਵੱਖ-ਵੱਖ ਪੱਖਾਂ ਨੂੰ ਸਿਰਜਦੇ ਹਨ।ਕਿਉਂਕਿ ਪਹੁ ਫੁਟਾਲੇ ਸਿਰਲੇਖ ਹੇਠ ਨਾਵਲਕਾਰ ਨੇ ਦੁਖੀ ਦੇ ਪੜ੍ਹਨ-ਲਿਖਣ ਅਤੇ ਉਸਦੀ ਮਾਂ ਦੇ ਕੀਤੇ ਸੰਘਰਸ਼ ਨੂੰ ਪੇਸ਼ ਕੀਤਾ, ਉੱਥੇ ਦੂਜੇ ਭਾਗ ਵਿਚ ਦੁਖੀ ਤੋਂ ਦੇਵ ਵਿਚ ਤਬਦੀਲ ਹੋਏ ਮੁੱਖ ਪਾਤਰ ਦੇ ਬਿਰਤਾਂਤ ਨੂੰ ਪੇਸ਼ ਕੀਤਾ ਹੈ। ਜਿਸ ਵਿਚ ਦੇਵ ਉਹ ਕੁਝ ਕਰਦਾ ਹੈ ਜਿਹੜਾ ਉਸਨੂੰ ਨਾਵਲ ਵਿਚ ਖਲਨਾਇਕ ਵਜੋਂ ਪੇਸ਼ ਕਰਦਾ ਹੈ।ਨਾਵਲ ਦਾ ਤੀਜਾ ਖੰਡ ਜਿੱਥੇ ਦੇਵ ਦੇ ਕੁਕਰਮਾਂ ਨੂੰ ਪੇਸ਼ ਕਰਦਾ ਹੈ ਜਿਸ ਵਿਚ ਉਸਦੀ ਜਿੰ*ਦਗੀ ਵਿਚ ਆਈਆਂ ਇੱਕ ਤੋਂ ਬਾਅਦ ਇੱਕ ਕੁੜੀਆਂ, ਚੋਰੀ, ਲੁੱਟ ਖਸੁੱਟ ਅਤੇ ਮਾਰ ਕੁੱਟ ਨੂੰ ਪੇਸ਼ ਕੀਤਾ ਗਿਆ ਹੈ ਉੱਥੇ ਨਾਵਲਕਾਰ ਇੰਦਰਾ ਦੇ ਚਰਿੱਤਰ ਨੂੰ ਵੀ ਪੇਸ਼ ਕਰਦਾ ਹੈ।ਜਿਹੜੀ ਕਿ ਦੇਵ ਜਿਹੇ ਦੰਭੀ ਬੰਦੇ ਦੇ ਜ਼ਿਹਨ ਵਿਚ ਪਿਆਰ ਪੈਦਾ ਕਰ ਦਿੰਦੀ ਹੈ।ਜਿਵੇਂ

"ਆਪਣੇ ਜੀਵਨ ਦਾ ਸੱਚ ਮੈਂ ਇਨ੍ਹਾਂ ਡਾਇਰੀਆਂ ਵਿਚ ਭਰਿਆ ਪਿਆ ਏ।ਮੈਂ ਬਹੁਤ ਘਟੀਆ ਤੇ ਕਮੀਨਾ ਬੰਦਾ ਰਿਹਾ ਹਾਂ ਇੰਦਰਾ।ਪਲੀਜ ਜੋ ਮੇਰਾ ਜੀਵਨ ਬੀਤਿਆ, ਤੂੰ ਉਸ ਬਾਰੇ ਜਾਨਣ ਦੀ ਕਦੀ ਇੱਛਾ ਨਾ ਕਰੀਂ।ਮੈਂ ਤੈਨੂੰ ਬਹੁਤ ਪਿਆਰ ਕਰਦਾ ਹਾਂ।..ਮੈਂ ਹੁਣ ਤੈਨੂੰ ਬਹੁਤ ਪਿਆਰ ਕਰਦਾ ਹਾਂ।..ਮੈਂ ਹੁਣ ਤੇਰੇ ਬਿਨਾ ਰਹਿ ਨਹੀਂ ਸਕਦਾ ਇੰਦਰਾ।ਜੇ ਤੂੰ ਮੈਨੂੰ ਛੱਡ ਕੇ ਜਾਵੇਂਗੀ, ਮੈਂ ਫਾਹਾ ਲੈ ਲਵਾਂਗਾ।ਮੈਨੂੰ ਮਾਫ ਕਰਦੇ ਮੇਰੀ ਪਿਆਰੀ। ਦੇਵ ਰੋਣ ਲੱਗ ਪਿਆ।"

ਦੇਵ ਦੇ ਸਮੁੱਚੇ ਕੁਕਰਮਾਂ ਨੂੰ ਉਸਦੀਆਂ ਡਾਇਰੀਆਂ ਵਿਚੋਂ ਪੜ੍ਹਨ ਤੋਂ ਬਾਅਦ ਵੀ ਇੰਦਰਾ ਉਸਨੂੰ ਛੱਡ ਕੇ ਨਹੀਂ ਜਾਂਦੀ ਅਤੇ ਨਾ ਹੀ ਉਸਨੂੰ ਇਸ ਬਾਰੇ ਪੁੱਛਦੀ ਸਗੋਂ ਉਹ ਤਾਂ ਇਸ ਸਭ ਕੁਝ ਨੂੰ ਭੁਲਾ ਕੇ ਦੇਵ ਨੂੰ ਅੰਤਾ ਦਾ ਪਿਆਰ ਕਰਦੀ ਹੈ। ਜਿਵੇਂ ਨਾਵਲ ਦੇ ਅੰਤ ਵਿਚ ਉਹ ਦੇਵ ਨੂੰ ਕਹਿੰਦੀ ਹੈ:

"ਦੇਵ ਜੀ, ਮੈਂ ਤੁਹਾਡੀਆਂ ਸਾਰੀਆਂ ਡਾਇਰੀਆਂ ਪੜ੍ਹ ਲਈਆਂ ਨੇ।ਪੜ੍ਹਨ ਮਗਰੋ ਮੈਂ ਤੁਹਾਨੂੰ ਹੋਰ ਵੀ ਪਿਆਰ ਕਰਨ ਲੱਗੀ ਹਾਂ।ਮੈਂ ਜਾਣਦੀ ਹਾਂ ਕਿ ਤੁਸੀਂ ਮੈਨੂੰ ਬਹੁਤ ਪਿਆਰ ਕਰਦੇ ਹੋ, ਸ਼ਾਇਦ ਡਾਇਰੀਆਂ ਵਿਚਲੀ ਔਰਤਾਂ ਨਾਲੋ ਕਿਤੇ ਵੱਧ।ਹੁਣ ਮੈਂ ਬਰਦਾਸ਼ਤ ਨਹੀਂ ਕਰ ਸਕਾਂਗੀ ਕਿ ਮੁੜ ਤੁਸੀ ਕਿਸੇ ਤੇ ਡੁਲ੍ਹ ਜਾਵੋ। ਜੋ ਸਾਮ੍ਹਣੇ ਜ਼ਿੰਦਗੀ ਪਈ ਹੈ, ਉਹ ਆਪਣੀ ਦੋਨਾਂ ਦੀ ਹੈ।...ਤੁਸੀਂ ਮੰਮੀ ਵਾਲਾ ਸਟੋਰ ਸਾਫ਼ ਕਰਨ ਲਈ ਕਹਿ ਰਹੇ ਸੀ।ਉਹ ਸਾਫ਼ ਤਾਂ ਹੀ ਹੋਵੇਗਾ ਜਦੋਂ ਉਸ ਵਿਚਲਾ ਸਾਰਾ ਕੂੜ-ਕਬਾੜ ਆਪਾਂ ਬਾਹਰ ਸੁੱਟ ਦੇਵਾਂਗੇ।ਹੁਣ ਤੁਸੀਂ ਆਪਣੇ ਦਿਲ ਨੂੰ ਵੀ ਉਸੇ ਤਰ੍ਹਾਂ ਹੀ ਸਾਫ਼ ਕਰ ਲਵੋ ਤੇ ਮੈਨੂੰ ਇਸ ਵਿਚ ਵੱਸਣ ਦਿਓ।"

ਇਉਂ ਨਾਵਲਕਾਰ ਨੇ ਦੁਖੀ ਉਰਫ ਦੇਵ ਨੂੰ ਅਜਿਹੇ ਦੰਭੀ ਸੁਭਾਅ ਵਾਲੇ ਵਿਅਕਤੀ ਵਜੋਂ ਪੇਸ਼



ਕੀਤਾ ਹੈ ਜਿਹੜਾ ਕਿ ਆਪਣੀਆਂ ਕਮੀਨਗੀਆਂ ਅਤੇ ਦੰਭ ਸਦਕਾ ਸਮੁੱਚੇ ਨਾਵਲ ਵਿਚ ਖਲਨਾਇਕ ਦੀ ਭੂਮਿਕਾ ਨਿਭਾਉਂਦਾ ਹੈ।ਅਜਿਹਾ ਕੋਈ ਭੈੜ ਨਹੀਂ ਬਚਦਾ ਜਿਹੜਾ ਦੇਵ ਵਿਚ ਨਾ ਹੋਵੇ।ਪਰ ਇਹ ਨਾਵਲਕਾਰ ਦੀ ਕਲਾਤਮਕ ਉਸਾਰੀ ਦਾ ਹੀ ਕਮਾਲ ਹੈ ਕਿ ਦੇਵ ਨਾਵਲ ਵਿਚ ਨਾਇਕ ਵਜੋਂ ਪੇਸ਼ ਹੁੰਦਾ ਹੈ। ਜਿਵੇ ਨਾਵਲ ਦੇ ਆਰੰਭ ਵਿਚ ਬਲਦੇਵ ਸਿੰਘ ਉਸ ਬਾਰੇ ਲਿਖਦਾ ਹੈ:

"ਪਾਤਰ ਦੇਵ ਰਾਹੀਂ ਮਨੁੱਖ ਅੰਦਰ ਛੁਪੀਆਂ ਕਾਮੁਕ ਲਾਲਸਾਵਾਂ, ਕਮੀਨਗੀਆਂ, ਦੰਭ, ਮੱਕਾਰੀਆਂ ਨੂੰ ਸਹਿਜ ਰੂਪ ਵਿਚ ਬੜੀ ਕਲਾਤਮਿਕਤਾ ਨਾਲ ਪੇਸ਼ ਕੀਤਾ ਗਿਆ ਹੈ।ਦੇਵ ਅਜਿਹਾ ਪਾਤਰ ਹੈ ਜੋ ਮਨੁੱਖੀ ਰਿਸ਼ਤਿਆਂ ਨੂੰ ਵਧੇਰੇ ਮਹੱਤਵ ਨਹੀਂ ਦਿੰਦਾ।ਉਹ ਕਿਸੇ ਨਾਲ ਵੀ ਬੱਝ ਕੇ ਰਹਿਣ ਵਾਲਾ ਨਹੀਂ ਹੈ।"

ਪਰ ਨਾਵਲਕਾਰ ਨਾਵਲ ਦੇ ਅੰਤ ਤੱਕ ਪਹੁੰਚਦਾ ਪਹੁੰਚਦਾ ਦੇਵ ਦੇ ਕਿਰਦਾਰ ਅਤੇ ਉਸਦੀ ਸੋਚ ਨੂੰ ਬਿਲਕੁਲ ਬਦਲ ਦਿੰਦਾ ਹੈ ਜਿਹੜਾ ਕਿ ਮੁੱਢਲੀਆਂ ਧਾਰਨਾਵਾਂ ਨੂੰ ਤੋੜ ਕੇ ਇੱਕ ਸੱਚਾ ਤੇ ਈਮਾਨਦਾਰ ਪਤੀ ਬਣ ਕੇ ਜੀਵਨ ਜਿਊਣਾ ਚਾਹੁੰਦਾ ਹੈ।ਇਉਂ ਨਾਵਲਕਾਰ ਦੇਵ ਪਾਤਰ ਦੇ ਮਾਧਿਅਮ ਰਾਹੀਂ ਵਰਤਮਾਨ ਸਮੇਂ ਦੇ ਮਨੁੱਖ ਦੀ ਪੇਸ਼ਕਾਰੀ ਕਰਦਾ ਹੈ।ਇਹੋ ਹੀ ਕਾਰਣ ਹੈ ਕਿ ਅਨੇਕਾ ਕੁਕਰਮ ਕਰਨ ਤੋਂ ਬਾਅਦ ਵੀ ਦੇਵ ਤਬਾਹ ਜਾਂ ਬਰਬਾਦ ਨਹੀਂ ਹੁੰਦਾ ਸਗੋਂ ਪੂਰਾ ਸਫ਼ਲ ਹੁੰਦਾ ਹੈ। ਜਿਵੇਂ ਬਲਦੇਵ ਸਿੰਘ ਕਹਿੰਦਾ ਹੈ:

"ਇਹ ਅੱਜ ਦੇ ਸਮੇਂ ਦਾ ਸੱਚ ਹੈ। ਵਿਸ਼ਵੀਕਰਣ ਦੇ ਪ੍ਰਭਾਵ ਬਦਲਦੀਆਂ ਨੈਤਿਕ ਕਦਰਾਂ-ਕੀਮਤਾਂ ਦਾ ਯਥਾਰਥ ਹੈ। ਜਿੱਥੇ ਝੂਠ, ਫਰੇਬ, ਮਖੌਟੇ, ਮੌਕਾ ਪ੍ਰਸਤੀਆਂ ਹੀ ਕਾਮਯਾਬ ਹੋ ਸਕਦੀਆਂ ਹਨ ਤੇ ਹੁੰਦੀਆਂ ਹਨ।ਸਾਊ ਤੇ ਈਮਾਨਦਾਰ ਮਨੁੱਖ ਲਈ ਜਾਂ ਤਾਂ ਕੋਈ ਥਾਂ ਨਹੀਂ ਜਾਂ ਫੇਰ ਉਹਨਾਂ ਨੂੰ ਹਾਸ਼ੀਏ ਵੱਲ ਧੱਕ ਦਿੱਤਾ ਜਾਂਦਾ ਹੈ।"

ਇਉਂ **ਪੈੜਾਂ** ਨਾਵਲ ਦੇ ਸਮੁੱਚੇ ਅਧਿਐਨ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਨਾਵਲਕਾਰ ਗੁਰਦਿਆਲ ਦਲਾਲ ਨੇ ਨਾਵਲ ਦੇ ਬਿਰਤਾਂਤ ਨੂੰ ਬਹੁਤ ਵੱਡੇ ਕੈਨਵਸ ਉਪਰ ਪੇਸ਼ ਕੀਤਾ ਹੈ।ਜਿਸ ਵਿਚ ਬਹੁਤ ਸਾਰੀਆਂ ਘਟਨਾਵਾਂ ਪੇਸ਼ ਹੁੰਦੀਆਂ ਹਨ ਜਿਹੜੀਆਂ ਕਿ ਇਸ ਨੂੰ ਮਹਾਂਕਾਵਿਕ ਨਾਵਲ ਵਜੋਂ ਪੇਸ਼ ਕਰਦੀਆਂ ਹਨ।ਪਰ ਇਸਦੇ ਨਾਲ-ਨਾਲ ਨਾਵਲ ਵਿਚ ਕੁਝ ਅਜਿਹੀਆਂ ਘਟਨਾਵਾਂ ਵੀ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਦਾ ਨਾਵਲ ਦੀ ਮੂਲ ਕਥਾ ਨਾਲ ਸੰਬੰਧ ਵਧੇਰੇ ਪ੍ਰਾਪਤ ਨਹੀਂ ਹੁੰਦਾ। ਇਹ ਘਟਨਾਵਾਂ ਜਾਂ ਪਾਤਰ ਨਾਵਲ ਨੂੰ ਬਿਰਤਾਂਤ ਦੀ ਪੱਧਰ 'ਤੇ ਕੰਮਜੋਰ ਕਰਦੇ ਹਨ। ਇਸ ਲਈ ਇਹਨਾਂ ਕੁਝ ਇਕ ਘਟਨਾਵਾਂ ਜਾਂ ਪਾਤਰਾਂ ਨੂੰ ਘਟਾਇਆ ਵੀ ਜਾ ਸਕਦਾ ਹੈ।ਪਰ ਇਹਨਾਂ ਸਭ ਦੇ ਬਾਵਜੂਦ ਨਾਵਲਕਾਰ ਗੁਰਦਿਆਲ ਦਲਾਲ ਨੇ ਪੰਜਾਬੀ ਨਾਵਲ ਦੇ ਖੇਤਰ ਵਿਚ ਨਵੀਂ ਵਸਤੂ, ਵਿਧੀ ਅਤੇ ਦ੍ਰਿਸ਼ਟੀ ਵਾਲੇ ਨਾਵਲ ਦੀ ਸਿਰਜਣਾ ਕੀਤੀ ਹੈ। ਜਿਸ ਵਿਚ ਅਜੋਕੇ ਸਮੇਂ ਦੇ ਸਮਾਜ ਸਭਿਆਚਾਰ ਦੀ ਹੂ-ਬ-ਹੂ ਤਸਵੀਰ ਪੇਸ਼ ਕਰਨ ਦਾ ਯਤਨ ਕੀਤਾ ਹੈ। ਜਿਸ ਵਿਚ ਨਿੱਤ ਦਿਨ ਦੇਵ ਜਿਹੇ ਕਿਰਦਾਰ, ਘਨ੍ਹਈਏ ਜਿਹੇ ਕਿਰਦਰ, ਭਗਵੰਤੀ ਜਿਹੇ ਕਿਰਦਾਰ ਅਤੇ ਫਕੀਰੀਏ ਜਿਹੇ ਕਿਰਦਾਰ ਨਿਰੰਤਰ ਵਿਚਰਦੇ ਰਹਿੰਦੇ ਹਨ।ਇਹੋ ਹੀ ਕਾਰਣ ਹੈ ਕਿ **ਪੈੜਾਂ** ਨਾਵਲ ਆਕਾਰ ਵਿਚ ਵੱਡਾ ਹੋਣ ਦੇ ਬਾਵਜੂਦ ਵੀ ਪਾਠਕ ਨੂੰ ਆਪਣੇ ਨਾਲ ਸਹਿਜੇ ਹੀ ਤੋਰ ਲੈਂਦਾ ਹੈ। ਜਿਸ ਵਿਚ ਵਹਿੰਦਾ ਹੋਇਆ ਪਾਠਕ ਨਾਵਲ ਦੇ ਅੰਤ ਤੱਕ ਚਲਿਆ ਜਾਂਦਾ ਹੈ।ਇਹ ਇਸਦੀ ਪੜ੍ਹਨਯੋਗਤਾ ਦਾ ਹੀ ਕਮਾਲ ਕਿਹਾ ਜਾ ਸਕਦਾ ਹੈ। ਇਉਂ ਗੁਰਦਿਆਲ ਦਲਾਲ ਦਾ ਇਹ ਨਾਵਲ ਪੰਜਾਬੀ ਨਾਵਲਕਾਰੀ ਦੇ ਖੇਤਰ ਵਿਚ ਨਾ ਸਿਰਫ਼ ਨਵਾਂ ਵਿਸਾ ਵਸਤੂ ਲੈ ਕੇ ਪੇਸ਼ ਹੁੰਦਾ ਹੈ ਸਗੋਂ ਇੱਕ ਨਵੀਂ ਵਿਧੀ ਦੀ ਪੇਸ਼ਕਾਰੀ ਵੀ ਕਰਦਾ ਹੈ। ਇਸ ਲਈ ਅਸੀਂ ਇਸ ਨੂੰ ਪੰਜਾਬੀ ਸਾਹਿਤ ਦੀ ਸਫ਼ਲ ਸਾਹਿਤਕ ਕਿਰਤ ਕਹਿ ਸਕਦੇ ਹਾਂ।

ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਛਾਪੜਾ ਪ੍ਰਿੰਟਿੰਗ ਪ੍ਰੈਸ, ਡੰਨ ਮੁਹੱਲਾ, ਜਲੰਧਰ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ ਜਾਰੀ ਕੀਤਾ।

# ਪੰਜਾਬੀ ਗਾਇਕੀ ਦਾ ਮੰਡੀਕਰਨ : ਵਿਸ਼ਲੇਸ਼ਣ ਅਤੇ ਆਲੋਚਨਾ

-ਰਿਸ਼ਪਾਲ ਸਿੰਘ

ਵਿਸ਼ਵੀਕਰਣ, ਉਦਾਰੀਕਰਨ ਅਤੇ ਮੰਡੀਕਰਨ ਦੇ ਪੈਰ ਪਸਾਰਨ ਨਾਲ ਮਨੁੱਖ ਵਸਤ ਵਿੱਚ ਤਬਦੀਲ ਹੁੰਦਾ ਜਾ ਰਿਹਾ ਹੈ। ਇਸ ਵਿੱਚ ਕੋਈ ਸ਼ਕ ਨਹੀਂ ਕਿ ਵਿਸ਼ਵੀਕਰਣ ਅਧੀਨ ਪੂੰਜੀਵਾਦੀ ਵਿਵਸਥਾ ਮਨੁੱਖ ਲਈ ਨਵੇਂ ਆਯਾਮ ਤਾਂ ਸਿਰਜ ਰਹੀ ਹੈ ਪਰੰਤੂ ਸੱਭਿਆਚਾਰ ਦਾ ਘਾਣ ਵੀ ਕਰ ਰਹੀ ਹੈ।ਵਿਸ਼ਵੀਕਰਣ ਅਜੋਕੇ ਯੁੱਗ ਦਾ ਸਭ ਤੋਂ ਵੱਧ ਚਰਚਿਤ ਵਰਤਾਰਾ ਹੈ ਜਿਸ ਦਾ ਵਿਕਾਸ ਬਰਤਾਨੀਆਂ ਤੋਂ ਸ਼ੁਰੂ ਹੋ ਕੇ ਪੱਛਮੀ ਯੂਰਪ ਦੇ ਦੇਸ਼ਾਂ ਤੋਂ ਹੁੰਦਾ ਹੋਇਆ ਅੱਜ ਸਾਰੇ ਸੰਸਾਰ ਵਿੱਚ ਫੈਲ ਚੁੱਕਿਆ ਹੈ।ਅੰਗਰੇਜੀ ਦੇ ਸ਼ਬਦ Globlization ਦੇ ਪੰਜਾਬੀ ਅਨੁਵਾਦ ਵਜੋਂ 'ਵਿਸ਼ਵੀਕਰਣ' ਸ਼ਬਦ ਪ੍ਰਚਲਿਤ ਹੋਇਆ ਹੈ। ਕੋਸ਼ਗਤ ਅਰਥਾਂ ਅਨੁਸਾਰ ਵਿਸ਼ਵੀਕਰਣ ਤੋਂ ਭਾਵ ਵਸਤਾਂ, ਪੂੰਜੀ ਅਤੇ ਮਨੁੱਖੀ ਕਿਰਤ ਆਦਿ ਦਾ ਵਿਸ਼ਵ-ਵਿਆਪੀ ਅਦਾਨ ਪ੍ਰਦਾਨ ਹੈ। ਪ੍ਰਸਿੱਧ ਅਰਥ ਸ਼ਾਸਤਰੀ ਪਾਲ ਹਿਰੱਸ ਅਤੇ ਗਰਾਹਮ ਥਾਂਪਸਨ ਅਨੁਸਾਰ 'ਵਿਸ਼ਵੀਕਰਣ ਇਕ ਤਰ੍ਹਾਂ ਨਾਲ ਵਪਾਰ, ਧਨ, ਮਨੁੱਖਾਂ, ਵਿਚਾਰਾਂ ਅਤੇ ਸੁਨੇਹਿਆਂ ਦਾ ਇਕ ਦੇਸ਼ ਤੋਂ ਦੂਜੇ ਦੇਸ਼ ਵੱਲ ਵੱਡੇ ਪੱਧਰ ਦਾ ਵਹਾਅ ਹੈ। ਅੱਜ ਵਿਸ਼ਵੀਕਰਣ ਦਾ ਸੰਕਲਪ ਜੀਵਨ ਦੇ ਹਰ ਖੇਤਰ ਜਿਵੇਂ ਜਾਤੀ, ਵਰਗ, ਸੱਭਿਆਚਾਰ, ਕਾਨੂੰਨ, ਪੂੰਜੀ, ਤਰੱਕੀ ਅਤੇ ਅੰਤਰ-ਰਾਸ਼ਟਰੀ ਖੇਤਰ ਵਿੱਚ ਠੋਸ ਮਹੱਤਵ ਦਾ ਧਾਰਣੀ ਬਣ ਚੁੱਕਾ ਹੈ। ਕੁੱਝ ਵਿਦਵਾਨ ਇਸ ਨੂੰ ਸੋਚਣ ਦਾ ਨਵਾਂ ਢੰਗ ਵੀ ਕਹਿੰਦੇ ਹਨ। ਇਹ ਇਕ ਅਜਿਹਾ ਲੇਬਲ ਹੈ ਜੋ ਵਰਤਮਾਨ ਮਨੁੱਖ ਦੀਆਂ ਸਮੂਹ ਮਨ ਲਲਚਾਊ ਭਾਵਨਾਵਾਂ, ਵਸਤਾਂ ਤੇ ਕਾਰਜ ਆਦਿ ਨੂੰ ਕਲੇਵੇ ਵਿੱਚ ਲੈਂਦਾ ਹੈ। ਵਿਸ਼ਵੀਕਰਣ ਦੇ ਪ੍ਰਭਾਵ ਸਦਕਾ 19ਵੀਂ ਸਦੀ ਦੇ 9ਵੇਂ ਦਹਾਕੇ ਤੱਕ ਪੰਜਾਬ ਵਿੱਚ ਪੰਜਾਬੀ ਸੰਗੀਤ ਦਾ ਪੂਰੀ ਤਰਾਂ ਪੱਛਮੀਕਰਣ ਹੋ ਕੇ ਪੰਜਾਬੀ ਪੌਪ ਸੰਗੀਤ ਨਾਮਕ ਨਵੀਂ ਸ਼ੈਲੀ ਪ੍ਰਵਾਹਮਾਨ ਹੋ ਗਈ। ਢਾਡੀ ਵਾਰਾਂ ,ਕਵੀਸ਼ਰੀ, ਤੂੰਬੇ-ਅਲਗੋਜੇ ਦੀ ਗਾਇਕੀ ਤੇ ਪੁਆਧੀ ਅਖ਼ਾੜਿਆਂ ਜਿਹੀਆਂ ਵਿਰਾਸਤੀ ਵੰਨਗੀਆਂ ਤੋਂ ਲੋਕਾਂ ਦਾ ਮੋਹ ਭੰਗ ਹੋ ਗਿਆ ਨਤੀਜਤਨ ਪੰਜਾਬੀ ਸੰਗੀਤ ਦੀਆਂ ਅਨੇਕ ਵੰਨਗੀਆਂ ਅਤੇ ਧੁਨਾਂ ਦਾ ਨਵੀਨੀਕਰਣ ਸਾਹਮਣੇ ਆਇਆ ਜਿਸ ਨੇ ਪੰਜਾਬੀ ਸੰਗੀਤ ਦੇ ਮੂਹ-ਮੁਹਾਂਦਰੇ ਨੂੰ ਬਦਲ ਕੇ ਰੱਖ ਦਿਤਾ ਹੈ। ਇਸ ਅਦਾਨ ਪ੍ਰਦਾਨ ਸਦਕਾ ਅੱਜ ਮੌਲਿਕ ਸੰਗੀਤ 'ਪੌਪ ਮਿਊਜਿਕ' ਹੋ ਕੇ ਆਰਕੈਸਟਰਾ ਦੇ ਸ਼ੋਰ ਸ਼ਰਾਬੇ ਵਿੱਚ ਗੁੰਮ ਹੁੰਦਾ ਹੋਇਆ ਆਡੀਓ-ਵੀਡੀਉ ਉਪਕਰਣਾਂ ਦਾ ਮੁਹਤਾਜ ਹੁੰਦਾ ਜਾ ਰਿਹਾ ਹੈ।

ਮਨੁੱਖ ਜਿਸ ਸੱਭਿਆਚਾਰ ਦਾਇਰੇ ਵਿੱਚ ਜੀਵਨ ਬਸਰ ਕਰਦਾ ਹੈ ਉਸ ਸਮਾਜ ਦਾ ਆਪਣਾ ਕੀਮਤ-ਪ੍ਰਬੰਧ ਹੁੰਦਾ ਹੈ। ਕਾਮੁਕ ਉਤੇਜਨਾ ਉਕਸਾਉਣ ਵਾਲੇ ਅਜੋਕੇ ਕੁਝ ਪੰਜਾਬੀ ਗੀਤ ਪਿਤਰਕੀ ਸਮਾਜ ਵਿੱਚ ਰਹਿੰਦੇ ਭੈਣ-ਭਰਾਵਾਂ ਦਾ ਮੋਹ ਭੰਗ ਕਰਕੇ ਸਮਾਜ ਵਿੱਚ ਉਹਨਾਂ ਬਿਰਤੀਆਂ ਨੂੰ ਜਨਮ ਦੇ ਰਹੇ ਹਨ ਜੋ ਜੰਗਲ ਵਿੱਚ ਰਹਿੰਦੇ ਪਸ਼ੂਆਂ ਦੀਆਂ ਹੁੰਦੀਆਂ ਹਨ। ਗਾਇਕ ਅਤੇ ਗੀਤਕਾਰ ਅਪਭਾਸ਼ਾ ਨੂੰ ਪ੍ਰਤੀਕ ਵਜੋਂ ਵਰਤਦੇ ਹਨ। ਵਿਸ਼ਵੀਕਰਣ ਦੇ ਨਵ-ਪੂੰਜੀਵਾਦੀ ਪ੍ਰਵਚਨ ਅਤੇ ਮੰਡੀ ਦੁਆਰਾ ਸਥਾਪਤ ਕੀਤੇ ਖਪਤ ਸੱਭਿਆਚਾਰ ਦੇ ਮੱਕੜ ਜਾਲ ਵਿੱਚ ਫਸੇ ਗਾਇਕ ਅਤੇ ਗੀਤਕਾਰਾਂ ਨੇ ਰਿਸ਼ਤੇ ਨਾਤਿਆਂ ਵਿੱਚਲੀ ਨੈਤਿਕਤਾ ਨੂੰ ਸਮਝਣ ਤੋਂ ਪਾਸਾ ਵੱਟ ਲਿਆ ਹੈ। ਪਦਾਰਥਕ ਵਸਤਾਂ ਦੇ ਭੋਗ ਵਿਲਾਸ ਵਿੱਚ ਉਲਝਿਆ ਮਨੁੱਖ ਆਤਮਕ ਵਿਕਾਸ ਭੁੱਲ ਕੇ ਅਪਾਹਜ ਮਾਨਸਿਕਤਾ ਦਾ ਧਾਰਨੀ ਬਣਦਾ ਜਾ ਰਿਹਾ ਹੈ। ਸਮਕਾਲੀ ਗਾਇਕੀ ਵਿੱਚ ਪੈਸਾ ਕਮਾਉਣ ਹਿੱਤ ਸੱਭਿਆਚਾਰ ਦੇ ਨਾਮ ਤੇ ਅਜਿਹਾ ਕੁਝ ਪਰੋਸਿਆ ਜਾ ਰਿਹਾ ਹੈ ਜੋ ਹਿੱਤ ਅਭਿਲਾਸ਼ੀ ਨਹੀਂ ਹੈ।ਇਸ ਗਾਇਕੀ ਵਿੱਚ ਲੱਚਰਤਾ, ਮਹਿੰਗੀਆਂ ਗੱਡੀਆਂ, ਨਾਇਕ ਦੇ ਟੈਟੂ



ਅਤੇ ਮਹਿੰਗੇ ਬਰਾਂਡਾਂ ਦੀ ਭਰਮਾਰ ਹੈ।ਅਸ਼ਲੀਲਤਾ ਪਰੋਸਣਾ ਕੋਈ ਨਵੀਨ ਵਰਤਾਰਾ ਨਹੀਂ ਪਰੰਤੂ ਵਰਤਮਾਨ ਸਮੇਂ ਇਹਨਾਂ ਦਾ ਫਿਲਮਾਂਕਣ ਜਰੂਰ ਨਵੀਨ ਹੈ। ਵਰਤਮਾਨ ਗੀਤਾਂ ਦੇ ਫਿਲਮਾਂਕਣ ਦੇ ਰੂਪ ਵਿੱਚ ਅਜਿਹਾ ਕੁਝ ਪਰੋਸਿਆ ਜਾ ਰਿਹਾ ਹੈ ਜਿਸਨੂੰ ਸ਼ਾਇਦ ਪੇਸ਼ਕਾਰ ਦੀ ਪਤਨੀ ਵੀ ਦੇਖਣ ਵਿੱਚ ਸ਼ਰਮ ਮਹਿਸੂਸ ਕਰੇ। ਟੀ.ਵੀ. ਚੈਨਲਾਂ ਉੱਪਰ ਚੱਲਦੇ ਕੁਝ ਗੀਤ 'ਮੈਂ ਕੁੜੀ ਆ ਬਰੂਦ ਵਰਗੀ, 'ਹਿੱਕ ਉੱਤੇ ਸੌਂ ਜਾ ਵੇ ਸ਼ਰਾਬੀ ਬਣਕੇ, ਲੱਕ ਟਵੰਟੀ ਏਟ ਕੁੜੀ ਦਾ, ਬਿਊਟੀਫੁਲ ਬਿੱਲੋ ਨਖਰਾ ਤੇਰਾ ਪੈਂਹਠ ਕਿੱਲੋ'ਤਆਦਿ ਜਿਹੇ ਗੀਤ ਦਿਨ ਵਿੱਚ ਹਜਾਰਾਂ ਵਾਰ ਪਰੋਸੇ ਜਾ ਰਹੇ ਹਨ। ਅਜਿਹੇ ਗੀਤਾਂ ਦਾ ਨਾ ਦੇਖਣ ਯੋਗ ਫਿਲਮਾਂਕਣ ਵੀਡੀਉ ਡਾਇਰੈਕਟਰ ਅਤੇ ਗੀਤਕਾਰਾਂ ਦੇ ਮਨ ਵਿੱਚਲੀਆਂ ਕਾਮੁਕ ਲਾਲਸਾਵਾਂ ਦੀ ਪੁਸ਼ਟੀ ਕਰਦੇ ਹਨ।ਅਜਿਹਾ ਕੰਜਰੀ ਨਾਚ ਜੋ ਪੁਰਾਣੇ ਸਮੇਂ ਕੇਵਲ ਹਾਕਮਾਂ ਦੇ ਦਰਬਾਰਾਂ ਵਿੱਚ ਪ੍ਰਚਲਿਤ ਹੋਇਆ ਕਰਦਾ ਸੀ, ਮੰਡੀਕਰਨ ਦੇ ਸਹਿਯੋਗ ਨਾਲ ਇਹ ਨਾਚ ਅੱਜ ਘਰ-ਘਰ ਨਚਿਆ ਜਾ ਰਿਹਾ ਹੈ। ਮੰਡੀਕਰਣ ਅਤੇ ਵਿਸ਼ਵੀਕਰਣ ਪਰਪੰਚ ਦੇ ਲੁਭਾਵਣੇ ਲਕਸ਼ ਮਨੁੱਖ ਨੂੰ ਸਮੂਹ ਨਾਲੋਂ ਤੋੜ ਕੇ ਸਵੈ ਤੱਕ ਸੀਮਤ ਕਰ ਰਹੇ ਹਨ। ਵਰਤਮਾਨ ਸਮਾਂ ਮਰਦ ਪ੍ਰਧਾਨ ਹੈ। ਇਸ ਵਿੱਚ ਕੋਈ ਸ਼ਕ ਨਹੀਂ ਕਿ ਅੱਜ ਦੁਨੀਆਂ ਦੇ ਸਿਰ-ਕੱਢ ਖੇਤਰਾਂ ਵਿੱਚ ਔਰਤ ਦਾ ਯੋਗਦਾਨ ਸਰਾਹੁਣਯੋਗ ਹੈ ਪਰੰਤੂ ਵਿਸ਼ਵੀਕਰਣ ਪਰਪੰਚ ਦੇ ਲੁਭਾਵਣੇ ਲਕਸ਼ ਨੇ ਪੰਜਾਬੀ ਗਾਇਕੀ ਵਿੱਚ ਔਰਤ ਦਾ ਮਾਨਸਿਕ ਅਤੇ ਸਰੀਰਕ ਸ਼ੋਸ਼ਣ ਵਧਿਆ ਹੈ। ਵਰਤਮਾਨ ਪੰਜਾਬੀ ਗਾਇਕੀ ਦਾ ਕੇਂਦਰ ਬਿੰਦੂ ਔਰਤ ਹਨ। ਕੋਈ ਸਮਾਂ ਸੀ ਜਦੋਂ ਯਮਲਾ ਜੱਟ, ਚਾਂਦੀ ਰਾਮ-ਸ਼ਾਂਤੀ ਦੇਵੀ, ਆਸਾ ਸਿੰਘ ਮਸਤਾਨਾ, ਸੁਰਿੰਦਰ ਕੌਰ, ਨਰਿੰਦਰ ਬੀਬਾ ਅਤੇ ਜਗਤ ਸਿੰਘ ਜੱਗਾ, ਗੁਰਦਾਸ ਮਾਨ, ਸੁਖਵਿੰਦਰ ਸਿੰਘ, ਹੰਸ ਰਾਜ ਹੰਸ, ਸਰਦੂਲ ਸਿੰਕਦਰ ਅਤੇ ਸੁਰਿੰਦਰ ਛਿੰਦਾ ਆਦਿ ਗਾਇਕੀ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦੇ ਹੋਏ ਪੰਜਾਬੀ ਸੱਭਿਆਚਾਰ ਨੂੰ ਜਿਉਂਦੇ ਰੱਖਣ ਦੇ ਆਸਵੰਦ ਸਨ। ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ, ਪੀੜ ਤੇਰੇ ਜਾਣ ਦੀ ਕਿਦਾਂ ਜਰਾਂਗਾ ਮੈਂ, ਹੀਰ ਆਖਦੀ ਜੋਗੀਆ ਝੂਠ ਬੋਲੇਂ, ਛੱਲਾ ਆਦਿ ਵਰਗੇ ਗੀਤ ਅੱਜ ਵੀ ਸ਼ਿਦਤ ਨਾਲ ਸੁਣੇ ਜਾਂਦੇ ਹਨ। ਇਸਤਰੀਆਂ ਦੀ ਪੰਜਾਬੀ ਸੰਗੀਤ ਜਗਤ ਨੂੰ ਮਹੱਤਵਪੂਰਨ ਦੇਣ ਹੈ। ਸੁਰਿੰਦਰ ਕੌਰ, ਨਰਿੰਦਰ ਬੀਬਾ, ਗੁਰਮੀਤ ਬਾਵਾ ਅਤੇ ਜਗਮੋਹਨ ਕੌਰ ਹੁਰਾਂ ਦੇ ਗੀਤ ਸੁਣਦਿਆਂ ਅੱਜ ਵੀ ਰੂਹ ਨੂੰ ਸਕੂਨ ਮਿਲਦਾ ਹੈ ਪਰੰਤੂ ਅੱਜ ਦੀਆਂ ਬਹੁ-ਗਿਣਤੀ ਇਸਤਰੀ ਗਾਇਕਾਵਾਂ ਦੀ ਗਾਇਕੀ ਸਿਰਫ ਡੰਗ ਟਪਾਉ ਹੈ।ਕੁਝ ਗੀਤਾਂ ਵਿੱਚ ਤਾਂ ਔਰਤ ਹੀ ਔਰਤ ਦੀ ਹੋਂਦ ਨੂੰ ਖਤਮ ਕਰਨ ਲਗੀ ਹੋਈ ਹੈ। ਜਦੋਂ ਵਾੜ ਹੀ ਖੇਤ ਨੂੰ ਖਾਣ ਲਗ ਪਵੇ ਤਾਂ ਉਸ ਖੇਤ ਦਾ ਕੀ ਬਣੇਗਾ ਇਹ ਅਸੀ ਖੁਦ ਵਿਚਾਰੀਏ।

ਮੰਡੀਕਰਨ ਦੇ ਇਸ ਦੌਰ ਵਿੱਚ ਹਰ ਗਾਇਕ ਰਾਤੋ-ਰਾਤ ਪ੍ਰਸਿੱਧੀ ਹਾਸਿਲ ਕਰਨਾ ਚਾਹੁੰਦਾ ਹੈ ਜਿਸ ਲਈ ਪੱਛਮੀ ਸੱਭਿਆਚਾਰ ਦਾ ਸਹਾਰਾ ਲਿਆ ਜਾ ਰਿਹਾ ਹੈ ਜਿਸਦੇ ਪੰਜਾਬੀ ਗਾਇਕੀ ਅਤੇ ਸੱਭਿਆਚਾਰ ਉੱਪਰ ਮਾਰੂ ਪ੍ਰਭਾਵ ਪੈ ਰਹੇ ਹਨ। ਪੱਛਮੀ ਸੱਭਿਆਚਾਰ ਦੀ ਆੜ ਵਿੱਚ ਅਜਿਹਾ ਕੁਝ ਪਰੋਸਿਆ ਜਾ ਰਿਹਾ ਹੈ ਜੋ ਪੰਜਾਬੀ ਅਤੇ ਪੰਜਾਬੀਅਤ ਲਈ ਖਤਰੇ ਦੀ ਘੰਟੀ ਹੈ। ਪੱਛਮੀ ਪ੍ਰਭਾਵਾਂ ਨੇ ਗਾਇਕਾਂ ਨੂੰ ਸੱਭਿਅਤਾ ਭੁਲਾ ਦਿੱਤੀ ਹੈ। ਬੁਰਜੂਆ ਅਰਥਚਾਰੇ ਅਧੀਨ ਰਿਕਾਰਡਿੰਗ ਦੀ ਮੰਡੀ ਨੇ ਸਾਫ਼-ਸੁਥਰੀ ਪੰਜਾਬੀ ਲੋਕ ਗਾਇਕੀ ਦੀ ਥਾਂ ਸਸਤੀ ਤੇ ਘਟੀਆ ਕਿਸਮ ਦੀ ਬਜ਼ਾਰੂ ਗਾਇਕੀ ਨੂੰ ਤਰਜੀਹ ਦਿੱਤੀ ਜਿਸ ਕਾਰਨ ਇਹ ਗਾਇਕੀ ਅੱਜ ਗਾਉਣ ਦੀ ਥਾਂ ਦਿਖਾਉਣ ਦੀ ਚੀਜ਼ ਬਣਕੇ ਰਹਿ ਗਈ ਹੈ। ਪਰੰਪਰਿਕ ਸਾਜਾਂ ਨਾਲ ਗਾਏ ਜਾਣ ਵਾਲੇ ਗੀਤਾਂ ਦੀ ਥਾਂ ਹੁਣ ਕੀ-ਬੋਰਡ, ਗਿਟਾਰ, ਡਰੱਮ, ਆਕਟੋ-ਪੈਡ, ਕਾਂਗੋ, ਬਾਂਗੋ ਵਰਗੇ ਸਾਜਾਂ ਦੇ ਨਾਲ ਅੱਧਾ ਕੁ ਦਰਜਨ ਸਹਾਇਕ ਗਾਇਕਾਂ ਦੀ ਹੋ-ਹੋ ਦੇ ਸ਼ੋਰ ਸ਼ਰਾਬੇ ਵਿੱਚ ਸੁਹਿਰਦ

ਸਰੋਤਾ ਸੱਭਿਅਕ ਬੋਲ ਲੱਭਦਾ ਰਹਿ ਜਾਂਦਾ ਹੈ। ਕਿਸੇ ਵੇਲੇ ਸੰਗੀਤ ਉੱਪਰ ਸਿਰ ਝੂਮਦੇ ਸਨ, ਅੱਜ ਉਸ ਸੰਗੀਤ ਦਾ ਪੂਰਾ ਜੋਰ ਪੈਰਾਂ ਨੂੰ ਥਿਰਕਾਉਣ ਤੇ ਲੱਗਾ ਹੋਇਆ ਹੈ। ਵਰਤਮਾਨ ਟੈਲੀਵਿਜਨ ਚੈਨਲਾਂ ਉੱਪਰ ਚੱਲਦੇ ਬਹੁਤੇ ਪੰਜਾਬੀ ਗੀਤ ਮਨੁੱਖ ਦੀਆਂ ਪਾਸ਼ਵਿਕ ਬਿਰਤੀਆਂ ਉੱਤੇਜਿਤ ਕਰਕੇ ਕੋਈ ਘਨੌਣਾ ਕੰਮ ਤਾਂ ਕਰਵਾ ਸਕਦੇ ਹਨ ਪਰੰਤੂ ਆਵਾਮ ਨੂੰ ਸਹੀ ਸੇਧ ਪ੍ਰਦਾਨ ਨਹੀਂ ਕਰ ਸਕਦੇ। ਅਜਿਹਾ ਗੰਦ ਪਰੋਸਣ ਵਾਲੇ ਗਾਇਕ ਗੀਤਕਾਰ ਅਤੇ ਡਾਇਰੈਕਟਰ ਵਪਾਰੀ ਵਰਗ ਨਾਲ ਸਬੰਧਤ ਹਨ ਜਿਹਨਾਂ ਦਾ ਮੁੱਖ ਮਕਸਦ ਪੈਸਾ ਕਮਾਉਣਾ ਹੈ, ਉਹਨਾਂ ਨੂੰ ਨਾ ਤਾਂ ਆਪਣੇ ਸੱਭਿਆਚਾਰ ਦੀ ਫਿਕਰ ਹੈ ਅਤੇ ਨਾ ਹੀ ਆਪਣੀ ਇੱਜਤ ਦੀ। ਬਹੁਤੇ ਟੀ.ਵੀ ਚੈਨਲ ਵੀ ਕੇਵਲ ਟੀ.ਆਰ.ਪੀ ਵਧਾਉਣ ਲਈ ਅਜਿਹਾ ਸਭ ਕੁਝ ਵਖਾਉਣ ਤੋਂ ਗੁਰੇਜ ਨਹੀਂ ਕਰਦੇ। ਦੇਖਿਆ ਜਾਂਦਾ ਹੈ ਕਿ ਸਾਰਾ ਦਿਨ ਚੈਨਲਾਂ ਉੱਪਰ ਕੇਵਲ ਇਕ ਕੁੜੀ ਨੂੰ ਹੀ ਨਾਇਕ ਬਣਾ ਕੇ ਉਸਨੂੰ ਪਟੋਲਾ ਅਤੇ ਪੀਸ ਆਦਿ ਨਾਵਾਂ ਨਾਲ ਪੁਕਾਰ ਕੇ ਉਸਨੂੰ ਕਾਮ ਵਾਸਨਾ ਵਿੱਚ ਫਸਾਉਣ ਦੇ ਯਤਨ ਕੀਤੇ ਜਾਂਦੇ ਹਨ।

ਸਮਕਾਲੀ ਪੰਜਾਬੀ ਗਾਇਕੀ ਦੀ ਨਾਇਕ ਅਤੇ ਕੇਂਦਰ ਬਿੰਦੂ ਔਰਤ ਹੈ। ਫੁੱਲਕਾਰੀ ਅਤੇ ਸ਼ਾਲੂ ਦੇ ਗੀਤਾਂ ਵਿੱਚ ਨੱਚ ਰਹੀ ਨਾਇਕਾ ਨਾ ਹੀ ਇਹਨਾਂ ਦੇ ਅਰਥ ਜਾਣਦੀ ਹੈ ਅਤੇ ਨਾ ਹੀ ਇਹਨਾਂ ਦੇ ਉਪਯੋਗ। ਨਿੱਤ ਨਵੇਂ ਕਲਾਕਾਰ ਪੈਸੇ ਦੇ ਜੋਰ ਸਦਕਾ ਵਿਭਿੰਨ ਚੈਨਲਾਂ ਦਾ ਸਮਾਂ ਖਰੀਦ ਕੇ ਹਿੱਟ ਹੋਣ ਦਾ ਮੰਤਰ ਜਾਣ ਗਏ ਹਨ। ਦੇਸੀ ਗੀਤਾਂ ਨੂੰ ਵੀ ਪੱਛਮੀ ਮੁਖੌਟਾ ਪੁਆ ਕੇ ਉਸ ਵਿੱਚ ਚੰਦ ਕੁ ਹਬਸ਼ੀ, ਪਤਾ ਨਹੀਂ ਕਿਹੜੇ ਗੀਤ ਦਾ ਉਲੱਥਾ ਆਪਣੀ ਭਾਸ਼ਾ ਵਿੱਚ ਕਰਕੇ ਪੁੱਠੀਆਂ-ਸਿਧੀਆਂ ਛਾਲਾਂ ਮਾਰ ਰਹੇ ਹੁੰਦੇ ਹਨ, ਕਈ ਵਾਰ ਅਜਿਹਾ ਭੁਲੇਖਾ ਪੈਂਦਾ ਹੈ ਕਿ ਸ਼ਾਇਦ ਇਹੀ ਸਾਡੀ ਵਿਰਾਸਤ ਅਤੇ ਸੱਭਿਆਚਾਰ ਹੈ।ਇਸ ਵਿੱਚੋਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਗਾਇਬ ਹੈ। ਵਿਸ਼ਾਗਤ ਪਾਸਾਰ ਤੋਂ ਦੇਖੀਏ ਤਾਂ ਸਮਕਾਲੀ ਗਾਇਕੀ ਪੰਜਾਬ ਦੀ ਲੋਕ ਵਿਰਾਸਤ ਨੂੰ ਪੇਸ਼ ਕਰਨ ਦੀ ਬਜਾਇ ਪੱਛਮ ਦੀਆਂ ਮਾਰੂ ਕਦਰਾਂ ਕੀਮਤਾਂ ਨੂੰ ਪਰਦੇ ਤੇ ਲਿਆਉਂਦੀ ਹੈ।ਅੱਧ-ਨੰਗੀਆਂ ਇਸਤਰੀਆਂ ਦੇ ਪੇਸ਼ ਹੋ ਰਹੇ ਫਿਲਮਾਂਕਣ ਮਨੁੱਖ ਦੀਆਂ ਕਾਮਕ ਭਾਵਨਾਵਾਂ ਨੂੰ ਉਤੇਜਿਤ ਕਰਦੇ ਹਨ ਨਤੀਜਤਨ ਨਿੱਤ ਅਜਿਹੇ ਕਾਰਿਆਂ ਨੂੰ ਅੰਜਾਮ ਦਿਤਾ ਜਾਂਦਾ ਹੈ ਜਿਸ ਨੂੰ ਸੁਣ ਕੇ ਰੂਹ ਕੰਬ ਉੱਠਦੀ ਹੈ। ਬਾਜ਼ਾਰੂ ਰੁਚੀਆਂ ਵਾਲੀ ਸਮਕਾਲੀ ਸਮੁੱਚੀ ਗਾਇਕੀ ਜੱਟ ਅਤੇ ਔਰਤ ਤੇ ਕੇਂਦਰਿਤ ਹੈ। ਗੀਤਾਂ ਵਿੱਚ ਪੰਜਾਬੀ ਵਿਅਕਤੀ ਨੂੰ ਬਦਮਾਸ਼, ਹੰਕਾਰੀ, ਨਸ਼ੱਈ ਅਤੇ ਫੁੱਕਰਾ ਬਨਾਉਣ ਲਈ ਵਾਪਾਰੀ ਵਰਗ ਉਤਸੁਕ ਹੈ। ਅਨੇਕ ਅਜਿਹੇ ਗੀਤ ਸੁਣਦੇ ਹਾਂ ਜੋ ਅੱਜ ਦੇ ਨੌਜਵਾਨ ਵਰਗ ਨੂੰ ਹਿੰਸਕ, ਬਲਾਤਕਾਰੀ ਅਤੇ ਨਿਰਦਈ ਬਨਣ ਲਈ ਪ੍ਰੇਰਿਤ ਕਰਦੇ ਹਨ।ਅਨੇਕ ਅਜਿਹੇ ਗੀਤ ਹਨ ਜਿਹਨਾਂ ਵਿੱਚ ਜੀਅ ਭਰ ਕੇ ਲੱਚਰਤਾ ਪਰੋਸੀ ਜਾ ਰਹੀ ਹੈ। ਪੰਜਾਬੀ ਲੋਕ ਮਨਾਂ ਵਿੱਚਲੀਆਂ ਭਾਵਨਾਵਾਂ ਨੂੰ ਖਤਮ ਕਰਨ ਵਿੱਚ ਅਜੋਕੇ ਫਿਲਮਾਂਕਣ ਦਾ ਵੱਡਮੁੱਲਾ ਯੋਗਦਾਨ ਹੈ ਜੋ ਕਿਸੇ ਸਮੇਂ ਸਾਡੇ ਲਈ ਘਾਤਕ ਸਿੱਧ ਹੋਵੇਗਾ।

ਬਾਜ਼ਾਰ ਕੇਂਦਰਿਤ ਗਾਇਕੀ ਸਿੱਖਿਆ ਸੰਸਥਾਵਾਂ ਨੂੰ ਅਧਾਰ ਬਣਾ ਕੇ ਜੋ ਬਿੰਬ ਸਿਰਜ ਰਹੀ ਹੈ ਉਹ ਨਿੰਦਣਯੋਗ ਹੈ। ਖਾਓ-ਪੀਉ ਐਸ਼ ਉਡਾਉ ਵਾਲਾ ਵਿਗੜਿਆ ਕਾਕਾ ਪਿੰਡ ਪੱਧਰ ਤੋਂ ਉੱਠ ਕੇ ਚੰਡੀਗੜ੍ਹ ਜਾਂ ਵੱਡੇ ਸ਼ਹਿਰਾਂ ਵਿੱਚ ਜਾ ਕੇ ਆਸ਼ਕੀ ਕਰਦਾ ਹੈ ਜਿਸਨੂੰ ਪੰਜਾਬੀ ਗੀਤਾਂ ਵਿੱਚ ਮੰਦਭਾਗੇ ਹੀਲੇ ਵਸੀਲਿਆਂ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਅਜਿਹੇ ਕਈ ਗੀਤ ਜਿਵੇਂ 'ਪਿੰਡ ਛੱਡ ਚੰਡੀਗੜ੍ਹ ਲੈ ਲੇ ਦਾਖਲੇ ਨੀ ਇਕ ਤੇਰੇ ਕਰਕੇ'੩'ਕਾਲਜ ਦੀ ਕੰਧ ਉੱਤੇ ਹਾਣੀਆਂ ਲਿਖਤਾ ਕਿਸੇ ਅੱਜ ਤੇਰਾ ਮੇਰਾ ਨਾਂ'੩. 'ਚੰਡੀਗੜ੍ਹ ਕਰੇ ਆਸ਼ਕੀ ਮੁੰਡਾ ਜੱਟਾਂ ਦਾ ਜਲੰਧਰੋਂ ਆ ਕੇ'੩ ਆਦਿ ਸਿੱਖਿਆ ਸੰਸਥਾਵਾਂ ਨੂੰ ਕੇਵਲ ਆਸ਼ਕੀ ਦੇ ਅੱਡੇ ਸਾਬਤ ਕਰਨ ਦੇ ਜ਼ੋਰ ਤੇ ਲਗੇ



ਹਨ।

ਅਜੋਕੀ ਗਾਇਕੀ ਜੱਟ ਦੇ ਪੁਰਾਤਨ ਬਿੰਬ ਦਾ ਮਿੱਥ ਭੰਜਨ ਕਰਨ ਵੱਲ ਰੁਚਿਤ ਹੋਈ ਨਜ਼ਰ ਆਉਂਦੀ ਹੈ।ਵਰਤਮਾਨ ਪ੍ਰਚਲਿਤ ਬਹੁਤੇ ਗੀਤਾਂ ਵਿੱਚ ਪੰਜਾਬੀਆਂ (ਜੱਟ) ਦੀ ਪਛਾਣ ਬਦਮਾਸ਼, ਗੁੰਡਾ ਅਤੇ ਆਸ਼ਕ ਨਾਵਾਂ ਨਾਲ ਕਰਵਾਈ ਜਾ ਰਹੀ ਹੈ। ਅੱਜ ਦੇ ਗੀਤਾਂ ਵਿੱਚ ਜੱਟ ਨੂੰ ਸਿਰਫ ਪੰਜਾਬੀ ਸੱਭਿਆਚਾਰ ਦਾ ਘਾਣ ਕਰਨ ਅਤੇ ਕਿਸੇ ਦੀ ਧੀ-ਭੈਣ ਦੀ ਇੱਜ਼ਤ ਲੁਟਣ ਵੱਲ ਪ੍ਰੇਰਿਤ ਕਰਦਾ ਨਜ਼ਰੀਂ ਪੈਂਦਾ ਹੈ। ਅਨੇਕ ਅਜਿਹੇ ਗੀਤ ਮਿਲਦੇ ਹਨ ਜਿਹਨਾਂ ਵਿੱਚੋਂ ਪੰਜਾਬੀ ਗਾਇਕ, ਗੀਤਕਾਰ ਅਤੇ ਡਾਇਰੈਕਟਰ ਸਾਹਿਬਾਨ ਦੀ ਪੰਜਾਬੀਅਤ ਨੂੰ ਤਹਿਸ-ਨਹਿਸ ਕਰਨ ਦੇ ਉਪਰਾਲੇ ਸਾਫ ਝਲਕਦੇ ਹਨ। ਅਜਿਹੇ ਕੁਝ ਗੀਤ 'ਜਿਹੜਾ ਖੰਗਿਆ ਯਾਰਾਂ ਨੇ ਉਹੀ ਟੰਗਿਆ'੩ਗੋਲੀ ਹਿੱਕ ਵਿੱਚੋਂ ਕੱਢਣੇ ਦਾ ਚਾਅ'੩ .ਮਿੱਤਰਾਂ ਨੂੰ ਸ਼ੌਂਕ ਹਥਿਆਰਾਂ ਦਾ'੩ਮਿੱਤਰਾਂ ਦੀ ਡਾਂਗ ਖੜਕੂ ਜਦੋਂ ਤੱਕ ਤੂੰ ਡਿਗਰੀ ਨਹੀਂ ਕਰਦੀ'੩ਕੋਈ ਬੰਦਾ-ਬੁੰਦਾ ਮਾਰਨੈਂ ਤਾਂ ਦਸ੩ਆਦਿ ਵਰਗੇ ਗੀਤ ਚੈਨਲਾਂ ਤੇ ਦੇਖਣ ਨੂੰ ਮਿਲਦੇ ਹਨ ਜੋ ਯਥਾਰਥ ਤੋਂ ਕੋਹਾਂ ਦੂਰ ਹਨ। ਦੇਖਿਆ ਜਾਵੇ ਤਾਂ ਮੀਡੀਆ ਪੰਜਾਬੀ ਲੋਕ-ਮਨ ਦੀ ਮਾਨਸਿਕਤਾ ਨੂੰ ਜਿੰਦੇ ਕੁੰਡੇ ਲਾਲੋ,ਬੱਤੀਆਂ ਬੁਝਾਲੋ ਵੱਲ ਖਿਚੱਣ ਦੀ ਤਾਂਘ ਵਿੱਚ ਹੈ।

ਉਪਰੋਕਤ ਨਕਾਰਾਤਮਕ ਪਹਿਲੂਆਂ ਦੇ ਬਾਵਜੂਦ ਪੰਜਾਬੀ ਸੰਗੀਤ ਅੱਜ ਲੋਕਪ੍ਰਿਯਤਾ ਦੀਆਂ ਸਿਖਰਾਂ ਤੇ ਹੈ। ਹਰ ਧਰਮ, ਨਸਲ, ਕੌਮ ਅਤੇ ਹਰ ਵਰਗ ਦੇ ਲੋਕਾਂ ਵੱਲੋਂ ਪੰਜਾਬੀ ਸੰਗੀਤ ਸੁਣਿਆ ਅਤੇ ਸਲਾਹਿਆ ਜਾ ਰਿਹਾ ਹੈ, ਹਿੰਦੀ ਫਿਲਮ ਇੰਡਸਟਰੀਜ ਵਿੱਚ ਹਰ ਨਵੀਂ ਫਿਲਮ ਵਿੱਚ ਪੰਜਾਬੀ ਗੀਤ ਹੋਣਾ ਪੰਜਾਬੀ ਸੰਗੀਤ ਜਗਤ ਲਈ ਮਾਣਮੱਤਾ ਵੀ ਹੈ ਪਰੰਤੂ ਅਸੀ ਆਪਣੀਆਂ ਸੱਭਿਅਕ ਹੱਦਾਂ ਨੂੰ ਨਾ ਹੀ ਟੱਪੀਏ ਤਾਂ ਚੰਗਾ ਹੋਵੇਗਾ। ਪੰਜਾਬੀ ਗਾਇਕੀ ਦੇ ਇਸ ਹੱਦ ਤੱਕ ਹੋ ਰਹੇ ਮੰਡੀਕਰਨ ਨੇ ਸਾਨੂੰ ਸੱਭਿਆਚਾਰਕ ਨਾਲੋਂ ਵਧੇਰੇ ਅਤਿਆਚਾਰਕ ਬਣਾ ਦਿਤਾ ਹੈ। ਸਮਕਾਲੀ ਪੰਜਾਬੀ ਗਾਇਕੀ ਵਿੱਚੋਂ ਹਲਕੇਪਣ ਅਤੇ ਅਸ਼ਲੀਲਤਾ ਦਾ ਜੰਗਾਲ ਸਾਨੂੰ ਹੱਥੀਂ ਸਾਫ ਕਰਨਾ ਪੈਣਾ ਹੈ ਤੇ ਇਹ ਡਾਹਢੀ ਮੁਸ਼ੱਕਤ ਵਾਲਾ ਕੰਮ ਹੈ। ਸਾਡਾ ਫਰਜ ਹੈ ਕਿ ਅਸੀ ਆਪਣੇ ਸੰਗੀਤ ਦੇ ਖਾਲਸ ਰੂਪ ਨੂੰ ਨਰੋਈ ਅਵਸਥਾ ਵਿੱਚ ਅਗਲੀ ਪੀੜ੍ਹੀ ਦੇ ਸਪੁਰਦ ਕਰੀਏ ਜਿਸ ਤਰ੍ਹਾਂ ਅਸੀ ਆਪਣੇ ਬਜੁਰਗਾਂ ਤੋਂ ਪ੍ਰਾਪਤ ਕੀਤਾ ਸੀ। ਜੇਕਰ ਅਸੀ ਪੰਜਾਬੀ ਸੰਗੀਤ ਵਿੱਚ ਪ੍ਰਚਲਿਤ ਘਟੀਆ ਪਰਵਿਰਤੀਆਂ ਨੂੰ ਇਸ ਤੋਂ ਵੱਖ ਨਾ ਕੀਤਾ ਤਾਂ ਆਉਣ ਵਾਲੀ ਪੀੜ੍ਹੀ ਅਗੇ ਪ੍ਰਚਲਿਤ ਪੰਜਾਬੀ ਸੰਗੀਤ ਲਈ ਸਾਨੂੰ ਸ਼ਰਮਸਾਰ ਹੋਣਾ ਪਵੇਗਾ। ਪਿਛਲੇ ਸਮੇਂ ਵਿੱਚ ਪੰਜਾਬੀ ਸੱਭਿਆਚਾਰ ਦਾ ਘਾਣ ਕਰ ਰਹੇ ਕੁਝ ਪੰਜਾਬੀ ਗਾਇਕਾਂ ਦੀ ਵਿਰੋਧਤਾ ਵਿੱਚ ਪੰਜਾਬ ਦੀਆ ਕੁਝ ਔਰਤਾਂ ਨੇ ਆਵਾਜ਼ ਉਠਾਈ ਜਿਸ ਨਾਲ ਇਸ ਦੁਸ਼-ਪ੍ਰਚਾਰ ਨੂੰ ਠੱਲ ਪੈਣ ਦੀ ਉਮੀਦ ਹੈ।

-9915105008

## ਸਰੋਜ ਦੀਆਂ ਕਵਿਤਾਵਾਂ

### ਸਮਾਂਨਤਰ

ਮੇਰੀ ਮੁਹੱਬਤ ਅਜੀਬ ਹੈ
ਬੰਦ ਪਲਕਾਂ
ਖ਼ਾਮੋਸ਼ ਪਲਾਂ ਵਿਚ
ਤੂੰ ਮੇਰੇ ਕਰੀਬ ਹੈ
ਹਰ ਆਹਟ ਵਿੱਚ
ਅਹਿਸਾਸ ਤੇਰੇ
ਪਰਤ ਆਉਣ ਦਾ
ਭੁਲੇਖਾ ਜਿਹਾ ਹੈ
ਜਾਂ ਭਰਮ
ਰੱਖਣਾ ਚਾਹੁੰਦੀ ਹਾਂ
ਤੱਕਦੀ ਹਾਂ ਮੁੜ ਮੁੜ
ਕਿ ਮੇਰੇ ਕਦਮਾਂ ਦੀ
ਪੈੜ ਮਗਰ
ਆਣ ਮਿਲਣ ਤੇਰੇ ਕਦਮ
ਸਮਾਂਨਤਰ...
ਜੋ ਮੇਰੀ ਹੋਂਦ ,ਅਸਤਿਤਵ ਨੂੰ
ਕਰ ਦੇਣ ਸੰਪੂਰਨ
ਮੇਰੀ ਜ਼ਿੰਦਗੀ ਦੀ ਪੂਰਨਤਾ
ਸਮਾਂਨਤਰ ਚੱਲਣ ਵਿੱਚ ਹੈ
ਟਿਕ ਟਿਕ ਕਰਦੀ ਘੜੀ
ਦੀਆਂ ਸੂਈਆਂ ਚਲਦੀਆਂ ਨੇ
ਤੇ ਮੇਰੀ ਸੋਚ ਮੇਰੇ ਸਵਾਲ
ਨਿਰੇ ਸਵਾਲ ਹੀ ਨੇ
ਉੱਤਰ ਨਹੀਂ....।

### ਜ਼ਿੰਦਗੀ

ਜਦ ਵੀ ਚਾਹਿਆ
ਤੇਰਾ ਸੰਗ
ਦੂਰ ਘਣਾ ਜੰਗਲ



ਉਬੜ ਖਾਬੜ ਰਸਤੇ
ਤੰਗ ਦਾਇਰੇ
ਗੁਆਚ ਹੀ ਜਾਂਦੀ ਹਾਂ
ਜੰਗਲੀ ਲੋਕਾਂ ਦੀ ਸੋਚ
ਤੇ ਨਜ਼ਰ ਬਹੁਤ ਕਮਜ਼ੋਰ ਹੈ
ਤੁਰਦੀ ਹਾਂ ਅੱਧਵਾਟੇ ਹੀ
ਲੜਖੜਾਂਉਦੀ, ਡਿਗਮਗਾਂਉਂਦੀ
ਕਦੇ ਵੀ ਸਫ਼ਰ ਪੂਰਾ ਨਾ ਕਰਦੀ
ਧੁੰਦਲੇ ਜਿਹੇ ਅਕਸ
ਚੀਰ ਖਾ ਜਾਣ ਵਾਲੀਆਂ
ਆਵਾਜ਼ਾਂ ਦੇ ਸੰਘਣੇ
ਜੰਗਲ ਵਿਚ ਮੈਂ
ਜੀਣ ਦਾ ਸੁਪਨਾ ਲੈ
ਘਰ ਪਰਤ ਆਉਂਦੀ ਹਾਂ।

### ਚੱਕਰਵਿਊ

ਹਵਾ ਵਿਚ ਸਾਜਿਸ਼ ਹੈ
ਘਰਾਂ ਵਿਚ ਗੁਫ਼ਤਗੂ
ਚਿਹਰਿਆਂ 'ਤੇ ਚਿੰਤਾ
ਕੌਣ ਹੈ ਜੋ ਕਰਵਟ
ਬਦਲ ਰਿਹਾ...?
ਕੌਣ ਹੈ ਜੋ
ਭੁੱਖੇ ਢਿੱਡਾਂ ਦੀ ਗਿਣਤੀ
ਕਰਵਾ ਰਿਹੈ.....?
ਕੁਰਸੀ ਕਾਇਮ ਰਹੇ
ਸਲਾਮਤ ਰਹੇ ਕਲਗੀ
ਗਰੀਬ ਨੂੰ ਦਾਲ ਰੋਟੀ
ਸਬਜ਼ੀ ਭਾਜੀ ਦੇ ਚੱਕਰਾਂ
ਵਿੱਚ ਉਲਝਾਈ ਰੱਖ
ਟੋਪੀਆਂ ਸੰਭਾਲਦੇ
ਭੁੱਲ ਹੀ ਗਏ ਹਾਂ
ਅੱਗ ਦੇ ਲਾਬੂੰ ਅੰਦਰ
ਕਦੇ ਆਪਣੇ ਵੀ ਬੋਟ

ਸੜ੍ਹਨਗੇ ਮਰਨਗੇ
ਜ਼ਹਿਰੀਲੀ ਹਵ੍ਹਾ ਤੇ
ਉਲਝੀ ਹੋਈ ਤਾਣੀ
ਏਸ ਚੱਕਰਵਿਊ ਵਿੱਚ
ਸਭ ਅਭਿਮਨਿਊ ਫਸ ਜਾਣਗੇ......।

## ਸ਼ੋਅ ਪੀਸ

ਪੈਰਾਂ ਦੀ ਠੱਪ ਠੱਪ
ਨੱਚਦੀਆਂ ਨੇ ਮੇਲਣਾਂ
ਸਾਥਣਾਂ ਤੇ ਮੇਰੀਆਂ ਅਜ਼ੀਜ
ਖਿੱਚਦੀਆਂ ਨੇ ਮੈਨੂੰ ਵੀ
ਬਾਹਾਂ ਤੋਂ ਫੜ੍ਹ ਫੜ੍ਹ
ਘਸੀਟਦੀਆਂ ਨੇ ਪਿੜ੍ਹ ਅੰਦਰ
ਰਲ ਮਿਲ ਪਾਈਏ ਧਮਾਲਾਂ
ਕੁਝ ਪਲਾਂ ਲਈ ਹੀ ਸਹੀ
ਆ ਆਪਾਂ ਸਾਰੀ ਖੁਸ਼ੀ
ਸਮੇਟ ਲਈਏ ਅੰਦਰ
ਪਰ....
ਮੇਰੇ ਪੈਰਾਂ ਨੂੰ ਤਾਲ ਨਹੀਂ
ਦੇ ਰਿਹਾ ਮੇਰਾ ਅੰਤਰਮਨ
ਮੈਂ ਅੱਧੀ ਆਬਾਦੀ ਹਾਂ
ਕਿੰਨਾਂ ਕੁ ਆਸਮਾਨ
ਮੱਲਿਆਂ ਅਸਾਂ ਅਜੇ
ਤਾਂ ਤਾਰਿਆਂ ਦੀ ਫਰਿਹਿਸਤ
ਅੰਦਰ ਦਰਜ ਹੀ ਨਹੀਂ
ਕਿਧਰੇ ਮੈਂ...
ਸੱਭਿਆ ਅਸੱਭਿਆ
ਇੱਜ਼ਤ ਆਬਰੂ
ਸ਼ਰਮ 'ਤੇ ਲਾਜ
ਦੇ ਝਮੇਲਿਆ ਵਿਚ ਉਲਝਾ ਕੇ
ਕਦੇ ਅਣਖ ਦੀ ਬਲੀ
ਤੇ ਕਦੇ ਦਾਜ ਦੀ
ਕਦੇ ਦੋਸਤੀਆਂ ਦੇ ਭਰਮ



ਅੰਦਰ ਪਲ ਰਹੀ ਹੈਵਾਨੀਅਤ
ਲੁੱਟਦੀ ਰਹੀ ਹਾਂ, ਟੁੱਟਦੀ ਰਹੀ ਹਾਂ
ਬਣ ਕੇ ਸ਼ੋਅ ਪੀਸ....
ਸ਼ੋਅ ਪੀਸ ਸ਼ੋਅ ਪੀਸ
ਦੀਆਂ ਆਵਾਜ਼ਾਂ
ਕੰਨ੍ਹੀ ਪੈਂਦੀਆਂ ਜਦ
ਮੇਰੇ ਪੈਰ ਥਿਰਕਣੋਂ
ਨਾਂਹ ਕਰ ਦਿੰਦੇ ਨੇ......।

## ਗੀਤ

ਕੁਝ ਤਾਂ ਕਿਹਾ ਸੀ ਕੁੜੀਆਂ ਨੇ
ਜੋ ਹੂਕ ਬਣ ਕੇ, ਜੋ ਪੀੜ ਬਣ ਕੇ
ਸੀਨੇ ਦੇ ਵਿੱਚ ਖੁਣੀਆਂ ਨੇ.....।
ਕੂੰਜਾਂ ਨਹੀਂ ਹਾਂ ਅਸੀਂ
ਧੀਆਂ ਧਿਰਾਂ ਵੀ ਹੁੰਦੀਆਂ ਨੇ
ਬਾਬੁਲ ਦੇ ਵਿਹੜੇ 'ਚ ਮਹਿਕਣ
ਟਹਿਕਣ...
ਖੁਸ਼ੀਆਂ ਦੀ ਛਹਿਬਰ ਹੁੰਦੀਆਂ ਨੇ....
ਨਾਰੀ ਦੀ ਸ਼ਕਤੀ ਪ੍ਰੇਮ ਤੇ ਭਗਤੀ
ਆਪਣੇ ਹੱਕ ਲਈ ਆਪਣੇ ਪੱਖ ਲਈ
ਕਦੇ ਦੁਰਗਾ ਤੇ ਚੰਡੀ
ਫਿਰ ਰੂਪ ਅਨੋਖਾ ਹੀ ਹੁੰਦੀਆਂ ਨੇ.....
ਦਿਲ ਵਿੱਚ ਲੱਖਾਂ ਜੋ ਦਰਦ ਛੁਪਾਵਣ
ਆਪਣਾ ਦੁੱਖ ਝੱਟ ਭੁੱਲ ਜਾਵਣ
ਜੱਗ ਸੀਰ ਧੀਆਂ ਵੀ ਹੁੰਦੀਆਂ ਨੇ.....
ਕੁਝ ਤਾਂ ਕਿਹਾ ਸੀ ਕੁੜੀਆਂ ਨੇ
ਜੋ ਹੂਕ ਬਣ ਕੇ ਜੋ ਪੀੜ੍ਹ ਬਣ ਕੇ
ਸੀਨੇ ਦੇ ਵਿੱਚ ਖੁਣੀਆਂ ਨੇ...

**ਕਵਿਤਾਵਾਂ**

## ਅਜਾਇਬ ਸਿੰਘ ਹੁੰਦਲ ਦੀਆਂ ਦੋ ਗ਼ਜ਼ਲਾਂ

ਸੋਚਿਆਂ ਆਉਂਦੀ ਕਦੋਂ ਕਵਿਤਾ ਹੈ ਯਾਰੋ।
ਵੈਣ ਪਾਉਣੇ ਕਦ ਕੋਈ ਸਿੱਖਦਾ ਹੈ ਯਾਰੋ।

ਜੀ ਰਿਹਾ ਹੋਵੇ ਜੋ ਬਾਬੇ ਦੀ ਤਰ੍ਹਾਂ ਉਹ,
ਪਾਲਣਾ ਮੁਸ਼ਕਿਲ ਬੜਾ ਬੱਚਾ ਹੈ ਯਾਰੋ।

ਵਾਂਗ ਦੁਲਹਨ ਦੇ ਸਜਾਇਆ ਘਰ ਹੈ ਫਿਰ ਵੀ,
ਖ਼ਾਲੀ ਖ਼ਾਲੀ ਜਾਪਦਾ ਵਿਹੜਾ ਹੈ ਯਾਰੋ।

ਮੋਹ ਨਹੀਂ ਤਾਂ ਹੋਰ ਕੀ ਆਖੋਗੇ ਇਸ ਨੂੰ,
ਫੋਲਦਾ ਜੋਗੀ ਪਿਆ ਮਲਬਾ ਹੈ ਯਾਰੋ।

ਸੋਚ ਹੈ ਉਹ ਹੀ ਪੁਰਾਣੀ ਦੀ ਪੁਰਾਣੀ,
ਕੋਠੀਆਂ ਦਾ ਵੱਧ ਰਿਹਾ ਰਕਬਾ ਹੈ ਯਾਰੋ।

ਉਮਰ ਭਰ ਕੱਤਿਆ ਸੀ ਜੋ ਦਾਦੀ ਤੇ ਮਾਂ ਨੇ,
ਕੱਤ ਰਹੀ ਪਤਨੀ ਵੀ ਉਹ ਚਰਖ਼ਾ ਹੈ ਯਾਰੋ।

ਹੁਣ 'ਅਜਾਇਬ' ਕਿੰਜ ਵਾਰਿਸ ਸ਼ਾਹ ਬਣੇਗਾ,
ਹੀਰ ਕਿਧਰੇ ਨਾ ਕਿਤੇ ਰਾਂਝਾ ਹੈ ਯਾਰੋ।

ਕਿਸ ਤਰ੍ਹਾਂ ਦੀ ਰੁੱਤ ਹੈ ਕੈਸੀ ਹਵਾ ਹੈ।
ਬਣ ਗਿਆ ਹਰ ਆਦਮੀ ਇਕ ਹਾਦਸਾ ਹੈ।

ਲਾ ਲਏ ਚਿਹਰੇ ਨੇ ਆਪਾਂ ਕਿਸ ਤਰ੍ਹਾਂ ਦੇ,
ਟੁੱਟ ਗਿਆ ਅਪਣੇ ਹੀ ਨਾਲੋਂ ਰਾਬਤਾ ਹੈ।

ਆਖਿਆ ਹੈ ਠੀਕ ਹੀ ਯਾਰੋ ਕਿਸੇ ਨੇ,
ਫ਼ੈਸਲਾ ਨਾ ਕਰਨਾ ਵੀ ਇਕ ਫ਼ੈਸਲਾ ਹੈ।

ਹੋਏ ਗਾ ਅਪਣੀ ਹੀ ਬਸਤੀ ਦਾ ਕੋਈ ਉਹ,
ਦੀਪ ਫਿਰ ਜਿਸ ਨੇ ਹਵਾ ਵਿਚ ਬਾਲਿਆ ਹੈ।

ਹੋ ਗਿਆ ਦੁਸ਼ਮਣ ਹੈ ਸਾਰਾ ਸ਼ਹਿਰ ਉਸਦਾ,
ਪਹਿਨਿਆਂ ਜਿਸ ਵੀ ਕਿਸੇ ਨੇ ਆਇਨਾ ਹੈ।

ਆ ਰਹੀ ਅੱਜ ਫੇਰ ਹੈ ਤੱਤੀ ਹਵਾ ਜੋ,
ਮਰ ਗਿਆ ਲਗਦਾ ਕਿਤੇ ਕੋਈ ਖ਼ੁਦਾ ਹੈ।

ਕਰ ਸਦਾ ਸੱਤਿਕਾਰ ਦੁਸ਼ਮਣ ਦਾ 'ਅਜਾਇਬ',
ਤੇਰੇ ਬਾਰੇ ਸੱਚ ਉਹ ਹੀ ਬੋਲਦਾ ਹੈ।

## ਦਲਵੀਰ ਕੌਰ ਦੀਆਂ ਨਜ਼ਮਾਂ

**ਦਲਿਤ**

ਇਨ੍ਹਾਂ ਦਿਨ੍ਹਾਂ ਚ
ਫੇਰ ਕੁਝ ਬੱਚੇ
ਮੇਰੇ ਪੇਟੋਂ ਜਨਮ ਮੰਗਦੇ ਨੇ।
ਆਪੇ ਲਿਖਣਾ ਚਾਹੁੰਦੇ
ਕਿਸਮਤ ਆਪਣੀ
ਰੰਗ, ਢੰਗ, ਤੇਵਰ
ਸਿਰਜਣ ਨੂੰ ਫਿਰਦੇ
ਰੱਬ!
ਸੁਨੱਖੀ ਸੂਰਤ
ਤਿੱਖੇ ਨੈਣ ਨਕਸ਼ ਵਾਲੀ
ਆਰੀਅਨ ਕੁੜੀ
ਇਨ੍ਹਾਂ ਵੱਲ ਵੇਖ ਨੱਕ ਢੱਕਦੀ ਹੈ!
ਬਿਲਕੁਲ ਮੇਰੀ ਦਾਦੀ ਵਾਂਗ।

ਛੱਟਪਟਾਹਟ ਪੱਸਰਦੀ ਹੈ
"ਤੂੰ ਜੰਮ ਲੈਣ ਦੇ ਫਿਰ ਇੱਕ ਵਾਰ
ਸਦਨੇ ਦੇ ਬੋਲ
ਪੱਟ ਲੈਣ ਦੇ ਰਵੀਦਾਸ ਨੂੰ ਅੱਖ
ਫਰੀਦ ਦਾ ਪਿੰਜਰ
ਕਾਵਾਂ ਨਾਲ ਤਕਰਾਰ ਕਰਦਾ ਹੈ"

ਕਾਵਾਂ ਦੀ ਨੀਅਤ ਤੇ
ਸ਼ੱਕ ਹੋ ਗਿਆ ਹੈ
ਮੈਂ ਆਪਣੀ ਦਾਦੀ ਦੀ ਜਾਤ ਬਾਰੇ
ਜਾਣ ਚੁੱਕੀ ਹਾਂ!!

**ਅਲਫ-ਨਗਨ!**

ਰੱਥ ਰੁਕਿਆ
ਰਥਵਾਨ ਵਾਪਿਸ ਮੁੜਿਆ
ਕੁਝ ਸਵਾਲ ਆਏ ਨੇ!
ਚਿਹਰੇ 'ਤੇ ਪਰਦਾ
ਹੱਥ ਵਿੱਚ ਛੁਰੀ
ਪੁੱਖਤਾ ਬੋਲੀ
ਨੀਅਤ ਅਰਧ ਨਗਨ!!

ਮੈਂ ਇੱਲ ਦੀ ਅੱਖ ਚੁਰਾ ਲਈ ਹੈ
ਗਿਰਝਾਂ ਦੀ ਟੋਲੀ ਨੇ
ਮਾਸ ਪਰੋਸਿਆ
ਹੱਡ-ਮਾਸ ਦੀ ਆਮਦ ਦਾ ਜਸ਼ਨ ਹੋਇਆ।

ਪਰ ਅਲਾਹਣੀਆਂ ਕਿਸ ਨੇ ਪੜ੍ਹੀਆਂ?
ਧਰਮਾਂ ਵਾਲੇ ਪਾਂਸੁਕ ਦੀ ਧਿਰ ਬਣੇ
ਅਦਾਲਤ ਬਰਖਾਸਤ ਹੋਈ
ਉਸਨੇ ਤੱਕੜੀ 'ਚ ਸਿਰ ਧਰ ਦਿੱਤਾ
ਰੱਥ ਫੇਰ ਰੁਕਿਆ ਹੈ
ਇਸ ਬਾਰ
ਸਵਾਲਾਂ ਜਵਾਬ ਨਹੀਂ ਮੰਗੇ!!

**ਗਿਣਤੀ ਮਿਣਤੀ**

ਮੈਂ 80/20 ਸਿਧਾਂਤ ਦੀ
ਰੂਪ ਰੇਖਾ ਤਿਆਰ ਕਰ ਰਹੀ ਹਾਂ
ਬਹੁਤ ਕੁਝ ਝਾੜ ਸੁੱਟ ਦੇਣ ਵਾਲਾ
ਸਾਂਹਵੇਨ ਪਿਆ ਹੈ।
ਸਾਂਭਣ-ਯੋਗ ਨੂੰ
ਬਾਰ ਬਾਰ ਸੋਚ ਰਹੀ ਹਾਂ

.. ਧੁਰ ਅੰਦਰੋਂ
ਇੱਕ ਹਉਕਾ ਉੱਠਿਆ ਹੈ।
ਸ਼ਾਇਦ ਮਨ ਥੱਕ ਚੁੱਕਾ ਹੈ
ਤਨ ਨਿਸਲ ਕਰਨ ਖਾਤਿਰ
ਪਰਛੱਤੀ ਤੋਂ ਤਸਵੀਰਾਂ ਚੁੱਕ
ਪੜ੍ਹਨ ਲੱਗਦੀ ਹਾਂ

ਕੁਝ ਆਵਾਜ਼ਾਂ ਚੁੱਪ ਹੋ ਚੁੱਕੀਆਂ ਨੇ
ਮੈਨੂੰ ਕਿਸਦੀ ਉਡੀਕ ਹੈ!

ਔਸਤਨ ਉਮਰ ਦੇ ਵਰਕੇ
ਉਂਗਲਾਂ ਤੇ ਗਿਣਦੀ ਹਾਂ
ਧਰਤੀ ਦਾ ਚੱਕਰ
ਪੂਰਾ ਹੋਣ ਜਾ ਰਿਹੈ!
ਮੈਂ ਅੱਖਾਂ ਬੰਦ ਕਰ ਲਈਆਂ ਨੇ
ਉਹ ਆਖਦੇ ਨੇ,
"ਅਜੇ ਤਾਂ ਚਿਹਰਾ ਮਾਸੂਮ ਹੈ"
ਮੈਂ ਜਵਾਰਭਾਟਾ ਰੋਕਦੀ ਹਾਂ
ਸਮੁੰਦਰ ਡੁੱਲ ਚੁੱਕਾ ਹੈ
ਮੱਛੀ ਦੀ ਅੱਖ
ਖੁੱਲ੍ਹੀ ਰਹਿ ਗਈ ਹੈ!!

**ਜਿੱਤ**

ਸਿਕੰਦਰ ਜੱਗ ਜਿੱਤਣ ਚੜਿਆ ਸੀ
ਮੈਂ ਤਨ ਜਿੱਤਣਾ ਹੈ
ਅਵਾਮ ਦਾ ਮਨ ਜਿੱਤਣ ਵੱਲ ਇਸ਼ਾਰਾ ਹੈ
ਮੇਰੀ ਇੱਕ ਅੱਖ
ਲੋਕ ਇਸ਼ਾਰੇ ਵੱਲ ਹੈ
ਦੂਜੀ ਮੱਥੇ 'ਚ ਟੱਪਕਦੀ ਨਾੜ 'ਤੇ
ਰਾਖੀ ਲਈ ਦਰਾਂ 'ਚ ਬੰਨਿਆ
ਬੁਲਟੀਰੀਆ ਕੁੱਤਾ
ਅੱਖਾਂ ਮੀਟੀ ਚੁੱਪ ਬੈਠਾ ਹੈ!

**ਸੋਚ!**

ਕੁਝ ਹਿੰਦਸੇ
ਘੱਟਦੇ ਸਨ
ਤੇ ਸਮਾਂ ਬੇ-ਜੋੜ ਸੀ!
ਚਾਰੇ ਦਿਸ਼ਾਵਾਂ ਦੇ ਨਾਮ ਬਦਲ
ਵਰਕਿਆਂ ਤੇ
ਉਸ ਸਮਾਨਾਂਤਰ ਲਕੀਰਾਂ ਵਾਹ ਦਿੱਤੀਆਂ।
ਕੁਝ ਕੁ ਸਮੇਂ ਤੋਂ
ਵਿੱਥ ਘੱਟਦੀ ਵੱਧਦੀ ਹੈ
ਸੱਜੇ ਖਲੋ ਵੇਖਿਆਂ
ਸਵਾਲ ਪੂਰਬ ਦਿਸ਼ਾ ਦਾ ਹੈ
ਖੱਬੇ ਖਲੋਣ ਤੇ
ਉਂਗਲ ਪੱਛਮ ਵੱਲ ਹੈ
ਅੰਦਰ ਮਨੋਵੇਗ ਦਾ ਤਾਪ।
ਸਮਰਪਣ ਕਿਸਨੂੰ ਕਰਨਾ ਹੈ?
ਮੈਂ ਪੁੱਛਦੀ ਹਾਂ
"ਆਤਮ ਸਮਰਪਣ ਕਿਸਨੇ ਕਰਨਾ ਹੈ"
ਲਾਸ਼ ਹਿਲਦੀ ਹੈ
"ਸ਼ਾਇਦ ਅਜੇ
ਅੱਗੇ ਰਸਤਾ ਸਾਫ ਨਹੀਂ"
ਭੀੜ ਭੱਜ ਤੁਰੀ ਹੈ!!

**ਤ੍ਰਿਸ਼ੰਕੂ**

ਜਿਉਣਾਂ ਤੇ ਮਰਨਾਂ
ਦੋਵੇਂ ਆਸਾਨ
ਤ੍ਰਿਸ਼ੰਕੂ ਹਵਾ ਦੇ ਸੀਨੇਂ
ਮਨ ਮਸਲ ਰਿਹੈ!
ਕੋਈ ਹੱਡ ਮਾਸ ਨਿਸਲ ਕਰਨ ਲਈ
ਰੋ ਰਿਹੈ,
ਕੋਈ ਪੂਜਨੀਕ ਆਖ
ਦੇਹੀ ਨੂੰ ਦਸਮ ਦੁਆਰ ਦਾ
ਮੰਦਰ ਗਰਦਾਨ ਦੈ!
ਪੰਜ ਤੱਤ
ਸਭ ਦੇ ਹਿੱਸੇ ਦੀ ਦੌਲਤ
ਜਾਂ ਅਣਸਮਝੀ ਕਾਵਾਂ ਰੌਲੀ

ਜੋ ਦਾਗ ਚੰਨ ਨਾਮੀ ਧਰਤੀ ਦੀਆਂ ਖੱਢਾਂ ਸਨ,
ਓਹੀ ਦਾਗ ਹੁਣ
ਛਿਪਕਲੀ ਦੇ ਮੂੰਹ ਵਿੱਚ ਛਿਪਕਲੀ ਹੈ!

**ਨਾੜੂ!**

ਮਾਂ ਦੀ ਅੱਖ ਸਾਹਵੇਂ
ਜਦ ਬੱਚਾ ਦਰਦ ਹੰਡਾਉਂਦਾ ਹੈ
ਤਾਂ ਕੁਦਰਤ ਸੋਚਦੀ ਹੈ,
"ਜਾਂ ਮਾਂ ਨਾ ਹੁੰਦੀ
ਜਾਂ ਮਨ ਨਾ ਹੁੰਦਾ"

**ਬਾਰ੍ਹਾਂ ਬਾਈ ਬਾਰ੍ਹਾਂ**

ਕਈ ਵੇਰਾਂ
ਤੇਜ਼ ਗਤੀ
ਗੋਲ ਚੱਕਰ ਤੇ ਖਲੋਤੇ
ਨਰ, ਮਾਦਾ ਦੇ ਪੈਰੀਂ
ਉੱਬਲਦੇ ਲਾਵੇ ਦਾ ਸ਼ੋਰ ਸੁਣਨ ਲਈ
ਆਪਣਾ ਸਿਰ ਹਵਾ ਦੇ ਕਿਣਕਿਆਂ 'ਚ ਖਿਲਾਰਦੀ ਹਾਂ
'ਤੇ ਫਿਰ ਹਰ ਇੱਕ ਸਿਰ ਨੂੰ
ਪੋਲੀ ਗੇਂਦ ਵਾਂਗ ਹੱਥਾਂ 'ਚ ਮੱਸਲਦੀ ਹਾਂ।
ਧਰਤੀ ਤੇ ਮਾਰ ਅਕਾਸ਼ ਵੱਲ ਉਛਾਲਣ ਲੱਗਦੀ ਹਾਂ ਤਾਂ,
ਤਾਰਾ ਮੰਡਲ 'ਚ ਗੱਜਦੀਆਂ ਗੱੜਕਦੀਆਂ
ਅਨੇਕਾਂ ਗਰਭਧਾਰੀ ਧਰਤੀਆਂ ਦੀ ਗਿਣਤੀ ਦਾ ਸਵਾਲ
ਇਨ੍ਹਾਂ ਸਿਰਾਂ ਨੂੰ ਵਾਪਸ ਮੇਰੇ ਘਰ ਦੀ
ਬਾਰ੍ਹਾਂ ਬਾਈ ਬਾਰ੍ਹਾਂ ਮਿਣਤੀ ਦੀ ਰਸੋਈ ਵਿੱਚ ਲਿਆ ਸੁੱਟਦਾ ਹੈ
ਅਕਾਰ ਸੁੰਗੜਦਾ ਹੈ
ਕਵਿਤਾ ਦਰਾਂ ਤੋਂ ਬਾਹਰ ਵੱਲ ਭੱਜਦੀ ਹੈ।
ਅਜੇ ਜਿਊਣਾ ਬਾਕੀ ਪਿਆ ਵੇਖ
ਇੱਕ ਵਾਅਦੇ ਸਮੇਤ
ਮੈਂ ਪਾਤਾਲ ਦੀ ਬਾਰੀ ਬੰਦ ਕਰਦੀ ਹਾਂ!!



## ਮੋਹਨ ਤਿਆਗੀ ਦੀਆਂ ਨਜ਼ਮਾਂ

**ਚੇਤਨਾ**

ਇਹ ਧੁੰਦ ਗੁਬਾਰ ਤੇ ਧੂੰਏਂ ਵਿਚ
ਕਿਸਨੇ ਪਹਿਨ ਲਿਆ ਹੈ
ਮੈਨੂੰ
ਇਹ ਸ਼ਬਦ
ਇਹ ਵਾਕ
ਇਹ ਸਤਰਾਂ
ਮੇਰੀਆਂ ਨਹੀਂ
ਕਿਸੇ ਇਸ਼ਤਿਹਾਰ ਦੀ ਭਾਸ਼ਾ ਹੈ

ਚਾਰੇ ਪਾਸੇ ਡੂੰਘਾ ਸੰਨਾਟਾ ਹੈ
ਮੌਤ ਵਰਗੀ ਚੁੱਪ

ਮੈਂ ਤੈਨੂੰ ਸਦੀਆਂ ਤੋਂ ਪੁਕਾਰਦਾ
ਲਹੂ ਲੂਹਾਨ ਹੁੰਦਾ
ਇਕ ਅੰਨ੍ਹਾ ਯੁੱਧ ਲੜ ਰਿਹਾ ਹਾਂ

ਮੈਂ ਤੇਰੇ ਬੋਲਾਂ ਸੰਗ ਕੋਈ
ਸੰਵਾਦ ਰਚਾਉਣਾ ਹੈ
ਮੈਂ ਤੇਰੀ ਮੁਹਾਰਣੀ ਵਿਚ
ਕੁਝ ਨਵਾਂ ਲਿਖਣਾ ਚਾਹੁੰਦਾ ਹਾਂ

ਮੇਰੇ ਆਲੇ ਦੁਆਲੇ ਅਜੇ ਮੰਦਰ
ਮਸਜਿਦਾਂ ਤੇ ਧਰਮ ਦੁਆਰਿਆਂ
ਦਾ ਗਹਿਰਾ ਸ਼ੋਰ ਹੈ ....
ਮੇਰੇ ਆਲੇ-ਦੁਆਲੇ ਅਜੇ ਸੰਸਦੀ ਧੁੰਦ ਦਾ
ਪਹਿਰਾ ਹੈ ....

ਮੈਂ ਤੈਨੂੰ ਸਾਬਮ ਸਾਲਮ ਵੇਖਣਾ ਚਾਹੁੰਦਾ ਹਾਂ
ਤੇਰੀ ਆਵਾਜ ਮੇਰੇ ਤੀਕ
ਕੱਟ ਕੱਟ ਕੇ ਪਹੁੰਚਦੀ ਹੈ
ਮੈਨੂੰ ਸਦੀਆਂ ਤੋਂ ਤੇਰੇ ਟਾਵਰਾਂ
ਦਾ ਇੰਤਜ਼ਾਰ ਹੈ

ਮੇਰੇ ਅੰਦਰ ਡਿਗਦਾ ਲਹੂ
ਮੇਰੀ ਪੀੜ ਦਾ ਗਵਾਹ ਹੈ

ਮੈਂ ਆਪਣੇ
ਸੂਰਜ ਨੂੰ ਤੇਰੇ ਬੋਲਾਂ ਦਾ
ਅਰਘ ਦੇਣਾ ਹੈ
ਮੈਂ ਆਪਣੇ ਇਤਿਹਾਸ ਨੂੰ ਇਕ ਵਾਰ
ਫਿਰ ਤੋਂ ਲਿਖਣਾ ਹੈ

ਮੈਂ ਸਦੀਆਂ ਤੋਂ ਜੰਗਲ ਪਹਾੜਾਂ ਚਟਾਨਾਂ
ਅਤੇ ਖੂਨੀ ਕੰਦਰਾਂ
ਵਿਚ ਭਾਲ ਰਿਹਾ ਹਾਂ ਤੈਨੂੰ।

## ਸ਼ਿਲਾਲੇਖ

ਇਹ ਦੁਨੀਆਂ ਭਰ ਦੇ
ਮਹਿਲ ਮੁਨਾਰੇ
ਕਲਾ-ਮੰਦਰ
ਤੇ ਮਹਾਨ ਦੀਵਾਰਾਂ
ਕਿਸੇ ਹਾਕਮ ਦੀ ਤਲਵਾਰ
ਨਾਲ ਲਿੱਖੀ ਹੋਈ ਚਿੱਤਰ
ਲਿਪੀ ਨਹੀਂ

ਮੇਰੇ ਲਹੂ ਨਾਲ ਰੱਤੇ ਹੋਏ ਸਦੀਵੀ
ਸ਼ਿਲਾਲੇਖ ਨੇ
ਜਿਨ੍ਹਾਂ ਵਿਚ ਮੇਰਾ ਸੂਰਜ ਟੁਕੜੇ
ਟੁਕੜੇ ਹੋਕੇ ਬਿਖਰਿਆ ਪਿਆ ਹੈ
ਇਹ ਇਤਿਹਾਸ ਦੇ ਮੱਥੇ ਤੇ
ਲਿਖੀ ਹੋਈ ਕੋਈ ਧੁਖਦੀ ਹੋਈ ਪੇਸ਼ੀਨਗੋਈ ਹੈ

ਮੈਂ ਕੱਲਾ ਕੱਲਾ ਪੱਥਰ
ਗਾਹਿਆ ਹੈ
ਮੈਂ ਅੱਖਰ ਅੱਖਰ ਪੜ੍ਹਿਆ ਹੈ

ਪੁਰਾਲੇਖ ਵਿਭਾਗ ਦੀਆਂ ਵਹੀਆਂ
ਤੇ ਖੰਡਰਾਂ ਦੀ ਭਾਸ਼ਾ ਵਿਚ
ਬੜਾ -ਰਕ ਹੈ

ਮੈਂ ਖੰਡਰਾਂ ਦੀ ਰੂਹ ਵਿਚਲਾ ਸੰਗੀਤ
ਸੁਣ ਸਕਦਾ ਹਾਂ
ਇਨ੍ਹਾਂ ਪੱਥਰਾਂ ਤੇ ਖੁਣੀ
ਹੋਈ ਆਪਣੇ ਪੁਰਖਿਆਂ ਦੀ ਗੁਪਤ
ਲਹੂ ਦੀ ਲਿੱਪੀ ਪੜ੍ਹ
ਸਕਦਾ ਹਾਂ

ਮੈਂ ਪਲ ਭਰ ਲਈ ਇਨ੍ਹਾਂ ਕਲਾ ਸਮਾਰਕਾਂ
ਨੂੰ ਪਰ੍ਹਾਂ ਹਟਾ
ਦਿੰਦਾ ਹਾਂ ....

ਲੱਖਾਂ ਹੀ ਔਰਤਾਂ ਆਦਮੀਆਂ
ਤੇ ਬੱਚਿਆਂ ਦਾ ਝੁਰਮਟ
ਕਿਸੇ ਅਜਬ ਭਾਸ਼ਾ ਵਿਚ
ਅਲਾਪ ਲੈਣ ਲਗਦਾ ਹੈ

ਤੇ ਮੈਂ ਆਪਣੇ ਲਹੂ ਦੇ ਸ਼ਿਲਾਲੇਖਾਂ ਨੂੰ
ਇਕ ਵਾਰ ਫਿਰ
ਉੱਚੀ ਸੁਰ ਵਿਚ ਪੜ੍ਹਨ ਲਗਦਾ ਹਾਂ।

## ਚੈਨਲ

ਮੇਰੇ ਮੱਥੇ ਵਿਚ ਕਈ ਚੈਨਲ ਇਕ ਦੂਜੇ ਨਾਲ
ਉਲਝੇ ਹੋਏ
ਓਪਰੀ ਭਾਸ਼ਾ ਵਿਚ ਬੋਲਦੇ
ਸ਼ੋਰ ਮਚਾਉਂਦੇ
ਵਾਰ ਵਾਰ ਮੇਰੀ ਮੌਤ ਦੀ
ਝੂਠੀ ਖਬਰ
ਫੈਲਾਉਂਦੇ

ਟੀ.ਵੀ ਸਕਰੀਨ ਤੇ 'ਬਰੇਕਿੰਗ ਨਿਊਜ਼'
ਵਿਚ ਢਾਲ ਕੇ
ਨਗਰ ਵਾਸੀਆਂ ਦੇ ਨਾਂ
ਨਸ਼ਰ ਕਰਦੇ

ਨਗਰ ਵਾਸੀਆਂ ਦੀ ਚੁੱਪ ਮੇਰੀ ਮੌਤ ਦੇ ਰਾਜ ਨੂੰ
ਹੋਰ ਡੂੰਘਾ ਕਰਦੀ
ਮੇਰੀ ਜਲਵਤਨੀ ਨੂੰ ਵਡਿਆਉਂਦੀ ਹੈ

ਇਕ ਹੋਰ ਚੈਨਲ ਦੀ
ਵਕਤਾ ਕੁੜੀ
ਇਹੀ ਖਬਰ ਵਾਰ ਵਾਰ
ਪੜ੍ਹਦੀ ਹੈ



ਮੈਂ ਆਪਣੀ ਨੀਂਦ ਚੋਂ ਤ੍ਰਭਕ ਕੇ
ਜਾਗਦਾ ਹਾਂ
ਸ਼ਹਿਰ ਵਿਚ ਕੋਈ ਵੀ ਜਲਸਾ ਜਲੂਸ
ਅਗਜ਼ਨੀ
ਜਾਂ ਧੂੰਆਂ ਨਹੀਂ

ਸਾਰਾ ਟਰੈ-ਕ ਠੀਕ ਠੀਕ
ਚਲ ਰਿਹਾ ਹੈ

ਤੇ ਵਕਤਾ ਕੁੜੀ ਮੇਰੀ ਮੌਤ ਦੀ 'ਬਰੇਕਿੰਗ ਨਿਊਜ਼'
ਪੜ੍ਹ ਰਹੀ ਹੈ

## ਹਨੇਰੇ ਦੇ ਸਾਏ

ਯੁਗਾਂ ਯੁਗਾਤਰਾਂ ਤੋਂ ਹਨੇਰੇ ਦੇ ਸਾਏ
ਮੈਨੂੰ ਡਰਾਉਂਦੇ
ਧਮਕਾਉਂਦੇ
ਮੇਰੀ ਹੋਂਦ ਨੂੰ ਨਿਗਲਣ ਦੇ ਆਹਰ
ਵਿਚ ਲੱਗੇ ਹੋਏ ਹਨ

ਮੈਂ ਜਿੱਧਰ ਵੀ ਜਾਂਦਾ ਹਾਂ
ਹਨੇਰਾ
ਪੈੜ ਪੈੜ ਕਦਮ ਕਦਮ
ਮੇਰਾ ਪਿੱਛਾ ਕਰਦਾ ਹੈ

ਅੰਧਕਾਰ ਦਾ ਮੰਚ ਸਜਦਾ ਹੈ :
ਹਨੇਰਾ ਮੈਨੂੰ ਸੈਰੀਮੋਨੀਅਲ ਡਰੈਸ ਵਿਚ
ਮੰਚ ਤੇ ਖਲੋ ਕੇ
ਸਭ ਤੋਂ ਵੱਡੀ ਡਿੱਗਰੀ
ਪ੍ਰਦਾਨ ਕਰਦਾ ਹੈ

ਹਨੇਰਾ ਖੇਡ ਦੇ ਮੈਦਾਨ ਵਿਚ
'ਕੁਮੈਂਟਰੀ ਦੀ ਭਾਸ਼ਾ' ਵਿਚ
ਵਾਰ ਵਾਰ ਮੇਰੀ
ਜਿੱਤ ਦਾ ਐਲਾਨ ਕਰਦਾ ਹੈ

ਹਨੇਰਾ ਮੇਰੇ ਤੇ
ਰੰਗ ਬਰੰਗੇ ਰਤਨ ਪਦਕਾਂ ਦੀ
ਬੁਛਾੜ ਕਰਦਾ ਹੈ

ਮੈਂ ਰਾਸ਼ਟਰੀ ਗੀਤ ਦੀ ਧੁਨ ਵਿਚ
ਆਪਣੇ ਆਤਮ ਸਨਮਾਨ ਲਈ
ਝੁਕਣ ਲਗਦਾ ਹਾਂ ਕਿ ਪਰਦੇ ਪਿੱਛੋਂ ਕੋਈ
ਮੇਰੀ ਨਸਲਕੁਸ਼ੀ ਦਾ
ਫ਼ਰਮਾਨ ਪੜ੍ਹਨ ਲਗਦਾ ਹੈ ....

ਇਸ ਤਰ੍ਹਾਂ ਹਨੇਰੇ ਦਾ ਸਾਏ ਮੈਨੂੰ
ਡਰਾਉਂਦੇ ਧਮਕਾਉਂਦੇ
ਮੇਰੀ ਹੋਂਦ ਨੂੰ ਨਿਗਲਣ ਦੇ ਆਹਰ ਵਿਚ ਲੱਗੇ
ਹੋਏ ਹਨ।

## ਨਰਿੰਦਰ ਪਾਲ ਸਿੰਘ ਕੰਗ ਦੀਆਂ ਚਾਰ ਗ਼ਜ਼ਲਾਂ

1.

ਕੱਟ ਰਿਹਾ ਹੈ ਵਕਤ ਭਾਵੇਂ, ਕੋਈ ਵੀ ਮੁਸ਼ਕਲ ਨਹੀਂ,
ਫੇਰ ਵੀ ਇਹ ਜ਼ਿੰਦਗੀ ਕਿਉਂ ਜੀਣ ਦੇ ਕਾਬਲ ਨਹੀਂ।

ਕੁਝ ਪਤਾ ਨਈਂ ਮਾਰਿਆ ਹੈ ਖੁਦ ਨੂੰ ਕਿੰਨੀ ਵਾਰ ਮੈਂ,
ਕਿਸ ਤਰ੍ਹਾਂ ਆਖਾਂ ਕੇ ਆਪਣੇ ਆਪ ਦਾ ਕਾਤਲ ਨਹੀਂ।

ਸੱਚ ਬੋਲਣ ਦੀ ਸਜ਼ਾ ਹਰ ਕਦਮ ਤੇ ਮਿਲਦੀ ਰਹੀ,
ਇਕ ਨੰਬਰ ਹੋ ਕੇ ਵੀ ਆਇਆ ਕਦੀ ਅੱਵਲ ਨਹੀਂ।

ਜ਼ਿੰਦਗੀ ’ਚ ਜੋ ਵੀ ਮਿਲਿਆ ਪਛੜ ਕੇ ਮਿਲਿਆ ਸਦਾ,
ਜ਼ਿੰਦਗੀ ਵਿੱਚ ਕੁਝ ਵੀ ਹੋਇਆ ਵਕਤ ਸਿਰ ਹਾਸਿਲ ਨਹੀਂ।

ਕੰਗ ਜਿੱਥੇ ਕਤਲ ਹੁੰਦਾ ਮੇਰੀਆਂ ਸੱਧਰਾਂ ਦਾ ਰੋਜ਼,
ਕਿਸ ਤਰ੍ਹਾਂ ਮੈਂ ਕਹਿ ਦਿਆਂ ਕਿ ਘਰ ਹੈ ਇਹ ਮਕਤਲ ਨਹੀਂ।

2.

ਕੋਲ ਹੋ ਕੇ ਵੀ ਸਦਾ ਉਹ ਦੂਰ ਹੀ ਲੱਗਦਾ ਰਿਹਾ,
ਆਪਣਾ ਹੋ ਕੇ ਵੀ ਉਹ ਤਾਂ ਅਜਨਬੀ ਲੱਗਦਾ ਰਿਹਾ।

ਸ਼ਖ਼ਸ ਜਿਹੜਾ ਹੁਣ ਤੁਹਾਨੂੰ ਲੱਗ ਰਿਹਾ ਹੈ ਫਾਲਤੂ,
ਇਕ ਸਮਾਂ ਸੀ ਸਭਨੂੰ ਸੀ ਉਹ ਕੀਮਤੀ ਲੱਗਦਾ ਰਿਹਾ।

ਇਹ ਤੁਹਾਡੀ ਗਲਤ ਫ਼ਹਿਮੀ ਦੇ ਸਿਵਾ ਕੁਝ ਵੀ ਨਹੀਂ।
ਸਾਡਾ ਚੁੱਪ ਰਹਿਣਾ ਤੁਹਾਨੂੰ ਬੁਜ਼ਦਲੀ ਲੱਗਦਾ ਰਿਹਾ।

ਹੁਣ ਤਾਂ ਚਾਨਣ ਵਿੱਚ ਵੀ ਸਾਨੂੰ ਕੁਝ ਨਜ਼ਰ ਆਉਂਦਾ ਨਹੀਂ,
ਵਕਤ ਸੀ ਜਦ ਨ੍ਹੇਰ ਵੀ ਸੀ ਰੌਸ਼ਨੀ ਲੱਗਦਾ ਰਿਹਾ।

ਹੁਣ ਤਾਂ ਉਸ ਨਾਲ ਉਸਦੇ ਹੋ ਗਿਆ ਜੀਣਾ ਮੁਹਾਲ,
ਜੋ ਕਦੀ ਨਿੰਦੀ ਨੂੰ ਆਪਣੀ ਜਾਨ ਸੀ ਲੱਗਦਾ ਰਿਹਾ।



3.

ਜੀਅ ਰਿਹਾ ਹੈ ਜ਼ਿੰਦਗੀ ਨੂੰ ਟੁਕੜਿਆਂ ਵਿੱਚ ਆਦਮੀ,
ਕੈਦ ਹੋ ਕੇ ਰਹਿ ਗਿਆ ਹੈ ਰਿਸ਼ਤਿਆਂ ਵਿੱਚ ਆਦਮੀ।

ਆਪਣੇ ਅੰਦਰ ਕਦੇ ਵੀ ਲੱਭਿਆ ਨਈਂ ਇਸ ਕਦੇ,
ਲੱਭਦਾ ਫਿਰਦਾ ਹੈ ਰੱਬ ਨੂੰ ਪੱਥਰਾਂ ਵਿੱਚ ਆਦਮੀ।

ਆਪਣੀ ਹਰ ਖਾਹਿਸ਼ ਨੂੰ ਬੱਚਿਆਂ ਦੇ ਮੋਢੇ ਰੱਖ ਕੇ,
ਜੀਅ ਰਿਹਾ ਹੈ ਜ਼ਿੰਦਗੀ ਨੂੰ ਸੁਪਨਿਆਂ ਵਿੱਚ ਆਦਮੀ।

ਤੁਰ ਪੈਂਦਾ ਹੈ ਰੋਜ਼ ਤੜਕੇ ਰੱਬ ਨੂੰ ਭਰਮਾਉਣ ਲਈ,
ਗੁਰਦੁਆਰੇ, ਮੰਦਿਰਾਂ ਤੇ ਮਸਜਿਦਾਂ ਵਿੱਚ ਆਦਮੀ।

ਪੈਰ ਬਾਹਰ ਚਾਦਰੋਂ ਜਦ ਤੋਂ ਪਸਾਰਣ ਲੱਗਿਆ,
ਉਸੇ ਦਿਨ ਦਾ ਫਸ ਗਿਆ ਹੈ ਮੁਸ਼ਕਲਾਂ ਵਿੱਚ ਆਦਮੀ।

4.

ਹਰ ਹਾਦਸੇ ਦੇ ਮਗਰੋਂ ਮੈਂ ਮੁਸਕਰਾ ਲਿਆ ਹੈ,
ਜਿੱਦਾਂ ਵੀ ਵਕਤ ਲੰਘਿਆਂ ਉਦਾਂ ਲੰਘਾ ਲਿਆ ਹੈ।

ਬਣਿਆਂ ਨਾ ਸ਼ਹਿਰ ਦੇ ਵਿੱਚ ਪੱਕਾ ਮਕਾਨ ਮੈਥੋਂ,
ਜਿਹੜਾ ਸੀ ਪਿੰਡ ’ਚ ਕੱਚਾ ਉਹ ਵੀ ਗਵਾ ਲਿਆ ਹੈ।

ਸ਼ਾਇਦ ਇਹ ਖ਼੍ਵਾਬ ਮੇਰਾ ਕਦੇ ਬਣ ਜਾਏ ਹਕੀਕਤ,
ਇਸ ਵਾਸਤੇ ਮੈਂ ਘਰ ਦਾ ਨਕਸ਼ਾ ਬਣਾ ਲਿਆ ਹੈ।

ਰੱਖਣ ਦੀ ਕਾਰ ਮੇਰੀ ਉਂਝ ਹੈਸੀਅਤ ਨਹੀਂ ਹੈ,
ਬੱਚਿਆਂ ਲਈ ਮੈਂ ਸਿਰ ’ਤੇ ਕਰਜ਼ਾ ਚੜ੍ਹਾ ਲਿਆ ਹੈ।

ਪਤਨੀ ਦੇ ਸਬਰ ਦੀ ਵੀ ਬਣਦੀ ਹੈ ਦਾਦ ਦੇਣੀ,
ਮੇਰੇ ਜਿਹਾ ਹੀ ਉਸਨੇ ਖੁਦ ਨੂੰ ਬਣਾ ਲਿਆ ਹੈ।

## ਕਿਤਾਬਾਂ/ ਸਰਬਜੀਤ ਕੌਰ ਜੱਸ

ਕਿਤਾਬਾਂ
ਬਹਿਸ਼ਤ ਦਾ ਦਰ
ਰੌਸ਼ਨੀ ਦੀਆਂ ਖਿੜਕੀਆਂ
ਝਰ-ਝਰ ਪੈਂਦੀਆਂ ਨੇ
ਖੁੱਲ੍ਹੀਆਂ ਬਾਰੀਆਂ 'ਚੋਂ
ਜ਼ਿੰਦਗੀ ਦੀਆਂ ਰਿਸ਼ਮਾਂ
ਸ਼ਿਆਹ ਹਨ੍ਹੇਰਿਆਂ ਦਾ
ਚਾਨਣ ਨਾਲ ਮੁੱਖ ਧੋਂਦੀਆਂ
ਕਿੰਨ੍ਹਾਂ ਹੀ ਕੁਝ ਅਣਸੁਲਝਿਆ
ਰਹੱਸਮਈ ਜਿਹਾ
ਖੋਲ੍ਹ-ਖੋਲ੍ਹ ਰੱਖ ਦਿੰਦੀਆਂ
ਨਜ਼ਰਾਂ ਸਾਹਵੇਂ

ਕਿਤਾਬਾਂ
ਖੁੱਲ੍ਹੀਆਂ ਹੋਈਆਂ ਖਿੜਕੀਆਂ
ਇਹਨਾਂ 'ਚੋਂ ਆਪਣਾ ਅਸਲ ਦਿੱਸਦਾ
ਕੁੱਲ ਖਲਕਤ ਦੇ ਦੀਦਾਰ ਹੁੰਦੇ
ਸਥੂਲ ਨੂੰ ਸੂਖਮ ਕਰ ਦਿੰਦੇ
ਨਜ਼ਰ ਨੂੰ ਮਹੀਨ ਕਰ ਦਿੰਦੇ
ਇਹਨਾਂ ਖਿੜਕੀਆਂ ਦੇ ਸ਼ੀਸ਼ੇ
ਤੇ ਅਰਜਨ ਦੇ ਤੀਰ ਵਾਂਗ
ਖੁਭ ਜਾਂਦੀਆਂ ਨਿਗਾਹਾਂ
ਮਨੋਰਥ ਦੀ ਅੱਖ ਵਿੱਚ

ਕਿਤਾਬਾਂ
ਜ਼ਿੰਦਗੀ ਦੀ ਅਸਲ ਤਸਵੀਰ
ਗੁੰਨਿਆ ਹੋਇਆ ਸੱਚ
ਵਲਵਲਿਆਂ ਦਾ
ਜਜ਼ਬਿਆਂ ਦਾ ਹੜ੍ਹ ਸਾਂਭੀ ਬੈਠੀਆਂ ਨੇ
ਇਹ ਨਦੀਆਂ ਜਿਹੀਆਂ ਕਿਤਾਬਾਂ
ਤਰਕ ਦਾ
ਦਲੀਲ ਦਾ ਨਿਚੋੜ ਹੁੰਦੀਆਂ ਨੇ
ਬਹਿਸ਼ਤ ਦਾ ਦਰ ਕਿਤਾਬਾਂ
ਕਿਤਾਬਾਂ
ਜਿਉਂਦੇ-ਜੀਅ ਮੁਕਤੀ ਦਾ ਰਾਹ ਦਿਖਾਉਂਦੀਆਂ
ਆਹ ਦੇਖੋ
ਅਹੁ ਦੇਖੋ
ਇੱਥੇ ਨਾ ਦੇਖੋ
ਉਥੇ ਨਾ ਦੇਖੋ
ਦਾਦੇ ਪੜਦਾਦੇ ਵਾਂਗ
ਬੁੱਕਲ 'ਚ ਬਿਠਾ ਸਮਝਾਉਂਦੀਆਂ
ਕਿਤਾਬਾਂ ਖੋਲ੍ਹੀਏ
ਤਾਂ ਸਲ੍ਹਾਬਿਆ ਹੋਇਆ ਮਨ-ਮੰਦਰ ਮਹਿਕ ਉਠਦਾ
ਮੋਈਆਂ ਸੋਚਾਂ
ਬੇਹੇ ਖਿਆਲਾਂ ਦੀ ਸੜਾਂਦ ਖਿੜ ਉੱਠਦੀ
ਕਾਇਆ ਰੂਹ ਹੋ ਜਾਂਦੀ
ਕਿਤਾਬਾਂ ਦੀ ਬਹਿਸ਼ਤ ਮਾਂ ਬਣਦੀ
ਰੌਸ਼ਨੀ ਦੇ ਪੰਨੇ ਗੋਦ ਬਣਦੇ
ਕਿਤਾਬਾਂ ਦੀ ਬੁੱਕਲ 'ਚ ਬੈਠਿਆਂ
ਡਰ
ਖੌਫ਼
ਸਹਿਮ
ਰਫੂ ਚੱਕਰ ਹੋ ਜਾਂਦੇ

ਕਿਤਾਬਾਂ
ਕੁਦਰਤ ਦਾ ਰਹੱਸ
ਪਰਤ-ਦਰ-ਪਰਤ ਖੋਲ੍ਹਦੀਆਂ
ਅੱਖਰਾਂ ਦੇ ਕੌਡੀ-ਕਟਹਿਣੇ ਜਗਦੇ
ਰਹੱਸ ਪਾਰਦਰਸ਼ੀ ਹੋ ਜਾਂਦਾ
ਕੁਦਰਤ ਸਾਕਾਰ ਹੋ ਜਾਂਦੀ
ਮਨ ਮੰਦਰ ਦੇ ਹਨ੍ਹੇਰੇ 'ਚ
ਸੂਰਜ ਜਗ ਉੱਠਦਾ
ਚੰਦ ਤਲੀ 'ਤੇ ਬੈਠ ਜਾਂਦਾ
ਤਾਰੇ ਘੁੰਗਰੂ ਬਣ
ਪੈਰਾਂ 'ਚ ਸਜ ਜਾਂਦੇ
ਕਾਇਆ ਤੋਂ ਰੂਹ ਤੱਕ
ਸੰਗੀਤ ਬਣ ਜਾਂਦਾ ਬੰਦਾ
ਰੂਹਾਨੀ ਨਾਦ ਹੋ ਜਾਂਦਾ ਬੰਦਾ

ਕਿਤਾਬਾਂ
ਬਹਿਸ਼ਤ ਦਾ ਦਰ
ਰੌਸ਼ਨੀ ਦੀਆਂ ਖਿੜਕੀਆਂ



## ਕੁਝ ਨਜ਼ਮਾਂ/ਗੁਰਦੀਪ ਗਿੱਲ

ਕੁਝ ਨਜ਼ਮਾਂ
ਮੇਰੀ ਅੱਖੋਂ ਵਰ੍ਹੀਆਂ
ਕੁਝ ਨਜ਼ਮਾਂ
ਮੇਰੇ ਸੀਨੇ ਸੁਲਘਣ
ਕੁਝ ਨਜ਼ਮਾਂ
ਮੈਂ ਅਗਨ ਜਲਾਈਆਂ
ਕੁਝ ਨਜ਼ਮਾਂ
ਮਨ ਖਰਚਦੀਆਂ ਨੇ
ਕੁਝ ਨਜ਼ਮਾਂ
ਵਿੱਚ ਰੂਹ ਦੀਆਂ ਗੱਲਾਂ
ਕੁਝ ਨਜ਼ਮਾਂ
ਫ਼ਕੀਰ ਬਨਾਵਣ
ਕੁਝ ਨਜ਼ਮਾਂ
ਉਦਾਸ ਕਰਦੀਆਂ
ਕੁਝ ਨਜ਼ਮਾਂ
ਵਿਸ਼ਵਾਸ ਭਰਦੀਆਂ
ਕੁਝ ਨਜ਼ਮਾਂ
ਮਨ ਸ਼ਾਂਤ ਕਰਦੀਆਂ

## ਗ਼ਜ਼ਲ/ਜਗਦੀਪ ਸਿੱਧੂ

ਮੇਰਾ ਜਿਸਮ ਜਦੋਂ ਤਕ ਮਾਸ 'ਚ ਕਸਿਆ ਸੀ।
ਓਦੋਂ ਤੂੰ ਵੀ ਮੈਨੂੰ ਬਾਹੀਂ ਕਸਦਾ ਸੀ।

ਹੁਣ ਤਾਂ ਮੇਰੀ ਦੁਨੀਆਂ ਸਾਰੀ ਸਿਮਟ ਗਈ,
ਕਦੀ ਤੂੰ ਮੇਰੀ ਬਾਹੀਂ ਆਣ ਸਿਮਟਿਆ ਸੀ।

ਇਹਨ੍ਹਾਂ ਕਿਲ੍ਹਿਆਂ ਵਿਚ ਕੈਂਸਰ ਯੁੱਧ ਲੜਦਿਆਂ
ਲੋਕਾਂ ਦਾ ਇਕ ਇਕ ਕਿੱਲਾ ਵਿਕ ਚੁੱਕਿਆ ਸੀ।

ਤੇਰੇ ਛਲ ਨੇ ਮੈਨੂੰ ਗੋਲ ਘੁੰਮਾਇਆ ਏ
ਪਿਆਰ 'ਚ ਮੈਨੂੰ ਇਹੀ ਛੱਲਾ ਮਿਲਿਆ ਸੀ।

ਐ ਸਿੱਧੂ ਸਾਹ ਔਖਾ ਮੈਨੂੰ ਹੁਣ ਆਇਆ
ਚਿਰ ਹੋਇਆ ਤੂੰ ਮੈਨੂੰ ਬਾਹੀਂ ਘੁੱਟਿਆ ਸੀ।

## ਦੋ ਗ਼ਜ਼ਲਾਂ/ਜਗਦੀਪ ਸਿੱਧੂ

ਤੈਨੂੰ ਲੱਗੇ ਖੁਸ਼ ਹੋਵਾਂ, ਗਿੱਧਾ ਪਾਵਾਂ
ਮੈਂ ਤਾਂ ਥਪ ਥਪ ਥਾਪਾਂ ਦੇ ਦਰਦ ਸੁਲਾਵਾਂ।

ਧੁੱਪਾਂ ਦੇ ਵਿਚ ਚਮੜੀ ਕਾਲੀ ਹੋਈ ਏ
ਇਹ ਧੁੱਪਾਂ ਹੀ ਸਾਡੇ ਲਈ ਤਾਂ ਹਨ ਛਾਂਵਾਂ।

ਸਿਰ ਤੇ ਕੋਈ ਇਕ ਔਖ ਸਦਾ ਹੀ ਘੁੰਮੇ
ਯਾਰ ਮੇਰੇ ਹੁਣ ਤਾਂ ਏਹੀ ਲੈਣ ਬਲਾਵਾਂ।

ਛਾਂ ਵੀ ਕੱਲੀ ਬੱਦਲ ਦੀ ਰਹਿ ਗਈ ਏ
ਤੇ ਅਪਣੇ ਜੀਵਨ ਵਿਚ ਨੇ ਸਾਗਰ-ਰਾਹਵਾਂ।

ਕਿੰਨਾ ਪਿਆਰ ਖਤਾਂ ਵਿਚ ਤੇਰੇ ਹੁੰਦਾ ਸੀ,
ਪਰ ਸਿੱਧੂ ਹੁਣ ਮੈਨੂੰ ਲੱਗਣ ਇਹ ਖਤਾਵਾਂ।

ਬੱਦਲ ਜਦ ਮੇਰੇ ਤੇ ਸਾਇਆ ਕਰਦਾ ਹੈ।
ਹੋਰ ਵੀ ਮੈਨੂੰ ਇਹ ਤਿਰਹਾਇਆ ਕਰਦਾ ਹੈ।

ਸੱਚੀ ਪਿਆਰ 'ਚ ਪੈਰ ਜ਼ਮੀਨ ਤੇ ਲੱਗਦੇ ਨਈਂ,
ਹੁਣ ਮੈਨੂੰ ਸੂਲੀ ਲਟਕਾਇਆ ਕਰਦਾ ਹੈ।

ਉਹ ਖੁਦ ਵੀ ਕੁਝ ਮਨਫ਼ੀ ਹੁੰਦਾ ਹੋਣਾ ਏ,
ਮੈਨੂੰ ਖੁਦ 'ਚੋਂ ਰੋਜ਼ ਘਟਾਇਆ ਕਰਦਾ ਹੈ।

ਬੰਦੇ ਨੂੰ ਹਾਲਾਤ ਵੀ ਛਲਦੇ ਰਹਿੰਦੇ ਨੇ,
ਬੰਦਾ ਵੀ ਕੁਝ ਖੁਦ ਨੂੰ ਜਾਇਆ ਕਰਦਾ ਹੈ।

ਉੱਡਣ ਦੀ ਇਹ ਤਾਂਗ ਬਚਾ-ਕੇ ਰੱਖੀਂ ਤੂੰ,
ਜੱਗ ਪੈਰੋਂ ਧਰਤੀ ਖਿਸਕਾਇਆ ਕਰਦਾ ਹੈ।



## ਔਰਤ ਦੇ ਸਾਹਸ, ਸ਼ਕਤੀ, ਸਮਰਥਾ ਅਤੇ ਸੰਘਰਸ਼ ਦਾ ਪ੍ਰਤੀਕ : ਮੁੰਦਰੀ ਡੌਟ ਕੌਮ
ਡਾ.ਬੀਰਬਲ ਸਿੰਘ

ਸਮਕਾਲੀ ਪੰਜਾਬੀ ਨਾਵਲ ਦੇ ਅੰਤਰਗਤ ਹਰਜੀਤ ਅਟਵਾਲ ਨੂੰ ਪਰਵਾਸੀ ਪੰਜਾਬੀ ਨਾਵਲ ਪਰੰਪਰਾ ਵਿੱਚ ਵਿਸ਼ੇਸ਼ ਮਹੱਤਵ ਵਾਲਾ ਨਾਵਲਕਾਰ ਮੰਨਿਆ ਜਾਂਦਾ ਹੈ।ਹਰਜੀਤ ਅਟਵਾਲ ਦਾ 1999 ਵਿੱਚ ਪਹਿਲਾ ਨਾਵਲ ਵਨ ਵੇਅ ਪ੍ਰਕਾਸ਼ਿਤ ਹੁੰਦਾ ਹੈ। ਇਸ ਉਪਰੰਤ ਰੇਤ (2003), ਸਵਾਰੀ (2005), ਸਾਊਥਾਲ (2009), ਬ੍ਰਿਟਿਸ਼ ਬੌਰਨ ਦੇਸੀ (2011), ਅਕਾਲ ਸਹਾਏ (2012), ਗੀਤ (2012) ਅਤੇ ਮੁੰਦਰੀ ਡੌਟ ਕੌਮ (2013) ਪ੍ਰਕਾਸ਼ਿਤ ਹੁੰਦੇ ਹਨ ।ਹਰਜੀਤ ਅਟਵਾਲ ਬਾਰੇ ਇਹ ਧਾਰਨਾ ਬਣੀ ਹੋਈ ਹੈ ਕਿ ਉਹ ਆਪਣੇ ਤੋਂ ਪੂਰਵਲੇ ਨਾਵਲਕਾਰਾਂ ਵਾਂਗ ਆਪਣੇ ਨਾਵਲਾਂ ਵਿੱਚ ਥੀਮ ਦਾ ਦੁਹਰਾਓ ਨਹੀਂ ਕਰਦਾ ਬਲਕਿ ਹਰ ਨਾਵਲ ਵਿੱਚ ਕਿਸੇ ਨਵੀਂ ਸਮੱਸਿਆ ਨੂੰ ਉਭਾਰਦਾ ਹੈ।ਉਹ ਨਸਲੀ ਵਿਤਕਰੇ ਜਾਂ ਝੂਹੇਰਵੇ ਵਰਗੀ ਵਿਸ਼ਾ-ਵਸਤੂ ਨੂੰ ਬਾਰ-ਬਾਰ ਦੁਹਰਾਉਣ ਦੀ ਥਾਂ ਪਰਵਾਸੀ ਜੀਵਨ ਦੇ ਉਹਨਾਂ ਪਹਿਲੂਆਂ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਬਣਾਉਂਦਾ ਹੈ ਜਿਨ੍ਹਾਂ ਬਾਰੇ ਪਰਵਾਸੀ ਪੰਜਾਬੀ ਨਾਵਲ ਵਿੱਚ ਪਹਿਲਾਂ ਕਿਤੇ ਗੱਲ ਨਾ ਤੁਰੀ ਹੋਵੇ ।ਮੁੰਦਰੀ ਡੌਟ ਕੌਮ ਨਾਵਲ ਹਰਜੀਤ ਅਟਵਾਲ ਬਾਰੇ ਬਣੀ ਇਸ ਧਾਰਨਾ ਨੂੰ ਹੋਰ ਦ੍ਰਿੜਤਾ ਪ੍ਰਦਾਨ ਕਰਦਾ ਹੈ । ਇਸ ਨਾਵਲ ਵਿੱਚ ਉਸ ਨੇ ਇੱਕ ਅਜਿਹੀ ਸਾਹਸੀ ਔਰਤ ਦਾ ਬਿਰਤਾਂਤ ਸਿਰਜਿਆ ਹੈ ਜਿਹੜੀ ਸਮਾਜ ਵਿੱਚ ਆਪਣੀ ਸੁਤੰਤਰ ਹੋਂਦ/ਅਸਤਿਤਵ ਸਥਾਪਤ ਕਰਨ ਲਈ ਪੂਰੀ ਸ਼ਕਤੀ ਅਤੇ ਸਮਰੱਥਾ ਨਾਲ ਸੰਘਰਸ਼ ਕਰਦੀ ਹੈ।ਇਸ ਲਈ ਅਟਵਾਲ ਦੇ ਇਸ ਨਾਵਲ ਵਿਚ ਉਸ ਦੇ ਪਹਿਲਾਂ ਸਿਰਜੇ ਨਾਵਲਾਂ ਦੇ ਨਾਲੋਂ ਵੱਖਰਤਾਦੇਖੀ ਜਾ ਸਕਦੀ ਹੈ।ਆਪਣੇ ਨਾਵਲਾਂ ਦੀ ਅਜਿਹੀ ਵਿਲੱਖਣ ਖ਼ੂਬੀ ਕਾਰਨ ਹਰਜੀਤ ਅਟਵਾਲ ਪਰਵਾਸੀ ਪੰਜਾਬੀ ਨਾਵਲ ਪਰੰਪਰਾ ਵਿੱਚ ਆਪਣਾ ਵਿਸ਼ੇਸ਼ ਸਥਾਨ ਪ੍ਰਾਪਤ ਹੈ।

ਹਰਜੀਤ ਅਟਵਾਲ ਦਾ ਨਾਵਲ ਮੁੰਦਰੀ ਡੌਟ ਕੌਮ ਔਰਤ-ਮਰਦ ਦੇ ਪਰਸਪਰ ਸਬੰਧਾਂ ਨੂੰ ਆਧਾਰ ਬਣਾ ਕੇ ਔਰਤ ਅੰਦਰ ਆਈ ਜਾਗ੍ਰਿਤੀ ਉਪਰੰਤ ਪੈਦਾ ਹੋਈ ਚੇਤਨਾ ਦੀ ਵਿਕਾਸ ਪ੍ਰਕਿਰਿਆ ਨੂੰ ਸਾਡੇ ਸਾਹਮਣੇ ਉਭਾਰ ਕੇ ਪੇਸ਼ ਕਰਦਾ ਹੈ।ਨਾਵਲ ਵਿੱਚ ਔਰਤ ਦੁਆਰਾ ਆਪਣੀ ਹੋਂਦ ਸਥਾਪਤੀ, ਸਵੈ-ਨਿਰਭਰਤਾ, ਸਵੈਮਾਨ ਅਤੇ ਆਤਮ ਸਨਮਾਨ ਦੀ ਪ੍ਰਾਪਤੀ ਲਈ ਕੀਤੇ ਲੰਬੇ ਸੰਘਰਸ਼ ਨੂੰ ਵਿਭਿੰਨ ਪਰਿਪੇਖਾਂ ਦੇ ਸੰਦਰਭ ਵਿੱਚ ਰੂਪਮਾਨ ਕੀਤਾ ਗਿਆ ਹੈ।ਕਿਉਂਕਿ ਜਿਵੇਂ-ਜਿਵੇਂ ਜ਼ਿੰਦਗੀ ਗਤੀਸ਼ੀਲਤਾ ਗ੍ਰਹਿਣ ਕਰਦੀ ਹੈ ਉਸੇ ਰਫ਼ਤਾਰ ਨਾਲ ਲੇਖਕ ਵੀ ਆਪਣੀਆਂ ਰਚਨਾਵਾਂ ਵਿੱਚ ਸਮਾਜਕ ਵਿਕਾਸ ਦੇ ਅੰਤਰਗਤ ਔਰਤ ਦੀ ਮਾਨਸਿਕਤਾ ਦੇ ਵਿਭਿੰਨ ਪਹਿਲੂਆਂ ਨੂੰ ਬਦਲਦੇ ਸੰਦਰਭਾਂ ਵਿੱਚ ਪੇਸ਼ ਕਰਨ ਦਾ ਯਤਨ ਕਰਦਾ ਹੈ।

ਮੁੰਦਰੀ ਡੌਟ ਕੌਮ ਨਾਵਲ ਦਾ ਕਥਾਨਕ ਗਰੀਬ ਘਰ ਦੀ ਕੁੜੀ ਇਕਰਾਂ ਦੁਆਲੇ ਉਸਰਿਆ ਹੋਇਆ ਹੈ।ਉਹ ਪੜ੍ਹਨ ਵਿੱਚ ਚੰਗੀ ਅਤੇ ਸੋਹਣੀ ਸੁਨੱਖੀ ਮੁਟਿਆਰ ਹੈ।ਘਰ ਦੀ ਮੰਦੀ ਆਰਥਕ ਦਸ਼ਾ ਕਾਰਨ ਉਹ ਦਸਵੀਂ ਤੋਂ ਅੱਗੇ ਨਹੀਂ ਪੜ੍ਹ ਸਕਦੀ।ਪਰਿਵਾਰ ਦੀਆਂ ਲੋੜਾਂ ਦੀ ਪੂਰਤੀ ਲਈ ਉਹ ਸ਼ਹਿਰ ਜਾ ਕੇ ਕੰਮ ਕਰਨ ਲਈ ਮਜਬੂਰ ਹੋ ਜਾਂਦੀ ਹੈ।ਸਕੂਟਰੀ ਦਾ ਐਕਸੀਡੈਂਟ ਹੋਣ ਕਾਰਨ ਕੁਝ ਦਿਨਾਂ ਲਈ ਉਸ ਨੂੰ ਆਪਣੀ ਮਾਂ ਨਾਲ ਪਿੰਡ ਵਿੱਚ ਕਿਸੇ ਦੇ ਘਰ ਕੰਮ ਕਰਨ ਜਾਣਾ ਪੈ ਜਾਂਦਾ ਹੈ। ਇਹਨਾਂ ਦਿਨਾਂ ਦੌਰਾਨ ਹੀ ਉਸ ਘਰ ਦਾ ਇੰਗਲੈਂਡ ਰਹਿੰਦਾ ਮੁੰਡਾ ਟਿੱਕਾ ਪੰਜਾਬ ਆਉਂਦਾ ਹੈ ਜਿਸ ਨਾਲ ਥੋੜੇ ਦਿਨਾਂ ਵਿੱਚ ਹੀ ਇਕਰਾਂ ਦੀ ਨੇੜਤਾ ਵਧ ਜਾਂਦੀ ਹੈ।ਉਹਨਾਂ ਦੀ ਇਹ ਨੇੜਤਾ ਸਰੀਰ ਦੀ ਪੱਧਰ 'ਤੇ ਵਿਚਰਦੀ ਹੋਈ ਸੈਕਸ ਦੇ ਆਨੰਦ ਵਿਚੋਂ ਪਿਆਰ ਦੀ ਪਰਿਭਾਸ਼ਾ ਤਲਾਸ਼ਣ ਲੱਗਦੀ ਹੈ। ਇਕਰਾਂ ਦੇ ਪਿਆਰ 'ਚ ਡੁੱਬਿਆ ਟਿੱਕਾ ਜਦੋਂ ਉਸ ਨੂੰ 'ਮੁੰਦਰੀ' ਦੇ ਨਾਮ ਨਾਲ ਨਿਵਾਜ਼ਦਾ ਹੈ ਤਾਂ ਉਸ

ਅੰਦਰ ਵੀ ਜੱਟੀ ਬਣਨ ਦੀ ਲੋਚਾ ਜਾਗਦੀ ਹੈ। ਉਹ ਟਿੱਕੇ ਨਾਲ ਬਾਹਰਲੇ ਦੇਸ਼ ਜਾ ਕੇ ਆਪਣੇ ਪਰਿਵਾਰ ਦੀ ਆਰਥਕ ਹਾਲਤ ਸੰਵਾਰਨ ਦੇ ਸੁਪਨੇ ਦੇਖਣ ਲੱਗ ਪੈਂਦੀ ਹੈ ਪਰ ਟਿੱਕੇ ਵੱਲੋਂ ਅਜਿਹਾ ਕੋਈ ਹੁੰਗਾਰਾ ਨਾ ਮਿਲਣ ਕਾਰਨ ਮੁੰਦਰੀ ਦੀਆਂ ਸਾਰੀਆਂ ਉਮੀਦਾਂ ਉੱਪਰ ਪਾਣੀ ਫਿਰ ਜਾਂਦਾ ਹੈ । ਅਚਾਨਕ ਟਿੱਕੇ ਨਾਲ ਆਏ ਉਸ ਦੇ ਵਡੇਰੀ ਉਮਰ ਦੇ ਦੋਸਤ ਦੀਪਾ ਸਿੰਘ ਚਾਹਲ ਵੱਲੋਂ ਮਿਲੇ ਵਿਆਹ ਦੇ ਆਫ਼ਰ ਨੂੰ ਮੁੰਦਰੀ ਸਵੀਕਾਰ ਕਰ ਲੈਂਦੀ ਹੈ ਅਤੇ ਦੀਪੇ ਦੀ ਪਤਨੀ ਬਣ ਇੰਗਲੈਂਡ ਜਾਣ ਦਾ ਨਿਸ਼ਚਾ ਕਰ ਲੈਂਦੀ ਹੈ। ਭਰ ਜੋਬਨ ਮੁਟਿਆਰ ਆਪਣੀਆਂ ਸਭ ਰੀਝਾਂ ਨੂੰ ਦਫ਼ਨ ਕਰ ਬੁੱਢੇ ਨਾਲ ਵਿਆਹ ਕਰਵਾਉਣ ਦਾ ਜੋ ਫੈਸਲਾ ਕਰਦੀ ਹੈ, ਆਪਣੇ ਉਸ ਫੈਸਲੇ ਦਾ ਉਸ ਨੂੰ ਕਿਸੇ ਨਾਲ ਕੋਈ ਸ਼ਿਕਵਾ ਵੀ ਨਹੀਂ ਹੁੰਦਾ, ਕਿਉਂਕਿ ਇਹ ਵਿਆਹ ਕਰਵਾਉਣ ਦਾ ਫੈਸਲਾ ਉਸ ਉਪਰ ਕਿਸੇ ਦਾ ਥੋਪਿਆ ਨਹੀਂ ਹੁੰਦਾ ਸਗੋਂ ਇਹ ਸਭ ਕੁਝ ਉਹ ਵਿਦੇਸ਼ ਜਾ ਕੇ ਪੈਸਾ ਕਮਾਉਣ ਅਤੇ ਆਪਣਾ ਸਮਾਜਕ ਰੁਤਬਾ ਰੁਸ਼ਨਾਉਣ ਲਈ ਕਰਦੀ ਹੈ। ਗਰੀਬੀ ਦੀ ਮਾਰ ਝੱਲ ਰਹੇ ਆਪਣੇ ਪਰਿਵਾਰ ਦੀ ਤਰਸਯੋਗ ਹਾਲਤ ਉਸ ਤੋਂ ਝੱਲੀ ਨਹੀਂ ਜਾਂਦੀ। ਘਰ ਵਿੱਚ ਕੋਈ ਕਮਾਊ ਨਾ ਹੋਣ ਕਾਰਨ ਉਸ ਦੀ ਪੜ੍ਹਾਈ ਵਿਚਕਾਰ ਛੁੱਟ ਜਾਂਦੀ ਹੈ। ਉਹ ਵੀ ਲੋਕਾਂ ਵਾਂਗ ਅੱਗੇ ਵੱਧਣਾ ਚਾਹੁੰਦੀ ਹੈ। ਇਸ ਗੱਲ ਦਾ ਜ਼ਿਕਰ ਉਹ ਪਿੰਡ ਆਏ ਟਿੱਕਾ ਸਿੰਘ ਅੱਗੇ ਵੀ ਕਰਦੀ ਹੈ:

> "ਟਿੱਕਾ ਜੀ...ਸਾਡੀ ਜ਼ਿੰਦਗੀ ਵੀ ਲੋਕਾਂ ਵਾਂਗੂ ਆਮ ਕਿਉਂ ਨਹੀਂ ? ਭਰਾ ਛੱਡ ਗਏ, ਪਿਉ ਵੀ ਏਦਾਂ ਦਾ ਹੀ ਨਿਕਲਿਆ, ਸਾਡੇ ਸਿਰ 'ਤੇ ਕਿਸੇ ਮਰਦ ਦੀ ਕੋਈ ਛਾਂ ਈ ਨਹੀਂ, ਫੇਰ ਆਹ ਘੋਰ ਗਰੀਬੀ ! ਹੋਰਨਾਂ ਵਾਂਗੂ ਮੈਂ ਕਿਉਂ ਨਹੀਂ ਹੋਰ ਅੱਗੇ ਪੜ੍ਹ ਸਕੀ ?...ਘੱਟੋ ਘੱਟ ਮਾਸਟਰਨੀ ਈ ਬਣ ਜਾਂਦੀ, ਸਮਾਜ 'ਚ ਕੋਈ ਰੁਤਬਾ ਤਾਂ ਹੁੰਦਾ,..।"[1]

ਮੁੰਦਰੀ ਪਹਿਲਾਂ ਤਾਂ ਆਪਣੇ ਪਰਿਵਾਰ ਦੀ ਗਰੀਬੀ ਤੋਂ ਨਿਜਾਤ ਪਾਉਣ ਦਾ ਰਾਹ ਟਿੱਕੇ ਨਾਲ ਬਣੀ ਭਾਵੁਕ ਸਾਂਝ ਵਿੱਚੋਂ ਲੱਭਦੀ ਹੈ ਪਰੰਤੂ ਮੁੰਦਰੀ ਨੂੰ ਟਿੱਕਾ ਜਦੋਂ ਇਸ ਗਰੀਬੀ ਵਾਲੀ ਦਲਦਲ ਵਿਚੋਂ ਬਾਹਰ ਕੱਢਣ ਵਿੱਚ ਅਸਮਰੱਥ ਲੱਗਦਾ ਹੈ ਤਾਂ ਉਹ ਬੁੱਢੇ ਦੀਪੇ ਦਾ ਪੱਲਾ ਫੜ੍ਹ ਇੰਗਲੈਂਡ ਪਹੁੰਚ ਜਾਂਦੀ ਹੈ। ਲੇਖਕ ਨੇ ਇੰਗਲੈਂਡ ਆਉਣ ਤੋਂ ਬਾਅਦ ਮੁੰਦਰੀ ਦੀ ਜ਼ਿੰਦਗੀ ਵਿੱਚ ਆਏ ਉਤਰਾਅ-ਚੜ੍ਹਾਅ, ਉਸ ਦਾ ਆਪਣੀ ਹੋਂਦ ਸਥਾਪਤੀ ਲਈ, ਆਤਮ ਸਨਮਾਨ ਦੀ ਪ੍ਰਾਪਤੀ ਲਈ, ਵੱਖ-ਵੱਖ ਸਥਿਤੀਆਂ ਪਰਿਸਥਿਤੀਆਂ ਵਿੱਚ, ਮੁਸ਼ਕਲਾਂ, ਮੁਸੀਬਤਾਂ ਨਾਲ ਦੋ ਚਾਰ ਹੋਣ ਦਾ ਬਿਰਤਾਂਤ ਬੜੀ ਬਰੀਕੀ ਨਾਲ ਚਿੱਤਰਿਆ ਹੈ ।

ਸਮਾਜਕ ਪ੍ਰਾਸੰਗਤਾ ਦੇ ਅੰਤਰਗਤ ਪਰਿਵਾਰਕ ਸੰਗਠਨ ਵਿੱਚ ਔਰਤ ਦੀ ਭੂਮਿਕਾ ਬਹੁਤ ਅਹਿਮੀਅਤ ਰੱਖਦੀ ਹੈ। ਸਦੀਆਂ ਤੋਂ ਹਨ੍ਹੇਰਿਆਂ ਅਤੇ ਹਾਸ਼ੀਏ 'ਤੇ ਧਕੇਲ ਦਿੱਤੀ ਔਰਤ ਜਦੋਂ ਪੂੰਜੀਵਾਦੀ ਨਿਜ਼ਾਮ ਵਿੱਚ ਵਿਚਰਦੀ ਹੈ ਤਾਂ ਉਹ ਇੱਕ ਪਾਸੇ ਤਾਂ ਆਪਣੇ ਪਰਿਵਾਰਕ ਵਰਤਾਰਿਆਂ ਵਿਚਲੀ ਆਰਥਕਤਾ ਨੂੰ ਬੱਲ ਦਿੰਦੀ ਹੈ ਅਤੇ ਦੂਜੇ ਪਾਸੇ ਸਵੈ-ਨਿਰਭਰ ਹੋ ਕੇ ਮਰਦ ਦੇ ਜਗੀਰੂ ਵਿਹਾਰ ਤੇ ਪਿਤਰੀ ਕਦਰਾਂ-ਕੀਮਤਾਂ ਨੂੰ ਚੁਣੌਤੀ ਦਿੰਦੀ ਹੈ। ਔਰਤ ਦੇ ਜੀਵਨ ਵਿਚਲੀ ਇਹ ਆਰਥਕ ਤਬਦੀਲੀ ਉਸ ਨੂੰ ਆਪਣੇ ਜੀਵਨ ਮੁੱਲਾਂ ਨੂੰ ਨਵੇਂ ਸਿਰੇ ਤੋਂ ਗ੍ਰਹਿਣ ਕਰਨ ਲਈ ਪ੍ਰੇਰਿਤ ਕਰਦੀ ਹੈ ਜਿਨ੍ਹਾਂ ਮੁੱਲਾ ਸਦਕਾ ਉਹ ਮਰਦ ਪ੍ਰਧਾਨ ਸਮਾਜ ਵਿੱਚ ਆਪਣੀ ਸੁਤੰਤਰ ਹੋਂਦ/ਅਸਤਿਤਵ ਸਥਾਪਤ ਕਰਨ ਵੱਲ ਅਗਰਸਰ ਹੁੰਦੀ ਹੈ। ਮੁੰਦਰੀ ਡੌਟ ਕੌਮ ਨਾਵਲ ਦੀ ਪਾਤਰ ਮੁੰਦਰੀ ਨੂੰ ਭਾਰਤੀ ਸਭਿਆਚਾਰ ਵਿੱਚ ਪਲੀ ਹੋਣ ਕਾਰਨ ਇੰਗਲੈਂਡ ਆ ਕੇ ਆਪਣੇ ਸਭਿਆਚਾਰ ਤੋਂ ਹਟ ਕੇ ਨਵੇਂ ਸਮਾਜ ਤੇ ਸਭਿਆਚਾਰਕ ਮਾਹੌਲ ਵਿੱਚ ਵਿਚਰਨਾ ਪੈਂਦਾ ਹੈ। ਇੱਥੋਂ ਦੇ ਖੁੱਲ੍ਹੇ-ਡੁੱਲ੍ਹੇ ਮਹੌਲ ਵਾਲੇ ਸਮਾਜ ਵਿੱਚ ਵਿਚਰਦਿਆਂ ਮੁੰਦਰੀ ਨੇ ਕੀ ਮਹਿਸੂਸ ਕੀਤਾ ? ਕਿਵੇਂ ਉਸ ਨੂੰ ਸਮੱਸਿਆਵਾਂ ਦਰਪੇਸ਼



ਹੋਈਆਂ ? ਆਪ ਬਾਹਰ ਜਾ ਕੇ ਕੰਮ ਕਰਨ ਦਾ ਮੌਕਾ ਮਿਲਣ 'ਤੇ ਉਸ ਵਿੱਚ ਕੀ ਪਰਿਵਰਤਨ ਆਇਆ ? ਉਸ ਦੀ ਸੋਚ ਨੇ ਕਿਵੇਂ ਪਲਟਾ ਖਾਧਾ ? ਆਰਥਕ ਤੌਰ ਤੇ ਸੁਤੰਤਰ ਹੋਣ ਤੋਂ ਬਾਅਦ ਉਸ ਨੂੰ ਪਰਿਵਾਰ ਤੇ ਸਮਾਜਕ ਮਹੌਲ ਵਿੱਚ ਕਿਹੜੇ ਸੰਕਟਾਂ ਦਾ ਸਾਹਮਣਾ ਕਰਨਾ ਪਿਆ ? ਕਿਹੜੇ ਜੀਵਨ ਮੁੱਲਾਂ ਨੂੰ ਅਪਣਾ ਕੇ ਉਹ ਇਹਨਾਂ ਸੰਕਟਾਂ ਤੋਂ ਪਾਰ ਜਾਂਦੀ ਹੈ ? ਆਦਿ ਦਾ ਚਿਤਰਨ ਲੇਖਕ ਨੇ ਡੂੰਘੀ ਅੰਤਰ-ਦ੍ਰਿਸ਼ਟੀ ਨਾਲ ਕੀਤਾ ਹੈ।

ਮੁੰਦਰੀ ਨਿਮਨ ਵਰਗ ਦੀਆਂ ਤੰਗੀਆਂ ਤੁਰਸ਼ੀਆਂ ਅਤੇ ਦੁਸ਼ਵਾਰੀਆਂ ਦੀ ਜ਼ਿੱਲ਼ਤ ਵਾਲੇ ਜੀਵਨ ਵਿਚੋਂ ਨਿਕਲ ਕੇ ਚੰਗੇਰੇ ਭਵਿੱਖ ਦੀ ਕਾਮਨਾ ਦਾ ਸੁਪਨਾ ਸਿਰਜ ਕੇ ਇੰਗਲੈਂਡ ਆਉਂਦੀ ਹੈ। ਪਰੰਤੂ ਪਰਵਾਸੀ ਬਣ ਕੇ ਨਵੇਂ ਹਾਲਾਤ ਵਿੱਚ ਸਥਾਪਤ ਹੋਣਾ ਆਪਣੇ-ਆਪ ਵਿੱਚ ਇਕ ਗੰਭੀਰ ਮਸਲਾ ਹੈ ਕਿਉਂਕਿ ਪਰਵਾਸੀ ਭਾਵੇਂ ਰਿਸ਼ਤਿਆਂ, ਸਮਾਜਕ ਜਾਂ ਭਾਵਨਾਤਮਕ ਆਦਿ ਤੱਤਾਂ ਨਾਲ ਬੱਝੇ ਹਨ ਪਰ ਖ਼ਾਸ ਕਾਰਨ 'ਆਰਥਿਕਤਾ' ਹੈ ਜੋ ਉਹਨਾਂ ਨੂੰ ਆਪਣੇ-ਆਪ ਨੂੰ ਸਥਾਪਤ ਕਰਨ 'ਚ ਆਪਣਾ ਅਹਿਮ ਹਿੱਸਾ ਨਿਭਾਉਂਦਾ ਹੈ। ਮੁੰਦਰੀ ਵਿਦੇਸ਼ੀ ਧਰਤੀ 'ਤੇ ਪੈਰ ਧਰਦਿਆਂ ਹੀ ਆਪਣੇ ਦੁਆਰਾ ਸਿਰਜੇ ਸੁਪਨੇ ਦੀ ਪੂਰਤੀ ਲਈ ਜੂਝਣਾ ਸ਼ੁਰੂ ਕਰ ਦਿੰਦੀ ਹੈ। ਪੇਂਡੂ ਵਾਤਾਵਰਨ ਵਿੱਚ ਪਲੀ ਅਤੇ ਸਖ਼ਤ ਮਿਹਨਤ ਕਰਨ ਦੀ ਆਦੀ ਹੋਣ ਕਾਰਨ ਉਹ ਜਲਦ ਹੀ ਇੰਗਲੈਂਡ ਵਿੱਚ ਆਪਣੇ ਪੈਰ ਜ਼ਮਾ ਲੈਂਦੀ ਹੈ। ਉਹ ਆਪਣੇ-ਆਪ ਨੂੰ ਹਰ ਹਾਲਾਤ ਦਾ ਮੁਕਾਬਲਾ ਕਰਨ ਲਈ ਤਿਆਰ ਕਰ ਲੈਂਦੀ ਹੈ। ਉਹ ਆਪਣੀ ਜੀਵਨ ਵਿਧਾ ਬਦਲਣ ਲਈ ਦਰਪੇਸ਼ ਆਉਂਦੀ ਔਕੜ ਦਾ ਦਲੇਰੀ ਨਾਲ ਟਾਕਰਾ ਕਰਦੀ ਹੈ। ਪੱਛਮੀ ਕਲਚਰ ਵਿੱਚ ਰਹਿੰਦਿਆਂ ਮੁੰਦਰੀ ਦੀ ਮਾਨਸਿਕਤਾ 'ਚ ਨਵੀਂ ਹਿੰਮਤ ਅਤੇ ਚੇਤਨਾ ਦਾ ਸੰਚਾਰ ਹੁੰਦਾ ਹੈ। ਉਸ ਦਾ ਵਡੇਰੀ ਉਮਰ ਦਾ ਪਤੀ ਅੱਤ ਦਾ ਸ਼ਰਾਬੀ ਹੋਣ ਕਾਰਨ ਮਰਨ ਕਿਨਾਰੇ ਬੈਠਾ ਹੈ ਪਰੰਤੂ ਮੁੰਦਰੀ ਆਪਣੇ-ਆਪ ਵਿੱਚ ਚੇਤੰਨ ਹੁੰਦੀ ਹੈ ਕਿ ਉਹ ਆਪਣੇ ਪਤੀ ਨੂੰ ਰੁਲ਼ਣ ਨਹੀਂ ਦੇਵੇਗੀ, ਉਸ ਦੀ ਜ਼ਿੰਦਗੀ ਨੂੰ ਅਤੇ ਆਪਣੀ ਵਿਆਹੁਤਾ ਜ਼ਿੰਦਗੀ ਨੂੰ ਸੰਭਾਲੇਗੀ। ਉਹ ਕਰਜ਼ੇ ਦੀ ਮਾਰ ਹੇਠ ਦਬ ਚੁੱਕੇ ਆਪਣੇ ਪਤੀ ਦੀਪੇ ਨੂੰ ਇਸ ਸੰਕਟ ਵਿਚੋਂ ਕੱਢਣ ਦਾ ਪੂਰਾ ਯਤਨ ਕਰਦੀ ਹੈ। ਉਹ ਦਿਨ ਰਾਤ ਹੱਡ-ਭੰਨਵੀਂ ਮਿਹਨਤ ਕਰਦੀ ਹੈ ਅਤੇ ਨਾਲ-ਨਾਲ ਦੀਪੇ ਨੂੰ ਵੀ ਕੰਮ ਕਰਨ ਲਈ ਉਤਸ਼ਾਹਿਤ ਕਰਦੀ ਹੈ।

ਇੰਗਲੈਂਡ ਆਉਂਦਿਆਂ ਹੀ ਮੁੰਦਰੀ ਆਪਣੇ ਆਰਥਕ ਸਮਰਿਧੀ ਵਾਲੇ ਲਕਸ਼ ਦੀ ਪ੍ਰਾਪਤੀ ਲਈ ਕੰਮ ਵਿੱਚ ਖੁੱਬ ਜਾਂਦੀ ਹੈ। ਬਾਹਰੀ ਦੁਨੀਆਂ ਨਾਲ ਉਹ ਜਿਆਦਾ ਰਾਬਤਾ ਨਹੀਂ ਰੱਖਦੀ। ਇੱਥੋਂ ਤੱਕ ਕਿ ਟਿੱਕੇ ਨੂੰ ਵੀ ਉਹ ਓਪਰਿਆਂ ਵਾਂਗ ਮਿਲਦੀ ਹੈ। ਪਰੰਤੂ ਆਪਣੇ ਪਤੀ ਦੀਪੇ ਦੀ ਅਚਾਨਕ ਹੋਈ ਮੌਤ ਤੋਂ ਬਾਅਦ ਪਰਾਈ ਧਰਤੀ 'ਤੇ ਕੱਲੀ ਜਿੰਦ ਨੂੰ ਜਦੋਂ ਕੋਈ ਸੱਚਾ ਹਮਦਰਦ ਨਜ਼ਰ ਨਹੀਂ ਆਉਂਦਾ ਤਾਂ ਉਹ ਇੱਕ ਵਾਰ ਫੇਰ ਟਿੱਕੇ ਨਾਲ ਜੁੜਦੀ ਹੈ। ਟਿੱਕੇ ਦਾ ਸਾਥ ਮੁੰਦਰੀ ਨੂੰ ਉਸ ਦੇ ਪਤੀ ਦੀ ਮੌਤ ਦੇ ਦੁੱਖ 'ਚੋਂ ਉਭਾਰ ਕੇ ਮੁੜ ਸੰਘਰਸ਼ ਦੇ ਰਾਹ ਤੁਰਨ ਲਈ ਪ੍ਰੇਰਿਤ ਕਰਦਾ ਹੈ। ਇਹ ਗੱਲ ਤਾਂ ਮੁੰਦਰੀ ਦੇ ਅੰਤਰਮਨ ਵਿੱਚ ਪਹਿਲਾਂ ਹੀ ਹੁੰਦੀ ਹੈ ਕਿ ਇਨ੍ਹਾਂ ਕਠਿਨ ਪਰਿਸਥਿਤੀਆਂ ਵਿੱਚ ਖ਼ੁਦ ਦਾ ਕੰਮ ਸ਼ੁਰੂ ਕਰੇ ਬਿਨਾਂ ਤਾਂ ਬੇਗਾਨੀ ਧਰਤੀ 'ਤੇ ਜੂਨ ਗੁਜਾਰਾ ਕਰਨਾ ਮੁਸ਼ਕਲ ਹੋ ਜਾਵੇਗਾ। ਪਰ ਨਾਲ ਹੀ ਟਿੱਕੇ ਤੋਂ ਮਿਲੀ ਹੱਲਾਸ਼ੇਰੀ ਕਾਰਨ ਉਹ ਬਿਊਟੀ ਪਾਰਲਰ ਦਾ ਕੰਮ ਸ਼ੁਰੂ ਕਰਨ ਦਾ ਮਨ ਬਣਾ ਲੈਂਦੀ ਹੈ। ਮੁੰਦਰੀ ਬਿਊਟੀਸ਼ਨ ਬਣਨ ਦੀ ਯੋਗਤਾ ਵਾਲੇ ਸਾਰੇ ਟੈਸਟ ਪਾਸ ਕਰ ਲੈਂਦੀ ਹੈ ਅਤੇ ਟਿੱਕੇ ਦੀ ਨਦਦ ਨਾਲ 'ਮੁੰਦਰੀ ਡੌਟ ਕੌਮ' ਨਾਂ ਦਾ ਬਿਊਟੀ ਪਾਰਲਰ ਖੋਹਲਣ ਵਿੱਚ ਸਫ਼ਲ ਹੋ ਜਾਂਦੀ ਹੈ ।

ਇੰਗਲੈਂਡ ਪਹੁੰਚਣ ਤੋਂ ਬਾਅਦ ਮੁੰਦਰੀ ਦਾ ਅਕਸ ਇਕ ਅਜਿਹੀ ਆਧੁਨਿਕ ਔਰਤ ਦੇ ਰੂਪ ਵਿੱਚ ਉਭਰਦਾ ਹੈ ਜਿਹੜੀ ਔਰਤ ਸਬੰਧੀ ਸਥਾਪਤ ਸਾਰੇ ਮਾਡਲਾਂ ਨੂੰ ਤੋੜ ਕੇ ਵਿਸ਼ਵ ਸੰਸਕ੍ਰਿਤੀ ਦੇ ਵਿਕਾਸ ਵਿੱਚ ਬਰਾਬਰਤਾ ਦਾ ਸੰਕਲਪ ਪੇਸ਼ ਕਰਦੀ ਹੈ। ਇਨਸਾਨ ਦੀ ਲਿਆਕਤ ਨੂੰ ਪੈਸੇ ਜਾਂ ਉਸ

ਦੀ ਜਾਤ-ਪਾਤ ਨਾਲ ਜੋੜ ਕੇ ਦੇਖਣ ਦੀ ਬਜਾਇ ਉਸ ਨੂੰ ਜਿੰਦਗੀ ਵਿੱਚ ਵਿਕਸਿਤ ਹੋਣ ਲਈ ਮਿਲੇ ਮੌਕਿਆਂ ਦੀ ਬਰਾਬਰਤਾ ਅਨੁਸਾਰ ਜੋੜ ਕੇ ਦੇਖਣਾ ਚਾਹੀਦਾ ਹੈ। ਜੇਕਰ ਦਲਿਤ ਵਰਗ ਦੇ ਇਨਸਾਨ ਨੂੰ ਦੂਜਿਆਂ ਵਾਂਗ ਵਿਕਸਿਤ ਹੋਣ ਦਾ ਮੌਕਾ ਮਿਲਦਾ ਹੈ ਤਾਂ ਉਹ ਵੀ ਵੱਡੀ ਤੋਂ ਵੱਡੀ ਮੰਜ਼ਿਲ ਸਰ ਕਰ ਸਕਦਾ ਹੈ। ਇਹ ਗੱਲ ਮੁੰਦਰੀ ਦੇ ਸੰਦਰਭ ਵਿੱਚ ਦੇਖੀ ਜਾ ਸਕਦੀ ਹੈ। ਦਲਿਤ ਵਰਗ ਨਾਲ ਸਬੰਧਿਤ ਮੁੰਦਰੀ ਆਪਣੀ ਹੋਂਦ ਨੂੰ ਵਿਗਸਣ ਦਾ ਪੂਰਾ ਮੌਕਾ ਦਿੰਦੀ ਹੈ। ਆਪਣੇ ਅਸਤਿਤਵ ਦੀ ਸਥਾਪਤੀ ਲਈ ਸਹਾਇਕ ਸਿੱਧ ਹੋਣ ਵਾਲੇ ਹਰ ਇੱਕ ਮੌਕੇ ਦਾ ਉਹ ਲੋੜ ਅਨੁਸਾਰ ਲਾਭ ਉਠਾਉਂਦੀ ਜਾਂਦੀ ਹੈ। ਬਾਹਰਲੇ ਦੇਸ਼ ਜਾਣ ਦਾ, ਟਿੱਕੇ ਦੀ ਮਦਦ ਲੈਣ ਦਾ, ਬਿਊਟੀਸ਼ਨ ਦੀ ਯੋਗਤਾ ਹਾਸਿਲ ਕਰਨ ਦਾ, ਬਿਊਟੀ ਪਾਰਲਰ ਖੋਹਲਣ ਦਾ, ਆਪਣਾ ਬਿਜ਼ਨਸ ਵਧਾਉਣ ਦਾ, ਸੈਟਲ ਹੋਣ ਲਈ ਪੌਲ ਨਾਲ ਵਿਆਹ ਕਰਵਾਉਣ ਦਾ, ਪੱਛਮੀ ਕਲਚਰ ਦੀਆਂ ਖੂਬੀਆਂ ਨੂੰ ਅਪਨਾਉਣ ਦਾ, ਕੋਈ ਵੀ ਮੌਕਾ ਉਹ ਹੱਥੋਂ ਨਹੀਂ ਜਾਣ ਦਿੰਦੀ।

ਮੁੰਦਰੀ ਪੰਜਾਬ ਦੇ ਛੋਟੇ ਜਿਹੇ ਪਿੰਡ ਤੋਂ ਤੁਰਦੀ ਹੈ ਤੇ ਵਿਕਾਸ ਕਰਦੀ ਹੋਈ ਦੁਨੀਆਂ ਵਿਚਲੇ ਵਿਕਸਤ ਦੇਸ਼ਾਂ ਵਿੱਚੋਂ ਚੋਟੀ ਤੇ ਵਿਰਾਜਮਾਨ ਦੇਸ਼ ਵਿੱਚ ਪਹੁੰਚਦੀ ਹੈ। ਇੱਥੇ ਪਹੁੰਚ ਕੇ ਪੱਛਮੀ ਕਲਚਰ ਦੇ ਪ੍ਰਭਾਵ ਹੇਠ ਚੇਤੰਨ ਹੁੰਦੀ ਹੋਈ ਉਹ ਭਾਰਤੀ ਔਰਤ ਦੀ ਦੱਬੂ ਪ੍ਰਵਿਰਤੀ ਵਾਲੀ ਮਾਨਸਿਕ ਸੋਚ ਨੂੰ ਤਿਆਗਦੀ ਹੈ ਅਤੇ ਉਥੋਂ ਦੇ ਨਵੇਂ ਸਿਸਟਮ ਦੀ ਚੇਤਨਾ ਨੂੰ ਗ੍ਰਹਿਣ ਕਰਦੀ ਹੈ। ਇਹ ਚੇਤਨਤਾ ਉਸ ਦੀ ਜੀਵਨ ਦ੍ਰਿਸ਼ਟੀ ਵਿੱਚ ਵਿਸ਼ਾਲਤਾ ਲੈ ਕੇ ਆਉਂਦੀ ਹੈ। ਉਹ ਇਹ ਗੱਲ ਚੰਗੀ ਤਰ੍ਹਾਂ ਜਾਣ ਜਾਂਦੀ ਹੈ ਕਿ ਗਿਆਨ, ਵਿਗਿਆਨ, ਕੰਪਿਊਟਰ, ਸੂਚਨਾ ਤਕਨਾਲੋਜੀ ਦੇ ਖੇਤਰ ਵਿੱਚ ਆਏ ਦਿਨ ਵਾਪਰਨ ਵਾਲੀਆਂ ਤੇਜ ਅਤੇ ਇਨਕਲਾਬੀ ਤਬਦੀਲੀਆਂ ਕਾਰਨ, ਸੰਸਾਰ ਅਤੇ ਇਸ ਦੇ ਸਮੂਹ ਵਰਤਾਰਿਆਂ ਦੀ ਸਮਝ ਲਈ ਮਨੁੱਖੀ ਚਿੰਤਨ ਬੜੀ ਤੇਜੀ ਨਾਲ ਬਦਲ ਰਿਹਾ ਹੈ। ਇਸ ਲਈ ਮੁੰਦਰੀ ਵੀ ਆਪਣੇ-ਆਪ ਨੂੰ ਲੇਟਸਟ ਮਹੌਲ ਨਾਲ ਜੋੜਦੀ ਹੈ। ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਮੌਜੂਦਾ ਸਮੇਂ ਵਿੱਚ ਬਿਊਟੀਸ਼ਨ ਦਾ ਬਿਜ਼ਨਸ ਕਮਾਈ ਦਾ ਵਧੀਆ ਸਾਧਨ ਸਾਬਿਤ ਹੋ ਸਕਦਾ ਹੈ ਤਾਂ ਉਹ ਇਹ ਬਿਜ਼ਨਸ ਚਲਾਉਣ ਲਈ ਫੈਸ਼ੀਅਲ, ਵੈਕਸਿੰਗ ਅਤੇ ਇਲੈਕਟਰੋਲਸਜ਼ ਦੇ ਕੋਰਸ ਪਾਸ ਕਰ ਲੈਂਦੀ ਹੈ। ਉਹ ਇਸ ਗੱਲ ਨੂੰ ਵੀ ਬਹੁਤ ਜਲਦ ਭਾਂਪ ਜਾਂਦੀ ਹੈ ਕਿ ਪੱਛਮੀ ਕਲਚਰ ਵਿੱਚ ਆਪਣੇ ਬਿਜ਼ਨਸ ਨੂੰ ਪੱਕੇ ਪੈਰੀਂ ਖੜਾ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਇਸ ਲਈ ਉਸ ਨੂੰ ਨਿੱਤ ਨਵੇਂ ਕੰਪੀਟੀਸ਼ਨ ਦਾ ਸਾਹਮਣਾ ਕਰਨਾ ਪਵੇਗਾ। ਇਹ ਸਭ ਕੁਝ ਸਮਝਣ ਕਾਰਨ ਉਹ ਆਪਣੇ ਬਿਊਟੀ ਪਾਰਲਰ ਦੀ ਮੌਡਰਨ ਤਰੀਕੇ ਨਾਲ ਵੈੱਬ ਡਿਜ਼ਾਈਨ ਕਰਵਾਉਂਦੀ ਹੈ ਅਤੇ ਉਸਦਾ ਨਾਮ ਵੀ ਲੇਟਸਟ ਮਹੌਲ ਅਨੁਸਾਰ 'ਮੁੰਦਰੀ ਡੌਟ ਕੌਮ ਬਿਊਟੀ ਪਾਰਲਰ' ਰੱਖਦੀ ਹੈ। ਜੇਕਰ ਦੇਖਿਆ ਜਾਵੇ ਤਾਂ ਨਾਵਲ ਦਾ ਨਾਮ ਮੁੰਦਰੀ ਡੌਟ ਕੌਮ ਦੀ ਮੁੰਦਰੀ ਦੇ ਨਵੀਨ ਤਕਨੀਕੀ ਯੁਗ ਨਾਲ ਜੁੜਨ ਵੱਲ ਸੰਕੇਤ ਕਰਦਾ ਹੈ। ਆਧੁਨਿਕ ਸਮੇਂ 'ਚ ਤੇਜ਼ ਰਫ਼ਤਾਰ ਨਾਲ ਹੋ ਰਹੇ ਬਦਲਾਓ ਦੀ ਰਮਜ਼ ਨੂੰ ਭਲੀ ਭਾਂਤ ਪਛਾਣ ਚੁੱਕੀ ਮੁੰਦਰੀ ਕਿਸੇ ਪ੍ਰੋਫੈਸ਼ਨਲ ਕੋਲੋਂ ਆਪਣੀ ਸਾਈਟ 'ਮੁੰਦਰੀ ਡੌਟ ਕੌਮ' ਦੇ ਡਿਜ਼ਾਈਨ ਨੂੰ ਵੀ ਟਾਈਮ ਟੂ ਟਾਈਮ ਅਪਡੇਟ ਕਰਵਾਉਂਦੀ ਰਹਿੰਦੀ ਹੈ। ਇਸ ਤੋਂ ਇਲਾਵਾ ਪਾਰਲਰ ਦੀ ਪ੍ਰਸਿੱਧੀ ਲਈ ਉਹ ਲੀਫ-ਲੈਟਸ ਛਪਵਾ ਕੇ ਸਮੇਂ-ਸਮੇਂ ਤੇ ਮਾਰਕੀਟ ਵਿੱਚ ਵੰਡਦੀ ਰਹਿੰਦੀ ਹੈ। ਆਪਣੇ ਬਿਜਨਸ ਦੀ ਸਫ਼ਲਤਾ ਲਈ ਮੁੰਦਰੀ ਦੁਆਰਾ ਲੇਟਸਟ ਮਹੌਲ ਨਾਲ ਜੁੜਕੇ ਕੀਤੀ ਜੀਅ ਤੋੜ ਮਿਹਨਤ ਦਾ ਹੀ ਸਿੱਟਾ ਹੁੰਦਾ ਹੈ ਕਿ ਉਸਦਾ ਬਿਜਨਸ ਕਾਮਯਾਬੀ ਦੀਆਂ ਸਿਖ਼ਰਾਂ ਪ੍ਰਾਪਤ ਕਰ ਜਾਂਦਾ ਹੈ।

ਮੁੰਦਰੀ ਭਾਵੇਂ ਨਿਰੰਤਰ ਵਿਕਾਸ ਕਰਦੀ ਹੋਈ ਕਾਮਯਾਬੀ ਤੇ ਕਾਮਯਾਬੀ ਹਾਸਿਲ ਕਰਦੀ ਜਾਂਦੀ ਹੈ ਪਰੰਤੂ ਫਿਰ ਵੀ ਉਹ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣ ਤੋਂ ਮੁਨਕਰ ਨਹੀਂ



ਹੁੰਦੀ। ਪੱਛਮੀ ਕਲਚਰ ਵਿੱਚ ਰਹਿ ਕੇ ਵੀ ਉਹ ਰਿਸ਼ਤਿਆਂ ਵਿਚਲੀ ਪਵਿੱਤਰਤਾ ਅਤੇ ਆਪਣੀਆਂ ਪਰੰਪਰਕ ਕਦਰਾ-ਕੀਮਤਾਂ ਨੂੰ ਨਹੀਂ ਤਿਆਗਦੀ। ਉਹ ਪਰਿਵਾਰ ਦੀ ਆਰਥਕ ਮੰਦਹਾਲੀ ਦੂਰ ਕਰਨ ਦੇ ਜਿਸ ਉਦੇਸ਼ ਨਾਲ ਇੰਗਲੈਂਡ ਆਉਂਦੀ ਹੈ ਉਸ ਉੱਪਰ ਖਰੀ ਵੀ ਉਤਰਦੀ ਹੈ। ਉਹ ਥੋੜ੍ਹੇ ਸਮੇਂ ਵਿੱਚ ਆਪਣੇ ਪਿੰਡ ਆਪਣੀ ਮਾਂ ਲਈ ਘਰ ਬਣਾ ਦਿੰਦੀ ਹੈ, ਇੱਕ ਪਲਾਟ ਖਰੀਦ ਦਿੰਦੀ ਹੈ। ਉਹ ਆਪਣੀ ਭੈਣ ਦੀਆਂ ਕੁੜੀਆਂ ਦੀ ਪੜ੍ਹਾਈ ਦਾ ਖਰਚਾ ਉਠਾਉਂਦੀ ਹੈ। ਕਈ ਵਾਰ ਘਰ 'ਚ ਵਰਤਿਆ ਜਾਣ ਵਾਲਾ ਹੋਰ ਨਿੱਕਾ ਮੋਟਾ ਸਮਾਨ ਵੀ ਉਹ ਇੰਗਲੈਂਡ ਤੋਂ ਕਿਸੇ ਨਾ ਕਿਸੇ ਦੇ ਹੱਥ ਭੇਜ ਦਿੰਦੀ ਹੈ। ਪੌਲ ਨਾਲ ਵਿਆਹ ਕਰਵਾਉਣ ਵੇਲੇ ਆਪਣੇ ਉਪਰਲੀਆਂ ਇਹਨਾਂ ਸਭ ਜ਼ਿੰਮੇਵਾਰੀਆਂ ਬਾਰੇ ਮੁੰਦਰੀ ਉਸ ਨੂੰ ਪਹਿਲਾਂ ਹੀ ਦੱਸ ਦਿੰਦੀ ਹੈ ਤਾਂ ਕਿ ਬਾਅਦ ਵਿੱਚ ਉਹਨਾਂ ਦੇ ਘਰੇਲੂ ਸਬੰਧਾਂ ਵਿੱਚ ਕੋਈ ਬਿਗਾੜ ਨਾ ਆਵੇ।

ਮੁੰਦਰੀ ਇੱਕ ਪਤਨੀ ਹੋਣ ਦਾ ਧਰਮ ਬਾਖੂਬੀ ਨਿਭਾਉਂਦੀ ਹੈ। ਆਪਣੇ ਬਾਪ ਦੀ ਉਮਰ ਤੋਂ ਵੱਡੇ ਦੀਪੇ ਨਾਲ ਵਿਆਹ ਕਰਵਾ ਕੇ ਵੀ ਉਹ ਇਸ ਰਿਸ਼ਤੇ ਉੱਪਰ ਕੋਈ ਦਾਗ ਨਹੀਂ ਲੱਗਣ ਦਿੰਦੀ। ਜਵਾਨ ਹੋਣ ਦੇ ਬਾਵਜੂਦ ਉਹ ਕਿਸੇ ਹੋਰ ਮਰਦ ਦਾ ਵਿਚਾਰ ਆਪਣੇ ਮਨ ਵਿੱਚ ਨਹੀਂ ਉਪਜਣ ਦਿੰਦੀ ਸਗੋਂ ਤਨ ਮਨ ਤੋਂ ਆਪਣੇ ਪਤੀ ਦੀ ਹੋ ਕੇ ਰਹਿੰਦੀ ਹੈ। ਦੀਪੇ ਦੀ ਜਿਆਦਾ ਸ਼ਰਾਬ ਪੀਣ ਦੀ ਆਦਤ ਕਾਰਨ ਉਸਦਾ ਲੀਵਰ ਡੈਮੇਜ਼ ਹੋ ਜਾਂਦਾ ਹੈ। ਮੁੰਦਰੀ ਉਸ ਦੀ ਡਿੱਗ ਰਹੀ ਸਿਹਤ ਪ੍ਰਤੀ ਪਰੇਸ਼ਾਨ ਹੋ ਉੱਠਦੀ ਹੈ। ਉਹ ਆਪਣੇ ਪਤੀ ਦੀ ਸਦਾ ਲੰਬੀ ਉਮਰ ਦੀ ਕਾਮਨਾ ਕਰਦੀ ਹੈ। ਆਪਣੀ ਮੌਤ ਨੂੰ ਨੇੜੇ ਆਉਂਦਾ ਦੇਖ ਦੀਪਾ ਜਦੋਂ ਪਿਛੋਂ ਇੱਕਲੀ ਰੁਲਣ ਤੋਂ ਬਚਾਉਣ ਲਈ ਮੁੰਦਰੀ ਅੱਗੇ ਉਸ ਨੂੰ ਕਿਤੇ ਹੋਰ ਵਿਆਹੁਣ ਦੀ ਦਲੀਲ ਰੱਖਦਾ ਹੈ ਤਾਂ ਉਹ ਇਸ ਦੁੱਖ ਕਾਰਨ ਧੁਰ ਅੰਦਰ ਤੱਕ ਝੰਜੋੜੀ ਜਾਂਦੀ ਹੈ। ਉਹ ਦੀਪੇ ਦੀ ਮੌਤ ਵਾਲੇ ਕੌੜੇ ਯਥਾਰਥ ਨੂੰ ਜਾਣਦੀ ਹੋਈ ਵੀ ਆਪਣੇ ਪਤਨੀ ਧਰਮ 'ਤੇ ਅਡਿੱਗ ਰਹਿੰਦੀ ਹੈ। ਉਹ ਆਪਣੇ ਪਤੀ ਦੇ ਜਿਉਂਦੇ ਜੀਅ ਹੋਰ ਵਿਆਹ ਕਰਵਾ ਕੇ ਉਸ ਦੁਆਰਾ ਕੀਤੀ ਕੁਰਬਾਨੀ ਦੀ ਇਸ ਤਰ੍ਹਾਂ ਬਲੀ ਚੜਾਉਣਾ ਮੁਨਾਸਿਬ ਨਹੀਂ ਸਮਝਦੀ। ਉਹ ਆਪਣੀ ਸਹੇਲੀ ਮਿਸਜ਼ ਭੰਗੂ ਦੁਆਰਾ ਹੋਰ ਵਿਆਹ ਕਰਵਾਉਣ ਦੀ ਦਿੱਤੀ ਤਜ਼ਵੀਜ ਨੂੰ ਠੁਕਰਾਉਂਦੀ ਹੋਈ ਕਹਿੰਦੀ ਹੈ:

> "ਮੈਂ ਨਹੀਂ ਚਾਹਵਾਂਗੀ ਕਿ ਮੇਰਾ ਪਤੀ ਮੇਰੇ ਸਾਹਮਣੇ ਹੋਰ ਵਿਆਹ ਕਰਾਵੇ ਭਾਵੇਂ ਮੈਂ ਡੈੱਥ-ਬੈੱਡ ਤੇ ਈ ਕਿਉਂ ਨਾ ਪਈ ਹੋਵਾਂ। ਜੇ ਦੀਪਾ ਆਪਣੀ ਛਾਤੀ 'ਤੇ ਪੱਥਰ ਰੱਖ ਕੇ ਮੇਰੀ ਬੇਹਤਰੀ ਲਈ ਸੋਚਦਾ ਤਾਂ ਮੇਰਾ ਫਰਜ਼ ਆ ਕਿ ਇਹ ਪੱਥਰ ਉਹਦੀ ਛਾਤੀ ਤੋਂ ਚੁੱਕ ਦੇਵਾਂ।"[2]

ਪਰ ਦੀਪੇ ਦੀ ਮੌਤ ਦਾ ਅਚਾਨਕ ਆਇਆ ਸੱਦਾ ਮੁੰਦਰੀ ਦੀਆਂ ਸਭ ਸਿਆਣਪਾਂ 'ਤੇ ਭਾਰੂ ਪੈ ਜਾਂਦਾ ਹੈ। ਪਤੀ ਦੀ ਅਣਹੋਂਦ ਵਾਲੇ ਘਰ ਦੀ ਤਾਂ ਉਸ ਨੇ ਕਦੇ ਕਲਪਨਾ ਵੀ ਨਹੀਂ ਕੀਤੀ ਹੋਣੀ। ਭਾਵੇ ਪਤੀ ਦੀ ਮੌਤ ਦਾ ਦੁੱਖ ਮੁੰਦਰੀ ਲਈ ਅਸਹਿ ਹੁੰਦਾ ਹੈ ਪਰੰਤੂ ਫਿਰ ਵੀ ਦੁੱਖਾਂ ਦੀ ਇਸ ਹਨੇਰੀ ਦਾ ਉਹ ਵੀਰਾਂਗਣਾਂ ਵਾਂਗ ਮੁਕਾਬਲਾ ਕਰਦੀ ਹੈ। ਕਬੀਲਦਾਰੀ ਵਾਲੇ ਗੱਡੇ ਨੂੰ ਇਕੱਲਿਆਂ ਹੀ ਖਿੱਚਣ ਦੀ ਸਮਰੱਥਾ ਰੱਖਣ ਵਾਲੀ ਮੁੰਦਰੀ ਜਲਦੀ ਹੀ ਦੁਬਾਰਾ ਆਪਣੇ ਕੰਮ ਵਿੱਚ ਰੁੱਝ ਜਾਂਦੀ ਹੈ। ਪਤੀ ਦੀ ਮੌਤ ਵਾਲੇ ਦੁੱਖ 'ਚੋਂ ਮੁੜ ਉਭਰਨ ਲਈ ਉਹ ਪੱਛਮੀ ਕਲਚਰ ਦੇ ਖੁਲ੍ਹੇ-ਡੁੱਲ੍ਹੇ ਵਾਤਾਵਰਨ ਦੀ ਤਰਜ਼ ਤੇ ਜ਼ਰੂਰ ਚਲਦੀ ਹੈ ਪਰੰਤੂ ਫਿਰ ਵੀ ਕਿਸੇ ਤਰ੍ਹਾਂ ਦੇ ਜਿਨਸੀ ਪ੍ਰਦੂਸ਼ਣ ਦਾ ਸ਼ਿਕਾਰ ਨਹੀਂ ਹੁੰਦੀ। ਦੀਪੇ ਦਾ ਦੋਸਤ ਤਰਸੇਮ ਜਵਾਨੀ ਦੀ ਦਹਿਲੀਜ਼ ਤੇ ਇਕੱਲੀ ਖੜ੍ਹੀ ਮੁੰਦਰੀ ਨੂੰ ਹਮੇਸ਼ਾ ਭੁੱਖੀਆਂ ਨਜ਼ਰਾਂ ਨਾਲ ਤੱਕਦਾ ਹੈ। ਤਰਸੇਮ ਵਰਗੇ ਲੋਕਾਂ ਦੀਆਂ ਇਹਨਾਂ ਹਰਕਤਾਂ ਦਾ ਕਰਾਰਾ ਜਵਾਬ ਦੇਣ ਲਈ ਅਤੇ ਸਮਾਜ ਦੇ ਕਰੂਰ ਪੰਜਿਆਂ ਤੋਂ ਆਪਣੇ-ਆਪ ਨੂੰ ਬਚਾਉਣ ਲਈ ਮੁੰਦਰੀ ਆਪਣੇ ਪੁਰਾਣੇ

ਪ੍ਰੇਮੀ ਟਿੱਕੇ ਨੂੰ ਆਪਣੀ ਢਾਲ ਬਣਾ ਲੈਂਦੀ ਹੈ। ਉਹ ਟਿੱਕੇ ਨਾਲ ਕਦਮ ਮਿਲਾ ਕੇ ਚਲਦੀ ਹੈ ਤਾਂ ਕਿ ਲੋਕਾਂ ਦੀਆਂ ਲਲਚਾਈਆਂ ਨਜ਼ਰਾਂ ਬੇਗਾਨੀ ਧਰਤੀ 'ਤੇ ਉਸ ਨੂੰ ਇੱਕਲੀ ਨਾ ਸਮਝਣ। ਜਦੋਂ ਮੁੰਦਰੀ ਦਾ ਕਾਰੋਬਾਰ ਵਧੀਆ ਸੈੱਟ ਹੋ ਜਾਂਦਾ ਹੈ ਤਾਂ ਉਸ ਦਾ ਔਰਤ ਮਨ ਆਪਣੇ ਘਰ-ਬਾਰ, ਪਤੀ, ਬੱਚਿਆਂ ਵਾਲੇ ਸਮਾਜਕ ਜੀਵਨ ਲਈ ਤੜਪ ਉਠਦਾ ਹੈ। ਕੁਝ ਸਮੇਂ ਤੱਕ ਟਿੱਕੇ ਤੋਂ ਵਿਆਹ ਦੀ ਉਮੀਦ ਰੱਖਣ ਤੋਂ ਬਾਅਦ ਜਦੋਂ ਮੁੰਦਰੀ ਨੂੰ ਮਹਿਸੂਸ ਹੁੰਦਾ ਹੈ ਕਿ ਟਿੱਕਾ ਉਸ ਨੂੰ 'ਘੜੀ ਦੇ ਪੈਂਡਲੂਮ'[3] ਵਾਂਗ ਵਿਚਕਾਰ ਲਟਕਦੀ ਛੱਡ ਦੇਵੇਗਾ ਤਾਂ ਉਹ ਪੌਲ ਪਰਾਸ਼ਰ ਵਲੋਂ ਮਿਲੇ ਵਿਆਹ ਦੇ ਪਰੋਪੋਜ਼ ਨੂੰ ਸਵੀਕਾਰ ਕਰ ਲੈਂਦੀ ਹੈ । ਆਪਣੇ ਵਿਆਹੁਤਾ ਜੀਵਨ ਦੀ ਗੱਡੀ ਨੂੰ ਉਹ ਕੁਸ਼ਲ ਗ੍ਰਹਿਣੀ ਬਣ ਕੇ ਸੰਭਾਲਦੀ ਹੈ । ਭਾਵੇਂ ਪੌਲ ਦੱਬੂ ਸੁਭਾਅ ਦਾ ਹੁੰਦਾ ਹੈ ਪਰ ਮੁੰਦਰੀ ਫਿਰ ਵੀ ਉਸ ਨਾਲ ਕਿਸੇ ਤਰ੍ਹਾਂ ਦਾ ਵਧੀਕੀ ਵਾਲਾ ਕੋਈ ਵਿਹਾਰ ਨਹੀਂ ਕਰਦੀ। ਇਸ ਕਰਕੇ ਉਨ੍ਹਾਂ ਦਾ ਗ੍ਰਹਿਸਥ ਜੀਵਨ ਸੁਖਾਵਾਂ ਬਣਿਆ ਰਹਿੰਦਾ ਹੈ।

ਪੰਜਾਬੀ ਸਭਿਆਚਾਰ ਦੀਆਂ ਕੀਮਤਾਂ ਅਤੇ ਪੈਟਰਨ ਸਮਾਜ ਵਿੱਚ ਔਰਤ ਦੇ ਆਚਰਣ ਵਿਚਰਣ ਲਈ ਜਿੰਨੇ ਪ੍ਰਕਰਣਾਂ ਨੂੰ ਪ੍ਰਵਾਨਗੀ ਪ੍ਰਾਪਤ ਹੈ ਉਹ ਲਗਭਗ ਸਾਰੇ ਇਸ ਨਾਵਲ ਦੇ ਵਿੱਚ ਉਪਲਬਧ ਹਨ। ਸਾਡੀ ਸਮਾਜਕ ਪਰਿਵਾਰਕ ਬਣਤਰ ਵਿੱਚ ਇੱਕ ਧੀ, ਇੱਕ ਭੈਣ, ਇੱਕ ਮਾਂ ਜਾਂ ਇੱਕ ਪਤਨੀ ਵਜੋਂ ਭੂਮਿਕਾ ਨਿਭਾਉਂਦੀ ਇੱਕ ਔਰਤ ਹੀ ਨਹੀਂ, ਸਮਾਜ ਸਭਿਆਚਾਰ ਵਿੱਚ ਕਿਸੇ ਮਰਦ ਦੀ ਚਾਹਤ ਉਪਰੰਤ ਇਕ ਪ੍ਰੇਮਿਕਾ ਵਜੋਂ ਵਿਚਰਦੀ ਔਰਤ ਦੇ ਲਟ-ਲਟ ਕਰਦੇ ਜਜ਼ਬਿਆਂ ਨੂੰ ਅਤਿ ਸੂਖਮਤਾ ਨਾਲ ਪਕੜ ਕੇ ਕਲਾਤਮਕਤਾ ਨਾਲ ਪੇਸ਼ ਕਰਨਾ ਵੀ ਨਾਵਲਕਾਰ ਦੀ ਥੀਮਕ ਉਸਾਰੀ ਦੇ ਫੋਕਸ ਵਿੱਚ ਹੈ। ਬਾਕੀ ਸਮਾਜਕ ਰਿਸ਼ਤਿਆਂ ਅਤੇ ਕਾਰਾਂ ਵਿਚਾਰਾਂ ਵਿਚ ਕਾਰਜਸ਼ੀਲ ਮੁੰਦਰੀ ਦਾ ਟਿੱਕੇ ਨਾਲ ਬਣਿਆ ਸਹਿਜ ਸੁਭਾਵਕ ਰਿਸ਼ਤਾ ਉਨ੍ਹਾਂ ਦੇ ਪ੍ਰੇਮ-ਪ੍ਰਸੰਗ ਦਾ ਰੂਪ ਧਾਰ ਕੇ ਸਾਹਮਣੇ ਆਉਂਦਾ ਹੈ। ਭਾਵੇਂ ਕਿ ਮੁੰਦਰੀ ਦੇ ਇੰਗਲੈਂਡ ਪਹੁੰਚਣ ਤੋਂ ਬਾਅਦ ਕੁਝ ਸਮਾਂ ਇਨ੍ਹਾਂ ਸਬੰਧਾਂ ਵਿੱਚ ਠਹਿਰਾਓ ਦੀ ਸਥਿਤੀ ਪੈਦਾ ਜ਼ਰੂਰ ਹੁੰਦੀ ਹੈ ਪਰੰਤੂ ਮੁੰਦਰੀ ਦੇ ਪਤੀ ਦੀਪੇ ਦੀ ਮੌਤ ਇਨ੍ਹਾਂ ਸਬੰਧਾਂ ਨੂੰ ਮੁੜ ਸੁਰਜੀਤ ਕਰ ਗਹਿਰਾਈ ਪ੍ਰਦਾਨ ਕਰਦੀ ਹੈ। ਪਤੀ ਦੀ ਮੌਤ ਤੋਂ ਬਾਅਦ ਮੁੰਦਰੀ ਆਪਣੇ ਪ੍ਰੇਮੀ ਟਿੱਕੇ ਨੂੰ ਬੁੱਕਲ ਦਾ ਪੂਰਾ ਨਿੱਘ ਪ੍ਰਦਾਨ ਕਰਦੀ ਹੈ। ਉਹ ਟਿੱਕੇ ਨੂੰ ਆਪਣਾ ਜੀਵਨ ਸਾਥੀ ਬਣਾਉਣਾ ਲੋਚਦੀ ਹੈ ਪਰ ਟਿੱਕਾ ਉਸ ਨੂੰ ਪੱਕੇ ਤੌਰ 'ਤੇ ਘਰ ਵਸਾਉਣ ਦਾ ਸਾਹਸ ਨਹੀਂ ਕਰ ਪਾਉਂਦਾ ਬਲਕਿ ਉਹ ਇਨ੍ਹਾਂ ਸਬੰਧਾਂ ਨੂੰ ਸਰੀਰ ਦੀ ਪੱਧਰ ਤੱਕ ਮਹਿਦੂਦ ਰੱਖਣਾ ਚਾਹੁੰਦਾ ਹੈ। ਇੱਥੋਂ ਤੱਕ ਕਿ ਮੁੰਦਰੀ ਦੇ ਗਰਭ ਵਿੱਚ ਪਲ ਰਹੇ ਆਪਣੇ ਬੱਚੇ ਨੂੰ ਵੀ ਉਹ ਆਪਣਾ ਨਾਮ ਦੇਣ ਤੋਂ ਇਨਕਾਰੀ ਹੋ ਜਾਂਦਾ ਹੈ ਅਤੇ ਮੁੰਦਰੀ ਨੂੰ ਅਬਾਰਸ਼ਨ ਕਰਵਾਉਣ ਦੀ ਸਲਾਹ ਦੇ ਕੇ ਪੱਲਾ ਛੁਡਵਾ ਲੈਂਦਾ ਹੈ। ਆਪਣੇ ਇਹਨਾਂ ਅਨੋਖੇ ਪ੍ਰੇਮ ਸਬੰਧਾਂ ਅਤੇ ਅਗਲੇਰੇ ਭਵਿੱਖ ਦੇ ਦਵੰਦ ਦੀ ਚਿੰਤਾ ਵਿੱਚ ਡੁੱਬੀ ਮੁੰਦਰੀ ਨੂੰ ਮਜ਼ਬੂਰਨ ਪੌਲ ਨਾਲ ਵਿਆਹ ਕਰਵਾਉਣ ਵਾਲਾ ਕਦਮ ਚੁੱਕਣਾ ਪੈਂਦਾ ਹੈ। ਪਰੰਤੂ ਵਿਆਹ ਬੰਧਨ ਵਿੱਚ ਬੱਝਣ ਦੇ ਬਾਵਜੂਦ ਵੀ ਉਹ ਆਪਣੇ ਪ੍ਰੇਮ ਸਬੰਧਾਂ ਨੂੰ ਬਰਾਬਰ ਦੀ ਮਾਨਤਾ ਦਿੰਦੀ ਦੇਖੀ ਜਾ ਸਕਦੀ ਹੈ। ਜ਼ਿੰਦਗੀ ਵਿੱਚ ਲੈਣ ਵਾਲੇ ਹਰ ਫੈਸਲੇ ਲਈ ਉਹ ਟਿੱਕੇ ਦੀ ਸਲਾਹ ਲੈਣੀ ਵਾਜਿਬ ਸਮਝਦੀ ਹੈ। ਆਪਣੇ ਬੱਚਿਆਂ ਨੂੰ ਜਨਮ ਦੇਣ ਸਮੇਂ ਅਤੇ ਕੈਟਰੀਨਾਂ ਤੋਂ ਬਿਊਟੀ ਪਾਰਲਰ ਦਾ ਸਮਾਨ ਖਰੀਦਣ ਸਮੇਂ ਉਹ ਪਹਿਲਾਂ ਟਿੱਕੇ ਨਾਲ ਮਸ਼ਵਰਾ ਕਰਦੀ ਹੈ। ਆਪਣੇ ਪਿਆਰ ਨੂੰ ਸਦੀਵੀ ਤੌਰ 'ਤੇ ਜਿੰਦਾ ਰੱਖਣ ਲਈ ਉਹ ਟਿੱਕੇ ਦੀ ਨਿਸ਼ਾਨੀ ਵੱਜੋਂ ਉਸ ਦੇ ਪੁੱਤਰ ਨੂੰ ਜਨਮ ਦਿੰਦੀ ਹੈ, ਖੁਸ਼ੀ ਨਾਲ ਪਾਲ਼ਦੀ ਹੈ ਅਤੇ ਉਸ ਬੱਚੇ ਨੂੰ ਸਿੱਖ ਮਰਿਯਾਦਾ ਵਾਲੀ ਅਲੱਗ ਪਹਿਚਾਣ ਵੀ ਦਿੰਦੀ ਹੈ।

ਟਿੱਕੇ ਦੇ ਪਿਆਰ ਵੇਗ ਵਿੱਚ ਵਹਿ ਚੁੱਕੀ ਮੁੰਦਰੀ ਆਪਣੇ ਪਿਆਰ ਲਈ ਤਨ ਮਨ ਤੇ ਸਭ ਕੁਝ ਕੁਰਬਾਨ ਕਰਨ ਲਈ ਤਤਪਰ ਹੁੰਦੀ ਦੇਖੀ ਜਾ ਸਕਦੀ ਹੈ। ਪਰ ਜਿਸ ਮਰਦ ਨਾਲ ਉਸ ਦੇ ਦਿਲ



ਦੀ ਸਾਂਝ ਪੈਂਦੀ ਹੈ ਉਹਦੇ ਜ਼ਿਹਨ ਵਿਚੋਂ ਪਿਆਰ ਦੇ ਜਜ਼ਬਾਤ ਦਾ ਖਾਤਮਾ ਹੋਇਆ ਨਜ਼ਰ ਆਉਂਦਾ ਹੈ। ਉਹ ਇਸ ਪਿਆਰ ਨੂੰ ਕਾਮ ਪੂਰਤੀ ਅਤੇ ਸਰੀਰਕ ਭੁੱਖ ਮਿਟਾਉਣ ਦੇ ਸਾਧਨ ਤੋਂ ਵੱਧ ਕੁਝ ਨਹੀਂ ਸਮਝਦਾ। ਉਹ ਮੁੰਦਰੀ ਕੋਲ ਸਿਰਫ਼ ਆਪਣੀ ਕਾਮ ਅਗਨੀ ਸ਼ਾਂਤ ਕਰਨ ਲਈ ਆਉਂਦਾ ਹੈ। ਸਾਰੇ ਦਿਨ ਦੇ ਕੰਮ ਕਾਜ ਕਾਰਨ ਹੋਏ ਥਕੇਵੇਂ ਦੀ ਟੁੱਟੀ ਭੱਜੀ ਅਤੇ ਮਾਨਸਿਕ ਪਰੇਸ਼ਾਨੀਆਂ ਵਿੱਚ ਘਿਰੀ ਮੁੰਦਰੀ, ਉਸ ਦੀ ਅੱਖਾਂ ਵਿਛਾ ਕੇ ਉਡੀਕ ਕਰਦੀ ਹੈ ਪਰ ਇੱਕ ਉਹ ਹੈ ਜਿਸ ਨੂੰ ਮੁੰਦਰੀ ਦੀਆਂ ਇਹਨਾਂ ਭਾਵਨਾਵਾਂ ਦੀ ਕੋਈ ਕਦਰ ਨਹੀਂ। ਉਹ ਆਉਂਦਾ ਹੀ ਬਿਨਾਂ ਕੋਈ ਪਿਆਰ ਦੀ ਗੱਲ ਕਰੇ ਮੁੰਦਰੀ ਨੂੰ ਹਵਸ ਪੂਰਤੀ ਦਾ ਸ਼ਿਕਾਰ ਬਣਾਉਣਾ ਚਾਹੁੰਦਾ ਹੈ। ਮੁੰਦਰੀ ਉਸ ਸਾਹਮਣੇ ਆਪਣੇ ਨਿਢਾਲ ਹੋਏ ਸਰੀਰ ਦਾ ਵਾਸਤਾ ਪਾਉਂਦੀ ਹੋਈ ਕਹਿੰਦੀ ਹੈ, "ਟਿੱਕਾ ਜੀ, ਪਲੀਜ਼ ਅੱਜ ਨਹੀਂ, ਅੱਜ ਮੇਰੇ ਕੋਲ ਬੈਠੋ, ਕੋਈ ਗੱਲ ਕਰੋ, ਮੇਰੇ ਸਿਰ ਵਿੱਚ ਬਹੁਤ ਪੀੜ ਐ ।"[4] ਪਰ ਮੁੰਦਰੀ ਦੇ ਇਹਨਾਂ ਬੋਲਾਂ ਦੀ ਕੋਈ ਪਰਵਾਹ ਨਾ ਕਰਨ ਵਾਲਾ ਟਿੱਕਾ ਅਗੋਂ ਇਹ ਗਾਲ ਕੱਢ, "ਦੇਖ ਮਾਂ ਯਾਵੀ ਪਾਖੰਡ ਕਿੱਦਾ ਕਰਦੀ ਆਂ।"[5] ਮੁੰਦਰੀ ਦੇ ਸਰੀਰ ਨੂੰ ਧੱਕੇ ਨਾਲ ਨੋਚਣਾ ਸ਼ੁਰੂ ਕਰ ਦਿੰਦਾ ਹੈ। ਟਿੱਕੇ ਦੀ ਇਹ ਹਰਕਤ ਮੁੰਦਰੀ ਨੂੰ ਧੁਰ ਅੰਦਰ ਤੱਕ ਠੇਸ ਪਹੁੰਚਾ ਜਾਂਦੀ ਹੈ ਜੋ ਗੁੱਸੇ ਦਾ ਅਜਿਹਾ ਗੁਬਾਰ ਬਣ ਕੇ ਫੁੱਟ ਪੈਂਦੀ ਹੈ ਕਿ ਮੁੰਦਰੀ ਟਿੱਕੇ ਨੂੰ ਆਪਣੇ ਬਿਊਟੀ ਪਾਰਲਰ 'ਚੋ ਬਾਹਰ ਕੱਢ ਦਿੰਦੀ ਹੈ।

ਮੁੰਦਰੀ ਦਾ ਟਿੱਕੇ ਪ੍ਰਤੀ ਲਿਆ ਇਹ ਸਖ਼ਤ ਫੈਸਲਾ ਪੰਜਾਬੀ ਔਰਤ ਦੁਆਰਾ ਸੁੰਗੜੀ ਹੋਈ ਫ਼ਿਜਾ 'ਚੋ ਅੰਗੜਾਈ ਲੈਣ ਦਾ ਯਤਨ ਆਖਿਆ ਜਾ ਸਕਦਾ ਹੈ। ਉਸ ਦੇ ਮਨ ਦੀ ਦ੍ਰਿੜ ਸ਼ਕਤੀ 'ਚੋਂ ਉਪਜਿਆ ਇਹ ਫੈਸਲਾ ਸਮੁੱਚੇ ਔਰਤ ਸਮਾਜ ਲਈ ਇਕ ਮੀਲ ਪੱਥਰ ਸਾਬਿਤ ਹੁੰਦਾ ਹੈ ਜੋ ਇਹ ਸਿੱਧ ਕਰਦਾ ਹੈ ਕਿ ਅਜੋਕਾ ਔਰਤ ਸਮਾਜ ਹੁਣ ਪਹਿਲਾਂ ਵਰਗੀ 'ਗੂੰਗੀ ਭੀੜ' ਨਹੀਂ ਰਿਹਾ। ਵਿਕਸਤ ਪੂੰਜੀਵਾਦੀ ਦੇਸ਼ਾਂ ਵਿੱਚ ਵਿਚਰਦੀ ਔਰਤ ਦੀ ਸਥਿਤੀ ਵਿੱਚ, ਨਿਰਸੰਦੇਹ, ਬੁਨਿਆਦੀ ਪਰਿਵਰਤਨ ਆਇਆ ਹੈ। ਉਹ ਆਪਣੀ ਸੁੰਤਤਰ ਪਛਾਣ ਅਤੇ ਮਨੁੱਖੀ ਹੱਕਾਂ ਪ੍ਰਤੀ ਜਾਗ੍ਰਿਤ ਹੋਈ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਵਿਕਸਤ ਮੁਲਕਾਂ ਦਾ ਪੂੰਜੀਵਾਦੀ ਢਾਂਚਾ ਔਰਤ ਨੂੰ ਮਸ਼ੀਨ ਦਾ ਅੰਗ ਤਾਂ ਜ਼ਰੂਰ ਬਣਾਉਂਦਾ ਹੈ ਪਰ ਨਾਲ ਹੀ ਉਸ ਨੂੰ ਆਰਥਕ ਤੌਰ 'ਤੇ ਸੁਤੰਤਰ ਵੀ ਕਰਦਾ ਹੈ। ਇਹ ਆਰਥਕ ਸੁਤੰਤਰਤਾ ਉਸ ਨੂੰ ਆਪਣੇ ਫੈਸਲੇ ਆਪ ਕਰ ਸਕਣ ਦੀ ਆਜ਼ਾਦੀ ਦਿੰਦੀ ਹੈ ਤੇ ਔਰਤ ਨੂੰ ਦਬਾਉਣ ਵਾਲੀਆਂ ਰੂੜ੍ਹ ਹੋ ਚੁੱਕੀਆਂ ਰਵਾਇਤਾਂ ਖਿਲਾਫ਼ ਖੜ੍ਹੇ ਹੋ ਸਕਣ ਦਾ ਹੌਸਲਾ ਵੀ ਪ੍ਰਦਾਨ ਕਰਦੀ ਹੈ। ਵਿਕਸਤ ਪੂੰਜੀਵਾਦੀ ਦੇਸ਼ ਵਿੱਚ ਵਿਚਰ ਰਹੀ ਮੁੰਦਰੀ ਦੀ ਆਰਥਕ ਸੁਤੰਤਰਤਾ ਉਸ ਨੂੰ ਉਹ ਸ਼ਕਤੀ ਤੇ ਸਾਹਸ ਪ੍ਰਦਾਨ ਕਰਦੀ ਹੈ ਜਿਸ ਦੇ ਬਲਬੂਤੇ ਉਹ ਟਿੱਕੇ ਵਿਰੁੱਧ ਆਵਾਜ਼ ਉਠਾਉਣ ਦੇ ਸਮਰਥ ਹੋ ਜਾਂਦੀ ਹੈ।

ਮੁੰਦਰੀ ਦੁਆਰਾ ਟਿੱਕੇ ਨਾਲ ਕੀਤੇ ਇਸ ਤਰ੍ਹਾਂ ਦੇ ਵਿਹਾਰ ਦਾ ਮਤਲਬ ਇਹ ਨਹੀਂ ਕਿ ਟਿੱਕੇ ਨੇ ਮੁੰਦਰੀ ਦੇ ਪਿਆਰ ਬਦਲੇ ਕੁਝ ਨਹੀਂ ਕੀਤਾ। ਮੁੰਦਰੀ ਦੇ ਜੀਵਨ ਸਫ਼ਰ ਦੌਰਾਨ ਆਈਆਂ ਮੁਸ਼ਕਲਾਂ ਸਮੇਂ ਉਹ ਮੁੰਦਰੀ ਦੀ ਧਿਰ ਬਣ ਕੇ ਉਸ ਦੇ ਨਾਲ ਖਲੋਂਦਾ ਰਿਹਾ ਹੈ। ਪਤੀ ਦੀ ਮੌਤ ਤੋਂ ਬਾਅਦ ਇੱਕਲੀ ਮੁੰਦਰੀ ਦਾ ਟਿੱਕਾ ਹੀ ਸਹਾਰਾ ਬਣਦਾ ਹੈ। ਮੁੰਦਰੀ ਦਾ ਕਾਰੋਬਾਰ ਸਥਾਪਤ ਕਰਨ ਲਈ ਬਿਊਟੀਸ਼ਨ ਦਾ ਕੋਰਸ ਕਰਵਾਉਣ ਤੋਂ ਲੈ ਕੇ ਉਸ ਦੇ ਬਿਜ਼ਨਸ ਨੂੰ ਪੱਕੇ ਤੌਰ ਤੇ ਸਥਾਪਤ ਕਰਨ ਲਈ ਉਹ ਹਰ ਸੰਭਵ ਸਹਾਇਤਾ ਕਰਦਾ ਹੈ। ਪਰੰਤੂ ਇਹਨਾਂ ਸਭ ਕੁਝ ਕਰਨ ਦੇ ਬਾਵਜੂਦ ਵੀ ਉਹ ਜਗੀਰੂ ਮਰਦ ਸਮਾਜ ਵਾਲੀਆਂ ਟੈਬੂ ਬਿਰਤੀਆਂ ਨੂੰ ਆਪਣੀ ਮਾਨਸਿਕਤਾ 'ਚੋਂ ਬਾਹਰ ਨਹੀਂ ਕੱਢ ਸਕਦਾ। ਜਗੀਰੂ ਸਮਾਜ ਦੁਆਰਾ ਸਥਾਪਤ ਕੀਤੀਆਂ ਹੱਦਾਂ ਦੀ ਉਲੰਘਣਾ ਕਰ ਮੁੰਦਰੀ ਨੂੰ ਆਪਣੇ ਘਰ ਵਸਾਉਣ ਦੀ ਉਹ ਹਿੰਮਤ ਨਹੀਂ ਕਰ ਸਕਦਾ। ਪਰੰਤੂ ਉਸ ਅੰਦਰਲਾ ਜਗੀਰੂ ਮਰਦ ਮੁੰਦਰੀ ਉੱਪਰ ਆਪਣਾ ਹੱਕ ਜ਼ਰੂਰ ਕਾਇਮ ਰੱਖਣਾ ਚਾਹੁੰਦਾ ਹੈ। ਕਿਉਂਕਿ ਮਰਦ ਤਾਂ ਮਰਦ ਹੀ ਹੈ। ਮੌਜੂਦਾ

ਸਮੇਂ ਵਿੱਚ ਗੁਲਾਮਦਾਰੀ ਪ੍ਰਥਾ ਭਾਵੇਂ ਨਹੀਂ ਰਹੀ, ਪਰ ਔਰਤ ਨੂੰ ਗੁਲਾਮ ਸਮਝਣ ਵਾਲੀ ਮਾਨਸਿਕਤਾ ਨੂੰ ਮਰਦ ਅਜੇ ਵੀ ਤਿਆਗ ਨਹੀਂ ਸਕਿਆ। ਮੁੰਦਰੀ ਨਾਲ ਗੁੱਸੇ ਹੋਣ ਤੋਂ ਬਾਅਦ ਆਪਣੀ ਮਰਦਾਵੀਂ ਹਉਮੈ ਦਾ ਸ਼ਿਕਾਰ ਟਿੱਕਾ ਕਦੇ ਉਸ ਨੂੰ ਮਨਾਉਣ ਦੀ ਕੋਸ਼ਿਸ਼ ਨਹੀਂ ਕਰਦਾ। ਮੁੰਦਰੀ ਇਹ ਸਭ ਕੁਝ ਬੜੀ ਹਲੀਮੀ ਨਾਲ ਸਹਿਨ ਕਰਦੀ ਰਹਿੰਦੀ ਹੈ ਕਿਉਂਕਿ ਉਹ ਆਪਣੇ ਪ੍ਰੇਮੀ ਕੋਲੋਂ ਪਿਆਰ, ਮੁਹੱਬਤ ਦੀ ਮੰਗ ਕਰਦੀ ਹੈ, ਉਸ ਕੋਲੋਂ ਜਜ਼ਬਿਆਂ ਦੀ ਕਦਰ ਕਰਨ ਵਾਲਾ ਵਿਸ਼ਵਾਸ ਚਾਹੁੰਦੀ ਹੈ। ਪਰ ਆਪਣੀ ਹਵਸ ਮਿਟਾਉਣ ਦੀ ਸੋਚ ਤੱਕ ਸੀਮਤ ਰਹਿਣ ਵਾਲਾ ਟਿੱਕਾ ਉਸ ਦੀਆਂ ਇਹਨਾਂ ਸੱਧਰਾਂ ਦਾ ਕੋਈ ਮੁੱਲ ਨਹੀਂ ਪਾਉਂਦਾ। ਮੁੰਦਰੀ ਨੂੰ ਜਦੋਂ ਲਗਦਾ ਹੈ ਕਿ ਟਿੱਕਾ ਨਾ ਤਾਂ ਉਸ ਦੇ ਜਜ਼ਬਿਆਂ ਦੀ ਕਦਰ ਕਰਦਾ ਹੈ ਅਤੇ ਨਾ ਹੀ ਉਸ ਨੂੰ ਬਣਦਾ ਮਾਨ ਸਨਮਾਨ ਜਾਂ ਰੁਤਬਾ ਪ੍ਰਦਾਨ ਕਰਦਾ ਹੈ ਤਾਂ ਉਸ ਅੰਦਰਲੀ ਹੋਂਦ ਦਾ ਅਹਿਸਾਸ ਉਸ ਨੂੰ ਕੁਰੇਦਣਾ ਸ਼ੁਰੂ ਕਰ ਦਿੰਦਾ ਹੈ। ਆਪਣੀ ਹੋਂਦ ਪ੍ਰਤੀ ਚੇਤੰਨ ਹੋਈ ਮੁੰਦਰੀ ਦੇ ਵਿਚਾਰਾਂ ਵਿੱਚ ਪਰਿਵਰਤਨ ਆਉਂਦਾ ਹੈ। ਕਿਉਂਕਿ ਜਿੱਥੇ ਚੇਤਨਾ ਆਉਂਦੀ ਹੈ ਉਥੇ ਬਦਲਾਵ ਆਉਣਾ ਤਾਂ ਲਾਜ਼ਮੀ ਹੈ। ਆਪਣੇ ਵਿਚਾਰਾਂ ਵਿੱਚ ਆਪਣੀ ਚੇਤਨਤਾ ਕਾਰਨ ਮੁੰਦਰੀ ਨੂੰ ਅਹਿਸਾਸ ਹੁੰਦਾ ਹੈ ਕਿ ਜੇਕਰ ਟਿੱਕਾ ਉਸ ਨੂੰ ਰਾਣੀ ਬਣਾ ਕੇ ਨਹੀਂ ਰੱਖ ਸਕਦਾ ਤਾਂ ਮੈਂ ਵੀ ਉਸ ਦੇ ਪੈਰ ਦੀ ਜੁੱਤੀ ਬਣ ਕੇ ਉਸ ਦੀ ਗੁਲਾਮ ਜਾਂ ਮੁਥਾਜ ਨਹੀਂ ਰਹਿ ਸਕਦੀ। ਇਸ ਲਈ ਉਹ ਟਿੱਕੇ ਤੋਂ ਖਹਿੜਾ ਛੁਡਾਉਣ ਲਈ ਤਿਆਰ ਹੋ ਜਾਂਦੀ ਹੈ। ਉਹ ਟਿੱਕੇ ਦੀ ਹਰ ਨਿਸ਼ਾਨੀ ਮਿਟਾ ਦੇਣਾ ਚਾਹੁੰਦੀ ਹੈ ਇਸ ਲਈ ਉਹ ਟਿੱਕੇ ਤੋਂ ਪ੍ਰਾਪਤ ਪੁੱਤਰ ਨੂੰ ਵੀ ਉਸ ਕੋਲ ਭੇਜ ਦਿੰਦੀ ਹੈ।

ਟਿੱਕੇ ਨਾਲ ਸਾਰੇ ਸਬੰਧ ਤੋੜਨ ਦੀ ਇਹ ਪ੍ਰਤੀਕਿਰਿਆ ਮੁੰਦਰੀ ਦੇ ਆਤਮ ਸਨਮਾਨ ਉਪਰ ਲੱਗੀ ਡੂੰਘੀ ਸੱਟ ਕਾਰਨ ਵਾਪਰਦੀ ਹੈ। ਉਹ ਟਿੱਕੇ ਨੂੰ ਦਿੱਤੇ ਸੱਚੇ ਪਿਆਰ ਦੇ ਬਦਲੇ ਪਿਆਰ ਦੀ ਮੰਗ ਕਰਦੀ ਹੈ ਅਤੇ ਇਹ ਪਿਆਰ ਉਹ ਕਿਸੇ ਖੈਰਾਤ ਵਜੋਂ ਨਹੀਂ ਬਲਕਿ ਇੱਜ਼ਤ ਸਹਿਤ ਪ੍ਰਾਪਤ ਕਰਨਾ ਚਾਹੁੰਦੀ ਹੈ। ਇਹ ਕਾਰਨ ਹੁੰਦਾ ਹੈ ਕਿ ਆਪਣੇ ਜਜ਼ਬਾਤਾਂ ਦੀ ਕਦਰ ਨਾ ਪੈਣ ਕਾਰਨ ਮੁੰਦਰੀ ਟਿੱਕੇ ਵਿਰੁੱਧ ਕੜਾ ਨਿਰਣਾ ਲੈਂਦੀ ਹੈ ਪਰ ਇਹ ਨਿਰਣਾ ਕਰਨ ਉਪਰੰਤ ਉਸ ਨੂੰ ਵੀ ਧਰਤੀ ਦੇ ਦੂਜੇ ਇਨਸਾਨਾਂ ਵਾਂਗ ਦਰਦ ਦਾ ਅਹਿਸਾਸ ਹੁੰਦਾ ਹੈ। ਉਸ ਨੂੰ ਟਿੱਕੇ ਦੀ ਯਾਦ ਸਤਾਉਂਦੀ ਹੈ। ਉਹ ਆਪਣੇ-ਆਪ ਨੂੰ ਇੱਕਲੀ ਮਹਿਸੂਸ ਕਰਦੀ ਹੈ। ਇਹਨਾਂ ਚਿੰਤਾਵਾਂ ਦੀ ਸਤਾਈ ਮੁੰਦਰੀ ਨੂੰ ਜਦੋਂ ਆਪਣਾ ਸਰੀਰ ਢਹਿੰਦੀ ਕਲਾ ਵੱਲ ਜਾਂਦਾ ਲਗਦਾ ਹੈ ਤਾਂ ਉਹ ਆਪਣੇ ਅੰਦਰਲੀ ਸ਼ਕਤੀ ਨੂੰ ਮੁੜ ਇੱਕਠਾ ਕਰ ਇਸ ਮੁਸੀਬਤ 'ਚੋਂ ਪਾਰ ਜਾਣ ਦਾ ਇਰਾਦਾ ਕਰਦੀ ਹੈ। ਉਹ ਆਪਣੇ ਡੋਲਦੇ ਮਨ ਨੂੰ ਦ੍ਰਿੜ ਕਰਦੀ ਹੋਈ ਸੋਚਦੀ ਹੈ, 'ਹੇ ਮੁੰਦਰੀ !...ਏਸ ਹਰਾਮੀ ਟਿੱਕੇ ਮਗਰ ਲੱਗ ਕੇ ਆਪਣਾ ਸਭ ਕੁਝ ਖਰਾਬ ਕਰ ਲਵੇਂਗੀ ? ਨਹੀਂ, ਕਦੇ ਵੀ ਨਹੀਂ, ਮੁੰਦਰੀ ਏਦਾਂ ਨਹੀਂ ਕਰ ਸਕਦੀ। ਉਹਨੂੰ ਦੱਸ ਦੇ ਕਿ ਜੇ ਉਹ ਟਿੱਕਾ ਐ ਤਾਂ ਤੂੰ ਮੁੰਦਰੀ ਐਂ।'[6]

ਮੁੰਦਰੀ ਦੇ ਇਸ ਫੈਸਲੇ ਦਾ ਇਹ ਸਿੱਟਾ ਬਿਲਕੁਲ ਨਹੀਂ ਨਿਕਲਦਾ ਕਿ ਉਸ ਨੇ ਖ਼ੁਦ ਨੂੰ ਸਥਾਪਤ ਕਰਨ ਲਈ ਟਿੱਕੇ ਨੂੰ ਲੋੜ ਅਨੁਸਾਰ ਵਰਤ ਲਿਆ ਅਤੇ ਆਪਣਾ ਮਤਲਬ ਸਿੱਧ ਹੋਣ ਤੋਂ ਬਾਅਦ ਉਸ ਤੋਂ ਪਾਸਾ ਵੱਟ ਲਿਆ। ਅਸਲ ਵਿੱਚ ਮੁੰਦਰੀ ਇਹ ਸਭ ਕੁਝ ਆਪਣੇ ਆਤਮ ਸਨਮਾਨ ਨੂੰ ਜਿੰਦਾ ਰੱਖਣ ਲਈ ਕਰਦੀ ਹੈ। ਆਪਣੇ ਚਰਿੱਤਰ ਦੇ ਇਸ ਗੁਣ ਨੂੰ ਤਾਂ ਉਹ ਮਾੜੇ ਤੋਂ ਮਾੜੇ ਹਾਲਾਤ ਸਮੇਂ ਵੀ ਵੱਟਾ ਨਹੀਂ ਲੱਗਣ ਦਿੰਦੀ। ਉਹ ਸ਼ਾਮੋ ਜਾਂ ਰੇਸ਼ਮ ਕੌਰ ਵਰਗੀ ਔਰਤ ਨਹੀਂ ਜੋ ਟਿੱਕੇ ਅੱਗੇ ਆਪਣਾ ਸਰੀਰ ਪਰੋਸਣ ਦੇ ਬਦਲੇ ਉਸ ਦਾ ਮੁੱਲ ਲੈਣਾ ਜਾਣਦੀਆਂ ਹਨ। ਸ਼ਾਮੋ ਕੋਲ ਜਾਣ ਲੱਗਿਆਂ ਟਿੱਕਾ ਉਸ ਲਈ ਕੋਈ ਗਿਫ਼ਟ ਲੈ ਜਾਂਦਾ ਹੈ ਜਿਸ ਬਦਲੇ ਸ਼ਾਮੋ ਉਸ ਨੂੰ ਖ਼ੁਸ਼ ਕਰਕੇ ਤੋਰ ਦਿੰਦੀ ਹੈ। ਰੇਸ਼ਮ ਕੌਰ ਆਪਣੇ ਦੁੱਖਾਂ ਦੀ ਝੂਠੀ ਮੂਠੀ ਕਹਾਣੀ ਘੜ ਕੇ ਪਹਿਲਾਂ ਟਿੱਕੇ ਦੇ ਘਰ ਆਉਣ ਦਾ ਰਸਤਾ ਬਣਾ ਲੈਂਦੀ ਹੈ ਫੇਰ ਹੌਲੀ-ਹੌਲੀ ਟਿੱਕੇ ਦਾ ਵਿਸ਼ਵਾਸ ਜਿੱਤਣ ਦੀ ਕੋਸ਼ਿਸ਼ ਕਰਦੀ ਹੋਈ



ਉਸਨੂੰ ਵਿਆਹ ਲਈ ਉਤੇਜਿਤ ਕਰਦੀ ਹੈ। ਟਿੱਕੇ ਨੂੰ ਆਪਣੇ ਵਿੱਚ ਕੋਈ ਦਿਲਚਸਪੀ ਲੈਂਦਾ ਨਾ ਦੇਖ ਉਹ ਚੈੱਕ ਬੁੱਕ ਚੋਰੀ ਕਰਕੇ ਟਿੱਕੇ ਨੂੰ ਦੋ ਹਜ਼ਾਰ ਪੌਂਡ ਦਾ ਰਗੜਾ ਲਗਾ ਜਾਂਦੀ ਹੈ। ਦੂਜੇ ਪਾਸੇ ਮੁੰਦਰੀ ਹੈ ਜੋ ਟਿੱਕੇ ਦੁਆਰਾ ਦਿੱਤੇ ਨਾਮ 'ਮੁੰਦਰੀ' ਨੂੰ ਕਿਤੇ ਵੀ ਕਲੰਕਿਤ ਨਹੀਂ ਹੋਣ ਦਿੰਦੀ। ਉਹ ਆਪਣੇ ਸੁਭਾਅ ਵਿਚਲੇ ਗੁਣਾਂ ਸਦਕਾ ਇਸ ਨਾਮ ਉੱਤੇ ਸੌ ਫ਼ੀਸਦੀ ਖਰੀ ਉਤਰਦੀ ਹੈ। ਜ਼ਿੰਦਗੀ ਦਾ ਸਫ਼ਰ ਤੈਅ ਕਰਦਿਆਂ ਉਹ ਸੱਚਮੁੱਚ ਦੀ ਸੋਨੇ ਦੀ ਬੇਸ਼ਕੀਮਤੀ ਮੁੰਦਰੀ ਬਣ ਕੇ ਲਿਸ਼ਕਦੀ ਹੈ। ਗਰੀਬ ਹੋਣ ਦੇ ਬਾਬਜੂਦ ਵੀ ਉਹ ਆਪਣੇ ਸਰੀਰ ਦਾ ਮੁੱਲ ਨਹੀਂ ਲਗਾਉਂਦੀ। ਟਿੱਕਾ ਜਦੋਂ ਕਦੇ ਵੀ ਉਸ ਨੂੰ ਕੋਈ ਗਿਫ਼ਟ ਜਾਂ ਵਿੱਤੀ ਮਦਦ ਦੇਣਾ ਚਾਹੁੰਦਾ ਹੈ ਤਾਂ ਉਹ ਲੈਣ ਤੋਂ ਸਾਫ਼ ਇਨਕਾਰ ਕਰ ਦਿੰਦੀ ਹੈ। ਕਿਉਂਕਿ ਉਹ ਆਪਣੇ ਪ੍ਰੇਮੀ ਦਾ ਸਾਥ ਚਾਹੁੰਦੀ ਹੈ ਅਹਿਸਾਨ ਨਹੀਂ। ਉਹ ਇਹ ਸਭ ਕੁਝ ਆਪਣੇ ਆਪ ਨੂੰ ਪੂਜਣਯੋਗ 'ਦੇਵੀ' ਸਥਾਪਤ ਕਰਨ ਲਈ ਨਹੀਂ ਕਰਦੀ, ਸਗੋਂ ਇਕ ਸੁਤੰਤਰ ਤੇ ਵਿਵੇਕਸ਼ੀਲ ਪ੍ਰਾਣੀ ਦੀ ਤਰ੍ਹਾਂ ਵਿਚਰਨ ਲਈ ਕਰਦੀ ਹੈ। ਉਹ ਵੀ ਆਮ ਮਨੁੱਖਾਂ ਵਾਂਗ ਧੁਰ ਅੰਦਰ ਤੱਕ ਹੱਡ ਮਾਸ ਦੀ ਜਿਉਂਦੀ ਜਾਗਦੀ ਔਰਤ ਹੈ ਪਰ ਉਸ ਦੀ ਮਾਨਸਿਕਤਾ ਵਿੱਚ ਇਹ ਵਿਚਾਰ ਉਪਜਣ ਦਾ ਕਾਰਨ ਉਸ ਦਾ ਆਪਣੀ ਹੋਂਦ ਪ੍ਰਤੀ ਚੇਤੰਨ ਹੋਣਾ ਹੈ ਜੋ ਸਮੁੱਚੇ ਔਰਤ ਸਮਾਜ ਦਾ ਆਪਣੇ ਜਜ਼ਬਿਆਂ ਦੀ ਸੁੱਚ ਅਤੇ ਸੁਤੰਤਰ ਹੋ ਕੇ ਆਪਣੇ ਹੱਕਾਂ ਲਈ ਗਤੀਸ਼ੀਲ ਹੋਣ ਦਾ ਬਿੰਬ ਸਿਰਜਦਾ ਹੈ।

ਸਮੁੱਚੇ ਰੂਪ ਵਿੱਚ ਮੁੰਦਰੀ ਦਾ ਛੋਟੇ ਜਿਹੇ ਪਰਿਵਾਰ 'ਚੋ ਉੱਠਣ ਦਾ ਸਾਹਸ ਕਰਨਾ, ਆਪਣੇ ਅੰਦਰਲੀ ਕਾਬਲੀਅਤ ਅਤੇ ਸਮਰੱਥਾ ਨੂੰ ਪਛਾਣਨਾ, ਆਪਣੇ ਅੰਦਰਲੀ ਸ਼ਕਤੀ ਨੂੰ ਸਿਰੜ ਬਣਾ ਕੇ ਸੰਘਰਸ਼ ਕਰਨਾ ਵਿਦੇਸ਼ੀ ਧਰਤੀ ਤੇ ਜਾ ਕੇ ਆਪਣੀ ਸੁਤੰਤਰ ਪਛਾਣ ਬਣਾਵੁਣਾ, ਆਦਿ ਦੇ ਸੰਦਰਭ ਨਾਲ ਕਿਹਾ ਜਾ ਸਕਦਾ ਹੈ ਕਿ ਪਰਵਾਸੀ ਸਪੇਸ ਵਿੱਚ ਔਰਤ ਦੇ ਚੰਗੇਰੇ ਭਵਿੱਖ ਦੀਆਂ ਸੰਭਾਵਨਾਵਾ ਤਾਂ ਪਈਆਂ ਹੋਈਆਂ ਹਨ ਪਰ ਉਨ੍ਹਾਂ ਸੰਭਾਵਨਾਵਾਂ ਨੂੰ ਯਥਾਰਥਕ ਰੂਪ ਦੇਣ ਲਈ ਔਰਤ ਵਲੋਂ ਚੇਤੰਨ ਹੋ ਕੇ ਨਿਰੰਤਰ ਸੰਘਰਸ਼ ਕਰਨ ਦੀ ਜ਼ਰੂਰਤ ਹੈ।

ਹਵਾਲੇ ਅਤੇ ਟਿੱਪਣੀਆਂ

1. ਹਰਜੀਤ ਅਟਵਾਲ, ਮੁੰਦਰੀ ਡੌਟ ਕੌਮ, ਪੰਨਾ 23.
2. ਉਹੀ, ਪੰਨਾ 55.
3. ਉਹੀ, ਪੰਨਾ 93.
4. ਉਹੀ, ਪੰਨਾ 120.
5. ਉਹੀ, ਪੰਨਾ 120.
6. ਉਹੀ, ਪੰਨਾ 135.

**ਜਿੰਦਰ ਵੱਲੋਂ ਸੰਪਾਦਤ ਕਹਾਣੀ ਸੰਗ੍ਰਹਿ**

ਰਘੁਬੀਰ ਢੰਡ ਦੀਆਂ ਚੋਣਵੀਆਂ ਕਹਾਣੀਆਂ, ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ
ਔਰਤ ਮਰਦ ਸੰਬੰਧਾਂ ਦੀਆਂ ਕਹਾਣੀਆਂ, ਸੰਗਮ ਪ੍ਰਕਾਸ਼ਨ, ਸਮਾਣਾ
ਕਲਾਸੀਕਲ ਕਹਾਣੀਆਂ, ਸੰਗਮ ਪ੍ਰਕਾਸ਼ਨ, ਸਮਾਣਾ

**ਪੰਜਾਬੀ ਪਰਵਾਸੀਆਂ ਦੀਆਂ ਕਹਾਣੀਆਂ**

ਸੰਪਾਦਕ : ਜਿੰਦਰ, ਡਾ. ਬਲਦੇਵ ਸਿੰਘ ਬੱਦਨ
ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ

## ਆਫੀਆ ਸਦੀਕੀ ਦਾ ਜੇਹਾਦ/ ਡਾ. ਜੀਤ ਸਿੰਘ

ਪੰਜਾਬੀ ਸਾਹਿਤ ਦੇ ਖੇਤਰ ਵਿਚ ਹਰਮਹਿੰਦਰ ਚਹਿਲ ਕਿਸੇ ਮੁੱਢਲੀ ਜਾਣ ਪਛਾਣ ਦਾ ਮੁਹਥਾਜ ਨਹੀਂ ਹੈ। ਚਹਿਲ ਪੰਜਾਬੀ ਗਲਪ ਦੇ ਖੇਤਰ ਵਿਚ ਕਹਾਣੀ ਸੰਗ੍ਰਹਿ ਦੇ ਨਾਲ-ਨਾਲ ਮਹੱਤਵਪੂਰਨ ਨਾਵਲਾਂ ਦੀ ਸਿਰਜਣਾ ਵੀ ਕਰ ਰਿਹਾ ਹੈ। ਉਸਦੀ ਨਾਵਲ ਸਿਰਜਣਾ ਨੂੰ ਆਧਾਰ ਬਣਾ ਕੇ ਜਦੋਂ ਅਸੀਂ ਆਪਣੀ ਵਿਚਾਰ ਚਰਚਾ ਦਾ ਆਰੰਭ ਕਰਦੇ ਹਾਂ ਤਾਂ ਦੇਖਦੇ ਹਾਂ ਕਿ ਚਹਿਲ ਦਾ ਪਹਿਲਾਂ ਨਾਵਲ '**ਬਲੀ**' ਸਾਲ 2009 ਵਿਚ ਪ੍ਰਕਾਸ਼ਿਤ ਹੁੰਦਾ ਹੈ ਤੇ ਇਸੇ ਹੀ ਵਸਤੂ ਸਾਮੱਗਰੀ ਨੂੰ ਅੱਗੇ ਤੋਰਦਾ ਹੋਇਆ ਉਸਦਾ ਨਾਵਲ '**ਹੋਣੀ**' ਸਾਲ 2012 ਵਿਚ ਪੰਜਾਬੀ ਨਾਵਲ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਸਾਲ 2013 ਵਿਚ ਉਸਦਾ ਨਵਾਂ ਨਾਵਲ '**ਆਫੀਆ ਸਦੀਕੀ ਦਾ ਜੇਹਾਦ**' ਪ੍ਰਕਾਸ਼ਿਤ ਹੁੰਦਾ ਹੈ। ਜਿਸ ਉੱਪਰ ਵਿਚਾਰ ਪੇਸ਼ ਕਰਨ ਤੋਂ ਪਹਿਲਾਂ ਅਸੀਂ ਹਰਮਹਿੰਦਰ ਚਹਿਲ ਦੀ ਸਮੁੱਚੀ ਨਾਵਲਕਾਰੀ ਉੱਪਰ ਸਰਸਰੀ ਜਿਹੀ ਝਾਤ ਪਾਉਣਾ ਜ਼ਰੂਰੀ ਸਮਝਦੇ ਹਾਂ। ਆਪਣੇ ਪਹਿਲੇ ਨਾਵਲ ਵਿਚ ਨਾਵਲਕਾਰ ਨੇ ਪੰਜਾਬ ਦੀ ਖਾਲਿਸਤਾਨੀ ਮੂਵਮੈਂਟ ਦੌਰਾਨ ਬੇਗੁਨਾਹੇ ਲੋਕਾਂ ਦੀ ਕਤਲੋਗਾਰਤ ਨੂੰ ਪੇਸ਼ ਕੀਤਾ ਹੈ। ਜਿਸ ਵਿਚ ਉਸ ਸਮੇਂ ਦੀ ਸਿਆਸਤ ਅਤੇ ਪੁਲਿਸ ਨੇ ਆਪਣੇ ਨਿੱਜੀ ਸੁਆਰਥਾਂ ਦੀ ਪੂਰਤੀ ਲਈ ਇਹ ਕਤਲੋਗਾਰਤ ਕੀਤੀ। ਨਾਵਲ ਵਿਚ ਅਜਿਹੀ ਸਥਿਤੀ ਨੂੰ ਪੇਸ਼ ਕਰਨ ਵਾਲਾ ਨਾਵਲ ਦਾ ਖਲਨਾਇਕ ਪਾਤਰ ਗੁਰਲਾਭ ਨਾਵਲ ਦੇ ਅੰਤ ਵਿਚ ਆਪਣੀ ਪ੍ਰੇਮਿਕਾ ਨਾਲ ਅਮਰੀਕਾ ਦੇ ਜਹਾਜ਼ ਵਿਚ ਬੈਠਿਆ ਹੁੰਦਾ ਹੈ। ਇਸੇ ਹੀ ਬਿਰਤਾਂਤਕ ਤੰਦ ਨੂੰ ਅੱਗੇ ਨਾਵਲਕਾਰ ਦਾ ਦੂਸਰਾ ਨਾਵਲ **ਹੋਣੀ** ਤੋਰਦਾ ਹੈ ਅਤੇ ਗੁਰਲਾਭ ਨੂੰ ਇੱਕ ਮਹਾ-ਖਲਨਾਇਕ ਪਾਤਰ ਵੱਜੋਂ ਪੇਸ਼ ਕਰਦਾ ਹੈ। ਜਿਹੜਾ ਕਿ ਵਿਦੇਸ਼ੀ ਧਰਤੀ ਉਪਰ ਵੀ ਲੋਕਾਂ ਨੂੰ ਚੈਨ ਨਾਲ ਜੀਣ ਨਹੀਂ ਦਿੰਦਾ। ਇਸ ਨਾਵਲ ਵਿਚ ਨਾਵਲਕਾਰ ਨੇ ਅਮਰੀਕੀ ਸਮਾਜ ਅਤੇ ਸਭਿਆਚਾਰ ਵਿਚਲੀਆਂ ਹੋਰ ਅਨੇਕਾਂ ਸਮੱਸਿਆਵਾਂ ਨੂੰ ਵੀ ਪੇਸ਼ ਕਰਨ ਦਾ ਯਤਨ ਕੀਤਾ ਹੈ। ਵਿਸ਼ਵ ਦੀ ਅਜਿਹੀ ਹੀ ਬਹੁਤ ਵੱਡੀ ਸਮੱਸਿਆ ਨੂੰ ਲੈ ਕੇ ਚਹਿਲ ਦਾ ਨਵਾਂ ਨਾਵਲ **ਆਫੀਆ ਸਦੀਕੀ ਦਾ ਜੇਹਾਦ** ਆਉਂਦਾ ਹੈ। ਜਿਸਦਾ ਬਿਰਤਾਂਤ ਨਾਵਲਕਾਰ ਨੇ ਡਾ. ਆਫੀਆ ਸਦੀਕੀ ਨਾਂ ਦੀ ਪਾਕਿਸਤਾਨੀ ਮੁਸਲਿਮ ਔਰਤ ਦੀ ਜੀਵਨ ਕਹਾਣੀ ਨੂੰ ਬਣਾਇਆ ਹੈ। ਪਹਿਲੀ ਨਜ਼ਰੇ ਇਹ ਨਾਵਲ ਜੀਵਨੀਮੂਲਕ ਨਾਵਲ ਵਜੋਂ ਪੇਸ਼ ਹੁੰਦਾ ਹੈ ਪਰ ਇਸਦੀਆਂ ਬਿਰਤਾਂਤਕ ਘਟਨਾਵਾਂ ਇਸ ਨੂੰ ਇੱਕ ਅਜਿਹੇ ਇਤਿਹਾਸਕ ਦਸਤਾਵੇਜ ਵਜੋਂ ਪੇਸ਼ ਕਰਦੀਆਂ ਹਨ ਜਿਹੜਾ ਕਿ ਆਪਣੇ ਬਿਰਤਾਂਤਕ ਕਲੇਵਰ ਵਿਚ ਬੜੇ ਡੂੰਘੇ ਮਸ਼ਲੇ ਨੂੰ ਪੇਸ਼ ਕਰਦਾ ਹੈ। ਨਾਵਲ ਦੀ ਮੁੱਖ ਪਾਤਰ ਆਫੀਆ ਆਪਣੀ ਬਹਾਦਰੀ, ਸਿਰੜ ਅਤੇ ਜਨੂੰਨ ਸਦਕਾ ਆਪਣੀ ਸਮੁੱਚੀ ਜਿੰ*ਦਗੀ ਧਰਮ ਦੇ ਨਾਂ 'ਤੇ ਲਾ ਦਿੰਦੀ ਹੈ। ਨਾਵਲ ਵਿਚ ਪੇਸ਼ ਵਸਤੂ ਸਾਮੱਗਰੀ ਨੂੰ ਅਸੀਂ ਆਪਣੀ ਹੱਥਲੀ ਵਿਚਾਰ ਚਰਚਾ ਵਿਚ ਵਿਚਾਰਨ ਦਾ ਯਤਨ ਕਰਾਂਗੇ।

ਪਹਿਲੀ ਨਜ਼ਰੇ ਜਦੋਂ ਅਸੀਂ ਨਾਵਲ ਦਾ ਅਧਿਐਨ ਕਰਦੇ ਹਾਂ ਤਾਂ ਸਭ ਤੋਂ ਪਹਿਲਾ ਇਸਦੇ ਸਿਰਲੇਖ ਵਿਚਲਾ ਸ਼ਬਦ ਜਿਹਾਦ ਸਾਡੀ ਚੇਤਨਾ 'ਤੇ ਪ੍ਰਭਾਵ ਪਾਉਂਦਾ ਕਿਉਂਕਿ ਇਹ ਅਜਿਹਾ ਸ਼ਬਦ ਹੈ ਜਿਸ ਦੇ ਆਲੇ ਦੁਆਲੇ ਨਾਵਲ ਦਾ ਸਮੁੱਚਾ ਬਿਰਤਾਂਤ ਪੇਸ਼ ਹੁੰਦਾ ਹੈ। ਇਸ ਲਈ ਮੈਂ ਪਹਿਲਾ ਇਸ ਜਿਹਾਦ ਸ਼ਬਦ ਉਪਰ ਵਿਚਾਰ ਕਰਨਾ ਜਰੂਰੀ ਸਮਝਦਾ ਹਾਂ। ਜਿਹਾਦ ਅਰਬੀ ਫਾਰਸੀ ਦਾ ਸ਼ਬਦ ਹੈ। ਜਿਸਦਾ ਅਰਥ ਹੈ ਕੋਸ਼ਿਸ਼ ਕਰਨਾ, ਸੰਘਰਸ਼ ਕਰਨਾ ਜਾਂ ਤੱਰਦਦ ਕਰਨਾ ਆਦਿ। ਪਰ ਨਾਵਲ ਦੇ ਸੰਦਰਭ ਵਿਚ ਜਾਂ ਇਸਲਾਮਿਕ ਗਤੀਵਿਧੀਆਂ ਦੇ ਸੰਦਰਭ ਵਿਚ ਜਦੋਂ ਅਸੀਂ ਇਸ ਉੱਪਰ ਗੱਲ ਕਰਦੇ ਹਾਂ ਤਾਂ ਇਸਦਾ ਅਰਥ 'ਧਰਮ ਦੀ ਰੱਖਿਆ ਲਈ ਕੀਤਾ ਗਿਆ



ਸੰਘਰਸ਼ ਬਣਦਾ ਹੈ।' ਭਾਵੇਂ ਕਿ ਆਪਣੇ ਮੂਲ ਅਰਥਾਂ ਵਿਚ ਇਹ ਪਾਕ ਪਵਿੱਤਰ ਸ਼ਬਦ ਬੜਾ ਉੱਚਾ ਤੇ ਸੁੱਚਾ ਥਾਂ ਰੱਖਦਾ ਹੈ ਪਰ ਨਾਵਲ ਵਿਚ ਇਸਦਾ ਅਰਥ ਸਿਰਫ਼ ਧਾਰਮਿਕ ਕੱਟੜਤਾ ਲਈ ਹੀ ਵਰਤਿਆ ਹੋਇਆ ਪੇਸ਼ ਹੁੰਦਾ ਹੈ। ਜਿਸ ਉੱਪਰ ਨਾਵਲ ਦੀ ਨਾਇਕਾ ਆਪਣਾ ਸਮੁੱਚਾ ਜੀਵਨ ਕੁਰਬਾਨ ਕਰ ਦਿੰਦੀ ਹੈ।

ਨਾਵਲ ਦਾ ਆਰੰਭ ਅਫ਼ਗਾਨਿਸਤਾਨ ਦੀ ਪੁਲਿਸ ਦੁਆਰਾ ਆਫੀਆ ਨੂੰ ਪਕੜਨ ਦੇ ਨਾਲ ਹੁੰਦਾ ਹੈ ਜਿੱਥੇ ਅਮਰੀਕਣ ਫ਼ੌਜਾਂ ਤੈਨਾਤ ਹੁੰਦੀਆਂ ਹਨ। ਆਫੀਆ ਦਾ ਪਕੜਿਆ ਜਾਣਾ ਅਤੇ ਅਮਰੀਕਣ ਕੈਪਟਨ ਦੇ ਸਾਮ੍ਹਣੇ ਪੇਸ਼ ਕਰਨਾ ਨਾਵਲ ਦੀ ਪਹਿਲੀ ਘਟਨਾ ਹੈ। ਪਰ ਇਸ ਤੋਂ ਬਾਅਦ ਨਾਵਲਕਾਰ ਸਮੁੱਚੇ ਨਾਵਲੀ ਬਿਰਤਾਂਤ ਨੂੰ ਆਫੀਆ ਦੇ ਪਿਛਲੇ ਜੀਵਨ ਨਾਲ ਸੰਬੰਧਿਤ ਕਰਕੇ ਪੇਸ਼ ਕਰਦਾ ਹੈ। ਜਿਸ ਵਿਚ ਉਸਦੇ ਬਚਪਨ ਤੋਂ ਲੈ ਕੇ ਉਸਦੇ ਜਵਾਨ ਹੋਣ ਦਾ ਬਿਰਤਾਂਤ ਪੇਸ਼ ਹੁੰਦਾ ਹੈ। ਆਫੀਆ ਦੀ ਮਾਂ ਇਸਮਤ ਆਫੀਆ ਦੇ ਜਨਮ ਤੋਂ ਬਾਅਦ ਜਾਂ ਆਪਣੀ ਜਵਾਨੀ ਦੇ ਦਿਨਾਂ ਵਿਚ ਧਾਰਮਿਕ ਸੰਗਠਨਾ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੀ ਸੀ ਤੇ ਇਹਨਾਂ ਧਾਰਮਿਕ ਸੰਗਠਨਾਂ ਵਿਚ ਧਰਮ ਬਾਰੇ ਆਪਣੇ ਕੱਟੜ ਵਿਚਾਰ ਪੇਸ਼ ਕਰਦੀ ਸੀ। ਇਨ੍ਹਾਂ ਹੀ ਧਾਰਮਿਕ ਵਿਚਾਰਾਂ ਦਾ ਪ੍ਰਭਾਵ ਆਫੀਆ ਨੂੰ ਗੁੜਤੀ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ ਜਿਹੜੀ ਕਿ ਬਚਪਨ ਤੋਂ ਹੀ ਅਜਿਹੇ ਧਾਰਮਿਕ ਸੰਗਠਨਾਂ ਤੋਂ ਸਿੱਖ ਲੈ ਕੇ ਵੱਡੀ ਹੋ ਕੇ ਜਿਹਾਦ ਦਾ ਕਾਰਜ ਹੀ ਨਹੀਂ ਕਰਦੀ ਸਗੋਂ ਆਪਣੀ ਸਮੁੱਚੀ ਜਿੰ*ਦਗੀ ਹੀ ਇਸ ਦੇ ਲੇਖੇ ਲਾ ਦਿੰਦੀ ਹੈ। ਭਾਵੇਂ ਕਿ ਆਫੀਆ ਉਚੇਰੀ ਪੜ੍ਹਾਈ ਕਰਨ ਲਈ ਅਮਰੀਕਾ ਜਿਹੇ ਵਿਕਸ਼ਿਤ ਦੇਸ਼ ਵਿਚ ਚਲੀ ਜਾਂਦੀ ਹੈ ਪਰ ਉੱਥੇ ਜਾ ਕੇ ਵੀ ਉਸਦਾ ਜਨੂੰਨ ਉਸ ਨੂੰ ਚੈਨ ਨਾਲ ਬੈਠਣ ਨਹੀਂ ਦਿੰਦਾ। ਉਹ ਪੜ੍ਹਾਈ ਕਰਨ ਦੇ ਨਾਲ-ਨਾਲ ਧਾਰਮਿਕ ਟ੍ਰਸਟਾਂ ਵਿਚ ਕੰਮ ਕਰਨਾ ਆਪਣਾ ਧਰਮ ਸਮਝਦੀ ਹੈ। ਇਉਂ ਆਫੀਆ ਦੀ ਪੜ੍ਹਾਈ ਵੀ ਉਸਦੇ ਬਚਪਨ ਵਿਚ ਮਿਲੀ ਸਿੱਖਿਆ ਜਾਂ ਸੰਸਕਾਰਾਂ ਨੂੰ ਬਦਲ ਨਹੀਂ ਸਕਦੀ ਜਿਵੇਂ-

"ਉਸ ਦਿਨ ਆਫੀਆ ਵੀ ਕੰਧ ਨਾਲ ਲੱਗੀ ਖੜ੍ਹੀ ਤੁਰੇ ਜਾਂਦੇ ਜੇਹਾਦੀਆਂ ਨੂੰ ਵੇਖਦੀ ਰਹੀ। ਇਸ ਤਰ੍ਹਾਂ ਛੋਟੀ ਉਮਰ 'ਚ ਹੀ ਆਫੀਆ ਜੇਹਾਦ ਬਾਰੇ ਸੁਣਨ ਲੱਗੀ ਸੀ। ਇਨਾ ਹੀ ਨਹੀਂ ਸਗੋਂ ਉਸਦਾ ਜੇਹਾਦ ਪ੍ਰਤੀ ਲਗਾਉ ਹੋਣ ਲੱਗਿਆ।[1]

ਮੁਸਲਿਮ ਧਰਮ ਪ੍ਰਤੀ ਆਫੀਆ ਦੀ ਸੋਚ ਅਤੇ ਵਿਸ਼ਵਾਸ ਉਸ ਉੱਪਰ ਇਸ ਕਦਰ ਹਾਵੀ ਹੋ ਜਾਂਦਾ ਹੈ ਕਿ ਉਹ ਦੂਸਰੇ ਧਰਮ ਦੇ ਲੋਕਾਂ ਨਾਲ ਈਰਖਾ ਕਰਨ ਲੱਗਦੀ ਹੈ ਤੇ ਉਹਨਾਂ ਤੋਂ ਦੂਰ ਰਹਿੰਦੀ ਹੈ। ਅਮਰੀਕਾ ਦੇ ਐਸ.ਐਮ.ਆਈ.ਟੀ. ਇਨਸੀਚਿਊਟ ਵਿਚ ਦਾਖਲਾ ਲੈ ਕੇ ਆਫੀਆ ਨੇ ਮੁਸਲਿਮ ਮੁੰਡੇ ਕੁੜੀਆਂ ਦਾ ਵੱਖਰਾ ਗਰੁੱਪ ਬਣਾ ਲਿਆ ਜਿਸ ਵਿਚ ਭਾਸ਼ਣ ਦਿੰਦੀ ਹੋਈ ਉਹ ਇਸਲਾਮ ਧਰਮ ਅਤੇ ਮੁਸਲਿਮ ਵਿਅਕਤੀ ਦੀਆਂ ਜ਼ਿੰਮੇਵਾਰੀਆਂ ਨੂੰ ਪੇਸ਼ ਕਰਦੀ ਹੋਈ ਇਉਂ ਬੋਲਦੀ ਹੈ:

"ਅਸੀਂ ਮੁਸਲਮਾਨ ਆਪਣੀ ਜਿੰ*ਮੇਵਾਰੀਆਂ ਭੁੱਲ ਰਹੇ ਆਂ। ਅਸੀਂ ਭੁੱਲ ਗਏ ਆਂ ਕਿ ਸਾਡੀ ਸਭ ਤੋਂ ਵੱਡੀ ਜਿੰ*ਮੇਵਾਰੀ ਐ ਜੇਹਾਦ। ਹਰ ਇੱਕ ਨੂੰ ਅੱਜ ਦੁਨੀਆਂ ਦੇ ਵੱਖ-ਵੱਖ ਭਾਗਾਂ 'ਚ ਚੱਲ ਰਹੇ ਜੇਹਾਦ ਵਿਚ ਆਪਣੀ ਹੈਸੀਅਤ ਮੁਤਾਬਕ ਹਿੱਸਾ ਪਾਉਣਾ ਚਾਹੀਦਾ ਐ। ਅਸਲੀ ਮੁਸਲਮਾਨ ਉਹ ਹੈ ਜੋ ਫਰੰਟ 'ਤੇ ਲੜਾਈ ਵਿਚ ਹਿੱਸਾ ਲੈ ਰਹੇ ਨੇ।"[2]

ਮਜ਼ਹਬ ਪ੍ਰਤੀ ਆਫੀਆ ਅਤੇ ਉਸਦੇ ਗਰੁੱਪ ਦੀ ਅਜਿਹੀ ਕੱਟੜ ਸੋਚ ਨੂੰ ਪੇਸ਼ ਕਰਨ ਦੇ ਨਾਲ-ਨਾਲ ਨਾਵਲਕਾਰ ਨੇ ਪਾਕਿਸਤਾਨੀ ਸਮਾਜ, ਸਭਿਆਚਾਰ ਅਤੇ ਉਥੋਂ ਦੀ ਸਿਆਸਤ ਦੀ ਪੇਸ਼ਕਾਰੀ ਵੀ ਕੀਤੀ ਹੈ। ਜਿਸਦੇ ਅੰਤਰਗਤ ਉੱਥੇ ਆਉਣ ਵਾਲੇ ਵੱਖ-ਵੱਖ ਸਿਆਸਤਦਾਨਾਂ ਨੇ ਧਾਰਮਿਕ ਕੱਟੜਤਾ ਨੂੰ ਵਧੇਰੇ ਵਧਾਇਆ ਹੈ। ਪਾਕਿਸਤਾਨ ਹੀ ਨਹੀਂ ਸਗੋਂ ਹੋਰ ਦੂਸਰੇ ਅਰਬ ਦੇਸ਼ਾਂ ਦੀ

ਸਿਆਸਤ ਦੇ ਇਤਿਹਾਸਕ ਪੱਖਾਂ ਨੂੰ ਵੀ ਨਾਵਲਕਾਰ ਨੇ ਪੇਸ਼ ਕੀਤਾ ਹੈ। ਜਿਵੇਂ ਅਫ਼ਗਾਨਿਸਤਾਨ, ਇਰਾਨ, ਇਰਾਕ ਆਦਿ ਅਰਬ ਦੇਸ਼ਾਂ ਉੱਪਰ ਹੋਏ ਅਮਰੀਕੀ ਹਮਲਿਆਂ ਦੀ ਸਥਿਤੀ ਨੂੰ ਵੀ ਨਾਵਲਕਾਰ ਨੇ ਨਾਵਲ ਵਿਚ ਪਰੋਖ ਰੂਪ ਵਿਚ ਸਿਰਜਿਆ ਹੈ। ਇਸਲਾਮ ਧਰਮ ਵਿਚ ਪੇਸ਼ ਹੁੰਦੇ ਔਰਤਾਂ ਦੇ ਅਧਿਕਾਰਾਂ ਨੂੰ ਵੀ ਨਾਵਲਕਾਰ ਨਾਵਲ ਵਿਚ ਸਿਰਜਦਾ ਹੈ ਜਿਸ ਦੇ ਅੰਤਰਗਤ ਮੁਸਲਿਮ ਦੇਸ਼ਾਂ ਵਿਚ ਸਮੇਂ ਸਮੇਂ ਉਪਰ ਆਉਣ ਵਾਲੇ ਕਾਨੂੰਨਾਂ ਨੇ ਇਹਨਾਂ ਨੂੰ ਘਟਾਇਆ ਹੈ। ਮਿਸ਼ਾਲ ਵਜੋਂ ਪਾਕਿਸਤਾਨ ਵਿਚ ਹਦੂਦ ਲਾਅ ਦਾ ਜਿਕਰ ਨਾਵਲ ਵਿਚ ਹੋਇਆ ਪ੍ਰਾਪਤ ਹੁੰਦਾ ਹੈ। ਜਿਸ ਦੇ ਅੰਤਰਗਤ ਮੁਸਲਿਮ ਔਰਤ ਦੀ ਆਜ਼ਾਦੀ ਉੱਪਰ ਅਨੇਕਾਂ ਪ੍ਰਕਾਰ ਦੀਆਂ ਪਾਬੰਦੀਆਂ ਲੱਗ ਗਈਆਂ ਸਨ। ਨਾਵਲ ਵਿਚ ਅਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਦੇ ਗਲਪੀ ਪਰਿਪੇਖ ਨੂੰ ਸਿਰਜਿਆ ਗਿਆ ਹੈ। ਜਿਸਦਾ ਕੇਂਦਰੀ ਧੁਰਾ ਆਫੀਆ ਬਣੀ ਰਹਿੰਦੀ ਹੈ। ਜਿਸਨੇ ਅਮਰੀਕਾ ਜਿਹੇ ਵਿਕਸ਼ਿਤ ਦੇਸ਼ ਵਿਚ ਜਿਹਾਦੀ ਪੈਦਾ ਕਰਨ ਦੀ ਮੁਹਿੰਮ ਆਰੰਭ ਕੀਤੀ। ਆਫੀਆ ਸਿਰਫ਼ ਲੋਕਾਂ ਨੂੰ ਜਿਹਾਦੀ ਹੀ ਨਹੀਂ ਬਣਾਉਂਦੀ ਸਗੋਂ ਆਪਣੇ ਬੋਲਾਂ ਰਾਹੀਂ ਉਹ ਅਜੋਕੇ ਮੁਸਲਿਮ ਮਰਦ ਨੂੰ ਮਿਹਣਾ ਮਾਰਦੀ ਹੈ ਤੇ ਉਸ ਮੁਸਲਿਮ ਮਰਦ ਦੀ ਵਡਿਆਈ ਵੀ ਕਰਦੀ ਹੈ ਜਿਹੜਾ ਧਰਮ ਲਈ ਆਪਣੀ ਸਮੁੱਚੀ ਜਿੰ*ਦਗੀ ਕੁਰਬਾਨ ਕਰ ਦਿੰਦਾ ਸੀ। ਜਿਵੇਂ

"ਉਸਨੇ ਸਾਰਿਆਂ ਵੱਲ ਵੇਖਦਿਆਂ ਹੋਇਆਂ ਕਿਹਾ ਕਿ ਕਿੱਧਰ ਗਿਆ ਮੁਸਲਮ ਮਰਦ ਅੱਜ ਦੇ ਦਿਨਾਂ ਵਿਚ। ਕਿੱਧਰ ਗਈ ਉਸਦੀ ਅਣਖ ਕਿ ਬਾਸਨੀਆਂ 'ਚ ਸਾਡੀਆਂ ਧੀਆਂ ਭੈਣਾ ਦਾ ਰਿਹਾ ਕੱਖ ਨਹੀਂ ਤੇ ਤੁਹਾਡੇ ਕੰਨ 'ਤੇ ਜੂੰ ਨਹੀਂ ਸਰਕੀ। ਉਸਨੇ ਕਿਹਾ ਕਿ ਮੈਂ ਸਟੇਜ ਤੇ ਕਿਉਂ ਖੜੀ ਹਾਂ ਇੱਥੇ ਕਿਸੇ ਮਰਦ ਨੇ ਹੋਣਾ ਚਾਹੀਦਾ ਹੈ।"[3]

ਨਾਵਲ ਵਿਚ ਆਫੀਆ ਦਾ ਉਪਰੋਕਤ ਬਿਆਨ ਸਿਰਫ਼ ਕਹਿਣ ਲਈ ਹੀ ਨਹੀਂ ਹੁੰਦਾ ਸਗੋਂ ਉਹ ਇਸ ਨੂੰ ਵਿਹਾਰਕ ਰੂਪ ਵਿਚ ਆਪਣੇ ਜੀਵਨ ਵਿਚ ਲਾਗੂ ਵੀ ਕਰਦੀ ਹੈ। ਜਿਸਦੀ ਮਿਸ਼ਾਲ ਸਾਨੂੰ ਨਾਵਲ ਵਿਚ ਅਨੇਕਾਂ ਥਾਵਾਂ ਉੱਪਰ ਦੇਖਣ ਨੂੰ ਮਿਲਦੀ ਹੈ। ਜਿਵੇਂ ਆਫੀਆ ਦਾ ਵਿਆਹ ਲਈ ਜਿਹਾਦੀ ਮੁੰਡੇ ਨੂੰ ਪ੍ਰਾਥਮਿਕਤਾ ਦੇਣਾ, ਫੇਰ ਅਮਜਦ ਦਾ ਦਾੜ੍ਹੀ ਕਟਵਾਉਣ ਸਮੇਂ [4] ਅਤੇ ਆਪਣੀ ਘਰੇਗੀ ਜ਼ਿੰਦਗੀ ਤੋਂ ਪਹਿਲਾਂ ਮਜ਼ਹਬੀ ਕੰਮਾਂ ਨੂੰ ਪਹਿਲ ਦੇਣਾ ਆਦਿ ਅਜਿਹੀਆਂ ਬਹੁਤ ਸਾਰੀਆਂ ਉਦਾਹਰਣਾਂ ਨਾਵਲ ਵਿਚ ਦੇਖੀਆਂ ਜਾ ਸਕਦੀਆਂ ਹਨ। ਜਿਨ੍ਹਾਂ ਤੋਂ ਆਫੀਆ ਦੀ ਕੱਟੜਤਾ ਦਾ ਪਤਾ ਚੱਲਦਾ ਹੈ। ਭਾਵੇਂ ਕਿ ਆਫੀਆ ਆਪਣੇ ਪਤੀ ਅਤੇ ਬੱਚਿਆਂ ਨੂੰ ਬੇਹੱਦ ਪਿਆਰ ਕਰਦੀ ਹੈ ਤੇ ਨਾਵਲ ਦੇ ਅੰਤ ਤੱਕ ਤਾਲਾਕ ਹੋਣ ਤੋਂ ਬਾਅਦ ਵੀ ਕਰਦੀ ਰਹਿੰਦੀ ਹੈ ਪਰ ਜਦੋਂ ਗੱਲ ਜਿਹਾਦ ਜਾਂ ਧਰਮ ਦੀ ਆਉਂਦੀ ਹੈ ਤਾਂ ਉਹ ਉਨ੍ਹਾਂ ਨੂੰ ਵੀ ਛੱਡਣ ਲਈ ਤਿਆਰ ਹੋ ਜਾਂਦੀ ਹੈ।

ਆਫੀਆ ਦਾ ਅਮਰੀਕਾ ਵਿਚ ਵੱਡੀ ਪੱਧਰ 'ਤੇ ਜਿਹਾਦੀ ਸਰਗਰਮੀਆਂ ਪੈਦਾ ਕਰਨਾ ਅਤੇ ਉਸ ਅਨੁਸਾਰ ਧਰਮ ਦੀ ਲੜਾਈ ਦੀ ਸ਼ੁਰੂਆਤ ਕਰਨਾ ਜਿਸ ਨਾਲ ਦੁਨੀਆਂ ਵਿਚ ਦੂਜੇ ਧਰਮ ਦੇ ਲੋਕਾਂ(ਕਾਫਰਾਂ) ਦਾ ਨਾਸ ਹੋ ਜਾਵੇਗਾ ਅਤੇ ਦੁਨੀਆਂ ਉੱਪਰ ਸਿਰਫ਼ ਇਸਲਾਮ ਦਾ ਝੰਡਾ ਝੂਲੇਗਾ।[5] ਜਦੋਂ ਅਤਿਵਾਦੀਆਂ ਨੇ ਅਮਰੀਕਾ ਵਿਚ ਨਾਈਨ ਅਲੈਵਨ ਦਾ ਹਮਲਾ ਕੀਤਾ ਤਾਂ ਉਥੋਂ ਦੀ ਐਫ.ਬੀ.ਆਈ. ਦੇ ਡਰ ਤੋਂ ਆਫੀਆ ਪਾਕਿਸਤਾਨ ਆਉਣ ਲਈ ਛਟਪਟਾਉਂਦੀ ਹੈ ਕਿਉਂਕਿ ਉਸਦਾ ਮੰਨਣਾ ਸੀ ਕਿ ਇਸ ਸਮੇਂ ਤੱਕ ਪਾਕਿਸਤਾਨ ਵਿਚ ਜਿਹਾਦ ਦਾ ਕਾਰਜ ਬੜੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਿਹਾ ਹੋਵੇਗਾ ਤੇ ਅਮਰੀਕਾ ਉੱਪਰ ਹਮਲਾ ਕਰਨ ਵਾਲਿਆਂ ਲਈ ਲੋਕ ਮਨਾਂ ਵਿਚ ਇੱਜ਼ਤ ਹੋਣੀ ਹੈ ਪਰ ਉਸਦੇ ਪਾਕਿਸਤਾਨ ਪਹੁੰਚਣ 'ਤੇ ਉਸਦਾ ਇਹ ਭਰਮ ਦੂਰ ਹੋ ਜਾਂਦਾ ਹੈ ਕਿਉਂਕਿ ਇੱਥੋਂ ਦੇ ਲੋਕਾਂ ਉੱਪਰ ਇਸਦਾ ਕੋਈ ਪ੍ਰਭਾਵ ਨਹੀਂ ਸੀ ਤੇ ਉਹਨਾਂ ਲਈ ਜਿਹਾਦ ਵਧੇਰੇ ਮਹੱਤਵ ਨਹੀਂ ਸੀ ਰੱਖਦਾ ਸਗੋਂ ਉਹ ਤਾਂ ਹਮਲਾ ਕਰਨ ਵਾਲਿਆਂ ਨੂੰ ਹੀ ਗਲਤ ਕਹਿ ਰਹੇ ਸਨ ਨਾਵਲ ਵਿਚ



ਅਮਜਦ ਦਾ ਪਿਉ ਅਤੇ ਆਫੀਆ ਵਿਚਕਾਰ ਹੋਈ ਗੱਲਬਾਤ ਦੇਖੀ ਜਾ ਸਕਦੀ ਹੈ :

"ਕਿਸ ਤੋਂ ਖਤਰਾ ਐ ਉਸਦੀ ਜ਼ਿੰਦਗੀ ਨੂੰ ?

ਅਮਰੀਕਣ ਸਰਕਾਰ ਤੋਂ।

ਉੱਥੇ ਤਾਂ ਲੱਖਾਂ ਮੁਸਲਮਾਨ ਰਹਿ ਰਹੇ ਨੇ। ਕੀ ਉਹ ਸਾਰੇ ਇਸ ਨਾਈਨ ਅਲੈਵਨ ਦੇ ਕਾਰੇ ਲਈ ਜ਼ਿੰਮੇਵਾਰ ਨੇ ? ਨ੍ਹੀਂ ਉਹ ਤਾਂ ਆਮ ਸ਼ਹਿਰੀ ਨੇ। ਨਾਲੇ ਮੈਂ ਦੱਸ ਦਿਆਂ ਕਿ ਇਨ੍ਹਾਂ ਅੱਤਵਾਦੀਆਂ ਦਾ ਕੋਈ ਧਰਮ ਨ੍ਹੀਂ ਹੁੰਦਾ।

ਤੁਸੀਂ ਕਿਸੇ ਨੂੰ ਅੱਤਵਾਦੀ ਨ੍ਹੀਂ ਕਹਿ ਸਕਦੇ ਆਫੀਆ ਭੜਕ ਉੱਠੀ।"[6]

ਪਰ ਆਫੀਆ ਦਾ ਜਨੂੰਨ ਲੋਕਾਂ ਦੀ ਅਜਿਹੀ ਸਥਿਤੀ ਵੇਖ ਕੇ ਕਮਜ਼ੋਰ ਨਹੀਂ ਪੈਂਦਾ ਸਗੋਂ ਉਹ ਤਾਂ ਆਪਣੇ ਵਿਚਾਰਾਂ ਅਤੇ ਜ਼ਜ਼ਬੇ ਨਾਲ ਮੁੜ ਅਮਰੀਕਾ ਵਿਰੁੱਧ ਲੜਾਈ ਨੂੰ ਸੁਰਜੀਤ ਕਰਦੀ ਹੈ ਤੇ ਨਵੇਂ ਜਿਹਾਦੀਆਂ ਨੂੰ ਪੈਦਾ ਕਰਨ ਦੀ ਮੁਹਿੰਮ ਵਿਚ ਜੁਟ ਜਾਂਦੀ ਹੈ। ਭਾਵੇਂ ਕਿ ਨਾਵਲ ਦੇ ਆਰੰਭ ਤੋਂ ਲੈ ਕੇ ਅੰਤ ਤੱਕ ਨਾਵਲਕਾਰ ਨੇ ਆਫੀਆ ਦੀ ਧਰਮ ਪ੍ਰਤੀ ਕਟੱੜਤਾ ਅਤੇ ਉਸਦੀ ਜੀਵਨ ਕਹਾਣੀ ਨੂੰ ਪੇਸ਼ ਕੀਤਾ ਹੈ। ਪਰ ਇਸਦੇ ਨਾਲ-ਨਾਲ ਨਾਵਲਕਾਰ ਅਜਿਹੇ ਪਾਤਰਾਂ ਦੀ ਸਿਰਜਣਾ ਵੀ ਕਰਦਾ ਹੈ ਜਿਹੜੇ ਕਿ ਵਿਪਰੀਤ ਸਥਿਤੀਆਂ ਵਿਚ ਵੀ ਮਾਨਵੀ ਹਿੱਤ ਦੀਆਂ ਗੱਲਾਂ ਕਰਦੇ ਹਨ। ਇਹਨਾਂ ਪਾਤਰਾਂ ਦੇ ਮਾਧਿਅਮ ਰਾਹੀਂ ਨਾਵਲਕਾਰ ਨੇ ਉਸ ਸਮੇਂ ਦੇ ਵੱਖ ਵੱਖ ਜਿਹਾਦੀ ਪੈਦਾ ਕਰਨ ਵਾਲੇ ਵਿਭਿੰਨ ਗਰੁੱਪਾਂ ਪਿੱਛੇ ਕਾਰਜਸ਼ੀਲ ਸੋਚ ਨੂੰ ਪੇਸ਼ ਕੀਤਾ ਹੈ। ਜਿਹੜੇ ਕਿ ਸਿਰਫ਼ ਆਪਣੇ ਧਰਮ ਦੀ ਰੱਖਿਆ ਲਈ ਜਿਹਾਦੀ ਪੈਦਾ ਨਹੀਂ ਕਰਦੇ ਸਗੋਂ ਇਸੇ ਹੀ ਧਰਮ ਦੇ ਨਾਂ 'ਤੇ ਲੋਕਾਂ ਨੂੰ ਆਪਸ ਵਿਚ ਲੜਾਉਂਦੇ ਵੀ ਹਨ। ਜਿਵੇਂ ਨਾਵਲ ਵਿਚ ਸਲੇਹ ਸਦੀਕੀ ਕਹਿੰਦਾ ਹੈ:

"ਇਹ ਮੁਸਲਮ ਬਰਦਰਹੁੱਡ ਈ ਅਸਲੀ ਪੁਆੜੇ ਦੀ ਜੜ੍ਹ ਐ। ਤੇਰੀਆਂ ਇਹ ਵੀਡੀਉ ਕੈਸਟਾਂ ਵੇਖਣ ਤੋਂ ਪਹਿਲਾਂ ਈ ਮੈਂ ਦੱਸ ਦਿੰਨਾ ਆਂ ਕਿ ਇਹ ਸਭ ਪ੍ਰਾਪੇਗੰਡਾ ਐ। ਮੁਸਲਮਾਨਾਂ ਨੂੰ ਭੜਕਾਉਣ ਲਈ ਅਜਿਹੇ ਕੰਮ ਤਾਂ ਬਰਦਰਹੁੱਡ ਮੁੱਦਤਾਂ ਤੋਂ ਕਰਦਾ ਆ ਰਿਹਾ ਐ।"[7]

ਇੱਕ ਹੋਰ ਥਾਂ 'ਤੇ ਅਮਜਦ ਦਾ ਪਿਉ ਜੇਹਾਦ ਸ਼ਬਦ ਨੂੰ ਪਰਿਭਾਸ਼ਿਤ ਕਰਦਾ ਹੋਇਆ ਕਹਿੰਦਾ ਹੈ

"ਕੌਣ ਕੀ ਕਹਿੰਦਾ ਐ ਤੂੰ ਇਹ ਗੱਲ ਛੱਡ। ਤੈਨੂੰ ਪਹਿਲਾਂ ਇਹ ਸਿੱਖਣ ਦੀ ਲੋੜ ਐ ਕਿ ਜੇਹਾਦ ਹੁੰਦਾ ਕੀ ਐ। ਹਰ ਲੜਾਈ ਜੇਹਾਦ ਨਹੀਂ ਹੁੰਦੀ ਰਾਜਨੀਤਕ ਲੋਕ ਆਪਣੇ ਨਿੱਜੀ ਮੁਫਾਦਾਂ ਲਈ ਇਸ ਪਾਕ ਲਫ਼ਜ਼ ਦਾ ਹਰ ਥਾਂ ਇਸਤੇਮਾਲ ਕਰਕੇ ਨੌਜਵਾਨਾਂ ਨੂੰ ਭੜਕਾ ਦਿੰਦੇ ਨੇ ਤੇ ਫਿਰ ਉਹ ਉਹੀ ਕਰਦੇ ਨੇ ਜੋ ਇਹ ਰਾਜਨੀਤਕ ਲੋਕ ਚਾਹੁੰਦੇ ਨੇ...ਇਹ ਰਾਜਨੀਤਕ ਖੇਡ ਐ।"[8]

ਇਉਂ ਭੋਲੇ ਭਾਲੇ ਲੋਕਾਂ ਨੂੰ ਧਰਮ ਦਾ ਨਾਂ ਲੈ ਕੇ ਮਾਰਨਾ, ਕੁੱਟਣਾ ਇਹਨਾਂ ਜਿਹਾਦੀਆਂ ਦਾ ਪਹਿਲਾ ਕਾਰਜ ਸੀ। ਇਹਨਾਂ ਦੀ ਭਵਿੱਖ ਦੀ ਮੁਹਿੰਮ ਅਮਰੀਕਾ ਤੋਂ ਬਦਲਾ ਲੈਣ ਲਈ ਉਥੋਂ ਦੇ ਪਾਣੀ ਨੂੰ ਦੂਸ਼ਿਤ ਕਰਨਾ ਅਤੇ ਉੱਥੇ ਜੈਵਿਕ ਹਥਿਆਰਾਂ ਦੀ ਵਰਤੋਂ ਕਰਕੇ ਵੱਧ ਤੋਂ ਵੱਧ ਲੋਕਾਂ ਨੂੰ ਮਾਰਨਾ ਸੀ। ਜਦੋਂ ਇਹਨਾਂ ਜਿਹਾਦੀਆਂ ਦੇ ਅਜਿਹੇ ਅਸਲ ਕਰਾਜਾਂ ਵਿਰੁੱਧ ਆਵਾਜ਼ ਉਠਾਈ ਜਾਂਦੀ ਹੈ ਤਾਂ ਇਹ ਆਵਾਜ਼ ਉਠਾਉਣ ਵਾਲੇ ਦੀ ਆਵਾਜ਼ ਨੂੰ ਦਬਾਉਣ ਲਈ ਉਸਦਾ ਕਤਲ ਕਰ ਦਿੰਦੇ ਹਨ। ਜਿਵੇਂ ਨਾਵਲ ਵਿਚ ਪੱਤਰਕਾਰ ਦਾ ਕਤਲ ਕੀਤਾ ਜਾਂਦਾ ਹੈ।

ਇਉਂ ਨਾਵਲਕਾਰ ਨੇ ਨਾਵਲ ਵਿਚ ਆਫੀਆ ਸਦੀਕੀ ਦੇ ਜਿਹਾਦੀ ਜਨੂੰਨ ਅਤੇ ਪਾਕਿਸਤਾਨ ਵਿਖੇ ਪੈਦਾ ਹੋਏ ਧਰਮ ਦੇ ਕੱਟੜ ਜਿਹਾਦੀਆਂ ਦੀ ਸੋਚ ਅਤੇ ਉਹਨਾਂ ਦੀ ਮੁਹਿੰਮ ਨੂੰ ਪੇਸ਼ ਕਰਨ ਤੋਂ ਇਲਾਵਾ ਅਮਰੀਕਾ, ਪਾਕਿਸਤਾਨ, ਅਫਗਾਨਿਸਤਾਨ ਅਤੇ ਹੋਰ ਦੇਸ਼ਾਂ ਦੀਆਂ ਨੀਤੀਆਂ ਦੀ ਪੇਸ਼ਕਾਰੀ ਵੀ ਕੀਤੀ ਹੈ ਜਿਹੜੀਆਂ ਵੱਖ ਵੱਖ ਸਮੇਂ ਬਦਲਦੀਆਂ ਰਹਿੰਦੀਆਂ ਹਨ। ਪਰ ਇਹਨਾਂ

ਵਿਚ ਆਈ ਬਦਲਾਵਟ ਨੇ ਆਮ ਲੋਕਾਂ ਦਾ ਬਹੁਤ ਘਾਣ ਕੀਤਾ। ਨਾਵਲ ਦੇ ਅੰਤ ਵਿਚ ਆਫੀਆ ਦੁਆਰਾ ਲਿਖੀ ਚਿੱਠੀ ਦੇ ਮਾਧਿਅਮ ਰਾਹੀਂ ਨਾਵਲਕਾਰ ਨੇ ਸਿਰਫ਼ ਉਸਦੀ ਮਾਨਸਿਕ ਸੰਵੇਦਨਾ/ਭਾਵਨਾਵਾਂ ਨੂੰ ਹੀ ਪੇਸ਼ ਨਹੀਂ ਕੀਤਾ ਸਗੋਂ ਇਸ ਵਿਚ ਉਸ ਨਾਲ ਵਾਪਰੀਆਂ ਬਹੁਤ ਸਾਰੀਆਂ ਤਲਖ਼ ਹਕੀਕਤਾਂ ਦਾ ਜ਼ਿਕਰ ਵੀ ਕੀਤਾ ਹੈ। ਇਸਦੇ ਨਾਲ-ਨਾਲ ਅਮਰੀਕਾ ਦੀਆਂ ਬਹੁਤ ਸਾਰੀਆਂ ਨੀਤੀਆਂ ਨੂੰ ਆਫੀਆ ਆਪਣੇ ਖ਼ੱਤ ਦੇ ਮਾਧਿਅਮ ਰਾਹੀਂ ਨੰਗਾ ਕਰਦੀ ਹੈ। ਜਿਸ ਦੇ ਅੰਤਰਗਤ ਅਮਰੀਕਾ ਚੋਟੀ ਦੇ ਆਤੰਕਵਾਦੀਆਂ ਨੂੰ ਲੋਕਾਂ ਅਤੇ ਮੀਡੀਆ ਦੇ ਸਾਮ੍ਹਣੇ ਲਿਆਉਣ ਤੋਂ ਡਰਦਾ ਹੈ। ਕਿਉਂਕਿ ਇਸ ਨਾਲ ਉਸਦੀਆਂ ਗੁਪਤ ਨੀਤੀਆਂ ਲੋਕਾਂ ਸਾਮ੍ਹਣੇ ਪੇਸ਼ ਹੋ ਜਾਣੀਆਂ ਸੀ। ਇਹਨਾਂ ਨੂੰ ਲੁਕਾਉਣ ਲਈ ਹੀ ਅਮਰੀਕਾ ਆਫੀਆ ਜਿਹੀ ਚੋਟੀ ਦੀ ਜਿਹਾਦੀ ਔਰਤ ਉਪਰ ਪੁਲਿਸ ਵਾਲਿਆਂ ਉੱਪਰ ਗੋਲੀਆਂ ਚਲਾਉਣ ਦਾ ਝੂਠਾ ਮੁੱਕਦਮਾ ਚਲਾਉਂਦਾ ਹੈ ਆਤੰਕਵਾਦ ਦਾ ਨਹੀਂ।

ਉਪਰੋਕਤ ਸਮੁੱਚੀ ਵਿਚਾਰ ਚਰਚਾ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਹਰਮਹਿੰਦਰ ਚਹਿਲ ਨੇ ਆਪਣੇ ਨਾਵਲ ਆਫੀਆ ਸਦੀਕੀ ਦਾ ਜੇਹਾਦ ਵਿਚ ਸਿਰਫ਼ ਆਫੀਆ ਦੇ ਜੀਵਨ ਨੂੰ ਹੀ ਨਹੀਂ ਪੇਸ਼ ਕੀਤਾ ਸਗੋਂ ਇਸਦੇ ਨਾਲ-ਨਾਲ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਵੀ ਨਾਵਲੀ ਬਿਰਤਾਂਤ ਵਿਚ ਪੇਸ਼ ਕੀਤਾ ਹੈ। ਜਿਵੇਂ ਅਮਰੀਕਾ ਦਾ ਅੱਤਵਾਦ ਦੇ ਖਾਤਮੇ ਦੇ ਨਾਂ ਹੇਠ ਅਫ਼ਗਾਨਿਸਤਾਨ ਉੱਪਰ ਹਮਲਾ ਕਰਨਾ ਜਿਸ ਵਿਚ ਬਹੁਤ ਸਾਰੇ ਬੇਕਸੂਰ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ। ਇਵੇਂ ਹੀ ਅੱਤਵਾਦੀਆਂ ਵੱਲੋਂ ਅਮਰੀਕਾ ਦੇ ਟਵਿਨ ਟਾਵਰ ਉੱਪਰ ਹਮਲਾ ਕਰਕੇ ਬੇਕਸੂਰ ਲੋਕਾਂ ਨੂੰ ਮਾਰਨ ਦੀ ਘਟਨਾ, ਇਰਾਨ ਇਰਾਕ ਦੇ ਆਪਸੀ ਯੁੱਧ ਅਤੇ ਇਸ ਤੋਂ ਇਲਾਵਾ ਪਾਕਿਸਤਾਨ ਦੇ ਸਿਆਸਤੀ ਹਾਲਾਤ ਅਤੇ ਯਹੂਦੀਆਂ ਦੇ ਦੁਖਾਂਤ ਨੂੰ ਵੀ ਨਾਵਲਕਾਰ ਪਰੋਖ ਰੂਪ ਵਿਚ ਨਾਵਲ ਵਿਚ ਪੇਸ਼ ਕਰਦਾ ਹੈ। ਭਾਵੇਂ ਕਿ ਨਾਵਲਕਾਰ ਹਰਮਹਿੰਦਰ ਚਹਿਲ ਨੇ ਨਾਵਲ ਦਾ ਕੇਂਦਰ ਬਿੰਦੂ ਆਫੀਆ ਦੀ ਜੀਵਨ ਕਹਾਣੀ ਨੂੰ ਬਣਾਇਆ ਹੈ ਪਰ ਇਸਦੇ ਨਾਲ-ਨਾਲ ਉਸਨੇ ਉਸਦੇ ਸਮੇਂ ਦੀਆਂ ਹੋਰ ਬਹੁਤ ਸਾਰੀਆਂ ਘਟਨਾਵਾਂ ਨੂੰ ਉਸਾਰ ਕੇ ਆਫੀਆ ਦੇ ਜੀਵਨ ਨੂੰ ਨਵੇਂ ਢੰਗ ਤਰੀਕੇ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਉਂ ਇਹ ਨਾਵਲ ਪੰਜਾਬੀ ਨਾਵਲ ਦੇ ਖੇਤਰ ਵਿਚ ਨਵੇਂ ਅਤੇ ਵੱਖਰੇ ਵਿਸ਼ੇ ਨੂੰ ਲੈ ਕੇ ਪੇਸ਼ ਹੁੰਦਾ ਹੈ।

**ਹਵਾਲੇ**


1. ਹਰਮਹਿੰਦਰ ਚਹਿਲ, ਆਫੀਆ ਸਦੀਕੀ ਦਾ ਜੇਹਾਦ, ਪੰਨਾ-14.
2. -ਉਹੀ-, ਪੰਨਾ-28.
3. -ਉਹੀ-, ਪੰਨਾ-48.
4. -ਉਹੀ-, ਪੰਨਾ-54.
5. -ਉਹੀ-, ਪੰਨਾ-73.
6. -ਉਹੀ-, ਪੰਨਾ-75.
7. -ਉਹੀ-, ਪੰਨਾ-40.
8. -ਉਹੀ-, ਪੰਨਾ-81.






## ਨਵੀਆਂ ਪੁਸਤਕਾਂ/ਪ੍ਰੋ. ਜੇ.ਬੀ.ਸੇਖੋਂ

## ਮੌਤ ਦੇ ਇੰਤਜ਼ਾਰ ਵਿੱਚ/ਸ਼ਿਵ ਵਰਮਾ

**ਅਨੁਵਾਦਕ : ਡਾ. ਮਨਿੰਦਰ ਸਿੰਘ ਕਾਂਗ**

**ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ**

ਸ਼ਿਵ ਵਰਮਾ ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਚਰਚਿਤ ਰਹੇ ਸਹਾਰਨਪੁਰ ਬੰਬ ਕਾਂਡ, ਲਾਹੌਰ ਸਾਜ਼ਿਸ਼ ਕੇਸ ਆਦਿ ਵਿਚ ਲੰਮਾ ਚਿਰ ਅੰਗਰੇਜ਼ ਹਾਕਮਾਂ ਦੀ ਕੈਦ ਵਿਚ ਰਹੇ। ਜੇਲ੍ਹ ਜੀਵਨ ਦੌਰਾਨ ਉਹਨਾਂ ਇਸ ਮਹੱਤਵਪੂਰਨ ਕਿਤਾਬ ਦੀ ਰਚਨਾ ਕੀਤੀ। ਇਸ ਵਿਚ ਉਹਨਾਂ ਜੇਲ੍ਹ ਦੀ ਸਜ਼ਾ ਭੋਗਦੇ ਕੈਦੀਆਂ ਦੀ ਮਨੋਦਸ਼ਾ ਨੂੰ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਸ਼ਿਵ ਵਰਮਾ ਦੋਸ਼ੀ ਤੇ ਨਿਰਦੋਸ਼ ਕੈਦੀਆਂ ਦੇ ਜੀਵਨ ਵਿਹਾਰ ਨੂੰ ਬੜੀ ਨੇੜਿਓਂ ਵੇਖਦਾ ਰਿਹਾ ਤੇ ਇਸ ਨਤੀਜੇ 'ਤੇ ਪੁੱਜਿਆ ਕਿ 'ਇੱਥੇ ਕੈਦੀ ਦਾ ਜੀਵਨ ਬੜਾ ਨੀਰਸ ਤੇ ਰੁੱਖਾ ਹੁੰਦਾ ਹੈ। ਕੱਲ੍ਹ, ਪਰਸੋਂ, ਚੌਥ ਇੱਥੋਂ ਤੱਕ ਕੇ ਆਉਣ ਵਾਲੇ ਕਿੰਨੇ ਕੁ ਦਿਨ ਏਦਾਂ ਹੀ ਲੰਘਣਗੇ, ਉਨ੍ਹਾਂ ਨੂੰ ਪਹਿਲਾਂ ਹੀ ਪਤਾ ਹੁੰਦਾ ਹੈ।'...(ਪੰਨਾ 1) ਕਿਤਾਬ ਵਿਚ ਭਾਰਤੀ ਨਿਆਂ ਵਿਵਸਥਾ ਦੇ ਖੋਖਲੇਪਣ ਨੂੰ ਵੀ ਉਜਾਗਰ ਕੀਤਾ ਹੈ ਜਿੱਥੇ ਝੂਠੇ ਸਬੂਤਾਂ ਦੀ ਮਦਦ ਨਾਲ ਨਿਰਦੋਸ਼ ਉਮਰ ਕੈਦ ਜਾਂ ਫਾਂਸੀ ਦੇ ਤਖ਼ਤੇ ਤੱਕ ਪੁੱਜ ਜਾਂਦੇ ਹਨ ਜਦ ਕਿ ਸੱਚੇ ਸਬੂਤਾਂ ਦੀ ਘਾਟ ਕਾਰਨ ਦੋਸ਼ੀ ਵੱਡੇ ਅਪਰਾਧੀ ਬਣ ਕੇ ਬੇਖੌਫ਼ ਘੁੰਮਦੇ ਹਨ। ਪੁਸਤਕ ਵਿਚ 15 ਦੇ ਕਰੀਬ ਕਥਾ-ਬਿਰਤਾਂਤ ਉਸਾਰੇ ਗਏ ਹਨ ਜਿਹੜੇ ਕਿ ਪਾਠਕਾਂ ਦਾ ਦਿਲ ਪਸੀਜ਼ ਦਿੰਦੇ ਹਨ। ਜੇਲ੍ਹ ਜੀਵਨ ਸੰਬੰਧੀ ਮਨੋ-ਵਿਗਿਆਨੀ ਤੇ ਸਮਾਜ-ਵਿਗਿਆਨੀਆਂ ਦੀ ਖੋਜ ਨਾਲੋਂ ਵੀ ਡੂੰਘੀ ਇਹ ਬਿਰਤਾਂਤਕ-ਪੁਸਤਕ ਜੇਲ੍ਹ ਦੁਨੀਆਂ ਦੀਆਂ ਅਨੇਕਾਂ ਪਰਤਾਂ ਖੋਲ੍ਹ ਦਿੰਦੀ ਹੈ। ਇਕ ਕ੍ਰਾਂਤੀਕਾਰੀ ਦੀ ਕਲਮ ਤੋਂ ਨਿਕਲੇ ਸ਼ਬਦ ਕਿੰਨੇ ਤਿੱਖੇ ਤੇ ਆਸ਼ਾਵਾਦੀ ਹਨ, ਇਹ ਕਿਤਾਬ ਵਿਚੋਂ ਗੁਜ਼ਰਿਆਂ ਹੀ ਪਤਾ ਚੱਲਦਾ ਹੈ। ਸ਼ਿਵ ਵਰਮਾ ਦੀਆਂ ਹੋਰ ਚਰਚਿਤ ਕਿਤਾਬਾਂ ਵਿਚ 'ਮਾਰਕਸਵਾਦ ਪਰਿਚਯਮਾਲਾ, ਸੰਸਮ੍ਰਿਤੀਆਂ, ਸ਼ਹੀਦ ਭਗਤ ਸਿੰਘ ਕੀ ਚੁਨੀ ਹੋਈ ਕ੍ਰਿਤੀਆਂ' ਆਦਿ ਮੁੱਖ ਹਨ। ਇਹ ਕਿਤਾਬ ਮਰਹੂਮ ਕਥਾਕਾਰ ਡਾ. ਮਨਿੰਦਰ ਸਿੰਘ ਕਾਂਗ ਨੇ ਅਨੁਵਾਦ ਕੀਤੀ ਹੈ।

## ਮਨੋਜ ਦਾਸ ਦੀਆਂ ਕਹਾਣੀਆਂ

**ਅਨੁਵਾਦਕ : ਬਲਬੀਰ ਪਰਵਾਨਾ**

**ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ**

ਮਨੋਜ ਦਾਸ ਉੜੀਆ ਭਾਸ਼ਾ ਦਾ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ਵਿਚ ਆਧੁਨਿਕ ਸਮਾਜ ਵਿਚੋਂ ਤੇਜ਼ੀ ਨਾਲ ਖਾਰਜ ਹੋ ਰਹੀਆਂ ਕਦਰਾਂ-ਕੀਮਤਾਂ ਤੇ ਨੈਤਿਕਤਾ ਨੂੰ ਰਸਦਾਇਕ ਬਿਰਤਾਂਤ ਸ਼ੈਲੀ ਵਿਚ ਪੇਸ਼ ਕੀਤਾ ਮਿਲਦਾ ਹੈ। ਮਨੋਜ ਦਾਸ ਉੜੀਆ ਕਥਾਕਾਰਾਂ ਦੀ ਉਸ ਪੀੜ੍ਹੀ ਵਿਚੋਂ ਹੈ ਜਿਹੜੀ ਦੇਸ਼ ਦੀ ਆਜ਼ਾਦੀ ਪਿਛੋਂ ਭਾਰਤ ਵਾਸੀਆਂ ਦੇ ਮਨਾਂ ਵਿਚ ਪੈਦਾ ਹੋਏ ਆਜ਼ਾਦੀ ਦੇ ਸੁਪਨਿਆਂ ਦੀ ਤਿੜਕ ਨੂੰ ਭਲੀ ਭਾਂਤ ਸਮਝਦੀ ਹੈ। ਵਿਸ਼ਵ ਯੁੱਧਾਂ ਤੋਂ

ਪ੍ਰਭਾਵਿਤ ਦੁਨੀਆਂ ਦੇ ਅਨੇਕਾਂ ਮੁਲਖ, ਪ੍ਰਗਤੀਵਾਦ ਦੇ ਸੁਪਨੇ ਤੇ ਹਕੀਕਤਾਂ ਦੇ ਖੱਪੇ, ਉਦਯੋਗਿਕ ਵਿਕਾਸ ਦੇ ਸੰਕਟ ਤੇ ਕੁੱਲ ਮਿਲਾ ਕੇ ਆਧੁਨਿਕ ਜ਼ਿੰਦਗੀ ਤੇ ਸਮਾਜ ਵਿਚ ਵਿਸ਼ਵ-ਮਾਨਵ ਨੂੰ ਸਥਿਤੀ ਨੂੰ ਮਨੋਜ ਦਾਸ ਜਿਹੇ ਕਥਾਕਾਰਾਂ ਨੇ ਭਲੀ ਭਾਂਤ ਪੇਸ਼ ਕੀਤਾ ਹੈ। ਇਸ ਸੰਗ੍ਰਹਿ ਵਿਚ ਮਨੋਜ ਦਾਸ ਦੀਆਂ 33 ਕਹਾਣੀਆਂ ਹਨ ਜਿਹਨਾਂ ਨੂੰ ਪੰਜਾਬੀ ਦੇ ਗਲਪਕਾਰ ਬਲਬੀਰ ਪਰਵਾਨਾ ਨੇ ਬੜੀ ਮਿਹਨਤ ਨਾਲ ਅਨੁਵਾਦ ਕੀਤਾ ਹੈ। ਇਸ ਸੰਗ੍ਰਹਿ ਦੀ ਕਹਾਣੀ 'ਭਰਾ' ਰਾਜਨੀਤੀ ਵਿਚਲੀ ਖੁਦਗਰਜ਼ੀ ਤੇ ਸਵਾਰਥ ਨੂੰ ਪਕੜਦੀ ਹੈ। 'ਲਕਸ਼ਮੀ ਦੀ ਹਿੰਮਤ' ਕਹਾਣੀ ਵਿੱਚ ਹਰ ਮਨੁੱਖ ਦੇ ਅੰਦਰਲੇ ਬੱਚੇ ਦੀ ਮਨੋ-ਦਸ਼ਾ ਦਾ ਖ਼ੂਬਸੂਰਤ ਵਰਨਣ ਹੈ। ਇਸੇ ਤਰ੍ਹਾਂ 'ਖ਼ੂਨੀ ਸ਼ਾਮ', 'ਚੰਦ ਤੇ ਹਵਾਈ ਸ਼ਾਮ' ਕਹਾਣੀਆਂ ਵਿਚਲੇ ਪਰਾਲੌਕਿਕ ਵੇਰਵੇਂ ਅਨੇਕਾਂ ਅਣਸੁਲਝੇ ਸਵਾਲਾਂ ਨੂੰ ਪੇਸ਼ ਕਰਦੇ ਹਨ। ਮਨੋਜ ਦਾਸ ਦੀ ਕਹਾਣੀ ਰੌਚਿਕ ਤੇ ਪੜ੍ਹਨਯੋਗ ਹੈ। ਅਨੁਵਾਦਕ ਦੀ ਮਿਹਨਤ ਸਦਕਾ ਇਹ ਪੰਜਾਬੀ ਸਾਹਿਤ ਦੇ ਪਾਠਕਾਂ ਨੂੰ ਆਪਣੇ ਨਾਲ ਤੋਰਨ ਦੀ ਹਿੰਮਤ ਰੱਖਦੀ ਹੈ। ਅਜਿਹੀਆਂ ਕਿਤਾਬਾਂ ਦੁਆਰਾ ਭਾਰਤ ਦੀਆਂ ਵਿਭਿੰਨ ਭਾਸ਼ਾਵਾਂ ਦੇ ਕਥਾ ਸਾਹਿਤ ਦਾ ਰਾਸ਼ਟਰੀ ਪੱਧਰ 'ਤੇ ਆਦਾਨ ਪ੍ਰਦਾਨ ਹੋਣਾ ਚੰਗਾ ਉਦਮ ਹੈ।

## ਖੁਸ਼ਕ ਅੱਖ ਦਾ ਖ਼ਾਬ/ਅਜਮੇਰ ਸਿੱਧੂ

ਅਜਮੇਰ ਸਿੱਧੂ ਸਮਕਾਲ ਦੀ ਪੰਜਾਬੀ ਕਹਾਣੀ ਦਾ ਸਥਾਪਤ ਨਾਂ ਹੈ। ਇਹ ਕਿਤਾਬ ਉਸਦੀ ਤੀਜੀ ਕਥਾ-ਪੁਸਤਕ ਹੈ। ਸਿੱਧੂ ਦੀਆਂ ਕਹਾਣੀਆਂ ਦੀ ਵਿਸ਼ੇਸ਼ਤਾ ਹੈ ਕਿ ਉਹ ਵਿਵਸਥਾ ਵੱਲੋਂ ਆਪਣੀ ਸਥਾਪਤੀ ਲਈ ਘੜੀਆਂ ਅਨੇਕਾਂ ਮਿੱਥਾਂ ਦਾ ਮੁਲਾਂਕਣ ਕਰਦਾ ਤੇ ਇਹਨਾਂ ਨੂੰ ਅਚੇਤ-ਸੁਚੇਤ ਤੋੜਦਾ ਹੈ। ਕਿਸੇ ਨਿਸ਼ਚਿਤ ਵਾਦ/ਵਿਚਾਰਧਾਰਾਂ ਤੋਂ ਰਹਿਤ ਹੋ ਕੇ ਉਹ ਸਮਾਜਕ-ਪ੍ਰਬੰਧ ਤੋਂ ਹਾਸ਼ੀਏ ਵੱਲ ਜ਼ਬਰੀ ਧੱਕੇ ਮਨੁੱਖ/ਸਮੂਹਾਂ/ਵਿਚਾਰਾਂ ਦਾ ਕਥਾਕਾਰ ਹੈ। ਦੁਆਬੇ ਦੀ (ਮੌਖਿਕ) ਭਾਸ਼ਾ 'ਤੇ ਉਸਦੀ ਪਕੜ ਹੈ। ਪਾਤਰਾਂ ਨੂੰ ਪੂਰਵ ਨਿਸ਼ਚਤ ਚੌਖਟੇ ਵਿਚ ਸਿੱਟਣ ਨਾਲੋਂ ਉਹ ਕਥਾ-ਧਰਾਤਲ 'ਤੇ ਸੰਵਾਦ ਦੀਆਂ ਸੰਭਾਵਨਾਵਾਂ ਉਜਾਗਰ ਕਰਦਾ ਹੈ ਜਿਥੋਂ ਪਾਠਕਾਂ ਨੂੰ ਸਿੱਧੇ/ਅਸਿੱਧੇ ਰੂਪ ਵਿਚ ਕੋਈ ਦਿਸ਼ਾ ਦੇਣੀ ਉਸਦੀ ਕਥਾਕਾਰ ਦਾ ਇਕ ਪਹਿਲੂ ਹੈ। ਇਸ ਸੰਗ੍ਰਹਿ ਵਿਚ ਅੱਠ ਕਹਾਣੀਆਂ ਹਨ। 'ਸ਼ਾਇਦ ਰੰਮੀ ਮੰਨ ਜਾਏ' ਕਹਾਣੀ ਵਿਸ਼ਵੀਕਰਨ ਦੇ ਸਭਿਆਚਾਰਕ ਹਮਲੇ ਤੋਂ ਪ੍ਰਭਾਵਿਤ ਉਪਭੋਗੀ ਤੇ ਐਸ਼ਪ੍ਰਸਤ ਮਾਨਸਿਕਤਾ (ਤਾਰੋ) ਤੇ ਇਸਦਾ ਠੋਸ ਵਿਚਾਰਧਾਰਕ ਬਦਲ (ਰੰਮੀ) ਪੇਸ਼ ਕਰਦੀ ਹੈ। 'ਜਹਾਜ਼ ਵਾਲੀ ਟੈਂਕੀ' ਪਰਵਾਸ ਧਾਰਨ ਤੋਂ ਅਸਫ਼ਲ ਰਹੇ ਪੰਜਾਬੀ ਪਰਿਵਾਰਾਂ ਦਾ ਦੁਖਾਂਤਕ ਬਿਰਤਾਂਤ ਹੈ ਜਿਸਦੇ ਪਿੱਛੇ ਡੇਰਾ, ਸਮਾਜ, ਏਜੰਟ ਤੇ ਹੋਰ ਨੈਟਵਰਕ ਕੰਮ ਕਰਦੇ ਦਿਖਾਏ ਹਨ। 'ਉਨੀਂਦੀ ਨਦੀ' ਵਿਚ ਕਿਸੇ ਡੇਰੇ 'ਤੇ ਪਹਿਲੀ ਔਲਾਦ ਵਜੋਂ ਸੁੱਖਣਾ ਤਹਿਤ ਚੜ੍ਹਾਈ ਔਰਤ ਦੀ ਮਨੋ-ਦਸ਼ਾ ਨੂੰ ਭਲੀ ਭਾਂਤ ਪਕੜਦੀ ਰਚਨਾ ਹੈ। 'ਖੁਸ਼ਕ ਅੱਖ ਦਾ ਖ਼ਾਬ' ਕਹਾਣੀ ਕਮਿਊਨਿਸਟ ਵਿਚਾਰਧਾਰਾ ਤੇ ਇਸਦੇ ਹੇਠਲੇ ਕੇਡਰ ਦੇ ਮਨੋਵਿਗਿਆਨ ਨੂੰ ਫੜਦੀ ਹੈ ਪਰ ਇਸਦਾ ਕੇਂਦਰੀ ਪਾਸਾਰ ਲੜਕਾ-ਲੜਕੀ ਦੇ ਵਿਤਕਰੇ ਵਾਲੀ ਸਮਾਜਕ ਮਿੱਥ ਨੂੰ ਤੋੜਦਾ ਹੈ। ਅਜਮੇਰ ਦੀ ਇਹ ਕਿਤਾਬ ਹਰ ਪੱਧਰ ਦੇ ਪਾਠਕਾਂ, ਆਲੋਚਕਾਂ ਤੇ ਸਾਹਿਤ ਪ੍ਰੇਮੀਆਂ ਲਈ ਪੜ੍ਹਨਯੋਗ ਤੇ ਵਿਚਾਰਯੋਗ ਕ੍ਰਿਤ ਹੈ। ਸ਼ਬਦ ਸਭਿਆਚਾਰ ਦੇ ਮਾਧਿਅਮ ਨਾਲ ਵਿਸ਼ਵੀਕਰਨ ਦੇ ਸਮਕਾਲੀ ਜ਼ਿੰਦਗੀ 'ਤੇ ਅਸਰਾਂ ਨੂੰ ਫੜਨਾ ਤੇ ਇਸਦਾ ਬਦਲ ਉਸਾਰਨ ਵਾਲੀ ਇਹ ਕਿਤਾਬ ਆਧੁਨਿਕ ਪੰਜਾਬੀ ਕਹਾਣੀ ਵਿਚ ਮਹੱਤਵਪੂਰਨ ਹੈ।



## ਧੁੱਪ ਛਾਂ ਤੇ ਰੁੱਖ/ਦੀਪ ਦਵਿੰਦਰ ਸਿੰਘ

ਦੀਪ ਦਵਿੰਦਰ ਸਿੰਘ ਆਪਣੇ ਪਹਿਲੇ ਕਹਾਣੀ ਸੰਗ੍ਰਹਿ 'ਧੁੱਪ ਛਾਂ ਤੇ ਰੁੱਖ' ਦੇ ਮਾਧਿਅਮ ਨਾਲ ਕਹਾਣੀ ਦੇ ਪਾਠਕਾਂ ਦੇ ਸਨਮੁੱਖ ਹੋਇਆ ਹੈ। ਦੀਪ ਦਵਿੰਦਰ ਨੇ ਆਪਣੀਆਂ ਕਹਾਣੀਆਂ ਵਿਚ ਪੇਂਡੂ ਤੇ ਸ਼ਹਿਰੀ ਨਿਮਨ ਤੇ ਮੱਧ ਵਰਗੀ ਮਨੁੱਖਾਂ ਦੇ ਜੀਵਨ-ਮਸਲਿਆਂ ਨੂੰ ਬੜੀ ਸੂਖਮਤਾ ਤੇ ਸਾਦਗੀ ਭਰੀ ਕਥਾ-ਸ਼ੈਲੀ ਦੁਆਰਾ ਪੇਸ਼ ਕੀਤਾ ਹੈ। ਉਸਦੀਆਂ ਕਹਾਣੀਆਂ ਆਧੁਨਿਕ ਮਨੁੱਖ ਦੀ ਸਵਾਰਥੀ ਤੇ ਗਰਜ ਭਰੀ ਮਾਨਸਿਕਤਾ ਨੂੰ ਭਲੀ-ਭਾਂਤ ਫੜਦੀਆਂ ਹਨ ਤੇ ਇਕ ਮਨੁੱਖ ਅੰਦਰ ਬੈਠੇ ਅਨੇਕਾਂ ਬੰਦਿਆਂ ਦੇ ਡੋਲਦੇ-ਝੂਲਦੇ ਮਨੋਵਿਗਿਆਨ ਨੂੰ ਦਿਲਚਸਪ ਕਥਾ-ਸ਼ਿਲਪ ਦੁਆਰਾ ਪੇਸ਼ ਕਰਦੀਆਂ ਹਨ। ਦੀਪ ਦਵਿੰਦਰ ਦੀਆਂ ਕਹਾਣੀਆਂ ਵਿਚ ਪੰਜਾਬੀ ਮੌਤ ਚਿੰਤਨ ਗਹਿਰੀ ਤਰ੍ਹਾਂ ਧਸਿਆ ਪਿਆ ਹੈ। ਹਰ ਕਥਾ ਵਿੱਚ ਮੌਤ ਦੇ ਦ੍ਰਿਸ਼ ਹਨ, ਬਜ਼ੁਰਗ ਪਾਤਰਾਂ ਦੇ ਚੰਗੇ-ਮੰਦੇ ਵਿਵਹਾਰ ਦੇ ਕਥਾ-ਵੇਰਵੇ ਹਨ ਪਰ ਨਾਲ ਹੀ ਉਸਦਾ ਬਿਰਤਾਂਤ ਸਮਾਜ ਵਿਚਲੇ ਜਾਤੀ, ਜਮਾਤੀ, ਪਰਿਵਾਰਕ ਆਦਿ ਮਸਲਿਆਂ 'ਤੇ ਹੱਥ ਰੱਖਦਾ ਹੈ। 'ਵੇਲਾ-ਕੁਵੇਲਾ' ਕਹਾਣੀ ਦਾ ਕੇਂਦਰੀ ਪਾਤਰ ਆਪਣੇ ਬਾਪੂ ਦੀਆਂ ਕਮੀਨਗੀਆਂ ਤੋਂ ਕਿੰਨਾ ਦੁੱਖੀ ਤੇ ਪੀੜਤ ਰਿਹਾ। 'ਗੰਢਾਂ' ਕਹਾਣੀ ਆਰਥਿਕ ਸੰਪੰਨਤਾ ਹਾਸਿਲ ਕਰਕੇ ਵੀ ਜਾਤੀ ਭੇਦ ਭਾਵ ਭੋਗਦੇ ਅਖੌਤੀ ਨੀਵੀਂ ਸ਼੍ਰੇਣੀਆਂ ਦਾ ਭਾਵੁਕ ਬਿਰਤਾਂਤ ਹੈ। 'ਜਾਏ ਸੁੱਤੇ ਜਾਗਣ' ਵਿਚ ਪੀੜ੍ਹੀ-ਪਾੜੇ ਦੇ ਗਹਿਰੇ ਸੰਕਟ ਹਨ ਤੇ ਕਦਰਾਂ-ਕੀਮਤਾਂ ਦੇ ਹੋ ਰਹੇ ਘਾਣ ਦੀ ਤਸਵੀਰ ਹੈ। 'ਸ਼ੱਕਰ ਹੋਈ ਵਿਸ਼' ਕਹਾਣੀ ਰਿਸ਼ਤਿਆਂ ਦੀ ਮਰਿਆਦਾ ਦੇ ਕਾਮੁਕ ਹਵਸ ਵਿਚ ਵਟ ਜਾਣ ਦਾ ਬਿਰਤਾਂਤ ਹੈ।

## ਲਾਲ ਬਹਾਦਰ ਸ਼ਾਸਤਰੀ/ਰਾਸ਼ਟਰਬੰਧੂ

**ਅਨੁਵਾਦਕ : ਮਧੂ ਬਾਲਾ**

**ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ**

ਲਾਲ ਬਹਾਦਰ ਸ਼ਾਸਤਰੀ ਭਾਰਤ ਦੇ ਅਜਿਹੇ ਪ੍ਰਧਾਨ ਮੰਤਰੀ ਸਿੱਧ ਹੋਏ ਹਨ ਜਿਹੜੇ ਆਪਣੀ ਅਨੂਠੀ ਸ਼ਖ਼ਸੀਅਤ ਤੇ ਲੋਕ ਹਿਤੈਸ਼ੀ ਦਿੱਖ ਕਾਰਨ ਭਾਰਤ ਵਾਸੀਆਂ ਦੇ ਮਨਾਂ ਵਿੱਚ ਵਸੇ ਰਹੇ ਹਨ। ਇਸ ਕਿਤਾਬ ਵਿਚ ਲੇਖਕ ਰਾਸ਼ਟਰਬੰਧੂ ਨੇ ਲਾਲ ਬਹਾਦਰ ਸ਼ਾਸਤਰੀ ਦੇ ਬਚਪਨ, ਜਵਾਨੀ, ਗ੍ਰਹਿਸਥ ਜੀਵਨ, ਪੜ੍ਹਾਈ-ਲਿਖਾਈ ਤੇ ਪ੍ਰਧਾਨ ਮੰਤਰੀ ਦੇ ਅਹੁਦੇ ਤੱਕ ਪੁੱਜਣ ਦੇ ਸੰਘਰਸ਼ਮਈ ਸਫ਼ਰ ਨੂੰ ਰੌਚਿਕ ਬਿਰਤਾਂਤ ਸ਼ੈਲੀ ਵਿੱਚ ਪੇਸ਼ ਕੀਤਾ ਹੈ। ਕਿਤਾਬ ਵਿਚ ਲਾਲ ਬਹਾਦਰ ਸ਼ਾਸਤਰੀ ਦੇ ਸੁਭਾਅ, ਆਦਤਾਂ ਤੇ ਮਾਨਸਿਕਤਾ ਨੂੰ ਵੀ ਭਲੀ-ਭਾਂਤ ਪੇਸ਼ ਕੀਤਾ ਗਿਆ ਹੈ। ਇਹ ਕਿਤਾਬ ਜੀਵਨੀਮੂਲਕ ਪੁਸਤਕਾਂ ਤੋਂ ਭਿੰਨ ਹੈ। ਇਸ ਵਿਚ ਛੋਟੇ-ਛੋਟੇ ਬਿਰਤਾਂਤ ਹਨ ਤੇ ਲਕੀਰੀ ਵਾਰਤਕ ਨਾਲੋਂ ਨਾਟਕੀ-ਕਥਾ ਦੁਆਰਾ ਸ਼ਾਸਤਰੀ ਜੀ ਦੇ ਜੀਵਨ-ਸਰੋਕਾਰਾਂ ਨੂੰ ਪਾਠਕਾਂ ਅੱਗੇ ਰੱਖਿਆ ਗਿਆ ਹੈ। ਸ਼ਾਸਤਰੀ ਜੀ ਦੇ ਸਮਕਾਲੀ ਰਾਜਸੀ ਨੇਤਾਵਾਂ ਨਾਲ ਉਹਨਾਂ ਦੀ ਸਾਂਝ ਤੇ ਵਿਚਾਰਧਾਰਕ ਵਿਰੋਧ ਵੀ ਪੇਸ਼ ਹੋਇਆ ਹੈ। ਕਿਤਾਬ ਵਿਚ ਯਾਦਗਾਰੀ ਤਸਵੀਰਾਂ ਨਾਲ ਇਹ ਰਚਨਾ, ਦਸਤਾਵੇਜ਼ੀ ਮਹੱਤਤਾ ਵਾਲੀ ਹੋ ਗਈ ਹੈ। ਅਨੁਵਾਦ ਵੀ ਖ਼ੂਬਸੂਰਤ ਸ਼ੈਲੀ ਵਿਚ ਹੈ। ਹਰ ਪੱਧਰ ਦੇ ਪਾਠਕਾਂ ਲਈ ਕਿਤਾਬ ਅਹਿਮ ਹੈ।

## ਮੈਂ ਹਾਂ ਸੋਨਾ ਮਨੋਰਮਾ ਜਫ਼ਾ

**ਅਨੁਵਾਦਕ : ਡਾ. ਦਰਸ਼ਨ ਸਿੰਘ ਆਸ਼ਟ**

**ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ**

ਮਨੋਰਮਾ ਜਫ਼ਾ ਹਿੰਦੀ ਭਾਸ਼ਾ ਦੀ ਚਰਚਿਤ ਬਾਲ ਸਾਹਿਤ ਲੇਖਿਕਾ ਹੈ। ਇਸ ਕਿਤਾਬ ਵਿਚ ਉਹਨਾਂ ਨੇ ਕਿਸ਼ੋਰ ਉਮਰ ਦੇ ਮੁੰਡੇ-ਕੁੜੀਆਂ ਨੂੰ ਏਡਜ਼ ਵਰਗੀ ਲਾਇਲਾਜ਼ ਬੀਮਾਰੀ ਸੰਬੰਧੀ ਜਾਗਰੂਕ ਕਰਨ ਦਾ ਖਾਸ ਉਦਮ ਕੀਤਾ ਹੈ। ਨਾਵਲ ਦੀ ਵਿਧਾ ਦੁਆਰਾ ਲੇਖਿਕਾ ਨੇ ਕਥਾ ਦੀ ਕੇਂਦਰੀ ਪਾਤਰ ਸੋਨਾ ਦੁਆਰਾ ਰੌਚਿਕ ਬਿਰਤਾਂਤ ਦੀ ਉਸਾਰੀ ਕੀਤੀ ਹੈ। ਇਸ ਬਿਰਤਾਂਤ ਦਾ ਉਦੇਸ਼ ਪਾਠਕਾਂ ਨੂੰ ਮਨੋਰੰਜਨ ਤੱਕ ਸੀਮਿਤ ਕਰਨਾ ਨਾ ਹੋਣ ਕਰਕੇ ਇਹ ਗੰਭੀਰ ਸੰਵਾਦ ਨੂੰ ਪੈਦਾ ਕਰਦਾ ਹੈ। ਇਹ ਸੰਵਾਦ ਦੱਸਦਾ ਹੈ ਕਿ ਕਿਸ਼ੋਰ ਉਮਰ ਦੇ ਮੁੰਡੇ-ਕੁੜੀਆਂ ਖਾਸ ਕਿਸਮ ਦੀ ਸਰੀਰਕ ਤੇ ਮਾਨਸਿਕ ਤਬਦੀਲੀ ਵਿਚੋਂ ਗੁਜ਼ਰਦੇ ਹਨ। ਇਸ ਅਵਸਥਾ ਵਿਚ ਉਹਨਾਂ ਨੂੰ ਖਾਸ ਸੇਧ ਜਾਂ ਗਿਆਨ ਦੀ ਲੋੜ ਹੁੰਦੀ ਹੈ। ਇਹ ਕਿਤਾਬ ਆਪਣੀ ਦਿਲਚਸਪ ਬਿਰਤਾਂਤ-ਸ਼ੈਲੀ ਦੁਆਰਾ ਕਿਸ਼ੋਰ ਉਮਰ ਦੇ ਪਾਠਕਾਂ ਨੂੰ ਏਡਜ਼ ਜਿਹੀ ਬੀਮਾਰੀ ਦੇ ਲੱਛਣਾਂ, ਕਾਰਨਾਂ ਤੇ ਬਚਾਅ ਸੰਬੰਧੀ ਮਹੱਤਵਪੂਰਨ ਜਾਣਕਾਰੀ ਦਿੰਦੀ ਹੈ। ਡਾ. ਆਸ਼ਟ ਵੱਲੋਂ ਕੀਤਾ ਅਨੁਵਾਦ ਸ਼ਲਾਘਾਯੋਗ ਹੈ। ਵਿਸ਼ੇਸ਼ ਮਿਸ਼ਨ ਲੈ ਕੇ ਤੁਰੀ ਇਹ ਕਿਤਾਬ ਹਰ ਪੱਧਰ ਦੇ ਪਾਠਕਾਂ ਲਈ ਲਾਹੇਵੰਦ ਹੈ।

## ਕਥਾ ਇੱਕ ਕਲਯੁੱਗ ਦੀ/ਡਾ. ਜਗਦੀਪ ਸਿੰਘ

'ਕਥਾ ਇੱਕ ਕਲਯੁੱਗ ਦੀ' ਖ਼ਾਲਿਦ ਫ਼ਰਹਾਦ ਧਾਰੀਵਾਲ ਦੁਆਰਾ ਰਚਿਤ ਕਹਾਣੀ-ਸੰਗ੍ਰਹਿ ਹੈ। ਖ਼ਾਲਿਦ ਲਹਿੰਦੇ ਪੰਜਾਬ ਦਾ ਕਹਾਣੀਕਾਰ ਹੈ ਤੇ ਇਹ ਪੁਸਤਕ ਪਾਲ ਸਿੰਘ ਵੱਲਾ ਵੱਲੋਂ ਸ਼ਾਹਮੁਖੀ ਤੋਂ ਗੁਰਮੁਖੀ 'ਚ ਲਿਪੀਅੰਤਰ ਕੀਤੀ ਗਈ ਹੈ। ਇਸ ਕਹਾਣੀ-ਸੰਗ੍ਰਹਿ ਵਿਚ ਕੁੱਲ ਚੌਦਾਂ ਕਹਾਣੀਆਂ ਦਰਜ ਹਨ। ਇਹ ਸਾਰੀਆਂ ਕਹਾਣੀਆਂ ਮਨੁੱਖ ਦੀ ਸੰਵੇਦਨਾ ਦੀ ਅਭਿਵਿਅਕਤੀ ਕਰਦੀਆਂ ਹਨ। ਰਿਸ਼ਤਿਆਂ ਦੇ ਮੋਹ ਨੂੰ ਮਾਇਆ ਜਾਲ ਕਿੰਜ ਜਕੜਦਾ ਹੈ ਤੇ ਕਿੰਜ ਮਨੁੱਖ ਇਸ ਮਾਇਆ ਜਾਲ ਵਿਚ ਤੜਫਦਾ ਹੈ, ਉਸਦਾ ਬਿਰਤਾਂਤ ਖ਼ਾਲਿਦ ਨੇ ਖੂਬ ਚਿਤਰਿਆ ਹੈ। ਜਗੀਰਦਾਰੀ ਸਮਾਜ ਵਿਚ ਰਹਿੰਦਿਆਂ ਵੀ ਖ਼ਾਲਿਦ ਦੀ ਹਮਦਰਦੀ ਔਰਤ ਜਾਤ ਨਾਲ ਹੈ। 'ਧੀ' ਦੇ ਦੁੱਖ ਨੂੰ ਉਸਨੇ ਆਪਣੀਆਂ ਕਈ ਕਹਾਣੀਆਂ ਵਿਚ ਪੇਸ਼ ਕੀਤਾ ਹੈ। 'ਮਾਲਕਣ' ਉਸਦੀ ਬੇਸ਼ਕੀਮਤੀ ਕਹਾਣੀ ਹੈ ਜਿਸ ਵਿਚ ਬਿਮਾਰ ਪਈ ਇਕ ਔਰਤ ਦੀ ਕਥਾ ਹੈ ਜੋ ਮਰਦ ਦੇ ਖੁਸ ਜਾਣ ਦੇ ਡਰੋਂ ਪਤੀ ਤੇ ਨੌਕਰਾਣੀ ਦੇ ਸੰਬੰਧਾਂ ਨੂੰ ਵੀ ਬਰਦਾਸ਼ਤ ਕਰ ਲੈਂਦੀ ਹੈ। ਨਿਮਨ ਕਿਸਾਨੀ ਦਾ ਦੁੱਖ 'ਕਥਾ ਇੱਕ ਕਲਯੁੱਗ ਦੀ' ਨਾਮੀ ਸਿਰਲੇਖੀ ਕਹਾਣੀ ਵਿਚ ਪ੍ਰਸਤੁਤ ਹੈ। ਖ਼ਾਲਿਦ ਦਾ ਅਨੁਭਵ ਵਿਸ਼ਾਲ ਹੈ। ਇਹ ਸਾਰੀਆਂ ਕਹਾਣੀਆਂ ਉਸ ਦੇ ਡੂੰਘੇ ਸਮਾਜੀ ਅਨੁਭਵ ਦਾ ਸ਼ਾਬਦਿਕ ਬਿਰਤਾਂਤ ਹਨ। ਉਹ ਖ਼ੁਦ ਕਹਿੰਦਾ ਹੈ, "ਅਸਲ ਤਾਂ ਆਪਣੇ ਅਨੁਭਵ ਈ ਹੁੰਦੇ ਨੇ ਜਿਹੜੇ ਕਿਸੇ ਵਾਪਰੀ ਹੋਈ ਘਟਨਾ ਨਾਲ ਮਿਲ ਕੇ ਕਹਾਣੀ ਦਾ ਰੂਪ ਧਾਰ ਲੈਂਦੇ ਨੇ। .....ਕਹਾਣੀ ਲਿਖਦੇ ਹੋਏ ਯਾਦਾਂ, ਸੁਪਨੇ ਤੇ ਅਨੁਭਵ ਅਚੇਤ ਈ ਮੇਰੀ ਕਹਾਣੀ ਦਾ ਹਿੱਸਾ ਬਣਦੇ ਜਾਂਦੇ ਨੇ।" ਸੰਗਮ ਪਬਲੀਕੇਸ਼ਨ ਵੱਲੋਂ ਛਾਪੇ ਇਸ ਕਹਾਣੀ ਸੰਗ੍ਰਹਿ ਦੀ ਤਾਰੀਫ਼ ਕਰਨੀ ਬਣਦੀ ਹੈ। ਪਾਠਕ ਇਸ ਨੂੰ ਪੜ੍ਹ ਕੇ ਲਹਿੰਦੇ ਪੰਜਾਬ ਦੇ ਅਨੁਭਵਾਂ ਨੂੰ ਆਪਣੇ ਅਨੁਭਵਾਂ ਵਿਚ ਸਮੋ ਸਕਦੇ ਹਨ।



## ਢਾਹ ਲੱਗੀ ਬਸਤੀ/ਡਾ. ਜਗਦੀਪ ਸਿੰਘ

'ਢਾਹ ਲੱਗੀ ਬਸਤੀ' ਮਲਿਕ ਮਿਹਰ ਅਲੀ ਦਾ ਪ੍ਰਥਮ ਕਹਾਣੀ ਸੰਗ੍ਰਹਿ ਹੈ। ਇਸ ਵਿਚ ਚੌਦਾਂ ਕਹਾਣੀਆਂ ਦਰਜ਼ ਹਨ। ਇਨ੍ਹਾਂ ਦੇ ਸਿਰਨਾਵੇਂ ਹਿਜਰਤ, ਤਾਂਘ, ਕਬਰਸਤਾਨ ਦੀ ਭੀੜ, ਚਿੱਟਾ ਲਹੂ, ਦਰਿਆ ਦੇ ਕੰਡੇ ਰਹਿਣ ਵਾਲੇ, ਤੈਰਾਕ ਅਤੇ ਥੋੜ੍ਹਾ ਪਾਣੀ, ਕਬਰੀਂ ਮੋਏ, ਢੇਰੀਆਂ, ਸਿਉਂਕ, ਅਜੋੜ, ਨਿਰਵਾਰ, ਵਿੱਥ, ਪੁੱਠੀ ਤਾਰੀ ਅਤੇ ਮਿੱਟੀ ਦੇ ਸੰਗਲ ਹਨ। ਮਲਿਕ ਮਿਹਰ ਅਲੀ ਦੀਆਂ ਤਕਰੀਬਨ ਸਾਰੀਆਂ ਕਹਾਣੀਆਂ ਦਾ ਮੁਹਾਂਦਰਾ ਪ੍ਰਤੀਕਾਤਮਕ ਹੈ। ਲੂੰਬੜ, ਚੀਤੇ, ਬਘਿਆੜ, ਟਾਨਣ, ਹਨੇਰਾ, ਸ਼ਿਕਾਰੀ, ਸ਼ਿਕਾਰ, ਚਿੱਟਾ ਲਹੂ, ਦਰਿਆ, ਵਹਿੰਦੀ ਨਦੀ, ਸਿਉਂਕ ਆਦਿ ਪ੍ਰਤੀਕ ਉਸਨੇ ਮਨੁੱਖੀ ਵਰਤਾਰਿਆਂ ਦੇ ਸੰਦਰਭ 'ਚ ਬਾਖੂਬੀ ਵਰਤੇ ਹਨ। ਉਸਦੀਆਂ ਕਹਾਣੀਆਂ ਦਮਨ ਦੇ ਸ਼ਿਕਾਰ ਮਨੁੱਖਾਂ ਦੀਆਂ ਚੀਕਾਂ ਹਨ। ਮਹਿਲਾਂ ਵਾਲੇ ਢੋਕਾਂ ਵਾਲਿਆਂ 'ਤੇ ਜ਼ਬਰ-ਜ਼ੁਲਮ ਕਰਦੇ ਹਨ ਪਰੰਤੂ ਕਿਸੇ ਵਿਰਲੇ ਬੰਦੇ ਦੇ ਹਿੱਸੇ ਹੀ ਨਾਬਰੀ ਆਉਂਦੀ ਹੈ। ਨਾਬਰ ਆਟੇ 'ਚ ਲੂਣ ਦੇ ਬਰਾਬਰ ਵੀ ਨਹੀਂ ਤੇ ਨਾਬਰੀ ਦੀ ਸਜ਼ਾ ਮੌਤ ਹੈ। ਕਹਾਣੀਕਾਰ ਦਾ ਮੰਨਣਾ ਹੈ ਕਿ ਜ਼ੁਲਮੋ-ਸਿਤਮ ਸਹਿਣ ਵਾਲੇ, ਜਦ ਤੱਕ ਗਿਆਨ ਦੀ ਰੌਸ਼ਨੀ ਤੋਂ ਵਿਰਲੇ ਹਨ, ਕ੍ਰਾਂਤੀ ਨਹੀਂ ਲਿਆ ਸਕਦੇ। ਉਹ ਆਪਣੀ ਕਹਾਣੀ 'ਕਬਰੀਂ ਮੋਏ' ਦੇ ਇਕ ਪਾਤਰ ਰਾਹੀਂ ਕਹਿੰਦਾ ਹੈ, "ਪੱਕ ਏ ਇਨ੍ਹਾਂ ਤੋਂ ਕੋਈ ਹੀਲਾ ਵੀ ਨਹੀਂ ਹੋਣਾ, ਇਸ ਲਈ ਕਿ ਮਹਿਲ ਇਨ੍ਹਾਂ ਤੋਂ ਢੈਹਣੇ ਨਹੀਂ ਤੇ ਖੋਲੇ ਇਹ ਛੱਡ ਨਹੀਂ ਸਕਦੇ।" ਮਲਿਕ ਮਹਿਰ ਅਲੀ ਇਕ ਮੁਲਾਕਾਤ ਵਿਚ ਕਹਿੰਦਾ ਹੈ, "ਮੇਰੀਆਂ ਕਹਾਣੀਆਂ ਦੇ ਕਿਰਦਾਰ ਸਮਾਜ ਦੇ ਜ਼ਬਰ ਦੇ ਹੱਥੋਂ ਪਿਛੜੇ, ਹੀਣੇ ਤੇ ਲਾਚਾਰ ਮਨੁੱਖ ਨੇ।" ਮਲਿਕ ਸਾਹਿਬ ਦੀ ਇਹ ਪੁਸਤਕ ਜਿੱਥੇ ਗਿਆਨਵਾਨ ਮਨੁੱਖ ਦੇ ਗਿਆਨ ਤੇ ਸਮਾਜ ਪ੍ਰਤੀ ਉਸਦੀ ਚੇਤਨਤਾ ਨੂੰ ਟੁੰਬਦੀ ਹੈ, ਉੱਥੇ ਗਿਆਨ ਵਿਹੂਣੇ ਮਨੁੱਖ ਲਈ ਚਾਨਣ ਦੀ ਲੀਕ ਬਣ ਸਕਦੀ ਹੈ। ਪਾਠਕਾਂ ਤੱਕ ਇਹ ਪੁਸਤਕ ਪੁੱਜਦੀ ਕਰਨ ਲਈ ਸੰਗਮ ਪਬਲੀਕੇਸ਼ਨਜ਼, ਸਮਾਨਾ ਦਾ ਉਪਰਾਲਾ ਸਲਾਹੁਣਯੋਗ ਹੈ।

## ਨਵੀਆਂ ਛਪੀਆਂ ਪੁਸਤਕਾਂ

ਬੀ. ਐਸ. ਬੀਰ ਦੀਆਂ ਚੋਣਵੀਆਂ ਕਹਾਣੀਆਂ/ਸੰ. ਡਾ. ਬਲਦੇਵ ਸਿੰਘ ਬੱਦਨ, ਆਰਸੀ ਪ੍ਰਕਾਸ਼ਨ, ਦਿੱਲੀ

ਗੁਰਦਿਆਲ ਸਿੰਘ ਦੀਆਂ 32 ਕਹਾਣੀਆਂ/ਸੰ. ਡਾ. ਬਲਦੇਵ ਸਿੰਘ ਬੱਦਨ, ਆਰਸੀ ਪ੍ਰਕਾਸ਼ਨ, ਦਿੱਲੀ

ਦਲਿਤ ਸਰੋਕਾਰ : ਸਿਧਾਂਤ ਤੇ ਵਿਹਾਰ/ਆਲੋਚਨਾ/ਸੰ: ਮਹਿਲ ਸਿੰਘ, ਕੰਵਲਪ੍ਰੀਤ ਕੌਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

ਪੰਜਾਬੀ ਪਿੰਗਲ/ਆਲੋਚਨਾ/ਡਾ. ਜਸਵੰਤ ਬੇਗੋਵਾਲ, ਸੁੰਦਰ ਬੁੱਕ ਡਿੱਪੂ, ਜਲੰਧਰ

ਭਗਤ ਰਵਿਦਾਸ ਜੀ/ਡਾ. ਲੱਕੀ ਸ਼ਰਮਾ, ਸੁੰਦਰ ਬੁੱਕ ਡਿੱਪੂ, ਜਲੰਧਰ

ਪਿਆਸ/ਕਵਿਤਾ/ਅਮਰਜੀਤ ਕੌਂਕੇ/ਪ੍ਰਤੀਕ ਪ੍ਰਕਾਸ਼ਨ ਪਟਿਆਲਾ

ਤਰਾਟਾਂ, ਕੁੰਡ/ਦੋ ਨਾਵਲ/ਸੇਖੋਂ ਲੁਧਿਆਣਵੀ, ਆਰਸੀ ਪ੍ਰਕਾਸ਼ਨ, ਦਿੱਲੀ

ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਛਾਪੜਾ ਪ੍ਰਿੰਟਿੰਗ ਪ੍ਰੈਸ, ਡੰਨ ਮੁਹੱਲਾ, ਜਲੰਧਰ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ ਜਾਰੀ ਕੀਤਾ।